ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

ਸਾਲ : ਸਤਾਰ੍ਹਾਂ ਪ੍ਰ : ਲੜੀ : ਪੈਂਹਠ ਜਨਵਰੀ–ਮਾਰਚ, 2014

*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254
Email : saifsm20@yahoo.com

*ਸੰਪਾਦਕੀ ਮੰਡਲ*

**ਹਰਜੀਤ ਅਟਵਾਲ**

Email: harjeetatwal@yahoo.co.uk
Mobile : 00447782-265726

**ਹਰਮਹਿੰਦਰ ਚਹਿਲ**

Email : Chahals57@Yahoo.com
Ph. 001-703-362-3239

**ਪ੍ਰੇਮ ਮਾਨ**

Ph. 001-860-983-5002
Email:premmann@yahoo.com

*Managing Editor*

***Shiv, Vinod Kumar***

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Model House,
Near Surinder Welding Works, Jalandhar-144003

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ ’ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 200 ਰੁ: ਸਾਲਾਨਾ, 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : ‘ਅਦਾਰਾ ਸ਼ਬਦ’ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਸ਼ਬਦ ‘ਅਸ਼ਲੀਲ’ ਜ਼ਿਹਨ ਵਿਚ ਆਉਂਦਿਆਂ ਹੀ ਨੰਗੇਜ ਸ਼ਬਦ ਵੀ ਆ ਜਾਂਦਾ ਹੈ। ਸਿਨਮੇ ਤੇ ਟੈਲੀ ਆਦਿ ਉਪਰ ਦਿਖਾਏ ਜਾਂਦੇ ਅਸ਼ਲੀਲ ਪ੍ਰੋਗਰਾਮ ਮਨ ਵਿਚ ਆਉਣ ਲੱਗਦੇ ਹਨ। ਅੱਜ ਦੇ ਯੁੱਗ ਵਿਚ ਅਸ਼ਲੀਲਤਾ ਕਿਸੇ ਚੀਜ਼ ਨੂੰ ਵੇਚਣ ਵਿਚ ਬਹੁਤ ਸਹਾਈ ਹੋ ਰਹੀ ਹੈ। ਸਾਮਾਨ ਕੋਈ ਵੀ ਵੇਚਿਆ ਜਾਣਾ ਹੋਵੇ ਪਰ ਨਾਲ ਨੰਗੀਆਂ ਲੱਤਾਂ ਵਾਲੀ ਔਰਤ ਦੀ ਤਸਵੀਰ ਜ਼ਰੂਰ ਹੋਵੇਗੀ। ਵੈਸੇ ਹਰ ਨੰਗੀ ਚੀਜ਼ ਅਸ਼ਲੀਲ ਨਹੀਂ ਹੁੰਦੀ। ਅਸਲ ਵਿਚ ਅਸ਼ੀਲਲਤਾ ਦੇਖਣ ਵਾਲੇ ਦੀ ਅੱਖ ਵਿਚ ਹੁੰਦੀ ਹੈ। ਬੱਚੇ ਨੂੰ ਦੁੱਧ ਪਿਆਉਂਦੀ ਮਾਂ ਦੀ ਤਸਵੀਰ ਨੂੰ ਕਿਵੇਂ ਦੇਖਣਾ ਹੈ, ਇਹ ਦੇਖਣ ਵਾਲੇ ਦੀ ਦ੍ਰਿਸ਼ਟੀ ’ਤੇ ਹੈ। ਸਾਹਿਤ ਵਿਚ ਅਸ਼ਲੀਲਤਾ ਦਾ ਬਹੁਤ ਰੌਲਾ ਪੈਂਦਾ ਹੈ। ਸਾਹਿਤ ਵਿਚ ਵੀ ਅਸ਼ਲੀਲਤਾ ਨੂੰ ਦੋ ਤਰੀਕਿਆਂ ਨਾਲ ਲਿਆ ਜਾਂਦਾ ਹੈ, ਇਕ ਅਸ਼ਲੀਲਤਾ ਉਹ ਹੁੰਦੀ ਹੈ ਜੋ ਪਾਠਕ ਨੂੰ ਸਵਾਦ ਦਿੰਦੀ ਹੈ, ਦੂਜੀ ਅਸ਼ਲੀਲਤਾ ਉਹ ਹੁੰਦੀ ਹੈ ਜਿਹੜੀ ਕਿਸੇ ਮਸਲੇ ਉਪਰ ਉਂਗਲ ਰੱਖਦਿਆਂ ਪਾਠਕ ਸਾਹਮਣੇ ਰੱਖੀ ਜਾਂਦੀ ਹੈ ਤੇ ਪਾਠਕ ਦੀ ਸੋਚ ਨੂੰ ਹਲੂਣ ਕੇ ਰੱਖ ਦਿੰਦੀ ਹੈ। ਦੂਜੀ ਕਿਸਮ ਦੀ ਅਸ਼ਲੀਲਤਾ ਪਹਿਲੀ ਤੋਂ ਇਕਦਮ ਭਿੰਨ ਹੋਵੇਗੀ। ਸਵਾਦ ਵਾਲੀ ਅਸ਼ਲੀਲਤਾ ਵਿਚ ਵਿਸ਼ਾ(subject) ਤੇ ਵਸਤੂ(object) ਦੋਵਾਂ ਦੇ ਕੇਂਦਰ ਵਿਚ ਅਸ਼ਲੀਲ ਬਿਰਤੀ ਪਈ ਹੁੰਦੀ ਹੈ। ਕਲਾਤਮਕ ਅਸ਼ਲੀਲਤਾ ਵਿਚ ਕਿਸੇ ਕਿਰਤ ਦਾ ਪ੍ਰਤੱਖ ਸਰੂਪ ਭਾਵੇਂ ਅਸ਼ਲੀਲ ਜਾਪਦਾ ਹੈ ਪਰੰਤੂ ਉਸ ਪਿੱਛੇ ਲੁਪਤ ਉਦੇਸ਼ ਮਸਲਾਗ੍ਰਸਤ ਹੋਣ ਕਰਕੇ ਅਸ਼ਲੀਲ ਨਹੀਂ ਹੁੰਦਾ। ਦੂਜੀ ਕਿਸਮ ਦੀ ਅਸ਼ਲੀਲਤਾ ਨਿੰਦਣ ਯੋਗ ਨਹੀਂ ਹੋ ਸਕਦੀ ਪਰ ਬਹੁਤੇ ਲੋਕ ਇਸਦਾ ਫਰਕ ਸਮਝੇ ਬਿਨਾਂ ਹੀ ਦੋਨਾਂ ਨੂੰ ਇਕੋ ਥਾਵੇਂ ਰੱਖੀ ਜਾਂਦੇ ਹਨ। ਬਹੁਤ ਸਾਰਾ ਸਾਹਿਤ ਤੇ ਬਹੁਤ ਸਾਰੀ ਕਲਾ ਜੋ ਦੇਖਣ ਨੂੰ ਅਸ਼ਲੀਲ ਲੱਗਦੀ ਹੈ ਅਸਲ ਵਿਚ ਉਹ ਅਸ਼ਲੀਲ ਨਹੀਂ ਹੁੰਦੀ, ਸਗੋਂ ਉਹ ਵਿਸ਼ੇ ਦੀ ਜ਼ਰੂਰਤ ਹੁੰਦੀ ਹੈ। ਸਮਾਜ ਵਿਚ ਜੋ ਵਾਪਰਦਾ ਹੈ ਉਸ ਨੂੰ ਹੂ-ਬ-ਹੂ ਨਾ ਦਿਖਾ ਕੇ ਲੇਖਕ ਆਪਣੀ ਕਲਾ ਦੇ ਜੌਹਰ ਰਾਹੀਂ ਵਖਰੇ ਤਰੀਕੇ ਨਾਲ ਪੇਸ਼ ਕਰਦਾ ਹੈ ਤਾਂ ਉਹ ਕਲਾਤਮਕ ਰਚਨਾ ਬਣ ਜਾਂਦੀ ਹੈ।

ਸਾਡੇ ਇੱਥੇ ਦੋ ਹਜ਼ਾਰ ਸਾਲ ਪਹਿਲਾਂ ਦੇ ਕਈ ਮੰਦਰ ਹਨ ਜਿੱਥੇ ਅਸ਼ਲੀਲ ਬੁੱਤਕਾਰੀ ਕੀਤੀ ਹੋਈ ਹੈ। ਖੁਜਰਾਹੋ ਦੇ ਇਕ ਮੰਦਰ ’ਚ ਘੜੀ ਗਈ ਬੁਤਕਾਰੀ ’ਚ ਗਹਿਣਿਆਂ ’ਚ ਸਜੀ ਸੁੰਦਰ ਯਕਸ਼ੀ ਅਸ਼ੋਕ ਦੇ ਦਰਖਤ ਹੇਠਾਂ ਖੜੀ ਹੈ। ਉਸ ਨੇ ਆਪਣੀ ਖੱਬੀ ਬਾਂਹ ਨਾਲ ਦਰਖਤ ਨੂੰ ਵਲਿਆ ਹੋਇਆ ਹੈ ਤੇ ਸੱਜੇ ਹੱਥ ਨਾਲ ਇਕ ਕਹਾਣੀ ਨੂੰ ਫੜਿਆ ਹੋਇਆ ਹੈ। ਇਹ ਯਕਸ਼ੀ ਸੁੰਦਰਤਾ ਦੀ ਮੂਰਤੀ, ਵੱਲ ਵਲੇਵਿਆਂ ਵਾਲੀ ਸ਼ਖ਼ਸੀਅਤ, ਮਧੁਰ ਤੱਕਣੀ, ਸਮੁੱਚੇ ਰੂਪ ’ਚ ਨੰਗੀ ਹੈ। ਹੁਣ ਤੁਸੀਂ ਇਸ ਨੂੰ ਕੀ ਕਹੋਗੇ ? ਅਜਿਹਾ ਕੁਝ ਵੀ 1250 ’ਚ ਕੋਨਾਰਕ, ਉੜੀਸਾ ਦੇ ਸੂਰਜ ਮੰਦਰ ’ਚ ਦੇਖਿਆ ਜਾ ਸਕਦਾ ਹੈ।

ਅਸ਼ਲੀਲਤਾ ਦੇ ਮਾਪ-ਦੰਡ ਸਮੇਂ ਨਾਲ ਬਦਲਦੇ ਵੀ ਰਹਿੰਦੇ ਹਨ। ਵੀਹਵੀਂ ਸਦੀ ਦੇ ਸ਼ੁਰੂ ਵਿਚ ਪੱਛਮੀ ਸਮਾਜ ਦੇ ਅਸ਼ਲੀਲਤਾ ਬਾਰੇ ਵੱਖਰੇ ਖਿਆਲ ਸਨ। ਉਸ ਵੇਲੇ ਜਨਤਕ ਥਾਵਾਂ ਉਪਰ ਕਿਸੇ ਨੂੰ ਚੁੰਮਣਾ ਗੈਰ-ਕਾਨੂੰਨੀ ਸੀ। ਅਜਿਹੇ ਜੋੜਿਆਂ ਨੂੰ ਸਜ਼ਾ ਵੀ ਹੋ ਜਾਇਆ ਕਰਦੀ ਸੀ ਪਰ ਉਹ ਉਸੇ ਸਮਾਜ ਵਿਚ ਚੁੰਮਣਾ ਇਕ ਆਮ ਵਰਤਾਰਾ ਹੈ। ਸਾਡੇ ਸਮਾਜ ਵਿਚ ਟੈਲੀਵੀਯਨ ਦੇ ਆਉਣ ਨਾਲ ਤੇ ਵੀਯੂਅਲ-ਮੀਡੀਆ ਦੀ ਹੋਰ ਤਰੱਕੀ ਹੋਣ ਨਾਲ ਅਜਿਹੀਆਂ ਬਹੁਤ ਸਾਰੀਆਂ ਵਿਵਰਜਤ ਗੱਲਾਂ ਆਮ ਹੋ ਗਈਆਂ ਹਨ। ਮਸਲਾ-ਗ੍ਰਸਤ ਬਹੁਤ ਸਾਰੇ ਪ੍ਰੋਗਰਾਮਾਂ ਨੂੰ ਟੱਬਰ ਵਿਚ ਬਹਿ ਕੇ ਦੇਖਣ ਸਮੇਂ ਜਿਹੜੇ ਲੋਕ ਪਹਿਲਾਂ ਅਸਹਿਜ ਹੁੰਦੇ ਸਨ ਹੁਣ ਸਹਿਣ ਹੋਣ ਲੱਗ ਪਏ ਹਨ। ਅਜਿਹੇ ਔਖੇ ਮਸਲਿਆਂ ਨੇ ਸਾਹਿਤ ਵਿਚ ਵੀ ਤਾਂ ਆਮ ਹੋ ਕੇ ਹੀ ਆਉਣਾ ਹੋਇਆ। ਜੇ ਲੇਖਕ ਇਸ ਤਬਦੀਲੀ ਨੂੰ ਫੜ ਰਿਹਾ ਹੈ ਤਾਂ ਆਲੋਚਕਾਂ ਨੂੰ ਵੀ ਇਹ ਤਬਦੀਲੀ ਸਮਝਣ ਦੀ ਲੋੜ ਹੈ।

ਕਿਸੇ ਵੇਲੇ ਪੱਛਮੀ ਸਾਹਿਤ ਵਿਚ ਵੀ ਅਸ਼ਲੀਲਤਾ ਦਾ ਬਹੁਤ ਰੌਲਾ ਰਿਹਾ ਹੈ। ਜਦ ਡੀ.

ਐਚ. ਲਾਰੰਸ ਦਾ 'ਲੇਡੀਜ਼ ਚੈਟਰਲੀਜ਼ ਲਵਰ' ਨਾਂ ਦਾ ਨਾਵਲ ਆਇਆ ਤਾਂ ਬਹੁਤ ਬਾਵੇਲਾ ਹੋਇਆ। ਨਾਵਲਕਾਰ ਨੇ ਅਜਿਹੀ ਜਵਾਨ ਔਰਤ ਦੇ ਮਨ ਦੀ ਹਾਲਾਤ ਦੱਸੀ ਸੀ ਜਿਸ ਦਾ ਪਤੀ ਨਪੁੰਸਕ ਹੁੰਦਾ ਹੈ। ਐਦਾਂ ਹੀ ਜਦ ਉਸ ਦਾ ਨਾਵਲ 'ਸਨਜ਼ ਐਂਡ ਲਵਰਜ਼' ਆਇਆ ਤਾਂ ਉਸ ਵੇਲੇ ਵੀ ਅਜਿਹਾ ਕੁਝ ਹੀ ਹੋਇਆ। ਨਾਵਲ 'ਸਨਜ਼ ਐਂਡ ਲਵਰਜ਼' ਅਜਿਹੀ ਇਕ ਔਰਤ ਦੀ ਕਹਾਣੀ ਹੈ ਜੋ ਆਪਣੇ ਪੁੱਤਰ ਉਪਰ ਹੱਕ ਜਮਾਉਂਦੀ ਹੋਈ ਕਿਸੇ ਔਰਤ ਨੂੰ ਉਹਦੇ ਲਾਗੇ ਨਹੀਂ ਲੱਗਣ ਦੇ ਰਹੀ। ਇਹ ਇਨਸਾਨ ਦਾ ਮਨੋਵਿਗਿਆਨਕ ਪੱਖ ਸੀ। ਪਰ ਅਸਲ ਗੱਲ ਨੂੰ ਸਮਝੇ ਬਿਨਾਂ ਇੰਗਲੈਂਡ ਵਿਚ ਅਜਿਹੇ ਨਾਵਲਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਹੋਰਨਾਂ ਬਹੁਤ ਸਾਰੇ ਮੁਲਕਾਂ ਨੇ ਵੀ ਅਜਿਹੇ ਹੀ ਕਦਮ ਉਠਾਏ ਸਨ। ਥੌਮਸ ਹਾਰਡੀ ਦੇ ਮਸ਼ਹੂਰ ਨਾਵਲ 'ਟੈੱਸ' ਵਿਚ ਹੁੰਦੇ ਬਲਾਤਕਾਰ ਨੂੰ ਵੀ ਅਸ਼ਲੀਲ ਕਰਾਰ ਦੇ ਦਿੱਤਾ ਗਿਆ ਸੀ ਜਦ ਕਿ ਇਹ ਹੈਵਾਨੀਅਤ ਨੂੰ ਦਰਸਾਉਂਦੀ ਪੇਸ਼ਕਾਰੀ ਸੀ। ਇਹੋ ਕਾਰਨ ਸੀ ਕਿ ਇਸ ਮਸਲੇ ਨੂੰ ਲੈ ਕੇ Aldous Huxley ਨੂੰ 'Vulgarity in Literature' ( ਸੰਨ 1930) ਨਾਮੀ ਕਿਤਾਬ ਲਿਖਣੀ ਪਈ। ਸਾਡੇ ਸਾਹਿਤ ਵਿਚ ਵੀ ਅਜਿਹਾ ਬਹੁਤ ਕੁਝ ਹੋਇਆ। ਇਸਮਤ ਚੁਗਤਾਈ ਦੀ ਕਹਾਣੀ 'ਰਜਾਈ' 'ਤੇ ਪਾਬੰਦੀ ਹੀ ਨਹੀਂ ਲਗਾਈ ਬਲਕਿ ਲੇਖਕਾ 'ਤੇ ਮੁਕੱਦਮਾ ਵੀ ਚਲਾਇਆ ਗਿਆ ਸੀ। ਐਦਾਂ ਹੀ ਮੰਟੋ ਦੀਆਂ ਕਹਾਣੀਆਂ 'ਤੇ ਵੀ ਮੁਕੱਦਮੇ ਚੱਲੇ। ਨਹੀਂ ਤਾਂ ਜਿਹੜਾ ਦੁੱਖ ਮੰਟੋ ਦੀ ਕਹਾਣੀ 'ਖੋਲ੍ਹ ਦਿਓ' ਬਿਆਨ ਕਰਦੀ ਹੈ ਉਸਦਾ ਬਦਲ ਪੂਰੇ ਸਾਹਿਤ ਵਿਚ ਹੀ ਨਹੀਂ ਮਿਲਦਾ। ਪੰਜਾਬੀ ਸਾਹਿਤ ਵਿਚ ਜਿਹੜੀ ਰਚਨਾ ਨੂੰ ਪਹਿਲੀ ਵਾਰ ਅਸ਼ਲੀਲ ਕਿਹਾ ਗਿਆ ਉਹ ਸੀ ਅੰਮ੍ਰਿਤਾ ਪ੍ਰੀਤਮ ਦਾ ਨਾਵਲ 'ਚੱਕ ਨੰਬਰ ਛੱਤੀ'। ਮਨੁੱਖੀ ਭਾਵਨਾਵਾਂ ਵਿਚੋਂ ਪੈਦਾ ਹੋਈ ਸਥਿਤੀ ਨੂੰ ਬਿਆਨ ਕਰਦਾ ਸੀ ਇਹ ਨਾਵਲ ਪਰ ਆਲੋਚਕਾਂ ਨੇ ਇਸ ਦਾ ਬਹੁਤ ਵਿਰੋਧ ਕੀਤਾ ਸੀ। ਅੰਮ੍ਰਿਤਾ ਤੋਂ ਬਾਅਦ ਅਜੀਤ ਕੌਰ ਨੇ ਵੀ ਬਹੁਤ ਬੇਬਾਕੀ ਨਾਲ ਕਹਾਣੀਆਂ ਲਿਖੀਆਂ ਪਰ ਉਸ 'ਤੇ ਅਜਿਹੇ ਇਲਜ਼ਾਮ ਨਹੀਂ ਸਨ ਲੱਗੇ। ਫੇਰ ਭਾਵੇਂ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਅਜੇ ਪਾਕਿਸਤਾਨ ਨਹੀਂ ਬਣਿਆ' ਹੋਵੇ ਜਾਂ ਨਵਤੇਜ ਸਿੰਘ ਦਾ ਕਹਾਣੀ 'ਪਹਿਲੀ ਚੁੰਮੀ' ਹੋਵੇ, ਇਹ ਭਾਵੇਂ ਬਲਵੰਤ ਗਾਰਗੀ ਦਾ ਨਾਵਲ 'ਧੂਣੀ ਦੀ ਅੱਗ' ਹੋਵੇ ਜਾਂ ਸੁਰਜੀਤ ਸਿੰਘ ਸੇਠੀ ਦਾ 'ਆਬਰਾ ਕਦਾਬਰਾ' ਹੋਵੇ, ਇਨ੍ਹਾਂ ਤੇ ਕਿਸੇ ਦਾ ਕਿਸੇ ਤਰ੍ਹਾਂ ਦੀ ਅਸ਼ਲੀਲਤਾ ਦਾ ਠੱਪਾ ਲੱਗਦਾ ਰਿਹਾ ਹੈ। ਪੰਜਾਬੀ ਕਹਾਣੀ ਵਿਚ ਸਭ ਤੋਂ ਜ਼ਿਆਦਾ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਨੂੰ ਅਸ਼ਲੀਲ ਕਿਹਾ ਜਾਣ ਲੱਗਿਆ। ਉਸਦੀ ਕਹਾਣੀ 'ਮੁਕਤੀ' ਵਿਆਹ ਤੋਂ ਬਾਹਰਲੇ ਸੰਬੰਧਾਂ ਬਾਰੇ ਗੱਲ ਕਰਦੀ ਹੈ। ਇਹ ਵਰਤਾਰਾ ਸਾਡੇ ਸਮਾਜ ਵਿਚ ਕੋਈ ਨਵਾਂ ਨਹੀਂ ਹੈ ਪਰ ਕਿਸੇ ਨੇ ਇਸ 'ਤੇ ਉਂਗਲ ਨਹੀਂ ਸੀ ਰੱਖੀ। ਪ੍ਰੇਮ ਪ੍ਰਕਾਸ਼ ਨੇ ਪਹਿਲ ਕੀਤੀ ਤਾਂ ਆਲੋਚਕ ਉਸਨੂੰ ਅਸ਼ਲੀਲ ਕਹਾਣੀਕਾਰ ਕਹਿਣ ਲੱਗ ਪਏ। ਪਰ ਉਸ ਨੇ ਕਿਸੇ ਦੀ ਪ੍ਰਵਾਹ ਨਹੀਂ ਕੀਤੀ। ਪ੍ਰੇਮ ਪ੍ਰਕਾਸ਼ ਤੋਂ ਬਾਅਦ ਹੋਰ ਵੀ ਬਹੁਤ ਸਾਰੀਆਂ ਕਹਾਣੀਆਂ ਅਜਿਹੇ ਇਲਜ਼ਾਮਾਂ ਦੀ ਭੇਂਟ ਚੜ੍ਹਦੀਆਂ ਰਹੀਆਂ ਹਨ। ਪਰ ਇਹ ਸਾਡੇ ਸਾਹਿਤ ਵਿਚ ਬਹੁਤ ਗਲਤ ਰੁਝਾਨ ਹੈ। ਅਸਲ ਵਿਚ ਜਿਵੇਂ ਅਸੀਂ ਪਹਿਲਾਂ ਵੀ ਗੱਲ ਕੀਤੀ ਹੈ ਕਿ ਜੇ ਤਾਂ ਲੇਖਕ ਸਿਰਫ ਸਵਾਦ ਦੇਣ ਲਈ ਹੀ ਅਖਾਉਤੀ ਅਸ਼ਲੀਲਤਾ ਵਰਤਦਾ ਹੈ ਫਿਰ ਤਾਂ ਅਜਿਹਾ ਇਲਜ਼ਾਮ ਦਰੁੱਸਤ ਹੋ ਸਕਦਾ ਹੈ ਪਰ ਜੇ ਲੇਖਕ ਮਸਲੇ ਉਪਰ ਉਂਗਲ ਰੱਖਦਾ ਹੈ ਤਾਂ ਇਲਜ਼ਾਮ ਗਲਤ ਹੋਵੇਗਾ। ਜਿਵੇਂ ਅਸੀਂ ਪਹਿਲਾਂ ਵੀ ਕਿਹਾ ਹੈ ਕਿ ਅਸ਼ਲੀਲਤਾ ਦੇਖਣ ਵਾਲੇ ਦੀ ਅੱਖ ਵਿਚ ਹੁੰਦੀ ਹੈ। ਲੇਖਕ ਨੇ ਤਾਂ ਆਪਣੀ ਰਚਨਾ ਹੀ ਪੇਸ਼ ਕਰਨੀ ਹੁੰਦੀ ਹੈ ਹੋਰ ਕੁਝ ਨਹੀਂ। ਕਿਸੇ ਮਸਲੇ ਦਾ ਹੱਲ ਲੇਖਕ ਕੋਲ ਨਹੀਂ ਹੁੰਦਾ। ਤੇ ਮਸਲਿਆਂ ਨੂੰ ਕੂੜੇ ਵਾਂਗ ਛੁਪਾ ਦੇਣਾ ਵੀ ਲੇਖਕ ਦਾ ਧਰਮ ਨਹੀਂ ਹੁੰਦਾ। ਅਸ਼ਲੀਲਤਾ ਦਾ ਮੁਲਾਂਕਣ ਕਰਦੇ ਸਮੇਂ ਸਮਾਜਕ ਤੇ ਇਨਸਾਨੀ ਪੈਮਾਨਿਆਂ ਰਾਹੀਂ ਦੇਖਣ ਦੀ ਲੋੜ ਹੁੰਦੀ ਹੈ।

ਚਾਰ ਪੰਜ ਸਾਲ ਪਹਿਲਾਂ ਤੇਜਿੰਦਰ ਸ਼ਰਮਾ ਦੀ ਕਹਾਣੀ 'ਕੱਲ੍ਹ ਫੇਰ ਆਉਣਾ', 'ਹੰਸ' 'ਚ



ਰਾਜਿੰਦਰ ਯਾਦਵ ਹੋਰਾਂ ਨੇ ਛਾਪੀ ਤਾਂ ਬੜੀਆਂ ਗਰਮ-ਗਰਮ ਬਹਿਸਾਂ ਹੋਈਆਂ ਸਨ। ਨਵੀਂ ਪੀੜੀ ਦੇ ਲੇਖਕਾਂ ਨੇ ਖੁੱਲ੍ਹ ਕੇ ਆਪਣੇ-ਆਪਣੇ ਵਿਚਾਰ ਪ੍ਰਗਟਾਏ ਸਨ।

**ਮਨੀਸ਼ਾ ਕੁਲਸ਼੍ਰੇਸ਼ਠ** : ਅੱਜ ਵੀ ਸਾਡੇ ਮੱਧਵਰਗੀ ਸਮਾਜ 'ਚ ਜ਼ਿਆਦਾਤਰ ਇਸਤਰੀਆਂ 45 ਡਿਗਰੀ ਤਾਪਮਾਨ 'ਚ ਵੀ ਪੰਜ ਮੀਟਰ ਦੀ ਸਾੜ੍ਹੀ ਪਾ ਕੇ, ਸਿਰ ਨੂੰ ਢੱਕ ਕੇ ਖਾਣਾ ਬਣਾਉਂਦੀਆਂ ਹਨ। ਇਸ ਸੰਸਕਾਰੀ ਕਿਸਮ ਦੀ ਦੈਹਿਕ ਯਾਤਨਾ ਦਾ ਉਹ ਵਿਰੋਧ ਕਿਉਂ ਨਹੀਂ ਕਰਦੀਆਂ ? ਅਸ਼ਲੀਲਤਾ ਦਾ ਕੱਪੜਿਆਂ ਨਾਲ ਕੋਈ ਸੰਬੰਧ ਨਹੀਂ ਹੈ। ਨੰਗਨਤਾ ਅਸ਼ਲੀਲ ਨਹੀਂ ਹੁੰਦੀ। ਨੰਗਨਤਾ ਦਾ ਭੈੜਾ ਦਿਖਾਵਾ ਜਾਂ ਪ੍ਰਗਟਾਵਾ ਅਸ਼ਲੀਲ ਹੋ ਸਕਦਾ ਹੈ। ਉਂਝ ਤਾਂ ਚਮਕੀਲੇ ਕੱਪੜਿਆਂ ਤੇ ਗਲ਼ 'ਚ ਪਾਏ ਸੋਨੇ ਦੇ ਗਹਿਣਿਆਂ ਦਾ ਦਿਖਾਵਾ ਵੀ ਕਦੇ-ਕਦੇ ਅਸ਼ਲੀਲ ਲੱਗਦਾ ਹੈ। ਹਿੰਦੀ ਫ਼ਿਲਮਾਂ 'ਚ ਥੋਪੇ ਗਏ ਰੇਪ ਸੀਨ, ਬਾਥਰੂਮ ਸੀਨ ਸਾਡੇ ਹਰ ਭਾਰਤੀ ਦਰਸ਼ਕ ਨੂੰ ਪਤਾ ਲੱਗਦੇ ਹਨ ਤਾਂ ਸਾਡਾ ਸਾਹਿਤਕ ਪਾਠਕ ਕੀ ਮੂਰਖ ਹੈ ? ਇਹ ਸੱਚ ਹੈ ਕਿ ਕਦੇ-ਕਦੇ ਕੁਝ ਲੇਖਕ 'ਆਬਸੇਸਡ' ਹੋ ਜਾਂਦੇ ਹਨ।

***ਅਨਿਤਾ ਭਾਰਤੀ*** : ਅਸ਼ਲੀਲਤਾ ਵਸਤਰ ਢੱਕਣ ਜਾਂ ਲਾਹੁਣ 'ਚ ਨਹੀਂ ਹੈ, ਅਸ਼ਲੀਲਤਾ ਇਸਤਰੀ ਨੂੰ ਸਹਿਜ ਦੇਹ ਤੇ ਭੋਗਣ ਤੇ ਉਸ ਦੇ ਅੰਦਰ ਕੇਵਲ ਯੌਨ-ਅੰਗ ਲੱਭਣ 'ਚ ਹੈ ਨਹੀਂ ਤਾਂ ਇਕ ਨਵਜੰਮੀ ਬੱਚੀ ਤੋਂ ਲੈ ਕੇ ਮਰਣ ਕੰਢੇ ਬੈਠੀ ਬੁੱਢੀ ਨਾਲ ਬਲਾਤਕਾਰ ਕਿਉਂ ਹੁੰਦੇ।

**ਪ੍ਰਤਯਕਸ਼ਾ** : ਸ਼ਲੀਲਤਾ ਤੇ ਅਸ਼ਲੀਲਤਾ ਦਾ ਪੈਮਾਨਾ ਵੀ ਤਾਂ ਪ੍ਰਿਤਸਤਾਤਮਕ ਸਮਾਜ ਦਾ ਹੀ ਬਣਾਇਆ ਹੋਇਆ ਹੈ।

**ਸ਼ਰਦ ਸਿੰਘ** : ਅਸ਼ਲੀਲ ਕੀ ਹੈ ? ਜਦੋਂ ਲੋਕ ਸਾਹਿਤ 'ਚ ਅਸ਼ਲੀਲਤਾ ਲੱਭਣ ਲੱਗਦੇ ਹਨ ਤਾਂ ਮੈਨੂੰ ਬਹੁਤ ਕੋਫ਼ਤ ਹੁੰਦੀ ਹੈ। ਉਸ ਵੇਲੇ ਮੈਂ ਇਹ ਸੋਚਣ 'ਤੇ ਮਜ਼ਬੂਰ ਹੋ ਜਾਂਦੀ ਹਾਂ ਕਿ ਸਾਡੀ ਸੋਚ ਐਨੀ ਸੌੜੀ ਕਿਉਂ ਹੈ ? ਜਦੋਂ ਆਦਿਵਾਸੀ ਸਮਾਜ 'ਚ ਇਸਤਰੀਆਂ ਜਿਸਮ ਦੇ ਉਪਰਲੇ ਹਿੱਸੇ ਨੂੰ ਕੱਪੜਿਆਂ ਨਾਲ ਨਹੀਂ ਢੱਕਦੀਆਂ ਤਾਂ ਉਨ੍ਹਾਂ ਦੇ ਸਮਾਜ ਦੇ ਇਸਤਰੀ ਜਾਂ ਪੁਰਖ ਉਨ੍ਹਾਂ ਨੂੰ ਅਸ਼ਲੀਲ ਕਰਾਰ ਨਹੀਂ ਦਿੰਦੇ ਹਨ ਕਿਉਂਕਿ ਉਨ੍ਹਾਂ ਦੀ ਦ੍ਰਿਸ਼ਟੀ 'ਚ ਇਹ ਅਸ਼ਲੀਲ ਨਹੀਂ ਹੈ। ਅਸੀਂ ਅੰਜਤਾ ਦੀਆਂ ਪੇਂਟਿੰਗਜ਼ 'ਚ ਘੱਟ ਕਪੜਿਆਂ 'ਚ ਇਸਤਰੀਆਂ ਦੀਆਂ ਸ਼ਕਲਾਂ ਦੇਖ ਕੇ ਵਿਚਲਿਤ ਨਹੀਂ ਹੁੰਦੇ ਹਾਂ। ਖੁਜਰਾਹੋਂ ਦੇ ਮੰਦਿਰਾਂ ਦੀਆਂ ਮਿਥਨ ਮੂਰਤੀਆਂ ਤੇ ਅਪਸਰਾਵਾਂ ਦੀਆਂ ਉਤਜੇਕ ਦੈਹਿਕ ਸ਼ਕਲਾਂ ਨੂੰ ਪ੍ਰਤੀਬੰਧਤ ਕਰਨ ਦੀ ਗੱਲ ਨਹੀਂ ਕਰਦੇ, ਕਿਉਂ ? ਕਿਉਂਕਿ ਉਨ੍ਹਾਂ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਸਕਾਰਾਤਮਕ ਹੁੰਦਾ ਹੈ।...ਸ਼ੀਲਤਾ ਜਾਂ ਅਸ਼ਲੀਤਾ ਸਾਡੇ ਆਪਣੇ ਦ੍ਰਿਸ਼ਟੀਕੋਣ, ਆਪਣੇ ਵਿਚਾਰਾਂ 'ਚ ਹੁੰਦੀ ਹੈ। ਸਾਹਿਤਕ ਪ੍ਰਗਟਾਵੇ 'ਚ ਨਹੀਂ। ਜਿਹੜੀ ਗਲਤੀ ਮੱਧ ਯੁੱਗ 'ਚ ਬਾਹਰਲੇ ਹਮਲਾਵਰਾਂ ਦੇ ਆਉਣ ਦੇ ਸਮੇਂ 'ਤੇ ਕੀਤੀ ਗਈ ਕਿ ਇਸਤਰੀਆਂ ਨੂੰ ਹੌਸਲੇ ਨਾਲ ਸਾਹਮਣੇ ਆਉਣ ਦੇਣ ਦਾ ਮੌਕਾ ਦੇਣ ਦੀ ਥਾਂ 'ਤੇ ਉਨ੍ਹਾਂ ਨੂੰ ਕੱਪੜਿਆਂ ਦੀਆਂ ਪਰਤਾਂ ਪਿੱਛੇ ਲੁਕਣ 'ਤੇ ਮਜ਼ਬੂਰ ਕੀਤਾ ਗਿਆ। ਜਿਸ ਨਾਲ ਇਸਤਰੀਆਂ ਦੀ ਠੀਕ ਢੰਗ ਨਾਲ ਰੱਖਿਆ ਤਾਂ ਨਾ ਹੋ ਸਕੀ ਪਰ ਪਰਦਾ ਕਰਨ ਦੀ ਕੁਰੀਤੀ ਅਵੱਸ਼ ਹੀ ਚਲ ਪਈ। ਉਹੀ ਗਲਤੀ ਕਰ ਰਹੇ ਹਨ ਸਾਹਿਤਕ ਪ੍ਰਗਟਾਵੇ 'ਚ ਅਸ਼ਲੀਲਤਾ ਲੱਭਣ ਵਾਲੇ।

**ਰੋਸ਼ਨ ਪ੍ਰੇਮਯੋਗੀ** : ਕੁਝ ਲੇਖਕਾਂ ਨੂੰ ਲੱਗਦਾ ਹੈ ਕਿ ਅਸ਼ੀਲਤਾ ਦੀ ਪੁੱਠ ਦੇਣ ਨਾਲ ਉਨ੍ਹਾਂ ਦੀ ਰਚਨਾ ਹੱਥੋਂ-ਹੱਥੀਂ ਲਈ ਜਾਵੇਗੀ। ਇਹ ਮ੍ਰਿਗਤ੍ਰਿਸ਼ਨਾ ਹੈ ਜਿਸ ਦੇ ਚਲਦਿਆਂ ਹੋਇਆਂ ਇਨ੍ਹਾਂ 'ਦਾਇਰਿਆਂ' ਦੀ ਦੁਰਵਰਤੋਂ ਹੋ ਰਹੀ ਹੈ।

**ਬਾਕੀ ਪੰਨਾ ਨੰ : 86 'ਤੇ**

# ਮਿਰਾਜ/ਦੇਵਿੰਦਰ ਕੌਰ

(ਜੀਵਨੀ-ਅੰਸ਼)

## ਇੱਕ

ਮੈਂ ਤੇ ਜਹਾਜ਼ ਇਕੱਠੇ ਉਡ ਰਹੇ ਸਾਂ। ਜਹਾਜ਼ ਆਪਣੀ ਸਪੇਸ ਵਿਚ ਤੇ ਮੈਂ ਆਪਣੀ ਵਿਚ। ਇਹ ਮੇਰਾ ਪਹਿਲਾ ਹਵਾਈ ਸਫਰ ਨਹੀਂ ਸੀ ਪਰ ਉਡਾਨ ਪਹਿਲੀ ਸੀ।

ਇਕ ਭਾਰੀ ਜਿਹੀ ਅਵਾਜ਼ ਕੰਨਾਂ ਵਿਚ ਵਾਰ ਵਾਰ ਗੂੰਜ ਰਹੀ ਸੀ, 'ਮੇਰਾ ਘਰ ਤੈਨੂੰ ਉਡੀਕਦਾ ਏ!' ਇਕ ਵਾਰ ਤਾਂ ਮੈ ਸੋਚਾਂ ਵਿਚ ਪੈ ਗਈ ਸਾਂ ਕਿ ਕਿਤੇ ਇਹ ਸ਼ਬਦ ਛਲਾਵਾ ਤਾਂ ਨਹੀਂ ਕਿਉਂਕਿ 'ਘਰ' ਸ਼ਬਦ ਮਗਰ ਤਾਂ ਮੈਂ ਬਹੁਤ ਦੇਰ ਦੀ ਭੱਜੀ ਫਿਰਦੀ ਸਾਂ ਤੇ ਹੱਥ ਨਹੀਂ ਸੀ ਆ ਰਿਹਾ। ਫਿਰ ਸੋਚਿਆ ਕਿ ਇਹ ਬੋਲ ਨਿੱਗਰ ਮੂੰਹ ਵਿਚੋਂ ਨਿਕਲੇ ਹਨ, ਨਿੱਗਰ ਹੀ ਹੋਣਗੇ। 'ਘਰ' ਸ਼ਬਦ ਤਾਂ ਮੇਰੇ ਲਈ ਜਾਦੂ ਸੀ। 'ਘਰ' ਸ਼ਬਦ ਮੈਨੂੰ ਕੀਲ ਲੈਂਦਾ ਸੀ। ਹੁਣ ਵੀ ਤਾਂ ਕੀਲੀ ਹੀ ਗਈ ਸਾਂ। ਮੇਰੇ ਗੀਤ ਦੀਆਂ ਇਹ ਸਤਰਾਂ,'ਉਂਝ ਤਾਂ ਅਸੀਂ ਵੀ ਆਪਣੇ ਰਾਹਾਂ ਤੇ ਤੁਰ ਰਹੇ ਸਾਂ, ਕਿਉਂ ਵਾਜ ਤੇਰੀ ਸੁਣ ਕੇ ਰੁਕਿਆ ਸੀ ਪੈਰ ਮੇਰਾ' ਵੀ ਇਸੇ ਸਥਿਤੀ ਵਿਚੋਂ ਹੀ ਨਿਕਲੀਆਂ ਸੀ। ਚੰਦਨ ਸਾਹਿਬ ਦੇ ਇਹ ਕਹਿਣ 'ਤੇ ਕਿ ਮੇਰਾ ਘਰ ਤੈਨੂੰ ਉਡੀਕਦਾ ਹੈ, ਮੇਰੇ ਲਈ ਸਾਰੀ ਕਾਇਨਾਤ ਰੁਕ ਗਈ ਸੀ। ਉਸ ਵੇਲੇ ਤਾਂ ਮੈਨੂੰ ਲਗਦਾ ਸੀ ਕਿ ਇਸ ਤੋਂ ਵੱਡੀ ਘਟਨਾ ਕੋਈ ਹੋਰ ਹੋ ਹੀ ਨਹੀਂ ਸਕਦੀ। ਦੋ ਚੀਜ਼ਾਂ ਮਿਲ ਰਹੀਆਂ ਸਨ; ਇਕ ਸਵਰਨ ਚੰਦਨ ਤੇ ਦੂਜਾ ਘਰ। ਇਸ ਤੋਂ ਵੱਡੀ ਖੁਸ਼ਕਿਸਮਤੀ ਕੀ ਹੋ ਸਕਦੀ ਸੀ। ਪਤਾ ਨਹੀਂ ਉਸ ਵੇਲੇ ਮੇਰੀ ਕਿਸਮਤ ਨਾਲ ਕੌਣ-ਕੌਣ ਈਰਖਾ ਕਰ ਰਿਹਾ ਹੋਵੇਗਾ। ਸਵਰਨ ਚੰਦਨ ਪੰਜਾਬੀ ਸਾਹਿਤ ਦਾ ਬਹੁਤ ਵੱਡਾ ਨਾਂ ਸੀ। ਨਾਵਲਕਾਰ ਸੀ, ਕਹਾਣੀਕਾਰ ਤੇ ਕਵੀ ਵੀ। ਆਲੋਚਨਾ ਵਿਚ ਵੀ ਉਸ ਦੀ ਧਾਂਕ ਸੀ। ਸਪੀਕਰ ਤਾਂ ਉਹ ਅਜਿਹਾ ਸੀ ਕਿ ਲੋਕ ਅਹਿੱਲ, ਇਕਾਗਰ ਹੋ ਕੇ ਸੁਣਦੇ। ਇਸ ਸਥਿਤੀ ਨੂੰ ਅੰਗਰੇਜ਼ੀ ਵਿਚ ਕਹਿੰਦੇ ਹਨ; ਪਿੰਨ ਡਰੌਪ ਸਾਈਲੈਂਸ। ਸਾਰਾ ਮਹੌਲ ਚੁੱਪ ਹੁੰਦਾ ਤੇ ਇਕੱਲੀ ਉਸ ਦੀ ਅਵਾਜ਼ ਗੂੰਜ ਰਹੀ ਹੁੰਦੀ। ਡਾਕਟਰ ਹਰਿਭਜਨ ਸਿੰਘ ਕਹਿੰਦੇ,

"ਇਸ ਬੰਦੇ ਨੂੰ ਧਿਆਨ ਨਾਲ ਸੁਣੋ, ਇਸ ਦਾ ਲੈਕਚਰ ਤੁਹਾਡੇ ਬਹੁਤ ਕੰਮ ਆਵੇਗਾ।"

ਤੇ ਵਾਕਿਆ ਹੀ ਉਸ ਦਾ ਭਾਸ਼ਨ ਬਹੁਤ ਕੰਮ ਦਾ ਹੁੰਦਾ। ਅਧਿਆਪਕਾਂ ਦੇ ਸਮਝਣ ਦਾ ਵੀ ਤੇ ਵਿਦਿਆਰਥੀਆਂ ਦੇ ਸਿੱਖਣ ਲਈ ਵੀ। ਦਵੰਦਾਤਮਕ ਪਥਾਰਥਵਾਦ ਦਾ ਮੁਲਾਂਕਣ ਇਵੇਂ ਕਰਦਾ ਕਿ ਵੱਡੇ ਵੱਡੇ ਸੁਣਦੇ ਰਹਿ ਜਾਂਦੇ। ਪਰਵਾਸੀ ਸਾਹਿਤ ਦੀ ਅਜਿਹੀ ਪ੍ਰੀਭਾਸ਼ਾ ਦਿੱਤੀ ਕਿ ਹਰ ਕੋਈ ਅਸ਼ ਅਸ਼ ਕਰ ਉਠਿਆ ਸੀ। ਹਰ ਕੋਈ ਉਸ ਦੀ ਵਿਦਵਤਾ ਦਾ ਕਾਇਲ ਸੀ। ਉਹ ਹਰ ਗੱਲ ਦਲੀਲ ਨਾਲ ਕਰਦਾ। ਦਿੱਲੀ ਯੂਨੀਵਰਸਿਟੀ ਦੇ ਮਹਾਂਰਥੀ ਉਸ ਦਾ ਪਾਣੀ ਭਰਦੇ। ਉਸ ਨਾਲ ਦੋਸਤੀਆਂ ਪਾਉਣੀਆਂ ਚਾਹੁੰਦੇ। ਕਦੇ-ਕਦੇ ਉਸ ਦੇ ਖਰ੍ਹਵੇ ਸੁਭਾਅ ਦੀਆਂ ਗੱਲਾਂ ਵੀ ਹੁੰਦੀਆਂ। ਆਖਰ ਉਹ ਜੀਨੀਅਸ ਸੀ,



ਸੁਭਾਅ ਤਾਂ ਹੋਰਨਾਂ ਤੋਂ ਵੱਖਰਾ ਹੋਣਾ ਹੀ ਹੋਇਆ। ਅਜਿਹਾ ਬੰਦਾ ਤੁਹਾਨੂੰ ਮਿਲ ਰਿਹਾ ਹੋਵੇ ਤੇ ਉਪਰੋਂ ਦੀ ਘਰ! ਧੰਨ ਕਿਸਮਤੇ! ਮੇਰੀ ਮਾਂ ਜ਼ਰਾ ਹੋਰ ਤਰ੍ਹਾਂ ਸੋਚਦੀ ਸੀ। ਉਹ ਕਹਿੰਦੀ,

"ਇਹ ਚੰਦਨ ਬਹੁਤ ਕਿਸਮਤ ਵਾਲਾ ਏ ਜਿਹਨੂੰ ਮੇਰੀ ਧੀ ਜਿਹੀ ਕੁੜੀ ਮਿਲ ਰਹੀ ਏ। ਗਊ ਵਰਗੀ ਸਾਊ, ਸੁੰਦਰ, ਡਾਕਟਰ, ਵਧੀਆ ਨੌਕਰੀ 'ਤੇ ਲੱਗੀ ਹੋਈ। ਹੋਰ ਭਲਾ ਓਸ ਬੰਦੇ ਨੂੰ ਕੀ ਚਾਹੀਦਾ ਏ!"

ਮੇਰੀ ਮਾਂ ਵੀ ਸੱਚੀ ਸੀ। ਮੈਂ ਵੀ ਕਿਸੇ ਤੋਂ ਘੱਟ ਨਹੀਂ ਸਾਂ ਪਰ ਮੇਰਾ ਸੁਭਾਅ ਉਭਰਵਾਂ ਨਾ ਹੋ ਕੇ ਜ਼ਰਾ ਦਬਵਾਂ ਸੀ। ਮੈਂ ਆਪਣੇ ਬਾਰੇ ਕਦੇ ਕੁਝ ਕਹਿ ਹੀ ਨਹੀਂ ਸਾਂ ਸਕਦੀ। ਸਗੋਂ ਸਾਹਮਣੇ ਵਾਲਾ ਜਦ ਮੇਰੀ ਤਾਰੀਫ਼ ਕਰਦਾ ਤਾਂ ਮੈਂ ਸੁੰਗੜਨ ਲਗਦੀ। ਤਾਰੀਫ਼ ਕਿਸ ਨੂੰ ਚੰਗੀ ਨਹੀਂ ਲਗਦੀ ਪਰ ਇਕ ਸੰਗ ਜਿਹੀ ਮੇਰੇ 'ਤੇ ਹਾਵੀ ਸੀ। ਮੇਰੀ ਮਾਂ ਨੂੰ ਮੇਰਾ ਫਿਕਰ ਕੁਝ ਬਹੁਤਾ ਹੀ ਰਹਿੰਦਾ ਸੀ। ਇਕ ਤਾਂ ਸਾਡੀ ਰਿਸ਼ਤੇਦਾਰੀ ਵਿਚ ਜਾਂ ਆਲੇ-ਦੁਆਲੇ ਮੇਰੇ ਜਿੰਨਾ ਪੜ੍ਹਿਆ ਮੁੰਡਾ ਮਿਲਣ ਦੇ ਮੌਕੇ ਬਹੁਤ ਘੱਟ ਸਨ ਤੇ ਦੂਜੇ ਉਹ ਸਮਝਦੀ ਸੀ ਕਿ ਕਿਸੇ ਮੁੰਡੇ ਤਕ ਪਹੁੰਚ ਕਰਨ ਵਿਚ ਮੈਂ ਫਾਡੀ ਹਾਂ। ਸ਼ਾਇਦ ਉਹ ਠੀਕ ਹੋਵੇ। ਸ਼ਾਇਦ ਉਹ ਚਾਹੁੰਦੀ ਵੀ ਇਹੋ ਹੋਵੇ, ਸ਼ਾਇਦ ਇਸੇ ਲਈ ਹੀ ਉਹ ਜਲਦੀ ਹੀ ਮੇਰਾ ਵਿਆਹ ਕਰ ਦੇਣਾ ਚਾਹੁੰਦੇ ਸਨ। ਉਦੋਂ ਹੀ ਜਦ ਮੈਂ ਬੀ. ਏ. ਕਰ ਰਹੀ ਸਾਂ। ਮੁੰਡਾ ਵੀ ਲੱਭ ਲਿਆ ਗਿਆ ਸੀ ਪਰ ਮੇਰੀ ਮੰਜ਼ਿਲ ਤਾਂ ਅਧਿਆਪਕਾ ਬਣਨਾ ਸੀ ਸੋ ਮੈਂ ਵਿਆਹ ਤੋਂ ਨਾਂਹ ਕਰ ਦਿਤੀ ਸੀ। ਮੇਰੇ ਪਿਤਾ ਤੇ ਮਾਂ ਥੋੜਾ ਗੁੱਸੇ ਜ਼ਰੂਰ ਹੋਏ ਪਰ ਫਿਰ ਸਭ ਠੀਕ ਹੋ ਗਿਆ।

ਉਸ ਪਹਿਲੀ ਪੇਸ਼ਕਸ਼ ਨੂੰ ਭਾਵੇਂ ਮੈਂ ਠੁਕਰਾ ਦਿਤਾ ਸੀ ਪਰ ਇਸ ਦਾ ਮਤਲਬ ਇਹ ਨਹੀਂ ਸੀ ਕਿ ਮੈਂ ਘਰ ਦੇ ਸੁਫਨੇ ਨਹੀਂ ਸੀ ਦੇਖਦੀ। ਸਗੋਂ ਘਰ ਦਾ ਸੁਫਨਾ ਤਾਂ ਮੈਂ ਉਸੇ ਦਿਨ ਹੀ ਦੇਖਣਾ ਸ਼ੁਰੂ ਕਰ ਦਿਤਾ ਸੀ ਜਦ ਮੇਰੀ ਵੱਡੀ ਭੈਣ ਵਿਆਹੀ ਗਈ ਸੀ। ਉਹ ਸੁਹਰਿਆਂ ਤੋਂ ਵਾਪਸ ਆ ਕੇ ਉਥੋਂ ਦੀਆਂ ਗੱਲਾਂ ਇਵੇਂ ਸੁਣਾਉਂਦੀ ਕਿ ਮੈਂ ਚਾਹੁੰਦੀ ਕਿ ਜਲਦੀ ਹੀ ਮੇਰਾ ਵੀ ਅਜਿਹਾ ਘਰ ਹੋਵੇ। ਪਰ ਜ਼ਿੰਦਗੀ ਦਾ ਸਫਰ ਅਜਿਹਾ ਚੱਲਿਆ ਕਿ ਰੁਕਣ ਦਾ ਮੌਕਾ ਹੀ ਨਾ ਮਿਲਿਆ। ਕਿਸੇ ਤੇਜ਼ ਰੇਲਗੱਡੀ ਵਾਂਗ ਭੱਜਦੀ ਰਹੀ ਜ਼ਿੰਦਗੀ ਤੇ ਮੈਂ ਆਲੇ-ਦੁਆਲੇ ਦੇ ਨਜ਼ਾਰੇ ਦੇਖਣ ਵਿਚ ਹੀ ਰੁਝੀ ਰਹੀ। ਬੀ. ਏ. ਤੋਂ ਬਾਅਦ ਬੀ. ਐਡ ਕਰਨੀ ਚਾਹੁੰਦੀ ਸੀ ਪਰ ਨਾ ਕਰ ਸਕੀ। ਇਸ ਲਈ ਨਾ ਕਰ ਸਕੀ ਕਿ ਬੀ. ਐਡ. ਦੀ ਟਰੇਨਿੰਗ ਦਾ ਕਾਲਜ ਸਿਧਵਾਂ ਵਿਚ ਸੀ। ਸਿਧਵਾਂ ਸ਼ਹਿਰ ਪੰਜਾਬ ਵਿਚ ਪੈਂਦਾ ਸੀ। ਦਿੱਲੀ ਤੋਂ ਦੋ ਸੌ ਮੀਲ ਦੂਰ। ਏਨੀ ਦੂਰ ਭਲਾ ਆਪਣੀ ਜਵਾਨ ਕੁੜੀ ਨੂੰ ਕੌਣ ਭੇਜੇਗਾ। ਮੈਂ ਵੀ ਇਕੱਲੀ ਜਾਣੋ ਡਰ ਰਹੀ ਸਾਂ ਸੋ ਐਮ. ਏ. ਵਿਚ ਦਾਖਲਾ ਲੈ ਲਿਆ। ਐਮ. ਏ. ਕੀਤੀ ਹੀ ਸੀ ਕਿ ਨੌਕਰੀ ਮਿਲ ਗਈ। ਵਿਆਹ ਵਲ ਧਿਆਨ ਹੀ ਨਾ ਗਿਆ। ਐਮ. ਏ. ਕਰਦਿਆਂ ਹੀ ਮੈਨੂੰ ਮੈਤਰੇਈ ਕਾਲਜ ਵਿਚ ਨੌਕਰੀ ਮਿਲ ਗਈ। ਨੌਕਰੀ ਵਿਚ ਹਾਲੇ ਰਮ ਹੀ ਰਹੀ ਸਾਂ ਕਿ ਪਿਤਾ ਦਾ ਦੇਹਾਂਤ ਹੋ ਗਿਆ। ਮੇਰਾ ਆਪਣੇ ਪਿਤਾ ਨਾਲ ਬਹੁਤ ਮੋਹ ਸੀ। ਉਸ ਦੇ ਦੇਹਾਂਤ ਨੇ ਜਿੱਥੇ ਮੈਨੂੰ ਸੁੰਨ ਕਰ ਦਿੱਤਾ ਸੀ ਉਥੇ ਮੈਨੂੰ ਭਾਵੁਕ ਤੌਰ 'ਤੇ ਵੀ ਬਹੁਤ ਉਲਝਾ ਦਿਤਾ ਸੀ। ਇਕ ਤਾਂ ਘਰ ਦਾ ਸਾਰਾ ਬੋਝ ਮੇਰੇ ਉਪਰ ਹੀ ਆ ਪਿਆ ਸੀ

ਤੇ ਦੂਜਾ ਮੈਂ ਇਕੱਲੀ ਰਹਿ ਗਈ ਮਹਿਸੂਸ ਕਰਦੀ ਸਾਂ। ਚੰਗੀ ਗੱਲ ਇਹ ਰਹੀ ਕਿ ਮੇਰੀ ਨੌਕਰੀ ਨੇ ਮੇਰਾ ਮਨ ਏਨਾ ਮੱਲ ਲਿਆ ਕਿ ਬਹੁਤੇ ਫਿਕਰਾਂ ਲਈ ਜਗਾਹ ਹੀ ਨਾ ਬਚੀ। ਕਾਲਜ ਦੀ ਲੈਕਚਰਾਰ ਸ਼ਿੱਪ ਵਿਚੋਂ ਮੈਂ ਬਹੁਤ ਕੁਝ ਸਿਖਿਆ। ਨਵੇਂ ਨਵੇਂ ਤਜਰਬੇ ਵੀ ਹੋਏ, ਦੋਸਤ ਵੀ ਬਣੇ। ਸਤ-ਅੱਠ ਸਾਲ ਕਿਵੇਂ ਨਿਕਲ ਗਏ ਪਤਾ ਹੀ ਨਾ ਚੱਲਿਆ। ਗਿੱਧੇ-ਭੰਗੜੇ ਦੀਆਂ ਟੀਮਾਂ ਨੇ ਵੀ ਮੈਨੂੰ ਰੁਝਾ ਲਿਆ। ਪੜ੍ਹਾਉਣ ਤੋਂ ਬਿਨਾ ਹੋਰ ਵੀ ਬਹੁਤ ਸਾਰੇ ਕੰਮ ਮੇਰੇ ਜ਼ਿੰਮੇ ਸਨ। ਜਦ ਜ਼ਰਾ ਕੁ ਵਿਹਲ ਮਿਲਿਆ ਤਾਂ ਪੀ ਐਚ. ਡੀ. ਕਰਨ ਦਾ ਮਨ ਹੋ ਗਿਆ। ਫਿਰ ਤਿੰਨ ਸਾਲ ਪੀ ਐਚ. ਡੀ. ਕਰਨ ਵਿਚ ਖਰਚੇ ਗਏ। ਇਵੇਂ ਬਹੁਤ ਸਾਰਾ ਸਮਾਂ ਘਰ ਦਾ ਸੁਫ਼ਨਾ ਸ਼ੈਲਫਾਂ ਤੇ ਹੀ ਪਿਆ ਰਿਹਾ। ਸਾਹਮਣੇ ਦਿਸਦਾ ਤਾਂ ਹਰ ਵੇਲੇ ਰਹਿੰਦਾ ਸੀ ਪਰ ਇਸ ਨੂੰ ਮਾਣਨ ਦਾ ਵਕਤ ਘੱਟ ਲੱਗਦਾ। ਪਰ ਇਹ ਵੀ ਨਹੀਂ ਸੀ ਕਿ ਮੈਂ 'ਘਰ' ਤੋਂ ਬਿਲਕੁਲ ਹੀ ਅਵੇਸਲੀ ਸਾਂ। ਇਹਨਾਂ ਦਿਨਾਂ ਵਿਚ ਤੇਜਬੀਰ ਕਸੇਲ ਨਾਂ ਦਾ ਪ੍ਰੋਫੈਸਰ ਮੈਨੂੰ ਚੰਗਾ ਵੀ ਲੱਗਣ ਲੱਗ ਪਿਆ ਸੀ। ਸਾਡੀ ਦੋਸਤੀ ਵੀ ਹੋ ਗਈ ਸੀ। ਅਸੀਂ ਘਰ ਵੱਲ ਵਧਣ ਵੀ ਲੱਗ ਪਏ ਸਾਂ ਪਰ ਜਦ ਘਰ ਦੇ ਐਨ ਨਜ਼ਦੀਕ ਪੁੱਜੇ ਤਾਂ ਇਕ ਸ਼ਇਰਾ ਬੀਬੀ ਨੇ ਉਸ ਨੂੰ ਬਾਹੋਂ ਫੜ ਕੇ ਇਵੇਂ ਖਿੱਚਿਆ ਕਿ ਨਾਲ ਹੀ ਮੇਰੇ ਇਸ ਸੁਫਨੇ ਦੀਆਂ ਧੱਜੀਆਂ ਉਡ ਗਈਆਂ। ਤੇਜਬੀਰ ਨਾਲ ਮੇਰੀ ਦੋਸਤੀ ਕਈ ਸਾਲ ਚੱਲੀ ਸੀ ਪਰ ਮੇਰੇ ਤੋਂ ਪਛਾਣ ਹੀ ਨਾ ਹੋ ਸਕੀ ਕਿ ਇਹ ਬੰਦਾ ਤਾਂ ਰੂੰਅ ਦੇ ਤੂੰਬੇ ਜਿਹਾ ਹੈ, ਜ਼ਰਾ ਕੁ ਹਵਾ ਨਾਲ ਉਡ ਜਾਵੇਗਾ। ਜਾਂ ਫਿਰ ਉਹ ਬੰਦਾ ਦੂਹਰੀ ਜ਼ਿੰਦਗੀ ਜੀਅ ਰਿਹਾ ਸੀ ਬਿਲਕੁਲ ਉਸੇ ਤਰ੍ਹਾਂ ਜਿਵੇਂ ਲੋਕ ਦੋ ਐਨਕਾਂ ਲੈ ਕੇ ਚੱਲਦੇ ਹਨ। ਇਕ ਲਗਾ ਰੱਖਦੇ ਹਨ ਤੇ ਦੂਜੀ ਜੇਬ ਵਿਚ ਪਾ ਰੱਖਦੇ ਹਨ। ਸ਼ਾਇਦ ਉਹਨਾਂ ਨੂੰ ਇਕ ਐਨਕ 'ਤੇ ਯਕੀਨ ਨਹੀਂ ਹੁੰਦਾ। ਜਾਂ ਦੁਨੀਆਂ ਨੂੰ ਕਈ ਤਰੀਕਿਆਂ ਨਾਲ ਦੇਖਣਾ ਚਾਹੁੰਦੇ ਹਨ। ਜੋ ਵੀ ਸੀ ਤੇਜਬੀਰ ਮੇਰੀ ਜ਼ਿੰਦਗੀ ਵਿਚ ਆਇਆ ਭਾਵੇਂ ਹੌਲੀ ਹੌਲੀ ਸੀ ਪਰ ਛਲੇਡੇ ਵਾਂਗ ਗ਼ਾਇਬ ਹੋ ਗਿਆ। ਮੈਂ ਜਜ਼ਬਾਤੀ ਤੌਰ ਤੇ ਬਿਖਰ ਕੇ ਰਹਿ ਗਈ ਤੇ ਬਹੁਤ ਦੇਰ ਤਕ ਬਿਖਰੀ ਰਹੀ ਸਾਂ। ਸੰਭਲਣ ਨੂੰ ਪਤਾ ਨਹੀਂ ਕਿੰਨਾ ਸਮਾਂ ਲੱਗ ਗਿਆ ਸੀ। ਸ਼ਾਇਦ ਕਈ ਸਾਲ। ਪਰ ਦੇਖੋ ਰੂੰਅ ਦਾ ਸੁਭਾਅ! ਉਸ ਨੂੰ ਹਵਾ ਦੀ ਫਿਤਰਤ ਦੀ ਸਮਝ ਹੀ ਨਹੀਂ ਲੱਗਦੀ। ਮੇਰੀ ਜ਼ਿੰਦਗੀ ਵਿਚੋਂ ਗ਼ਾਇਬ ਹੋਣ ਤੋਂ ਕੁਝ ਦਿਨ ਬਾਅਦ ਹੀ ਮੁੜ ਮੇਰੇ ਦਰ ਫੇਰ ਆ ਖੜ੍ਹਿਆ। ਕਹਿਣ ਲੱਗਾ ਕਿ ਉਹ ਸਾਡੇ ਰਿਸ਼ਤੇ ਬਾਰੇ ਦੁਬਾਰਾ ਸੋਚਣਾ ਚਾਹੁੰਦਾ ਹੈ। ਮੈਂ ਮਨ ਵਿਚ ਹੱਸੀ, ਬਹੁਤ ਹੱਸੀ ਤੇ ਕਿਹਾ, 'ਜਾ ਓਏ ਵੱਡਿਆ ਚਲਾਕਾ!' ਉਸ ਦੇ ਮੂੰਹ ਉਪਰ ਕੁਝ ਕਹਿਣ ਦੀ ਮੇਰੀ ਹਿੰਮਤ ਹੀ ਨਹੀਂ ਸੀ। ਸਖਤੀ ਮੈਨੂੰ ਸਿਖਾਈ ਹੀ ਨਹੀਂ ਸੀ ਗਈ ਪਰ ਉਸ ਵੇਲੇ ਮੇਰੇ ਅੰਦਰੋਂ ਕੁਝ ਜਾਗਿਆ ਤੇ ਮੈਂ ਬੂਹੇ ਬੰਦ ਕਰ ਲਏ। ਕੀਤੇ ਵੀ ਏਨੇ ਜ਼ੋਰ ਨਾਲ ਕਿ ਸ਼ਾਇਦ ਬਾਹਰ ਖੜੇ ਬੰਦੇ ਦਾ ਨੱਕ ਵੀ ਵਿਚ ਆ ਗਿਆ ਹੋਵੇ। ਅਚਾਨਕ ਇਕ ਹੋਰ ਹਾਦਸਾ ਵਾਪਰਿਆ। ਹਿੰਦੁਸਤਾਨ ਤੋਂ ਬਾਹਰ ਅਮਰੀਕਾ ਤੇ ਫੇਰ ਕੈਨੇਡਾ ਜਾਣ ਦਾ ਮੌਕਾ ਮਿਲਿਆ ਤੇ ਮੈਂ ਉਸ ਮੌਕੇ ਨੂੰ ਗੰਵਾ ਨਾ ਸੱਕੀ। ਇਕ ਭਾਵੁਕਤਾ 'ਚੋਂ ਅਜੇ ਚੰਗੀ ਤਰਾਂ ਨਿਕਲੀ ਵੀ ਨਹੀਂ ਸਾਂ, ਕਿ ਇਕ ਹੋਰ ਰਿਸ਼ਤਾ ਬਦੋ ਬਦੀ ਮੇਰੀ ਜ਼ਿੰਦਗੀ ਵਿਚ ਆ ਵੜਿਆ। ਮੇਰਾ ਦੱਬੂ ਸੁਭਾ ਇਸ ਨੂੰ ਵੀ ਨਕਾਰ ਨਾ ਸੱਕਿਆ। ਛੇਤੀ ਹੀ ਮੈਂ ਇਸ 'ਚੋਂ ਨਿਕਲ ਆਈ ਕਿਉਂਕਿ ਇਹ ਮੇਰੀ ਚਾਹਤ ਨਹੀਂ ਸੀ। ਹੁਣ ਮੇਰਾ ਕੰਮ ਸੀ ਆਪਣੇ ਆਪ ਨੂੰ ਸੰਭਾਲਣ ਦਾ। ਸੰਭਾਲਣ ਲਈ ਕਿਤਾਬਾਂ ਸਨ, ਨੌਕਰੀ ਸੀ, ਦੋਸਤ ਸਨ, ਡਾਕਟਰ



ਹਰਿਭਜਨ ਸਿੰਘ ਵਰਗੇ ਅਧਿਆਪਕ ਸਨ, ਸਾਹਿਤਕਾਰ ਮਿੱਤਰ ਸਨ।

ਚੰਦਨ ਸਾਹਿਬ ਨੂੰ ਮੈਂ ਦਿੱਲੀ ਵਿਚ ਸਿਰਫ਼ ਇਕ ਵਾਰ ਮਿਲੀ ਸਾਂ। ਉਹ ਵੀ ਤ੍ਰਿਵੈਣੀ ਵਿਚ ਹੋਏ ਕਿਸੇ ਸਾਹਿਤਕ ਸਮਾਗਮ ਵਿਚ ਰਸਮੀ ਜਿਹੀ ਮੁਲਾਕਾਤ ਸੀ। ਉਹਨਾਂ ਦੀ ਗੱਲਬਾਤ ਦਾ ਲਹਿਜ਼ਾ ਦਾਨਿਸ਼ਵੰਦਾਂ ਵਾਲਾ ਸੀ। ਉਸ ਤੋਂ ਬਾਅਦ ਮੈਂ ਲੰਡਨ ਗਈ ਉਹਨਾਂ ਨੂੰ ਮਿਲੀ ਸਾਂ। ਮੈਂ ਹੀ ਉਹਨਾਂ ਨੂੰ ਮਿਲਣ ਗਈ ਸਾਂ। ਉਹਨਾਂ ਦੀ ਲਾਇਬਰੇਰੀ ਵਿਚ ਜਿਥੇ ਉਹ ਕੰਮ ਕਰਦੇ ਸਨ। ਮੇਰੇ ਨਾਲ ਸੁਲੱਖਣ ਸਿੰਘ ਸੀ। ਸੁਲੱਖਣ ਸਿੰਘ ਡਾਕਟਰ ਹਰਿਭਜਨ ਸਿੰਘ ਦਾ ਦੋਸਤ ਸੀ ਜਿਸ ਦਾ ਐਡਰੈਸ ਮੈਨੂੰ ਡਾਕਟਰ ਸਾਹਿਬ ਨੇ ਹੀ ਦਿਤਾ ਸੀ ਤੇ ਉਸਨੂੰ ਮਿਲਣ ਦੀ ਤਾਕੀਦ ਵੀ ਕੀਤੀ ਸੀ। ਉਦੋਂ ਚੰਦਨ ਸਾਹਿਬ ਨਾਲ ਬੈਠ ਕੇ ਗੱਲਾਂ ਵੀ ਹੋਈਆਂ ਸਨ। ਸਾਰੀਆਂ ਗੱਲਾਂ ਸਾਹਿਤ ਦੁਆਲੇ ਜਾਂ ਦਿੱਲੀ ਦੇ ਦੋਸਤਾਂ ਦੁਆਲੇ ਘੁੰਮ ਰਹੀਆਂ ਸਨ। ਉਸ ਵੇਲੇ ਇਹ ਗੱਲ ਮੇਰੇ ਰੱਬ ਦੇ ਸੁਫ਼ਨੇ ਵਿਚ ਵੀ ਨਹੀਂ ਹੋਵੇਗੀ ਕਿ ਇਕ ਦਿਨ ਇਹ ਬੰਦਾ ਮੈਨੂੰ ਵਿਆਹ ਦੀ ਪੇਸ਼ਕਸ਼ ਕਰੇਗਾ। ਲੰਡਨ ਵਿਚ ਇਕ ਦੋ ਮੁਲਾਕਾਤਾਂ ਵੀ ਹੋਈਆਂ। ਉਹਨਾਂ ਦੇ ਕਰਾਏ ਸਾਹਿਤਕ ਸਮਾਗਮ ਵਿਚ ਵੀ ਮੈਂ ਭਾਗ ਲਿਆ। ਉਹਨਾਂ ਦੀ ਪਤਨੀ ਨੂੰ ਵੀ ਮਿਲੀ ਸਾਂ ਤੇ ਉਹਨਾਂ ਦੇ ਬੱਚਿਆਂ ਨੂੰ ਵੀ। ਇਸ ਤੋਂ ਵੀ ਜ਼ਰਾ ਕੁ ਅੱਗੇ ਦੀ ਗੱਲ ਕਰਾਂ ਤਾਂ ਚੰਦਨ ਸਾਹਿਬ ਨਾਲ ਮੈਂ ਲੰਡਨ ਦੇਖਦਿਆਂ ਪੂਰਾ ਦਿਨ ਬਿਤਾਇਆ ਸੀ। ਉਹਨਾਂ ਦਾ ਹੀ ਫੋਨ ਆਇਆ ਸੀ, ਕਹਿਣ ਲੱਗੇ ਸਨ ਕਿ ਬੁੱਧਵਾਰ ਦਾ ਦਿਨ ਉਹਨਾਂ ਕੋਲ ਵਿਹਲਾ ਹੈ, ਜੇ ਮੈਂ ਚਾਹਾਂ ਤਾਂ ਲੰਡਨ ਦਿਖਾ ਸਕਦਾ ਹਾਂ। ਮੈਨੂੰ ਹੋਰ ਕੀ ਚਾਹੀਦਾ ਸੀ। ਮੇਰੇ ਰਿਸ਼ਤੇਦਾਰਾਂ ਦੇ ਤਾਂ ਆਪਣੇ ਹੀ ਰੁਝੇਵੇਂ ਏਨੇ ਸਨ ਕਿ ਮੈਨੂੰ ਉਹ ਵਕਤ ਨਾ ਦੇ ਸਕਦੇ। ਹੋਰ ਮੈਂ ਲੰਡਨ ਵਿਚ ਕਿਸੇ ਨੂੰ ਬਹੁਤਾ ਜਾਣਦੀ ਨਹੀਂ ਸਾਂ। ਉਹ ਕੋਈ ਜਗਾਹ ਦਿਖਾਉਂਦੇ ਤੇ ਉਹਦੇ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਣ ਲੱਗਦੇ। ਮੈਂ ਧਿਆਨ ਨਾਲ ਸੁਣਦੀ। ਗਰਮੀਆਂ ਦੇ ਦਿਨ ਸਨ। ਅਸੀਂ ਸਾਰਾ ਦਿਨ ਲੰਡਨ ਵਿਚ ਬਿਤਾਇਆ। ਉਹਨਾਂ ਦੇ ਨਾਲ ਹੀ, ਟੇਟ ਗੈਲਰੀ, ਟ੍ਰਫਾਲਗਰ ਸਕਯੁਵੇਅਰ, ਅਤੇ ਡਿੱਲਨ ਬੁੱਕ ਸ਼ਾਪ ਆਦਿ ਦੇਖੇ। ਲੰਡਨ ਤੋਂ ਵਾਪਸ ਆਉਂਦੇ ਮੈਨੂੰ ਦੱਸਣ ਲੱਗੇ ਕਿ ਉਹਨਾਂ ਦੀ ਪਤਨੀ ਨਾਲ ਬਿਲਕੁਲ ਨਹੀਂ ਬਣਦੀ। ਸ਼ਾਇਦ ਜਲਦੀ ਹੀ ਤਲਾਕ ਹੋ ਜਾਵੇ। ਕੁਝ ਦੇਰ ਤਕ ਆਪਣੀ ਪਤਨੀ ਦੀਆਂ ਬਦਖੋਹੀਆਂ ਕਰਦੇ ਰਹੇ। ਕਿੰਨੀ ਦੇਰ ਤਕ ਅਜਿਹੀਆਂ ਗੱਲਾਂ ਕਰਕੇ ਉਹਨਾਂ ਨੇ ਮੇਰੇ ਵੱਲ ਦੋਸਤੀ ਦਾ ਹੱਥ ਵਧਾਇਆ ਸੀ ਤੇ ਮੈਂ ਠੁਕਰਾ ਦਿਤਾ ਸੀ। ਵਿਆਹੇ ਬੰਦੇ ਨੂੰ ਨਾਲ ਲੈ ਕੇ ਘਰ ਦਾ ਸੁਫਨਾ ਦੇਖਿਆ ਹੀ ਨਹੀਂ ਜਾ ਸਕਦਾ, ਇਸ ਗੱਲ ਦਾ ਮੈਨੂੰ ਅਹਿਸਾਸ ਹੋ ਚੁੱਕਾ ਸੀ ਕਿਉਂਕਿ ਮੈਂ ਏਹੋ ਜੇਹੇ ਇਕ ਤਜਰਬੇ ਦੀ ਮਾਰ ਵਿਚੋਂ ਨਿਕਲ ਚੁੱਕੀ ਸਾਂ ਅਤੇ ਮਸਾਂ ਹੀ ਇਸਦੀ ਗਰਿਫ਼ਤ ਵਿਚੋਂ ਬਾਹਰ ਆਈ ਸਾਂ। ਗੱਲ ਗਈ-ਆਈ ਹੋ ਗਈ। ਉਸ ਤੋਂ ਬਾਅਦ ਵੀ ਚੰਦਨ ਸਾਹਿਬ ਮਿਲੇ ਸਨ ਤੇ ਉਹਨਾਂ ਦੀ ਪਤਨੀ ਵੀ।

ਮੇਰੇ ਵਾਪਸ ਦਿੱਲੀ ਜਾਣ 'ਤੇ ਮੇਰੀ ਮਾਂ ਮੇਰੇ ਵੱਲ ਸਵਾਲੀਆਂ ਨਜ਼ਰਾਂ ਨਾਲ ਦੇਖ ਰਹੀ ਸੀ। ਸ਼ਾਇਦ ਉਹ ਸੋਚਦੀ ਸੀ ਕਿ ਖ਼ਬਰੇ ਮੈਨੂੰ ਇੰਗਲੈਂਡ ਵਿਚ ਹੀ ਕੋਈ ਮੁੰਡਾ ਮਿਲ ਜਾਏ। ਜਦ ਚੰਦਨ ਸਾਹਿਬ ਦਾ ਫੋਨ ਆਇਆ ਤਾਂ ਅੱਧੀ ਰਾਤ ਹੋ ਰਹੀ ਸੀ।ਨਵੰਬਰ ਦਾ ਮਹੀਨਾ ਸੀ, ਦੀਵਾਲੀ ਵਾਲੀ ਰਾਤ ਸੀ। ਦੀਵਾਲੀ ਦੇ ਪੂਜਾ ਪਾਠ ਤੋਂ ਵਿਹਲੇ ਹੋ ਕੇ ਅਜੇ ਸੁੱਤੇ ਹੀ ਸਾਂ। ਮੈਂ ਅੱਧਸੁਤੀ ਨੇ ਹੀ ਫੋਨ ਦਾ ਜਵਾਬ ਦਿਤਾ ਸੀ। ਪਹਿਲਾਂ ਉਹਨਾਂ

ਆਪਣੀ ਪਤਨੀ ਦੇ ਗੁਜ਼ਰ ਜਾਣ ਦੀ ਮਨਹੂਸ ਖ਼ਬਰ ਸੁਣਾਈ, ਮੈਂ ਇਕ ਦਮ ਸੁੰਨ ਹੋ ਗਈ ਕਿਉਂਕਿ ਉਸਨੂੰ ਮੈਂ ਜਦੋਂ ਇੰਗਲੈਂਡ ਵਿਚ ਮਿਲੀ ਸਾਂ ਤਾਂ ਉਹ ਬਿਲਕੁਲ ਤੰਦਰੁਸਤ ਲੱਗ ਰਹੀ ਸੀ। ਮੈਂ ਅਜੇ ਗੁੰਮ ਸੁੰਮ ਹੀ ਸਾਂ, ਉਹਨਾਂ ਨੇ ਵਿਆਹ ਲਈ ਸਵਾਲ ਵੀ ਰੱਖ ਦਿੱਤਾ ਸੀ ਤੇ ਉਸ ਦਾ ਜਵਾਬ ਵੀ ਉਸੇ ਵਕਤ ਚਾਹੁੰਦੇ ਸਨ ਪਰ ਮੈਂ ਏਨੇ ਜੋਗੀ ਨਹੀਂ ਸਾਂ। ਇਸ ਸਵਾਲ ਨੂੰ ਜਜ਼ਬ ਕਰਨ ਲਈ ਵੀ ਤਾਂ ਵਕਤ ਚਾਹੀਦਾ ਸੀ। ਮੈਂ ਮਾਂ ਨੂੰ ਦੱਸਿਆ। ਭਰਜਾਈ ਜਸਵਿੰਦਰ ਵੀ ਕੋਲ ਹੀ ਬੈਠੀ ਸੀ। ਉਹ ਤਾਂ ਖੁਸ਼ੀ ਵਿਚ ਫੁੱਲੀਆਂ ਨਹੀਂ ਸਨ ਸਮਾ ਰਹੀਆਂ। ਭਰਾ ਸੁਰਜੀਤ ਵੀ ਉਠ ਖੜਿਆ ਸੀ। ਭਾਵੇਂ ਮੇਰੇ ਪਰਿਵਾਰ ਨੇ ਮੈਨੂੰ ਮਰਜ਼ੀਆਂ ਕਰਨ ਦਾ ਹੱਕ ਦਿਤਾ ਹੋਇਆ ਸੀ ਪਰ ਸਲਾਹਾਂ ਤਾਂ ਉਹਨਾਂ ਦੇਣੀਆਂ ਹੀ ਸਨ। ਸ਼ਾਇਦ ਸਾਰੇ ਏਸ ਕਰਕੇ ਮੰਨ ਗਏ ਸਨ ਕਿ ਚੰਦਨ ਸਾਹਿਬ ਭਾਵੇਂ ਵਿਆਹੇ ਹੋਏ ਸਨ ਪਰੰਤੂ ਆਪਣੀ ਪਤਨੀ ਦੇ ਜੀਂਦਿਆਂ ਇਹ ਸਵਾਲ ਨਹੀਂ ਸਨ ਰੱਖ ਰਹੇ। ਮਾਂ ਨੇ ਅਚਾਨਕ ਪੁੱਛਿਆ,

"ਚੰਦਨ ਦੀ ਜ਼ਾਤ ਕੀ ਏ?"

"ਲੇਖਕ!"

ਕਹਿ ਕੇ ਮੈਂ ਹੱਸੀ ਤੇ ਮਾਂ ਵੀ ਹੱਸਣ ਲੱਗੀ ਸੀ। ਲੇਖਕਾਂ ਦੀ ਜ਼ਾਤ ਤਾਂ ਲੇਖਕ ਹੀ ਹੁੰਦੀ ਹੈ।

ਮੇਰੇ ਦਿੱਲੀ ਵਿਚ ਬਹੁਤ ਸਾਰੇ ਦੋਸਤ ਸਨ; ਮੋਹਨਜੀਤ, ਮਨਜੀਤ, ਹਰਜਿੰਦਰ ਕੋਰ, ਹਰਚਰਨ ਕੌਰ, ਸੁਰਿੰਦਰ ਕੌਰ, ਸ਼ਸ਼ੀ ਸ਼ਰਮਾ, ਡਾਕਟਰ ਨੂਰ, ਰਵੇਲ ਸਿੰਘ, ਐਸ ਬਲਵੰਤ, ਡਾਕਟਰ ਜਗਬੀਰ ਤੇ ਬਹੁਤ ਸਾਰੇ ਹੋਰ। ਅਧਿਆਪਕ ਡਾਕਟਰ ਹਰਿਭਜਨ ਸਿੰਘ ਵੀ ਸਨ। ਮੈਂ ਇਹਨਾਂ ਨਾਲ ਸਲਾਹ ਵੀ ਕਰਨਾ ਚਾਹੁੰਦੀ ਸਾਂ ਪਰ ਮਾਂ ਨੂੰ ਕਾਹਲੀ ਸੀ। ਓਧਰ ਚੰਦਨ ਸਾਹਿਬ ਨੂੰ ਵੀ। ਅਗਲੇ ਦਿਨ ਹੀ ਉਹਨਾਂ ਦਾ ਫਿਰ ਫੋਨ ਆ ਗਿਆ ਕਿ ਕਦੋਂ ਆ ਰਹੇ ਹੋ। ਉਹਨਾਂ ਨੇ ਜਿਵੇਂ ਵਿਆਹ ਦੀ ਪੇਸ਼ਕਸ਼ ਨਾ ਕੀਤੀ ਹੋਵੇ, ਹੁਕਮ ਹੀ ਸੁਣਾਇਆ ਹੋਵੇ। ਇਕ ਦਿਨ ਪੰਜਾਬ ਤੋਂ ਆਇਆ ਇਕ ਲੇਖਕ ਦੋਸਤ ਮਿਲਿਆ ਜਿਹੜਾ ਚੰਦਨ ਸਾਹਿਬ ਦਾ ਵੀ ਦੋਸਤ ਸੀ। ਉਹਨਾਂ ਕੋਲ ਲੰਡਨ ਰਹਿ ਕੇ ਆਇਆ ਸੀ। ਉਸ ਨੂੰ ਪਤਾ ਚੱਲਿਆ ਕਿ ਮੈਂ ਚੰਦਨ ਕੋਲ ਜਾ ਰਹੀ ਹਾਂ ਤਾਂ ਉਹ ਬੋਲਿਆ,

"ਦੇਵਿੰਦਰ, ਸੋਚ ਲੈ, ਚੰਦਨ ਬਹੁਤ ਹੀ ਅਯਾਸ਼ ਕਿਸਮ ਦਾ ਬੰਦਾ ਏ!"

ਉਸ ਦੇ ਇਵੇਂ ਕਹਿਣ ਨੇ ਮੈਨੂੰ ਜ਼ਰਾ ਕੁ ਸੋਚ ਵਿਚ ਜ਼ਰੂਰ ਪਾ ਦਿਤਾ ਪਰ ਹੁਣ ਤੀਰ ਕਮਾਣ ਵਿਚੋਂ ਨਿਕਲ ਚੁੱਕਿਆ ਸੀ।

## ਦੋ

ਮੈਨੂੰ ਪਤਾ ਸੀ ਕਿ ਲੰਡਨ ਵਿਚ ਇਸ ਸਮੇਂ ਠੰਡ ਹੋਣੀ ਸੀ। ਮੈਂ ਭਾਰੇ ਕਪੜੇ ਲੈ ਆਈ ਸਾਂ। ਹੀਥਰੋ ਏਅਰ ਪੋਰਟ ਮੇਰੇ ਲਈ ਹੁਣ ਬਹੁਤਾ ਓਪਰਾ ਨਹੀਂ ਸੀ। ਉਹ ਬਾਹਰ ਖੜੇ ਮੇਰੀ ਉਡੀਕ ਕਰ ਰਹੇ ਹੋਣੇ ਸਨ। ਮੈਂ ਟੈਲੀਫੋਨ ਉਪਰ ਆਪਣੇ ਆਉਣ ਬਾਰੇ ਦੱਸ ਦਿਤਾ ਹੋਇਆ ਸੀ। ਹੁਣ ਚੰਦਨ ਸਾਹਿਬ ਮੇਰੇ ਲਈ ਉਹ ਓਪਰੇ ਚੰਦਨ ਨਹੀਂ ਹੋਣਗੇ।



ਕਿੰਨਾ ਕੁਝ ਹੀ ਮੇਰੇ ਮਨ ਵਿਚ ਆ-ਜਾ ਰਿਹਾ ਸੀ। ਅਜਿਹਾ ਕੁਝ ਤਾਂ ਉਸੇ ਦਿਨ ਦਾ ਹੀ ਆਉਣ-ਜਾਣ ਲੱਗ ਪਿਆ ਸੀ ਜਿਸ ਦਿਨ ਮੈਂ ਉਹਨਾਂ ਦੀ ਪੇਸ਼ਕਸ਼ ਮੰਨ ਲਈ ਸੀ। ਮੈਂ ਟਰਾਲੀ ਧੱਕਦੀ ਕਾਹਲੀ-ਕਾਹਲੀ ਤੁਰਨ ਲੱਗੀ। ਬਾਕੀ ਭੀੜ ਦੇ ਨਾਲ ਬਾਹਰ ਨਿਕਲੀ ਤਾਂ ਚੰਦਨ ਸਾਹਿਬ ਸਾਹਮਣੇ ਖੜੇ ਮੁਸਕ੍ਰਾ ਰਹੇ ਸਨ। ਉਹਨਾਂ ਦੇ ਖੱਬੇ ਪਾਸੇ ਉਹਨਾਂ ਦੀ ਧੀ ਅਲਕਾ ਖੜੀ ਸੀ ਤੇ ਸੱਜੇ ਪਾਸੇ ਬੇਟਾ ਅਮਨਦੀਪ। ਉਹਨਾਂ ਸਭ ਨੇ ਮੈਨੂੰ ਹੱਥ ਜੋੜ ਕੇ ਸਤਿ ਸ੍ਰੀ ਆਕਾਲ ਬੁਲਾਈ। ਅਮਨਦੀਪ ਕੋਲ ਸ਼ਾਇਦ ਕਾਰਡ ਅਤੇ ਫੁੱਲਾਂ ਦੇ ਗੁਲਦਸਤੇ ਫੜੇ ਹੋਏ ਸਨ। ਪਰਿਵਾਰ ਨੂੰ ਮਿਲੀ ਸਮਝੋ ਵਿਆਹ ਹੋਇਆ ਮੇਰੇ ਬਾਬਲਾ! ਪੁਰਾਣੇ ਜ਼ਮਾਨੇ ਦੀ ਰਸਮ ਨੂੰ ਜਿਵੇਂ ਅੱਪਡੇਟ ਕਰ ਦਿਤਾ ਗਿਆ ਹੋਵੇ।

ਚੰਦਨ ਸਾਹਿਬ ਦਾ ਘਰ ਹੇਜ਼ ਵਿਚ ਸੀ। ਸਾਊਥਾਲ ਤੋਂ ਅਗਲਾ ਟਾਊਨ। ਘਰ ਆਏ ਤਾਂ ਚੰਦਨ ਸਾਹਿਬ ਨੇ ਮੇਰਾ ਅਟੈਚੀ ਇਕ ਕਮਰੇ ਵਿਚ ਰੱਖਦਿਆਂ ਕਿਹਾ ਕਿ ਆਹ ਹੈ ਆਪਣਾ ਬੈੱਡਰੂਮ। ਅਸੀਂ ਇਕੱਠੇ ਬੈਠ ਕੇ ਚਾਹ ਪੀਤੀ। ਕ੍ਰਿਸਮਸ ਦਾ ਦਿਨ ਸੀ। ਲੋਕਾਂ ਦੇ ਘਰਾਂ ਵਿਚ ਪਾਰਟੀਆਂ ਚੱਲ ਰਹੀਆਂ ਸਨ। ਸਾਨੂੰ ਵੀ ਗੁਰਬੰਸ ਗਿੱਲ ਦੇ ਘਰੋਂ ਸੱਦਾ ਆਇਆ ਹੋਇਆ ਸੀ। ਗੁਰਬੰਸ ਗਿੱਲ ਕਵਿਤਾ ਲਿਖਦੀ ਸੀ। ਉਸ ਦੀ ਕਵਿਤਾ ਦੀ ਮੈਂ ਕੁਝ ਕੁ ਵਾਕਫ ਸਾਂ। ਚੰਦਨ ਸਾਹਿਬ ਦਾ ਕਹਿਣਾ ਸੀ ਕਿ ਕਿਸੇ ਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਸਾਡਾ ਹਾਲੇ ਵਿਆਹ ਨਹੀਂ ਹੋਇਆ। ਸ਼ਾਇਦ ਉਹ ਵਿਆਹ ਤੋਂ ਬਿਨਾ ਮੇਰੇ ਨਾਲ ਰਹਿਣ ਵਾਲੀ ਗੱਲ ਨਾਲ ਘਟੀਆ ਮਹਿਸੂਸ ਕਰਦੇ ਹੋਣਗੇ। ਗੁਰਬੰਸ ਗਿੱਲ ਦੇ ਘਰੋਂ ਅਸੀਂ ਦੇਰ ਰਾਤ ਵਾਪਸ ਆਏ। ਉਸ ਦਾ ਘਰ ਏਲਜ਼ਬਰੀ ਵਿਚ ਸੀ। ਇਹ ਸ਼ਹਿਰ ਹੇਜ਼ ਤੋਂ ਚਾਲੀ-ਪੰਜਾਹ ਮੀਲ ਦੂਰ ਹੋਵੇਗਾ। ਗੁਰਬੰਸ ਗਿੱਲ ਵਿਅਕਤੀ ਦੇ ਤੌਰ 'ਤੇ ਮੈਨੂੰ ਬਹੁਤ ਮਿਲਣਸਾਰ ਲੱਗੀ।

ਅਗਲੇ ਦਿਨ ਵੀ ਛੁੱਟੀ ਸੀ। ਸਾਰੇ ਮਜ਼ੇ ਨਾਲ ਉਠੇ। ਖੁਸ਼ੀ ਖੁਸ਼ੀ ਦਿਨ ਚੜਿਆ। ਸਭ ਨੇ ਰਲ ਕੇ ਨਾਸ਼ਤਾ ਤਿਆਰ ਕੀਤਾ। ਮੈਂ ਬਹੁਤ ਖੁਸ਼ ਸਾਂ। ਮੇਰੀ ਗ੍ਰਹਿਸਥੀ ਸ਼ੁਰੂ ਹੋ ਚੁੱਕੀ ਸੀ। ਮੈਂ ਤਾਂ ਘਰ ਦੀ ਤਮੰਨਾ ਕੀਤੀ ਸੀ ਪਰ ਇਥੇ ਤਾਂ ਨਾਲ ਦੋ ਬੱਚੇ ਵੀ ਮਿਲ ਗਏ ਸਨ। ਹੋਰ ਰੱਬ ਮੈਨੂੰ ਕੀ ਦੇ ਸਕਦਾ ਸੀ। ਇਸ ਖੁਸ਼ੀ ਦੇ ਵਿਚਕਾਰ ਇਕ ਬਰੀਕ ਜਿਹੀ ਰੜਕ ਪੈ ਰਹੀ ਸੀ। ਘਰ ਵਿਚ ਅਜਿਹਾ ਮੁਸ਼ਕ ਆ ਰਿਹਾ ਸੀ ਜਿਵੇਂ ਕੁਝ ਕਪੜੇ ਜਾਂ ਕਿਸੇ ਹੋਰ ਚੀਜ਼ ਦੇ ਜਲਣ ਤੋਂ ਬਾਅਦ ਆਇਆ ਕਰਦਾ ਹੈ। ਜਲਦੀ ਹੀ ਪਤਾ ਚੱਲ ਗਿਆ ਕਿ ਚੰਦਨ ਸਾਹਿਬ ਬਹੁਤ ਜ਼ਿਆਦਾ ਸਿਗਰਟਾਂ ਪੀਂਦੇ ਹਨ। ਮੈਨੂੰ ਝਟਕਾ ਜਿਹਾ ਵੱਜਿਆ। ਸਿਗਰਟ ਮੇਰੇ ਆਲੇ-ਦੁਆਲੇ ਕੋਈ ਨਹੀਂ ਸੀ ਪੀਂਦਾ। ਮੇਰਾ ਤਾਂ ਪਰਿਵਾਰ ਬਹੁਤਾ ਹੀ ਧਾਰਮਿਕ ਸੀ। ਮੇਰੀ ਸਾਰੀ ਪੜ੍ਹਾਈ ਹੀ ਖਾਲਸਾ ਸਕੂਲ ਜਾਂ ਖਾਲਸਾ ਕਾਲਜ ਦੀ ਸੀ। ਇਹ ਅਜਿਹੇ ਇਦਾਰੇ ਸਨ ਜਿਥੋਂ ਸਿਗਰਟ ਕੋਹਾਂ ਦੂਰ ਸੀ। ਬਚਪਨ ਵਿਚ ਹੀ ਮੈਂ ਬਹੁਤ ਧਾਰਮਿਕ ਸਾਂ। ਮੈਨੂੰ ਚੰਦਨ ਸਾਹਿਬ ਦਾ ਸਿਗਰਟ ਪੀਣਾ ਬਹੁਤ ਬੁਰਾ ਲੱਗਿਆ ਪਰ ਕੀ ਕੀਤਾ ਜਾ ਸਕਦਾ ਸੀ। ਹੁਣ ਤਾਂ ਉਹ ਮੇਰੇ ਪਤੀ ਸਨ। ਉਹਨਾਂ ਦੀ ਹਰ ਗੱਲ ਚੰਗੀ ਲੱਗਣੀ ਚਾਹੀਦੀ ਸੀ। ਮੈਂ ਆਪਣੀ ਏਡੀ ਵੱਡੀ ਖੁਸ਼ੀ ਵਿਚ ਸਿਗਰਟ ਨੂੰ ਅੜਿੱਕਾ ਨਹੀਂ ਸਾਂ ਬਣਨ ਦੇਣਾ ਚਾਹੁੰਦੀ। ਜਲਦੀ ਹੀ ਚੰਦਨ ਸਾਹਿਬ ਮੇਰੇ ਸਾਹਮਣੇ ਹੀ ਸਿਗਰਟ ਪੀਣ ਲੱਗ ਪਏ ਤੇ ਮੈਂ ਸਹਿਜ ਰਹਿਣਾ ਸਿੱਖ ਲਿਆ।

ਛੁੱਟੀਆਂ ਖਤਮ ਹੋ ਗਈਆਂ। ਅਲਕਾ ਦੱਖਣੀ ਲੰਡਨ ਵਿਚ ਰਹਿੰਦੀ ਸੀ ਤੇ

ਅਮਨਦੀਪ ਯੂਨੀਵਰਸਟੀ ਪੜ੍ਹਦਾ ਸੀ, ਉਹ ਦੋਵੇਂ ਵਾਪਸ ਚਲੇ ਗਏ। ਚੰਦਨ ਸਾਹਿਬ ਕੰਮ 'ਤੇ ਜਾਣਾ ਸ਼ੁਰੂ ਕਰ ਦਿਤਾ ਤੇ ਮੈਂ ਘਰ ਵਿਚ ਇਕੱਲੀ ਰਹਿਣ ਲੱਗੀ। ਘਰ ਦਾ ਕੰਮ ਮੁਕਾ ਕੇ ਛੇਤੀ ਹੀ ਵਿਹਲੀ ਹੋ ਜਾਂਦੀ। ਘਰ ਦਾ ਕੰਮ ਵੀ ਕਿਤੇ ਕਿੰਨਾ ਕੁ ਸੀ। ਮੈਂ ਕਦੇ ਸਾਊਥਾਲ ਬਜ਼ਾਰ ਚਲੇ ਜਾਂਦੀ। ਚੰਦਨ ਸਾਹਿਬ ਦੀ ਲਾਇਬ੍ਰੇਰੀ ਵੀ ਸਾਊਥਾਲ ਵਿਚ ਹੀ ਸੀ, ਮੈਂ ਉਹਨਾਂ ਕੋਲ ਵੀ ਗੇੜਾ ਮਾਰ ਆਉਂਦੀ। ਇੰਗਲੈਂਡ ਦੇ ਲੇਖਕਾਂ ਨੂੰ ਸਾਡੇ ਵਿਆਹ ਦਾ ਪਤਾ ਚੱਲ ਚੁੱਕਿਆ ਸੀ। ਦੋਸਤਾਂ ਦੇ ਵਧਾਈਆਂ ਦੇ ਫੋਨ ਵੀ ਆਉਣ ਲੱਗਦੇ ਸਨ। ਇੰਗਲੈਂਡ ਦੇ ਲੇਖਕਾਂ ਬਾਰੇ ਗੱਲ ਕਰਦਿਆਂ ਚੰਦਨ ਸਾਹਿਬ ਇਥੋਂ ਦੀ ਧੜੇਬੰਦੀ ਬਾਰੇ ਦੱਸਦੇ ਤਾਂ ਮੈਂ ਸੋਚਦੀ ਕਿ ਮੇਰਾ ਧੜਾ ਤਾਂ ਹੁਣ ਚੰਦਨ ਸਾਹਿਬ ਹੀ ਹਨ। ਜਿਥੇ ਉਹ, ਉਥੇ ਮੈਂ। ਕੁਝ ਮਹੀਨੇ ਵਿਆਹੁਤਾ ਜ਼ਿੰਦਗੀ ਦੇ ਬਹੁਤ ਹੀ ਸੁਹਣੇ ਨਿਕਲੇ। ਚੰਦਨ ਸਾਹਿਬ ਦੀ ਹਾਵੀ ਰਹਿਣ ਦੀ ਆਦਤ ਸੀ ਜੋ ਕਿ ਮੇਰੀ ਦੱਬੂ ਜਿਹੀ ਤਬੀਅਤ ਨੂੰ ਫਿੱਟ ਬਹਿ ਰਹੀ ਸੀ।

ਜਦ ਮੈਂ ਇੰਗਲੈਂਡ ਆਈ ਤਾਂ ਮੇਰੇ ਕੋਲ ਵਿਜ਼ਟਰ ਵੀਜ਼ਾ ਹੀ ਸੀ। ਹੁਣ ਮੈਨੂੰ ਪੱਕੀ ਰਿਹਾਇਸ਼ ਦੇ ਵੀਜ਼ੇ ਦੀ ਲੋੜ ਸੀ। ਹਾਲੇ ਸਾਡਾ ਵਿਆਹ ਵੀ ਰਜਿਸਟਰ ਨਹੀਂ ਸੀ ਹੋਇਆ। ਰਜਿਸਟਰ ਤਾਂ ਇਕ ਪਾਸੇ ਧਾਰਮਿਕ ਵਿਆਹ ਵੀ ਨਹੀਂ ਸੀ ਕੀਤਾ ਅਸੀਂ ਤਾਂ। ਚੰਦਨ ਨੇ ਦੋਸਤਾਂ ਵਿਚ ਇਹ ਗੱਲ ਫੈਲਾ ਦਿਤੀ ਸੀ ਕਿ ਅਸੀਂ ਵਿਆਹ ਕਰਾ ਲਿਆ ਹੈ। ਇਸ ਵਿਆਹ ਦੀਆਂ ਖ਼ਬਰਾਂ ਵੀ ਲਗਵਾ ਦਿਤੀਆਂ ਸਨ। ਪੰਜਾਬੀ ਦਾ ਮਸ਼ਹੂਰ ਮੈਗਜ਼ੀਨ 'ਕੌਮੀ ਏਕਤਾ', ਜਿਸ ਵਿਚ ਮੇਰਾ 'ਔਰਤਨਾਮਾ' ਦੇ ਸਿਰਲੇਖ ਹੇਠ ਲਗਾਤਾਰ ਕਾਲਮ ਚੱਲਦਾ ਰਿਹਾ ਸੀ, ਉਸ ਨੇ ਇਹ ਖ਼ਬਰ ਉਚੇਚ ਕਰ ਕੇ ਛਾਪੀ ਸੀ।

ਸਾਊਥਾਲ ਲੇਖਕਾਂ ਵਿਚੋਂ ਜਗਤਾਰ ਢਾਅ ਨੇ ਤਾਂ ਮੈਨੂੰ ਆਪਣੇ ਘਰ ਪਿਛਲੀ ਵਾਰ ਖਾਣੇ 'ਤੇ ਵੀ ਬੁਲਾਇਆ ਸੀ, ਜਿਥੇ ਸਾਥੀ ਲੁਧਿਆਣਵੀ, ਬਲਦੇਵ ਬਾਵਾ ਤੇ ਹੋਰ ਕੁਝ ਲੇਖਕ ਮਿਲੇ ਸਨ। ਸਭ ਤੋਂ ਪਹਿਲਾਂ ਚੰਦਨ ਸਾਹਿਬ ਮੈਨੂੰ ਅਵਤਾਰ ਜੰਡਿਆਲਵੀ ਦੇ ਘਰ ਲੈ ਕੇ ਗਏ। ਜੰਡਿਆਲਵੀ ਦੀ ਕਿਤਾਬ ਆਈ ਸੀ, 'ਮੇਰੇ ਪਰਤ ਆਉਣ ਤਕ'। ਸਾਰੀ ਕਿਤਾਬ ਝੁਹੇਰਵੇ ਨਾਲ ਭਰੀ ਪਈ ਸੀ। ਇਸ ਕਿਤਾਬ ਨਾਲੋਂ ਮੈਨੂੰ ਜਗਤਾਰ ਢਾਅ ਦੀ 'ਗਵਾਚੇ ਘਰ ਦੀ ਤਲਾਸ਼' ਕਿਤੇ ਬਿਹਤਰ ਲੱਗੀ ਸੀ। ਅਵਤਾਰ ਸਾਨੂੰ ਪਿਆਰ ਨਾਲ ਮਿਲਿਆ ਪਰ ਉਸ ਦੀ ਪਤਨੀ ਸਵਰਨਜੀਤ ਮੈਨੂੰ ਦੇਖ ਕੇ ਨੱਕ-ਬੁੱਲ੍ਹ ਜਿਹੇ ਕੱਢਣ ਲੱਗੀ। ਸਵਰਨਜੀਤ ਚੰਦਨ ਸਾਹਿਬ ਨੂੰ ਮੇਰੇ ਸਾਹਮਣੇ ਹੀ ਕਹਿਣ ਲੱਗੀ,

"ਚੰਦਨ, ਇਹ ਤੂੰ ਚੰਗਾ ਨਹੀਂ ਕੀਤਾ, ਤੈਨੂੰ ਏਨੀ ਜਲਦੀ ਵਿਆਹ ਨਹੀਂ ਸੀ ਕਰਾਉਣਾ ਚਾਹੀਦਾ।"

ਚੰਦਨ ਸਾਹਿਬ ਦੇ ਬਹੁਤ ਸਾਰੇ ਦੋਸਤ ਸਾਨੂੰ ਖਾਣੇ 'ਤੇ ਬੁਲਾ ਰਹੇ ਸਨ। ਸਭ ਤੋਂ ਵੱਧ ਪਿਆਰ ਮੈਨੂੰ ਦਰਸ਼ਨ ਸਿੰਘ ਗਿਆਨੀ ਨੇ ਦਿਤਾ। ਇਕ ਤਾਂ ਉਹ ਮੇਰੇ ਪਿਤਾ ਦੀ ਉਮਰ ਦੇ ਸਨ ਦੂਜੇ ਉਹਨਾਂ ਦੀ ਸਖਸ਼ੀਅਤ ਹੀ ਮੋਹਖੋਰੀ ਸੀ। ਉਹ ਸੁਰਜੀਤ ਕੋਰ ਨੂੰ ਵੀ ਚੰਗੀ ਤਰ੍ਹਾਂ ਜਾਣਦੇ ਸਨ ਪਰ ਉਹਨਾਂ ਨੇ ਉਸ ਦੀ ਇਕ ਵੀ ਗੱਲ ਨਾ ਕੀਤੀ। ਗਿਆਨੀ ਜੀ ਕਵਿਤਾ ਲਿਖਦੇ ਸਨ। ਲੋਕਲ ਕਮਿਊਨਿਟੀ ਦੇ ਲੀਡਰ ਵੀ ਰਹੇ ਸਨ। ਮੁਸ਼ਾਇਰੇ ਆਦਿ ਕਰਾਉਂਦੇ ਰਹਿੰਦੇ ਸਨ। ਕਿਸੇ ਵੇਲੇ ਉਹਨਾਂ ਨੇ ਚੰਦਨ ਤੇ ਸੁਰਜੀਤ ਕੋਰ ਨੂੰ ਨਾਲ ਲੈ ਕੇ ਸਾਊਥਾਲ ਵਿਚ ਇਕ ਡਰਾਮਾ ਵੀ ਖੇਡਿਆ ਸੀ, 'ਆਤੂ ਦਾ ਵਿਆਹ'। ਉਹਨਾਂ ਦੇ



ਘਰ ਲੱਗੀ ਮਹਿਫਲ ਵਿਚ ਅਸੀਂ ਇਕ ਦੂਜੇ ਨੂੰ ਕਵਿਤਾਵਾਂ ਵੀ ਸੁਣਾਈਆਂ।

ਅਸੀਂ ਤਰਸੇਮ ਨੀਲਗਿਰੀ ਦੇ ਸੱਦੇ 'ਤੇ ਉਸ ਦੇ ਘਰ ਵੀ ਗਏ। ਨੀਲਗਿਰੀ ਵਧੀਆ ਕਹਾਣੀਕਾਰ ਸੀ। ਉਸ ਦੀਆਂ ਤਿੰਨ ਕਹਾਣੀਆਂ ਉਪਰ ਡਾਕਟਰ ਹਰਿਭਜਨ ਸਿੰਘ ਨੇ ਪੂਰੀ ਕਿਤਾਬ ਲਿਖੀ ਸੀ। ਨੀਲਗਿਰੀ ਹਸਮੁਖ ਜਿਹੀ ਤਬੀਅਤ ਦਾ ਮਾਲਕ ਸੀ। ਉਸ ਦੀ ਪਤਨੀ ਵੀ ਬਹੁਤ ਚੰਗੀ ਸੀ। ਉਹਨਾਂ ਨੇ ਸਾਨੂੰ ਬਹੁਤ ਸਵਾਦੀ ਭੋਜਨ ਖਵਾਇਆ। ਸੁਖਾਵੇਂ ਮਹੌਲ ਵਿਚ ਅਸੀਂ ਖਾਣਾ ਖਾਧਾ। ਵਧੀਆ ਗੱਲ ਇਹ ਹੋਈ ਕਿ ਉਹਨਾਂ ਦੇ ਘਰ ਉਦੋਂ ਬਲਵੰਤ ਗਾਰਗੀ ਵੀ ਠਹਿਰਿਆ ਹੋਇਆ ਸੀ।

ਅਸੀਂ ਜੋਗਿੰਦਰ ਸ਼ਮਸ਼ੇਰ ਦੇ ਘਰ ਵੀ ਗਏ ਸਾਂ। ਉਹਨਾਂ ਦਿਨਾਂ ਵਿਚ ਉਸ ਦੀ ਪਤਨੀ ਬਹੁਤ ਬਿਮਾਰ ਸੀ ਤੇ ਹਸਪਤਾਲ ਵਿਚ ਸੀ। ਅਸੀਂ ਉਸ ਨੂੰ ਮਿਲਣ ਹਸਪਤਾਲ ਚਲੇ ਗਏ। ਉਹ ਬਹੁਤ ਖੁਸ਼ ਹੋ ਕੇ ਮਿਲੀ ਤੇ ਚੰਦਨ ਨੂੰ ਬੋਲੀ,

"ਚੰਦਨ, ਇਹ ਤਾਂ ਤੂੰ ਦੂਜੀ ਸੁਰਜੀਤ ਹੀ ਲੈ ਆਇਆਂ। ਬਿਲਕੁਲ ਅਜਿਹੀ ਹੀ ਤਾਂ ਸੀ ਉਹ!"

ਇਸ ਗੱਲ ਨੇ ਚੰਦਨ ਨੂੰ ਢੇਰ ਸਾਰੀ ਰਾਹਤ ਦਿਤੀ। ਜਿਹੜੇ ਲੋਕ ਸਾਡੇ ਵਿਆਹ ਦਾ ਵਿਰੋਧ ਕਰ ਰਹੇ ਸਨ, ਉਸ ਵਿਰੋਧ ਦਾ ਉਸ ਨੂੰ ਜਿਵੇਂ ਜਵਾਬ ਮਿਲ ਗਿਆ ਹੋਵੇ ਕਿ ਸੁਰਜੀਤ ਦੀ ਭੈਣ ਨਾਲ ਜਾਂ ਭੈਣ ਜਿਹੀ ਨਾਲ ਹੀ ਤਾਂ ਉਸ ਨੇ ਵਿਆਹ ਕਰਾਇਆ ਸੀ। ਇਵੇਂ ਅਸੀਂ ਹੋਰ ਦੋਸਤਾਂ ਦੇ ਘਰੀਂ ਮਿਲਣ ਵੀ ਗਏ। ਚੰਦਨ ਸਾਹਿਬ ਸਭ ਨਾਲ ਮੇਰੀ ਵਾਕਫੀ ਕਰਾ ਦੇਣੀ ਚਾਹੁੰਦੇ ਸਨ। ਕਈ ਲੋਕ ਸਾਡੇ ਘਰ ਵੀ ਮਿਲਣ ਲਈ ਆ ਜਾਂਦੇ ਸਨ। ਇਕ ਦਿਨ ਮੁਸ਼ਤਾਕ ਸਿੰਘ ਤੇ ਸੰਤੋਖ ਸਿੰਘ ਸੰਤੋਖ ਮਿਲਣ ਆ ਗਏ। ਮੈਨੂੰ ਪਤਾ ਸੀ ਕਿ ਉਹ ਦੋਵੇਂ ਹੀ ਕਵੀ ਸਨ ਤੇ ਦੋਵੇਂ ਹੀ ਪੱਕੇ ਕਾਮਰੇਡ ਵੀ। ਚੰਦਨ ਸਾਹਿਬ ਦੇ ਦੋਸਤ ਤਾਂ ਸਨ ਹੀ। ਆਏ ਤਾਂ ਵਧਾਈਆਂ ਦੇਣ ਸਨ ਪਰ ਮੁਸ਼ਤਾਕ ਦੀ ਖਾਮੋਸ਼ ਅਦਾ ਅਜਿਹੀ ਸੀ ਸੀ ਜਿਵੇਂ ਮੈਨੂੰ ਕਹਿ ਰਹੀ ਹੋਵੇ ਕਿ ਮੇਰਾ ਚੰਦਨ ਸਾਹਿਬ ਨਾਲ ਵਿਆਹ ਕਰਾਉਣਾ ਬਹੁਤ ਕਾਹਲੀ ਵਿਚ ਲਿਆ ਫੈਸਲਾ ਸੀ ਜਾਂ ਇਹ ਫੈਸਲਾ ਹੀ ਗ਼ਲਤ ਸੀ। ਬਾਅਦ ਵਿਚ ਮੈਨੂੰ ਚੰਦਨ ਸਾਹਿਬ ਕੋਲੋਂ ਹੀ ਪਤਾ ਲੱਗਿਆ ਸੀ ਕਿ ਉਸਦੀ ਪਤਨੀ ਦੀ ਸੜਕ ਤੇ ਟਰੱਕ ਨਾਲ ਹੋਣ ਵਾਲੀ ਟੱਕਰ ਨਾਲ ਥਾਂ ਤੇ ਹੀ ਮੌਤ ਹੋ ਗਈ ਸੀ ਤੇ ਉਸਨੇ ਬੱਚਿਆਂ ਦੀ ਖ਼ਾਤਰ ਵਿਆਹ ਨਾ ਕਰਾਉਣ ਦਾ ਫੈਸਲਾ ਕਰ ਲਿਆ ਸੀ। ਉਹ ਦੋਵੇਂ ਆਏ ਤੇ ਵਧਾਈਆਂ ਦੇ ਕੇ ਤੁਰ ਗਏ।

ਘਰ ਆਉਣ ਵਾਲਿਆਂ ਵਿਚ ਸਭ ਤੋਂ ਵਚਿੱਤਰ ਵੀਨਾ ਵਰਮਾ ਦੀ ਆਵੰਦ ਸੀ। ਵੀਨਾ ਕਿਸੇ ਹੋਰ ਸਹੇਲੀ ਨੂੰ ਨਾਲ ਲੈ ਕੇ ਆਈ ਸੀ। ਮੈਂ ਜਾਣਦੀ ਸਾਂ ਕਿ ਵੀਨਾ ਕਹਾਣੀ ਲਿਖਦੀ ਹੈ, ਦੇਸ ਪਰਦੇਸ ਵਿਚ ਛਪਦੀ ਹੈ ਤੇ ਉਸ ਦਾ ਨਾਂ ਵੀ ਦੇਸ ਪਰਦੇਸ ਦੇ ਸੰਪਾਦਕ ਪੁਰੇਵਾਲ ਨਾਲ ਜੁੜਦਾ ਹੈ। ਚੰਦਨ ਸਾਹਿਬ ਕਹਿਣ ਲੱਗੇ ਕਿ ਉਹ ਨਹੀਂ ਚਾਹੁੰਦੇ ਕਿ ਮੈਂ ਵੀਨਾ ਨੂੰ ਮਿਲਾਂ ਪਰ ਕਿਉਂ? ਇਸ ਦਾ ਉਹਨਾਂ ਨੇ ਕੋਈ ਕਾਰਨ ਨਾ ਦਿਤਾ। ਵੀਨਾ ਆਈ ਤਾਂ ਮੈਨੂੰ ਹੀ ਦੇਖਣ ਸੀ। ਚੰਦਨ ਸਾਹਿਬ ਨੇ ਮੈਨੂੰ ਉਪਰ ਬੈੱਡਰੂਮ ਵਿਚ ਚੜ੍ਹਾ ਦਿਤਾ। ਉਹ ਵੀਨਾ ਨਾਲ ਹੇਠਾਂ ਗੱਲਾਂ ਕਰਦੇ ਮੈਨੂੰ ਸੁਣ ਰਹੇ ਸਨ। ਪਤਾ ਨਹੀਂ ਕਿਹੜੀ ਕਹਾਣੀ ਪਾ ਕੇ ਉਹਨਾਂ ਨੇ ਵੀਨਾ ਨੂੰ ਵਾਪਸ ਮੁੜ ਜਾਣ ਲਈ ਆਖਿਆ ਪਰ ਵੀਨਾ ਵਰਮਾ ਬਾਥਰੂਮ ਜਾਣ ਦਾ ਬਹਾਨਾ ਬਣਾ ਕੇ ਉਪਰ ਚੜ੍ਹ ਆਈ ਤੇ ਮੈਨੂੰ ਦੇਖ ਗਈ।...

ਇਕ ਸ਼ਾਮ ਅਸੀਂ ਬੈਠੇ ਟੈਲੀ ਦੇਖ ਰਹੇ ਸਾਂ। ਚੰਦਨ ਸਾਹਿਬ ਨੇ ਪੀਤੀ ਹੋਈ ਸੀ, ਸ਼ਾਇਦ ਚੰਦਨ ਸਾਹਿਬ ਨੇ ਟੈਲੀ ਉਪਰੋਂ ਹੀ ਕੋਈ ਗੱਲ ਚੁੱਕ ਲਈ ਜਾਂ ਕੁਝ ਮਨ ਵਿਚ ਆਇਆ, ਕਹਿਣ ਲੱਗੇ,

"ਤੈਨੂੰ ਬੈਠੀ ਬਠਾਈ ਨੂੰ ਘਰ ਮਿਲ ਗਿਆ!"

## ਤਿੰਨ

ਮੈਨੂੰ ਉਹਨਾਂ ਦੀਆਂ ਦੋ ਗੱਲਾਂ ਰੜਕਣ ਲੱਗਦੀਆਂ ਸਨ। ਇਕ ਤਾਂ ਸਿਗਰਟਾਂ ਪੀਣੀਆਂ ਤੇ ਦੂਜੇ ਸ਼ਰਾਬ ਪੀ ਕੇ ਬੜਬੋਲੇ ਹੋ ਜਾਣਾ। ਇਹ ਦੋਵੇਂ ਗੱਲਾਂ ਹੀ ਮੇਰੇ ਬਚਪਨ ਤੋਂ ਲੈ ਕੇ ਮੇਰੇ ਇੰਗਲੈਂਡ ਆਉਣ ਤਕ ਮੇਰੇ ਤੋਂ ਦੂਰ ਰਹੀਆਂ ਸਨ। ਮੈਂ ਤਾਂ ਇਹ ਕਿਸੇ ਨਾ ਕਿਸੇ ਤਰ੍ਹਾਂ ਬਰਦਾਸ਼ਤ ਕਰ ਰਹੀ ਸਾਂ। ਪਤਨੀ ਧਰਮ ਨਿਭਾਉਣਾ ਸੀ ਜਾਂ ਕੁਝ ਹੋਰ ਪਰ ਮੇਰੀ ਮਾਂ, ਭਰਜਾਈ ਤੇ ਭਰਾ ਇਸਨੂੰ ਕਿਵੇਂ ਲੈਣਗੇ, ਇਸ ਬਾਰੇ ਮੈਂ ਫਿਕਰਮੰਦ ਸਾਂ। ਹੁਣ ਸਾਡਾ ਵਾਪਸ ਇੰਡੀਆ ਜਾਣ ਦਾ ਪ੍ਰੋਗਰਾਮ ਬਣ ਰਿਹਾ ਸੀ। ਇੰਡੀਆ ਜਾ ਕੇ ਅਸੀਂ ਕੋਰਟ ਮੈਰਿਜ ਰਜਿਸਟਰ ਕਰਵਾਉਣੀ ਸੀ, ਧਾਰਮਿਕ ਵਿਆਹ ਵੀ ਹਾਲੇ ਹੋਣਾ ਸੀ। ਵਿਆਹ ਦੀ ਰਿਸੈਪਸ਼ਨ ਵੀ ਦੇਣੀ ਸੀ। ਮੈਨੂੰ ਫਲੈਟ ਦਾ ਕਬਜ਼ਾ ਵੀ ਮਿਲਣਾ ਸੀ। ਫਲੈਟ ਮੈਂ ਖਰੀਦ ਆਈ ਸਾਂ ਪਰ ਹਾਲੇ ਤਿਆਰ ਹੋ ਰਿਹਾ ਸੀ। ਹੁਣ ਜਾ ਕੇ ਇਸ ਦੀ ਚਾਬੀ ਲੈਣੀ ਸੀ। ਹੁਣ ਤਾਂ ਇੰਗਲੈਂਡ ਵਿਚ ਮੈਂ ਵਿਜ਼ਟਰ ਦੇ ਤੌਰ 'ਤੇ ਆਈ ਸਾਂ ਪਰ ਮੈਂ ਮੁੜ ਕੇ ਪੱਕੀ ਰਿਹਾਇਸ਼ ਦਾ ਵੀਜ਼ਾ ਲੈ ਕੇ ਆਉਣਾ ਸੀ। ਚੰਦਨ ਸਾਹਿਬ ਦੀ ਕਾਨੂੰਨੀ ਪਤਨੀ ਬਣ ਕੇ ਪਰਤਣਾ ਸੀ। ਮੈਂ ਆਪਣੇ ਕਾਲਜ ਤੋਂ ਛੁੱਟੀਆਂ ਲੈ ਕੇ ਆਈ ਸਾਂ, ਦੁਬਾਰਾ ਕਾਲਜ ਜੁਆਇਨ ਵੀ ਕਰਨਾ ਸੀ।

ਅਸੀਂ ਮਾਰਚ ਦੇ ਅਖੀਰ ਵਿਚ ਦਿੱਲੀ ਜਾ ਪੁੱਜੇ। ਉਹਨਾਂ ਦਿਨਾਂ ਵਿਚ ਹੀ ਗੁਰੂ ਨਾਨਕ ਦੇਵ ਯੂਨੀਵਰਸਟੀ ਵਿਚ ਪ੍ਰੋਗਰਾਮ ਕਰਾਇਆ ਜਾ ਰਿਹਾ ਸੀ। ਚੰਦਨ ਸਾਹਿਬ ਇਕ ਦਿਨ ਦਿੱਲੀ ਰੁਕ ਕੇ ਅੰਮ੍ਰਿਤਸਰ ਚਲੇ ਗਏ ਤੇ ਮੈਂ ਮੈਤ੍ਰੇਈ ਕਾਲਜ ਜਾ ਕੇ ਹਾਜ਼ਰੀ ਲਗਵਾ ਲਈ। ਮੁਹਰੇ ਸਪਤਾਹ-ਅੰਤ ਆ ਰਿਹਾ ਸੀ। ਨਾਲ ਇਕ ਛੁੱਟੀ ਲੈ ਲਈ ਤੇ ਮੈਂ ਵੀ ਚੰਦਨ ਸਾਹਿਬ ਦੇ ਮਗਰ ਅੰਮ੍ਰਿਤਸਰ ਜਾ ਪੁੱਜੀ। ਕਿਸੇ ਸਮਾਗਮ ਵਿਚ ਅਸੀਂ ਪਤੀ-ਪਤਨੀ ਦੇ ਤੌਰ 'ਤੇ ਪਹਿਲੀ ਵਾਰ ਸ਼ਾਮਲ ਹੋਏ ਸਾਂ। ਸਾਡਾ ਖੂਬ ਸਵਾਗਤ ਹੋਇਆ। ਸਾਰੇ ਦੋਸਤਾਂ ਨੇ ਵਧਾਈਆਂ ਦਿਤੀਆਂ। ਅਸੀਂ ਦੋਵੇਂ ਹੀ ਕਈ ਪਰਚਿਆਂ ਉਪਰ ਬੋਲੇ ਵੀ। ਚੰਦਨ ਸਾਹਿਬ ਸਦਾ ਦੀ ਤਰ੍ਹਾਂ ਬਹੁਤ ਪ੍ਰਭਾਵਸ਼ਾਲੀ ਗੱਲ ਕਰ ਰਹੇ ਸਨ। ਇਥੇ ਹੀ ਸਾਨੂੰ ਦਰਸ਼ਨ ਧੀਰ ਤੇ ਸੰਤੋਖ ਸਿੰਘ ਸੰਤੋਖ ਵੀ ਮਿਲੇ। ਦਰਸ਼ਨ ਧੀਰ ਉਸ ਵੇਲੇ ਬਹੁਤ ਜਵਾਨ ਦਿਸ ਰਹੇ ਸਨ। ਉਹਨਾਂ ਦੇ ਕੁੰਡਲਾਂ ਵਾਲੇ ਵਾਲ ਕਿਸੇ ਫਿਲਮ ਐਕਟਰ ਦਾ ਭੁਲੇਖਾ ਪਾ ਰਹੇ ਸਨ ਪਰ ਸਾਹਿਤਕ ਤੌਰ 'ਤੇ ਉਸ ਵੇਲੇ ਦਰਸ਼ਨ ਧੀਰ ਦਾ ਕੱਦ ਏਡਾ ਨਹੀਂ ਸੀ। ਉਹਨਾਂ ਨੂੰ ਕੋਈ ਨਹੀਂ ਸੀ ਜਾਣਦਾ। ਵੈਸੇ ਵੀ ਸਮਾਗਮ ਵਿਚ ਉਹ ਗਵਾਚਿਆ ਜਿਹਾ ਫਿਰ ਰਿਹਾ ਸੀ। ਜੋ ਵੀ ਸੀ, ਉਹਨਾਂ ਨੂੰ ਇਥੇ ਆ ਕੇ ਮਿਲਣਾ ਚੰਗਾ ਲੱਗਿਆ।

ਸਮਾਗਮ ਤੋਂ ਬਾਅਦ ਚਾਰ ਅਪਰੈਲ ਨੂੰ ਸਾਡਾ ਧਾਰਮਿਕ ਵਿਆਹ ਰੱਖਿਆ



ਹੋਇਆ ਸੀ। ਸਾਦਾ ਜਿਹਾ ਵਿਆਹ ਸੀ ਪਰ ਖੁਸ਼ੀਆਂ ਨਾਲ ਭਰਿਆ ਹੋਇਆ ਸੀ। ਇਸ ਵਿਆਹ 'ਤੇ ਅਸੀਂ ਬਹੁਤੇ ਲੋਕ ਨਹੀਂ ਸੱਦੇ ਹੋਏ। ਵਿਆਹ ਤੋਂ ਬਾਅਦ ਰਿਸ਼ੈਪਸ਼ਨ 'ਤੇ ਸਾਰੇ ਸੱਦੇ ਸਨ। ਵਿਆਹ ਦੀ ਸਾਰੀ ਰਿਸੈਪਸ਼ਨ ਦੀ ਜ਼ਿੰਮੇਵਾਰੀ ਮੇਰੇ ਧਰਮ ਭਰਾ ਗਗਨਜੋਤ ਨੇ ਲਈ ਸੀ। ਵਿਆਹ ਦੀ ਸਾਰੀ ਕਾਰਵਾਈ ਸਹੀ ਤਰੀਕੇ ਨਾਲ ਸਿਰੇ ਚੜ੍ਹ ਗਈ ਪਰ ਸ਼ਾਮ ਨੂੰ ਜਾ ਕੇ ਪਤਾ ਚੱਲਿਆ ਕਿ ਅੱਜ ਹੀ ਤਾਂ ਮੇਰੇ ਪਿਤਾ ਦੀ ਬਰਸੀ ਸੀ। ਉਹਨਾਂ ਦਾ ਦੇਹਾਂਤ ਚਾਰ ਅਪਰੈਲ ਨੂੰ ਹੀ ਹੋਇਆ ਸੀ। ਕਾਹਲੀ ਕਾਹਲੀ ਕਰਦਿਆ ਸਾਨੂੰ ਇਸ ਗੱਲ ਦਾ ਚੇਤਾ ਹੀ ਨਹੀਂ ਸੀ ਰਿਹਾ। ਸਭ ਦਾ ਮਨ ਬਹੁਤ ਦੁਖੀ ਹੋਇਆ ਪਰ ਹੁਣ ਕੀ ਕੀਤਾ ਜਾ ਸਕਦਾ ਸੀ।

ਪਹਾੜ ਗੰਜ, ਘਰ ਵਿਚ ਸਾਨੂੰ ਉਪਰਲਾ ਕਮਰਾ ਦੇ ਦਿਤਾ ਗਿਆ ਸੀ। ਇਹ ਸਦਾ ਮੇਰਾ ਹੀ ਕਮਰਾ ਰਿਹਾ ਸੀ। ਇਸ ਕਮਰੇ ਵਿਚ ਮੇਰਾ ਸਦਾ ਨਿੱਕਾ ਜੇਹਾ ਸੰਸਾਰ ਵਸਦਾ ਰਿਹਾ ਸੀ। ਮੇਰੀਆਂ ਕਿਤਾਬਾਂ, ਕੱਪੜੇ, ਮੇਰਾ ਬਿਸਤਰ ਅਤੇ ਜ਼ਿੰਦਗੀ ਦੇ ਅਰਮਾਨ ਅਤੇ ਅਰਮਾਨਾਂ ਨਾਲ ਜੁੜੇ ਕਈ ਸੁਪਨੇ। ਕਮਰੇ ਦੇ ਗਲੀ ਵੱਲ ਦੇ ਪਾਸੇ ਨੂੰ ਬਾਲਕੋਨੀ ਬਣੀ ਹੋਈ ਸੀ ਜਿਥੋਂ ਸਾਰੀ ਗਲੀ ਦਾ ਨਜ਼ਾਰਾ ਦਿਸਦਾ ਸੀ। ਚੰਦਨ ਸਾਹਿਬ ਨੂੰ ਇਸ ਬਾਲਕੋਨੀ ਵਿਚ ਖਲੋਣਾ ਬਹੁਤ ਚੰਗਾ ਲੱਗਦਾ ਸੀ। ਇਥੇ ਖਲੋ ਕੇ ਹੀ ਉਹ ਸਿਗਰਟ ਪੀਆ ਕਰਦੇ ਸਨ। ਉਹਨਾਂ ਦੀ ਕੋਸ਼ਿਸ਼ ਹੁੰਦੀ ਕਿ ਪਰਿਵਾਰ ਦੇ ਕਿਸੇ ਜੀਅ ਦੇ ਸਾਹਮਣੇ ਸਮੋਕ ਨਾ ਕਰਨ। ਫਿਰ ਕੁਝ ਅਜਿਹਾ ਹੋਣ ਲੱਗਿਆ ਕਿ ਜ਼ਰਾ ਕੁ ਨਸ਼ੇ ਵਿਚ ਆ ਕੇ ਉਹਨਾਂ ਨੂੰ ਚੇਤਾ ਹੀ ਭੁੱਲ ਜਾਂਦਾ ਸੀ ਕਿ ਆਲੇ-ਦੁਆਲੇ ਕੋਈ ਹੈ ਵੀ। ਹੌਲੀ ਹੌਲੀ ਘਰ ਦੇ ਵੀ ਸਹਿੰਦੜ ਹੋਣ ਲੱਗ ਪਏ। ਹੋਰ ਕਰ ਵੀ ਕੀ ਸਕਦੇ ਸਨ। ਮੇਰੇ ਪਤੀ ਸਨ ਉਹ, ਘਰ ਦੇ ਜਵਾਈ। ਜਵਾਈ ਦੇ ਖਿਲਾਫ ਜਾਣਾ ਔਖਾ ਹੁੰਦਾ ਹੈ।

ਇਕ ਦਿਨ ਇਹਨਾਂ ਨੂੰ ਇਹਨਾਂ ਦੇ ਬੇਟੇ ਅਮਨਦੀਪ ਦਾ ਫੋਨ ਆਇਆ। ਇਹ ਅਮਨਦੀਪ ਨੂੰ ਕੋਈ ਚੈੱਕ ਬੈਂਕ ਵਿਚ ਜਮਾਂ ਕਰਵਾਉਣ ਲਈ ਦੇ ਕੇ ਆਏ ਸਨ ਤੇ ਅਮਨਦੀਪ ਭੁੱਲ ਗਿਆ ਹੋਇਆ ਸੀ। ਇਹਨਾਂ ਨੂੰ ਪਤਾ ਚੱਲਿਆ ਕਿ ਚੈੱਕ ਹਾਲੇ ਤਕ ਜਮਾਂ ਨਹੀਂ ਹੋਇਆ ਤਾਂ ਇਹ ਫੋਨ ਉਪਰ ਹੀ ਉੱਚੀ ਉੱਚੀ ਗਾਲ੍ਹਾਂ ਕੱਢਣ ਲੱਗੇ। ਏਨੀ ਉੱਚੀ ਅਵਾਜ਼ ਕਿ ਗਵਾਂਢੀਆਂ ਨੂੰ ਵੀ ਸੁਣਦੀ ਹੋਵੇਗੀ। ਅਸੀਂ ਸਾਰੇ ਹੀ ਹੈਰਾਨੀ ਨਾਲ ਦੇਖ ਰਹੇ ਸਾਂ। ਸਾਡੇ ਲਈ ਇਹ ਜ਼ਰਾ ਕੁ ਨਵੀਂ ਗੱਲ ਸੀ। ਸਾਡੇ ਘਰ ਵਿਚ ਏਨੀ ਅਵਾਜ਼ ਵਿਚ ਗੱਲ ਕਰਨ ਦਾ ਰਿਵਾਜ ਨਹੀਂ ਸੀ। ਗੰਦੀ ਗਾਲ੍ਹ ਤਾਂ ਕੋਈ ਕੱਢਦਾ ਹੀ ਨਹੀਂ ਸੀ। ਜਸਵਿੰਦਰ ਨੂੰ ਤਾਂ ਬਹੁਤ ਹੀ ਹੈਰਾਨੀ ਹੋਈ ਤੇ ਨਾਲ ਹੀ ਗੁੱਸਾ ਵੀ ਆਇਆ। ਉਹ ਪੁੱਛਣ ਲੱਗੀ,

"ਚੰਦਨ ਸਾਹਿਬ, ਤੁਸੀਂ ਸਦਾ ਹੀ ਏਦਾਂ ਦੀਆਂ ਗੰਦੀਆਂ ਗਾਲ੍ਹਾਂ ਕੱਢਦੇ ਓ?"

"ਮੈਂ ਆਪਣੇ ਬੇਟੇ ਨਾਲ ਗੱਲ ਕਰ ਰਿਹਾ ਸੀ, ਤੁਹਾਡਾ ਏਹਦੇ ਨਾਲ ਕੀ ਮਲਤਬ?"

"ਸਾਡਾ ਮਤਲਬ ਇਹ ਕਿ ਤੁਸੀਂ ਸਾਡੀ ਦੀਦੀ ਨੂੰ ਵੀ ਇਵੇਂ ਹੀ ਗਾਲ੍ਹਾਂ ਕੱਢੋਂਗੇ?"

"ਤੁਸੀਂ ਸਾਡੀ ਮੈਰੀਡ ਲਾਈਫ ਵਿਚ ਕਿਉਂ ਦਖ਼ਲ ਦੇ ਰਹੇ ਓ?"

ਇਹ ਗੁੱਸੇ ਵਿਚ ਬੋਲੇ ਤੇ ਉਠ ਕੇ ਦੂਜੇ ਕਮਰੇ ਵਿਚ ਚਲੇ ਗਏ। ਉਸ ਤੋਂ ਬਾਅਦ ਇਹਨਾਂ ਨੇ ਜਸਵਿੰਦਰ ਨੂੰ ਬੁਲਾਉਣਾ ਵੀ ਬੰਦ ਕਰ ਦਿਤਾ। ਜਸਵਿੰਦਰ ਨੇ ਵੀ

ਇਹਨਾਂ ਨੂੰ ਬਹੁਤ ਦੇਰ ਤਕ ਨਾ ਬੁਲਾਇਆ। ਸਮਾਂ ਪਾ ਕੇ ਉਹਨਾਂ ਦੀ ਸੁਲਾਹ ਵੀ ਹੋ ਗਈ ਸੀ, ਸਗੋਂ ਸਾਡੇ ਪਰਿਵਾਰ ਵਿਚੋਂ ਜਸਵਿੰਦਰ ਹੁਣ ਇਹਨਾਂ ਦੀ ਚਹੇਤੀ ਵਿਅਕਤੀ ਬਣ ਗਈ ਸੀ।

ਛੇਤੀ ਹੀ ਕੋਰਟ ਮੈਰਿਜ ਵੀ ਹੋ ਗਈ। ਵਿਆਹ ਦੀ ਰਿਸੈਪਸ਼ਨ ਵੀ ਰੱਖ ਲਈ ਗਈ। ਰਿਸੈਪਸ਼ਨ ਵਿਚ ਦਿੱਲੀ ਦੇ ਸਾਰੇ ਹੀ ਲੇਖਕ ਬੁਲਾਏ ਗਏ। ਚੰਦਨ ਸਾਹਿਬ ਹਰ ਇਕ ਨੂੰ ਸੱਦਣਾ ਚਾਹੁੰਦੇ ਸਨ। ਹੁਣ ਉਹ ਆਪਣੇ ਆਪ ਨੂੰ ਦਿੱਲੀ ਦੇ ਵਸਨੀਕ ਸਮਝਣ ਲੱਗ ਪਏ ਸਨ। ਦਿੱਲੀ ਉਹਨਾਂ ਦਾ ਘਰ ਬਣ ਗਿਆ ਸੀ। ਅੰਮ੍ਰਿਤਾ-ਇਮਰੋਜ਼ ਨੂੰ ਛੱਡ ਕੇ ਸਾਰੇ ਹੀ ਛੋਟੇ-ਵੱਡੇ ਲੇਖਕ ਆਏ। ਅਜੀਤ ਕੋਰ ਵੀ ਆਈ ਸੀ ਪਰ ਉਸ ਨੂੰ ਸਹੀ ਜਗਾਹ ਦਾ ਭੁਲੇਖਾ ਪੈ ਗਿਆ ਸੀ। ਉਹ ਮੁਖ-ਦਵਾਰ ਤੋਂ ਵਾਪਸ ਮੁੜ ਗਈ ਸੀ। ਸਭ ਨੇ ਬਹੁਤ ਖੁਸ਼ੀ ਮਨਾਈ। ਖੂਬ ਢੋਲ ਵੱਜਿਆ। ਹਰਭਜਨ ਸਿੰਘ, ਮਹਿੰਦਰ ਕੋਰ ਗਿੱਲ ਤੋਂ ਲੈ ਕੇ ਨਵੇਂ ਲੇਖਕਾਂ ਤਕ ਸਭ ਨੱਚੇ। ਆਰਥਰ ਵਿਕਟਰ ਨੇ ਬੋਲੀਆਂ ਪਾਈਆਂ। ਹਾਲੇ ਵੀ ਕਦੇ ਕਦੇ ਉਸ ਰਿਸੈਪਸ਼ਨ ਦੀ ਵੀਡਿਓ ਦੇਖਣ ਬਹਿ ਜਾਂਦੀ ਹਾਂ। ਸਾਰੇ ਕਹਿ ਰਹੇ ਸਨ ਕਿ ਇਹ ਨਿਰੋਲ ਸਾਹਿਤਕ ਰਿਸੈਪਸ਼ਨ ਸੀ।

ਚੰਦਨ ਸਾਹਿਬ ਦਾ ਇਕ ਪਲਾਟ ਚੰਡੀਗੜ੍ਹ ਵਿਚ ਸੀ। ਉਹ ਚਾਹੁੰਦੇ ਸਨ ਕਿ ਉਥੋਂ ਵੇਚ ਕੇ ਦਿੱਲੀ ਵਿਚ ਪਲਾਟ ਲੈ ਲੈਣ। ਅਸੀਂ ਚੰਡੀਗੜ੍ਹ ਜਾ ਕੇ ਪਲਾਟ ਵੇਚ ਆਏ ਤੇ ਦਿੱਲੀ ਵਿਚ ਲੱਭਣ ਲੱਗੇ। ਇਹਨਾਂ ਦਿਨਾਂ ਵਿਚ ਹੀ ਮੈਨੂੰ ਮੇਰੇ ਫਲੈਟ ਦੀ ਚਾਬੀ ਵੀ ਮਿਲ ਗਈ। ਅਸੀਂ ਫਲੈਟ ਵਿਚ ਗਏ ਤਾਂ ਚੰਦਨ ਸਾਹਿਬ ਇਸ ਦੇ ਇਕ ਇਕ ਕਮਰੇ ਵਿਚ ਘੁੰਮ ਕੇ ਦੇਖ ਰਹੇ ਸਨ। ਮੇਰਾ ਦਿਲ ਕਰਦਾ ਸੀ ਕਿ ਕਹਾਂ ਕਿ ਚੰਦਨ ਸਾਹਿਬ ਤੁਹਾਨੂੰ ਵੀ ਘਰ ਬੈਠੇ ਬਠਾਏ ਮਿਲ ਗਿਆ ਪਰ ਮੇਰੇ ਵਿਚ ਏਨੀ ਹਿੰਮਤ ਨਹੀਂ ਸੀ। ਚੰਦਨ ਸਾਹਿਬ ਬੋਲੇ,

"ਰਾਣੀ,ਆਪਾਂ ਹੁਣ ਇਥੇ ਹੀ ਮੂਵ ਹੋ ਜਾਈਏ।"

"ਚੰਦਨ ਜੀ, ਇਥੇ ਤਾਂ ਕੁਝ ਵੀ ਨਹੀਂ ਏ! ਨਾ ਬੈੱਡ ਤੇ ਨਾ ਕੋਈ ਕੁਰਸੀ, ਨਾ ਪਰਦੇ।"

"ਕੋਈ ਨਾ ਕੋਈ ਇੰਤਜ਼ਾਮ ਕਰਦੇ ਆਂ।"

ਮੈਂ ਸਮਝਦੀ ਸਾਂ ਕਿ ਸਾਡੇ ਘਰ ਵਿਚ ਉਹਨਾਂ ਨੂੰ ਓਨੀ ਖੁਲ੍ਹ ਨਹੀਂ ਸੀ ਜਿੰਨੀ ਉਹ ਚਾਹੁੰਦੇ ਸਨ। ਅਸੀਂ ਆਪਣਾ ਸਮਾਨ ਚੁੱਕ ਕੇ ਫਲੈਟ ਵਿਚ ਆ ਗਏ। ਦੋ ਬੈਂਤ ਦੀਆਂ ਕੁਰਸੀਆਂ ਲੈ ਆਏ ਤੇ ਇਕ ਬੈੱਡ ਦਾ ਇੰਤਜ਼ਾਮ ਵੀ ਕਰ ਲਿਆ। ਪਰਦਿਆਂ ਦੀ ਥਾਂਵੇਂ ਰਾਤ ਨੂੰ ਤੌਲੀਏ ਟੰਗ ਲੈਂਦੇ। ਰਸੋਈ ਹਾਲੇ ਚਾਲੂ ਨਹੀਂ ਸੀ ਹੋਈ ਇਸ ਲਈ ਖਾਣਾ ਬਾਹਰੋਂ ਖਾ ਲੈਂਦੇ।

ਫਲੈਟ ਵਿਚ ਆ ਕੇ ਚੰਦਨ ਸਾਹਿਬ ਬਹੁਤ ਖੁਸ਼ ਸਨ। ਉਹਨਾਂ ਦੇ ਕਹਿਣ 'ਤੇ ਮੈਂ ਬੈਂਕ ਵਿਚੋਂ ਆਪਣੇ ਪੈਸੇ ਕਢਵਾਏ ਤੇ ਫਲੈਟ ਵਿਚ ਫਰਨੀਚਰ ਪਵਾਉਣਾ ਸ਼ੁਰੂ ਕਰ ਦਿਤਾ। ਅਲਮਾਰੀਆਂ ਵਗੈਰਾ ਮਿਸਤਰੀ ਤੋਂ ਆਪ ਕਹਿ ਕਹਿ ਕੇ ਬਣਵਾਈਆਂ। ਹਾਲੇ ਫਰਨੀਚਰ ਪੂਰੀ ਤਰ੍ਹਾਂ ਨਹੀਂ ਸੀ ਪਿਆ ਕਿ ਉਹਨਾਂ ਨੇ ਫਲੈਟ ਵਿਚ ਪਾਰਟੀ ਰੱਖ ਲਈ। ਉਹਨਾਂ ਨੇ ਬਹੁਤ ਸਾਰੇ ਦੋਸਤ ਬੁਲਾਏ। ਨੂਰ, ਐਸ. ਬਲਵੰਤ, ਡਾ ਜਗਬੀਰ, ਡਾ ਮਨਜੀਤ ਕੌਰ, ਦਰਸ਼ਨ ਹਰਵਿੰਦਰ ਸਮੇਤ ਬਹੁਤ ਸਾਰੇ ਲੇਖਕ ਸ਼ਾਮਲ ਹੋਏ। ਖੂਬ



ਸ਼ਰਾਬ ਤੇ ਸਿਗਰਟ ਉਡੀ। ਚੰਦਨ ਸਾਹਿਬ ਨੂੰ ਅਜਿਹੇ ਮਾਹੌਲ ਦੀ ਹੀ ਲੋੜ ਸੀ। ਇਹ ਮਹੌਲ ਉਹਨਾਂ ਦੀ ਰੂਹ ਦੀ ਖੁਰਾਕ ਸੀ।

ਗਰਮੀ ਪੈਣੀ ਸ਼ੁਰੂ ਹੋ ਗਈ ਸੀ। ਚੰਦਨ ਸਾਹਿਬ ਨੂੰ ਗਰਮੀ ਬਹੁਤ ਲੱਗਦੀ। ਉਹ ਕਪੜੇ ਲਾਹ ਕੇ ਬਾਹਰ ਤੁਰੇ ਫਿਰਦੇ। ਇਹ ਫਲੈਟ ਸੁਸਾਇਟੀ ਦੇ ਸਨ। ਜਮਨਾ ਪਾਰ, ਪਟਪੜ੍ਹ ਗੰਜ ਦੇ ਇਲਾਕੇ ਵਿਚ। ਇਥੇ ਮੱਛਰ ਬਹੁਤ ਸੀ। ਰਾਤ ਨੂੰ ਸੌਣ ਨਾ ਦਿੰਦਾ। ਫਲੈਟਾਂ ਦੇ ਦੁਆਲੇ ਕਾਰਾਂ ਦੇ ਆਉਣ ਜਾਣ ਲਈ ਸੜਕ ਜਿਹੀ ਬਣੀ ਹੋਈ ਸੀ ਜਿਸ ਦੇ ਕਿਨਾਰੇ ਕਿਨਾਰੇ ਦੂਰ ਤਕ ਤੁਰਿਆ ਜਾ ਸਕਦਾ ਸੀ। ਚੰਦਨ ਸਾਹਿਬ ਉਸ ਸੜਕ ਉਪਰ ਟਹਿਲਦੇ ਫਿਰਦੇ। ਸਿਗਰਟ ਲਾਈ ਹੁੰਦੀ ਤੇ ਕੁਝ ਗੁਣਗੁਣਾਉਂਦੇ ਰਹਿੰਦੇ। ਉਹਨਾਂ ਨੇ ਗਰਮੀ ਉਪਰ ਤੇ ਮੱਛਰ ਉਪਰ ਇਕ ਗੀਤ ਵੀ ਲਿਖਿਆ। ਉਸਦੀਆਂ ਸਤਰਾਂ ਕੁਝ ਇਸ ਪ੍ਰਕਾਰ ਸਨ:-

"ਅਸਾਂ ਰਾਤ ਗਵਾਈ ਭਟਕਦਿਆਂ, ਬਿਨ ਬਿਜਲੀ ਦੇ ਬਿਨ ਪਾਣੀ ਦੇ
ਹਸ ਹਸ ਕੇ ਤਸੀਹੇ ਜਰਦੇ ਰਹੇ, ਇਸ ਦਿੱਲੀ ਖਸਮਾਂ ਖਾਣੀ ਦੇ"

ਕਈ ਵਾਰ ਦੋਸਤਾਂ ਨੂੰ ਹਸਾਉਣ ਲਈ ਸੁਣਾਉਣ ਲੱਗਦੇ। ਪਟਪੜ੍ਹ ਗੰਜ ਭਾਵੇਂ ਮੈਨੂੰ ਕੰਮ ਲਈ ਦੂਰ ਪੈਂਦਾ ਸੀ ਪਰ ਮੈਂ ਵੀ ਖੁਸ਼ ਸਾਂ। ਚੰਦਨ ਸਾਹਿਬ ਦੇ ਵਾਪਸ ਜਾਣ ਦਾ ਵਕਤ ਆ ਗਿਆ। ਉਸ ਦਿਨ ਦੋਸਤਾਂ ਨਾਲ ਫੇਰ ਪਾਰਟੀ ਰੱਖੀ ਗਈ। ਪਾਰਟੀ ਖ਼ਤਮ ਹੋਣ ਤੇ ਜਦੋਂ ਸਾਰੇ ਜਾਣ ਲੱਗੇ, ਨੂਰ ਸਾਹਿਬ ਨੇ ਕਿਹਾ,

"ਦੇਖ ਚੰਦਨ, ਤੂੰ ਦਿੱਲੀ ਦੀ ਬਹੁਤ ਵਧੀਆ ਕੁੜੀ ਲੈ ਚਲਿੱਐਂ, ਜੇ ਕੋਈ ਗੜ੍ਹਬੜ੍ਹ ਕੀਤੀ ਤਾਂ ਦੇਖ ਲਈ।"

ਮੈਨੂੰ ਇਸ ਤਰਾਂ ਲੱਗਿਆ ਕਿ ਨੂਰ ਸਾਹਿਬ ਮੇਰੇ ਵੱਡੇ ਭਰਾ ਹਨ ਤੇ ਮੇਰੀ ਪ੍ਰੋਟੈਕਸ਼ਨ ਲਈ ਮੇਰੇ ਨਾਲ ਖੜ੍ਹੇ ਹਨ। ਮੈਂ ਹਾਲੇ ਦਿੱਲੀ ਹੀ ਰਹਿਣਾ ਸੀ ਕਿਉਂਕਿ ਵੀਜ਼ਾ ਮਿਲੇ 'ਤੇ ਹੀ ਇੰਗਲੈਂਡ ਜਾ ਸਕਣਾ ਸੀ। ਚੰਦਨ ਸਾਹਿਬ ਨੇ ਮੇਰੇ ਲਈ ਵੀਜ਼ਾ ਅਪਲਾਈ ਕਰ ਦਿਤਾ ਸੀ। ਬ੍ਰਿਟਿਸ਼ ਹਾਈ ਕਮਿਸ਼ਨਰ ਨੇ ਇੰਟਰਵਿਊ ਦੀ ਡੇਟ ਦੇ ਦਿਤੀ ਹੋਈ ਸੀ। ਚੰਦਨ ਸਾਹਿਬ ਵਾਪਸ ਇੰਗਲੈਂਡ ਚਲੇ ਗਏ ਤੇ ਮੈਂ ਫਲੈਟ ਨੂੰ ਤਾਲਾ ਲਗਾ ਕੇ ਆਪਣੀ ਮਾਂ ਦੇ ਘਰ ਆ ਗਈ।

ਸਾਡਾ ਅਗਲਾ ਪ੍ਰੋਗਰਾਮ ਇਹ ਸੀ ਕਿ ਮੈਂ ਕੰਮ ਤੋਂ ਦੋ ਸਾਲ ਦੀ ਸਟੱਡੀ-ਲੀਵ ਲੈਣੀ ਸੀ। ਮੈਂ ਬ੍ਰਤਾਨਵੀ ਪੰਜਾਬੀ ਸਾਹਿਤ ਉਪਰ ਖੋਜ ਦੇ ਕੰਮ ਦਾ ਪ੍ਰਾਜੈਕਟ ਬਣਾਇਆ ਤਾਂ ਮੈਨੂੰ ਯੂਨੀਵਰਸਿਟੀ ਵਲੋਂ ਇਜਾਜ਼ਤ ਮਿਲ ਗਈ। ਇਜਾਜ਼ਤ ਦੇਣ ਵਾਲੇ ਸਾਰੇ ਹੀ ਵਾਕਿਫ਼ ਸਨ। ਚੰਦਨ ਸਾਹਿਬ ਨੂੰ ਵੀ ਜਾਣਦੇ ਸਨ ਤੇ ਮੈਨੂੰ ਵੀ। ਇਹਨਾਂ ਦਿਨਾਂ ਵਿਚ ਹੀ ਮੇਰਾ ਭਰਾ ਸੁਰਜੀਤ ਸਿੰਘ ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਇੰਗਲੈਂਡ ਚਲੇ ਗਿਆ। ਉਸ ਨੇ ਨਾਈਜੀਰੀਆ ਦੇ ਕਿਸੇ ਬੰਦੇ ਨਾਲ ਰਲ ਕੇ ਕੋਈ ਕਾਰੋਬਾਰ ਸ਼ੁਰੂ ਕਰਨਾ ਸੀ ਜਾਂ ਅਜਿਹਾ ਹੀ ਕੁਝ ਹੋਰ ਪ੍ਰੋਜੈਕਟ ਸੀ। ਉਹ ਇੰਗਲੈਂਡ ਜਾ ਕੇ ਚੰਦਨ ਸਾਹਿਬ ਕੋਲ ਰਹਿਣ ਲੱਗਿਆ। ਇਹ ਗੱਲ ਮੈਨੂੰ ਬਹੁਤ ਬੁਰੀ ਲੱਗੀ। ਰਿਸ਼ਤਾ ਏਨਾ ਪੁਰਾਣਾ ਨਹੀਂ ਸੀ ਹੋਇਆ ਕਿ ਉਸ ਨੇ ਪ੍ਰਾਹੁਣਾਚਾਰੀ ਦਾ ਅਨੰਦ ਵੀ ਲੈਣਾ ਸ਼ੁਰੂ ਕਰ ਦਿਤਾ।

ਸੁਰਜੀਤ ਸਿੰਘ ਮੇਰੇ ਤੋਂ ਤਿੰਨ ਕੁ ਸਾਲ ਛੋਟਾ ਸੀ। ਮੇਰਾ ਮਸਾਂ ਮਸਾਂ ਦਾ ਭਰਾ ਤੇ ਮਾਂ ਦਾ ਮਸਾਂ ਮਸਾਂ ਦਾ ਪੁੱਤ। ਪੜ੍ਹਣ ਨੂੰ ਬਹੁਤਾ ਹੁਸ਼ਿਆਰ ਨਹੀਂ ਸੀ। ਬੀ. ਏ. ਵੀ ਨਹੀਂ ਸੀ ਕਰ ਸਕਿਆ। ਬਚਪਨ ਵਿਚ ਸਾਡੇ ਘਰ ਵਿਚ ਔਰਤਾਂ ਬਹੁਤੀਆਂ ਹੋਇਆ ਕਰਦੀਆਂ ਸਨ। ਨਾਨੇ ਦੇ ਮਰਨ ਤੋਂ ਬਾਅਦ ਮੇਰੀ ਨਾਨੀ, ਮੇਰੀ ਵਿਧਵਾ ਮਾਮੀ, ਮੇਰੀ ਵੱਡੀ ਭੈਣ, ਮੇਰੀ ਮਾਂ, ਸਭ ਔਰਤਾਂ। ਪਿਤਾ ਸਵੇਰੇ ਵੇਲੇ ਸਿਰ ਕੰਮ 'ਤੇ ਚਲੇ ਜਾਂਦੇ ਤੇ ਲੇਟ ਰਾਤ ਵਾਪਸ ਮੁੜਦੇ। ਮੇਰੇ ਇਕ ਵੱਡੇ ਭਰਾ ਦੀ ਬਹੁਤ ਪਹਿਲਾਂ ਮੌਤ ਹੋ ਚੁੱਕੀ ਸੀ ਸੋ ਮੇਰੀ ਮਾਂ ਨੂੰ ਇਕ ਪੁੱਤ ਦੀ ਬਹੁਤ ਚਾਹਨਾ ਸੀ। ਮੈਨੂੰ ਹਾਲੇ ਵੀ ਯਾਦ ਹੈ ਕਿ ਮੇਰੀ ਮਾਮੀ ਤੇ ਮੇਰੀ ਮਾਂ ਮੇਰੇ ਤੋਂ ਵਾਹਿਗੁਰੂ ਅੱਗੇ ਪ੍ਰਾਰਥਨਾ ਕਰਾਇਆ ਕਰਦੀਆਂ ਸਨ ਕਿ ਹੇ ਵਾਹਿਗੁਰੂ ਮੈਨੂੰ ਇਕ ਭਰਾ ਦੇ ਦੇ, ਮੈਂ ਉਸ ਦਾ ਗੰਦ ਵੀ ਖੁਸ਼ੀ ਖੁਸ਼ੀ ਖਾ ਲਿਆ ਕਰਾਂਗੀ। ਮੈਨੂੰ ਇਸ ਪ੍ਰਾਰਥਨਾ ਦੀ ਤੁਕ ਹਾਲੇ ਤਕ ਵੀ ਸਮਝ ਨਹੀਂ ਆਈ ਪਰ ਮੇਰੇ ਤੋਂ ਤਿੰਨ ਸਾਲ ਛੋਟਾ ਭਰਾ ਜ਼ਰੂਰ ਮੇਰੀ ਮਾਂ ਦੀ ਝੋਲੀ ਵਿਚ ਆ ਗਿਆ ਸੀ। ਮੇਰੀ ਮਾਮੀ ਵਿਧਵਾ ਹੋ ਗਈ ਸੀ। ਉਸ ਦੇ ਤਿੰਨ ਬੱਚੇ ਵੀ ਪਾਕਿਸਤਾਨ ਦੀ ਭੇਟ ਚੜ੍ਹ ਚੁੱਕੇ ਸਨ। ਮੁੜ ਕੇ ਉਸ ਨੇ ਵਿਆਹ ਨਹੀਂ ਸੀ ਕਰਾਇਆ ਤੇ ਸਾਡੇ ਨਾਲ ਹੀ ਰਹਿਣ ਲੱਗੀ ਸੀ। ਸਾਡੇ ਘਰ ਹੀ ਉਸ ਦੀ ਮੌਤ ਹੋਈ। ਉਹ ਸਾਡੀ ਦੂਜੀ ਮਾਂ ਵਾਂਗ ਸੀ। ਉਹ ਹੀ ਸਾਨੂੰ ਬਚਪਨ ਵਿਚ ਨਹਾਉਂਦੀ, ਸਕੂਲ ਲਈ ਤਿਆਰ ਕਰਦੀ, ਖਾਣਾ ਖਵਾਉਂਦੀ। ਏਨਾ ਲਾਡ ਲਡਾਉਂਦੀ ਕਿ ਸਾਨੂੰ ਨੁਹਾ ਕੇ ਤੌਲੀਏ ਦੀ ਥਾਂ ਆਪਣੇ ਬਹੁਤ ਹੀ ਨਰਮ ਮਲਮਲ ਦੇ ਦੁਪੱਟੇ ਨਾਲ ਸਾਡਾ ਪਿੰਡਾ ਪੂੰਝਦੀ।

ਮੇਰਾ ਭਰਾ ਪੜ੍ਹਣ ਵਿਚ ਭਾਵੇਂ ਬਹੁਤਾ ਠੀਕ ਨਹੀਂ ਸੀ ਪਰ ਉਸ ਨੇ ਆਪਣਾ ਕਾਰੋਬਾਰ ਸ਼ੁਰੂ ਕਰ ਲਿਆ ਸੀ ਜਿਸ ਵਿਚ ਉਹ ਕਾਮਯਾਬ ਹੋ ਰਿਹਾ ਸੀ। ਘਰ ਦਾ ਖਰਚ ਚੁੱਕਣ ਯੋਗ ਹੋ ਗਿਆ ਸੀ। ਉਹ ਬਿਜਲੀ ਦੀਆਂ ਛੋਟੀਆਂ ਛੋਟੀਆਂ ਮੋਟਰਾਂ ਬਣਾਉਂਦਾ ਸੀ। ਇਲੈਕਟਰੌਨਿਕ ਚੀਜ਼ਾਂ ਦੀ ਉਸ ਨੂੰ ਕਾਫੀ ਸਮਝ ਸੀ। ਜਰਮਨੀ ਵਿਚ ਰਹਿੰਦੇ ਕਿਸੇ ਖਾਸ ਦੋਸਤ ਨਾਲ ਰਲ਼ ਕੇ ਉਹ ਅਯਾਤ-ਨਿਰਯਾਤ ਦਾ ਕੰਮ ਵੀ ਸ਼ੁਰੂ ਕਰਨਾ ਚਾਹੁੰਦਾ ਸੀ। ਅਜਿਹੀਆਂ ਵਿਓਂਤਾ ਲੈ ਕੇ ਉਹ ਇੰਗਲੈਂਡ ਗਿਆ ਸੀ ਪਰ ਮੈਨੂੰ ਉਸ ਦਾ ਚੰਦਨ ਸਾਹਿਬ ਦੇ ਘਰ ਰਹਿਣਾ ਬਹੁਤ ਬੁਰਾ ਲੱਗ ਰਿਹਾ ਸੀ। ਇਸ ਤੋਂ ਅਗਲੀ ਦੁੱਖ ਵਾਲੀ ਗੱਲ ਇਹ ਸੀ ਕਿ ਉਸ ਨੇ ਚੰਦਨ ਸਾਹਿਬ ਦੀ ਗਵਾਹੀ ਤੇ ਬੈਂਕ ਤੋਂ ਤਿੰਨ ਹਜ਼ਾਰ ਪੌਂਡ ਉਧਾਰੇ ਵੀ ਲੈ ਲਏ ਸਨ। ਇਹ ਜਾਣ ਕੇ ਤਾਂ ਮੇਰੀ ਰਾਤਾਂ ਦੀ ਨੀਂਦ ਖਰਾਬ ਹੋਣ ਲੱਗੀ। ਬਾਅਦ ਵਿਚ ਪਤਾ ਚੱਲਿਆ ਕਿ ਕਿਸੇ ਨਾਈਜੀਰੀਅਨ ਠੱਗ ਨੇ ਸੁਰਜੀਤ ਸਿੰਘ ਨੂੰ ਕੋਈ ਸੁਫਨਾ ਦਿਖਾ ਕੇ ਤਿੰਨ ਹਜ਼ਾਰ ਪੌਂਡ ਵਿਚ ਫਾਹ ਲਿਆ ਸੀ। ਉਸ ਕੋਲ ਤਾਂ ਏਨੇ ਪੈਸੇ ਹੈ ਨਹੀਂ ਸਨ। ਉਸ ਨੇ ਚੰਦਨ ਸਾਹਿਬ ਤੋਂ ਉਧਾਰੇ ਮੰਗ ਲਏ। ਇਹ ਤਿੰਨ ਹਜ਼ਾਰ ਪੌਂਡ ਮੇਰੀ ਜ਼ਿੰਦਗੀ ਦਾ ਖੌਅ ਬਣੇ ਹੋਏ ਸਨ। ਏਨੇ ਕੁ ਸਮੇਂ ਵਿਚ ਮੈਂ ਇਹ ਜਾਣ ਚੁੱਕੀ ਸਾਂ ਕਿ ਚੰਦਨ ਸਾਹਿਬ ਦਾ ਸੁਭਾਅ ਜ਼ਰਾ ਹਲਕਾ ਸੀ। ਕਿਸੇ 'ਤੇ ਕੀਤਾ ਅਹਿਸਾਨ ਉਹ ਸੁਣਾ ਵੀ ਝੱਟ ਦਿੰਦੇ ਸਨ।

ਬ੍ਰਿਟਿਸ਼ ਹਾਈ ਕਮਿਸ਼ਨ ਵਿਚ ਮੇਰੀ ਇੰਟਰਵਿਊ ਦੀ ਤਰੀਕ ਆ ਗਈ। ਉਹਨਾਂ ਨੇ ਹੀ ਮੈਨੂੰ ਵਿਆਹ 'ਤੇ ਅਧਾਰਤ ਵੀਜ਼ਾ ਦੇਣਾ ਸੀ। ਇੰਟਰਵਿਊ ਤੋਂ ਕੁਝ ਦਿਨ ਪਹਿਲਾਂ ਚੰਦਨ ਸਾਹਿਬ ਆ ਗਏ। ਉਹ ਬ੍ਰਿਟਿਸ਼ ਹਾਈ ਕਮਿਸ਼ਨਰ ਦੇ ਦਫਤਰ ਮੇਰੇ ਨਾਲ ਗਏ। ਮੈਨੂੰ ਇਕ ਸਾਲ ਦਾ ਵੀਜ਼ਾ ਮਿਲ ਗਿਆ। ਸਾਰੇ ਖੁਸ਼ ਸਨ। ਮੈਂ ਇੰਗਲੈਂਡ ਜਾਣ ਦੀ



ਤਿਆਰੀ ਕਰਨ ਲੱਗੀ। ਉਥੇ ਲੰਡਨ ਵਿਚ ਸੁਰਜੀਤ ਸਿੰਘ ਅਮਨਦੀਪ ਨਾਲ ਰਹਿ ਰਿਹਾ ਸੀ। ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਉਹ ਹਾਲੇ ਤਕ ਉਥੇ ਕੀ ਕਰ ਰਿਹਾ ਸੀ। ਚੰਦਨ ਸਾਹਿਬ ਨੇ ਤਿੰਨ ਹਜ਼ਾਰ ਵਾਲੀ ਕਹਾਣੀ ਸੁਣਾ ਦਿਤੀ ਕਿ ਉਹਨਾਂ ਨੇ ਬੈਂਕ ਤੋਂ ਉਧਾਰੇ ਲੈ ਕੇ ਇਹ ਪੈਸੇ ਸੁਰਜੀਤ ਸਿੰਘ ਨੂੰ ਦੇ ਕੇ ਬਹੁਤ ਵੱਡਾ ਅਹਿਸਾਨ ਕੀਤਾ ਸੀ। ਮੇਰਾ ਇੰਗਲੈਂਡ ਜਾਣ ਦਾ ਚਾਅ ਮੱਠਾ ਪੈਣ ਲੱਗਾ। ਇਕ ਦਿਨ ਅਮਨਦੀਪ ਦਾ ਫੋਨ ਆਇਆ। ਉਸ ਨੇ ਪਤਾ ਨਹੀਂ ਕੀ ਕਿਹਾ ਹੋਵੇਗਾ, ਚੰਦਨ ਸਾਹਿਬ ਗਾਲ੍ਹ ਕੱਢਦੇ ਬੋਲੇ,

"ਜਾਣ ਨਾ ਦੇਈਂ ਏਹਨੂੰ, ਤਿੰਨ ਹਜ਼ਾਰ ਪੌਂਡ ਲੈਣਾ ਏਹਦੇ ਤੋਂ!"

## ਚਾਰ

ਜਿਸ ਗੱਲ ਤੋਂ ਮੈਂ ਬਹੁਤਾ ਡਰਦੀ ਸਾਂ ਉਸ ਤੋਂ ਬਚਾਅ ਹੋ ਗਿਆ। ਮੈਨੂੰ ਲਗਦਾ ਸੀ ਕਿ ਚੰਦਨ ਸਾਹਿਬ ਸੁਰਜੀਤ ਸਿੰਘ ਦੇ ਤਿੰਨ ਹਜ਼ਾਰ ਉਧਾਰ ਨੂੰ ਲੈ ਕੇ ਸ਼ਾਇਦ ਕੋਈ ਵੱਡਾ ਵਿਵਾਦ ਖੜਾ ਕਰਨ ਪਰ ਨਹੀਂ ਕੀਤਾ। ਸੁਰਜੀਤ ਸਿੰਘ ਪੈਸੇ ਲੈਣ ਲਈ ਆਪਣੇ ਇਕ ਦੋਸਤ ਕੋਲ ਜਰਮਨੀ ਚਲੇ ਗਿਆ। ਸੁਰਜੀਤ ਨੇ ਅਪਣੇ ਦੋਸਤ ਕੋਲੋਂ ਉਹ ਪੈਸੇ ਲਿਆ ਕੇ ਚੰਦਨ ਸਾਹਿਬ ਨੂੰ ਵਾਪਸ ਮੋੜ ਦਿੱਤੇ। ਮੈਨੂੰ ਸੁਖ ਦਾ ਸਾਹ ਆਇਆ।

ਅਲਕਾ ਕਦੇ ਕਦੇ ਹੀ ਘਰ ਆਉਂਦੀ ਸੀ ਪਰ ਹੁਣ ਉਹ ਜ਼ਰਾ ਕੁ ਮੇਰੇ ਨਾਲ ਔਖੀ ਜਿਹੀ ਰਹਿਣ ਲੱਗੀ ਸੀ। ਇਕ ਵਾਰੀ ਤਾਂ ਉਸ ਨੇ ਟੈਲੀਫੋਨ ਕਰਕੇ ਮੈਨੂੰ ਆਖ ਵੀ ਦਿੱਤਾ ਸੀ ਕਿ ਜਦੋਂ ਦੀ ਮੈਂ ਇਸ ਘਰ ਵਿਚ ਆਈ ਹਾਂ, ਡੈਡ ਹੁਣ ਉਸਨੂੰ ਉਸਤਰ੍ਹਾਂ ਪਹਿਲੇ ਜਿਹਾ ਪਿਆਰ ਨਹੀਂ ਕਰਦੇ। ਅਮਨਦੀਪ ਚੰਦਨ ਸਾਹਿਬ ਦੇ ਨਾਲ ਹੀ ਰਹਿੰਦਾ ਸੀ। ਚੰਦਨ ਸਾਹਿਬ ਨੇ ਜੌਬ ਦੇ ਨਾਲ ਨਾਲ ਘਰੋਂ ਇਕ ਹੋਰ ਕੰਮ ਵੀ ਸ਼ੁਰੂ ਕਰ ਲਿਆ ਹੋਇਆ ਸੀ। ਇਹ ਕੰਮ ਸੀ ਟਰਾਂਸਲੇਸ਼ਨ ਦਾ, ਟਾਈਪ ਸੈਟਿੰਗ ਦਾ ਤੇ ਪਰਿੰਟਿੰਗ ਦਾ। ਇੰਗਲੈਂਡ ਦੀਆਂ ਕੌਂਸਲਾਂ ਨੇ ਆਮ ਲੋਕਾਂ ਤਕ ਵਿਸ਼ੇਸ਼ ਜਾਣਕਾਰੀ ਪੁੱਜਦੀ ਕਰਨੀ ਹੁੰਦੀ ਸੀ। ਕੌਂਸਲ ਹੀ ਨਹੀਂ, ਸਿਹਤ ਵਿਭਾਗ, ਪੁਲੀਸ ਵਿਭਾਗ ਤੇ ਹੋਰ ਬਹੁਤ ਸਾਰੇ ਮਹਿਕਮੇ ਜਾਣਕਾਰੀ ਭਰੇ ਲੀਫਲੈੱਟਸ ਲੋਕਾਂ ਵਿਚ ਵੰਡਦੇ ਰਹਿੰਦੇ ਸਨ। ਇਹ ਅੰਗਰੇਜ਼ੀ ਵਿਚ ਹੀ ਨਹੀਂ ਸਨ ਹੁੰਦੇ ਸਗੋਂ ਵੱਖ ਵੱਖ ਭਾਸ਼ਾਵਾਂ ਵਿਚ ਵੀ ਹੁੰਦੇ ਸਨ। ਕਿਉਂਕਿ ਪੰਜਾਬੀ ਬੋਲਣ-ਪੜ੍ਹਣ ਵਾਲੇ ਬਹੁਤ ਸਾਰੇ ਲੋਕ ਇੰਗਲੈਂਡ ਵਿਚ ਵਸਦੇ ਸਨ ਸੋ ਇਹ ਲੀਫਲੈੱਟਸ ਪੰਜਾਬੀ ਵਿਚ ਵੀ ਛਪਣੇ ਹੁੰਦੇ ਸਨ। ਪਹਿਲਾਂ ਇਹਨਾਂ ਲੀਫਲੈੱਟਾਂ ਨੂੰ ਪੰਜਾਬੀ ਵਿਚ ਟਰਾਂਸਲੇਟ ਕੀਤਾ ਜਾਂਦਾ, ਫਿਰ ਇਹਨਾਂ ਦੀ ਟਾਈਪ ਸੈਟਿੰਗ ਕੀਤੀ ਜਾਂਦੀ ਤੇ ਫਿਰ ਛਾਪੇ ਜਾਂਦੇ। ਚੰਦਨ ਸਾਹਿਬ ਨੇ ਬੌਕਸ ਰੂਮ ਵਿਚ ਸਾਰੀਆਂ ਮਸ਼ੀਨਾਂ ਲਾਈਆਂ ਹੋਈਆਂ ਸਨ। ਉਹਨਾਂ ਨੇ ਮੈਨੂੰ ਸਾਰਾ ਕੰਮ ਸਿਖਾ ਦਿਤਾ। ਉਹ ਕੰਮ 'ਤੇ ਜਾਂਦੇ। ਉਹਨਾਂ ਦੇ ਵਾਪਸ ਆਉਂਦਿਆਂ ਮੈਂ ਟਰਾਂਸਲੇਟ ਕਰਕੇ ਟਾਈਪ ਸੈਟਿੰਗ ਕਰ ਦਿੰਦੀ। ਉਹ ਆ ਕੇ ਪਰਿੰਟ ਕਰ ਲੈਂਦੇ। ਉਹਨਾਂ ਨੂੰ ਇਹ ਕੰਮ ਕੌਂਸਲ ਤੋਂ ਕਿਸੇ ਏਜੰਟ ਰਾਹੀਂ ਮਿਲਦਾ ਸੀ। ਮੇਰਾ ਇਹ ਵਧੀਆ ਰੁਝੇਵਾਂ ਬਣ ਗਿਆ।

ਚੰਦਨ ਸਾਹਿਬ ਦੀ ਇਕ ਖੂਬੀ ਇਹ ਸੀ ਕਿ ਉਹ ਜਿਥੇ ਵੀ ਜਾਂਦੇ ਮੈਨੂੰ ਨਾਲ ਲੈ ਕੇ ਜਾਂਦੇ। ਕੋਈ ਸਾਹਿਤਕ ਸਮਾਗਮ ਹੁੰਦਾ ਤਾਂ ਉਹ ਪੂਰੀ ਚੜ੍ਹਾਈ ਨਾਲ ਪੁੱਜਦੇ। ਵੇਸੇ

ਉਹਨਾਂ ਦੀ ਹਾਜ਼ਰੀ ਵਿਚ ਇਕ ਖੂਬਸੂਰਤ ਸਾਹਿਤਕ ਮਹੌਲ ਬਣਿਆਂ ਰਹਿੰਦਾ ਸੀ ਜੋ ਮੈਨੂੰ ਅਜੀਬ ਜਿਹਾ ਅਨੰਦ ਦਿੰਦਾ ਸੀ। ਇਹਨਾਂ ਦਿਨਾਂ ਵਿਚ ਅਸੀਂ ਐਡਮ ਐਂਡ ਈਵ ਪੱਬ ਵਿਚ ਅਕਸਰ ਜਾਇਆ ਕਰਦੇ ਸਾਂ। ਉਥੇ ਬੈਠ ਕੇ ਅਸੀਂ ਸਾਹਿਤਕ ਵਾਰਤਾਲਾਪ ਕਰਦੇ, ਇਹ ਸਭ ਮੈਨੂੰ ਬਹੁਤ ਚੰਗਾ ਲੱਗਦਾ। ਹੁਣ ਤਕ ਮੈਂ ਵਾਈਨ ਦਾ ਗਲਾਸ ਲੈਣਾ ਸ਼ੁਰੂ ਕਰ ਦਿਤਾ ਸੀ। ਇਕ ਦਿਨ ਅਸੀਂ ਪੱਬ ਨੂੰ ਜਾਣ ਲੱਗੇ ਤਾਂ ਅਮਨਦੀਪ ਵੀ ਕੰਮ ਤੋਂ ਆ ਗਿਆ ਸੀ। ਚੰਦਨ ਸਾਹਿਬ ਕਹਿਣ ਲੱਗੇ,

"ਅਸੀਂ ਐਡਮ ਐਂਡ ਈਵ ਵਿਚ ਚੱਲੇ ਆਂ, ਚੱਲਣਾ ਏਂ?"

"ਹਾਂ, ਤੁਸੀਂ ਚਲੋ, ਮੈਂ ਚੇਂਜ ਕਰ ਕੇ ਆ ਜਾਨਾਂ।"

ਅਸੀਂ ਪੱਬ ਵਿਚ ਜਾ ਬੈਠੇ। ਚੰਦਨ ਸਾਹਿਬ ਕਾਊਂਟਰ ਤੋਂ ਜਾ ਕੇ ਡਰਿੰਕ ਲੈ ਆਏ। ਉਹ ਰਹਿ ਰਹਿ ਕੇ ਘੜੀ ਦੇਖਦੇ ਆਖਦੇ,

"ਅਮਨਦੀਪ ਹਾਲੇ ਤਕ ਨਹੀਂ ਆਇਆ, ਬਹੁਤ ਕੇਅਰਲੈੱਸ ਮੁੰਡਾ ਏ ਇਹ!"

ਅਸੀਂ ਇਕ ਇਕ ਹੋਰ ਡਰਿੰਕ ਲਈ। ਸਾਡੀ ਦੂਜੀ ਡਰਿੰਕ ਵੀ ਖਤਮ ਹੋ ਗਈ ਪਰ ਅਮਨਦੀਪ ਹਾਲੇ ਤਕ ਨਹੀਂ ਸੀ ਆਇਆ। ਚੰਦਨ ਸਾਹਿਬ ਦਾ ਗੁੱਸਾ ਵੱਧਣ ਲੱਗਿਆ। ਸ਼ਾਇਦ ਉਹ ਉਸ ਨਾਲ ਕੋਈ ਜ਼ਰੂਰੀ ਗੱਲ ਕਰਨੀ ਚਾਹੁੰਦੇ ਸਨ।ਤਕਰੀਬਨ ਡੇਢ ਕੁ ਘੰਟਾ ਬੈਠ ਕੇ ਅਸੀਂ ਉਠ ਖਲੋਤੇ। ਪੱਬ ਵਿਚ ਅਸੀਂ ਏਨਾ ਕੁ ਸਮਾਂ ਹੀ ਬੈਠਿਆ ਕਰਦੇ ਸਾਂ। ਅਸੀਂ ਘਰ ਪੁੱਜੇ ਤਾਂ ਚੰਦਨ ਸਾਹਿਬ ਗੁੱਸੇ ਨਾਲ ਭਰੇ-ਪੀਤੇ ਸਨ। ਐਨ ਉਸੇ ਸਮੇਂ ਹੀ ਅਮਨਦੀਪ ਤਿਆਰ ਹੋ ਕੇ ਬਾਹਰ ਜਾਣ ਲਈ ਨਿਕਲ ਰਿਹਾ ਸੀ। ਚੰਦਨ ਸਾਹਿਬ ਉਸ ਨੂੰ ਦੇਖਦਿਆਂ ਹੀ ਗਾਲੀਂ ਉਤਰ ਆਏ। ਮੁੰਡੇ ਨੇ ਵੀ ਅੱਗੋਂ ਘੱਟ ਨਾ ਕੀਤੀ। ਅਜਿਹਾ ਗਾਲੀ-ਗਲੋਚ ਜਾਂ ਝਗੜਾ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ। ਘੱਟੋ-ਘੱਟ ਪਿਓ-ਪੁੱਤਰ ਵਿਚਕਾਰ ਅਜਿਹੀ ਲੜਾਈ ਦੀ ਆਸ ਨਹੀਂ ਸੀ ਰੱਖੀ। ਮੇਰੇ ਪਰਿਵਾਰ ਵਿਚ ਤਾਂ ਕੀ ਮੁਹੱਲੇ ਵਿਚ ਵੀ ਪਿਓ-ਪੁੱਤਰ ਦੇ ਅਜਿਹੇ ਸਬੰਧ ਨਹੀਂ ਸਨ ਹੋਣੇ। ਉਹ ਤਾਂ ਲੜ-ਝਗੜ ਕੇ ਠੀਕ ਹੋ ਗਏ ਪਰ ਮੈਂ ਕਈ ਦਿਨ ਤਕ ਉਖੜੀ ਰਹੀ।...

ਘਰ ਦਾ ਸਾਹਿਤਿਕ ਮਹੌਲ ਮੈਨੂੰ ਬਹੁਤ ਚੰਗਾ ਲਗਦਾ ਸੀ। ਕੋਈ ਦੋਸਤ ਆ ਜਾਂਦਾ ਤਾਂ ਬਹਿਸਾਂ ਚੱਲਣ ਲਗਦੀਆਂ। ਹਾਲਾਂਕਿ ਕਈ ਵਾਰੀ ਇਹ ਬਹਿਸਾਂ ਸਾਹਿਤਿਕ ਅਖਾੜੇ ਦਾ ਰੂਪ ਵੀ ਅਖ਼ਤਿਆਰ ਵੀ ਕਰ ਲੈਂਦੀਆਂ। ਆਪੋ ਆਪਣੀਆਂ ਰਚਨਾਵਾਂ ਬਾਰੇ ਵੀ ਗੱਲਾਂ ਹੁੰਦੀਆਂ। ਚੰਦਨ ਸਾਹਿਬ 'ਕੰਜਕਾਂ' ਨਾਵਲ ਲਿਖਣ ਦੀ ਤਿਆਰੀ ਕਰ ਰਹੇ ਸਨ, ਕਿੰਨਾ ਕਿੰਨਾ ਚਿਰ ਆਪਣੇ ਨਾਵਲ ਦੀਆਂ ਗੱਲਾਂ ਹੀ ਕਰਦੇ ਰਹਿੰਦੇ। ਅਲਕਾ ਦੇ ਜੀਵਨ ਵਿਚ ਆਏ ਉਤਰਾਵਾਂ-ਚੜ੍ਹਾਵਾਂ ਦੀਆਂ ਵੀ, ਜਿਥੋਂ ਉਹਨਾਂ ਨੇ ਇਹ ਨਾਵਲ ਲਿਆ ਸੀ।

ਮੇਰਾ ਬਹੁਤਾ ਵਕਤ ਟਾਈਪ ਸੈਟਿੰਗ ਵਿਚ ਨਿਕਲਦਾ। ਘਰ ਦਾ ਕੰਮ ਤਾਂ ਬਹੁਤਾ ਹੁੰਦਾ ਨਹੀਂ ਸੀ। ਵਧ ਤੋਂ ਵਧ ਮੇਰਾ ਕੰਮ ਰਾਇਤਾ ਪਾਉਣ ਅਤੇ ਫੁਲਕੇ ਬਣਾਉਣ ਦਾ ਜਾਂ ਕਦੇ ਕਦੇ ਦਾਲ ਬਣਾਉਣ ਦਾ ਹੁੰਦਾ ਪਰ ਇਸ ਦਾ ਫੈਸਲਾ ਵੀ ਚੰਦਨ ਸਾਹਿਬ ਦੇ ਹੱਥ ਵਿਚ ਹੁੰਦਾ। ਅਮਨਦੀਪ ਦਾ ਕੰਮ ਸਲਾਦ ਕੱਟਣ ਦਾ ਹੁੰਦਾ ਸੀ ਭਾਵੇਂ ਕਦੀ ਉਹ ਵੀ ਮੀਟ ਬਣਾ ਲੈਂਦਾ ਸੀ। ਇਕ ਗੱਲ ਮੈਨੂੰ ਚੰਗੀ ਇਹ ਲੱਗਦੀ ਸੀ ਕਿ ਹਰ ਰੋਜ਼ ਅਸੀਂ ਤਿੰਨੇ ਜਣੇ ਰਾਤ ਦਾ ਖਾਣਾ ਵਧੀਆ ਢੰਗ ਨਾਲ ਡਾਈਨਿੰਗ ਟੇਬਲ ਤੇ ਬੈਠ ਕੇ ਖਾਂਦੇ। ਲੇਕਿਨ ਬਹੁਤੀ ਵਾਰੀ ਇਹੀ ਟੇਬਲ ਬਹਿਸ ਅਤੇ ਲੜਾਈ ਦਾ ਅਖਾੜਾ ਵੀ ਬਣ ਜਾਂਦਾ। ਚੰਦਨ ਸਾਹਿਬ ਕਿਸੇ ਬਹਾਨੇ ਅਮਨਦੀਪ ਨਾਲ ਕੋਈ ਨਾ ਕੋਈ ਪੰਗਾ ਪਾ ਲੈਂਦੇ। ਖੂਬ ਲੜਦੇ ਪਰ ਸਵੇਰ ਹੁੰਦਿਆਂ ਹੀ ਦੋਵੇਂ ਧਿਰਾਂ ਰਾਤ ਦੀ ਲੜਾਈ ਭੁੱਲ ਚੁੱਕੀਆਂ ਹੁੰਦੀਆਂ।



ਚੰਦਨ ਸਾਹਿਬ ਦੀ ਆਦਤ ਸੀ ਕਿ ਰਸੋਈ ਦਾ ਕੰਮ ਆਪ ਕਰਕੇ ਜ਼ਿਆਦਾ ਖੁਸ਼ ਰਹਿੰਦੇ, ਖਾਸ ਤੌਰ ਤੇ ਮੀਟ ਬਣਾਉਣ ਦਾ ਕੰਮ। ਉਹ ਕੰਮ 'ਤੇ ਹੁੰਦੇ ਤਾਂ ਕਈ ਵਾਰ ਮੇਰਾ ਦਿਲ ਕਰਦਾ ਕਿ ਬਾਹਰ ਜਾ ਕੇ ਆਵਾਂ। ਘਰ ਦੇ ਨੇੜੇ ਹੀ ਦੁਕਾਨਾਂ ਸਨ, ਉਹਨਾਂ ਵਲ ਹੀ ਗੇੜਾ ਕੱਢ ਆਵਾਂ ਪਰ ਮੇਰੀ ਜੇਬ ਵਿਚ ਪੈਸੇ ਹੀ ਨਹੀਂ ਸਨ ਹੁੰਦੇ। ਚੰਦਨ ਸਾਹਿਬ ਤੋਂ ਮੰਗਣ ਦੀ ਮੇਰੀ ਹਿੰਮਤ ਨਹੀਂ ਸੀ ਪੈਂਦੀ। ਇਹ ਜਿਹੜਾ ਕੰਮ ਮੈਂ ਕਰਦੀ ਸਾਂ ਇਹਦਾ ਚੰਦਨ ਸਾਹਿਬ ਨੇ ਮੈਨੂੰ ਕੀ ਦੇਣਾ ਸੀ। ਮੈਂ ਸੋਚਣ ਲੱਗੀ ਕਿ ਜੇ ਮੈਨੂੰ ਕੋਈ ਨੌਕਰੀ ਮਿਲ ਜਾਵੇ ਤਾਂ ਘੱਟੋ ਘੱਟ ਮੇਰੇ ਪਰਸ ਵਿਚ ਰੱਖਣ ਲਈ ਤਾਂ ਕੁਝ ਹੋਵੇ। ਵੈਸੇ ਤਾਂ ਮੇਰੀ ਬਹੁਤੀ ਕੋਈ ਲੋੜ ਨਹੀਂ ਸੀ ਪਰ ਦੁਕਾਨ 'ਤੇ ਗਏ ਹੋਵੋਂ ਤਾਂ ਕਿਸੇ ਚੀਜ਼ ਨੂੰ ਮਨ ਕਰ ਹੀ ਆਉਂਦਾ ਹੈ। ਇਕ ਦਿਨ ਮੈਂ ਉਹਨਾਂ ਨੂੰ ਕਿਹਾ,

"ਚੰਦਨ ਜੀ, ਮੇਰੇ ਲਈ ਕੋਈ ਕੰਮ ਹੀ ਲੱਭ ਦੇਵੋ।"

ਉਹਨਾਂ ਨੇ ਮੇਰੇ ਵਲ ਧਿਆਨ ਨਾਲ ਦੇਖਿਆ ਤੇ ਬੋਲੇ,

"ਤੂੰ ਕਿਸੇ ਕੰਮ ਜੋਗੀ ਨਹੀਂ ਹੈਗੀ!"

"ਕਿਉਂ?"

"ਆਪਣਾ ਜਿਸਮ ਦੇਖ, ਆਪਣੀ ਸਿਹਤ ਦੇਖ, ਆਪਣੇ ਹੱਥ ਦੇਖ, ਮੈਨੂਅਲ ਕੰਮ ਤੇਰੇ ਤੋਂ ਹੋਣਾ ਨਹੀਂ।"

"ਕੋਈ ਹੋਰ ਹੋਵੇ।"

"ਤੇਰੇ ਲਈ ਏਸ ਕੰਟਰੀ ਵਿਚ ਕੰਮ ਕਰਨਾ ਬਹੁਤ ਔਖਾ ਹੈ।"

ਇਵੇਂ ਕਹਿ ਰਹੇ ਸਨ ਜਿਵੇਂ ਉਹਨਾਂ ਨੂੰ ਮੇਰੇ ਵਿਚ ਯਕੀਨ ਹੀ ਨਹੀਂ ਸੀ ਕਿ ਮੈਂ ਕੋਈ ਕੰਮ ਕਰ ਸਕਦੀ ਹਾਂ। ਉਸ ਵੇਲੇ ਮੈਨੂੰ ਦਿੱਲੀ ਵਿਚ ਆਪਣਾ ਕਾਲਜ ਅਤੇ ਸਹੇਲੀਆਂ-ਦੋਸਤ ਬਹੁਤ ਯਾਦ ਆਉਂਦੇ।

ਇਕ ਹੋਰ ਗੱਲ ਨੇ ਮੈਨੂੰ ਬਹੁਤ ਪਰੇਸ਼ਾਨ ਕਰ ਰੱਖਿਆ ਸੀ। ਉਹ ਇਹ ਸੀ ਕਿ ਘਰ ਵਿਚ ਮੇਰੀ ਕੋਈ ਵੀ ਮਰਜ਼ੀ ਨਹੀਂ ਸੀ ਚੱਲਦੀ ਜਾਂ ਮੇਰੀ ਕਿਸੇ ਗੱਲ ਵਿਚ ਸਲਾਹ ਹੀ ਨਹੀਂ ਸੀ ਪੁੱਛੀ ਜਾਂਦੀ। ਰਸੋਈ ਵਿਚ ਤਾਂ ਮੇਰਾ ਰੋਲ ਰਾਇਤਾ ਬਣਾਉਣ ਜਾਂ ਫੁਲਕਾ ਬਣਾਉਣ ਦਾ ਹੀ ਹੁੰਦਾ। ਮੇਰੀ ਪਸੰਦ, ਨਾ-ਪਸੰਦ ਦਾ ਚੰਦਨ ਸਾਹਿਬ ਨੂੰ ਕੋਈ ਫਿਕਰ ਨਹੀਂ ਸੀ। ਨਾਸ਼ਤੇ, ਦੁਪਹਿਰ ਦੇ ਖਾਣੇ ਜਾਂ ਰਾਤ ਦੇ ਖਾਣੇ ਵਿਚ ਕੀ ਬਣਨਾ ਹੈ, ਇਹ ਉਹਨਾਂ ਦੇ ਹੱਥ ਵਿਚ ਹੀ ਹੁੰਦਾ। ਘਰ ਦੀ ਸ਼ੌਪਿੰਗ ਵੀ ਉਹ ਹੀ ਕਰਦੇ। ਕਈ ਵਾਰ ਮੈਂ ਨਾਲ ਵੀ ਜਾਂਦੀ ਪਰ ਉਹ ਮੈਨੂੰ ਪੁੱਛਦੇ ਹੀ ਨਾ ਕਿ ਮੈਨੂੰ ਕੀ ਚਾਹੀਦਾ ਹੈ। ਮੇਰੀ ਕੋਈ ਸਹੇਲੀ ਵੀ ਨਹੀਂ ਸੀ ਜਿਸ ਨਾਲ ਮੈਂ ਗੱਲ ਕਰ ਸਕਾਂ। ਸਾਰੇ ਉਹਨਾਂ ਦੇ ਹੀ ਦੋਸਤ ਸਨ। ਉਹਨਾਂ ਦੇ ਦੋਸਤਾਂ ਦੀਆਂ ਬੀਵੀਆਂ ਨਾਲ ਦਿਲ ਦੀ ਗੱਲ ਤਾਂ ਮੈਂ ਕਰਨੀ ਹੀ ਕੀ ਸੀ। ਅਜਿਹੀ ਸਥਿਤੀ ਵਿਚ ਮੇਰਾ ਦਿਲ ਇੰਡੀਆ ਜਾਣ ਲਈ ਕਾਹਲਾ ਪੈਣ ਲੱਗ ਪਿਆ। ਪਰ ਇੰਡੀਆ ਜਾਣਾ ਵੀ ਏਨਾ ਸੌਖਾ ਨਹੀਂ ਸੀ ਕਿਉਂਕਿ ਮੈਨੂੰ ਹਾਲੇ ਇੰਗਲੈਂਡ ਵਿਚ ਇਕ ਸਾਲ ਦਾ ਵੀਜ਼ਾ ਹੀ ਮਿਲਿਆ ਸੀ। ਪੱਕਾ ਵੀਜ਼ਾ ਇਕ ਸਾਲ ਪੂਰੇ ਹੋਏ ਤੇ ਲੱਗਣਾ ਸੀ। ਸਾਲ

ਸਤੰਬਰ ਵਿਚ ਪੂਰਾ ਹੋਣਾ ਸੀ।

ਇਕ ਦਿਨ ਅਸੀਂ ਸਟੋਰ ਵਿਚ ਸ਼ੌਪਿੰਗ ਕਰਨ ਗਏ। ਚੰਦਨ ਸਾਹਿਬ ਨੇ ਮੀਟ ਲਿਆ, ਸ਼ਰਾਬ ਲਈ, ਸਿਗਰਟਾਂ ਲਈਆਂ, ਘਰ ਦੀ ਸਫਾਈ ਦਾ ਸਮਾਨ ਵੀ ਲਿਆ। ਅਸੀਂ ਸਬਜ਼ੀਆਂ ਵਾਲੇ ਹਿੱਸੇ ਵਿਚ ਆਏ ਤਾਂ ਮੈਨੂੰ ਘੀਏ ਦਿਸੇ। ਬਹੁਤ ਦੇਰ ਹੋ ਗਈ ਸੀ ਇਹਨਾਂ ਦੀ ਸਬਜ਼ੀ ਖਾਧਿਆਂ। ਦਿੱਲੀ ਤਾਂ ਫੇਰੀ ਵਾਲਾ ਹਰ ਰੋਜ਼ ਆਉਂਦਾ ਸੀ ਤੇ ਅਸੀਂ ਬਣਾਉਂਦੇ ਹੀ ਰਹਿੰਦੇ ਸਾਂ। ਭਾਵੇਂ ਸ਼ੌਪਿੰਗ ਵਿਚ ਚੰਦਨ ਸਾਹਿਬ ਮੇਰੀ ਰਾਏ ਪੁੱਛਣ ਦੀ ਲੋੜ ਹੀ ਨਹੀਂ ਸਨ ਸਮਝਦੇ ਪਰ ਮੈਂ ਅਗਾਂਹ ਹੋ ਕੇ ਇਕ ਘੀਆ ਬੈਗ ਵਿਚ ਪਾ ਕੇ ਸ਼ੌਪਿੰਗ ਵਾਲੀ ਟਰੌਲੀ ਵਿਚ ਰੱਖ ਦਿਤਾ। ਚੰਦਨ ਸਾਹਿਬ ਨੇ ਘੀਆ ਦੇਖਿਆ ਤਾਂ ਅੱਗ ਬਬੂਲਾ ਹੋ ਗਏ ਤੇ ਬੋਲੇ,

"ਇਹ ਕਿਉਂ ਰੱਖਿਆ ਏ?"

"ਸਬਜ਼ੀ ਬਣਾਵਾਂਗੇ।"

"ਘੀਆ ਖਾਣ ਲਈ ਕੰਮ ਕਰਨਾ ਪੈਂਦਾ। ਏਸ ਮੁਲਕ ਵਿਚ ਵਿਹਲੇ ਬਹਿ ਕੇ ਘੀਏ ਨਹੀਂ ਖਾਧੇ ਜਾਂਦੇ। ਏਸ ਮੁਲਕ ਵਿਚ ਮੀਟ ਸਸਤਾ ਹੈ ਤੇ ਘੀਆ ਮਹਿੰਗਾ ਏ।"

ਆਖਦਿਆਂ ਉਹਨਾਂ ਨੇ ਘੀਆ ਵਾਪਸ ਰੱਖ ਦਿੱਤਾ। ਮੇਰਾ ਅੰਦਰ ਰੋਣ ਲੱਗਿਆ ਪਰ ਮੈਂ ਚੁੱਪ ਰਹੀ। ਕਰ ਵੀ ਕੀ ਸਕਦੀ ਸਾਂ।

ਮੈਂ ਆਪਣੇ ਆਪ ਨੂੰ ਚੰਦਨ ਸਾਹਿਬ ਦੀ ਆਦੀ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ਸਾਂ। ਜਿਹੋ ਜਿਹੇ ਵੀ ਹਾਲਾਤ ਹੁੰਦੇ ਉਹਨਾਂ ਵਿਚ ਰਹਿਣ ਦੀ ਕੋਸ਼ਿਸ਼ ਕਰਦੀ। ਉਹਨਾਂ ਦੀਆਂ ਸਿਗਰਟਾਂ, ਉਹਨਾਂ ਦੀ ਸ਼ਰਾਬ, ਉਹਨਾਂ ਦੀਆਂ ਗਾਲ੍ਹਾਂ, ਉਹਨਾਂ ਦੀ ਪਿਓ-ਪੁੱਤਰ ਦੀ ਲੜਾਈ, ਇਸ ਸਭ ਦੀ ਮੈਂ ਹੁਣ ਆਦੀ ਜਿਹੀ ਹੋ ਰਹੀ ਸਾਂ। ਇਹ ਸਭ ਮੇਰੀ ਮਾਨਸਿਕਤਾ ਵਿਚ ਖੁਣਿਆ ਜਾ ਰਿਹਾ ਸੀ। ਕਦੇ ਕਦੇ ਮੈਂ ਕਵਿਤਾ ਲਿਖਿਆ ਕਰਦੀ ਸਾਂ। ਅਜਿਹੇ ਕਿਸੇ ਅਨੁਭਵ ਨੂੰ ਕਵਿਤਾ ਵਿਚ ਵੀ ਨਹੀਂ ਸਾਂ ਉਤਾਰਦੀ ਕਿ ਕਿਤੇ ਚੰਦਨ ਸਾਹਿਬ ਗੁੱਸਾ ਹੀ ਨਾ ਕਰ ਜਾਣ। ਹਾਲਾਂਕਿ ਸੰਕੇਤ ਰੂਪ ਵਿਚ ਮੈਂ ਆਪਣੀਆਂ ਕਵਿਤਾਵਾਂ ਵਿਚ ਆਪਣੇ ਮਨ ਦੀਆਂ ਗੱਲਾਂ ਕਰ ਵੀ ਜਾਂਦੀ ਸਾਂ। ਫੇਰ ਵੀ, ਸਾਹਿਤਕ ਬਹਿਸ ਕਰਦਿਆਂ ਜਾਂ ਕਿਸੇ ਕਿਤਾਬ ਬਾਰੇ ਰਾਏ ਦਿੰਦਿਆਂ ਵੀ ਉਹਨਾਂ ਦੀ ਰਾਏ ਦਾ ਧਿਆਨ ਰੱਖਣਾ ਪੈਂਦਾ ਸੀ। ਜੇ ਮੈਂ ਆਪ ਸੁਤੰਤਰ ਔਰਤ ਹੁੰਦੀ ਤਾਂ ਸ਼ਾਇਦ ਸੌਖਾ ਹੁੰਦਾ ਪਰ ਮੇਰੇ ਲਈ ਇਹ ਸਭ ਬਹੁਤ ਤਕਲੀਫ਼ਦੇਹ ਸੀ।

ਸਿਆਲ ਨਿਕਲਿਆ ਤੇ ਗਰਮੀਆਂ ਆ ਗਈਆਂ ਮੌਸਮ ਕੁਝ ਠੀਕ ਰਹਿਣ ਲੱਗਿਆ। ਚੰਦਨ ਸਾਹਿਬ ਨੇ ਇਕ ਗੱਲ ਚੰਗੀ ਕੀਤੀ ਕਿ ਮੇਰੀ ਮਾਂ ਨੂੰ ਇੰਡੀਆ ਤੋਂ ਬੁਲਾ ਲਿਆ। ਇਸ ਨਾਲ ਮੇਰਾ ਮਨ ਕੁਝ ਟਿਕ ਗਿਆ।

ਇਹਨਾ ਹੀ ਦਿਨ੍ਹਾਂ ਵਿਚ ਇਕ ਹੋਰ ਹਾਦਸਾ ਵਾਪਰਿਆ। ਇਕ ਸ਼ਾਮ ਚੰਦਨ ਸਾਹਿਬ ਅਤੇ ਅਮਨਦੀਪ ਵਿਚ ਕਿਸੇ ਗੱਲੋਂ ਬਹਿਸ ਹੋ ਗਈ। ਚੰਦਨ ਸਾਹਿਬ ਦੇ ਗੁੱਸੇ ਦੀ ਕੋਈ ਇੰਤਹਾ ਹੀ ਨਾ ਰਹੀ, ਇਕ ਦਮ ਬੋਲੇ,

"ਜੇ ਤੇਰੇ ਵਿਚ ਅਣਖ ਹੈ ਤਾਂ ਇਸੇ ਵੇਲੇ ਘਰੋਂ ਨਿਕਲ ਜਾਹ।"

ਅਮਨਦੀਪ ਨੇ ਕਿਹਾ,

"ਡੈਡ ਪਲੀਜ਼ ਏਦਾਂ ਨਾ ਕਰੋ, ਮੈਂ ਅਜੇ ਹੁਣੇ ਹੁਣੇ ਜੌਬ ਸ਼ੁਰੂ ਕੀਤੀ ਹੈ ਅਤੇ ਨਾਲ ਨਾਲ



ਪੜ੍ਹਾਈ ਕਰਦਾ ਪਿਆ ਹਾਂ।"

ਚੰਦਨ ਸਾਹਿਬ ਬੋਲੇ,

"ਮੈਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ, ਤੈਨੂੰ ਇਕ ਹਫ਼ਤੇ ਦਾ ਵਕ਼ਤ ਦੇਂਦਾ ਹਾਂ, ਆਪਣਾ ਕੋਈ ਟਿਕਾਣਾ ਲੱਭ ਲੈ।"

ਅਮਨਦੀਪ ਨੇ ਕਿਰਾਏ ਦੀਆਂ ਥਾਵਾਂ ਲੱਭਣੀਆਂ ਸ਼ੁਰੂ ਕਰ ਦਿੱਤੀਆਂ, ਤੇ ਇਕ ਦਿਨ ਆਪਣਾ ਸਾਮਾਨ ਇਕੱਠਾ ਕੀਤਾ ਤੇ ਘਰੋਂ ਚਲਾ ਗਿਆ। ਮੈਂ ਤੇ ਮੇਰੀ ਮਾਂ ਇਹ ਸਭ ਦੇਖਦੀਆਂ ਰਹਿ ਗਈਆਂ।

ਅਗਲੀ ਸਵੇਰ ਉੱਠੇ ਪਤਾ ਨਹੀਂ ਮਨ ਵਿਚ ਕੀ ਆਇਆ, ਅਮਨਦੀਪ ਨੂੰ ਫੋਨ ਕੀਤਾ। ਪਤਾ ਲੱਗਾ ਉਸਨੇ ਇਕ ਕਮਰਾ ਕਿਰਾਏ ਤੇ ਲੈ ਲਿਆ ਸੀ। ਅਸੀਂ ਉਸਨੂੰ ਕਈ ਵਾਰ ਉਸ ਕਮਰੇ ਵਿਚ ਮਿਲਣ ਗਏ। ਕੁਝ ਦਿਨਾਂ ਵਿਚ ਹੀ ਦੋ-ਬੈਡ ਰੂਮ ਦਾ ਇਕ ਫਲੈਟ ਉਹਨਾਂ ਅਮਨਦੀਪ ਨੂੰ ਲੈ ਦਿੱਤਾ, ਲੇਕਿਨ ਅਮਨਦੀਪ ਦੀ ਤਨਖਾਹ ਵਿਚੋਂ ਬਹੁਤਾ ਹਿੱਸਾ ਮਾਰਟਗੇਜ ਦੀ ਕਿਸ਼ਤ ਦਾ ਨਿਕਲ ਜਾਂਦਾ ਸੀ ਤੇ ਉਸਦਾ ਗੁਜ਼ਾਰਾ ਮੁਸ਼ਕਿਲ ਹੋ ਰਿਹਾ ਸੀ। ਚੰਦਨ ਸਾਹਿਬ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਸੀ।

ਖ਼ੈਰ ਜ਼ਿੰਦਗੀ ਤੁਰ ਰਹੀ ਸੀ। ਜੁਲਾਈ ਦਾ ਮਹੀਨਾ ਸੀ, ਪਤਾ ਲੱਗਿਆ ਡਾਕਟਰ ਹਰਿਭਜਨ ਸਿੰਘ ਇੰਗਲੈਂਡ ਆ ਰਹੇ ਹਨ। ਅਸੀਂ ਦੋਵੇਂ ਬਹੁਤ ਖੁਸ਼ ਸਾਂ। ਡਾਕਟਰ ਸਾਹਿਬ ਸਾਡੇ ਕੋਲ ਰਹਿਣਗੇ, ਇਸ ਖਿਆਲ ਨਾਲ ਅਸੀਂ ਦੋਵੇਂ ਗਦ-ਗਦ ਹੋ ਰਹੇ ਸਾਂ। ਡਾਕਟਰ ਸਾਹਿਬ ਦੀ ਪਤਨੀ ਨੇ ਵੀ ਨਾਲ ਆਉਣਾ ਸੀ। ਸਪਾਂਸਰਸ਼ਿਪ ਚੰਦਨ ਸਾਹਿਬ ਨੇ ਭੇਜੀ ਸੀ। ਅਸੀਂ ਉਹਨਾਂ ਨੂੰ ਏਅਰਪੋਰਟ ਤੋਂ ਲੈਣ ਜਾਣ ਦੀ ਤਿਆਰੀ ਕਰ ਰਹੇ ਸਾਂ ਲੇਕਿਨ ਉਹ ਏਅਰਪੋਰਟ ਤੋਂ ਸਿੱਧੇ ਤਰਸੇਮ ਨੀਲਗਿਰੀ ਦੇ ਘਰ ਚਲੇ ਗਏ। ਸਾਨੂੰ ਬੜਾ ਅਜੀਬ ਲੱਗਿਆ, ਲੇਕਿਨ ਸੋਚਿਆ ਚਲੋ ਕੋਈ ਨਹੀਂ ਅਜੇ ਡਾਕਟਰ ਸਾਹਿਬ ਨੇ ਰਹਿਣਾ ਹੈ, ਸਾਡੇ ਵੀ ਆ ਜਾਣਗੇ। ਹੋਇਆ ਵੀ ਇਸ ਤਰ੍ਹਾਂ ਹੀ, ਇਕ ਦਿਨ ਡਾਕਟਰ ਸਾਹਿਬ ਦਾ ਆਪ ਹੀ ਫੋਨ ਆ ਗਿਆ ਕਿ ਉਹ ਸਾਡੇ ਕੋਲ ਵੀ ਰਹਿਣਾ ਚਾਹੁੰਦੇ ਹਨ। ਚੰਦਨ ਸਾਹਿਬ ਉਹਨਾਂ ਨੂੰ ਜਾ ਕੇ ਲੈ ਆਏ। ਘਰ ਦਾ ਮਾਹੌਲ ਹੋਰ ਸਾਹਿਤਿਕ ਹੋ ਗਿਆ। ਇਕ ਸ਼ਾਮ ਗਾਰਡਨ ਪਾਰਟੀ ਰੱਖੀ ਗਈ ਜਿਸ ਵਿਚ ਕਈ ਪੰਜਾਬੀ ਲੇਖਕ ਆਏ ਜਿਨ੍ਹਾਂ ਵਿਚੋਂ ਗਿਆਨੀ ਦਰਸ਼ਨ ਸਿੰਘ, ਅਵਤਾਰ ਜੰਡਿਆਲਵੀ, ਤਰਸੇਮ ਨੀਲਗਿਰੀ, ਸਾਥੀ ਲੁਧਿਆਣਵੀ ਅਤੇ ਯਸ਼ ਸਾਥੀ ਆਦਿ ਸ਼ਾਮਿਲ ਹੋਏ।

ਅਗਲੀ ਸਵੇਰ ਡਾਈਨਿੰਗ ਟੇਬਲ ਤੇ ਚਾਹ ਪੀਂਦਿਆਂ ਚੰਦਨ ਸਾਹਿਬ ਡਾਕਟਰ ਸਾਹਿਬ ਤੋਂ ਪੁੱਛ ਬੈਠੇ,

"ਡਾਕਟਰ ਸਾਹਿਬ, ਤੁਹਾਡੀ ਸਮੀਖਿਆ-ਦ੍ਰਿਸ਼ਟੀ ਕਿਹੜੀ ਹੈ?"

ਡਾਕਟਰ ਸਾਹਿਬ ਨੇ ਮੇਰੇ ਵਲ ਇਸ਼ਾਰਾ ਕਰਦਿਆਂ ਆਖਿਆ,

"ਮੇਰੀ ਸਮੀਖਿਆ-ਦ੍ਰਿਸ਼ਟੀ ਉਹ ਬੈਠੀ ਹੈ।"

ਬਸ ਫੇਰ ਕੀ ਸੀ, ਚੰਦਨ ਸਾਹਿਬ ਦੇ ਗੁੱਸੇ ਦਾ ਪਾਰਾਵਾਰ ਨਾ ਰਿਹਾ ਅਤੇ ਉਹਨਾਂ ਇਸ ਗੱਲ ਦਾ ਬਦਲਾ ਲੈਣ ਦੀ ਠਾਣ ਲਈ। 18 ਅਗਸਤ ਡਾਕਟਰ ਸਾਹਿਬ ਦੇ ਜਨਮ ਦਿਨ ਵਾਲੇ ਦਿਨ ਸਾਹਿਤਿਕ ਪ੍ਰੋਗਰਾਮ ਉਲੀਕਿਆ ਗਿਆ, ਚੰਦਨ ਸਾਹਿਬ ਨੇ ਡਾਕਟਰ ਸਾਹਿਬ ਦੀ ਸਮੁੱਚੀ ਆਲੋਚਨਾ ਉਪਰ ਪੇਪਰ ਤਿਆਰ ਕੀਤਾ ਜਿਸ ਵਿਚ ਉਹਨਾਂ ਦੀ

ਸਾਰੀ ਆਲੋਚਨਾ ਉਪਰ ਕਾਟਾ ਫੇਰਦਿਆਂ ਇਹ ਕਿਹਾ ਕਿ ਇਹ ਸਾਰੀ ਆਲੋਚਨਾ ਅੰਗ੍ਰੇਜ਼ੀ ਦੀਆਂ ਕਿਤਾਬਾਂ ਦਾ ਅਨੁਵਾਦ ਹੈ। ਨਾਲ ਹੀ ਉਹਨਾਂ ਦੇ ਜਨਮ ਦਿਨ ਦਾ ਕੇਕ ਕੱਟਿਆ ਗਿਆ। ਡਾਕਟਰ ਸਾਹਿਬ ਆਪਣੇ ਸੁਭਾਅ ਅਨੁਸਾਰ ਸ਼ਾਂਤ ਰਹੇ। ਸਗੋਂ ਉਹਨਾਂ ਨੇ ਕਿਹਾ ਕਿ ਉਹਨਾਂ ਦਾ ਵਕਤ ਲੰਘ ਗਿਆ ਹੈ ਤੇ ਹੁਣ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

ਉਸੇ ਸ਼ਾਮ ਚੰਦਨ ਸਾਹਿਬ ਨੇ ਆਪਣੇ ਘਰ ਵਿਚ ਇਕ ਪਾਰਟੀ ਰੱਖੀ ਹੋਈ ਸੀ। ਡਾਕਟਰ ਸਾਹਿਬ ਤੇ ਉਹਨਾਂ ਦੀ ਪਤਨੀ ਤਾਂ ਸਨ ਹੀ। ਹੋਰ ਲੇਖਕ ਦੋਸਤ ਵੀ ਸ਼ਾਮਲ ਸਨ। ਡਾਕਟਰ ਸਾਹਿਬ ਦੀ ਬੇਇਜ਼ਤੀ ਕਰਕੇ ਹਾਲੇ ਉਹਨਾਂ ਦੀ ਤਸੱਲੀ ਨਹੀਂ ਸੀ ਹੋਈ। ਜ਼ਰਾ ਕੁ ਨਸ਼ੇ ਵਿਚ ਆਇਆਂ ਨੇ ਡਾਕਟਰ ਸਾਹਿਬ ਤੇ ਉਹਨਾਂ ਦੀ ਪਤਨੀ ਨੂੰ ਆਪਣੇ ਘਰੋਂ ਨਿਕਲ ਜਾਣ ਦਾ ਹੁਕਮ ਸੁਣਾ ਦਿਤਾ।

## ਪੰਜ

ਸਤੰਬਰ ਮਹੀਨਾ ਆਉਣ ਤੋਂ ਪਹਿਲਾਂ ਹੀ ਅਸੀਂ ਇੰਡੀਆ ਵਾਪਸ ਜਾਣ ਦੀਆਂ ਤਿਆਰੀਆਂ ਕਰਨ ਲੱਗ ਪਏ। ਚੰਦਨ ਸਾਹਿਬ ਨੇ ਅਰਲੀ ਰਿਟਾਇਰਮੈਂਟ ਲਈ ਅਪਲਾਈ ਕਰ ਦਿਤਾ। ਉਹ ਹੁਣ ਦਿੱਲੀ ਪੱਕੀ ਤਰ੍ਹਾਂ ਰਹਿਣਾ ਚਾਹੁੰਦੇ ਸਨ। ਉਹ ਵਾਰ ਵਾਰ ਕਹਿਣ ਲੱਗਦੇ ਕਿ ਉਹ ਦਿੱਲੀ ਜਾਣਗੇ ਤੇ ਸਾਹਿਤ ਜਗਤ ਵਿਚ ਛਾ ਜਾਣਗੇ। ਉਹਨਾਂ ਨੇ ਅਰਲੀ ਰਿਟਾਇਰਮੈਂਟ ਲਈ ਅਪਲਾਈ ਤਾਂ ਕਰ ਦਿਤਾ ਪਰ ਇਹ ਏਨੀ ਸੌਖੀ ਨਹੀਂ ਸੀ ਮਿਲਣੀ। ਇਕ ਤਾਂ ਉਹਨਾਂ ਦੀ ਉਮਰ ਹਾਲੇ ਘੱਟ ਸੀ। ਇੰਗਲੈਂਡ ਵਿਚ ਰਿਟਾਇਰਮੈਂਟ ਦੀ ਉਮਰ 65 ਸਾਲ ਹੁੰਦੀ ਹੈ ਤੇ ਉਹਨਾਂ ਦੀ ਉਮਰ ਸੰਤਾਲੀ ਸਾਲ ਹੀ ਸੀ। ਦੂਜੇ ਉਹਨਾਂ ਦੀ ਸਿਹਤ ਵੀ ਸੁਹਣੀ ਸੀ। ਉਹ ਦਿਨ ਰਾਤ ਰਿਟਾਇਰਮੈਂਟ ਲੈਣ ਦੀਆਂ ਸਕੀਮਾਂ ਬਣਾਉਂਦੇ ਰਹਿੰਦੇ। ਡਾਕਟਰ ਵੇਦ ਸਾਡੀ ਫੈਮਿਲੀ ਡਾਕਟਰ ਸੀ। ਇਹ ਜੋੜਾ ਸੁਰਜੀਤ ਕੌਰ ਦੇ ਵੇਲੇ ਦਾ ਹੀ ਇਹਨਾਂ ਦਾ ਦੋਸਤ ਸੀ। ਡਾਕਟਰ ਵੇਦ ਦੇ ਕੋਈ ਬੱਚਾ ਨਹੀਂ ਸੀ ਉਹ ਮੇਰੇ ਨਾਲ ਬਹੁਤ ਪਿਆਰ ਕਰਦੀ ਸੀ। ਚੰਦਨ ਸਾਹਿਬ ਨੇ ਡਾਕਟਰ ਵੇਦ ਤਕ ਪਹੁੰਚ ਕੀਤੀ ਕਿ ਰਿਟਾਇਰਮੈਂਟ ਵਿਚ ਉਸ ਦੀ ਮੱਦਦ ਕਰੇ। ਉਹ ਦੋ ਗੋਡਿਆਂ ਵਿਚ ਨੁਕਸ ਦੱਸ ਕੇ ਕਿ ਉਹ ਬਹੁਤੀ ਦੇਰ ਖੜ੍ਹ ਨਹੀਂ ਸਕਦਾ ਜਾਂ ਕੋਈ ਹੋਰ ਬਹਾਨਾ ਲੱਭੇ। ਡਾਕਟਰ ਵੇਦ ਈਮਾਨਦਾਰ ਔਰਤ ਸੀ ਤੇ ਉਸ ਨੇ ਸਾਫ ਜਵਾਬ ਦੇ ਦਿਤਾ। ਡਾਕਟਰ ਵੇਦ ਨੂੰ ਇਸ ਦਾ ਸਿਲਾ ਇਹ ਮਿਲਿਆ ਕਿ ਹਰ ਰਾਤ ਸ਼ਰਾਬ ਪੀ ਕੇ ਉਸ ਨੂੰ ਗਾਲ੍ਹਾਂ ਪੈਣ ਲੱਗੀਆਂ।

ਰਿਟਾਇਰਮੈਂਟ ਲਈ ਚੰਦਨ ਸਾਹਿਬ ਹੱਥ ਪੈਰ ਮਾਰਦੇ ਰਹੇ ਪਰ ਗੱਲ ਨਹੀਂ ਸੀ ਬਣ ਰਹੀ। ਉਹਨਾਂ ਦੇ ਮਹਿਕਮੇ ਨੇ ਉਹਨਾਂ ਨੂੰ ਚੈੱਕ ਕਰਾਉਣ ਲਈ ਆਪਣੇ ਔਕਿਊਪੇਸ਼ਨਲ ਡਾਕਟਰ ਕੋਲ ਭੇਜਿਆ। ਚੰਦਨ ਸਾਹਿਬ ਨੂੰ ਅਜਿਹਾ ਫੁਰਨਾ ਫੁਰਿਆ ਕਿ ਕੋਈ ਅਜਿਹੀ ਦਵਾਈ ਖਾ ਗਏ ਕਿ ਉਥੇ ਜਾ ਕੇ ਬੇਹੋਸ਼ ਹੋ ਗਏ। ਹੋਰ ਵੀ ਅਜਿਹੀ ਐਕਟਿੰਗ ਕੀਤੀ ਕਿ ਡਾਕਟਰ ਨੂੰ ਆਪਣੇ ਬਿਮਾਰ ਹੋਣ ਦਾ ਯਕੀਨ ਦਵਾ ਲਿਆ। ਇਵੇਂ ਇਹਨਾਂ ਦੀ ਅਰਜ਼ੀ ਅਗਾਂਹ ਤੁਰ ਪਈ ਪਰ ਮਨਜ਼ੂਰ ਹੋਣ ਨੂੰ ਹਾਲੇ ਵਕਤ ਲੱਗਣਾ ਸੀ।

ਇਹਨਾਂ ਦਿਨਾਂ ਵਿਚ ਹੀ ਮੇਰਾ ਭਰਾ ਸੁਰਜੀਤ ਸਿੰਘ ਇੱਕ ਵਾਰ ਫੇਰ ਇੰਗਲੈਂਡ



ਆ ਗਿਆ। ਉਸ ਨੇ ਸਾਡੇ ਕੋਲ ਹੋ ਕੇ ਅੱਗੇ ਜਰਮਨੀ ਜਾਣਾ ਸੀ। ਇਹਨਾਂ ਦਿਨਾਂ ਵਿਚ ਹੀ ਡਾਕਟਰ ਰਵੀ ਚੌਧਰੀ ਵੀ ਇੰਗਲੈਂਡ ਆਇਆ ਹੋਇਆ ਸੀ। ਰਵੀ ਚੌਧਰੀ ਸੀ. ਬੀ. ਆਈ. ਵਿਚ ਅਫਸਰ ਸੀ ਤੇ ਸਾਡਾ ਪਰਿਵਾਰਕ ਦੋਸਤ ਵੀ ਸੀ। ਰਵੀ ਚੌਧਰੀ ਨੂੰ ਅਸੀਂ ਆਪਣੇ ਘਰ ਰੋਟੀ ਉਪਰ ਸੱਦਿਆ। ਉਸ ਨੇ ਅਜੀਬ ਜਿਹਾ ਇੰਕਸ਼ਾਫ ਕੀਤਾ ਕਿ ਮੇਰੀ ਭਰਜਾਈ ਜਸਵਿੰਦਰ ਦੇ ਬੱਚਾ ਹੋਣ ਵਾਲਾ ਸੀ। ਅਸੀਂ ਸਾਰੇ ਹੈਰਾਨ ਰਹਿ ਗਏ। ਜਸਵਿੰਦਰ ਨਾਲ ਮੇਰੀ ਵੀ ਫੋਨ ਉਪਰ ਗੱਲਬਾਤ ਹੁੰਦੀ ਰਹਿੰਦੀ ਸੀ ਤੇ ਮੇਰੀ ਮਾਂ ਦੀ ਵੀ, ਫਿਰ ਸਾਨੂੰ ਕਿਉਂ ਨਹੀਂ ਸੀ ਪਤਾ ਲੱਗਿਆ। ਸੁਰਜੀਤ ਸਿੰਘ ਨੂੰ ਪੁੱਛਿਆ ਤਾਂ ਉਸ ਨੇ ਵੀ ਕੋਈ ਤਸੱਲੀ ਬਖਸ਼ ਉਤਰ ਨਾ ਦਿਤਾ। ਮੇਰੀ ਮਾਂ ਪਰੇਸ਼ਾਨ ਹੋਣ ਲੱਗੀ। ਉਸ ਦੇ ਘਰ ਪੋਤਰਾ ਹੋਣ ਵਾਲਾ ਹੋਵੇ ਤੇ ਉਹ ਇਥੇ ਲੰਡਨ ਵਿਚ ਬੈਠੀ ਹੋਵੇ। ਅਸੀਂ ਉਸ ਦਾ ਉਸੇ ਵਕਤ ਵਾਪਸੀ ਦਾ ਟਿਕਟ ਤਿਆਰ ਕਰਵਾ ਦਿਤਾ। ਉਸ ਲਈ ਚੰਗੀ ਗੱਲ ਇਹ ਹੋਈ ਕਿ ਉਹ ਪੋਤਰੇ ਦੇ ਜਨਮ ਤੋਂ ਇਕ ਹਫਤਾ ਪਹਿਲਾਂ ਹੀ ਪੁੱਜ ਗਈ ਸੀ।

ਸੁਰਜੀਤ ਸਿੰਘ ਹਾਲੇ ਲੰਡਨ ਹੀ ਸੀ। ਸਾਡੇ ਕੋਲ ਹੀ ਰਹਿ ਰਿਹਾ ਸੀ। ਉਸ ਨੇ ਅੱਗੇ ਜਰਮਨੀ ਜਾਣਾ ਸੀ। ਚੰਦਨ ਸਾਹਿਬ ਉਸ ਨੂੰ ਗੱਲ ਗੱਲ 'ਤੇ ਟੋਕਣ ਲੱਗਦੇ। ਸੁਰਜੀਤ ਸਿੰਘ ਨੂੰ ਇਹ ਗੱਲ ਚੰਗੀ ਨਾ ਲੱਗਦੀ। ਉਹ ਖਿਝਿਆ ਜਿਹਾ ਰਹਿੰਦਾ। ਇਕ ਦਿਨ ਰੋਟੀ ਖਾਂਦਿਆਂ ਅਜਿਹੀਆਂ ਗੱਲਾਂ ਤੋਂ ਬਹਿਸ ਹੋ ਗਈ। ਸੁਰਜੀਤ ਸਿੰਘ ਨੇ ਕਿਹਾ,

"ਭਾਈ ਸਾਹਿਬ, ਮੈਂ ਏਨਾ ਗਿਆ ਗੁਜ਼ਰਿਆ ਨਹੀਂ ਜਿੰਨਾ ਤੁਸੀਂ ਸਮਝੀ ਬੈਠੇ ਓ।"

"ਜੇ ਏਨਾ ਗਿਆ ਗੁਜ਼ਰਿਆ ਨਹੀਂ ਤਾਂ ਹਾਲੇ ਤਕ ਜ਼ਿੰਦਗੀ ਵਿਚ ਕੁਝ ਕੀਤਾ ਕਿਉਂ ਨਹੀਂ।"

ਇਸੇ ਗੱਲ ਤੋਂ ਬਹਿਸ ਅੱਗੇ ਵਧ ਗਈ। ਚੰਦਨ ਸਾਹਿਬ ਉਠੇ ਤੇ ਉਂਗਲੀ ਖੜੀ ਕਰਕੇ ਬਾਹਰ ਵਲ ਇਸ਼ਾਰਾ ਕਰਦੇ ਬੋਲੇ,

"ਨਿਕਲ ਮੇਰੇ ਘਰੋਂ!"

ਮੈਂ ਹੈਰਾਨੀ ਨਾਲ ਚੰਦਨ ਸਾਹਿਬ ਵਲ ਦੇਖਣ ਲੱਗੀ। ਅਮਨਦੀਪ ਵੀ ਅਚਾਨਕ ਉਸ ਦਿਨ ਘਰ ਹੀ ਸੀ। ਉਹ ਮੇਰੇ ਭਰਾ ਨੂੰ ਆਪਣੇ ਫਲੈਟ ਵਿਚ ਲੈ ਗਿਆ। ਇਕ ਰਾਤ ਸੁਰਜੀਤ ਸਿੰਘ ਅਮਨਦੀਪ ਕੋਲ ਰਿਹਾ ਤੇ ਅਗਲੇ ਦਿਨ ਜਰਮਨੀ ਚਲੇ ਗਿਆ।

ਮੇਰੇ ਲਈ ਇਹ ਸਭ ਅਸਹਿ ਸੀ। ਚੰਦਨ ਸਾਹਿਬ ਨੂੰ ਆਪ ਤਾਂ ਸਭ ਕੁਝ ਜਲਦੀ ਹੀ ਭੁੱਲ ਜਾਂਦਾ ਤੇ ਉਹ ਪਹਿਲਾਂ ਵਰਗੇ ਹੋ ਜਾਂਦੇ ਪਰ ਮੈਂ ਕਈ ਦਿਨ ਤਕ ਉਸ ਘਟਨਾ ਦੀ ਗ੍ਰਿਫਤ ਵਿਚ ਰਹਿੰਦੀ। ਮੇਰੀ ਸਿਹਤ ਉਪਰ ਇਸ ਦਾ ਅਸਰ ਪੈਣਾ ਕੁਦਰਤੀ ਸੀ।

ਇਹਨਾਂ ਦਿਨਾਂ ਵਿਚ ਹੀ ਮੇਰਾ ਪਾਸਪੋਰਟ ਪੱਕੀ ਸਟੇਅ ਦੀ ਮੋਹਰ ਲੱਗ ਕੇ ਆ ਗਿਆ। ਚੰਦਨ ਸਾਹਿਬ ਲਈ ਇੰਡੀਆ ਜਾਣ ਵਾਸਤੇ ਇਕ ਹੋਰ ਅੜਿੱਕਾ ਦੂਰ ਹੋ ਗਿਆ। ਹੁਣ ਉਹ ਆਪਣੇ ਕੰਮ ਤੋਂ ਅਰਲੀ ਰਿਟਾਇਰਮੈਂਟ ਦੀ ਚਿੱਠੀ ਉਡੀਕ ਰਹੇ ਸਨ। ਇਕ ਦਿਨ ਅਚਾਨਕ ਮੈਨੂੰ ਉਲਟੀਆਂ ਆਉਣ ਲੱਗੀਆਂ। ਮੇਰੀ ਅਜੀਬ ਜਿਹੀ ਹਾਲਤ ਹੋ ਗਈ। ਮੈਨੂੰ ਲੱਗਿਆ ਕਿ ਸ਼ਾਇਦ ਮੈਂ ਗਰਭਵਤੀ ਹੋ ਗਈ ਹੋਵਾਂ। ਮੈਨੂੰ ਚਾਅ ਚੜ੍ਹਨ ਲੱਗਿਆ। ਮਾਂ ਬਣਨ ਵਾਲੀਆਂ ਭਾਵਨਾਵਾਂ ਮੇਰੇ ਅੰਦਰ ਪ੍ਰਬਲ ਹੋਣ ਲੱਗੀਆਂ। ਮੈਂ ਚੰਦਨ ਸਾਹਿਬ ਨੂੰ ਦੱਸਿਆ, ਉਹਨਾਂ ਦਾ ਮੂੰਹ ਹੀ ਉੱਡ ਗਿਆ। ਮੈਂ ਤਾਂ ਸੋਚ ਰਹੀ ਸਾਂ ਕਿ ਉਹ ਖੁਸ਼ ਹੋਣਗੇ

ਪਰ ਉਹ ਤਾਂ ਜਿਵੇਂ ਉਦਾਸੀ ਦੀ ਖਾਈ ਵਿਚ ਜਾ ਡਿਗੇ ਹੋਣ। ਅਸੀਂ ਸਰਜਰੀ ਜਾ ਕੇ ਟੈਸਟ ਕਰਵਾਇਆ ਤਾਂ ਪੋਜ਼ੀਟਿਵ ਨਿਕਲਿਆ। ਮਾਂ ਬਣਨ ਦਾ ਸੁਫ਼ਨਾ ਹਰ ਔਰਤ ਦਾ ਹੁੰਦਾ ਹੈ। ਚੰਦਨ ਸਾਹਿਬ ਮਸੋਸੇ ਹੋਏ ਮੂੰਹ ਨਾਲ ਬੋਲੇ,

"ਏਸ ਮੁਲਕ ਵਿਚ ਬੱਚੇ ਪੈਦਾ ਕਰਨ ਦਾ ਕੋਈ ਫਾਇਦਾ ਨਹੀਂ, ਇਹ ਤੁਹਾਡੇ ਕਦੇ ਹੁੰਦੇ ਹੀ ਨਹੀਂ। ਤੈਨੂੰ ਯਾਦ ਨਹੀਂ ਮੇਰੀ ਕਵਿਤਾ ਦੀਆਂ ਲਾਈਨਾਂ ਕਿ, "ਸੋਚਿਆ ਸੀ ਬਣਨਗੇ ਇਹ ਲਖ਼ਤ ਸਾਡੇ ਜਿਗਰ ਜਾਨ, ਕਿਸ ਤਰ੍ਹਾਂ ਦੀ ਅਉਧ ਆਈ ਵੱਧ ਰਹੇ ਨੇ ਫਾਸਲੇ" ਇਹ ਆਪਣੇ ਤਜਰਬੇ ਵਿਚੋਂ ਹੀ ਤਾਂ ਲਿਖੀਆਂ ਹੋਈਆਂ ਨੇ। ਆਹ ਦੇਖ ਲੈ ਮੇਰੇ ਦੋਵੇਂ ਬੱਚੇ ਕਿਵੇਂ ਵਰਤਦੇ ਨੇ ਮੇਰੇ ਨਾਲ। ਸੋ ਮੇਰਾ ਖਿਆਲ ਏ ਕਿ ਸਾਨੂੰ ਬੱਚਾ ਨਹੀਂ ਲੈਣਾ ਚਾਹੀਦਾ।"

"ਚੰਦਨ ਜੀ, ਇਹ ਕੀ ਕਹਿ ਰਹੇ ਓ, ਮਸਾਂ ਤਾਂ ਮੈਂ ਮਾਂ ਬਣੀ ਆਂ।"

"ਉਹ ਤਾਂ ਠੀਕ ਏ ਪਰ ਤੇਰੀ ਸਿਹਤ ਬਹੁਤੀ ਵਧੀਆ ਨਹੀਂ ਏ। ਦੇਖ, ਆਹ ਹੁਣੇ ਜਿਹੇ ਹੀ ਸਮੀਤਾ ਪਾਟਿਲ ਦੀ ਮੌਤ ਹੋਈ ਏ, ਬੱਚੇ ਦੇ ਜਨਮ ਵੇਲੇ ਉਸ ਦੇ ਖੂਨ ਹੀ ਏਨਾ ਵਹਿ ਗਿਆ ਕਿ ਡਾਕਟਰ ਵੀ ਕੁਝ ਨਾ ਕਰ ਸਕੇ। ਜੇ ਤੈਨੂੰ ਕੁਝ ਹੋ ਗਿਆ ਤਾਂ ਮੇਰਾ ਕੀ ਬਣੇਗਾ। ਮੈਂ ਕਿਥੇ ਜਾਵਾਂਗਾ। ਨਾਲੇ ਬੱਚਿਆਂ ਤੋਂ ਵੱਧ ਮੈਨੂੰ ਤੇਰੀ ਲੋੜ ਹੈ। ਸਾਡੇ ਬੱਚੇ ਸਾਡੀਆਂ ਕਿਤਾਬਾਂ ਨੇ, ਇਹਨਾਂ ਹੀ ਸਾਡਾ ਨਾਂ ਬਣਾਉਣਾ!

ਉਹ ਮੇਰਾ ਹੱਥ ਫੜ ਕੇ ਕਹਿਣ ਲੱਗੇ। ਮੈਂ ਭਾਵੁਕ ਹੋ ਗਈ। ਮਿੱਠੀਆਂ ਮਿੱਠੀਆਂ ਗੱਲਾਂ ਕਰਕੇ ਉਹਨਾਂ ਨੇ ਮੈਨੂੰ ਅਬੌਰਸ਼ਨ ਕਰਾਉਣ ਲਈ ਮਨਾ ਲਿਆ। ਮੈਂ ਵੀ ਉਹਨਾਂ ਦੀ ਗੱਲ ਨੂੰ ਸਹੀ ਮੰਨਦੀ ਆਪਣੇ ਆਪ ਨੂੰ ਦਲੀਲਾਂ ਦੇਣ ਲੱਗੀ ਕਿ ਉਧਰ ਤਾਂ ਅਸੀਂ ਇੰਡੀਆ ਜਾਣ ਦਾ ਪ੍ਰੋਗਰਾਮ ਬਣਾਈ ਬੈਠੇ ਹਾਂ ਤੇ ਇਧਰ ਬੱਚੇ ਦਾ ਚੱਕਰ ਸ਼ੁਰੂ ਹੋ ਗਿਆ। ਮੈਂ ਅੱਠਾਂ ਹਫ਼ਤਿਆਂ ਦੀ ਗਰਭਵਤੀ ਸਾਂ। ਚੰਦਨ ਸਾਹਿਬ ਜਲਦੀ ਤੋਂ ਜਲਦੀ ਇਸ ਮੁਸੀਬਤ ਤੋਂ ਪਿੱਛਾ ਛੁਡਵਾਉਣਾ ਚਾਹੁੰਦੇ ਸਨ। ਉਹਨਾਂ ਨੇ ਪ੍ਰਾਈਵੇਟ ਕਲੀਨਿਕ ਦਾ ਇੰਤਜ਼ਾਮ ਕੀਤਾ। ਮੇਰਾ ਅਬੌਰਸ਼ਨ ਕਰਾ ਦਿਤਾ ਗਿਆ। ਜਦ ਪਤਾ ਚੱਲਿਆ ਕਿ ਜੌੜੇ ਬੱਚੇ ਸਨ ਤਾਂ ਮੈਨੂੰ ਹੋਰ ਵੀ ਨਮੋਸ਼ੀ ਹੋਣ ਲੱਗੀ। ਮੈਂ ਇਕ ਜਾਨ ਦੀ ਨਹੀਂ, ਦੋ ਜਾਨਾਂ ਦੀ ਕਾਤਲ ਸਾਂ। ਅੱਜ ਵੀ ਕੋਈ ਕਪੜਾ ਸੀਂਦਿਆਂ ਜਦੋਂ ਬੱਚਿਆਂ ਬਾਰੇ ਸੋਚਦੀ ਹਾਂ ਤਾਂ ਸੂਈ ਮੇਰੇ ਪੋਟੇ ਵਿਚ ਖੁੱਭ ਜਾਂਦੀ ਹੈ ਅਤੇ ਕਵਿਤਾ ਬਣਨ ਲਗਦੀ ਹੈ।

ਡਾਕਟਰ ਵੇਦ ਨੂੰ ਅਬੌਰਸ਼ਨ ਦਾ ਪਤਾ ਚੱਲਿਆ ਤਾਂ ਇਕ ਦਮ ਉਸ ਦਾ ਫੋਨ ਆ ਗਿਆ। ਉਹ ਬੋਲੀ,

"ਦੇਵਿੰਦਰ, ਏਨੀ ਪੜ੍ਹੀ ਲਿਖੀ ਹੋ ਕੇ ਤੂੰ ਇਹ ਕੀ ਗਲਤੀ ਕੀਤੀ? ਕਿਉਂ ਕਰਾਇਆ ਇਹ ਸਭ?"

ਮੇਰੇ ਕੋਲ ਉਸ ਦੀ ਕਿਸੇ ਗੱਲ ਦਾ ਜਵਾਬ ਨਹੀਂ ਸੀ। ਮੈਨੂੰ ਪਤਾ ਸੀ ਕਿ ਉਸ ਦੇ ਬੱਚਾ ਨਹੀਂ ਸੀ। ਸਗੋਂ ਉਹ ਤਾਂ ਬੱਚੇ ਲਈ ਤੜਫੀ ਪਈ ਸੀ। ਮੈਂ, ਜਿਸ ਨੂੰ ਰੱਬ ਨੇ ਇਹ ਖੁਸ਼ੀ ਬਖਸ਼ ਦਿਤੀ ਸੀ, ਇਸ ਨੂੰ ਗੁਆ ਬੈਠੀ ਸਾਂ। ਡਾਕਟਰ ਵੇਦ ਨੇ ਫਿਰ ਕਿਹਾ,

"ਦੋ ਦੋ ਬੱਚੇ ਰੱਬ ਨੇ ਦਿਤੇ ਸਨ, ਇਕ ਬੱਚਾ ਤਾਂ ਤੇਰੇ ਤੋਂ ਮੈਂ ਹੀ ਲੈ ਲੈਣਾ ਸੀ!"



## ਛੇ

ਨਵੰਬਰ 1990। ਅਬੌਰਸ਼ਨ ਤੋਂ ਦੋ ਦਿਨ ਬਾਅਦ ਦੀ ਹੀ ਸਾਡੀ ਫਲਾਈਟ ਸੀ। ਮੈਂ ਤਾਂ ਹਾਲੇ ਤੁਰਨ ਜੋਗੀ ਵੀ ਨਹੀਂ ਸਾਂ ਪਰ ਚੰਦਨ ਸਾਹਿਬ ਮੈਨੂੰ ਉਡਾਨ ਭਰਨ ਲਈ ਕਹਿ ਰਹੇ ਸਨ। ਮੇਰੇ ਕੋਲ ਉਹਨਾਂ ਦਾ ਕਹਿਣਾ ਮੰਨਣ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। ਚੰਦਨ ਸਾਹਿਬ ਨੇ ਇਹ ਘਰ ਕੌਂਸਲ ਨੂੰ ਕਿਰਾਏ 'ਤੇ ਦੇ ਦਿਤਾ ਸੀ। ਘਰ ਦਾ ਕੁਝ ਸਮਾਨ ਵੇਚ ਦਿਤਾ ਸੀ ਤੇ ਕੁਝ ਇੰਡੀਆ ਲਈ ਕੰਟੇਨਰ ਬੁੱਕ ਕਰਾ ਕੇ ਭੇਜ ਦਿਤਾ ਸੀ। ਉਹਨਾਂ ਨੇ ਇਕ ਮਰਸਡੀਜ਼ ਕਾਰ ਵੀ ਇੰਡੀਆ ਭੇਜ ਦਿਤੀ ਸੀ।

ਮੈਂ ਬਹੁਤ ਹੀ ਮੁਸ਼ਕਲ ਨਾਲ ਜਿਵੇਂ ਕਿਵੇਂ ਕਰ ਕੇ ਆਪਣੇ ਆਪ ਨੂੰ ਘੜੀਸਦੀ ਹੋਈ ਮੈਂ ਫਲੈਟ ਵਿਚ ਪੁੱਜੀ। ਸਿਹਤ ਮੇਰੀ ਅਜਿਹੀ ਸੀ ਕਿ ਮੇਰੇ ਤੋਂ ਕੋਈ ਕੰਮ ਨਹੀਂ ਸੀ ਕਰ ਹੋ ਰਿਹਾ। ਰਸੋਈ ਦਾ ਸਾਰਾ ਕੰਮ ਤਾਂ ਚੰਦਨ ਸਾਹਿਬ ਆਪ ਹੀ ਕਰ ਲੈਂਦੇ ਸਨ, ਫਿਰ ਅਸੀਂ ਜਲਦੀ ਹੀ ਇਕ ਨੌਕਰ ਵੀ ਰੱਖ ਲਿਆ। ਮੈਂ ਹੌਲੀ ਹੌਲੀ ਠੀਕ ਹੋਣ ਲੱਗੀ। ਦਿੱਲੀ ਆ ਕੇ ਚੰਦਨ ਸਾਹਿਬ ਬਹੁਤ ਖੁਸ਼ ਸਨ। ਉਹ ਚਾਰੇ ਪਾਸੇ ਭੱਜੇ ਫਿਰਦੇ ਸਨ। ਬੈਂਕ ਵਿਚ ਮੇਰੇ 68 ਹਜ਼ਾਰ ਰੁਪਏ ਜਮਾਂ ਸਨ। ਫਲੈਟ ਵਿਚ ਸਮਾਨ ਪੁਆਉਣ ਲਈ ਉਹਨਾਂ ਮੇਰੇ ਸਾਰੇ ਪੈਸੇ ਕੱਢਵਾ ਲਏ। ਇੰਗਲੈਂਡ ਤੋਂ ਆਉਣ ਵਾਲੇ ਸਮਾਨ ਨੂੰ ਛੇ ਹਫਤੇ ਲੱਗ ਗਏ ਸਨ। ਮੈਂ ਸਿਹਤ ਠੀਕ ਹੁੰਦਿਆਂ ਹੀ ਕਾਲਜ ਜਾਣ ਲੱਗੀ ਸਾਂ। ਵੈਸੇ ਮੇਰੀਆਂ ਛੁੱਟੀਆਂ ਤਾਂ ਹਾਲੇ ਰਹਿੰਦੀਆਂ ਸਨ ਪਰ ਮੈਂ ਘਰ ਵਿਹਲੀ ਬੈਠਣਾ ਠੀਕ ਨਾ ਸਮਝਿਆ। ਜਿਹੜਾ ਮੈਨੂੰ ਪ੍ਰੋਜੈਕਟ ਮਿਲਿਆ ਸੀ ਉਹ ਮੈਂ ਪੂਰਾ ਕਰ ਲਿਆ ਸੀ। 'ਬ੍ਰਤਾਨਵੀ ਪੰਜਾਬੀ ਸਾਹਿਤ ਦੇ ਮਸਲੇ' ਨਾਮੀ ਕਿਤਾਬ ਵੀ ਲਿਖ ਲਈ ਸੀ।

ਚੰਦਨ ਸਾਹਿਬ ਨੇ ਜਿਹੜੀ ਮਰਸਡੀਜ਼ ਕਾਰ ਇੰਗਲੈਂਡ ਤੋਂ ਲਿਆਂਦੀ ਸੀ ਉਹ ਕੁਝ ਦੇਰ ਨਾਲ ਹੀ ਪੁੱਜੀ। ਕਸਟਮ ਵਾਲਿਆਂ ਤੋਂ ਛੁਡਵਾਉਣ ਵਿਚ ਵੀ ਬਹੁਤ ਮੁਸ਼ਕਲਾਂ ਸਾਹਮਣੇ ਆਈਆਂ। ਸਭ ਰਲਾ ਕੇ ਸੱਤ ਲੱਖ ਰੁਪਏ ਕਸਟਮ ਦੇ ਪੈ ਗਏ ਤੇ ਏਨੀ ਕੁ ਹੀ ਕਾਰ ਦੀ ਕੀਮਤ ਸੀ। ਉਹਨਾਂ ਨੇ ਕਿਸੇ ਤਰ੍ਹਾਂ ਕਰ ਕਰਾ ਕੇ ਕਾਰ ਵੇਚ ਕੇ ਕਸਟਮ ਦੀ ਰਕਮ ਭਰੀ। ਉਹਨਾਂ ਦੀ ਕਾਰ ਅਜਾਈਂ ਹੀ ਗਈ। ਜਿਵੇਂ ਉਹਨਾਂ ਦੇ ਸੁਭਾਅ ਵਿਚ ਥੋੜੀ ਅੱਤ ਹੈ ਹੀ ਸੀ। ਉਹ ਖੁਸ਼ ਵੀ ਵਧੇਰੇ ਹੁੰਦੇ ਤੇ ਉਦਾਸ ਵੀ। ਏਨੇ ਪੈਸੇ ਰੁੜ੍ਹ ਜਾਣ ਕਾਰਨ ਉਹਨਾਂ ਦੇ ਦੁਖੀ ਮਨ ਨੂੰ ਸਹਿਲਾਉਂਦਿਆਂ ਮੈ ਇਕ ਦਿਨ ਆਖਿਆ,

"ਚੰਦਨ ਜੀ, ਬਹੁਤ ਮਾੜੀ ਗੱਲ ਹੋਈ ਏ, ਏਨੀ ਵਧੀਆ ਤੇ ਮਹਿੰਗੀ ਕਾਰ ਸੀ ਪਰ ਤੁਸੀਂ ਹੁਣ ਸਹਿਜ ਹੋਣ ਦੀ ਕੋਸ਼ਿਸ਼ ਕਰੋ।"

"ਕਿੱਤਰਾਂ ਹੋ ਜਾਵਾਂ ਸਹਿਜ? ਮੇਰੀ ਰਿਟਾਇਰਮੈਂਟ ਦੀ ਮਿਲੀ ਰਕਮ ਖੂਹ ਵਿਚ ਜਾ ਡਿੱਗੀ ਏ, ਕਿੱਤਰਾਂ ਹੋ ਜਾਵਾਂ ਸਹਿਜ? ਜਦ ਤੈਨੂੰ ਪੈਨਸ਼ਨ ਮਿਲੀ ਤੇ ਉਸ ਵੇਲੇ ਮਿਲੀ ਸਾਰੀ ਰਕਮ ਨੂੰ ਚੌਰਾਹੇ ਵਿਚ ਰੱਖ ਕੇ ਅੱਗ ਲਾਵਾਂਗਾ ਤਾਂ ਫੇਰ ਸਹਿਜ ਹੋ ਕੇ ਦਿਖਾਵੀਂ!"

ਉਹ ਅਜਿਹਾ ਸ਼ੁਰੂ ਹੋਏ ਕਿ ਕਿੰਨੀ ਦੇਰ ਤਕ ਗ਼ਲਤ-ਮਲਤ ਬੋਲਦੇ ਰਹੇ। ਅਸਲ ਵਿਚ ਉਹਨਾਂ ਦੀ ਗ਼ਲਤੀ ਇਹ ਸੀ ਕਿ ਕਾਰ ਇੰਡੀਆ ਨੂੰ ਭੇਜਣ ਤੋਂ ਪਹਿਲਾਂ ਕਸਟਮ ਬਾਰੇ ਕੁਝ ਵੀ ਪਤਾ ਨਹੀਂ ਸੀ ਕੀਤਾ।

ਦਿੱਲੀ ਆ ਕੇ ਉਹਨਾਂ ਨੇ ਸਭ ਤੋਂ ਪਹਿਲਾਂ ਪਰਚਾ ਸ਼ੁਰੂ ਕਰਨ ਦਾ ਉਪਰਾਲਾ ਕੀਤਾ। ਇਹ ਉਹਨਾਂ ਦੀ ਬਹੁਤ ਪੁਰਾਣੀ ਤਮੰਨਾ ਸੀ। ਕਦੇ ਇੰਗਲੈਂਡ ਵਿਚ ਵੀ 'ਸੂਰਜ' ਨਾਂ ਦਾ ਮੈਗਜ਼ੀਨ ਸ਼ੁਰੂ ਕੀਤਾ ਸੀ ਜੋ ਕਿਸੇ ਕਾਰਨ ਬੰਦ ਕਰਨਾ ਪਿਆ ਸੀ। ਡਾਕਟਰ ਸਤਿੰਦਰ ਸਿੰਘ ਨੂਰ ਨੂੰ ਨਾਲ ਲੈ ਕੇ ਉਹ ਪਰਚੇ ਦਾ ਨਾਂ ਰਜਿਸਟਰ ਕਰਾਉਣ ਗਏ ਤਾਂ ਪਤਾ ਚੱਲਿਆ ਕਿ ਇਸ ਨਾਂ ਦਾ ਤਾਂ ਪਹਿਲਾਂ ਹੀ ਹਿੰਦੀ ਵਿਚ ਕੋਈ ਮੈਗਜ਼ੀਨ ਨਿਕਲ ਰਿਹਾ ਸੀ। ਉਹਨਾਂ ਫਿਰ 'ਸਾਹਿਤਕ ਸੂਰਜ' ਨਾਂ 'ਤੇ ਪਰਚਾ ਰਜਿਸਟਰ ਕਰਾ ਲਿਆ। ਪਰਚਾ ਰਜਿਸਟਰ ਹੋਣ 'ਤੇ ਬਲਵੰਤ ਰਾਮੂਵਾਲੀਏ ਦੇ ਘਰ ਪਾਰਟੀ ਕੀਤੀ ਗਈ ਜਿਸ ਵਿਚ ਸਾਰੇ ਹੀ ਲੇਖਕ ਦੋਸਤ ਸ਼ਾਮਲ ਹੋਏ। ਪਰਚੇ ਕਰਕੇ ਸਾਡੇ ਘਰ ਲੋਕਾਂ ਦਾ ਆਉਣਾ-ਜਾਣਾ ਹੋਰ ਵੀ ਵਧ ਗਿਆ। ਪਰਚੇ ਦਾ ਪੱਧਰ ਕਾਫੀ ਵਧੀਆ ਹੋਣ ਕਰਕੇ ਲੋਕ ਛੇਤੀ ਹੀ ਇਸ ਨਾਲ ਜੁੜਣ ਲੱਗ ਪਏ ਸਨ। ਪੰਜਾਬ ਤੋਂ ਤੁਰੇ ਲੇਖਕ ਵੀ ਸਾਡੇ ਘਰ ਆ ਕੇ ਠਹਿਰਦੇ। ਛੋਟੇ, ਵੱਡੇ ਸਭ ਲੇਖਕਾਂ ਦੀ ਚੰਦਨ ਸਾਹਿਬ ਖੂਬ ਸੇਵਾ ਕਰਦੇ। ਵਿਸਕੀ, ਵਾਈਨ, ਬੀਅਰ ਪਾਣੀ ਵਾਂਗ ਵਹਿੰਦੀਆਂ। ਬਹਿਸਾਂ ਹੁੰਦੀਆਂ। ਲੜ੍ਹਾਈ ਝਗੜੇ ਵੀ ਹੁੰਦੇ। ਚੰਦਨ ਸਾਹਿਬ ਨਵੀਆਂ ਨਵੀਆਂ ਦੋਸਤੀਆਂ ਪਾਉਂਦੇ। ਕਈ ਦੋਸਤੀਆਂ ਤੋਂ ਅੱਕ ਜਾਂਦੇ ਤਾਂ ਤੋੜ੍ਹ ਵੀ ਦਿੰਦੇ। ਕਿਸੇ ਗੱਲ ਦਾ ਪਰਦਾ ਰੱਖਣਾ ਉਹਨਾਂ ਨੂੰ ਆਉਂਦਾ ਹੀ ਨਹੀਂ ਸੀ, ਇਸ ਲਈ ਅਗਲੇ ਨੂੰ ਸਹਿਜੇ ਹੀ ਆਪਣੇ ਖਿਲਾਫ ਕਰ ਲੈਂਦੇ। ਅਸਲ ਵਿਚ ਉਹਨਾਂ ਦੇ ਸੁਭਾਅ ਵਿਚ ਟਿਕਾਊਪਨ ਤਾਂ ਹੈ ਹੀ ਨਹੀਂ ਸੀ। ਉਹ ਕਿਸੇ ਵੀ ਕੰਮ ਤੋਂ ਕਿਸੇ ਵੀ ਬੰਦੇ ਤੋਂ ਸਹਿਜੇ ਹੀ ਉਕਤਾ ਜਾਂਦੇ। ਇਵੇਂ ਹੀ ਪਰਚੇ ਨਾਲ ਹੋਈ। ਸਾਹਿਤਕ ਸੂਰਜ ਬਹੁਤ ਲਗਨ ਨਾਲ ਕੱਢਿਆ ਸੀ ਪਰ ਦਸ ਕੁ ਅੰਕ ਕੱਢ ਕੇ ਬੰਦ ਕਰ ਦਿਤਾ ਸੀ। ਹਰ ਕੰਮ ਨੂੰ ਉਹ ਬਹੁਤ ਹੀ ਲਗਨ ਨਾਲ ਕਰਦੇ ਸਨ ਪਰ ਅੱਕਦੇ ਵੀ ਓਨੀ ਹੀ ਜਲਦੀ।

ਦਿੱਲੀ ਯੂਨੀਵਰਸਿਟੀ ਵਿਚ ਡਾਕਟਰ ਹਰਿਭਜਨ ਸਿੰਘ ਦਾ ਬੋਲਬਾਲਾ ਸੀ ਤੇ ਹਰਿਭਜਨ ਸਿੰਘ ਨਾਲ ਚੰਦਨ ਸਾਹਿਬ ਦੁਸ਼ਮਣੀ ਪਾ ਬੈਠੇ ਸਨ। ਸੋ ਉਹਨਾਂ ਦੇ ਸਾਰੇ ਹੀ ਚੇਲੇ-ਬਾਲਕੇ ਚੰਦਨ ਸਾਹਿਬ ਦੇ ਖਿਲਾਫ ਸਨ। ਮੇਰੇ ਨਾਲ ਡਾਕਟਰ ਸਾਹਿਬ ਠੀਕ ਸਨ। ਸਦਾ ਪਿਆਰ ਨਾਲ ਮਿਲਦੇ। ਮੇਰੀ ਹਾਲਤ ਅਜੀਬ ਜਿਹੀ ਸੀ। ਇਕ ਪਾਸੇ ਪਤੀ ਦੇ ਦੂਜੇ ਪਾਸੇ ਅਧਿਆਪਕ। ਅਧਿਆਪਕ ਵੀ ਉਹ ਜਿਸ ਨੇ ਮੇਰੀ ਜ਼ਿੰਦਗੀ ਬਦਲ ਕੇ ਰੱਖ ਦਿਤੀ ਸੀ। ਮੈਂ ਕਾਲਜ ਵਿਚ ਸੱਤ-ਅੱਠ ਸਾਲ ਪੜ੍ਹਾਉਣ ਤੋਂ ਬਾਅਦ ਪੀ ਐਚ. ਡੀ. ਕਰਨ ਦਾ ਮਨ ਬਣਾਇਆ ਸੀ। ਉਹ ਵੀ ਸ਼ਾਇਦ ਹਾਲੇ ਨਾ ਕਰਦੀ ਜੇ ਮੈਂ ਇਕ ਦਿਨ ਯੂਨੀਵਰਸਿਟੀ ਨਾ ਗਈ ਹੁੰਦੀ। ਡਾਕਟਰ ਸਾਹਿਬ ਨੇ ਮੈਨੂੰ ਭਾਈ ਵੀਰ ਸਿੰਘ ਦੀ ਕਵਿਤਾ ਦੇ ਰੂਪ-ਵਿਗਿਆਨਕ ਅਧਿਐਨ ਦਾ ਵਿਸ਼ਾ ਦੇ ਦਿਤਾ ਸੀ। ਮੈਂ ਪੂਰੀ ਮਿਹਨਤ ਨਾਲ ਪੀ ਐਚ. ਡੀ. ਕਰ ਲਈ ਸੀ ਪਰ ਡਾਕਟਰ ਸਾਹਿਬ ਦੀ ਰਾਹ-ਦਿਖਾਈ ਬਿਨਾਂ ਇਹ ਸੰਭਵ ਨਹੀਂ ਸੀ।

ਅਸੀਂ ਅੰਮ੍ਰਿਤਾ ਤੇ ਇਮਰੋਜ਼ ਨੂੰ ਅਕਸਰ ਮਿਲਣ ਜਾਂਦੇ ਰਹਿੰਦੇ ਸਾਂ। ਦਿੱਲੀ ਪੁੱਜਦਿਆਂ ਹੀ ਅੰਮ੍ਰਿਤਾ ਨੇ ਸਾਨੂੰ ਗੈਸ ਤੇ ਟੈਲੀਫੋਨ ਦਾ ਕੁਨੈਕਸ਼ਨ ਲੈ ਦਿਤਾ ਸੀ। ਉਹਨਾਂ ਦਿਨ੍ਹਾਂ ਵਿਚ ਇਹ ਦੋਵੇਂ ਚੀਜ਼ਾਂ ਲੈਣੀਆਂ ਜ਼ਰਾ ਮੁਸ਼ਕਿਲ ਸਨ। ਅੰਮ੍ਰਿਤਾ ਉਸ ਵੇਲੇ ਰਾਜ ਸਭਾ ਦੀ ਮੈਂਬਰ ਸੀ ਤੇ ਉਸ ਕੋਲ ਏਨੀ ਕੁ ਤਾਕਤ ਸੀ। ਕਈ ਲੋਕ ਕਹਿੰਦੇ ਸਨ ਕਿ ਅੰਮ੍ਰਿਤਾ ਅਜਿਹੇ ਕੰਮ ਕਰਾਉਣ ਦੇ ਪੈਸੇ ਲੈਂਦੀ ਹੈ ਪਰ ਸਾਡਾ ਅਜਿਹਾ ਕੋਈ ਅਨੁਭਵ ਨਹੀਂ ਹੋਇਆ। ਸਾਨੂੰ ਤਾਂ ਉਹਨਾਂ ਆਪ ਇਹ ਕੁਨੈਕਸ਼ਨ ਇਹ ਕਹਿ ਕੇ ਲੈ ਦਿੱਤਾ ਸੀ ਕਿ



ਦੇਵਿੰਦਰ ਤੈਨੂੰ ਇਸਦੀ ਲੋੜ ਹੈ ਤੇ ਅਸੀਂ ਤੈਨੂੰ ਜਲਦੀ ਲੈ ਦੇਵਾਂਗੇ। ਮੈਨੂੰ ਯਾਦ ਹੈ ਕਿ ਦਿੱਲੀ ਆ ਕੇ ਜਦੋਂ ਅਸੀਂ ਦੋਵੇਂ ਅੰਮ੍ਰਿਤਾ ਦੇ ਘਰ ਗਏ ਤਾਂ ਇਮਰੋਜ਼ ਹੁਰੀਂ ਝੱਟ ਟੈਲੀਫੋਨ ਅਤੇ ਗੈਸ ਦੇ ਕੁਨੈਕਸ਼ਨ ਲਈ ਫਾਰਮ ਲੈ ਆਏ ਸਨ।

ਪੰਜਾਬੀ ਅਕੈਡਮੀ ਦਾ ਕੋਈ ਫੰਕਸ਼ਨ ਸੀ। ਮੈਂ ਉਥੇ ਗਈ ਤਾਂ ਬਹੁਤ ਸਾਰੇ ਦੋਸਤ ਮਿਲ ਪਏ। ਅਬੌਰਸ਼ਨ ਵਾਲੀ ਗੱਲ ਭਾਵੇਂ ਅਸੀਂ ਪਰਦੇ ਵਿਚ ਰੱਖੀ ਸੀ ਪਰ ਦੋਸਤਾਂ ਨੂੰ ਖ਼ਬਰ ਲੱਗ ਹੀ ਗਈ। ਚੰਦਨ ਨੇਗੀ ਕਹਿਣ ਲੱਗੀ,

"ਦੇਵਿੰਦਰ, ਤੈਨੂੰ ਪਤਾ ਨਹੀਂ ਤੂੰ ਕਿੱਡੀ ਵੱਡੀ ਗ਼ਲਤੀ ਕਰ ਲਈ ਏ, ਏਹਦੀ ਸਜ਼ਾ ਹੁਣ ਤੂੰ ਸਾਰੀ ਉਮਰ ਭੁਗਤੇਂਗੀ!"

ਉਸ ਦੇ ਕਹਿਣ ਨੇ ਮੈਨੂੰ ਡਰਾ ਜਿਹਾ ਦਿਤਾ। ਭਾਵੁਕ ਤੌਰ 'ਤੇ ਤਾਂ ਮੈਂ ਪਹਿਲਾਂ ਹੀ ਟੁੱਟੀ ਪਈ ਸਾਂ। ਚੰਦਨ ਸਾਹਿਬ ਤੋਂ ਕੋਈ ਸਹਾਰਾ ਨਹੀਂ ਸੀ ਮਿਲ ਰਿਹਾ ਦਿੱਲੀ ਆ ਕੇ ਤਾਂ ਉਹ ਇਵੇਂ ਦੌੜੇ ਫਿਰਦੇ ਸਨ ਜਿਵੇਂ ਚਾਬੀ ਦੇ ਛੱਡੇ ਹੋਏ ਹੋਣ। ਜੇ ਉਹਨਾਂ ਕੋਲ ਕੋਈ ਮੇਰੀ ਕਮਜ਼ੋਰੀ ਬਾਰੇ ਜਾਂ ਮੇਰੀ ਸਿਹਤ ਬਾਰੇ ਗੱਲ ਕਰਦਾ ਤਾਂ ਕਹਿੰਦੇ ਕਿ ਇਹ ਡਰਾਮੇ ਕਰਦੀ ਹੈ।

ਅਚਾਨਕ ਮੇਰੀ ਸਿਹਤ ਵਿਗੜਣ ਲੱਗ ਪਈ। ਮੈਂ ਚੰਦਨ ਸਾਹਿਬ ਕੋਲ ਸ਼ਿਕਾਇਤ ਕਰਦੀ ਤਾਂ ਉਹ ਇਵੇਂ ਵਰਤਦੇ ਜਿਵੇਂ ਮੇਰੀ ਗੱਲ ਸੁਣੀ ਹੀ ਨਾ ਹੋਵੇ। ਵਿਆਹ ਦੇ ਪਹਿਲੇ ਦਿਨ ਤੋਂ ਹੀ ਉਹਨਾਂ ਦਾ ਵਤੀਰਾ ਅਜਿਹਾ ਰਿਹਾ ਸੀ। ਮੈਂ ਆਪਣੀ ਸਿਹਤ ਬਾਰੇ ਕੋਈ ਸ਼ਿਕਾਇਤ ਕਰਦੀ ਤਾਂ ਉਹ ਅਣਗੌਲ ਦਿੰਦੇ। ਮੇਰੀ ਸਿਹਤ ਦਿਨੋ ਦਿਨ ਵਿਗੜ ਰਹੀ ਸੀ। ਡਾਕਟਰਾਂ ਨੂੰ ਬਿਮਾਰੀ ਦੀ ਕੁਝ ਸਮਝ ਨਹੀਂ ਸੀ ਪੈ ਰਹੀ। ਚੰਦਨ ਸਾਹਿਬ ਨੂੰ ਮੇਰੀ ਸਿਹਤ ਦੀ ਕੋਈ ਪ੍ਰਵਾਹ ਨਹੀਂ ਸੀ। ਇਹਨਾਂ ਦਿਨਾਂ ਵਿਚ ਹੀ ਉਹਨਾਂ ਨੂੰ ਵਾਪਸ ਇੰਗਲੈਂਡ ਜਾਣਾ ਪਿਆ। ਪੈਨਸ਼ਨ ਨਾਲ ਸਬੰਧਿਤ ਕੋਈ ਕੰਮ ਸੀ। ਉਹਨਾਂ ਦੇ ਜਾਣ ਤੋਂ ਬਾਅਦ ਮੇਰੀ ਸਿਹਤ ਹੋਰ ਵੀ ਡਿਗਣ ਲੱਗੀ। ਮੇਰਾ ਕਾਲਜ ਜਾਣਾ ਬੰਦ ਹੋ ਗਿਆ। ਚੰਦਨ ਸਾਹਿਬ ਵਾਪਸ ਆਏ ਤਾਂ ਮੈਂ ਉਹਨਾਂ ਨੂੰ ਏਅਰ ਪੋਰਟ ਤੋਂ ਲੈਣ ਵੀ ਗਈ ਪਰ ਮੇਰੀ ਸਿਹਤ ਬਿਲਕੁਲ ਵੱਲ ਨਹੀਂ ਸੀ। ਮੈਂ ਘਰ ਆਉਂਦੇ ਹੀ ਬਿਸਤਰ ਵਿਚ ਜਾ ਪਈ। ਚੰਦਨ ਸਾਹਿਬ ਜ਼ਰਾ ਕੁ ਨਸ਼ੇ ਵਿਚ ਆਏ ਕਿਸੇ ਹੋਰ ਹੀ ਮੂਡ ਵਿਚ ਸਨ। ਉਹ ਬੋਲੇ,

"ਮੈਂ ਏਨੇ ਦਿਨਾਂ ਬਾਅਦ ਆਇਆਂ ਤੇ ਤੂੰ ਮਰੀ ਪਈ ਏਂ। ਦੱਸ ਹੁਣ ਮੈਂ ਕੀ ਕਰਾਂ?"

"ਚੰਦਨ ਸਾਹਿਬ, ਮੇਰੀ ਸਿਹਤ ਤੁਹਾਡੇ ਸਾਹਮਣੇ ਹੀ ਏ।"

"ਮੈਂ ਵੇਸਵਾ ਕੋਲ ਚਲੇ ਜਾਵਾਂ?"

"ਇਹ ਤੁਸੀਂ ਸੋਚੋ!"

ਮੈਂ ਗੁੱਸੇ ਵਿਚ ਆਈ ਨੇ ਕਿਹਾ। ਸਹਿਵਾਸ ਵੇਲੇ ਚੰਦਨ ਸਾਹਿਬ ਵਿਚ ਨਰਮੀ ਤਾਂ ਹੈ ਹੀ ਨਹੀਂ ਸੀ। ਉਸ ਵੇਲੇ ਵੀ ਉਹਨਾਂ ਦੇ ਸੁਭਾਅ ਵਾਲਾ ਅੱਤ ਹੀ ਹੁੰਦਾ। ਕਿਸੇ ਹੋਰ ਦੀਆਂ ਭਾਵਨਾਵਾਂ ਦਾ ਕੋਈ ਫਿਕਰ ਨਾ ਹੁੰਦਾ। ਮੈਨੂੰ ਆਪਣੀ ਸਿਹਤ ਦੀ ਚਿੰਤਾ ਸੀ। ਚੰਦਨ ਸਾਹਿਬ ਨੇ ਬਾਹਰ ਵੇਸਵਾਵਾਂ ਕੋਲ ਜਾਣਾ ਸ਼ੁਰੂ ਕਰ ਦਿਤਾ। ਇਥੇ ਹੀ ਬਸ ਨਹੀਂ, ਵੇਸਵਾਵਾਂ ਕੋਲ ਜੋ ਵੀ ਹੋਇਆ ਹੁੰਦਾ ਉਹ ਸਭ ਘਰ ਆ ਕੇ ਮੈਨੂੰ ਚਟਖ਼ਾਰੇ ਲੈ ਕੇ ਸੁਣਾਉਂਦੇ। ਮੇਰੇ ਉਪਰ ਇਸ ਦਾ ਹੋਰ ਵੀ ਭੈੜਾ ਅਸਰ ਹੋਣ ਲੱਗਦਾ। ਉਹ ਵੇਸਵਾਵਾਂ

ਉਪਰ ਕਾਫੀ ਸਾਰੇ ਪੈਸੇ ਲੁਟਾਉਂਦੇ ਸਨ। ਕਈ ਵਾਰ ਉਹ ਇਹਨਾਂ ਨੂੰ ਲੁੱਟ ਵੀ ਲੈਂਦੀਆਂ। ਆਪਣੀਆਂ ਚੀਜ਼ਾਂ ਉਥੇ ਗੁਆ ਵੀ ਆਉਂਦੇ। ਜਦ ਵੀ ਮੇਰੀ ਸਿਹਤ ਜ਼ਰਾ ਕੁ ਠੀਕ ਹੁੰਦੀ ਤਾਂ ਮੇਰੇ ਵਲ ਵੀ ਵਧਦੇ। ਮੈਨੂੰ ਇਹ ਵੀ ਡਰ ਰਹਿੰਦਾ ਕਿ ਗੰਦੀਆਂ ਜਗਾਵਾਂ ਤੋਂ ਕੋਈ ਬਿਮਾਰੀ ਹੀ ਨਾ ਲੈ ਆਉਣ ਤੇ ਮੈਨੂੰ ਲਗਾ ਦੇਣ। ਇਕ ਵਾਰੀ ਉਹਨਾਂ ਨੂੰ ਬਿਮਾਰੀ ਲੱਗਣ ਦਾ ਵਹਿਮ ਵੀ ਹੋ ਗਿਆ ਸੀ ਤੇ ਕਾਫੀ ਦੇਰ ਤਕ ਆਪਣਾ ਚੈੱਕ-ਅੱਪ ਵੀ ਕਰਾਉਂਦੇ ਰਹੇ ਸਨ।

ਜੇ ਮੈਂ ਮੂੰਹ ਫਟ ਹੁੰਦੀ ਜਾਂ ਆਪਣਾ ਗੁੱਸਾ ਕਿਸੇ ਤਰ੍ਹਾਂ ਕੱਢ ਸਕਦੀ ਤਾਂ ਸ਼ਾਇਦ ਇਹ ਸਭ ਝੱਲਣਾ ਮੇਰੇ ਲਈ ਸੌਖਾ ਹੋ ਜਾਂਦਾ ਪਰ ਇਹ ਸਭ ਕੁਝ ਮੇਰੇ ਅੰਦਰ ਹੀ ਬੈਠਾ ਰਹਿੰਦਾ ਤੇ ਮੈਨੂੰ ਖੋਰਦਾ ਰਹਿੰਦਾ। ਚੰਦਨ ਸਾਹਿਬ ਦੀ ਵੇਸਵਾਗਮਨੀ ਬਾਰੇ ਮੈਂ ਉਹਨਾਂ ਕੋਲ ਤਾਂ ਕੀ ਕਿਸੇ ਹੋਰ ਕੋਲ ਵੀ ਸ਼ਿਕਾਇਤ ਨਾ ਕਰ ਸਕੀ।

ਇਹਨਾਂ ਦਿਨਾਂ ਵਿਚ ਹੀ ਉਹਨਾਂ ਨੇ ਆਪਣਾ ਨਾਵਲ 'ਕੰਜਕਾਂ' ਲਿਖਣਾ ਸ਼ੁਰੂ ਕਰ ਦਿਤਾ। ਨਾਵਲ ਸ਼ੁਰੂ ਕਰਦਿਆਂ ਹੀ ਉਹਨਾਂ ਨੇ ਮੇਰਾ ਬਿਸਤਰ ਦੂਜੇ ਕਮਰੇ ਵਿਚ ਲਗਾ ਦਿਤਾ ਤੇ ਬੋਲੇ,

"ਮੈਂ ਆਪਣਾ ਸਾਰਾ ਧਿਆਨ ਆਪਣੇ ਨਾਵਲ ਤੇ ਕੇਂਦਰਤ ਕਰਨਾ ਚਾਹੁੰਨਾ।"

"ਚੰਦਨ ਜੀ, ਤੁਸੀਂ ਮੇਰੀ ਸਿਹਤ ਬਾਰੇ ਵੀ...।"

"ਤੂੰ ਆਪਣੀ ਮਾਂ ਨੂੰ ਆਪਣੇ ਕੋਲ ਬੁਲਾ ਲੈ, ਮੈਨੂੰ ਕਿਸੇ ਗੱਲੋਂ ਵੀ ਡਿਸਟਰਬੈਂਸ ਨਹੀਂ ਚਾਹੀਦੀ, ਸਮਝੀ!"

ਉਹਨਾਂ ਨੇ ਹੁਕਮ ਸੁਣਾ ਦਿਤਾ। ਮੇਰੀ ਸਿਹਤ ਹੁਣ ਹੋਰ ਵੀ ਅਜਿਹੀ ਸੀ ਕਿ ਮੇਰੇ ਕੋਲੋਂ ਬਹੁਤਾ ਹਿਲਜੁਲ ਵੀ ਨਹੀਂ ਸੀ ਹੁੰਦਾ। ਮੇਰੇ ਪੇਟ ਦੇ ਅੰਦਰ ਦਰਦਾਂ ਪੈਂਦੀਆਂ ਰਹਿੰਦੀਆਂ ਸਨ। ਮੇਰੇ ਬਹੁਤਾ ਹੀ ਜ਼ੋਰ ਪਾਉਣ 'ਤੇ ਉਹ ਇਕ ਦਿਨ ਮੈਨੂੰ ਡਾਕਟਰ ਦੇ ਲੈ ਕੇ ਗਏ। ਡਾਕਟਰ ਰਵੀ ਚੌਧਰੀ ਦੀ ਭੈਣ ਦੀ ਕਲੀਨਿਕ ਸੀ। ਮੈਂ ਉਹਨਾਂ ਦੇ ਕਲਿਨਿਕ ਵਿਚ ਦਾਖਲ ਹੋ ਗਈ। ਉਹਨਾਂ ਨੂੰ ਮੇਰੀ ਬਿਮਾਰੀ ਦਾ ਕੋਈ ਕਾਰਨ ਨਾ ਲੱਭ ਸਕਿਆ। ਸਾਰੇ ਡਿਪਰੈੱਸ਼ਨ ਦੱਸ ਰਹੇ ਸਨ ਪਰ ਚੰਦਨ ਸਾਹਿਬ ਕਹਿੰਦੇ ਸਨ ਕਿ ਡਿਪਰੈੱਸ਼ਨ ਨਾਂ ਦੀ ਕੋਈ ਬਿਮਾਰੀ ਨਹੀਂ ਹੁੰਦੀ। ਅੰਮ੍ਰਿਤਾ ਪ੍ਰੀਤਮ ਨੇ ਵੀ ਡਿਪਰੈਸ਼ੱਨ ਨਾਲ ਡੀਲ ਕਰਦਾ ਡਾਕਟਰ ਦੱਸਿਆ ਪਰ ਉਸ ਤੋਂ ਵੀ ਗੱਲ ਫੜੀ ਨਾ ਗਈ। ਚੰਦਨ ਸਾਹਿਬ ਕਹਿਣ ਲੱਗਦੇ ਕਿ ਇਹ ਵਹਿਮਣ ਹੋ ਗਈ ਹੈ। ਮੇਰੀ ਮਾਂ ਬਥੇਰੇ ਓਹੜ-ਪੋਹੜ ਕਰ ਰਹੀ ਸੀ ਪਰ ਮੈਂ ਐਕਿਊਟ ਡਿਪਰੈੱਸ਼ਨ ਵਿਚ ਸਾਂ। ਮੇਰੀ ਨਰਵਿਸ ਬਰੇਕਡਾਊਨ ਹੋ ਜਾਣ ਦਾ ਖਤਰਾ ਬਣਿਆ ਹੋਇਆ ਸੀ। ਮੈਂ ਆਪਣੀ ਭਰਜਾਈ ਜਸਵਿੰਦਰ ਨੂੰ ਫੋਨ ਕੀਤਾ। ਉਸ ਨੇ ਔਟੋ ਕੀਤਾ ਤੇ ਮੈਨੂੰ ਲੈਣ ਆ ਗਈ। ਉਸ ਨੇ ਇਹਨਾਂ ਨੂੰ ਕਿਹਾ,

"ਚੰਦਨ ਸਾਹਿਬ, ਮੈਂ ਦੀਦੀ ਨੂੰ ਲੈ ਚੱਲੀ ਆਂ।"

"ਓਕੇ ਜੀ, ਲੈ ਜਾਓ।"

ਇਹਨਾਂ ਦਿਨਾਂ ਵਿਚ ਹੀ ਐਸ. ਬਲਵੰਤ ਦਾ ਐਕਸੀਡੈਂਟ ਹੋ ਗਿਆ। ਚੰਦਨ ਸਾਹਿਬ ਉਸ ਦੀ ਖ਼ਬਰ ਲੈਣ ਗਏ ਤਾਂ ਪਤਾ ਚੱਲਿਆ ਕਿ ਉਹਨਾਂ ਦੇ ਉਪਰ ਵਾਲਾ ਫਲੈਟ ਵਿਕਾਊ ਹੈ। ਇਹਨਾਂ ਨੇ ਝੱਟ ਫੈਸਲਾ ਕਰ ਲਿਆ ਕਿ ਪਟਪੜ੍ਹ ਗੰਜ ਵਾਲਾ ਫਲੈਟ ਵੇਚ ਕੇ ਆਊਟਰਮ ਲੇਨ ਉਪਰ ਫਲੈਟ ਲੈ ਲਿਆ ਜਾਵੇ। ਇਹ ਫਲੈਟ ਯੂਨੀਵਰਸਿਟੀ ਦੇ ਨਜ਼ਦੀਕ



ਪੈਂਦਾ ਸੀ। ਗਿਆਰਾਂ ਲੱਖ ਦਾ ਮਿਲ ਰਿਹਾ ਸੀ। ਇਹ ਸੌਦਾ ਕਰ ਆਏ ਤੇ ਇਹ ਵਾਲਾ ਫਲੈਟ ਸੇਲ 'ਤੇ ਲਗਾ ਦਿਤਾ। ਸਾਡੇ ਵਾਲਾ ਫਲੈਟ ਸਾਢੇ-ਸੱਤ ਲੱਖ ਦਾ ਵਿਕਿਆ। ਕਿਉਂਕਿ ਫਲੈਟ ਮੇਰੇ ਨਾਂ 'ਤੇ ਸੀ ਇਸ ਲਈ ਕੁਝ ਦਿਨਾਂ ਲਈ ਇਹਨਾਂ ਦਾ ਸੁਭਾਅ ਨਰਮ ਹੋ ਗਿਆ।ਨਵਾਂ ਜਿਹੜਾ ਫਲੈਟ ਲਿਆ ਸੀ ਉਹ ਇਹਨਾਂ ਨੇ ਆਪਣੇ ਨਾਂ 'ਤੇ ਕਰਾ ਲਿਆ। ਮੈਨੂੰ ਚੁੱਪ ਕਰਾਉਣ ਲਈ ਆਮ-ਮੁਖ਼ਤਿਆਰਨਾਮਾ ਮੇਰੇ ਨਾਂ ਦਾ ਬਣਾ ਦਿਤਾ ਪਰ ਮੈਂ ਏਨੀ ਬਿਮਾਰ ਸਾਂ ਕਿ ਮੈਨੂੰ ਅਜਿਹੀਆਂ ਗੱਲਾਂ ਜੋਗੀ ਹੋਸ਼ ਹੀ ਨਹੀਂ ਸੀ। ਉਹਨਾਂ ਨੂੰ ਜਾਪ ਰਿਹਾ ਸੀ ਕਿ ਹੁਣ ਮੈਂ ਨਹੀਂ ਬਚਦੀ ਇਸ ਲਈ ਚੰਦਨ ਸਾਹਿਬ ਜਲਦੀ ਜਲਦੀ ਵੀ ਕਰ ਰਹੇ ਸਨ। ਉਹ ਮੇਰੀ ਮੌਤ ਦੀਆਂ ਗੱਲਾਂ ਵੀ ਕਰਨ ਲੱਗਦੇ ਸਨ। ਮੇਰੀ ਮੌਤ ਤੋਂ ਬਾਅਦ ਵਾਲੀ ਸਥਿਤੀ ਬਾਰੇ ਵੀ ਗਿਣਤੀ-ਮਿਣਤੀ ਕਰਨ ਲੱਗਦੇ ਸਨ। ਇਹਨਾਂ ਦਿਨਾਂ ਵਿਚ ਮੈਂ ਪਹਾੜ ਗੰਜ ਆਪਣੀ ਮਾਂ ਦੇ ਘਰ ਹੀ ਰਹੀ ਤੇ ਚੰਦਨ ਸਾਹਿਬ ਨਵੇਂ ਫਲੈਟ ਵਿਚ ਮੂਵ ਹੋ ਗਏ ਸਨ। ਮੇਰੀ ਗੈਰਹਾਜ਼ਰੀ ਵਿਚ ਹੀ ਉਹਨਾਂ ਪੁਰਾਣੇ ਫਲੈਟ ਵਿਚੋਂ ਸਾਰਾ ਸਮਾਨ ਨਵੇਂ ਫਲੈਟ ਵਿਚ ਮੂਵ ਕਰਾ ਲਿਆ ਸੀ।

ਮੇਰਾ ਖਾਣਾ-ਪੀਣਾ ਵੀ ਛੁੱਟ ਗਿਆ ਸੀ। ਮੈਨੂੰ ਵੀ ਜਾਪਦਾ ਕਿ ਸ਼ਾਇਦ ਮੈਂ ਨਾ ਹੀ ਬਚਾਂ। ਮੇਰਾ ਭਾਰ ਬਹੁਤ ਘਟ ਗਿਆ ਸੀ। ਸਿਰਫ ਛਪੰਜਾ ਕਿੱਲੋ ਰਹਿ ਗਿਆ ਸੀ। ਸਾਰੇ ਹੀ ਫਿਕਰਵੰਦ ਸਨ ਪਰ ਚੰਦਨ ਸਾਹਿਬ ਬਿਲਕੁਲ ਨਹੀਂ ਸਨ। ਕਦੇ ਕਦੇ ਉਹ ਸਾਡੇ ਘਰ ਆਉਂਦੇ। ਹਨੇਰੀ ਵਾਂਗ ਆਉਂਦੇ ਤੇ ਤੂਫਾਨ ਵਾਂਗ ਮੁੜ ਜਾਂਦੇ। ਇਕ ਦਿਨ ਜਸਵਿੰਦਰ ਦੀ ਮਾਂ ਸਾਡੇ ਘਰ ਆਈ। ਉਹ ਜ਼ਰਾ ਵਹਿਮਣ ਕਿਸਮ ਦੀ ਔਰਤ ਸੀ। ਉਸ ਨੇ ਕਿਹਾ,

"ਤੁਸੀਂ ਕੁੜੀ ਨੂੰ ਡਾਕਟਰਾਂ ਦੇ ਲਈ ਫਿਰਦੇ ਓ ਪਰ ਮੈਨੂੰ ਤਾਂ ਲਗਦਾ ਏ ਕਿ ਇਹਦੇ ਉਪਰ ਕਿਸੇ ਦੀ ਛਾਇਆ ਪਈ ਹੋਈ ਏ। ਏਹਨੂੰ ਕਿਸੇ ਸਾਧ ਨੂੰ ਦਿਖਾਓ।"

ਉਹ ਮੇਰੇ ਸਾਹਮਣੇ ਹੀ ਇਹ ਗੱਲ ਕਹਿ ਰਹੀ ਸੀ। ਮੈਨੂੰ ਤਾਂ ਅਜਿਹੀਆਂ ਚੀਜ਼ਾਂ ਵਿਚ ਯਕੀਨ ਹੀ ਨਹੀਂ ਸੀ। ਮੈਂ ਅਜੀਬ ਜਿਹੇ ਦਰਦ ਨਾਲ ਤੜਫਦੀ ਨਿਢਾਲ ਪਈ ਉਹਨਾਂ ਦੀਆਂ ਗੱਲਾਂ ਸੁਣ ਰਹੀ ਸਾਂ। ਆਪਣੀ ਮਾਂ ਦੇ ਬਹੁਤਾ ਕਹਿਣ 'ਤੇ ਜਸਵਿੰਦਰ ਮੈਨੂੰ ਦਿੱਲੀ ਤੋਂ ਬਾਹਰ ਕਿਸੇ ਪੰਡਿਤ ਕੋਲ ਲੈ ਗਈ। ਉਸ ਨੇ ਕੁਝ ਮੰਤਰ ਪੜ੍ਹੇ ਤੇ ਬੋਲਿਆ,

"ਯਹ ਲੜਕੀ ਕੋ ਏਕ ਕੰਜਰ-ਸਾਇਆ ਨੇ ਜਕੜ ਰੱਖਾ ਹੈ। ਏਕ ਤੋ ਆਪ ਕਿਸੇ ਕਾਲੇ ਕੁੱਤੇ ਕੋ ਰੋਜ਼ ਰੋਟੀ ਖਿਲਾਓ ਔਰ ਮੁਝੇ ਜਮਨਾ ਕਿਨਾਰੇ ਬੈਠ ਕੇ ਇਸ ਕੇ ਲੀਏ ਪਾਠ ਕਰਨਾ ਪੜ੍ਹੇਗਾ ਮਗਰ ਇਸ ਸਭ ਕੇ ਲੀਏ ਪੈਸੇ ਲਗੇਂਗੇ।"

ਮੇਰੀ ਭਰਜਾਈ ਤਾਂ ਮੇਰੇ ਠੀਕ ਹੋਣ ਲਈ ਕੁਝ ਵੀ ਕਰ ਸਕਦੀ ਸੀ। ਪੰਡਿਤ ਨੇ ਅੱਠ ਹਜ਼ਾਰ ਤੇ ਛੇ ਸੌ ਰੁਪਏ ਮੰਗੇ। ਜਸਵਿੰਦਰ ਨੇ ਪਰਸ ਵਿਚੋਂ ਕੱਢ ਕੇ ਦੇ ਦਿਤੇ। ਇਸ ਸਭ ਦਾ ਵਿਰੋਧ ਕਰਨ ਜੋਗੀ ਮੇਰੇ ਵਿਚ ਤਾਕਤ ਨਹੀਂ ਸੀ। ਪੈਸੇ ਲੈ ਕੇ ਪੰਡਤ ਨੇ ਕੁਝ ਹੋਰ ਮੰਤਰ ਪੜ੍ਹੇ ਤੇ ਫਿਰ ਬੋਲਿਆ,

"ਇਸ ਲੜਕੀ ਕੋ ਇਸ ਕੇ ਪਤੀ ਕੇ ਪਾਸ ਭੇਜੀਏ ਔਰ ਸਹਿਵਾਸ ਕਰਨੇ ਕੇ ਲੀਏ ਬੋਲੀਏ, ਬਾਕੀ ਕਾ ਸਭ ਕਾਮ ਮੈਂ ਕਰ ਦੂੰਗਾ ਔਰ ਯੇ ਏਕ ਦਮ ਠੀਕ ਹੋ ਜਾਏਗੀ।"

ਜਸਵਿੰਦਰ ਬਹੁਤ ਖੁਸ਼ ਸੀ। ਮੈਂ ਉਸ ਨੂੰ ਕਹਿ ਰਹੀ ਸਾਂ ਕਿ ਇਹ ਸਭ ਬਕਵਾਸ ਹੈ ਪਰ ਮੇਰੀ ਗੱਲ ਕੌਣ ਸੁਣਦਾ ਸੀ। ਅਗਲੇ ਦਿਨ ਉਹ ਸਮਝਾ-ਬੁਝਾ ਕੇ ਮੈਨੂੰ ਚੰਦਨ ਸਾਹਿਬ ਕੋਲ ਛੱਡ ਆਈ। ਮੈਂ ਦੋ ਰਾਤਾਂ ਚੰਦਨ ਸਾਹਿਬ ਕੋਲ ਰਹੀ ਪਰ ਗੱਲ ਨਾ ਬਣੀ।

ਚੰਦਨ ਸਾਹਿਬ ਆਪਣੀ ਹੀ ਦੁਨੀਆਂ ਵਿਚ ਤੁਰੇ ਫਿਰਦੇ ਸਨ। ਜੇ ਮੇਰੇ ਕੋਲ ਆਉਂਦੇ ਵੀ ਤਾਂ ਅਜੀਬ ਜਿਹੀ ਸਥਿਤੀ ਪੈਦਾ ਕਰ ਦਿੰਦੇ। ਜਸਵਿੰਦਰ ਫਿਰ ਮੈਨੂੰ ਉਸ ਪੰਡਿਤ ਕੋਲ ਲੈ ਗਈ। ਸਾਰੀ ਗੱਲ ਸਮਝਦਾ ਪੰਡਿਤ ਬੋਲਿਆ,

"ਆਪ ਫਿਕਰ ਮੱਤ ਕੀਜੀਏ, ਯੇ ਕਾਮ ਭੀ ਮੈਂ ਹੀ ਕਰ ਦੇਤਾ ਹੂੰ।"

ਪੰਡਿਤ ਦੀ ਗੱਲ ਸੁਣ ਕੇ ਮੈਂ ਆਪਣੇ ਅੰਦਰਲੀ ਸਾਰੀ ਹਿੰਮਤ ਇਕੱਠੀ ਕੀਤੀ ਤੇ ਉਠ ਖੜੀ ਤੇ ਜਸਵਿੰਦਰ ਦਾ ਹੱਥ ਫੜ ਕੇ ਉਸ ਨੂੰ ਵੀ ਉਠਾ ਲਿਆ। ਪਤਾ ਨਹੀਂ ਉਸ ਵੇਲੇ ਮੇਰੇ ਅੰਦਰ ਏਨੀ ਹਿੰਮਤ ਕਿੱਥੋਂ ਆ ਗਈ।

ਇਕ ਦਿਨ ਜਸਵਿੰਦਰ ਨਾਲ ਕੰਮ ਕਰਦੀ ਉਸ ਦੀ ਇਕ ਕੁਲੀਗ ਨੇ ਸਾਨੂੰ ਨਿਓਰੋ ਸਰਜਨ ਤਰਲੋਚਨ ਸਿੰਘ ਦਾ ਪਤਾ ਦਿਤਾ ਜਿਸ ਨੇ ਮੇਰੇ ਵਰਗੇ ਕਈ ਮਰੀਜ਼ ਠੀਕ ਕੀਤੇ ਸਨ। ਜਸਵਿੰਦਰ ਮੈਨੂੰ ਉਸ ਸਰਜਨ ਕੋਲ ਲੈ ਗਈ। ਉਸ ਨੇ ਵਿਸਥਾਰ-ਪੂਰਵਕ ਮੇਰੇ ਕਈ ਟੈਸਟ ਕੀਤੇ ਤੇ ਬਿਮਾਰੀ ਫੜ ਲਈ। ਉਸ ਨੇ ਜੋ ਦਵਾਈ ਦਿਤੀ ਉਹ ਅਜੀਬ ਸੀ। ਇਹ ਸੌਣ ਦੀ ਦਵਾਈ ਸੀ। ਇਕ ਮਹੀਨਾ ਮੈਂ ਸੁੱਤੀ ਹੀ ਰਹਿਣਾ ਸੀ। ਸੁੱਤੀ ਪਈ ਨੂੰ ਹੀ ਮੈਨੂੰ ਦਵਾਈ ਦੇਣੀ ਸੀ ਤੇ ਪੀਣ ਨੂੰ ਪਾਣੀ-ਜੂਸ ਆਦਿ ਵੀ। ਜਸਵਿੰਦਰ ਤੇ ਮੇਰੀਆਂ ਭਤੀਜੀਆਂ ਨੇ ਮੇਰੀ ਬਹੁਤ ਸੇਵਾ ਕੀਤੀ। ਸਭ ਨੇ ਵਾਰੀਆਂ ਪਾ ਲਈਆਂ ਤੇ ਮੈਨੂੰ ਵਾਰੀ ਵਾਰੀ ਦਵਾਈ ਤੇ ਜੂਸ ਦਿੰਦੇ ਰਹਿੰਦੇ। ਮਹੀਨੇ ਬਾਅਦ ਮੈਂ ਠੀਕ ਹੋਣ ਲੱਗ ਪਈ। ਪੂਰੀ ਤਰ੍ਹਾਂ ਠੀਕ ਹੋ ਕੇ ਚੰਦਨ ਸਾਹਿਬ ਨੂੰ ਫੋਨ ਕਰ ਦਿਤਾ ਤੇ ਉਹ ਆ ਕੇ ਲੈ ਗਏ।

## ਸੱਤ

ਮੇਰੇ ਲਈ ਵਿਆਹੁਤਾ ਜ਼ਿੰਦਗੀ ਦਾ ਭਾਵ ਸੀ ਭਰਵੀਂ ਵਿਆਹੁਤਾ ਜ਼ਿੰਦਗੀ ਪਰ ਮੇਰੀ ਇਹ ਜ਼ਿੰਦਗੀ ਬਹੁਤ ਹੀ ਊਣੀ ਸੀ। ਇਕ ਗੱਲ ਚੰਗੀ ਇਹ ਵਾਪਰੀ ਸੀ ਕਿ ਮੈਂ ਆਪਣੀ ਭਾਣਜੀ ਦਾ ਵਿਆਹ ਆਪਣੇ ਹੱਥੀਂ ਕੀਤਾ ਸੀ। ਮੈਂ ਮਾਂ ਵਾਲੇ ਸਾਰੇ ਫਰਜ਼ ਨਿਭਾਏ ਸਨ ਤੇ ਚੰਦਨ ਸਾਹਿਬ ਨੇ ਪਿਤਾ ਵਾਲੇ। ਚੰਦਨ ਸਾਹਿਬ ਉਸ ਨੂੰ ਬਹੁਤ ਪਸੰਦ ਕਰਦੇ ਸਨ ਇਸੇ ਲਈ ਹੀ ਪਹਿਲਾਂ ਉਸਨੂੰ ਆਪਣੇ ਘਰ ਲੈ ਆਏ, ਫੇਰ ਉਸ ਦਾ ਵਿਆਹ ਕਰਨ ਲਈ ਵੀ ਤਿਆਰ ਹੋ ਗਏ ਸਨ। ਪਰ ਬਾਅਦ ਵਿਚ ਪਤਾ ਨਹੀਂ ਉਹਨਾਂ ਨੂੰ ਕੀ ਹੋਇਆ ਕਿ ਉਸ ਦੀ ਪੜ੍ਹਾਈ ਵਿਚ ਮੱਦਦ ਕਰਨ ਤੋਂ ਨਾਂਹ ਕਰ ਦਿਤੀ। ਉਸ ਦੇ ਐਮ. ਫਿਲ. ਦੇ ਥੀਸਸ ਵਿਚ ਏਨੇ ਨੁਕਸ ਕੱਢੇ ਕਿ ਕੁੜੀ ਰੋਣ ਹਾਕੀ ਹੋ ਗਈ। ਬਲਕਿ ਇਹ ਕਹਿਣ ਲੱਗੇ ਕਿ ਜੇ ਇਸ ਦੇ ਥੀਸਿਜ਼ ਨੂੰ ਪਾਸ ਕੀਤਾ ਜਾਏਗਾ ਤਾਂ ਮੈਂ ਆਪਣੇ ਪੀ ਐਚ ਡੀ ਦੇ ਥੀਸਿਜ਼ ਨੂੰ ਅੱਗ ਲਾ ਦਿਆਂਗਾ। ਸਿੱਟਾ ਇਹ ਕਿ ਨਾ ਹੀ ਉਹ ਆਪਣਾ ਥੀਸਿਜ਼ ਪੂਰਾ ਕਰ ਸਕੀ ਤੇ ਨਾ ਹੀ ਉਸਨੂੰ ਕੋਈ ਨੌਕਰੀ ਮਿਲ ਸਕੀ।

ਨਵੇਂ ਫਲੈਟ ਵਿਚ ਆ ਕੇ ਜ਼ਿੰਦਗੀ ਇਕ ਵਾਰ ਫਿਰ ਲਾਈਨ ਸਿਰ ਹੋ ਗਈ। ਮੈਂ ਦੁਬਾਰਾ ਕਾਲਜ ਜਾਣਾ ਸ਼ੁਰੂ ਕਰ ਦਿਤਾ। ਅਸੀਂ ਘਰ ਵਿਚ ਪਾਠ ਰਖਾਇਆ। ਸਾਰੇ ਹੀ ਦੋਸਤਾਂ ਨੂੰ ਸੱਦਿਆ। ਸਭ ਆਏ। ਹੁਣ ਫਿਰ ਮੀਟ-ਸ਼ਰਾਬ-ਸਿਗਰਟਾਂ ਉੱਡਦੇ। ਬਹਿਸਾਂ ਹੁੰਦੀਆਂ। ਚੰਦਨ ਸਾਹਿਬ ਦਾ ਨਾਵਲ 'ਕੰਜਕਾਂ' ਵੀ ਆ ਗਿਆ ਸੀ। ਉਸ ਉਪਰ ਪ੍ਰੋਗਰਾਮ



ਹੋਣ ਲੱਗੇ। ਪਰਚੇ ਲਿਖੇ ਜਾ ਰਹੇ ਸਨ। ਸਤਿੰਦਰ ਨੂਰ ਨੇ ਤਾਂ ਨਾਵਲ ਦੇ ਕਵਰ ਪੇਜ ਉਪਰ ਵੀ ਲਿਖਿਆ ਹੋਇਆ ਸੀ। ਡਾਕਟਰ ਹਰਜੀਤ ਸਿੰਘ ਗਿੱਲ ਤਾਂ ਉਹਨਾਂ ਦੇ ਨਾਵਲ ਨੂੰ ਨੋਬਲ ਪਰਾਈਜ਼ ਦੇ ਬਰਾਬਰ ਦਾ ਨਾਵਲ ਕਹਿ ਰਹੇ ਸਨ। ਵੈਸੇ ਤਾਂ ਚੰਦਨ ਸਾਹਿਬ ਹਵਾ ਵਿਚ ਉਡੇ ਫਿਰਦੇ ਸਨ ਪਰ ਉਹਨਾਂ ਨੂੰ ਲੱਗਦਾ ਸੀ ਕਿ ਨਾਵਲ ਉਪਰ ਓਨਾ ਕੰਮ ਨਹੀਂ ਸੀ ਹੋ ਰਿਹਾ ਜਿੰਨਾ ਹੋਣਾ ਚਾਹੀਦਾ ਸੀ। ਸ਼ਾਇਦ ਉਹ ਚਾਹੁੰਦੇ ਸਨ ਕਿ ਹਰ ਵੇਲੇ ਹਵਾ ਵਿਚ 'ਚੰਦਨ ਹੀ ਚੰਦਨ' ਸੁਣਾਈ ਦਿੰਦਾ ਰਹੇ। ਉਹਨਾਂ ਨੂੰ ਇਕ ਗੱਲ ਦਾ ਬਹੁਤ ਝੋਰਾ ਸੀ ਕਿ ਡਾਕਟਰ ਹਰਿਭਜਨ ਸਿੰਘ ਉਸ ਦੇ ਨਾਵਲ 'ਤੇ ਕਿਉਂ ਨਹੀਂ ਲਿਖ ਰਹੇ। ਉਹ ਕਿਵੇਂ ਲਿਖ ਸਕਦੇ ਸਨ, ਉਹਨਾਂ ਨੂੰ ਤਾਂ ਚੰਦਨ ਸਾਹਿਬ ਨੇ ਬੇਇਜ਼ਤ ਕਰਕੇ ਘਰੋਂ ਕੱਢਿਆ ਸੀ। ਮੈਨੂੰ ਅਕਸਰ ਨਿਹੋਰੇ ਮਾਰਦੇ ਰਹਿੰਦੇ ਕਿ ਮੇਰਾ ਗੁਰੂ ਉਸ ਦੇ ਨਾਵਲ 'ਤੇ ਕੁਝ ਕਿਉਂ ਨਹੀਂ ਲਿਖਦਾ। ਇਹਨਾਂ ਨੇ ਦੋ ਕੁ ਵਾਰ ਡਾਕਟਰ ਸਾਹਿਬ ਤਕ ਆਪ ਵੀ ਪਹੁੰਚ ਕੀਤੀ ਸੀ ਪਰ ਉਹਨਾਂ ਨੇ ਟਰਕਾ ਦਿਤਾ ਸੀ।

ਘਰ ਵਿਚ ਦੋਸਤਾਂ ਦੀ ਮਹਿਫਲ ਜੰਮਦੀ ਤਾਂ ਚੰਦਨ ਸਾਹਿਬ ਕਹਿੰਦੇ,

"ਯਾਰੋ, ਤੁਸੀਂ ਮੈਨੂੰ ਸਮੁੱਚਾ ਗਲਪਕਾਰ ਮੰਨੋ। ਮੈਂ ਵਧੀਆ ਕਹਾਣੀਕਾਰ ਹਾਂ, ਵਧੀਆ ਨਾਵਲਕਾਰ।"

"ਨਹੀਂ, ਤੂੰ ਨਾਵਲਕਾਰ ਤਾਂ ਵਧੀਆ ਹੈਂ ਪਰ ਕਹਾਣੀਕਾਰ ਨਹੀਂ। ਕਹਾਣੀ ਵਿਚ ਤੇਰੇ ਦਮ ਨਹੀਂ।"

ਡਾਕਟਰ ਨੂਰ ਆਖਦੇ। ਅਜਿਹੀ ਹੀ ਕਿਸੇ ਗੱਲ ਤੋਂ ਕਈ ਵਾਰ ਝੜਪਾਂ ਵੀ ਹੋ ਜਾਂਦੀਆਂ। ਨਰਾਜ਼ਗੀਆਂ ਵੀ ਹੋ ਜਾਂਦੀਆਂ ਤੇ ਬਾਅਦ ਵਿਚ ਮੰਨ-ਮਨੌਤਾਂ ਵੀ। ਇਕ ਵਾਰ ਪ੍ਰੀਤਮ ਬਤਰੇ ਨਾਲ ਕਿਸੇ ਗੱਲੋਂ ਚੰਦਨ ਸਾਹਿਬ ਦਾ ਝਗੜਾ ਹੋ ਗਿਆ ਤੇ ਚੰਦਨ ਸਾਹਿਬ ਨੇ ਬਤਰੇ ਨੂੰ ਕਿਰਦਾਰ ਬਣਾ ਕੇ ਇਕ ਕਹਾਣੀ ਲਿਖ ਦਿਤੀ ਜਿਸ ਕਾਰਨ ਸਾਹਿਤਕ ਦੋਸਤਾਂ ਵਿਚ ਨਰਾਜ਼ਗੀ ਜਿਹੀ ਫੈਲਣ ਲੱਗੀ। ਡਾਕਟਰ ਹਰਿਭਜਨ ਸਿੰਘ ਵਾਲਾ ਗਰੁੱਪ ਤਾਂ ਪਹਿਲਾਂ ਹੀ ਚੰਦਨ ਸਾਹਿਬ ਦੇ ਖਿਲਾਫ ਸੀ ਤੇ ਕੁਝ ਹੋਰ ਲੋਕ ਵੀ ਵਿਰੋਧ ਵਿਚ ਆ ਗਏ।

ਚੰਦਨ ਸਾਹਿਬ ਦੀ ਨਜ਼ਰ ਦੋ ਇਨਾਮਾਂ ਉਪਰ ਸੀ। ਇਕ ਤਾਂ ਭਾਰਤੀ ਸਾਹਿਤ ਅਕੈਡਮੀ ਦੇ ਇਨਾਮ ਉਪਰ ਦੂਜੇ ਪੰਜਾਬੀ ਅਕੈਡਮੀ ਦੇ ਅਵਾਰਡ ਉਪਰ। ਦੋਨਾਂ ਵਿਚ ਹੀ ਕਿਸੇ ਨਾ ਕਿਸੇ ਤਰ੍ਹਾਂ ਡਾਕਟਰ ਹਰਿਭਜਨ ਸਿੰਘ ਦੀ ਪਹੁੰਚ ਸੀ। ਉਹ ਕਿਵੇਂ ਇਹ ਹੋ ਲੈਣ ਦਿੰਦੇ। ਪਰ ਚੰਦਨ ਸਾਹਿਬ ਆਪਣੀ ਪਹੁੰਚ ਨੂੰ ਵਰਤਦੇ ਹੋਏ ਪੂਰਾ ਜ਼ੋਰ ਲਾਉਂਦੇ। ਭਾਰਤੀ ਸਾਹਿਤ ਅਕੈਡਮੀ ਵਿਚੋਂ ਤਾਂ ਇਹਨਾਂ ਦਾ ਨਾਂ ਇਸ ਕਰਕੇ ਖਾਰਜ ਕਰ ਦਿਤਾ ਗਿਆ ਕਿ ਇਹਨਾਂ ਕੋਲ ਬ੍ਰਤਾਨਵੀ ਸ਼ਹਿਰੀਅਤ ਸੀ। ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਸਿਰਫ ਭਾਰਤੀਆਂ ਲਈ ਹੀ ਸੀ। ਪੰਜਾਬੀ ਅਕੈਡਮੀ ਵਾਲੇ ਇਨਾਮ ਲਈ ਚੰਦਨ ਸਾਹਿਬ ਨੇ ਦੋਸਤਾਂ ਨੂੰ ਲਾਮਬੰਦ ਕੀਤਾ। ਉਹ ਇਨਾਮ ਦੇ ਬਹੁਤ ਨੇੜੇ ਪੁੱਜ ਵੀ ਗਏ ਸਨ ਪਰ ਡਾਕਟਰ ਹਰਿਭਜਨ ਸਿੰਘ ਦੇ ਦਖਲ ਨਾਲ ਉਹ ਫਾਡੀ ਰਹਿ ਗਏ ਤੇ ਇਨਾਮ ਨਵਤੇਜ ਪੁਆਧੀ ਨੂੰ ਦੇ ਦਿਤਾ ਗਿਆ। ਚੰਦਨ ਸਾਹਿਬ ਬਹੁਤ ਦੁਖੀ ਹੋਏ। ਸ਼ਰਾਬ ਪੀ ਕੇ ਲੋਕਾਂ ਨੂੰ ਗਾਲ਼ਾਂ ਕੱਢਦੇ ਰਹੇ। ਇਨਾਮ ਨਾ ਮਿਲਣ ਕਾਰਨ ਉਹਨਾਂ ਨੂੰ ਸਾਰੀ ਦਿੱਲੀ ਹੀ ਦੁਸ਼ਮਣ ਦਿਸਣ ਲੱਗ ਪਈ ਸੀ। ਜਿਸ ਦਿਨ ਉਹਨਾਂ ਦਾ ਕਿਸੇ ਨਾਲ ਝਗੜਾ ਹੋ ਗਿਆ ਹੁੰਦਾ ਉਸ ਦਿਨ ਘਰ ਵਿਚ ਭੜਥੂ ਪਾਈ ਰੱਖਦੇ। ਨੌਕਰ ਨੂੰ ਜਾਂ ਮੈਨੂੰ ਵੀ ਬੁਰਾ ਭਲਾ

ਬੋਲਣ ਲੱਗਦੇ। ਇਕ ਦਿਨ ਕਹਿਣ ਲੱਗੇ,

"ਇਹ ਨੂਰਾ ਕਹਿੰਦਾ ਕੁਝ ਏ ਤੇ ਕਰਦਾ ਕੁਝ ਹੋਰ। ਸਟੇਜਾਂ 'ਤੇ ਕੁਝ ਹੋਰ ਬੋਲਦਾ ਏ ਤੇ ਮਹਿਫਲਾਂ ਵਿਚ ਕੁਝ ਹੋਰ। ਲੋਕ ਡਬਲ-ਫੇਸ ਕਿਉਂ ਨੇ?"

"ਤੁਸੀਂ ਐਵੇਂ ਨਾ ਨੂਰ ਸਾਹਿਬ ਨਾਲ ਵਿਗਾੜ ਪਾ ਲਿਓ। ਪਹਿਲਾਂ ਹੀ ਏਨੇ ਦੁਸ਼ਮਣ ਬਣੇ ਹੋਏ ਨੇ!"

"ਦੁਸ਼ਮਣ ਇਹ ਤਾਂ ਨੇ ਕਿ ਮੇਰੇ ਕੋਲ ਸਿਰ ਹੈਗਾ ਏ ਜਿਹੜਾ ਏਹਨਾਂ ਕੋਲ ਹੈ ਨਹੀਂ। ਇਹ ਮੋਟੇ ਸਿਰਾਂ ਦੇ ਮਾਲਕ ਕੁਰਸੀਆਂ 'ਤੇ ਬਹਿ ਕੇ ਚੰਮ ਦੀਆਂ ਚਲਾਉਣ ਡਹੇ ਨੇ। ਜਿਸ ਦਿਨ ਮੈਨੂੰ ਮੌਕਾ ਮਿਲ ਗਿਆ ਮੈਂ ਨੂਰ ਨੂੰ ਤਾਂ ਨੰਗਾ ਕਰ ਦੇਣਾ ਏਂ।"

"ਚੰਦਨ ਜੀ, ਕਮਰੇ ਵਿਚ ਬਹਿ ਕੇ ਹੋਈਆਂ ਲੜਾਈਆਂ ਨੂੰ ਦੋਸਤ ਭੁੱਲ ਜਾਇਆ ਕਰਦੇ ਨੇ ਪਰ ਸਟੇਜ 'ਤੇ ਹੋਈ ਝਪਟ ਦੀ ਅਵਾਜ਼ ਦੂਰ ਤਕ ਜਾਇਆ ਕਰਦੀ ਏ ਤੇ ਸਾਹਮਣੇ ਵਾਲਾ ਭੁੱਲਦਾ ਨਹੀਂ।"

"ਕੀ ਵਿਗਾੜ ਲੈਣਗੇ ਮੇਰਾ? ਨਾਵਲ ਮੇਰੇ ਨੂੰ ਇਹਨਾਂ ਨੇ ਰੋਲ ਕੇ ਰੱਖ ਦਿਤਾ, ਇਨਾਮ ਮੈਨੂੰ ਲੈਣ ਨਹੀਂ ਦੇ ਰਹੇ।"

ਝਿੜਕ ਜਿਹੀ ਮਾਰਦੇ ਆਖਣ ਲੱਗੇ ਜਿਵੇਂ ਕਹਿ ਰਹੇ ਹੋਣ ਕਿ ਤੂੰ ਮੇਰੇ ਵੱਲ ਦੀ ਏਂ ਕਿ ਨੂਰ ਵੱਲ ਦੀ। ਖਿਝੇ ਤਾਂ ਉਹ ਹਰ ਵੇਲੇ ਰਹਿਣ ਲੱਗੇ ਸਨ। ਉਹਨਾਂ ਦੀ ਖਰਾਬ-ਸ਼ਰਾਬ ਨੇ ਕੁਝ ਪਾਰਟੀਆਂ ਵੀ ਖਰਾਬ ਕਰ ਦਿਤੀਆਂ ਸਨ। ਸ਼ਰਾਬ ਪੀ ਕੇ ਤਾਂ ਉਹਨਾਂ ਨੂੰ ਪਤਾ ਹੀ ਨਹੀਂ ਸੀ ਰਹਿੰਦਾ ਕਿ ਕੀ ਕਹਿਣਾ ਹੈ ਜਾਂ ਕੀ ਨਹੀਂ। ਕਿਸੇ ਨਾਲ ਪੰਗਾ ਲੈਣ ਵੇਲੇ ਤਾਂ ਉਹ ਦੂਜੀ ਵਾਰ ਸੋਚਦੇ ਹੀ ਨਹੀਂ ਸਨ। ਐਸ. ਬਲਵੰਤ ਸਾਡੇ ਹੇਠਲੇ ਫਲੈਟ ਵਿਚ ਰਹਿੰਦਾ ਸੀ, ਉਸ ਨਾਲ ਵੀ ਕਈ ਵਾਰ ਅੜਿੱਕਾ ਪਾ ਲੈਂਦੇ ਸਨ।

ਇਕ ਦਿਨ ਉਹ ਮੈਨੂੰ ਬੋਲੇ,

"ਤੂੰ ਅਰਲੀ ਰਿਟਾਇਰਮੈਂਟ ਲੈ ਲੈ।"

"ਕਿਉਂ?"

"ਬਸ ਤੈਨੂੰ ਕਹਿ ਦਿਤਾ। ਅਸੀਂ ਕਿਸੇ ਵੇਲੇ ਵੀ ਇੰਗਲੈਂਡ ਜਾਣਾ ਹੁੰਦਾ ਤਾਂ ਵਾਰ ਵਾਰ ਛੁੱਟੀ ਲੈਣੀ ਪੈਂਦੀ ਏ। ਇਹ ਵੀ ਹੋ ਸਕਦਾ ਏ ਕਿ ਆਪਾਂ ਲੰਡਨ ਹੀ ਮੁੜ ਸੈਟਲ ਹੋ ਜਾਈਏ।"

"ਜਦੋਂ ਜਾਣਾ ਹੋਵੇਗਾ ਦੇਖ ਲਵਾਂਗੇ, ਨਹੀਂ ਤਾਂ ਲੰਮੀ ਛੁੱਟੀ ਲੈ ਲਵਾਂਗੀ।"

"ਨਹੀਂ ਅਰਲੀ ਰਿਟਾਇਰਮੈਂਟ!"

"ਚੰਦਨ ਜੀ, ਦੇਖੋ, ਸਾਰੇ ਦੋਸਤ ਵੀ ਕਹਿ ਰਹੇ ਨੇ ਕਿ ਹਾਲੇ ਰਿਟਾਇਰਮੈਂਟ ਨਹੀਂ ਲੈਣੀ ਚਾਹੀਦੀ।"

"ਤੂੰ ਵਿਆਹੀ ਮੇਰੇ ਨਾਲ ਏਂ ਕਿ ਦੋਸਤਾਂ ਨਾਲ?"

ਉਹਨਾਂ ਨੇ ਪੂਰੇ ਗੁੱਸੇ ਵਿਚ ਆਖਿਆ।

ਇਕ ਗੱਲ ਮੈਂ ਪਹਿਲੇ ਦਿਨ ਤੋਂ ਹੀ ਦੇਖਦੀ ਆ ਰਹੀ ਸਾਂ ਕਿ ਉਹਨਾਂ ਨੂੰ ਮੇਰਾ ਕੰਮ 'ਤੇ ਜਾਣਾ ਚੰਗਾ ਨਹੀਂ ਸੀ ਲੱਗਦਾ। ਸ਼ਾਇਦ ਇਹ ਮੇਰੇ ਰੁਤਬੇ ਕਰਕੇ ਸੀ ਜਾਂ ਕੋਈ ਹੋਰ ਆਦਮੀਆਂ ਵਾਲਾ ਸ਼ੋਵਨਿਜ਼ਮ। ਤੇ ਮੈਨੂੰ ਕੰਮ ਕਰਨਾ ਬਹੁਤ ਚੰਗਾ ਲੱਗਦਾ ਸੀ ਫਿਰ ਅਧਿਆਪਨ ਤਾਂ ਮੇਰਾ ਮਨ ਭਾਉਂਦਾ ਕਿੱਤਾ ਸੀ। ਵੈਸੇ ਵੀ ਕਾਲਜ ਦੀ ਜ਼ਿੰਦਗੀ ਨੇ ਮੈਨੂੰ



ਆਤਮ-ਵਿਸ਼ਵਾਸ ਦਿੱਤਾ ਹੋਇਆ ਸੀ। ਪਰ ਚੰਦਨ ਸਾਹਿਬ ਸਾਹਵੇਂ ਮੇਰਾ ਆਤਮ ਵਿਸ਼ਵਾਸ ਕਿੱਥੇ ਉੱਡ ਜਾਂਦਾ ਸੀ, ਇਸਦੀ ਮੈਨੂੰ ਸਮਝ ਨਹੀਂ ਸੀ ਆਉਂਦੀ। ਉਹਨਾਂ ਦੀ ਅਵਾਜ਼ ਜ਼ਰਾ ਕੁ ਉੱਚੀ ਹੁੰਦੀ ਤਾਂ ਮੇਰੀ ਬੋਲਤੀ ਬੰਦ ਹੋ ਜਾਂਦੀ।

ਇਕ ਸਮਾਗਮ ਵਿਚ ਡਾਕਟਰ ਸਤਿੰਦਰ ਨੂਰ ਨੇ ਪਰਚਾ ਪੜ੍ਹਨਾ ਸੀ। ਚੰਦਨ ਸਾਹਿਬ ਨੂੰ ਪਰਚੇ ਦੇ ਵਿਸ਼ੇ ਦਾ ਪਤਾ ਲੱਗਿਆ ਤਾਂ ਉਸ 'ਤੇ ਬੋਲਣ ਲਈ ਤਿਆਰੀ ਕਰਨ ਲੱਗੇ। ਜਦ ਇਹ ਲੰਡਨ ਵਿਚ ਡਾਕਟਰ ਹਰਿਭਜਨ ਸਿੰਘ ਦੇ ਖਿਲਾਫ ਬੋਲੇ ਸਨ ਤਾਂ ਪਹਿਲਾਂ ਉਹਨਾਂ ਦੀਆਂ ਸਾਰੀਆਂ ਕਿਤਾਬਾਂ ਪੜ੍ਹ ਕੇ ਤਿਆਰੀ ਕੀਤੀ ਸੀ। ਉਹ ਸਮਾਗਮ 'ਤੇ ਗਏ ਤੇ ਜਦ ਉਹਨਾਂ ਦੀ ਵਾਰੀ ਆਈ ਤਾਂ ਨੂਰ ਦੇ ਖਿਲਾਫ ਡੱਟ ਕੇ ਬੋਲੇ। ਸਾਰੇ ਦੇਖਦੇ ਰਹਿ ਗਏ ਕਿ ਇਹਨਾਂ ਦੋਨਾਂ ਦੀ ਆਪਸ ਵਿਚ ਏਨੀ ਦੋਸਤੀ ਹੈ ਤੇ ਇਹ ਕੀ ਹੋ ਰਿਹਾ ਹੈ। ਉਸ ਦਿਨ ਤੋਂ ਡਾਕਟਰ ਨੂਰ ਨਾਲ ਚੰਦਨ ਸਾਹਿਬ ਦੀ ਦੁਸ਼ਮਣੀ ਦਾ ਮੁੱਢ ਬੱਝ ਗਿਆ। ਪਹਿਲਾਂ ਤਾਂ ਡਾਕਟਰ ਸਾਹਿਬ ਹੀ ਸਨ, ਹੁਣ ਨੂਰ ਤੇ ਉਸ ਦੇ ਸਾਰੇ ਸਾਥੀ ਚੰਦਨ ਸਾਹਿਬ ਨੂੰ ਹਰ ਖੇਤਰ ਵਿਚ ਪੱਛਾੜਣ ਲੱਗੇ। ਦਿੱਲੀ ਵਿਚ ਉਹਨਾ ਨੂੰ ਨਾ-ਪਸੰਦ ਕਰਨ ਵਾਲਿਆਂ ਦੀ ਗਿਣਤੀ ਵਧ ਰਹੀ ਸੀ। ਮੈਂ ਤਾਂ ਮੂਕ ਤਮਾਸ਼ਾ ਦੇਖਣ ਜੋਗੀ ਹੀ ਸਾਂ। ਉਹ ਮੇਰੀ ਗੱਲ ਸੁਣਦੇ ਹੀ ਨਹੀਂ ਸਨ ਤੇ ਮੰਨਣੀ ਤਾਂ ਕੀ ਸੀ।ਇਕ ਹੋਰ ਪਾਰਟੀ ਵਿਚ ਇਹਨਾਂ ਦਾ ਨੂਰ ਨਾਲ ਝਗੜਾ ਹੋ ਗਿਆ। ਇਹ ਨੂਰ ਨੂੰ ਕਹਿਣ ਲੱਗੇ,

"ਤੂੰ ਇੰਗਲੈਂਡ ਵੜ ਕੇ ਦਿਖਾਵੀਂ!"

## ਅੱਠ

ਦਿਨ ਵੇਲੇ ਮੈਂ ਕਾਲਜ ਚਲੇ ਜਾਂਦੀ ਤਾਂ ਇਹ ਇਕੱਲੇ ਰਹਿ ਜਾਂਦੇ। ਇਕੱਲੇ ਰਹਿ ਕੇ ਇਹ ਹੋਰ ਵੀ ਖਤਰਨਾਕ ਬਣ ਜਾਂਦੇ। ਸ਼ਰਾਬ-ਸਿਗਰਟਾਂ ਪੀਵੀ ਜਾਂਦੇ। ਇਵੇਂ ਇਹਨਾਂ ਦੀ ਕਰਿਏਟਿਵਟੀ ਵੀ ਬਹੁਤ ਘਟ ਜਾਂਦੀ। ਮੈਂ ਘਰ ਆਉਂਦੀ ਤਾਂ ਸਿਗਰਟਾਂ ਦੇ ਧੂੰਏ ਨਾਲ ਮੇਰਾ ਸਾਹ ਘੁਟ ਹੋਣ ਲੱਗਦਾ। ਸ਼ਿਕਾਇਤ ਤਾਂ ਮੈਂ ਕਰ ਹੀ ਨਹੀਂ ਸਾਂ ਸਕਦੀ। ਜਦ ਕਦੇ ਬਹੁਤੀ ਉਦਾਸ ਹੁੰਦੀ ਤਾਂ ਬਲਵੰਤ ਦੀ ਪਤਨੀ ਜਸਵੀਰ ਕੋਲ ਜਾ ਬਹਿੰਦੀ। ਉਹਨਾਂ ਨਾਲ ਮੇਰੀ ਵਾਹਵਾ ਬਣਦੀ ਸੀ। ਮੇਰੀ ਤਾਂ ਹਰ ਇਕ ਨਾਲ ਹੀ ਬਹੁਤ ਬਣਦੀ ਸੀ। ਅਸੀਂ ਇਸ ਫਲੈਟ ਵਿਚ ਤਿੰਨ ਕੁ ਸਾਲ ਰਹੇ ਪਰ ਇਹਨਾਂ ਤਿੰਨਾਂ ਸਾਲਾਂ ਵਿਚ ਇਕ ਵੀ ਅਜਿਹਾ ਦਿਨ ਯਾਦ ਨਹੀਂ ਕਿ ਮੈਂ ਖੁਸ਼ੀ ਦੇਖੀ ਹੋਵੇ।

ਇਹਨਾਂ ਦਾ ਮੇਰੀ ਅਰਲੀ ਰਿਟਾਇਰਮੈਂਟ ਵਾਲਾ ਫੰਡਾ ਹਾਲੇ ਉਥੇ ਦੇ ਉਥੇ ਹੀ ਖੜਾ ਸੀ। ਆਖਰ ਮੈਨੂੰ ਹਥਿਆਰ ਸੁੱਟਣੇ ਪਏ ਤੇ ਮੈਂ ਰਿਟਾਇਰਮੈਂਟ ਲਈ ਅਪਲਾਈ ਕਰ ਦਿਤਾ। ਜੂਨ '94 ਵਿਚ ਮੈਨੂੰ ਰਿਟਾਇਰਮੈਂਟ ਮਿਲ ਗਈ। ਚੌਵੀ ਸਾਲ ਤੋਂ ਇਸ ਕਾਲਜ ਵਿਚ ਪੜ੍ਹਾ ਰਹੀ ਸਾਂ। ਹਾਲੇ ਹੋਰ ਬਹੁਤ ਸਾਰੇ ਸਾਲ ਪੜ੍ਹਾਉਣ ਦੇ ਸਮਰਥ ਸਾਂ ਪਰ ਮੈਨੂੰ ਕੰਮ ਛੱਡਣਾ ਪੈ ਰਿਹਾ ਸੀ। ਮੇਰੀਆਂ ਸਾਰੀਆਂ ਕੁਲੀਗਜ਼ ਵੀ ਮੇਰੇ ਇਸ ਕਦਮ ਤੋਂ ਖੁਸ਼ ਨਹੀਂ ਸਨ।

ਇਕ ਦਿਨ ਹੇਠਾਂ ਬਲਵੰਤ ਦੇ ਘਰ ਪਾਰਟੀ ਚੱਲ ਰਹੀ ਸੀ। ਚੰਦਨ ਸਾਹਿਬ

ਖਿੜਕੀ ਵਿਚ ਖੜੇ ਦੇਖ ਰਹੇ ਸਨ ਕਿ ਕੌਣ ਕੌਣ ਆਇਆ ਹੋਵੇਗਾ। ਉਹਨਾਂ ਦੇ ਅੰਦਰ ਦੀ ਤੜਫਣ ਮੈਂ ਸਮਝ ਸਕਦੀ ਸਾਂ। ਮੈਂ ਗੱਲਾਂ ਕਰਕੇ ਇਹਨਾਂ ਨੂੰ ਨਰਮ ਕਰਨ ਦੀ ਕੋਸ਼ਿਸ਼ ਕਰ ਰਹੀ ਸਾਂ ਪਰ ਇਹਨਾਂ ਦਾ ਗੁੱਸਾ ਵਧ ਰਿਹਾ ਸੀ ਕਿ ਇਹਨਾਂ ਨੂੰ ਕਿਉਂ ਨਹੀਂ ਬੁਲਾਇਆ ਗਿਆ। ਇਹ ਅਚਾਨਕ ਉਠੇ ਤੇ ਪੌੜੀਆਂ ਉਤਰ ਗਏ। ਕੁਝ ਦੇਰ ਬਾਅਦ ਗੁੱਸੇ ਨਾਲ ਭਰੇ ਹੋਏ ਵਾਪਸ ਆਏ 'ਤੇ ਬੋਲੇ,

"ਹੁਣ ਨਹੀਂ ਮੈਂ ਰਹਿਣਾ ਏਸ ਘਟੀਆ ਮੁਲਕ ਵਿਚ, ਘਟੀਆ ਲੋਕਾਂ ਵਿਚ। ਬਸ ਹੁਣ ਮੈਂ ਚਲੇ ਜਾਣਾ ਵਾਪਸ, ਆਪਣੇ ਮੁਲਕ।"

ਆਖ ਕੇ ਸ਼ਰਾਬ ਪੀਣ ਲੱਗੇ ਤੇ ਉਹੀ ਨਿੱਤ ਵਾਲਾ ਡਰਾਮਾ ਸ਼ੁਰੂ ਹੋ ਗਿਆ।

ਇਹਨਾਂ ਨੇ ਆਪਣਾ ਹੇਜ਼ ਵਾਲਾ ਘਰ ਕੌਂਸਲ ਨੂੰ ਕਿਰਾਏ 'ਤੇ ਦਿਤਾ ਹੋਇਆ ਸੀ। ਉਹ ਇਹਨਾਂ ਨੂੰ ਇਕ ਤੈਅ ਕੀਤੇ ਅਰਸੇ ਤੋਂ ਬਾਅਦ ਹੀ ਮਿਲਣਾ ਸੀ। ਇਸ ਲਈ ਮੈਨੂੰ ਨਹੀਂ ਸੀ ਲੱਗਦਾ ਕਿ ਇਹ ਹਾਲੇ ਵਾਪਸ ਜਾਣਗੇ। ਇਹ ਸਾਰਾ ਦਿਨ ਚੁੱਪ ਜਿਹੇ ਫਿਰਦੇ ਰਹਿੰਦੇ। ਕਿਥੇ ਜਾਂਦੇ ਸਨ, ਕੀ ਕਰਦੇ ਸਨ; ਇਸ ਬਾਰੇ ਮੈਨੂੰ ਬਹੁਤਾ ਨਹੀਂ ਸੀ ਪਤਾ। ਕੁਝ ਪੁੱਛਣ ਦੀ ਤਾਂ ਮੇਰੇ ਵਿਚ ਹਿੰਮਤ ਹੀ ਨਹੀਂ ਸੀ। ਇਕ ਦਿਨ ਇਹਨਾਂ ਨੇ ਕਾਰ ਵੇਚ ਦਿਤੀ ਤਾਂ ਮੈਨੂੰ ਲੱਗਿਆ ਕਿ ਸ਼ਾਇਦ ਇਹ ਵਾਪਸ ਜਾਣ ਦੀ ਤਿਆਰੀ ਵਿਚ ਹਨ। ਮੈਂ ਵੀ ਮਨ ਹੀ ਮਨ ਵਿਚ ਗੁੱਸੇ ਸਾਂ ਕਿ ਆਖਰ ਮੈਂ ਇਹਨਾਂ ਦੀ ਪਤਨੀ ਹਾਂ, ਮੈਨੂੰ ਕਿਉਂ ਨਹੀਂ ਕੁਝ ਦੱਸ ਰਹੇ। ਮੈਂ ਇਹਨਾਂ ਨੂੰ ਕੁਝ ਪੁੱਛਿਆ ਵੀ ਨਾ। ਮੈਂ ਸੋਚ ਰਹੀ ਸਾਂ ਕਿ ਜੇ ਇਹ ਵਾਪਸ ਇੰਗਲੈਂਡ ਚਲੇ ਗਏ ਤਾਂ ਮੈਂ ਕੀ ਕਰਾਂਗੀ। ਕੰਮ ਤੋਂ ਮੈਂ ਰਿਟਾਇਰਮੈਂਟ ਲੈ ਲਈ ਸੀ। ਨਾਲ ਇੰਗਲੈਂਡ ਲੈ ਜਾਣ ਬਾਰੇ ਇਹ ਕੋਈ ਗੱਲ ਹੀ ਨਹੀਂ ਸਨ ਕਰ ਰਹੇ ਫਿਰ ਮੇਰਾ ਕੀ ਬਣੇਗਾ।

ਅਗਸਤ ਦਾ ਮਹੀਨਾ ਆ ਗਿਆ। ਇਕ ਦਿਨ ਇਹ ਬੋਲੇ,

"ਮੈਂ ਵਾਪਸ ਇੰਗਲੈਂਡ ਚੱਲਿਆਂ, ਮੈਨੂੰ ਏਅਰਪੋਰਟ 'ਤੇ ਛੱਡ ਆ।"

ਚੰਦਨ ਸਾਹਿਬ ਨੂੰ ਤਾਂ ਮੈਂ ਏਅਰਪੋਰਟ ਤੇ ਚੜ੍ਹਾ ਆਈ ਸਾਂ। ਸਾਰੇ ਰਸਤੇ ਕਿਸੇ ਹੋਰ ਦੁਨੀਆ ਵਿਚ ਪਹੁੰਚੀ ਸੋਚੀ ਜਾ ਰਹੀ ਸਾਂ। ਬਾਰ ਬਾਰ ਘਰ ਮੇਰੇ ਹੱਥਾਂ ਦੀਆਂ ਤਲੀਆਂ 'ਚੋਂ ਖਿਸਕਦਾ ਜਾ ਰਿਹਾ ਸੀ, ਮੈਂ ਮੁੱਠੀਆਂ ਮੀਟੀ, ਘਰ ਦੀਆਂ ਕੰਧਾਂ 'ਚੋਂ ਕਿਰਦੀ ਜਾ ਰਹੀ ਰੇਤ ਨੂੰ ਮਹਿਸੂਸ ਕਰ ਰਹੀ ਸਾਂ;

"ਉਮਰਾ ਦੀ ਰੇਤ ਤਲੀਆਂ ਵਿਚੋਂ ਤਿਲਕਦੀ ਜਾਵੇ
ਮੁੱਠਾਂ ਨੂੰ ਮੀਟਿਆ ਮੈਂ ਕਰਕੇ ਬੜਾ ਹੀ ਜੇਰਾ।"

## ਨੌਂ

ਲੰਡਨ ਪੁੱਜ ਕੇ ਇਹਨਾਂ ਮੈਨੂੰ ਫੋਨ ਕਰਕੇ ਦੱਸ ਦਿਤਾ ਕਿ ਠੀਕ-ਠਾਕ ਪੁੱਜ ਗਏ ਹਨ। ਇਸ ਤੋਂ ਵੱਧ ਕੁਝ ਨਹੀਂ। ਮੈਂ ਸੋਚ ਰਹੀ ਸਾਂ ਕਿ ਇਹ ਵੀ ਦੱਸਣ ਦੀ ਕੀ ਲੋੜ ਸੀ। ਮੈਂ ਇਕ ਵਾਰ ਫਿਰ ਬਿਮਾਰੀ ਵਲ ਧੱਕੀ ਜਾਣ ਲੱਗੀ। ਮੈਂ ਆਪਣੇ ਭਰਾ ਦੇ ਬੱਚਿਆਂ ਨਾਲ ਆਪਣਾ ਮਨ ਰੁਝਾਉਣ ਲੱਗਦੀ। ਕਦੇ ਘਰ ਦੇ ਕੰਮਾਂ ਵਿਚ ਮੱਦਦ ਕਰਦੀ। ਮੇਰੀ



ਭਰਜਾਈ ਜਸਵਿੰਦਰ ਸਦਾ ਹੀ ਮੇਰੇ ਨਾਲ ਭੈਣਾਂ ਵਾਂਗ ਖੜ੍ਹਦੀ। ਮੇਰੀ ਹਰ ਮਦਦ ਕਰਦੀ। ਕਈ ਮਹੀਨੇ ਲੰਘ ਗਏ। ਮੈਨੂੰ ਆਪਣੇ ਭਵਿੱਖ ਦਾ ਫਿਕਰ ਹੋਣ ਲੱਗਿਆ। ਨਾ ਮੈਂ ਓਧਰ ਜੋਗੀ ਰਹੀ ਸਾਂ ਤੇ ਨਾ ਹੀ ਏਧਰ ਜੋਗੀ। ਕਈ ਮਹੀਨੇ ਲੰਘ ਗਏ। ਇਕ ਦਿਨ ਇਹਨਾਂ ਦਾ ਫੋਨ ਆਇਆ। ਬੋਲੇ,

"ਇੱਤਰਾਂ ਕਰ ਕਿ ਫਲਾਈਟ ਫੜ 'ਤੇ ਆ ਜਾ। ਕੱਲ ਨੂੰ ਹੀ।"

"ਹੁਣ ਕੀ ਹੋ ਗਿਐ ਕਿ ਮੇਰਾ ਚੇਤਾ ਆ ਗਿਐ?"

"ਤੈਨੂੰ ਕਹਿ ਰਿਹਾਂ ਕਿ ਵਾਪਸ ਆ ਜਾ।"

"ਚੰਦਨ ਜੀ, ਜਦ ਦੀ ਟਿਕਟ ਮਿਲੇਗੀ ਤਦ ਹੀ ਆਵਾਂਗੀ।"

"ਨਹੀਂ, ਕੱਲ ਦੀ ਬੁੱਕ ਕਰਾ। ਮੈਨੂੰ ਪਤਾ ਲੱਗਿਆ ਕਿ ਦਿੱਲੀ ਵਿਚ ਪਲੇਗ ਫੈਲੀ ਹੋਈ ਏ, ਕਿਤੇ ਏਦਾਂ ਨਾ ਹੋਵੇ ਕਿ ਤੂੰ ਵੀ ਏਹਦੀ ਲਪੇਟ ਵਿਚ ਆ ਜਾਵੇਂ ਤੇ ਮੇਰੇ ਲਈ ਵੀ ਕੋਈ ਮੁਸੀਬਤ ਖੜੀ ਕਰ ਦੇਵੇਂ।"

ਉਹਨਾਂ ਨੇ ਆਪਣੇ ਸਖ਼ਤ ਜਿਹੇ ਲਹਿਜ਼ੇ ਵਿਚ ਆਖਿਆ। ਦਿੱਲੀ ਵਿਚ ਪਲੇਗ ਦੇ ਇਕ-ਦੋ ਕੇਸ ਤਾਂ ਸੁਣਨ ਵਿਚ ਆਏ ਸਨ ਪਰ ਇਸ ਦੇ ਫੈਲਣ ਵਾਲੀ ਤਾਂ ਕੋਈ ਗੱਲ ਨਹੀਂ ਸੀ। ਚੰਦਨ ਸਾਹਿਬ ਮੈਨੂੰ ਏਅਰ ਪੋਰਟ ਤੋਂ ਲੈਣ ਆਏ। ਇਹਨਾਂ ਦਾ ਪਹਿਲਾ ਸਵਾਲ ਇਹੋ ਸੀ,

"ਪਲੇਗ ਤਾਂ ਨਹੀਂ ਨਾਲ ਲੈ ਆਈ?"

ਮੈਂ ਹੈਰਾਨੀ ਨਾਲ ਉਹਨਾਂ ਵਲ ਦੇਖਣ ਲੱਗੀ। ਸੋਚ ਰਹੀ ਸਾਂ ਕਿ ਕਿਹੋ ਜਿਹੀਆਂ ਗੱਲਾਂ ਕਰ ਰਹੇ ਸਨ। ਅਸੀਂ ਅਮਨਦੀਪ ਦੇ ਫਲੈਟ ਵਿਚ ਆ ਗਏ। ਇਹਨਾਂ ਦਾ ਘਰ ਹਾਲੇ ਕੌਂਸਲ ਨੇ ਖਾਲੀ ਨਹੀਂ ਸੀ ਕੀਤਾ। ਅਮਨਦੀਪ ਦਾ ਦੋ ਬੈੱਡਰੂਮ ਦਾ ਫਲੈਟ ਸੀ। ਇਕ ਕਮਰਾ ਅਮਨਦੀਪ ਦਾ ਸੀ ਤੇ ਇਕ ਇਹਨਾਂ ਦਾ। ਆਪਣਾ ਲਿਖਣ ਪੜ੍ਹਣ ਦਾ ਮੇਜ਼ ਲਗਾਇਆ ਹੋਇਆ ਸੀ। ਉਹਨਾਂ ਦਿਨਾਂ ਵਿਚ 'ਵਾਇਰਸ' ਨਾਂ ਦਾ ਕੋਈ ਨਾਵਲ ਲਿਖ ਰਹੇ ਸਨ ਜੋ ਸ਼ਾਇਦ ਇਹਨਾਂ ਦੀ ਪਹਿਲੀ ਪਤਨੀ ਬਾਰੇ ਸੀ। ਆਪਣਾ ਸਾਰਾ ਸਮਾਨ ਬੈਠਕ ਵਿਚ ਲੈ ਗਏ ਤੇ ਮੇਰੇ ਲਈ ਉਹ ਕਮਰਾ ਖਾਲੀ ਕਰ ਦਿਤਾ ਤੇ ਬੋਲੇ,

"ਕੀ ਪਤਾ ਤੂੰ ਉਥੋਂ ਕੀ ਨਾਲ ਲੈ ਆਈ ਹੋਵੇਂ, ਮੈਂ ਕੋਈ ਬਿਮਾਰੀ ਨਹੀਂ ਲਵਾਉਣੀ ਚਾਹੁੰਦਾ।"

ਇਹ ਸੁਣ ਕੇ ਮੇਰਾ ਮਨ ਬਹੁਤ ਖਰਾਬ ਹੋਇਆ। ਮੈਨੂੰ ਲੱਗਿਆ ਜਿਵੇਂ ਮੈਂ ਸੱਚ ਹੀ ਪਲੇਗ ਦੀ ਮਰੀਜ਼ ਹੋ ਗਈ ਹੋਵਾਂ। ਭੀੜਾ ਜਿਹਾ ਫਲੈਟ ਸੀ। ਛੋਟੇ ਛੋਟੇ ਕਮਰੇ। ਸਿਗਰਟਾਂ-ਸ਼ਰਾਬ ਦਾ ਮੁਸ਼ਕ ਹਰ ਵੇਲੇ ਮਹੌਲ ਵਿਚ ਤਾਰੀ ਰਹਿੰਦਾ। ਸਰਦੀਆਂ ਕਰਕੇ ਖਿੜਕੀਆਂ ਵੀ ਨਹੀਂ ਸਨ ਖੋਲ੍ਹ ਸਕਦੇ। ਜਦ ਵੀ ਜ਼ਰਾ ਕੁ ਨਸ਼ੇ ਵਿਚ ਆਉਂਦੇ ਤਾਂ ਇਹ ਇਹੋ ਕਹਿੰਦੇ ਕਿ ਮੈਨੂੰ ਪਲੇਗ ਤੋਂ ਬਚਾਉਣ ਲਈ ਹੀ ਇੰਗਲੈਂਡ ਬੁਲਾਇਆ ਸੀ। ਮੈਨੂੰ ਹੋਰ ਵੀ ਹੀਣ ਜਿਹਾ ਮਹਿਸੂਸ ਹੋਣ ਲੱਗਦਾ। ਸ਼ਰਾਬ ਪੀ ਕੇ ਪੂਰੀ ਦਿੱਲੀ ਨੂੰ ਗਾਲ਼ਾਂ ਕੱਢਣਾ ਤਾਂ ਉਹਨਾਂ ਦਾ ਨਿੱਤ ਦਾ ਕੰਮ ਸੀ। ਮੈਨੂੰ ਹਾਲੇ ਆਈ ਨੂੰ ਹਫਤਾ ਕੁ ਹੀ ਹੋਇਆ ਸੀ ਕਿ ਬੋਲੇ,

"ਪਰਸੋਂ ਦੀ ਤੇਰੀ ਇੰਡੀਆ ਦੀ ਵਾਪਸੀ ਦੀ ਟਿਕਟ ਬੁੱਕ ਕਰਾ ਦਿਤੀ ਏ!"

"ਏਨੀ ਜਲਦੀ?"

"ਹਾਂ। ਮੈਂ ਤਾਂ ਤੈਨੂੰ ਪਲੇਗ ਤੋਂ ਬਚਾਉਣ ਲਈ ਏਥੇ ਬੁਲਾਇਆ ਸੀ ਪਰ ਤੂੰ ਤਾਂ ਮੇਰੇ ਲਈ ਹੀ ਪਲੇਗ ਬਣ ਗਈ ਏਂ!"

ਮੈਂ ਸੁੰਨ ਦੀ ਸੁੰਨ ਰਹਿ ਗਈ। ਲੱਗਿਆ ਜਿਵੇਂ ਕਿਸੇ ਨੇ ਮੇਰੀ ਜ਼ਬਾਨ ਖਿਚ ਲਈ ਹੋਵੇ।

## ਦਸ

ਦਿੱਲੀ ਪੁੱਜ ਕੇ ਕਈ ਦਿਨ ਤਕ ਤਾਂ ਮੈਂ ਘਰੋਂ ਬਾਹਰ ਹੀ ਨਾ ਨਿਕਲ ਸਕੀ। ਬਾਹਰ ਨਿਕਲ ਕੇ ਜਾਣਾ ਵੀ ਕਿਥੇ ਸੀ। ਨੌਕਰੀ ਤੋਂ ਅਸਤੀਫਾ ਦੇਣ ਦੀ ਗਲਤੀ ਤਾਂ ਮੈਂ ਕਦੋਂ ਦੀ ਕਰ ਬੈਠੀ ਸਾਂ। ਹੋਰ ਨੌਕਰੀ ਹੁਣ ਮਿਲਣੀ ਵੀ ਨਹੀਂ ਸੀ। ਹੌਲੀ ਹੌਲੀ ਦੋਸਤਾਂ ਵਿਚ ਮੇਰੇ ਮੁੜ ਆਉਣ ਦੀ ਖ਼ਬਰ ਫੈਲ ਗਈ। ਦੋਸਤਾਂ ਦੇ ਫੋਨ ਆਉਣ ਲੱਗੇ। ਇਕ ਦਿਨ ਸਤਿੰਦਰ ਸਿੰਘ ਨੂਰ ਮਿਲੇ। ਉਹ ਬੋਲੇ,

"ਇਹ ਬੰਦਾ ਤੇਰੇ ਲਈ ਠੀਕ ਨਹੀਂ ਸੀ। ਬਹੁਤ ਗੜ੍ਹਬੜ੍ਹ ਹੋ ਗਈ ਤੇਰੇ ਨਾਲ!"

ਬਲਵੰਤ ਮਿਲਿਆ ਤਾਂ ਉਹ ਵੀ ਇਹੀ ਗੱਲ ਕਰ ਰਿਹਾ ਸੀ। ਹੋਰ ਦੋਸਤ ਵੀ ਹਮਦਰਦੀ ਦਿਖਾਉਂਦੇ ਤੇ ਮੇਰੇ ਗਲਤ ਫੈਸਲੇ ਨੂੰ ਚਿਤਾਰਨ ਲੱਗਦੇ। ਮੈਨੂੰ ਯਾਦ ਸੀ ਕਿ ਇਕ ਵਾਰ ਮੈਂ ਅੰਮ੍ਰਿਤਸਰ ਯੂਨੀਵਰਸਿਟੀ ਇਕ ਕਾਨਫਰੰਸ ਵਿਚ ਗਈ ਸਾਂ। ਉਥੇ ਸਾਰੇ ਦੋਸਤ ਆਏ ਹੋਏ ਸਨ; ਦੀਦ, ਪ੍ਰਮਿੰਦਰਜੀਤ, ਸੁਰਜੀਤ ਕੋਰ ਤੇ ਹੋਰ ਸਾਰੇ। ਸਭ ਨੇ ਹੀ ਇਕੋ ਸੁਰ ਵਿਚ ਕਿਹਾ ਸੀ ਕਿ ਮੈਂ ਵਿਆਹ ਲਈ ਗਲਤ ਬੰਦੇ ਦੀ ਚੋਣ ਕਰ ਲਈ ਹੈ। ਮੈਂ ਮੁੜ ਡਿਪਰੈਸ਼ਨ ਵਿਚ ਚਲੇ ਗਈ। ਜਸਵਿੰਦਰ ਡਰ ਗਈ ਕਿ ਮੇਰੀ ਹਾਲਤ ਪਹਿਲਾਂ ਵਾਲੀ ਨਾ ਹੋ ਜਾਵੇ। ਉਹ ਮੈਨੂੰ ਡਾਕਟਰ ਤਰਲੋਚਨ ਸਿੰਘ ਕੋਲ ਲੈ ਗਈ। ਉਸੇ ਨਿਓਰੋ ਸਰਜਨ ਕੋਲ ਜਿਸ ਨੇ ਪਹਿਲਾਂ ਮੇਰਾ ਇਲਾਜ ਕੀਤਾ ਸੀ। ਹੁਣ ਤਕ ਡਾਕਟਰ ਨਾਲ ਕਈ ਪਾਸਿਆਂ ਤੋਂ ਵਾਕਫੀ ਨਿਕਲ ਆਈ ਸੀ। ਸੁਰਜੀਤ ਕੋਰ ਆਰਟਿਸਟ ਦਾ ਵੀ ਇਹ ਡਾਕਟਰ ਰਿਸ਼ਤੇਦਾਰ ਸੀ। ਸੋ ਹੁਣ ਡਾਕਟਰ ਮੇਰੇ ਵਲ ਵਿਸ਼ੇਸ਼ ਧਿਆਨ ਦੇਣ ਲੱਗਿਆ ਸੀ। ਡਾਕਟਰ ਦਾ ਵੀ ਕਹਿਣਾ ਸੀ ਕਿ ਮੇਰੀ ਬਿਮਾਰੀ ਦਾ ਕਾਰਣ ਗ਼ਲਤ ਬੰਦੇ ਨਾਲ ਵਿਆਹ ਕਰਵਾਉਣਾ ਸੀ। ਮੇਰੀ ਦਵਾਈ ਸ਼ੁਰੂ ਹੋ ਗਈ। ਕੁਝ ਦਿਨ ਮੈਂ ਠੀਕ ਰਹਿੰਦੀ ਤੇ ਕੁਝ ਦਿਨ ਮੇਰੇ ਡਿਪਰੈਸ਼ਨ ਦੇ ਦੌਰੇ ਵਿਚ ਨਿਕਲ ਜਾਂਦੇ। ਜਸਵਿੰਦਰ ਹੀ ਮੇਰੀ ਸੰਭਾਲ ਕਰਦੀ ਸੀ। ਮੈਨੂੰ ਦਵਾਈ ਦੇ ਕੇ ਜਸਵਿੰਦਰ ਸਕੂਲ ਪੜ੍ਹਾਉਣ ਚਲੀ ਜਾਂਦੀ ਤੇ ਮੈਂ ਬੱਚਿਆਂ ਵਾਂਗ ਉਸਦੇ ਵਾਪਸ ਆਉਣ ਦੀ ਉਡੀਕ ਕਰਦੀ ਰਹਿੰਦੀ। ਜਸਵਿੰਦਰ ਨੂੰ ਮੈਂ ਜੀਵਨ-ਦਾਨਣ ਸਮਝਦੀ ਹਾਂ।

ਸਾਹਿਤਕ ਇਕੱਠਾਂ ਵਿਚ ਵੀ ਮੈਂ ਜਾਣ ਤੋਂ ਬਚਦੀ ਰਹਿੰਦੀ। ਦੋਸਤ ਮਿਲਣ ਘਰ ਆ ਜਾਂਦੇ। ਪਹਿਲੇ ਦਿਨ ਤੋਂ ਹੀ ਦੋਸਤਾਂ ਨੂੰ ਘਰ ਵਿਚ ਆਉਣ-ਜਾਣ ਦੀ ਖੁਲ੍ਹ ਸੀ। ਮੇਰੀ ਮਾਂ ਭਾਵੇਂ ਅਨਪੜ੍ਹ ਸੀ ਪਰ ਇਸ ਗੱਲੋਂ ਉਹ ਬਹੁਤ ਮਹਾਨ ਸੀ। ਦੋਸਤ ਆਉਂਦੇ ਤਾਂ ਕੁਝ ਦੇਰ ਦਿਲ ਲੱਗਿਆ ਰਹਿੰਦਾ। ਚੰਦਨ ਸਾਹਿਬ ਦਾ ਕਦੇ ਕਦੇ ਫੋਨ ਆ ਜਾਂਦਾ। ਸਰ-ਸਰੀ



ਜਿਹੀਆਂ ਗੱਲਾਂ ਹੁੰਦੀਆਂ। ਵਾਪਸ ਜਾਣ ਬਾਰੇ ਉਹ ਕੋਈ ਗੱਲ ਨਾ ਕਰਦੇ ਤੇ ਨਾ ਹੀ ਮੈਂ। ਮੈਂ ਵੀ ਕੁਝ ਨਾ ਪੁੱਛਦੀ, ਹੁਣ ਮੇਰੀ ਈਗੋ ਵੀ ਜਾਗਣ ਲੱਗੀ ਸੀ।

ਇਕ ਦਿਨ ਅਚਾਨਕ ਚੰਦਨ ਸਾਹਿਬ ਦਾ ਫੋਨ ਆਇਆ। ਕਹਿਣ ਲੱਗੇ,

"ਟਿਕਟ ਬੁੱਕ ਕਰਾ ਤੇ ਆ ਜਾ।"

## ਗਿਆਰਾਂ

ਇਸ ਵਾਰ ਮੈਂ ਲੰਡਨ ਪੁੱਜੀ ਤਾਂ ਚੰਦਨ ਸਾਹਿਬ ਅਮਨਦੀਪ ਦੇ ਵਿਆਹ ਨੂੰ ਲੈ ਕੇ ਫਿਕਰਵੰਦ ਹੋਏ ਪਏ ਸਨ। ਉਹਦੇ ਲਈ ਉਹ ਕੁੜੀਆਂ ਦੇਖ ਰਹੇ ਸਨ। ਅਮਨਦੀਪ ਨੇ ਆਪਣਾ ਫਲੈਟ ਕਿਰਾਏ 'ਤੇ ਦੇ ਦਿਤਾ ਸੀ ਤੇ ਉਹ ਚੰਦਨ ਸਾਹਿਬ ਨਾਲ ਹੀ ਰਹਿਣ ਲੱਗਿਆ ਸੀ। ਇਹਨਾਂ ਦਿਨਾਂ ਵਿਚ ਹੀ ਵੁਲਵਰਹੈਂਪਟਨ ਦੀ ਪ੍ਰਗਤੀਸ਼ੀਲ ਸਭਾ ਨੇ ਸਮਾਗਮ ਕਰਵਾਇਆ। ਨਿਰੰਜਨ ਸਿੰਘ ਨੂਰ ਇਸ ਸਭਾ ਦੇ ਕਰਤਾ ਧਰਤਾ ਸਨ। ਮੈਂ ਉਹਨਾਂ ਦੀ ਕਵਿਤਾ ਪੜ੍ਹੀ ਵੀ ਹੋਈ ਸੀ ਤੇ ਸੁਣੀ ਵੀ ਸੀ। ਉਹ ਵਧੀਆ ਕਵੀ ਸਨ। ਉਹਨਾਂ ਦੇ ਸੱਦੇ 'ਤੇ ਅਸੀਂ ਸਮਾਗਮ ਵਿਚ ਸ਼ਾਮਲ ਹੋਏ। ਕਿਸੇ ਨੇ ਕਵਿਤਾ ਉਪਰ ਪਰਚਾ ਪੜ੍ਹਿਆ। ਮੈਂ ਇਸ ਸਮੇਂ ਬਹਿਸ ਵਿਚ ਹਿੱਸਾ ਲਿਆ ਤੇ ਕੁਝ ਨਵੇਂ ਨੁਕਤੇ ਉਠਾਏ। ਨੂਰ ਸਹਿਬ ਤੇ ਨਿਰੰਜਨ ਵਿਲੋਂ ਮੈਨੂੰ ਵਧਾਈ ਦੇਣ ਆਏ। ਨੂਰ ਸਾਹਿਬ ਨੇ ਮੇਰੀ ਕਿਤਾਬ 'ਪੰਜਵਾਂ ਚਿਰਾਗ' ਪੜ੍ਹੀ ਹੋਈ ਸੀ। ਕੁਲ ਮਿਲਾ ਕੇ ਸਮਾਗਮ ਕਾਫੀ ਕਾਮਯਾਬ ਰਿਹਾ ਅਤੇ ਮੇਰੇ ਜ਼ਿਹਨ ਨੂੰ ਖ਼ੁਰਾਕ ਮਿਲਣ ਲੱਗੀ।

ਉਹਨਾਂ ਦਿਨਾਂ ਦੀ ਹੀ ਗੱਲ ਹੈ ਕਿ ਇਕ ਦਿਨ ਵਰਿੰਦਰ ਪਰਿਹਾਰ ਅਤੇ ਯਸ਼ ਸਾਡੇ ਹੇਜ਼ ਵਾਲੇ ਘਰ ਆਏ। ਉਹਨਾਂ ਸਾਊਥਹੈਂਪਟਨ ਵਿਚ ਕੋਈ ਪ੍ਰੋਗਰਾਮ ਰੱਖਿਆ ਹੋਇਆ ਸੀ।

"ਦੇਵਿੰਦਰ ਜੀ, ਸਾਊਥੈਂਪਟਨ ਵਿਚ ਇਕ ਸਮਾਗਮ ਹੋ ਰਿਹਾ ਏ, ਉਹਦੇ ਲਈ ਬ੍ਰਤਾਨਵੀ ਪੰਜਾਬੀ ਕਵਿਤਾ ਬਾਰੇ ਪਰਚਾ ਲਿਖੋ।"

"ਪਰ ਇਹਦੇ ਲਈ ਤਾਂ ਕਿਤਾਬਾਂ ਚਾਹੀਦੀਆਂ ਨੇ।"

"ਉਹਨਾਂ ਦਾ ਇੰਤਜ਼ਾਮ ਅਸੀਂ ਕਰ ਦੇਵਾਂਗੇ। ਕੁਝ ਤਾਂ ਚੰਦਨ ਸਾਹਿਬ ਕੋਲ ਹੋਣਗੀਆਂ ਹੀ ਤੇ ਜਿਹੜੀਆਂ ਨਾ ਹੋਈਆਂ ਉਹ ਲੱਭ ਦਿਆਂਗੇ।"

ਗੱਲ ਹੋ ਗਈ। ਸਮਾਗਮ ਵਿਚ ਹਾਲੇ ਮਹੀਨਾ ਕੁ ਪਿਆ ਸੀ। ਏਨਾ ਸਮਾਂ ਮੇਰੇ ਲਈ ਕਾਫੀ ਸੀ। ਅਗਲੇ ਦਿਨ ਹੀ ਮੁਸ਼ਤਾਕ ਸਿੰਘ ਮੈਨੂੰ ਆ ਕੇ ਕਿਤਾਬਾਂ ਦੇ ਗਿਆ।ਮੈਂ ਕਵਿਤਾਵਾਂ ਪੜ੍ਹ ਰਹੀ ਸਾਂ ਤਾਂ ਇਕੋ ਗੱਲ ਸਾਹਮਣੇ ਆ ਰਹੀ ਸੀ ਕਿ ਇਥੇ ਬਹੁਤੀ ਕਵਿਤਾ ਪ੍ਰਗਤੀਵਾਦੀ ਸੀ। ਇੰਡੀਆ ਦੀ ਕਵਿਤਾ ਮੁਕਾਬਲੇ ਇਹ ਕਵਿਤਾ ਬਹੁਤ ਪੁਰਾਣੀ ਸੀ। ਜਿਹੋ ਜਿਹੀ ਕਵਿਤਾ ਮੈਂ ਇੰਡੀਆ ਵਿਚ ਪੜ੍ਹੀ ਸੀ ਉਹੋ ਜਿਹੀ ਕਵਿਤਾ ਸਿਰਫ ਵਰਿੰਦਰ ਪਰਿਹਾਰ ਦੀ ਕਿਤਾਬ 'ਮੈਂ ਕਿਤੇ ਹੋਰ ਸੀ' ਵਿਚ ਹੀ ਮਿਲਦੀ ਸੀ। ਇੰਗਲੈਂਡ ਵਿਚ ਨਵੀਂ ਚੇਤਨਾ ਦੀ ਕਵਿਤਾ ਦੀ ਘਾਟ ਮੈਨੂੰ ਰੜਕ ਰਹੀ ਸੀ।

ਚੰਦਨ ਸਾਹਿਬ ਅਮਨਦੀਪ ਲਈ ਕੁੜੀ ਦੀ ਤਲਾਸ਼ ਕਰ ਰਹੇ ਸਨ। ਮੇਰੇ ਨਾਲ

ਉਹ ਕੋਈ ਸਲਾਹ ਨਹੀਂ ਸਨ ਕਰਦੇ। ਸ਼ਰਾਬ ਪੀਣੀ। ਸ਼ਰਾਬ ਪੀ ਕੇ ਹੈਤ-ਹੂਤ ਕਰਨਾ ਤਾਂ ਜਾਰੀ ਹੀ ਸੀ। ਹੁਣ ਅਮਨਦੀਪ ਵੀ ਵਾਹਵਾ ਸ਼ਰਾਬ ਪੀਣ ਲੱਗਿਆ ਸੀ। ਚੰਦਨ ਸਾਹਿਬ, ਅਮਨਦੀਪ ਤੇ ਮੈਂ ਕੁੜੀ ਦੇਖਣ ਗਏ। ਕੁੜੀ ਇਹਨਾਂ ਨੂੰ ਬਹੁਤ ਪਸੰਦ ਸੀ। ਘਰ ਆ ਕੇ ਇਸ ਗੱਲ ਦਾ ਖੂਬ ਜਸ਼ਨ ਮਨਾਇਆ ਗਿਆ। ਇਕ ਦਿਨ ਅਮਨਦੀਪ ਤੇ ਉਹ ਕੁੜੀ ਇਕੱਠੇ ਬਾਹਰ ਕਿਧਰੇ ਗਏ। ਘਰ ਜਾ ਕੇ ਕੁੜੀ ਨੇ ਇਸ ਰਿਸ਼ਤੇ ਤੋਂ ਨਾਂਹ ਕਰ ਦਿਤੀ। ਚੰਦਨ ਸਾਹਿਬ ਤਾਂ ਅੱਗ-ਬਬੂਲਾ ਹੋ ਗਏ। ਲੱਗੇ ਉਸ ਕੁੜੀ ਨੂੰ ਗਾਲ੍ਹਾਂ ਕੱਢਣ। ਸ਼ਰਾਬ ਪੀਣ ਕਾਰਨ ਗੁੱਸਾ ਹੋਰ ਵੀ ਜ਼ਰਬ ਖਾ ਗਿਆ। ਅਮਨਦੀਪ ਵੀ ਆਪਣੇ ਡੈਡੀ ਨਾਲ ਹੀ ਰਲ੍ਹ ਗਿਆ। ਮੈਂ ਉਹਨਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰ ਰਹੀ ਸਾਂ। ਡਰਦੀ ਸਾਂ ਕਿ ਇਹਨਾਂ ਦਾ ਗੁੱਸਾ ਮੇਰੇ ਵਲ ਨੂੰ ਹੀ ਨਾ ਸਿੱਧਾ ਹੋ ਜਾਵੇ। ਉਹ ਉਸ ਕੁੜੀ ਨੂੰ ਨਹੀਂ ਸਗੋਂ ਸਮੁੱਚੀ ਔਰਤ ਜ਼ਾਤ ਨੂੰ ਗਾਲ੍ਹਾਂ ਦੇ ਰਹੇ ਸਨ। ਮੈਂ ਇਹਨਾਂ ਨੂੰ ਕਿਹਾ,

"ਚੰਦਨ ਜੀ, ਕਿਉਂ ਕਲਪੀ ਜਾ ਰਹੇ ਓ, ਸੋਨੇ ਵਰਗਾ ਮੁੰਡਾ ਏ, ਏਹਨੂੰ ਕੁੜੀਆਂ ਦਾ ਕੀ ਘਾਟਾ ਏ!"

"ਇਹ ਔਰਤ ਜ਼ਾਤ ਯਕੀਨ ਦੇ ਕਾਬਲ ਤਾਂ ਹੁੰਦੀ ਹੀ ਨਹੀਂ! ਤੂੰ ਵੀ ਤਾਂ ਇਕ ਔਰਤ ਹੀ ਏਂ, ਤਾਂ ਹੀ ਤੇ ਏਨੀ ਘਟੀਆ ਏਂ!"

"ਇਹ ਕੀ ਕਹਿ ਰਹੇ ਓ?"

ਮੈਂ ਘਬਰਾ ਕੇ ਆਖਿਆ। ਉਹ ਉਂਗਲ ਮਾਰਦੇ, ਬਾਹਰ ਦਾ ਰਸਤਾ ਦਿਖਾਉਂਦੇ ਬੋਲੇ,

"ਔਰਤ ਜ਼ਾਤ! ਮੇਰੇ ਘਰੋਂ ਨਿਕਲ, ਇਸੇ ਵੇਲੇ ਨਿਕਲ ਮੇਰੇ ਘਰੋਂ! ਜੇ ਮੇਰੇ ਮੁੰਡੇ ਨੂੰ ਕੁੜੀ ਨੇ ਨਾਂਹ ਕਰ ਦਿੱਤੀ ਏ ਤਾਂ ਏਸ ਘਰ ਵਿਚ ਤੇਰੇ ਲਈ ਵੀ ਕੋਈ ਥਾਂ ਨਹੀਂ। ਹੁਣੇ ਨਿਕਲ!"

## ਬਾਰਾਂ

ਰਾਤ ਦਾ ਵੇਲਾ ਸੀ। ਡੂੰਘਾ ਹਨੇਰਾ ਸੀ ਤੇ ਹਲਕਾ ਜਿਹਾ ਮੀਂਹ ਵੀ ਪੈ ਰਿਹਾ ਸੀ। ਉਪਰੋਂ ਲੋਹੜੇ ਦੀ ਠੰਡ। ਗਰਮੀਆਂ ਵਿਚ ਵੀ ਏਨੀ ਠੰਡ ਪੈ ਸਕਦੀ ਹੈ ਇਸ ਦਾ ਮੈਨੂੰ ਪਤਾ ਹੀ ਨਹੀਂ ਸੀ। ਮੈਂ ਆਪਣਾ ਬੈਗ ਚੁੱਕੀ ਬਾਹਰ ਸੜਕ 'ਤੇ ਖੜੀ ਸਾਂ। ਆਪਣਿਆਂ ਤੋਂ ਦੂਰ, ਬੇਗਾਨੇ ਮੁਲਕ ਵਿਚ, ਬਿਲਕੁਲ ਇਕੱਲੀ। ਸੜਕ ਇਕਦਮ ਵੀਰਾਨ ਸੀ। ਕਿਸੇ ਫਿਲਮ ਦੇ ਸੀਨ ਜਿਹਾ ਦਿਸਦਾ ਸੀ ਸਭ ਕੁਝ। ਹੁਣ ਕਿਥੇ ਜਾਵਾਂ? ਨਾ ਮੇਰਾ ਕੋਈ ਵਾਕਫ਼ ਸੀ, ਨਾ ਰਿਸ਼ਤੇਦਾਰ। ਜਿਹੜੇ ਲੇਖਕ ਦੋਸਤ ਵੀ ਸਨ ਉਹ ਚੰਦਨ ਸਾਹਿਬ ਦੇ ਹੀ ਸਨ। ਮੇਰੇ ਰਿਸ਼ਤੇਦਾਰ ਜਿਹੜੇ ਹੈਰੋ ਰਹਿੰਦੇ ਸਨ, ਉਹਨਾਂ ਨੇ ਆਪਣਾ ਘਰ ਬਦਲ ਲਿਆ ਹੋਇਆ ਸੀ, ਕਿਤੇ ਦੂਰ ਚਲੇ ਗਏ ਸਨ। ਉਹਨਾਂ ਦਾ ਸਿਰਨਾਵਾਂ ਵੀ ਮੇਰੇ ਕੋਲ ਨਹੀਂ ਸੀ। ਮੈਂ ਹੌਲੀ ਹੌਲੀ ਤੁਰ ਪਈ। ਸਪੈਂਸਰ ਐਵੀਨਿਊ ਦੇ ਨਾਲ ਹੀ ਸ਼ੈਕਸਪੀਅਰ ਐਵੇਨਿਊ ਲਗਦੀ ਸੀ। ਇਸ ਰੋਡ ਦੇ ਆਲੇ ਦੁਆਲੇ ਦੀਆਂ ਸਾਰੀਆਂ ਸੜਕਾਂ ਦੇ ਨਾਂ ਕਵੀਆਂ ਦੇ



ਨਾਵਾਂ ਉਪਰ ਰੱਖੇ ਹੋਏ ਸਨ ਤੇ ਮੈਂ ਏਨੇ ਕਵੀਆਂ ਦੇ ਨਾਵਾਂ ਵਿਚ ਘਿਰੀ ਬਿਲਕੁਲ ਇਕੱਲੀ ਸਾਂ। ਹਾਂ, ਮੇਰੇ ਬੈਗ ਵਿਚ ਇੰਗਲੈਂਡ ਦੇ ਕਵੀਆਂ ਦੀਆਂ ਕਿਤਾਬਾਂ ਜ਼ਰੂਰ ਸਨ ਜਿਹੜੀਆਂ ਮੁਸ਼ਤਾਕ ਸਿੰਘ ਮੈਨੂੰ ਦੇ ਗਿਆ ਹੋਇਆ ਸੀ। ਸਾਹਮਣੇ ਟੈਲੀਫੋਨ ਬੂਥ ਨਜ਼ਰ ਆਇਆ। ਮੀਂਹ ਤੋਂ ਬਚਣ ਦਾ ਵਧੀਆ ਟਿਕਾਣਾ ਜਾਪਿਆ। ਮੈਂ ਉਸ ਵਿਚ ਜਾ ਵੜੀ। ਭਾਰੇ ਕਪੜੇ ਮੈਂ ਪਾਏ ਨਹੀਂ ਸਨ ਪਾਏ ਹੋਏ। ਜਿਹੜੇ ਪਾਏ ਵੀ ਹੋਏ ਸਨ, ਉਹ ਭਿੱਜ ਚੁੱਕੇ ਸਨ। ਠੰਡ ਨਾਲ ਮੇਰੇ ਦੰਦ ਵੱਜਣ ਲੱਗੇ। ਅਚਾਨਕ ਪ੍ਰੋਫੈਸਰ ਰੰਧਾਵੇ ਦਾ ਨਾਂ ਮੇਰੇ ਜ਼ਿਹਨ ਵਿਚ ਆ ਗਿਆ। ਰੰਧਾਵਾ ਔਲ ਇੰਡੀਆ ਰੇਡੀਓ ਵਾਲੇ ਹਰਭਜਨ ਦਾ ਦੋਸਤ ਸੀ। ਸੰਨ ਛਿਆਸੀ ਵਿਚ ਜਦ ਮੈਂ ਇੰਗਲੈਂਡ ਆਈ ਤਾਂ ਰੰਧਾਵੇ ਦੇ ਘਰ ਵੀ ਗਈ ਸਾਂ। ਇਕ ਦਿਨ ਉਸ ਨੇ ਮੈਨੂੰ ਲੰਡਨ ਵੀ ਘੁਮਾਇਆ ਸੀ। ਉਸ ਤੋਂ ਬਾਅਦ ਵੀ ਕੁਝ ਇਕ ਵਾਰ ਮੈਂ ਉਸ ਨੂੰ ਮਿਲੀ ਸਾਂ। ਉਹ ਪਤੀ-ਪਤਨੀ ਇੰਡੀਆ ਗਏ ਵੀ ਮੈਨੂੰ ਮਿਲੇ ਸਨ। ਰੰਧਾਵੇ ਦਾ ਡਰਾਈਵਿੰਗ ਸਕੂਲ ਵੀ ਸੀ। ਕਾਰਾਂ ਚਲਾਉਣੀਆਂ ਸਿਖਾਉਂਦਾ ਸੀ। ਉਸ ਦਾ ਫੋਨ ਨੰਬਰ ਸਿੱਧਾ ਜਿਹਾ ਹੀ ਸੀ ਤੇ ਮੈਨੂੰ ਮੂੰਹ ਜ਼ੁਬਾਨੀ ਯਾਦ ਸੀ। ਪਰ ਹੁਣ ਫੋਨ ਕਰਾਂ ਕਿਵੇਂ, ਮੇਰੇ ਕੋਲ ਤਾਂ ਕੋਈ ਭਾਨ ਹੀ ਨਹੀਂ ਸੀ। ਭਾਨ ਕੀ, ਕੋਈ ਕੁਝ ਵੀ ਨਹੀਂ ਸੀ। ਮੈਨੂੰ ਅਚਾਨਕ ਖਿਆਲ ਆਇਆ ਕਿ ਇੰਗਲੈਂਡ ਵਿਚ ਰਿਵਰਸ-ਕਾਲ ਕਰਨ ਦੀ ਸੁਵਿਧਾ ਹੈ ਸੀ, ਸੋ ਮੈਂ ਰੰਧਾਵੇ ਨੂੰ ਫੋਨ ਕਰ ਲਿਆ। ਅੱਧੇ ਕੁ ਘੰਟੇ ਵਿਚ ਆ ਕੇ ਰੰਧਾਵਾ ਮੈਨੂੰ ਲੈ ਗਿਆ।

ਉਹ ਰਾਤ ਪਹਾੜ ਤੋਂ ਵੀ ਭਾਰੀ ਸੀ। ਇਹਨਾਂ ਨੇ ਮੇਰੇ ਭਰਾ ਨੂੰ ਘਰੋਂ ਕੱਢਿਆ, ਮੇਰੇ ਗੁਰੂ ਡਾਕਟਰ ਹਰਿਭਜਨ ਸਿੰਘ ਨੂੰ ਵੀ ਕੱਢਿਆ ਤੇ ਹੁਣ ਮੈਨੂੰ ਵੀ। ਜਿਸ ਘਰ ਦੀ ਤਲਾਸ਼ ਵਿਚ ਮੈਂ ਸਾਰੀ ਉਮਰ ਭਟਕੀ ਸਾਂ ਉਸ ਵਿਚੋਂ ਤਾਂ ਕੱਢ ਦਿਤੀ ਗਈ ਸਾਂ। ਰੰਧਾਵਾ ਤੇ ਉਸ ਦੀ ਪਤਨੀ ਮੈਨੂੰ ਹੌਂਸਲਾ ਦੇ ਰਹੇ ਸਨ ਤੇ ਕਹਿ ਰਹੇ ਸਨ ਕਿ ਫਿਕਰ ਨਾ ਕਰ, ਜਿੰਨਾ ਚਿਰ ਵੀ ਰਹਿਣਾ ਹੈ ਸਾਡੇ ਕੋਲ ਆ ਕੇ ਰਹਿ। ਮੈਂ ਰੰਧਾਵੇ ਦੇ ਘਰ ਹੀ ਰਹਿਣ ਲੱਗੀ। ਇਹਨਾਂ ਦਿਨਾਂ ਵਿਚ ਇਕ ਗੱਲ ਚੰਗੀ ਹੋਈ ਕਿ ਮੈਂ ਵਰਿੰਦਰ ਪਰਿਹਾਰ ਵਲੋਂ ਕਿਹਾ ਗਿਆ ਪਰਚਾ ਪੂਰਾ ਕਰ ਲਿਆ। ਬ੍ਰਤਾਨੀਆਂ ਦੇ ਸ਼ਾਇਰਾਂ ਦੀਆਂ ਸਾਰੀਆਂ ਕਿਤਾਬਾਂ ਪੜ੍ਹ ਕੇ ਇਕ ਥਿਊਰੀ ਘੜ ਲਈ ਤੇ ਪਰਚਾ ਲਿਖ ਲਿਆ। ਹੁਣ ਮੈਨੂੰ ਫਿਕਰ ਸੀ ਕਿ ਇਹ ਪਰਚਾ ਵਰਿੰਦਰ ਤੀਕ ਕਿਵੇਂ ਪੁੱਜਦਾ ਹੋਵੇ। ਮੇਰੇ ਕੋਲ ਨਾ ਉਹਨਾਂ ਦਾ ਫੋਨ ਨੰਬਰ ਸੀ ਤੇ ਨਾ ਹੀ ਐਡਰਸ। ਉਹਨਾਂ ਦਾ ਪ੍ਰੋਗਰਾਮ ਵੀ ਆਉਣ ਵਾਲਾ ਹੀ ਸੀ।

ਰੰਧਾਵੇ ਦੇ ਘਰ ਆ ਕੇ ਕੁਝ ਦਿਨ ਤਾਂ ਮੇਰੇ ਠੀਕ ਨਿਕਲੇ, ਮੇਰੇ ਕੋਲ ਪੇਪਰ ਲਿਖਣ ਦਾ ਕੰਮ ਸੀ, ਉਹ ਵੀ ਹੋ ਗਿਆ, ਹੁਣ ਮੈਂ ਬੋਰ ਹੋਣ ਲੱਗੀ ਸਾਂ। ਚੰਦਨ ਸਾਹਿਬ ਨਾਲ ਮੈਨੂੰ ਇਕ ਤਾਂ ਮੇਰਾ ਰਿਸ਼ਤਾ ਜੋੜਦਾ ਸੀ ਤੇ ਦੂਜੇ ਉਹਨਾਂ ਦੀ ਹਾਜ਼ਰੀ ਨਾਲ ਸਿਰਜਿਆ ਗਿਆ ਸਾਹਿਤਕ ਮਹੌਲ ਵੀ ਜੋੜਦਾ ਸੀ। ਉਸ ਨੂੰ ਮੈਂ ਹੁਣ ਮਿੱਸ ਕਰਨ ਲੱਗੀ ਸਾਂ। ਹੌਲੀ ਹੌਲੀ ਮੈਂ ਏਨਾ ਅੱਕ ਗਈ ਕਿ ਸੋਚਣ ਲੱਗ ਪਈ ਕਿ ਕੋਈ ਬਹਾਨਾ ਨਿਕਲੇ ਕਿ ਚੰਦਨ ਸਾਹਿਬ ਨਾਲ ਸਮਝੌਤਾ ਹੋ ਜਾਵੇ। ਉਹ ਆਪਣੀ ਗਲਤੀ ਮੰਨ ਕੇ ਮੇਰੇ ਤੋਂ ਆਪਣੇ ਕੀਤੇ ਦੀ ਮੁਆਫੀ ਮੰਗ ਲੈਣ। ਮੈਂ ਅਜਿਹਾ ਕੁਝ ਸੋਚ ਹੀ ਰਹੀ ਸਾਂ ਕਿ ਅਚਾਨਕ ਇਕ ਦਿਨ ਚੰਦਨ ਤੇ ਨਿਰੰਜਨ ਨੂਰ ਸਾਹਿਬ ਰੰਧਾਵੇ ਦੇ ਘਰ ਆ ਗਏ।

ਉਹਨਾਂ ਨੂੰ ਦੇਖ ਕੇ ਮੈਂ ਖੁਸ਼ ਵੀ ਹੋਈ ਤੇ ਮੇਰੀ ਨਰਾਜ਼ਗੀ ਵੀ ਮੁੜ ਕੇ ਉਭਰ ਆਈ। ਚੰਦਨ ਸਾਹਿਬ ਮੇਰਾ ਹੱਥ ਫੜਦੇ ਬੋਲੇ,

"ਆਇ'ਮ ਰੀਅਲੀ ਸੌਰੀ, ਉਸ ਦਿਨ ਸ਼ਰਾਬ ਦੇ ਨਸ਼ੇ ਵਿਚ ਪਤਾ ਨਹੀਂ ਕੀ ਕਹਿ ਹੋ ਗਿਆ। ਚਲੋ ਘਰ ਨੂੰ ਚੱਲੀਏ। ਨੂਰ ਸਾਹਿਬ ਵੀ ਆਏ ਹੋਏ ਨੇ।"

ਮੇਰਾ ਸਾਰਾ ਹੀ ਗੁੱਸਾ ਛਾਈਂ-ਮਾਈਂ ਹੋ ਗਿਆ। ਮੈਂ ਉਹਨਾਂ ਦੇ ਨਾਲ ਤੁਰ ਪਈ। ਨਿਰੰਜਨ ਨੂਰ ਸਾਹਿਬ ਚੰਦਨ ਸਾਹਿਬ ਨੂੰ ਮਿਲਣ ਆਏ ਸਨ। ਅਗਲੇ ਹੀ ਸ਼ਨਿਚਰਵਾਰ ਉਹਨਾਂ ਵੀ ਪ੍ਰੋਗਰਾਮ ਵਿਚ ਸ਼ਾਮਿਲ ਹੋਣਾ ਸੀ। ਮੈਂ ਉਹਨਾਂ ਨੂੰ ਪਰਚਾ ਦਿਖਾਇਆ ਤਾਂ ਉਹ ਬਹੁਤ ਖੁਸ਼ ਹੋਏ। ਉਹਨਾਂ ਪਰਚਾ ਪੜ੍ਹ ਕੇ ਦੇਖਿਆ ਤਾਂ ਮੈਨੂੰ ਏਨਾ ਵਧੀਆ ਪਰਚਾ ਲਿਖਣ ਲਈ ਮੁਬਾਰਕਵਾਦ ਦੇਣ ਲੱਗੇ। ਮੈਨੂੰ ਇੰਗਲੈਂਡ ਦੀ ਸਾਹਿਤਕ ਪੌਲੇਟਿਕਸ ਦਾ ਬਹੁਤਾ ਪਤਾ ਨਹੀਂ ਸੀ ਇਸ ਲਈ ਮੈਂ ਆਪਣੇ ਹਿਸਾਬ ਨਾਲ ਪਰਚਾ ਲਿਖਿਆ ਸੀ। ਨੂਰ ਸਾਹਿਬ ਦੀ ਸ਼ਖਸ਼ੀਅਤ ਮੈਨੂੰ ਬਹੁਤ ਚੰਗੀ ਲੱਗੀ। ਉਹ ਹੌਲੀ ਹੌਲੀ ਤੋਲਵੀਂ ਜਿਹੀ ਗੱਲ ਕਰਦੇ ਸਨ ਤੇ ਅਗਲੇ ਦੀ ਗੱਲ ਨੂੰ ਵੀ ਪੂਰੇ ਧਿਆਨ ਨਾਲ ਸੁਣਦੇ ਸਨ। ਕਦੇ ਕਦੇ ਮੈਂ ਸੋਚਦੀ ਸਾਂ ਕਿ ਦਿੱਲੀ ਵਾਲੇ ਨੂਰ ਨਾਲ ਤਾਂ ਇਹਨਾਂ ਨੇ ਝਗੜਾ ਕਰ ਲਿਆ ਸੀ, ਏਸ ਨੂਰ ਸਾਹਿਬ ਨਾਲ ਵੀ ਨਾ ਕਰ ਲੈਣ ਕਿਤੇ।

ਮੈਂ ਸਾਊਥੈਂਪਟਨ ਦੇ ਪ੍ਰੋਗਰਾਮ ਵਿਚ ਪਰਚਾ ਪੜ੍ਹਿਆ। ਸਭ ਨੇ ਹੀ ਪਰਚੇ ਨੂੰ ਸਰਾਹਿਆ। ਕੁਝ ਨੁਕਤੇ ਵੀ ਉਠੇ ਜਿਹਨਾਂ ਦੇ ਜਵਾਬ ਮੈਂ ਦੇ ਦਿਤੇ ਸਨ। ਜਿਵੇਂ ਮੈਨੂੰ ਲਗਦਾ ਹੀ ਸੀ ਕਿ ਵਰਿੰਦਰ ਪਰਿਹਾਰ ਦੀ ਕਵਿਤਾ ਵਿਚ ਨਵੀਂ ਚੇਤਨਾ ਦਿਸ ਰਹੀ ਸੀ, ਬਾਕੀ ਲੋਕਾਂ ਨੂੰ ਲੱਗਿਆ, ਉਸ ਦੀ ਮੇਰੇ ਤੋਂ ਕੁਝ ਜ਼ਿਆਦਾ ਹੀ ਤਾਰੀਫ ਹੋ ਗਈ ਸੀ। ਹੁਣ ਤਕ ਮੈਂ ਇੰਗਲੈਂਡ ਦੇ ਸਾਰੇ ਹੀ ਲੇਖਕਾਂ ਨੂੰ ਜਾਣ ਚੁੱਕੀ ਸਾਂ ਪਰ ਇਹ ਨਹੀਂ ਸੀ ਪਤਾ ਕਿ ਪਰਚੇ ਵਿਚ ਕਿਸ ਦੀ ਤਾਰੀਫ ਕਰਨੀ ਹੈ ਤੇ ਕਿਸ ਦੀ ਨਹੀਂ ਕਰਨੀ। ਭੁਪਿੰਦਰ ਪੁਰੇਵਾਲ ਦੀ ਕਵਿਤਾ ਦੀ ਮੈਂ ਸਦਾ ਹੀ ਮਦਾਹ ਰਹੀ ਹਾਂ। ਪਰਚੇ ਵਿਚ ਉਸ ਦਾ ਵੀ ਭਰਪੂਰ ਜ਼ਿਕਰ ਕੀਤਾ ਸੀ ਪਰ ਉਹ ਪ੍ਰੋਗਰਾਮ ਤੋਂ ਬਾਅਦ ਨਿਹੋਰੇ ਜਿਹੇ ਮਾਰਨ ਲੱਗਿਆ। ਸ਼ਾਇਦ ਉਹ ਕਿਸੇ ਹੋਰ ਦੀ ਤਾਰੀਫ ਸੁਣਨ ਦਾ ਆਦੀ ਨਹੀਂ ਸੀ। ਫਿਰ ਸਹਿਜੇ ਸਹਿਜੇ ਮੈਨੂੰ ਇਥੋਂ ਦੀ ਸਿਆਸਤ ਸਮਝ ਆਉਣ ਲੱਗੀ ਪਰ ਉਸ ਦਾ ਹਿੱਸਾ ਮੈਂ ਕਦੇ ਨਾ ਬਣ ਸਕੀ। ਵੈਸੇ ਜਿਧਰ ਚੰਦਨ, ਉਧਰ ਮੈਂ।

ਸਤੰਬਰ ਦਾ ਮਹੀਨਾ ਆ ਗਿਆ। ਇਕ ਦਿਨ ਨਿਰੰਜਨ ਨੂਰ ਸਾਹਿਬ ਦਾ ਫੋਨ ਆਇਆ ਤੇ ਪੁੱਛਣ ਲੱਗੇ,

"ਦੇਵਿੰਦਰ ਜੀ, ਨੌਕਰੀ ਕਰਨੀ ਚਾਹੋਂਗੇ?"

ਇਹ ਸ਼ਬਦ ਮੇਰੇ ਕੰਨਾਂ ਵਿਚ ਇਸਤਰ੍ਹਾਂ ਵੱਜੇ ਕਿ ਮੈਂ ਖੁਸ਼ੀ ਵਿਚ ਉਛਲ ਪਈ।

## ਤੇਰਾਂ

ਨਿਰੰਜਨ ਸਿੰਘ ਨੂਰ ਦਾ ਮੇਰੇ ਇੰਗਲੈਂਡ ਵਿਚ ਵਸਦੇ ਹੋਣ ਵਿਚ ਬਹੁਤ ਵੱਡਾ ਹੱਥ ਹੈ। ਜੇ ਚੰਦਨ ਸਾਹਿਬ ਦੇ ਹੱਥ-ਵੱਸ ਹੁੰਦਾ ਤਾਂ ਉਹ ਕਦੇ ਵੀ ਮੇਰੇ ਪੈਰ ਨਾ ਲੱਗਣ ਦਿੰਦੇ। ਉਹ ਤਾਂ ਜਿਹੜਾ ਵੀ ਮੇਰੀ ਧਿਰ ਬਣਦਾ ਸੀ, ਉਸ ਨਾਲ ਹੀ ਲੜ੍ਹ ਪੈਂਦੇ ਸਨ। ਨਿਰੰਜਨ ਸਿੰਘ ਨੂਰ ਬਿਲਸਟਨ ਕਮਿਊਨਿਟੀ ਕਾਲਜ ਵਿਚ ਏਸ਼ੀਅਨ ਕੰਟੀਨਿਊਇੰਗ



ਐਜੂਕੇਸ਼ਨ ਵਿਭਾਗ ਦੇ ਡਾਇਰੈਕਟਰ ਸਨ। ਉਹਨਾਂ ਦੇ ਨਾਲ ਹੀ ਮੈਨੇਜਰ ਦੇ ਤੌਰ ਤੇ ਨਿਰੰਜਨ ਸਿੰਘ ਢਿਲੋਂ ਵੀ ਸਨ। ਨਿਰੰਜਨ ਢਿਲੋਂ ਵੀ ਮੇਰੀ ਮਦਦ ਲਈ ਸਦਾ ਬਹੁੜਦੇ ਰਹੇ ਹਨ। ਇਹਨਾਂ ਨੇ ਰਲ਼ ਕੇ ਕਾਲਜ ਵਿਚ ਬੀ. ਏ. ਤੇ ਐਮ. ਏ. ਦੀਆਂ ਕਲਾਸਾਂ ਸ਼ੁਰੂ ਕੀਤੀਆਂ ਸਨ। ਮੇਰੇ ਤੋਂ ਵਧੀਆ ਅਧਿਆਪਕਾ ਇਹਨਾਂ ਨੂੰ ਹੋਰ ਕਿਹੜੀ ਮਿਲ ਸਕਦੀ ਸੀ। ਬੀ. ਏ. ਗੁਰੂ ਨਾਨਕ ਦੇਵ ਯੂਨੀਵਰਸਟੀ ਨਾਲ ਰਲ਼ ਕੇ ਚਲਾਈ ਸੀ ਤੇ ਪੰਜਾਬੀ ਦੀ ਐਮ. ਏ. ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਐਫਿਲੀਏਟ ਕਰਕੇ ਸ਼ੁਰੂ ਕਰ ਲਈਆਂ। ਵਾਹਵਾ ਸਾਰੇ ਵਿਦਿਆਰਥੀ ਵੀ ਮਿਲ ਗਏ। ਮੈਂ ਅਧਿਆਪਕਾ ਬਣ ਕੇ ਵੁਲਵਰਹੈਂਪਨ ਆ ਗਈ। ਮੇਰੇ ਮਨ-ਪਸੰਦ ਦੀ ਨੌਕਰੀ। ਰਹਿਣ ਲਈ ਨਿਰੰਜਨ ਸਿੰਘ ਢਿਲੋਂ ਨੇ ਆਪਣੇ ਘਰ ਬੌਕਸ ਰੂਮ ਦੇ ਦਿਤਾ।

ਚਾਰ ਦਿਨ ਮੈਂ ਕੰਮ ਕਰਦੀ। ਕਾਲਜ ਭਾਵੇਂ ਘਰ ਤੋਂ ਬਹੁਤਾ ਦੂਰ ਨਹੀਂ ਸੀ, ਲੇਕਿਨ ਢਿੱਲੋਂ ਸਾਹਿਬ ਮੈਨੂੰ ਹਮੇਸ਼ਾ ਆਪਣੇ ਨਾਲ ਲੈ ਕੇ ਜਾਂਦੇ। ਕਲਾਸਾਂ ਦਾ ਵਕਤ ਸ਼ਾਮ 6 ਵਜੇ ਤੋਂ 9 ਵਜੇ ਤਕ ਦਾ ਹੁੰਦਾ ਸੀ। ਢਿੱਲੋਂ ਸਾਹਿਬ ਸਵੇਰੇ ਕਾਲਜ ਚਲੇ ਜਾਂਦੇ ਸਨ। ਸ਼ਾਮ ਨੂੰ ਸਾਢੇ ਪੰਜ ਵਜੇ ਘਰ ਆਉਂਦੇ। ਸ਼ਾਮ ਦੀ ਰੋਟੀ ਖਾਣ ਤੋਂ ਬਾਅਦ ਅਸੀਂ ਦੋਵੇਂ ਇਕੱਠੇ ਕਾਲਜ ਜਾਂਦੇ। ਐਮ. ਏ. ਦੀ ਕਲਾਸ ਵਿਚ ਉਹਨਾ ਦਾਖਲਾ ਲਿਆ ਹੋਇਆ ਸੀ। ਸੋ ਦਿਨ ਵੇਲੇ ਜਿਸ ਵਿਭਾਗ ਵਿਚ ਉਹ ਮੈਨੇਜਰ ਹੁੰਦੇ ਉਸੇ ਵਿਭਾਗ ਵਿਚ ਸ਼ਾਮ ਨੂੰ ਉਹ ਵਿਦਿਆਰਥੀ ਹੁੰਦੇ। ਵੀਰਵਾਰ ਤਕ ਪੜ੍ਹਾ ਕੇ ਸਪਤਾਹ ਅੰਤ 'ਤੇ ਮੈਂ ਹੇਜ਼ ਆ ਜਾਇਆ ਕਰਦੀ ਸਾਂ।

ਹੇਜ਼ ਆ ਕੇ ਇਕ ਦਿਨ ਚੰਗਾ ਨਿਕਲਦਾ ਤੇ ਦੂਜੇ ਦਿਨ ਚੰਦਨ ਸਾਹਿਬ ਆਪਣੇ ਅਸਲੀ ਰੰਗ ਵਿਚ ਆ ਜਾਂਦੇ। ਇਕ ਹੋਰ ਗੱਲ ਹੁਣ ਸਾਹਮਣੇ ਆ ਰਹੀ ਸੀ ਕਿ ਚੰਦਨ ਸਾਹਿਬ ਦੀ ਬੇਟੀ ਜੇਕਰ ਘਰ ਆਈ ਹੋਈ ਹੁੰਦੀ ਤਾਂ ਉਹ ਮੇਰੇ ਨਾਲ ਈਰਖਾ ਜਿਹੀ ਕਰਨ ਲੱਗਦੀ। ਉਹ ਮੈਨੂੰ ਇਕ ਵਾਰ ਫੋਨ ਤੇ ਇਹ ਕਹਿ ਵੀ ਚੁੱਕੀ ਸੀ ਕਿ ਜਦੋਂ ਦੀ ਮੈਂ ਆਈ ਹਾਂ, ਚੰਦਨ ਸਾਹਿਬ ਉਹਦੇ ਵਲ ਘੱਟ ਧਿਆਨ ਦੇਂਦੇ ਹਨ। ਕਦੇ ਕਦੇ ਉਹ ਚੰਦਨ ਸਾਹਿਬ ਦੇ ਨਾਲ ਕੁਝ ਜ਼ਿਆਦਾ ਹੀ ਹੇਜ ਦਿਖਾਉਂਦੀ। ਅਮਨਦੀਪ ਲਈ ਕੁੜੀਆਂ ਦੇਖੀਆਂ ਜਾਂਦੀਆਂ, ਗੱਲ ਨਾ ਬਣਨ 'ਤੇ ਘਰ ਵਿਚ ਕਲੇਸ਼ ਪੈ ਜਾਂਦਾ। ਅਚਾਨਕ ਕੀ ਹੋਇਆ ਕਿ ਮੇਰੇ ਬਲੀਡਿੰਗ ਸ਼ੁਰੂ ਹੋ ਗਈ। ਇਸੇ ਹਾਲਤ ਵਿਚ ਮੈਂ ਕਈ ਹਫ਼ਤੇ ਵੁਲਵਰਹੈਂਪਟਨ ਪੜ੍ਹਾਉਣ ਜਾਂਦੀ ਰਹੀ। ਜਦ ਤਿੰਨ ਮਹੀਨੇ ਲੰਘ ਗਏ, ਬਲੀਡਿੰਗ ਬੰਦ ਹੋਣ ਤੇ ਹੀ ਨਾ ਆਈ, ਜਾਪਿਆ, ਪੇਟ ਵਿਚ ਕੋਈ ਪੁਰਾਣਾ ਹੀ ਬੈਂਹਕੜਾ ਜਿਹਾ ਬੈਠਾ ਹੋਇਆ ਸੀ ਜਿਹੜਾ ਠੀਕ ਹੋਣ ਵਿਚ ਨਹੀਂ ਸੀ ਆਉਂਦਾ। ਮੈਂ ਤੇ ਚੰਦਨ ਸਾਹਿਬ ਹਿਲਿੰਗਡਨ ਹੌਸਪੀਟਲ ਵਿਚ ਦਿਖਾਉਣ ਗਏ। ਸਾਰੇ ਟੈਸਟ ਕੀਤੇ ਗਏ। ਕੋਈ ਪਤਾ ਨਾ ਲੱਗਾ। ਸਾਰੇ ਟੈਸਟ ਕਲੀਅਰ ਸਨ। ਡਾਕਟਰ ਦਾ ਕਹਿਣਾ ਸੀ, ਸ਼ਾਇਦ ਪੀਟਿਊਟਰੀ ਗਲੈਂਡ ਦਾ ਸੰਤੁਲਨ ਵਿਗੜਨ ਕਰਕੇ ਬਲੀਡਿੰਗ ਬੰਦ ਨਹੀਂ ਹੋ ਰਹੀ ਇਸ ਲਈ ਬੱਚੇਦਾਨੀ ਨੂੰ ਕੱਢਣ ਲਈ ਡਾਕਟਰ ਕੋਈ ਓਪਰੇਸ਼ਨ ਕਰਨ ਬਾਰੇ ਕਹਿੰਦੇ ਸਨ। ਹੁਣ ਮੇਰਾ ਜੀ. ਪੀ. ਡਾਕਟਰ ਮਹਿੰਦਰ ਗਿੱਲ ਸੀ। ਉਸ ਨੇ ਮੈਨੂੰ ਕੋਈ ਅਜਿਹੀ ਦਵਾਈ ਦਿਤੀ ਕਿ ਬਲੀਡਿੰਗ ਤਾਂ ਬੰਦ ਹੋ ਗਈ ਪਰ ਦਰਦ ਉਵੇਂ ਹੀ ਰਿਹਾ। ਫਿਰ ਮੈਂ ਦਰਦ ਦੀ ਦਵਾਈ ਵੀ ਲਗਾਤਾਰ ਖਾਣ ਲੱਗੀ ਸਾਂ। ਬਲੀਡਿੰਗ ਰੋਕਣ ਦੀ ਦਵਾਈ ਅਜਿਹੀ ਸੀ ਕਿ

ਇਕ ਗੋਲੀ ਰੋਜ਼ ਖਾਣੀ ਪੈਂਦੀ। ਮੰਥਲੀ ਦੇ ਕੁਝ ਦਿਨ ਇਹ ਦਵਾਈ ਮੈਂ ਛੱਡ ਦਿੰਦੀ ਤੇ ਬਾਕੀ ਦਿਨ ਬਿਨਾਂ ਨਾਗਾ ਖਾਂਦੀ। ਚੰਦਨ ਸਾਹਿਬ ਕੋਲ ਦਰਦ ਹੋਣ ਦੀ ਸ਼ਿਕਾਇਤ ਕਰਦੀ ਤਾਂ ਉਹ ਆਖਦੇ ਕਿ ਮੈਂ ਡਰਾਮਾ ਕਰ ਰਹੀ ਹਾਂ।

ਇਹਨਾਂ ਦਿਨਾਂ ਵਿਚ ਹੀ ਚੰਦਨ ਸਾਹਿਬ ਇੰਡੀਆ ਜਾਣ ਦਾ ਪ੍ਰੋਗਰਾਮ ਬਣਾਉਣ ਲੱਗੇ। ਅਲਕਾ ਤੇ ਅਮਨਦੀਪ ਵੀ ਜਾ ਰਹੇ ਸਨ। ਕਾਲਜ ਵਿਚੋਂ ਮੈਨੂੰ ਛੁੱਟੀਆਂ ਮਿਲ ਗਈਆਂ ਤੇ ਮੈਂ ਵੀ ਤਿਆਰ ਹੋ ਗਈ। ਅਸੀਂ ਚਾਰੇ ਦਿੱਲੀ ਪੁੱਜ ਗਏ। ਦਿੱਲੀ ਜਾ ਕੇ ਫਿਰ ਚੰਦਨ ਸਹਿਬ ਅੰਦਰੋਂ ਪਹਿਲਾਂ ਵਾਲਾ ਚੰਦਨ ਨਿਕਲ ਆਇਆ। ਉਹ ਤਿੰਨੋ ਆਪਸ ਵਿਚ ਇਵੇਂ ਗੱਲਾਂ ਕਰਦੇ ਜਿਵੇਂ ਮੈਂ ਘਰ ਵਿਚ ਹਾਜ਼ਰ ਹੀ ਨਾ ਹੋਵਾਂ। ਮੈਂ ਚੰਦਨ ਸਾਹਿਬ ਨਾਲ ਕੋਈ ਗੱਲ ਕਰਨ ਲੱਗਦੀ ਤਾਂ ਅਲਕਾ ਅੱਗੋਂ ਟੋਕਦੀ ਹੋਈ ਕੋਈ ਗੱਲ ਆਪ ਸ਼ੁਰੂ ਕਰ ਦਿੰਦੀ। ਉਹ ਤਿੰਨੋਂ ਮੇਰੇ ਤੋਂ ਚੋਰੀ-ਚੋਰੀ ਕੁਝ ਸਲਾਹਾਂ ਜਿਹੀਆਂ ਵੀ ਕਰਦੇ ਫਿਰਦੇ। ਇਕ ਦਿਨ ਮੈਨੂੰ ਭਿਣਕ ਪੈ ਗਈ ਕਿ ਉਹ ਤਾਂ ਫਲੈਟ ਵੇਚਣ ਦੀ ਤਿਆਰੀ ਕਰੀ ਫਿਰਦੇ ਹਨ। ਵਾਹ! ਅਜੀਬ ਚਾਲ ਸੀ ਇਹਨਾਂ ਦੀ! ਮੇਰਾ ਹੀ ਫਲੈਟ, ਮੇਰੇ ਤੋਂ ਚੋਰੀ ਵੇਚ ਰਹੇ ਸਨ। ਠੀਕ ਸੀ ਕਿ ਇਹ ਚੰਦਨ ਸਾਹਿਬ ਦੇ ਨਾਂ 'ਤੇ ਸੀ ਪਰ ਇਹਨੂੰ ਖਰੀਦਣ ਵਿਚ ਮੇਰਾ ਪਹਿਲਾ ਫਲੈਟ ਲੱਗਿਆ ਹੋਇਆ ਸੀ। ਇਸ ਵਾਰ ਮੈਨੂੰ ਝਗੜਾ ਕਰਨਾ ਹੀ ਪਿਆ। ਏਡਾ ਵੱਡਾ ਧੱਕਾ ਮੈਂ ਨਹੀਂ ਸਾਂ ਝੱਲ ਸਕਦੀ।। ਇਥੇ ਅਲਕਾ ਦਾ ਇਕ ਹੋਰ ਰੂਪ ਸਾਹਮਣੇ ਆਇਆ ਕਿ ਉਹ ਚੰਦਨ ਸਾਹਿਬ ਵਾਂਗ ਹੀ ਗੁੱਸੇਖੋਰ ਸੀ ਤੇ ਲੜਾਈ ਵਿਚ ਹੱਥੀਂ ਉਤਰਨ ਤਕ ਜਾਂਦੀ ਸੀ। ਉਹ ਮੈਨੂੰ 'ਮੈਂਟਲ' ਤਕ ਕਹਿ ਜਾਂਦੀ। ਜਿੰਨੇ ਦਿਨ ਵੀ ਉਹ ਦਿੱਲੀ ਰਹੇ, ਘਰ ਕੁਰੁਕੁਸ਼ੇਤਰ ਬਣਿਆ ਰਿਹਾ। ਉਹਨਾਂ ਨੇ ਮੁੰਬਈ ਜਾਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਮੈਨੂੰ ਉਹ ਨਾਲ ਨਹੀਂ ਸਨ ਲੈ ਜਾ ਰਹੇ। ਮੈਨੂੰ ਪਹਾੜ ਗੰਜ ਮਾਂ ਦੇ ਘਰ ਭੇਜ ਦਿਤਾ ਤੇ ਉਹ ਮੁੰਬਈ ਚਲੇ ਗਏ। ਮੁੰਬਈ ਤੋਂ ਕਦ ਵਾਪਸ ਆਏ, ਕਦ ਉਹ ਇੰਗਲੈਂਡ ਚਲੇ ਗਏ, ਮੈਨੂੰ ਇਸਦੀ ਕੋਈ ਖਬਰ ਨਾ ਦਿੱਤੀ। ਮੈਂ ਇਕ ਵਾਰ ਫਿਰ ਦਿੱਲੀ ਵਿਚ ਛੱਡ ਦਿਤੀ ਗਈ।

ਇਕ ਦਿਨ ਮੈਂ ਆਪਣੇ ਕੁਝ ਕਪੜੇ ਲੈਣ ਲਈ ਫਲੈਟ ਵਿਚ ਗਈ ਤਾਂ ਦੇਖਿਆ ਕਿ ਸਾਰੇ ਤਾਲੇ ਬਦਲੇ ਹੋਏ ਸਨ ਜਾਣੀ ਕਿ ਆਪਣੇ ਫਲੈਟ ਵਿਚੋਂ ਮੇਰਾ ਕਬਜ਼ਾ ਖਤਮ।

## ਚੌਦਾਂ

ਮੈਂ ਇਕ ਫੈਸਲਾ ਆਪਣੇ ਆਪ ਨਾਲ ਕਰ ਲਿਆ ਕਿ ਹੁਣ ਚੰਦਨ ਸਾਹਿਬ ਨਾਲ ਨਹੀਂ ਰਹਿਣਾ। ਇਹ ਗੱਲ ਮੈਂ ਨੂਰ ਸਾਹਿਬ ਨੂੰ ਵੀ ਦਸ ਦਿੱਤੀ। ਨੂਰ ਸਾਹਿਬ ਨੇ ਵੀ ਮੇਰੀ ਗੱਲ ਮੰਨ ਲਈ। ਹਾਲਾਂਕਿ ਜਦੋਂ ਮੈਨੂੰ ਪਹਿਲੀ ਵਾਰ ਘਰ ਚੋਂ ਕੱਢਿਆ ਗਿਆ ਸੀ ਤਾਂ ਨੂਰ ਸਾਹਿਬ ਹੀ ਸਨ ਜੋ ਚੰਦਨ ਸਾਹਿਬ ਦੇ ਨਾਲ ਮੈਨੂੰ ਲੈਣ ਆਏ ਸਨ। ਹੁਣ ਮੈਂ ਵਾਪਸ ਇੰਗਲੈਂਡ ਵੀ ਨਹੀਂ ਸਾਂ ਜਾਣਾ ਚਾਹੁੰਦੀ। ਮੇਰੀ ਸਿਹਤ ਵਿਗੜ ਰਹੀ ਸੀ। ਬੇਚੈਨੀ ਬਹੁਤ ਹੁੰਦੀ ਸੀ। ਦਵਾਈ ਵੀ ਅਸਰ ਨਾ ਕਰਦੀ। ਮੇਰੀ ਹਾਲਤ ਦੇਖ ਕੇ ਇਕ ਦਿਨ ਜਸਵਿੰਦਰ ਨਿਰੰਜਨ ਸਿੰਘ ਢਿਲੋਂ ਨੂੰ ਫੋਨ ਕਰਕੇ ਕਹਿਣ ਲੱਗੀ,



"ਢਿਲੋਂ ਸਾਹਿਬ, ਦੀਦੀ ਦੀ ਹਾਲਤ ਬਿਲਕੁਲ ਠੀਕ ਨਹੀਂ। ਇਹ ਸਰੀਰਕ ਤੌਰ 'ਤੇ ਵੀ ਠੀਕ ਨਹੀਂ ਤੇ ਮਾਨਸਿਕ ਤੌਰ 'ਤੇ ਵੀ, ਤੇ ਉਤੋਂ ਇਹ ਕਹਿ ਰਹੇ ਨੇ ਕਿ ਵਾਪਸ ਇੰਗਲੈਂਡ ਨਹੀਂ ਜਾਣਾ।"

ਢਿਲੋਂ ਸਾਹਿਬ ਨੇ ਜਸਵਿੰਦਰ ਨੂੰ ਆਖਿਆ,

"ਤੁਸੀਂ ਇਕ ਵਾਰ ਕਿਸੇ ਨਾ ਕਿਸੇ ਤਰ੍ਹਾਂ ਇਹਨਾਂ ਨੂੰ ਜਹਾਜ਼ੇ ਚਾੜ੍ਹ ਦਿਓ, ਅਸੀਂ ਇਥੇ ਆਪ ਹੀ ਸੰਭਾਲ ਲਵਾਂਗੇ।"

ਸੋ ਮੈਂ ਔਖੀ-ਸੌਖੀ ਵਾਪਸ ਇੰਗਲੈਂਡ ਪੁੱਜ ਗਈ। ਚੰਦਨ ਸਾਹਿਬ ਨਾਲ ਮੇਰੀ ਕਾਨੂੰਨੀ ਅਲਹਿਦਗੀ ਸ਼ੁਰੂ ਹੋ ਗਈ। ਅਲਹਿਦਗੀ ਤਾਂ ਸ਼ੁਰੂ ਹੋ ਗਈ ਪਰ ਚੰਦਨ ਸਾਹਿਬ ਮੈਨੂੰ ਮੇਰਾ ਸਮਾਨ ਦੇਣ ਆਏ ਤਾਂ ਮੇਰੇ ਕੋਲ ਹੀ ਰਹਿ ਗਏ। ਰਾਤ ਨੂੰ ਮੇਰੇ ਨਾਲ ਹੀ ਸੁੱਤੇ ਪਰ ਮੈਂ ਉਹਨਾਂ ਨੂੰ ਰੋਕ ਹੀ ਨਾ ਸਕੀ। ਉਹ ਦੋ ਦਿਨ ਰਹਿ ਕੇ ਗਏ ਪਰ ਉਹਨਾਂ ਨੇ ਇਕ ਵਾਰ ਵੀ ਮੈਨੂੰ ਆਪਣੇ ਨਾਲ ਚੱਲਣ ਲਈ ਨਾ ਕਿਹਾ। ਵਾਪਸ ਹੇਜ਼ ਜਾ ਕੇ ਉਹਨਾਂ ਨੇ ਮੈਨੂੰ ਫੋਨ ਵੀ ਨਾ ਕੀਤਾ। ਕਿਸੇ ਕੰਮ ਲਈ ਮੈਂ ਕੀਤਾ ਵੀ ਤਾਂ ਉਹ ਬਹੁਤਾ ਠੀਕ ਨਾ ਬੋਲੇ।

ਇਕ ਦਿਨ ਨੂਰ ਸਾਹਿਬ ਨੇ ਆਖਿਆ,

"ਦੇਵਿੰਦਰ ਕਿਉਂ ਨਹੀਂ ਆਪਣਾ ਫਲੈਟ ਖਰੀਦ ਲੈਂਦੀ।"

"ਮੇਰੇ ਕੋਲ ਏਨੇ ਪੈਸੇ ਹੈ ਨਹੀਂ।"

"ਫਲੈਟ ਤਾਂ ਥੋੜਾ ਜਿਹਾ ਡਿਪੌਜ਼ਟ ਦੇ ਕੇ ਆ ਜਾਣਾ, ਬਾਕੀ ਦੀਆਂ ਕਿਸ਼ਤਾਂ ਹੋ ਜਾਣਗੀਆਂ।"

"ਨੂਰ ਸਾਹਿਬ, ਮੈਨੂੰ ਤਾਂ ਇਹਦੇ ਬਾਰੇ ਕੁਝ ਪਤਾ ਨਹੀਂ, ਤੁਸੀਂ ਲੈ ਦਿਓ ਆਪੇ ਹੀ।"

ਛੇਤੀ ਹੀ ਮੈਂ ਫਲੈਟ ਦੀ ਮਾਲਕਣ ਬਣ ਗਈ। ਭਾਵੇਂ ਇਹਨੂੰ ਘਰ ਨਹੀਂ ਸੀ ਕਿਹਾ ਜਾ ਸਕਦਾ ਪਰ ਮੇਰਾ ਟਿਕਾਣਾ ਬਣ ਗਿਆ ਸੀ। ਅਜਿਹਾ ਟਿਕਾਣਾ ਜਿਥੇ ਮੈਂ ਮਨਮਰਜ਼ੀ ਕਰ ਸਕਦੀ ਸਾਂ। ਆਪਣੇ ਮਰਜ਼ੀ ਦੇ ਦੋਸਤਾਂ ਨੂੰ ਸੱਦ ਸਕਦੀ ਸਾਂ। ਮੈਨੂੰ ਇੰਗਲੈਂਡ ਵਿਚ ਰਹਿਣ ਦਾ ਮਜ਼ਾ ਆਉਣ ਲੱਗਿਆ। ਅੱਠ ਸਾਲ ਹੋ ਚੱਲੇ ਸਨ ਮੈਨੂੰ ਇੰਗਲੈਂਡ ਆਈ ਨੂੰ ਮੈਂ ਏਨੀ ਖੁਸ਼ ਪਹਿਲੀ ਵਾਰ ਰਹਿਣ ਲੱਗੀ ਸਾਂ। ਮੇਰੇ ਨਵੇਂ ਨਵੇਂ ਦੋਸਤ ਬਣਨ ਲੱਗੇ। ਮਹਿੰਦਰ ਕੌਰ(ਯਹੋਵਾ ਵਿਟਨੈੱਸ) ਵਰਗੀਆਂ ਗੂੜ੍ਹੀਆਂ ਸਹੇਲੀਆਂ ਬਣ ਗਈਆਂ। ਇਹਨਾਂ ਦਿਨਾਂ ਵਿਚ ਹੀ ਮੈਨੂੰ ਇਕ ਮਨਹੂਸ ਖ਼ਬਰ ਮਿਲੀ। ਮੇਰੇ ਭਰਾ ਦੀ ਅਚਾਨਕ ਮੌਤ ਹੋ ਗਈ। ਸਿਹਤ ਤਾਂ ਉਹਦੀ ਕਾਫੀ ਸਮੇਂ ਤੋਂ ਵੱਲ ਨਹੀਂ ਸੀ ਰਹਿੰਦੀ ਇਸ ਖ਼ਬਰ ਨੇ ਮੈਨੂੰ ਬਹੁਤ ਉਦਾਸ ਕਰ ਦਿਤਾ। ਮੇਰੀ ਹਾਲਤ ਏਨੀ ਖਰਾਬ ਹੋ ਗਈ ਕਿ ਮੈਨੂੰ ਹਸਪਤਾਲ ਜਾਣਾ ਪਿਆ। ਮੈਂ ਇੰਡੀਆ ਜਾਣਾ ਚਾਹੁੰਦੀ ਸਾਂ ਪਰ ਨਵਾਂ ਨਵਾਂ ਫਲੈਟ ਲਿਆ ਸੀ, ਇਹਦੇ ਵਿਚ ਸਮਾਨ ਵੀ ਪਾਇਆ ਸੀ, ਮੇਰੇ ਕੋਲ ਇੰਡੀਆ ਜਾਣ ਦੀ ਗੁੰਜਾਇਸ਼ ਨਹੀਂ ਸੀ। ਕਿਸੇ ਤੋਂ ਉਧਾਰੇ ਮੈਂ ਲੈਣੇ ਨਹੀਂ ਸਾਂ ਚਾਹੁੰਦੀ। ਭਰਾ ਦੀ ਮੌਤ ਦਾ ਅਫਸੋਸ ਕਰਨ ਸਾਰੇ ਹੀ ਦੋਸਤ ਆਏ। ਕਈ ਦਿਨ ਤਕ ਰੋਟੀ ਮੇਰੀ ਸਹੇਲੀ ਮਹਿੰਦਰ ਕੌਰ (ਯਹੋਵਾ ਵਿਟਨੈੱਸ) ਦੇ ਘਰੋਂ ਆਉਂਦੀ ਰਹੀ ਵੂਲਵਰਹੈਂਪਟਨ ਤੋਂ ਤਾਂ ਸਾਰੇ ਲੇਖਕ ਆਏ। ਮੁਸ਼ਤਾਕ ਸਿੰਘ ਤੇ ਸੰਤੋਖ ਸਿੰਘ ਸੰਤੋਖ ਹੋਰੀਂ ਵੀ ਆਏ। ਮੁਸ਼ਤਾਕ ਸਿੰਘ ਨੇ ਮੈਨੂੰ ਇਕ ਪਾਸੇ ਬੁਲਾਇਆ ਤੇ ਪੁੱਛਿਆ,

"ਦੇਵਿੰਦਰ ਜੀ, ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸੋ, ਪੈਸੇ ਦੀ ਜਾਂ ਕਿਸੇ ਹੋਰ ਚੀਜ਼ ਦੀ। ਬਿਲਕੁਲ ਨਾ ਘਬਰਾਓ, ਨਿਸੰਗ ਕਹੋ!"

"ਨਹੀਂ, ਮੁਸ਼ਤਾਕ ਜੀ, ਥੈਂਕਿਊ!"

ਮੈਂ ਕਿਹਾ। ਮੁਸ਼ਤਾਕ ਸਿੰਘ ਦਾ ਇਵੇਂ ਪੁੱਛਣਾ ਏਨਾ ਦੋਸਤੀ ਭਰਿਆ ਸੀ ਕਿ ਮੈਨੂੰ ਬਹੁਤ ਚੰਗਾ ਲੱਗਿਆ। ਉਸੇ ਦਿਨ ਮੈਨੂੰ ਉਸ ਨੇ ਲੱਕ 'ਤੇ ਚੁੰਨੀ ਬੰਨ ਲੈਣ ਲਈ ਆਖਿਆ। ਉਸ ਦਾ ਕਹਿਣਾ ਸੀ ਜਾਪਿਆ, ਚੁੰਨੀ ਮੇਰੇ ਲੱਕ ਦਵਾਲੇ ਬੰਨੀ ਗਈ ਸੀ। ਉਸ ਦਿਨ ਤੋਂ ਬਾਅਦ ਵੀ ਮੁਸ਼ਤਾਕ ਸਿੰਘ ਨਾਲ ਮੇਰੀ ਲਗਾਤਾਰ ਫੋਨ ਉਪਰ ਗੱਲਬਾਤ ਹੋਣ ਲੱਗੀ। ਅੱਜ ਤਕ ਵੀ ਉਸ ਦੀ ਦੋਸਤੀ ਦਾ ਮੈਨੂੰ ਮਾਣ ਹੈ। ਚੰਦਨ ਸਾਹਿਬ ਤੋਂ ਤਾਂ ਉਸ ਵੇਲੇ ਅਜਿਹੇ ਦੋ ਸ਼ਬਦ ਵੀ ਨਾ ਜੁੜੇ।

## ਪੰਦਰਾਂ

ਭਰਾ ਦੀ ਮੌਤ ਵਿਚੋਂ ਮੈਂ ਹੌਲੀ ਹੌਲੀ ਉਭਰਨ ਲੱਗੀ। ਦੋਸਤਾਂ ਨੇ ਇਸ ਵਿਚ ਮੇਰੀ ਬਹੁਤ ਮਦਦ ਕੀਤੀ। ਹੁਣ ਤਕ ਮੈਂ ਕੁਝ ਪੈਸੇ ਇਕੱਠੇ ਕਰ ਲਏ ਸਨ ਤਾਂ ਜੋ ਇੰਡੀਆ ਜਾ ਸਕਾਂ। ਕਾਲਜ ਤੋਂ ਛੁੱਟੀ ਲਈ ਤੇ ਜਲਦੀ ਹੀ ਦਿੱਲੀ ਏਅਰਪੋਰਟ 'ਤੇ ਜਾ ਉਤਰੀ।

ਏਅਰ ਪੋਰਟ 'ਤੇ ਜਸਵਿੰਦਰ ਮੈਨੂੰ ਲੈਣ ਆਈ ਹੋਈ ਸੀ। ਜਸਵਿੰਦਰ ਦੇ ਨਾਲ ਸੋਢੀ ਵੀ ਸੀ। ਸੋਢੀ ਮੇਰਾ ਭਤੀਜਾ ਜਿਹੜਾ ਉਸ ਵੇਲੇ ਸਿਰਫ ਸੱਤ ਸਾਲ ਦਾ ਸੀ। ਉਹਨਾਂ ਵਲ ਦੇਖ ਕੇ ਮੇਰੀਆਂ ਤਾਂ ਧਾਹਾਂ ਨਿਕਲ ਗਈਆਂ। ਜਸਵਿੰਦਰ ਵੀ ਰੋਣ ਲੱਗੀ। ਸੋਢੀ ਮੇਰੇ ਵਲ ਦੇਖਦਾ ਜਾ ਰਿਹਾ ਸੀ। ਉਸ ਦੇ ਹੰਝੂ ਅੱਖਾਂ ਵਿਚ ਆਏ ਪਰ ਥਾਵੇਂ ਹੀ ਰੁਕ ਗਏ। ਮੈਂ ਸਮਝ ਗਈ ਕਿ ਹੁਣ ਇਹ ਬੱਚਾ ਨਹੀਂ ਰਿਹਾ। ਹੁਣ ਇਹ ਪੂਰਾ ਮਰਦ ਬਣ ਗਿਆ ਹੈ। ਸ਼ਾਇਦ ਉਸ ਨੂੰ ਪਿਓ ਦੇ ਚਲੇ ਜਾਣ ਤੋਂ ਬਾਅਦ ਵਾਲੀ ਜ਼ਿੰਮੇਵਾਰੀ ਦੀ ਸਮਝ ਪੈ ਗਈ ਸੀ। ਮੈਂ ਉਸ ਨੂੰ ਵੀ ਬਾਹਾਂ ਵਿਚ ਲਿਆ ਤੇ ਖੂਬ ਦਿਲ ਹਲਕਾ ਕੀਤਾ ਪਰ ਉਹ ਨਾ ਰੋਇਆ। ਉਸ ਦੀਆਂ ਅੱਖਾਂ ਵਿਚ ਠਹਿਰੇ ਹੋਏ ਹੰਝੂ ਮੈਨੂੰ ਬਹੁਤ ਤੰਗ ਕਰ ਰਹੇ ਸਨ, ਹਾਲੇ ਵੀ ਕਈ ਵਾਰ ਉਹੀ ਦੋ ਅੱਖਾਂ ਤੇ ਅੱਖਾਂ ਵਿਚ ਠਹਿਰੇ ਉਹੀ ਹੰਝੂ ਮੇਰੀਆਂ ਅੱਖਾਂ ਸਾਹਵੇਂ ਆ ਖੜਦੇ ਹਨ ਤੇ ਮੇਰੀਆਂ ਅੱਖਾਂ ਨਮ ਕਰ ਜਾਂਦੇ ਹਨ। ਇਸ ਪਲ ਬਾਰੇ ਮੈਂ ਇਕ ਗੀਤ ਦੀਆਂ ਆਖ਼ਰੀ ਸਤਰਾਂ ਵਿਚ ਇਸ ਤਰਾਂ ਲਿਖਿਆ ਸੀ:-

"ਬਸ ਮਾਸੂਮ ਦੀਆਂ ਦੋ ਅੱਖੀਆਂ, ਸਾਡਾ ਰਸਤਾ ਰੋਕ ਰਹੀਆਂ
ਉਂਝ ਤਾਂ ਸਾਰੇ ਰਸਤੇ ਲੰਘ ਕੇ ਆਏ ਵਿਚ ਬਾਜ਼ਾਰ ਅਸੀਂ"

ਘਰ ਵਿਚ ਬਹੁਤ ਹੀ ਉਦਾਸੀ ਵਾਲਾ ਮਹੌਲ ਸੀ। ਮੇਰੀਆਂ ਦੋਵੇਂ ਭਤੀਜੀਆਂ ਵੀ ਚੁੱਪ ਚੁੱਪ ਫਿਰੀ ਜਾ ਰਹੀਆਂ ਸਨ। ਮਾਂ ਵੀ ਇਕ ਦਮ ਹੋਰ ਬੁੱਢੀ ਹੋ ਗਈ ਸੀ। ਉਸ ਨੇ ਤਾਂ ਮੌਤਾਂ ਹੀ ਬਹੁਤ ਦੇਖੀਆਂ ਸਨ, ਆਪਣੀ ਹਯਾਤੀ ਵਿਚ ਪਹਿਲਾਂ 9 ਭਰਾਵਾਂ, ਦੋ



ਭੈਣਾਂ, ਦੋ ਭਤੀਜੇ, ਇੱਕ ਭਤੀਜੀ, ਇੱਕ ਪੁੱਤਰ, ਮਾਂ-ਬਾਪ ਦੀ ਮੌਤ ਤੋਂ ਬਾਅਦ ਇਵੇਂ ਜਵਾਨ ਪੁੱਤ ਦੀ ਮੌਤ ਉਸ ਲਈ ਵੀ ਅਸਹਿ ਸੀ। ਨਿੱਕੇ ਨਿੱਕੇ ਪੋਤੇ-ਪੋਤੀਆਂ ਦਾ ਰੁਲਣਾ ਵੀ ਨਹੀਂ ਸੀ ਝੱਲਿਆ ਜਾਂਦਾ। ਮਾਂ, ਜਸਵਿੰਦਰ ਤੇ ਮੈਂ ਤਿੰਨੇ ਇਕ ਦੂਜੀ ਨੂੰ ਸਹਾਰਾ ਦੇ ਰਹੀਆਂ ਸਾਂ ਤੇ ਆਪ ਅੰਦਰੋਂ ਟੁੱਟੀਆਂ ਪਈਆਂ ਸਾਂ। ਜਸਵਿੰਦਰ ਨੇ ਸੋਢੀ ਨੂੰ ਮੇਰੀ ਝੋਲੀ ਵਿਚ ਪਾ ਦਿਤਾ ਤੇ ਮੈਂ ਉਸ ਨੂੰ ਬਾਹਾਂ ਵਿਚ ਘੁੱਟ ਲਿਆ। ਸੋਢੀ ਹੁਣ ਮੇਰੇ ਨਾਲ ਬਹੁਤਾ ਜੁੜਨ ਲੱਗ ਪਿਆ ਸੀ। ਮੈਨੂੰ ਵੀ ਉਸ ਵਿਚੋਂ ਆਪਣਾ ਭਰਾ ਦਿੱਸਣ ਲੱਗ ਪਿਆ ਸੀ। ਉਹ ਬਹੁਤਾ ਸਮਾਂ ਮੇਰੇ ਨਾਲ ਹੀ ਬਤੀਤ ਕਰਦਾ। ਇਕ ਦਿਨ ਮੇਰੀ ਲੱਤ ਉਪਰ ਲੱਸਣ ਦੇਖ ਕੇ ਉਹ ਬੋਲਿਆ,

"ਦੇਖੋ ਅੰਮੀ, ਬਿਲਕੁਲ ਏਦਾਂ ਦਾ ਬਰਥ-ਮਾਰਕ ਮੇਰੇ ਵੀ ਏ।"

ਆਖਦਾ ਉਹ ਆਪਣੀ ਕਮੀਜ਼ ਚੁੱਕ ਕੇ ਦਿਖਾਉਣ ਲੱਗਿਆ। ਖੂਨ ਦੀ ਸਾਂਝ ਦੇ ਨਾਲ ਨਾਲ ਇਹ ਇਕ ਹੋਰ ਸਾਂਝ ਸੀ। ਸਾਰੇ ਬੱਚੇ ਮੈਨੂੰ ਪਹਿਲਾਂ ਤੋਂ ਹੀ 'ਅੰਮੀ' ਕਿਹਾ ਕਰਦੇ ਸਨ। ਮੈਨੂੰ ਵੀ ਸਦਾ ਉਹ ਤਿੰਨੇ ਆਪਣੇ ਹੀ ਬੱਚੇ ਲੱਗਦੇ ਰਹੇ ਹਨ। ਅਸੀਂ ਸਲਾਹਾਂ ਕਰਨ ਲੱਗੇ ਕਿ ਮਾਂ ਨੂੰ ਮੈਂ ਇੰਗਲੈਂਡ ਲੈ ਜਾਵਾਂ ਕਿਉਂ ਕਿ ਜਸਵਿੰਦਰ ਨੂੰ ਤਾਂ ਹੁਣ ਬੱਚੇ ਸੰਭਾਲਣੇ ਹੀ ਔਖੇ ਹੋ ਜਾਣੇ ਸਨ, ਮਾਂ ਦੀ ਸੰਭਾਲ ਕਿਵੇਂ ਕਰੇਗੀ। ਹਾਲਾਂਕਿ ਉਹ ਬੜੀ ਠਰੰਮੇ ਵਾਲੀ, ਸਬਰ ਵਾਲੀ ਬਹਾਦਰ ਔਰਤ ਸਾਬਿਤ ਹੋਈ ਜਦੋਂ ਉਸਨੇ ਮੇਰੇ ਭਰਾ ਦੇ ਭੋਗ ਤੇ ਗੁਰਦਵਾਰੇ ਅੰਤਿਮ ਅਰਦਾਸ ਆਪ ਕੀਤੀ, ਸਾਰੇ ਉਸਦੇ ਇਸ ਸਬਰ ਤੇ ਹੈਰਾਨ ਰਹਿ ਗਏ। ਇਸੇ ਲਈ ਮੈਨੂੰ ਉਸ ਵਿਚ ਮਾਂ ਦਿੱਸਣ ਲੱਗੀ ਕਿਉਂਕਿ ਮੇਰੀ ਮਾਂ ਨੇ ਵੀ ਮੇਰੇ ਪਿਤਾ ਦੇ ਦੇਹਾਂਤ 'ਤੇ ਮੈਨੂੰ ਤੇ ਮੇਰੇ ਭਰਾ ਨੂੰ ਸਾਹਮਣੇ ਬਿਠਾ ਇਹ ਆਖਿਆ ਸੀ,

"ਜਦ ਤਕ ਮੈਂ ਜੀਂਦੀ ਹਾਂ, ਬੱਚਿਉ, ਤੁਹਾਡੀ ਵਾਅ ਵੱਲ ਵੀ ਨਹੀਂ ਕੋਈ ਵੇਖ ਸਕਦਾ।"

ਮੈਂ ਮਾਂ ਦੇ ਸੈਰ ਦੇ ਵੀਜ਼ੇ ਲਈ ਅਪਲਾਈ ਕਰ ਦਿਤਾ ਪਰ ਵੀਜ਼ਾ ਆਉਣ-ਕਰਨ ਨੂੰ ਵਕਤ ਲੱਗ ਜਾਣਾ ਸੀ ਸੋ ਮੈਂ ਵਾਪਸ ਆ ਗਈ।

ਮੇਰੀ ਨੌਕਰੀ ਸੀ ਤਾਂ ਪੱਕੀ ਪਰ ਪਾਰਟ ਟਾਈਮ ਹੀ ਸੀ। ਮੈਂ ਵੀਕ ਵਿਚ ਸਾਢੇ ਸਤਾਰਾਂ ਘੰਟੇ ਕੰਮ ਕਰਦੀ ਸਾਂ। ਫਲੈਟ ਆਪਣਾ ਲੈ ਲੈਣ ਕਾਰਨ ਮੈਂ ਪੈਸਿਆਂ ਵਲੋਂ ਔਖੀ ਹੋ ਗਈ ਸਾਂ। ਮੌਰਟਗੇਜ਼ ਬਹੁਤ ਸੀ ਫਿਰ ਉਪਰੋਂ ਹੋਰ ਖਰਚੇ। ਮੈਂ ਨਾਲ ਹੀ ਕਿਸੇ ਹੋਰ ਪਾਰਟ ਟਾਈਮ ਨੌਕਰੀ ਦੀ ਤਲਾਸ਼ ਕਰਨ ਲੱਗੀ। ਕੁਝ ਦੇਰ ਬਾਅਦ ਮੈਨੂੰ ਕੇਅਰਰ ਦੀ ਜੌਬ ਮਿਲ ਗਈ। ਇਸ ਵਿਚ ਕੀ ਹੁੰਦਾ ਸੀ ਕਿ ਮੈਂ ਬਜ਼ੁਰਗ ਲੋਕਾਂ ਦੇ ਘਰੀਂ ਜਾ ਕੇ ਉਹਨਾਂ ਦੀ ਮਦਦ ਕਰਨੀ ਹੁੰਦੀ ਸੀ। ਉਹਨਾਂ ਦੇ ਭਾਂਡੇ ਧੋਣੇ, ਹੂਵਰ ਕਰਨਾ, ਤੇ ਹੋਰ ਸਫਾਈ ਦਾ ਕੰਮ ਵੀ ਕਰ ਦੇਣਾ। ਹਾਲਾਂਕਿ ਇਕ ਗੁਜਰਾਤੀ ਬਜ਼ੁਰਗ ਔਰਤ ਦੇ ਘਰ ਕੰਮ ਕਰਦਿਆਂ ਜਿਸ ਤਰਾਂ ਦਾ ਮੇਰੇ ਨਾਲ ਵਰਤਾਉ ਕੀਤਾ ਜਾਂਦਾ ਸੀ, ਉਸ ਤੋਂ ਮੈਨੂੰ ਇਸ ਤਰ੍ਹਾਂ ਜਾਪਦਾ ਕਿ ਮੈਂ ਦਿੱਲੀ ਦੇ ਕਿਸੇ ਘਰ ਵਿਚ ਕੰਮ ਕਰਨ ਵਾਲੀ ਮਾਈ ਹਾਂ। ਉਸ ਔਰਤ ਦਾ ਮਾਲਿਕਾਨਾ ਰਵੈਯਾ ਮੈਨੂੰ ਤੰਗ ਕਰਦਾ। ਮੈਨੂੰ ਪੈਸਿਆਂ ਦੀ ਲੋੜ ਸੀ ਤੇ ਕੰਮ ਕੀ ਤੇ ਸ਼ਰਮ ਕੀ। ਇਕ ਦਿਨ ਨਿਰੰਜਨ ਸਿੰਘ ਨੂਰ ਮਿਲੇ ਤੇ ਬੋਲੇ,

"ਦੇਵਿੰਦਰ, ਆਏ'ਮ ਰੀਅਲੀ ਪਰਾਊਡ ਔਫ ਯੂ! ਏਡੀ ਵੱਡੀ ਡਿਗਰੀ ਲੈ ਕੇ, ਦੂਜੇ ਪਾਸੇ ਕਾਲਜ ਦੀ ਅਧਿਆਪਕਾ ਹੋ ਕੇ ਵੀ ਘਰਾਂ ਵਿਚ ਸਫਾਈ ਦਾ ਕੰਮ ਵੀ ਕਰਦੀ

ਏਂ। ਇਹ ਬਹੁਤ ਹੀ ਮਾਣ ਵਾਲੀ ਗੱਲ ਏ।"

ਉਹਨਾਂ ਦੇ ਇਹਨਾਂ ਬੋਲਾਂ ਨੇ ਮੇਰਾ ਹੌਸਲਾ ਦੂਣ-ਸਵਾਇਆ ਕਰ ਦਿਤਾ। ਪਰ ਪੰਜਾਬੀ ਦੀ ਕਹਾਣੀਕਾਰ ਵੀਨਾ ਵਰਮਾ ਨੂੰ ਜਦ ਪਤਾ ਲੱਗਾ, ਉਹਦਾ ਲੇਖਕ-ਹਿਰਦਾ ਤਿਲਮਿਲਾ ਉੱਠਿਆ, ਅੱਖਾਂ 'ਚ ਹੰਝੂ ਭਰਦਿਆਂ ਬੋਲੀ ਸੀ ਕਿ ਸ਼ਾਇਦ ਮੈਂ ਕਦੇ ਇਸ ਤੇ ਕਹਾਣੀ ਲਿਖਾਂ। ਸ਼ਾਇਦ ਉਹ ਅਜੇ ਵੀ ਦਿੱਲੀ ਵਾਲੀ ਦੇਵਿੰਦਰ, ਕਾਲਜ, ਯੂਨੀਵਰਸਿਟੀ ਵਾਲੀ ਦੇਵਿੰਦਰ ਲੱਭ ਰਹੀ ਸੀ ਤੇ ਇਕ ਲੈਕਚਰਾਰ ਦੇ ਹੱਥਾਂ ਵਿਚ ਫੜਿਆ ਹੂਵਰ ਉਸਦੀ ਸੰਵੇਦਨਾ ਨੂੰ ਦੁਖੀ ਕਰ ਰਿਹਾ ਸੀ।

ਛੇਤੀ ਹੀ ਮੇਰੀ ਮਾਂ ਮੇਰੇ ਕੋਲ ਪੁੱਜ ਗਈ। ਚੰਦਨ ਸਾਹਿਬ ਨੂੰ ਪਤਾ ਚੱਲਿਆ ਤਾਂ ਉਹਨਾਂ ਦਾ ਫੋਨ ਆ ਗਿਆ। ਬੋਲੇ,

"ਤੇਰੀ ਮਾਂ ਆ ਗਈ ਏ ਤੇ ਮੈਂ ਹੁਣ ਚੱਲਿਆਂ ਵਾਂ!"

ਮੈਂ ਡਰ ਗਈ। ਮੈਨੂੰ ਪਤਾ ਲੱਗਿਆ ਸੀ ਕਿ ਉਹ ਦੋ ਕੁ ਵਾਰ ਖੁਦਕੁਸ਼ੀ ਦੀ ਕੋਸ਼ਿਸ਼ ਕਰ ਵੀ ਚੁੱਕੇ ਸਨ। ਜ਼ਿਆਦਾ ਗੋਲੀਆਂ ਖਾ ਕੇ ਹਸਪਤਾਲ ਪੁੱਜ ਚੁੱਕੇ ਸਨ। ਅਸਲ ਵਿਚ ਪਿੱਛੇ ਜਿਹੇ ਹੀ ਸ਼ਰਾਬ ਪੀ ਕੇ ਗੱਡੀ ਚਲਾਉਂਦੇ ਫੜੇ ਗਏ ਸਨ ਤੇ ਹੁਣ ਉਹਨਾਂ ਦਾ ਲਾਇਸੰਸ ਚਲੇ ਜਾਣਾ ਸੀ। ਲਾਇਸੰਸ ਬਿਨਾਂ ਤਾਂ ਉਹਨਾਂ ਨੇ ਕਿਸੇ ਕੰਮ ਦਾ ਨਹੀਂ ਸੀ ਰਹਿਣਾ।

ਇਹਨਾਂ ਦਿਨਾਂ ਵਿਚ ਹੀ ਨੂਰ ਸਾਹਿਬ ਰਾਹੀਂ ਸਾਡੇ ਵਿਚ ਇਕ ਸਮਝੌਤਾ ਹੋ ਗਿਆ ਕਿ ਦਿੱਲੀ ਵਾਲਾ ਫਲੈਟ ਮੇਰਾ ਹੈ ਤੇ ਲੰਡਨ ਵਾਲਾ ਘਰ ਇਹਨਾਂ ਦਾ। ਉਸ ਫਲੈਟ 'ਤੇ ਇਹ ਹੱਕ ਨਹੀਂ ਜਤਾਏਗਾ ਤੇ ਇਥੋਂ ਵਾਲੇ ਘਰ ਵਿਚੋਂ ਮੈਂ ਕੁਝ ਕਲੇਮ ਨਹੀਂ ਕਰਾਂਗੀ। ਮੈਨੂੰ ਇਹ ਮਨਜ਼ੂਰ ਸੀ। ਮੈਨੂੰ ਹਾਲੇ ਵੀ ਸਮਝ ਨਹੀਂ ਸੀ ਪੈ ਰਹੀ ਕਿ ਇਹ 'ਘਰਾਂ' ਜਿਹਾਂ ਦਾ ਝਗੜਾ ਕਿਉਂ ਪਾਈ ਬੈਠੇ ਸਨ। ਖੈਰ, ਹੁਣ ਇਥੇ ਮੇਰੇ ਕੋਲ ਫਲੈਟ ਹੈ ਹੀ ਸੀ, ਇਸ ਦੇ ਘਰ ਤੋਂ ਮੈਂ ਕੀ ਲੈਣਾ ਸੀ। ਪਰ ਇਕ ਗੱਲ ਦਾ ਡਰ ਸੀ ਕਿ ਪਹਿਲਾਂ ਵਾਂਗ ਇਹ ਜਾ ਕੇ ਦੁਬਾਰਾ ਨਾ ਕਬਜ਼ਾ ਕਰ ਲਵੇ। ਇਕ ਵਹਿਮ ਉਹਨਾਂ ਨੇ ਵੀ ਦਿਲ ਵਿਚ ਪਾਲ਼ ਰੱਖਿਆ ਸੀ, ਉਹ ਇਹ ਕਿ ਦਿੱਲੀ ਵਿਚ ਜਿਹੜਾ ਪਲਾਟ ਇਸ ਨੇ ਖਰੀਦਿਆ ਸੀ ਉਹ ਮੇਰੇ ਨਾਂ 'ਤੇ ਸੀ। ਪਲਾਟ ਦਾ ਭਾਵੇਂ ਮੁਖਤਿਆਰਨਾਮਾ ਇਸ ਦੇ ਨਾਂ ਕਰ ਦਿਤਾ ਹੋਇਆ ਸੀ ਪਰ ਇਹ ਗੱਲ ਕਰਦੇ ਕਰਦੇ ਉਸ ਦਾ ਜ਼ਿਕਰ ਕਰਨ ਲੱਗਦੇ ਸਨ। ਇਹ ਭੁੱਲ ਜਾਂਦੇ ਕਿ ਮੇਰੀ ਪਰਵਰਿਸ਼ ਅਜਿਹੀ ਨਹੀਂ ਸੀ ਕਿਸੇ ਹੋਰ ਦੇ ਹੱਕ 'ਤੇ ਹੱਕ ਦਿਖਾਇਆ ਜਾਵੇ। ਆਪਣੇ ਅੰਦਰਲੇ ਕਿਸੇ ਚੋਰ ਨੂੰ ਸੰਭਾਲਦੇ ਮੈਨੂੰ ਫੋਨ ਕਰਕੇ ਆਖਦੇ,

"ਰਾਣੀ, ਪਲੀਜ਼ ਆ ਜਾ, ਤੇਰੇ ਬਿਨਾਂ ਇਸ ਦੁਨੀਆਂ ਵਿਚ ਮੇਰਾ ਕੋਈ ਨਹੀਂ, ਜਿੱਤਰਾਂ ਤੂੰ ਕਹੇਂਗੀ, ਮੈਂ ਕਰਾਂਗਾ, ਪਲੀਜ਼!"

"ਚੰਦਨ ਜੀ, ਇਹ ਸੰਭਵ ਨਹੀਂ ਹੁਣ।"

ਆਖ ਕੇ ਮੈਂ ਫੋਨ ਰੱਖ ਦਿੰਦੀ। ਇਹ ਸ਼ਰਾਬੀ ਹੁੰਦੇ ਤਾਂ ਵਾਰ ਵਾਰ ਫੋਨ ਡਾਇਲ ਕਰਨ ਲੱਗਦੇ। ਮੈਂ ਫੋਨ ਔਫ ਦਾ ਹੁੱਕ ਕਰ ਦਿੰਦੀ। ਇਹਨਾਂ ਦੀ ਹਾਲਤ ਵਿਗੜਨ ਲੱਗੀ। ਲਾਇਸੰਸ ਇਹਨਾਂ ਦਾ ਚਲੇ ਗਿਆ। ਘਰੇ ਬੈਠੇ ਹੀ ਸ਼ਰਾਬ ਪੀਂਦੇ ਰਹਿੰਦੇ। ਦੋਸਤਾਂ ਨੇ ਤਾਂ ਇਹਨਾਂ ਨੂੰ ਪਹਿਲਾਂ ਹੀ ਬੁਲਾਉਣਾ ਛੱਡਿਆ ਹੋਇਆ ਸੀ। ਲਾ ਪਾ ਕੇ ਮੁਸ਼ਤਾਕ ਸਿੰਘ ਹੀ ਇਹਨਾਂ ਦਾ ਦੋਸਤ ਸੀ। ਉਸ ਦਾ ਘਰ ਇਹਨਾਂ ਦੇ ਘਰ ਦੇ ਨਜ਼ਦੀਕ ਹੀ ਸੀ ਪਰ



ਮੁਸ਼ਤਾਕ ਦਾ ਵੀ ਆਪਣਾ ਸੁਭਾਅ ਸੀ। ਹਰਜੀਤ ਅਟਵਾਲ ਵੀ ਇਹਨਾਂ ਦੇ ਬਹੁਤ ਨਜ਼ਦੀਕ ਸੀ ਪਰ ਉਸ ਦੇ ਬੱਚੇ ਹਾਲੇ ਛੋਟੇ ਸਨ, ਉਸ ਕੋਲ ਇਹਨਾਂ ਲਈ ਵਕਤ ਕਿਥੋਂ ਹੋਵੇਗਾ। ਅਮਨਦੀਪ ਦਾ ਵਿਆਹ ਹੋ ਗਿਆ ਸੀ। ਮੈਨੂੰ ਪਤਾ ਚੱਲਿਆ ਕਿ ਸ਼ਰਾਬ ਪੀ ਕੇ ਉਸ ਨੂੰ ਵੀ ਘਰੋਂ ਕੱਢ ਦਿਤਾ ਹੋਇਆ ਸੀ ਤੇ ਉਹ ਆਪਣੇ ਫਲੈਟ ਵਿਚ ਜਾ ਚੁੱਕਿਆ ਸੀ। ਸੋ ਹੁਣ ਚੰਦਨ ਸਾਹਿਬ ਸਨ ਤੇ ਜਾਂ ਫਿਰ ਚਾਰ ਕੰਧਾਂ। ਮੈਨੂੰ ਵੀ ਇਸ ਤਰ੍ਹਾਂ ਲੱਗਣ ਲੱਗ ਪਿਆ ਕਿ ਸਾਡਾ ਵਿਆਹ ਵੀ ਇਕ ਐਸਾ ਰਿਸ਼ਤਾ ਬਣਦਾ ਜਾ ਰਿਹਾ ਸੀ ਜਿਸ ਵਿਚ, ਪਿਆਰ, ਵਿਸ਼ਵਾਸ, ਅਤੇ ਭਰੋਸੇ ਵਿਚਕਾਰ ਜਾਇਦਾਦਾਂ ਦਾ ਮਲਬਾ ਆਣ ਖਲੋਤਾ ਹੈ। ਮੈਂ ਉਹਨਾਂ ਦਿਨ੍ਹਾਂ ਵਿਚ ਇਕ ਕਵਿਤਾ ਵੀ ਲਿਖੀ ਸੀ ਜਿਸ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਸਨ:-

"ਅਸਾਂ ਰਿਸ਼ਤਿਆਂ ਵਿਚਕਾਰ
ਮਕਾਨਾਂ ਦੀਆਂ ਦੀਵਾਰਾਂ ਚਿਣ ਦਿਤੀਆਂ ਹਨ
ਦੀਵਾਰਾਂ,
ਜਿਨ੍ਹਾਂ ਦੇ ਆਰ ਪਾਰ
ਪੰਛੀਆਂ ਦੀ ਫੜਫੜਾਹਟ ਹੈ
ਫ਼ਾਸਲਿਆਂ ਦੀ ਰਾਤ ਹੈ
ਗੀਤਾਂ ਦੀ ਮੌਤ ਹੈ
ਸੁਰਾਂ ਦਾ ਕ਼ਤਲ ਹੈ
ਜਾਇਦਾਦਾਂ ਦਾ ਮਲਬਾ ਹੈ
ਮੁਹੱਬਤਾਂ ਦੀ ਅਰਥੀ ਹੈ
ਬੋਲਾਂ ਦੀ ਮੱਕਾਰੀ ਹੈ
ਤੇ ਆਪੋ ਆਪਣੇ ਹੱਕ ਵਿਚ ਘੜੀਆਂ ਦਲੀਲਾਂ ਹਨ"

ਇਹਨਾਂ ਸਤਰਾਂ ਬਾਰੇ ਸੋਚ ਕੇ ਮੈਨੂੰ ਹਮਦਰਦੀ ਵੀ ਆਉਂਦੀ ਤੇ ਮਲਾਲ ਵੀ, ਕਦੇ ਦਿਲ ਕਰਦਾ, ਚਾਰ ਦਿਨ ਦੀ ਜ਼ਿੰਦਗੀ ਹੈ, ਰੁਸ ਕੇ ਕੀ ਲੈਣਾ ਪਰ ਮੇਰੇ ਆਪਣੇ ਤਜਰਬੇ ਏਨੇ ਕਰੂਰ ਸਨ ਕਿ ਮੈਂ ਮੁੜ ਕੇ ਪਿੱਛੇ ਨੂੰ ਨਹੀਂ ਸਾਂ ਦੇਖ ਸਕਦੀ। ਇਕ ਦਿਨ ਇਹਨਾਂ ਦਾ ਫੋਨ ਨੂਰ ਸਾਹਿਬ ਨੂੰ ਆਖਿਆ। ਇਹਨਾਂ ਨੇ ਉਹੀ ਗੱਲ ਉਹਨਾਂ ਨੂੰ ਕਹੀ ਜਿਹੜੀ ਸ਼ਰਾਬ ਪੀ ਕੇ ਮੈਨੂੰ ਕਿਹਾ ਕਰਦੇ ਸਨ। ਮੇਰੇ ਵਾਪਸ ਮੁੜ ਆਉਣ ਬਾਰੇ। ਮੈਂ ਨੂਰ ਸਾਹਿਬ ਨੂੰ ਸਾਫ ਕਹਿ ਦਿਤਾ ਕਿ ਇਹ ਬੰਦਾ ਯਕੀਨ ਦੇ ਕਾਬਲ ਨਹੀਂ। ਇਕ ਦਿਨ ਸੰਤੋਖ ਸਿੰਘ ਸੰਤੋਖ ਦਾ ਫੋਨ ਆਇਆ ਤੇ ਕਹਿਣ ਲੱਗਿਆ,

"ਦੇਵਿੰਦਰ, ਕੱਲ ਚੰਦਨ ਮੇਰੇ ਕੋਲ ਆਇਆ ਸੀ। ਉਹਦੀ ਬਹੁਤ ਬੁਰੀ ਹਾਲਤ ਐ, ਉਹ ਆਪਣੇ ਆਪ ਨੂੰ ਤਬਾਹ ਕਰ ਰਿਹੈ, ਜੇ ਤੁਹਾਡੇ ਵਿਚ ਬਹੁਤੀ ਵੱਡੀ ਗੱਲ ਨਹੀਂ ਤਾਂ ਕਿਉਂ ਨਹੀਂ ਮੁੜ ਕੇ ਇਕੱਠੇ ਹੋ ਜਾਂਦੇ। ਹੁਣ ਉਮਰਾਂ ਵੀ ਤਾਂ ਹੋ ਰਹੀਆਂ।"

ਮੈਨੂੰ ਸੰਤੋਖ ਦੇ ਬੋਲ ਹਿਲਾ ਗਏ। ਉਹਨਾਂ ਪ੍ਰਤੀ ਮੇਰਾ ਰਵੱਈਆ ਕੁਝ ਕੁ ਬਦਲਣ ਲੱਗਿਆ। ਭਾਵੇਂ ਮੇਰੇ ਅੰਦਰਲਾ ਵੱਡਾ ਹਿੱਸਾ ਉਸ ਦੇ ਨਾਲ ਰਹਿਣ ਦੇ ਬਹੁਤ ਖ਼ਿਲਾਫ ਸੀ। ਉਹ ਆਏ ਦਿਨ ਸ਼ਰਾਬ ਪੀ ਕੇ ਫੋਨ ਕਰਨ ਲੱਗੇ। ਵਾਪਸ ਆਉਣ 'ਤੇ ਜ਼ੋਰ ਪਾਉਂਦੇ ਪਰ

ਨਾਲ ਹੀ ਅੱਲ-ਵਲੱਲੀਆਂ ਵੀ ਮਾਰਨ ਲੱਗਦੇ।

ਇਕ ਦਿਨ ਮੈਨੂੰ ਨੂਰ ਸਾਹਿਬ ਨੇ ਕਿਹਾ,

"ਦੇਵਿੰਦਰ, ਬੁਰੀ ਖ਼ਬਰ ਏ ਕਿ ਚੰਦਨ ਸਾਹਿਬ ਚਲਦੀ ਗੱਡੀ ਵਿਚੋਂ ਡਿਗ ਪਏ ਤੇ ਉਹਨਾਂ ਦੇ ਬਹੁਤ ਸੱਟਾਂ ਲੱਗੀਆਂ, ਹਸਪਤਾਲ ਵਿਚ ਨੇ।"

## ਸੋਲਾਂ

ਉਹਨਾਂ ਦੇ ਐਕਸੀਡੈਂਟ ਨੇ ਮੈਨੂੰ ਬਹੁਤ ਤੰਗ ਕੀਤਾ। ਮੈਂ ਖ਼ਬਰ ਨੂੰ ਗਈ ਤਾਂ ਉਹ ਹਸਪਤਾਲ ਵਿਚ ਪੱਟੀਆਂ ਵਿਚ ਲਪੇਟੇ ਪਏ ਸਨ। ਲੱਤਾਂ-ਬਾਹਾਂ ਨੂੰ ਉਪਰ ਨੂੰ ਕਰ ਕੇ ਬੰਨਿਆ ਹੋਇਆ ਸੀ। ਸਿਰ 'ਤੇ ਵੀ ਪੱਗ ਜਿੰਨੀਆਂ ਹੀ ਪੱਟੀਆਂ ਸਨ। ਕਾਫੀ ਗੰਭੀਰ ਹਾਲਤ ਸੀ। ਇਕ ਲੱਤ ਟੁੱਟ ਗਈ ਸੀ ਤੇ ਹੋਰ ਕੁਝ ਹੱਡੀਆਂ ਵੀ ਕਰੈਕ ਹੋਈਆਂ ਸਨ। ਮੈਨੂੰ ਦੇਖ ਕੇ ਉਹ ਬਹੁਤ ਖੁਸ਼ ਹੋਏ। ਉਹਨਾਂ ਨੂੰ ਏਨਾ ਚਾਅ ਚੜ੍ਹਿਆ ਕਿ ਸਭ ਨੂੰ ਦੱਸਦੇ ਫਿਰਨ ਕਿ ਮੇਰੀ ਪਤਨੀ ਆਈ ਹੈ। ਮੈਨੂੰ ਵੀ ਇਹ ਚੰਗਾ ਚੰਗਾ ਲੱਗਿਆ ਪਰ ਫਿਰ ਮੇਰੀਆਂ ਅੱਖਾਂ ਦੇ ਸਾਹਮਣੇ ਉਹੀ ਚੰਦਨ ਆ ਗਿਆ ਜਿਹਨੇ ਮੈਨੂੰ ਘਰੋਂ ਕੱਢਿਆ ਸੀ, ਜਿਹੜਾ ਮੈਨੂੰ ਦਿੱਲੀ ਵਿਚ ਛੱਡ ਆਇਆ ਸੀ, ਜਿਹੜਾ ਰੋਜ਼ ਸ਼ਰਾਬ ਪੀ ਕੇ ਮੇਰੀ ਬੇਇਜ਼ਤੀ ਕਰਦਾ ਸੀ। ਜਿਵੇਂ ਉਹ ਮੇਰੇ ਵਲ ਆਹੁਲ ਰਹੇ ਸਨ, ਮੈਂ ਉਹੋ ਜਿਹੀ ਕੋਈ ਕਾਹਲ ਨਾ ਦਿਖਾਈ।

ਮੈਂ ਵਾਪਸ ਆਈ ਤਾਂ ਇਹਨਾਂ ਦੇ ਰੋਜ਼ ਹੀ ਫੋਨ ਆਉਣ ਲੱਗੇ। ਇਕੋ ਗੱਲ ਕਿ ਵਾਪਸ ਆ ਜਾ। ਮੇਰੀ ਮਾਂ ਵੀ ਮੈਨੂੰ ਵਾਪਸ ਮੁੜਨ ਲਈ ਉਤਸ਼ਾਹਿਤ ਕਰਦੀ ਪਰ ਮੇਰਾ ਮਨ ਨਹੀਂ ਸੀ। ਚੰਦਨ ਸਾਹਿਬ ਕੁਝ ਹਫਤੇ ਹਸਪਤਾਲ ਵਿਚ ਰਹਿ ਕੇ ਘਰ ਆ ਗਏ। ਹਸਪਤਾਲ ਵਿਚ ਦੇਖਣ ਲਈ ਵੀ ਬਹੁਤ ਲੋਕ ਨਹੀਂ ਸਨ ਜਾਇਆ ਕਰਦੇ ਪਰ ਘਰ ਆ ਕੇ ਤਾਂ ਉਹ ਬਿਲਕੁਲ ਹੀ ਇਕੱਲੇ ਸਨ। ਸ਼ਾਇਦ ਅਲਕਾ ਕੁਝ ਦਿਨ ਲਈ ਆ ਗਈ ਸੀ ਪਰ ਉਸ ਨੂੰ ਵੀ ਚਮੜੀ ਦੀ ਕੋਈ ਬਿਮਾਰੀ ਸੀ ਇਸ ਲਈ ਬਹੁਤਾ ਨਾ ਰਹਿ ਸਕਦੀ। ਇਕ ਤਾਂ ਚੰਦਨ ਸਾਹਿਬ ਦੀ ਲੱਤ ਟੁੱਟੀ ਹੋਈ ਸੀ ਤੇ ਦੂਜੇ ਲਗਾਤਾਰ ਬੈਠੇ ਰਹਿਣ ਕਾਰਨ ਕੁਝ ਹੋਰ ਜ਼ਖ਼ਮ, ਬੈੱਡ-ਸੋਰ, ਹੋ ਗਏ। ਉਹ ਜ਼ਖ਼ਮ ਵੀ ਉਹਨਾਂ ਨੂੰ ਤੰਗ ਕਰਨ ਲੱਗੇ। ਉਹਨਾਂ ਦੀ ਲੱਤ ਦੀ ਹੱਡੀ ਤਾਂ ਜੁੜ ਗਈ ਸੀ ਪਰ ਪਲਾਸਤਰ ਲੱਗੇ ਰਹਿਣ ਕਾਰਨ ਚਮੜੀ ਬਹੁਤ ਖਰਾਬ ਹੋ ਗਈ। ਇਕ ਦਿਨ ਉਹਨਾਂ ਨੇ ਫੋਨ ਕੀਤਾ ਤਾਂ ਮੇਰੀ ਮਾਂ ਨੇ ਚੁੱਕ ਲਿਆ। ਉਹ ਬੋਲੇ,

"ਮਾਤਾ, ਤੂੰ ਮੇਰੀ ਮਾਤਾ ਹੀ ਏਂ, ਮੈਨੂੰ ਏਸ ਵੇਲੇ ਰਾਣੀ ਦੀ ਬਹੁਤ ਲੋੜ ਏ, ਰੱਬ ਦਾ ਵਾਸਤਾ, ਮੁੜ ਕੇ ਏਹਨੂੰ ਕਦੇ ਤੰਗ ਨਹੀਂ ਕਰਾਂਗਾ। ਜਿਵੇਂ ਇਹ ਕਹੇਗੀ ਉਵੇਂ ਹੀ ਕਰਾਂਗਾ। ਮੇਰੀ ਮਿੰਨਤ ਏ ਕਿ ਏਹਨੂੰ ਭੇਜ ਦੇ।"

ਮੇਰੀ ਮਾਂ ਉਸ ਦੀਆਂ ਗੱਲਾਂ ਸੁਣ ਕੇ ਪਿਘਲ ਗਈ। ਮੈਂ ਕੋਲ ਹੀ ਬੈਠੀ ਸਾਂ। ਉਹ ਬੋਲੀ,

"ਦੇਖ ਧੀਏ, ਮੈਂ ਸਾਰੀ ਉਮਰ ਦੁਖ ਦੇਖੇ ਨੇ, ਤੇਰਾ ਦੁੱਖ ਹੁਣ ਦੇਖਿਆ ਨਹੀਂ



ਜਾਂਦਾ। ਮੈਂ ਤੈਨੂੰ ਖੁਸ਼ ਦੇਖਣਾ ਚਾਹੁੰਨੀ ਆਂ। ਜਦ ਮਰਦ ਏਨਾ ਗਿਰ ਕੇ ਆਉਣ ਲਈ ਕਹੇ ਤਾਂ ਨਾਂਹ ਨਹੀਂ ਕਰੀਦੀ।"

"ਮਾਂ, ਤੂੰ ਏਸ ਬੰਦੇ ਨੂੰ ਨਹੀਂ ਜਾਣਦੀ। ਮੈਂ ਏਹਦੇ ਨਾਲ ਖੁਸ਼ ਨਹੀਂ ਰਹਿ ਸਕਦੀ।"

"ਮੈਂ ਤੈਨੂੰ ਤਾਂ ਜਾਣਦੀ ਆਂ ਨਾ। ਤੂੰ ਇਵੇਂ ਇਕੱਲੀ ਵੀ ਕਿੰਨੀ ਕੁ ਖੁਸ਼ ਏਂ!"

ਮਾਂ ਚੰਦਨ ਦਾ ਪੱਖ ਲੈਂਦੀ ਮੇਰੇ ਨਾਲ ਲੜਣ ਤਕ ਗਈ। ਕੀ ਇਹ ਉਹੀ ਮਾਂ ਸੀ ਜੋ ਆਪਣੀ ਜ਼ਿੰਦਗੀ ਵਿਚ ਏਨੀ ਦ੍ਰਿੜ ਸੀ ਕਿ ਆਪਣੇ ਵਿਆਹ ਤੋਂ ਬਾਅਦ ਆਪਣੇ ਸਹੁਰੇ ਘਰ ਇਸ ਲਈ ਨਹੀਂ ਸੀ ਗਈ ਕਿ ਆਪਣੇ ਬੁੱਢੇ ਮਾਂ ਬਾਪ ਨੂੰ ਇਕੱਲਿਆਂ ਨਹੀਂ ਸੀ ਛੱਡ ਸਕਦੀ ਤੇ ਆਪਣੇ ਪਤੀ ਨੂੰ ਵੀ ਆਪਣੇ ਕੋਲ ਰਹਿਣ ਲਈ ਬੁਲਾ ਲਿਆ ਸੀ। ਉਹ ਕਿਹੜੀ ਗੱਲ ਸੀ ਕਿ ਗੱਲ ਕਰਦੀ ਦੀਆਂ ਉਸ ਦੀਆਂ ਅੱਖਾਂ ਭਰ ਆਈਆਂ। ਸ਼ਾਇਦ ਉਹ ਮੇਰੀ ਜ਼ਿੰਦਗੀ ਨੂੰ ਦੇਖਦਿਆਂ ਏਨੀ ਕਮਜ਼ੋਰ ਪੈ ਗਈ ਸੀ। ਚੰਦਨ ਸਾਹਿਬ ਦੋਸਤਾਂ ਨੂੰ ਫੋਨ ਕਰ ਕੇ ਮਿੰਨਤਾਂ ਕਰਨ ਲੱਗਦੇ ਕਿ ਉਹ ਮੇਰੇ ਨਾਲ ਗੱਲ ਕਰਨ ਤੇ ਮੈਨੂੰ ਵਾਪਸ ਆਉਣ ਲਈ ਮਨਾਉਣ।

ਅਸਲ ਵਿਚ ਮੈਂ ਵੁਲਵਰਹੈਂਪਟਨ ਵਿਚ ਰਮ ਗਈ ਸਾਂ। ਇਸ ਸ਼ਹਿਰ ਨੇ ਮੈਨੂੰ ਸਭ ਕੁਝ ਦਿਤਾ ਸੀ; ਨੌਕਰੀ, ਫਲੈਟ, ਦੋਸਤ। ਛਿੰਦੇ ਵਰਗਾ ਭਰਾ ਮਿਲ ਗਿਆ ਸੀ। ਉਸ ਦੀ ਪਤਨੀ ਦਲਜੀਤ ਮੇਰੇ ਲਈ ਭੈਣਾਂ ਤੋਂ ਵੀ ਵੱਧ ਸੀ। ਹਾਲਾਂਕਿ ਕਈ ਔਰਤਾਂ ਮੇਰੇ ਬਾਰੇ ਅਜੀਬੋ ਗ਼ਰੀਬ ਗੱਲਾਂ ਵੀ ਕਰਦੀਆਂ, ਉਸ ਦੀ ਖ਼ਬਰ ਵੀ ਮੇਰੇ ਤਕ ਪਹੁੰਚ ਜਾਂਦੀ ਸੀ। ਇਕ ਵਾਰ ਕਿਸੇ ਔਰਤ ਨੇ ਜੋ ਮੇਰੀ ਹਮਦਰਦ ਵੀ ਸੀ ਕਿਸੇ ਹੋਰ ਔਰਤ ਨੂੰ ਆਖਿਆ 'ਵੇਖਾਂ, ਕਿਸਤਰਾਂ ਬਣ ਸੰਵਰ ਕੇ ਨਿਕਲਦੀ ਹੈ, ਜਿਹੜੀਆਂ ਛੱਡੀਆਂ ਹੁੰਦੀਆਂ ਨੇ, ਇਸ ਤਰਾਂ ਚਹਿਕਦੀਆਂ ਨਹੀਂ ਫਿਰਦੀਆਂ'। ਪਹਿਲਾਂ-ਪਹਿਲ ਅਜਿਹੀਆਂ ਗੱਲਾਂ ਕੁਝ ਕੁ ਤੰਗ ਕਰਦੀਆਂ ਸਨ ਪਰ ਹੁਣ ਇਹਨਾਂ ਗੱਲਾਂ ਦਾ ਕੋਈ ਬਹੁਤਾ ਅਸਰ ਨਹੀਂ ਸੀ ਹੁੰਦਾ ਕਿਉਂਕਿ ਮੈਂ ਇਸ ਤਰ੍ਹਾਂ ਦੀ ਸੋਚ ਤੋਂ ਉਪਰ ਉੱਠ ਚੁੱਕੀ ਹੋਈ ਸਾਂ। ਇਥੇ ਪ੍ਰਗਤੀਸ਼ੀਲ ਲਿਖਾਰੀ ਸਭਾ ਦੀ ਮੈਂ ਮੈਂਬਰ ਸਾਂ। ਮੈਂ ਪ੍ਰੋਗਰਾਮਾਂ ਵਿਚ ਪੇਪਰ ਪੜ੍ਹਦੀ, ਬਹਿਸਾਂ ਵਿਚ ਖੁਲ੍ਹ ਕੇ ਹਿੱਸਾ ਲੈਂਦੀ। ਇਸ ਦੇ ਨਾਲ ਨਾਲ ਕਦੇ ਕਦੇ ਮੈਂ ਉਸ ਸਾਹਿਤਕ ਮਹੌਲ ਦੀ ਘਾਟ ਬਹੁਤ ਮਹਿਸੂਸ ਕਰਦੀ ਜਿਹੜਾ ਚੰਦਨ ਸਾਹਿਬ ਦੀ ਹਾਜ਼ਰੀ ਸਮੇਂ ਬਣਿਆਂ ਰਹਿੰਦਾ ਸੀ। ਵੁਲਵਰਹੈਂਪਟਨ ਦੇ ਸਾਰੇ ਲੇਖਕ ਮਿਲ ਕੇ ਵੀ ਉਹ ਮਹੌਲ ਪੈਦਾ ਨਾ ਕਰ ਸਕਦੇ। ਪਰ ਦੂਜੇ ਪਾਸੇ ਚੰਦਨ ਸਾਹਿਬ ਦੇ ਸਾਥ ਦਾ ਮਤਲਬ ਸੀ; ਮਾਨਸਿਕ-ਕੈਦ। ਚੰਦਨ ਦੀ ਕੈਦ ਵਿਚ ਮੁੜ ਕੇ ਜਾਣ ਤੋਂ ਡਰਦੀ ਸਾਂ। ਚੰਦਨ ਸਾਹਿਬ ਸਨ ਕਿ ਮੇਰੇ ਉਪਰ ਚਾਰਾਂ ਪਾਸਿਆਂ ਤੋਂ ਦਬਾਅ ਬਣਾ ਰਹੇ ਸਨ ਤੇ ਮੈਂ ਦਬਾਅ ਵਿਚ ਆ ਰਹੀ ਸਾਂ। ਮੈਂ ਦੋਸਤਾਂ ਨਾਲ ਸਲਾਹ ਕੀਤੀ ਤੇ ਇਕ ਮਹੀਨੇ ਦੀ ਛੁੱਟੀ ਲੈ ਲਈ। ਦਰਸ਼ਨ ਧੀਰ ਮੈਨੂੰ ਮੁੜ ਕੇ ਚੰਦਨ ਸਾਹਿਬ ਦੇ ਘਰ ਛੱਡ ਆਏ। ਮੈਨੂੰ ਦੇਖ ਕੇ ਚੰਦਨ ਸਾਹਿਬ ਬਾਗੋ-ਬਾਗ ਹੋ ਗਏ।

ਘਰ ਵਿਚੋਂ ਅਜੀਬ ਜਿਹਾ ਮੁਸ਼ਕ ਆ ਰਿਹਾ ਸੀ। ਕੁਝ ਦਵਾਈਆਂ ਦਾ ਤੇ ਕੁਝ ਹੋਰ ਵੀ। ਇਹਨਾਂ ਦੀ ਲੱਤ ਦੀ ਹਾਲਤ ਬਹੁਤ ਬੁਰੀ ਸੀ। ਲੱਤ ਤੋਂ ਬਿਨਾਂ ਇਹਨਾਂ ਦੇ ਬੱਮ ਵੀ ਬੈੱਡ-ਸੋਰ ਨਾਲ ਗਲ਼ੇ ਪਏ ਸਨ। ਜ਼ਿਆਦਾ ਦੇਰ ਬੈਠੇ ਰਹਿਣ ਕਾਰਨ ਵੱਡੇ ਵੱਡੇ ਜ਼ਖ਼ਮ ਹੋ ਗਏ ਸਨ। ਸਭ ਤੋਂ ਪਹਿਲਾਂ ਇਹ ਮੂਧੇ ਹੁੰਦੇ ਬੋਲੇ,

"ਔਹ ਚੁੱਕ ਦਵਾਈ ਤੇ ਲਾ।"

ਮੈਂ ਮਹੀਨਾ ਭਰ ਇਹਨਾਂ ਕੋਲ ਰਹੀ। ਜਿੰਨੀ ਹੋ ਸਕਦੀ ਸੀ ਸੇਵਾ ਕੀਤੀ। ਇਹ ਬਹੁਤ ਹੀ ਖੁਸ਼ ਸਨ। ਇਹਨਾਂ ਦੀ ਲੱਤ ਇਹਨਾਂ ਨੂੰ ਬਹੁਤ ਤਕਲੀਫ ਦੇ ਰਹੀ ਸੀ। ਕਈ ਵਾਰ ਦਰਦ ਨਾਲ ਇਹ ਕਰਾਹੁਣ ਲੱਗਦੇ। ਹਸਪਤਾਲ ਦੀ ਵੈਨ ਆਉਂਦੀ ਤੇ ਇਹਨਾਂ ਨੂੰ ਚੈੱਕ-ਅੱਪ ਲਈ ਲੈ ਜਾਂਦੀ। ਮੈਂ ਵੀ ਨਾਲ ਹੀ ਹੁੰਦੀ। ਇਹਨਾਂ ਦੇ ਸਰਜਨ ਦਾ ਨਾਂ ਨਾਈਜਲ ਸੀ। ਇਹ ਗੱਲ ਗੱਲ 'ਤੇ ਨਾਈਜਲ ਨਾਲ ਬਹਿਸ ਕਰਨ ਲੱਗਦੇ। ਇਕ ਦਿਨ ਇਹ ਬੋਲੇ,

"ਡਾਕਟਰ, ਡੂ ਸਮਥਿੰਗ, ਮਾਈ ਲੈਗ ਇਜ਼ ਬੌਦਰਿੰਗ ਮਾਈ ਮਾਈਂਡ।"

"ਚੈਂਡਨ, ਆਏ'ਮ ਬੌਦਰਡ ਅਬਾਊਟ ਯੂਅਰ ਲੈਗ, ਨੌਟ ਮਾਈਂਡ।"

"ਡਾਕਟਰ, ਹਾਉ ਕੈਨ ਯੂ ਸੈਪਰੇਟ ਲੈਗ ਫਰੌਮ ਦਾ ਮਾਈਂਡ?" ਚੰਦਨ ਸਾਹਿਬ ਨੇ ਕਿਹਾ ਤਾਂ ਡਾਕਟਰ ਨੇ ਆਖਿਆ,

"ਚੈਂਡਨ, ਯੂ ਆਰ ਏ ਵੈਰੀ ਡਿਫੀਕਲਟ ਮੈਨ!"

ਆਖਦਾ ਡਾਕਟਰ ਹੱਸਣ ਲੱਗਿਆ। ਹੁਣ ਤਕ ਡਾਕਟਰ ਵੀ ਇਹਨਾਂ ਦੇ ਸੁਭਾਅ ਨੂੰ ਸਮਝ ਗਿਆ ਸੀ। ਇਹ ਹਰ ਵਾਰੀ ਹੀ ਉਸ ਨਾਲ ਗੱਲਾਂ ਵਿਚ ਉਲਝਣ ਲੱਗਦੇ ਸਨ। ਏਨੀ ਦੇਰ ਤਕ ਦਰਦ ਸਹਿਣਾ ਇਹਨਾਂ ਦੇ ਸੁਭਾਅ ਵਿਚ ਨਹੀਂ ਸੀ। ਮੇਰੀ ਛੁੱਟੀ ਖਤਮ ਹੋ ਰਹੀ ਸੀ। ਹੁਣ ਤਕ ਇਹ ਕਾਫੀ ਠੀਕ ਵੀ ਹੋ ਗਏ ਸਨ। ਇਹਨਾਂ ਦੀ ਲੱਤ ਠੀਕ ਹੋਣੀ ਸ਼ੁਰੂ ਹੋ ਗਈ ਸੀ ਤੇ ਬਾਕੀ ਜ਼ਖ਼ਮ ਵੀ। ਸਾਡੇ ਪਹਿਲਾਂ ਵਾਲੇ ਉਹ ਦਿਨ ਮੁੜਨ ਲੱਗੇ ਜਦੋਂ ਅਸੀਂ ਢੇਰ ਸਾਰਾ ਸਮਾਂ ਸਾਹਿਤਕ ਬਹਿਸਾਂ ਕਰਿਆ ਕਰਦੇ ਸਾਂ। ਬਹਿਸ ਵਿਚ ਭਾਵੇਂ ਅਖੀਰ ਵਿਚ ਚੰਦਨ ਸਾਹਿਬ ਨੇ ਹੀ ਜਿੱਤਣਾ ਹੁੰਦਾ ਸੀ ਪਰ ਇਹਨਾਂ ਬਹਿਸਾਂ ਨੂੰ ਮੈਂ ਬਹੁਤ ਮਿੱਸ ਕੀਤਾ ਸੀ। ਹੁਣ ਸਾਊਥਾਲ ਦੇ ਕੁਝ ਦੋਸਤ ਵੀ ਮਿਲਣ ਆ ਜਾਂਦੇ। ਵਾਹਵਾ ਰੌਣਕਾਂ ਲੱਗ ਜਾਂਦੀਆਂ। ਜਿੰਨੇ ਦਿਨ ਮੈਂ ਰਹੀ ਚੰਦਨ ਸਾਹਿਬ ਵੀ ਬਹੁਤ ਖੁਸ਼ ਰਹੇ। ਉਹ ਆਪਣੀਆਂ ਸਾਰੀਆਂ ਗਲਤੀਆਂ ਮੰਨਦੇ ਸੁਹਣੇ ਭਵਿੱਖ ਦੀ ਕਾਮਨਾ ਕਰਦੇ। ਬਹੁਤ ਕੁਝ ਸੋਚਣ ਤੋਂ ਬਾਅਦ ਮੈਂ ਉਹਨਾਂ ਨਾਲ ਮੁੜ ਕੇ ਰਹਿਣ ਦਾ ਫੈਸਲਾ ਕਰ ਲਿਆ।

ਮੈਂ ਵਾਪਸ ਆ ਕੇ ਆਪਣਾ ਫੈਸਲਾ ਸਾਰੇ ਦੋਸਤਾਂ ਨਾਲ ਸਾਂਝਾ ਕੀਤਾ। ਸਾਰੇ ਹੀ ਖੁਸ਼ ਸਨ, ਖਾਸ ਕਰਕੇ ਮੇਰੀ ਮਾਂ। ਮੈਂ ਮਾਂ ਨੂੰ ਹੁਣ ਆਪਣੇ ਕੋਲ ਪੱਕੇ ਤੌਰ 'ਤੇ ਰੱਖਣਾ ਚਾਹੁੰਦੀ ਸਾਂ, ਇਸ ਲਈ ਮੈਂ ਹੋਮ-ਔਫਿਸ ਕੋਲ ਅਪਲਾਈ ਵੀ ਕਰ ਦਿਤਾ ਹੋਇਆ ਸੀ। ਮੈਂ ਵਾਪਸ ਆਈ ਤਾਂ ਪਹਿਲੇ ਦਿਨ ਹੀ ਚੰਦਨ ਸਾਹਿਬ ਦਾ ਫੋਨ ਉਡੀਕਣ ਲੱਗ ਪਈ ਕਿਉਂਕਿ ਫੋਨ ਕਰਨਾ ਤਾਂ ਉਹਨਾਂ ਦੇ ਸੁਭਾਅ ਵਿਚ ਸ਼ਾਮਲ ਸੀ। ਚਾਹੇ ਕਿਸੇ ਨਾਲ ਪਿਆਰ ਦੀ ਗੱਲ ਕਰਨ ਜਾਂ ਗੁੱਸੇ ਦੀ, ਬਹੁਤੀਆਂ ਗੱਲਾਂ ਉਹ ਫੋਨ 'ਤੇ ਹੀ ਕਰਦੇ ਸਨ ਪਰ ਉਹਨਾਂ ਦਾ ਕੋਈ ਫੋਨ ਨਾ ਆਇਆ। ਇਕ ਦਿਨ ਦੇਖ, ਦੋ ਦਿਨ ਦੇਖ ਇਵੇਂ ਦਸ ਦਿਨ ਲੰਘ ਗਏ। ਹਾਰ ਕੇ ਮੈਂ ਆਪ ਹੀ ਇਕ ਦਿਨ ਫੋਨ ਕਰ ਲਿਆ। ਅੱਗੋਂ ਅਲਕਾ ਨੇ ਫੋਨ ਚੁੱਕਿਆ। ਉਹ ਰੁੱਖੇ ਜਿਹੇ ਬੋਲਾਂ ਵਿਚ ਬੋਲੀ,

"ਕੀ ਕੰਮ ਐ?"

"ਕਿਥੇ ਨੇ ਚੰਦਨ ਸਾਹਿਬ?"

"ਕੀ ਕਹਿਣਾ ਐਂ?"



"ਉਹ ਮੁੜ ਕੇ ਇਕੱਠੇ ਹੋਣ ਦੀ ਗੱਲ ਕਰਦੇ ਸੀ ਪਰ ਉਹਨਾਂ ਨੇ ਫੋਨ ਹੀ ਨਹੀਂ ਕੀਤਾ!"

"ਫੋਨ ਏਸ ਕਰਕੇ ਨਹੀਂ ਕੀਤਾ ਕਿ ਹੁਣ ਹਾਲਾਤ ਬਦਲ ਗਏ ਆ!"

## ਸਤਾਰਾਂ

ਇਹਨਾਂ ਦਿਨਾਂ ਵਿਚ ਮੈਂ ਸਖਤ ਕੰਮ ਵੀ ਕੀਤਾ ਪਰ ਨਾਲ ਹੀ ਡਰਾਈਵਿੰਗ ਟੈਸਟ ਵੀ ਪਾਸ ਕਰ ਲਿਆ ਤੇ ਆਪਣੀ ਕਾਰ ਵੀ ਖਰੀਦ ਲਈ। ਹੁਣ ਮੈਨੂੰ ਨੇੜੇ-ਤੇੜੇ ਜਾਣ ਲਈ ਬੱਸ ਫੜਨ ਦੀ ਲੋੜ ਨਹੀਂ ਸੀ ਰਹਿ ਗਈ। ਕਾਰ ਚਲਾਉਣਾ ਮੇਰੇ ਲਈ ਚੰਗਾ ਅਨੁਭਵ ਸੀ।

ਚੰਦਨ ਸਾਹਿਬ ਦਾ ਮੁੜ ਕੇ ਫੋਨ ਨਾ ਆਇਆ। ਇਧਰ ਮੇਰੀ ਮਾਂ ਮੇਰੇ 'ਤੇ ਜ਼ੋਰ ਪਾ ਰਹੀ ਸੀ ਕਿ ਜੇ ਚੰਦਨ ਨੇ ਫੋਨ ਨਹੀਂ ਕੀਤਾ ਤਾਂ ਕੀ ਹੋਇਆ, ਮੈਨੂੰ ਆਪ ਕਰ ਲੈਣਾ ਚਾਹੀਦਾ ਹੈ। ਮੈਨੂੰ ਉਹਨਾਂ ਦੇ ਅਸਥਾਈ ਸੁਭਾਅ ਦਾ ਤਾਂ ਪਤਾ ਹੀ ਸੀ। ਜੇ ਮੈਂ ਕੋਈ ਪਹਿਲ ਕੀਤੀ ਤਾਂ ਮੈਂ ਹੀ ਕਸੂਰਵਾਰ ਬਣਨਾ ਸੀ। ਮੈਨੂੰ ਤਾਂ ਉਹਨਾਂ ਦੀ ਕੋਈ ਲੋੜ ਵੀ ਨਹੀਂ ਸੀ, ਉਹ ਹੀ ਤਾਂ ਲੇਲੜੀਆਂ ਕੱਢ ਰਹੇ ਸਨ। ਮੈਂ ਨੂਰ ਸਾਹਿਬ ਨਾਲ ਸਲਾਹ ਕੀਤੀ। ਉਹ ਕਹਿਣ ਲੱਗੇ ਕਿ ਸਾਰੀ ਗੱਲ ਨੂੰ ਇਵੇਂ ਹੀ ਛੱਡ ਦਿਤਾ ਜਾਵੇ, 'ਸਟੇਟਸ ਕੋ' ਦੀ ਸਥਿਤੀ ਵਿਚ।

ਸੰਨ ਅਠਾਨਵੇਂ ਵਿਚ ਨੂਰ ਸਾਹਿਬ ਰਿਟਾਇਰ ਹੋ ਗਏ। ਉਹਨਾਂ ਦੇ ਰਿਟਾਇਰ ਹੋਣ ਨਾਲ ਹੀ ਸ਼ੁਰੂ ਕੀਤੀਆਂ ਕਲਾਸਾਂ ਵੀ ਖਤਮ ਹੋ ਗਈਆਂ। ਹੁਣ ਆ ਕੇ ਵਿਦਿਆਰਥੀਆਂ ਦੀ ਘਾਟ ਜਿਹੀ ਵੀ ਹੋ ਗਈ ਸੀ। ਇਹ ਕਲਾਸਾਂ ਖਤਮ ਹੋਈਆਂ ਤਾਂ ਮੈਨੂੰ ਈਸੋਲ ਪੜ੍ਹਾਉਣ ਲਗਾ ਦਿਤਾ ਗਿਆ। ਇਹ ਹੋਰਨਾਂ ਦੇਸ਼ਾਂ ਤੋਂ ਆਏ ਲੋਕਾਂ ਨੂੰ ਅੰਗਰੇਜ਼ੀ ਸਿਖਾਉਣ ਦਾ ਕੰਮ ਸੀ। ਇਸ ਨਾਲ ਮੈਨੂੰ ਫਾਇਦਾ ਇਹ ਹੋਇਆ ਕਿ ਮੇਰੀ ਨੌਕਰੀ ਬਣੀ ਰਹੀ। ਈਸੋਲ ਪੜ੍ਹਾਉਣ ਲਈ ਨਾਲ ਦੀ ਨਾਲ ਕੋਰਸ ਵੀ ਕਰਨਾ ਪੈਂਦਾ ਸੀ। ਕਾਲਜ ਨੇ ਹੀ ਮੈਨੂੰ ਕੋਰਸ ਵੀ ਕਰਾ ਦਿਤਾ। ਇਕ ਪਾਸੇ ਮੈਂ ਕਲਾਸਾਂ ਪੜ੍ਹਾ ਰਹੀ ਸਾਂ ਤੇ ਦੂਜੇ ਪਾਸੇ ਕੋਰਸ ਵੀ ਕਰ ਰਹੀ ਸਾਂ। ਨੌਕਰੀ ਦੇ ਨਾਲ ਹੀ ਟੀਚਿੰਗ ਪ੍ਰੈਕਟਿਸ ਵੀ ਹੁੰਦੀ ਰਹੀ। ਨੂਰ ਸਾਹਿਬ ਦੀ ਕਾਲਜ ਵਿਚ ਇਕ ਕੁਲੀਗ ਦੋਸਤ ਲਿਜ਼ ਮਿਲਮੈਨ ਜੋ ਈਸੋਲ ਵਿਭਾਗ ਦੀ ਲਾਈਨ ਮੈਨੇਜਰ ਸੀ ਨੇ ਇਸ ਕੰਮ ਵਿਚ ਮੇਰੀ ਬਹੁਤ ਮਦਦ ਕੀਤੀ।

ਚੰਦਨ ਸਾਹਿਬ ਨਾਲ ਰਹਿਣ ਬਾਰੇ ਮਾਂ ਇਕ ਦਲੀਲ ਇਹ ਵੀ ਦਿੰਦੀ ਕਿ ਮੈਂ ਜਿਹੜੀਆਂ ਦੋ-ਦੋ ਨੌਕਰੀਆਂ ਕਰਕੇ ਔਖੀ ਹੁੰਦੀ ਹਾਂ, ਇਹਦੇ ਨਾਲੋਂ ਤਾਂ ਚੰਦਨ ਨਾਲ ਰਹਿਣਾ ਅਸਾਨ ਰਹੇਗਾ ਪਰ ਸ਼ਾਇਦ ਚੰਦਨ ਸਾਹਿਬ ਦੇ ਸੁਭਾਅ ਤੋਂ ਪੂਰੀ ਤਰ੍ਹਾਂ ਵਾਕਫ ਨਹੀਂ ਸੀ ਜਾਂ ਫਿਰ ਉਹ ਪੁਰਾਣੇ ਜ਼ਮਾਨੇ ਦੇ ਤਰੀਕੇ ਨਾਲ ਹੀ ਸੋਚਦੀ ਸੀ ਕਿ ਪਤੀ ਜੋ ਕਰਦਾ ਹੈ, ਜੋ ਕਹਿੰਦਾ ਹੈ, ਸਭ ਠੀਕ ਹੁੰਦਾ ਹੈ। ਪਤੀ-ਪਰਮੇਸ਼ਵਰ!

ਦੋ ਢਾਈ ਮਹੀਨੇ ਲੰਘ ਗਏ ਸਨ ਜਦ ਚੰਦਨ ਸਾਹਿਬ ਦਾ ਫੋਨ ਆਇਆ। ਉਹਨਾਂ ਕਿਹਾ,

"ਰਾਣੀ, ਆ ਜਾ ਇਥੇ ਆ ਜਾ, ਮੁੜ ਕੇ ਇਕੱਠੇ ਰਹੀਏ। ਇਕੱਲਾ ਤਾਂ ਰੁੱਖ ਵੀ ਨਹੀਂ ਰਹਿ ਸਕਦਾ। ਫੇਰ ਆਪਾਂ ਤਾਂ ਮੈਚੁਅਰ ਲੋਕ ਆਂ।"

"ਤੁਸੀਂ ਤਾਂ ਚੰਦਨ ਸਾਹਿਬ, ਮੁੜ ਕੇ ਫੋਨ ਹੀ ਨਹੀਂ ਕੀਤਾ, ਕੋਈ ਗੱਲ ਹੀ ਨਹੀਂ ਤੋਰੀ।"

"ਅਸਲ ਵਿਚ ਮੇਰੀਆਂ ਬਹੁਤ ਸਾਰੀਆਂ ਗੱਲਾਂ ਸੌਰਟ-ਆਊਟ ਕਰਨ ਵਾਲੀਆਂ ਸਨ, ਬੱਚਿਆਂ ਨਾਲ ਵੀ ਇਸ ਬਾਰੇ ਜ਼ਰਾ ਖੁਲ੍ਹ ਕੇ ਗੱਲ ਹੋਣੀ ਸੀ। ਸੋ ਸਭ ਹੋ ਗਈਆਂ। ਹੁਣ ਤੂੰ ਆ ਜਾ।"

"ਚੰਦਨ ਸਾਹਿਬ, ਹੁਣ ਏਥੇ ਮੇਰੀ ਜੌਬ ਏ। ਮੇਰਾ ਸਭ ਕੁਝ ਏ, ਮੈਂ ਨਹੀਂ ਆ ਸਕਦੀ। ਇਵੇਂ ਕਰੋ ਕਿ ਤੁਸੀਂ ਏਥੇ ਆ ਜਾਓ।"

"ਜੌਬ ਏਥੇ ਮਿਲ ਜਾਣੀ ਏਂ, ਮੈਂ ਪਤਾ ਕਰਦਾਂ।"

ਉਹਨਾਂ ਕਿਹਾ। ਮੈਂ ਸੋਚਣ ਲੱਗੀ ਕਿ ਜੇਕਰ ਲੰਡਨ ਵਿਚ ਵੀ ਅਜਿਹੀ ਪੱਕੀ ਨੌਕਰੀ ਮਿਲ ਜਾਵੇ ਤਾਂ ਉਥੇ ਹੀ ਚਲੇ ਜਾਵਾਂਗੀ ਕਿਉਂਕਿ ਸਾਊਥਾਲ ਤੇ ਬਾਕੀ ਲੰਡਨ ਵਸਦੇ ਲੇਖਕ ਵੀ ਤਾਂ ਹੁਣ ਦੋਸਤ ਬਣ ਚੁੱਕੇ ਸਨ। ਹਰ ਪ੍ਰੋਗਰਾਮ ਵਿਚ ਮਿਲਦੇ ਸਨ। ਫੋਨ ਉਪਰ ਵੀ ਸਭਨਾਂ ਨਾਲ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਚੰਦਨ ਸਾਹਿਬ ਨੇ ਉਥੇ ਕਿਤੇ ਨੌਕਰੀ ਦਾ ਪਤਾ ਕੀਤਾ। ਈਲਿੰਗ ਦੇ ਟਰਸ਼ਰੀ ਕਾਲਜ ਵਿਚ ਨੌਕਰੀ ਤਾਂ ਮਿਲਦੀ ਸੀ ਅਜਿਹੀ ਹੀ ਪਰ ਪੱਕੀ ਨਹੀਂ ਸੀ। ਉਹ ਜੌਬ ਕੁਝ ਮਹੀਨਿਆਂ ਲਈ ਹੀ ਸੀ। ਇਸ ਕਰਕੇ ਮੈਂ ਹੇਜ਼ ਨਹੀਂ ਸਾਂ ਜਾ ਸਕਦੀ। ਇਕ ਦਿਨ ਚੰਦਨ ਸਾਹਬ ਵੁਲਵਰਹੈਂਪਟਨ ਆ ਗਏ। ਆਉਂਦੇ ਹੀ ਕੁਝ ਉਖੜੇ ਹੋਏ ਦਿਸਦੇ ਸਨ ਪਰ ਜਲਦੀ ਹੀ ਠੀਕ ਹੋ ਗਏ। ਅਸੀਂ ਇਕੱਠੇ ਹੋਣ ਬਾਰੇ ਸਲਾਹਾਂ ਕਰਨ ਲੱਗੇ ਕਿ ਕੀ ਤੇ ਕਿਵੇਂ ਕਿਵੇਂ ਕਰਨਾ ਹੈ। ਪਹਿਲਾਂ ਹੀ ਇਹ ਤੈਅ ਹੋ ਚੱਕਿਆ ਸੀ ਕਿ ਦਿੱਲੀ ਵਾਲਾ ਫਲੈਟ ਮੇਰਾ ਹੋਵੇਗਾ ਤੇ ਇਥੇ ਵਾਲਾ ਸਭ ਕੁਝ ਚੰਦਨ ਦਾ। ਇਹ ਚੰਦਨ ਤੋਂ ਬਾਅਦ ਚੰਦਨ ਦੇ ਬੱਚਿਆਂ ਨੂੰ ਮਿਲੇਗਾ ਤੇ ਦਿੱਲੀ ਵਾਲਾ ਮੇਰੇ ਤੋਂ ਬਾਅਦ ਮੇਰੇ ਭਤੀਜੇ-ਭਤੀਜੀਆਂ ਨੂੰ। ਉਹ ਆਪਣਾ ਹੇਜ਼ ਵਾਲਾ ਘਰ ਵੇਚ ਕੇ ਇਥੇ ਆ ਜਾਣਗੇ। ਮੈਂ ਉਹਨਾਂ ਨੂੰ ਕਿਹਾ,

"ਆਹ ਸਾਹਮਣੇ ਵਾਲਾ ਫਲੈਟ ਵਿਕਾਊ ਏ, ਇਹ ਹੀ ਖਰੀਦ ਲਓ, ਤੁਸੀਂ ਓਥੇ ਰਹੀ ਜਾਇਓ ਤੇ ਮੈਂ ਇਥੇ ਆਪਣੇ ਫਲੈਟ ਵਿਚ। ਇਵੇਂ ਸੌਖਾ ਵੀ ਰਹੇਗਾ ਤੇ ਤੁਹਾਨੂੰ ਹੇਜ਼ ਵਾਲਾ ਘਰ ਵੀ ਨਹੀਂ ਵੇਚਣਾ ਪਏਗਾ।"

"ਨਹੀਂ ਰਾਣੀ, ਇਤਰਾਂ ਨਹੀਂ, ਹੁਣ ਤਾਂ ਆਪਾਂ ਇਕ ਛੱਤ ਹੇਠ ਰਹਾਂਗੇ।"

"ਫੇਰ ਮੇਰਾ ਕਮਰਾ ਅਲੱਗ ਹੋਏਗਾ।"

"ਬਿਲਕੁਲ, ਇਕ ਕਮਰੇ ਵਿਚ ਰਹਿਣ ਵਾਲੀ ਤਾਂ ਹੁਣ ਆਪਣੀ ਹਾਲਤ ਹੀ ਨਹੀਂ ਏ।"

ਆਖਦੇ ਉਹ ਹੱਸਣ ਲੱਗੇ। ਦੋ ਕੁ ਦਿਨ ਰਹਿ ਕੇ ਉਹ ਵਾਪਸ ਲੰਡਨ ਚਲੇ ਗਏ। ਚੰਦਨ ਸਾਹਿਬ ਇਥੇ ਹੀ ਘਰ ਦੇਖਣ-ਲੱਭਣ ਲੱਗ ਪਏ। ਕੁਦਰਤੀ ਨਿਰੰਜਨ ਸਿੰਘ ਢਿਲੋਂ ਹੋਰੀਂ ਆਪਣਾ ਘਰ ਵੇਚ ਰਹੇ ਸਨ। ਉਹਨਾਂ ਨੇ ਕਿਸੇ ਹੋਰ ਇਲਾਕੇ ਵਿਚ ਨਵਾਂ ਘਰ ਦੇਖਿਆ ਹੋਇਆ ਸੀ। ਚੰਦਨ ਸਾਹਿਬ ਦਾ ਉਹਨਾਂ ਨਾਲ ਹੀ ਪੰਜਾਹ ਹਜ਼ਾਰ ਵਿਚ ਸੌਦਾ ਹੋ ਗਿਆ। ਹੇਜ਼ ਵਾਲਾ ਇਹਨਾਂ ਦਾ ਘਰ ਇਕ ਲੱਖ ਚਾਲੀ ਹਜ਼ਾਰ ਦਾ ਵਿਕ ਗਿਆ। ਘਰ



ਖਰੀਦਣ-ਵੇਚਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਫੋਨ ਉਪਰ ਅਸੀਂ ਦੋਵੇਂ ਆਉਣ ਵਾਲੇ ਭਵਿੱਖ ਬਾਰੇ ਗੱਲਾਂ ਕਰਦੇ ਰਹਿੰਦੇ।

ਪ੍ਰਗਤੀਸ਼ੀਲ ਲਿਖਾਰੀ ਸਭਾ ਵਿਚ ਵੀ ਚੰਦਨ ਸਾਹਿਬ ਦੇ ਵੁਲਵਰਹੈਂਪਟਨ ਆਉਣ ਦੀ ਖ਼ਬਰ ਪੁੱਜ ਗਈ। ਸਾਰੇ ਖੁਸ਼ ਸਨ ਕਿ ਚੰਦਨ ਦੇ ਕੱਦ ਦਾ ਲੇਖਕ ਸਭਾ ਨਾਲ ਜੁੜੇਗਾ ਤਾਂ ਸਭਾ ਕੱਦ ਵੀ ਵਧੇਗਾ। ਸਾਊਥਾਲ ਦੇ ਲੇਖਕ ਮਿਡਲੈਂਡ ਦੇ ਲੇਖਕਾਂ ਨੂੰ ਛੁਟਿਆ ਕੇ ਦੇਖਿਆ ਕਰਦੇ ਸਨ, ਹੁਣ ਚੰਦਨ ਸਾਹਿਬ ਦੇ ਆ ਜਾਣ ਨਾਲ ਸਮੁੱਚੇ ਮਿਡਲੈਂਡ ਦਾ ਮਿਆਰ ਉੱਚਾ ਹੋਵੇਗਾ। ਸਭਾ ਵਿਚ ਸਭ ਤੋਂ ਜ਼ਿਆਦਾ ਨੂਰ ਸਾਹਿਬ ਖੁਸ਼ ਸਨ। ਨੂਰ ਸਾਹਿਬ ਸਭਾ ਦੇ ਰੂਹੇ-ਰਵਾਂ ਸਨ।

ਇਹਨਾਂ ਦਿਨਾਂ ਵਿਚ ਹੀ ਇਕ ਸਵੇਰ ਮੈਨੂੰ ਫੋਨ ਆਇਆ ਕਿ ਨੂਰ ਸਾਹਿਬ ਨੂੰ ਦਿਲ ਦਾ ਦੌਰਾ ਪੈ ਗਿਆ ਹੈ ਤੇ ਉਹਨਾਂ ਦਾ ਦੇਹਾਂਤ ਹੋ ਗਿਆ ਹੈ।

## ਅਠਾਰਾਂ

ਨਿਰੰਜਨ ਸਿੰਘ ਨੂਰ ਸਾਹਿਬ ਦੀ ਮੌਤ ਮੈਨੂੰ ਝੰਜੋੜ ਕੇ ਰੱਖ ਗਈ। ਭਰਾ ਦੀ ਮੌਤ ਤੋਂ ਬਾਅਦ ਵੱਡਾ ਭਰਾ ਬਣ ਕੇ ਉਹਨਾਂ ਮੇਰਾ ਸਾਥ ਦਿੱਤਾ ਸੀ ਤੇ ਮੇਰੇ ਭਰਾ ਦੇ ਅਧੂਰੇ ਰਹਿ ਗਏ ਸੁਪਨਿਆਂ ਨੂੰ ਪੂਰਾ ਕਰਨ ਵਿਚ ਮੇਰੀ ਮਦਦ ਦਾ ਵਾਅਦਾ ਵੀ ਕੀਤਾ ਸੀ। ਉਹਨਾਂ ਦੀ ਮੌਤ ਨੇ ਮੈਨੂੰ ਬਹੁਤ ਵੱਡਾ ਭਾਵੁਕ ਘਾਟਾ ਪਾ ਦਿਤਾ। ਉਹਨਾਂ ਦੇ ਹਜ਼ਾਰਾਂ ਹੀ ਪ੍ਰਸ਼ੰਸਕ ਸਨ। ਸਾਰੇ ਹੀ ਅਫਸੋਸ ਵਿਚ ਡੁੱਬ ਗਏ।

ਉਹਨਾਂ ਦੀ ਮੌਤ ਤੋਂ ਬਾਅਦ ਜਲਦੀ ਹੀ ਚੰਦਨ ਸਾਹਿਬ ਵੁਲਵਰਹੈਂਪਟਨ ਆ ਗਏ। ਅਸੀਂ ਸਤੰਬਰ ਵਿਚ ਨਵੇਂ ਘਰ ਵਿਚ ਮੂਵ ਹੋ ਗਏ। ਅਕਤੂਬਰ ਦੇ ਅਖੀਰ ਵਿਚ ਅਲਕਾ ਦਾ ਬਰਥਡੇ ਸੀ। ਉਸ ਦਾ ਬਰਥਡੇ ਅਸੀਂ ਇਥੇ ਹੀ ਮਨਾਇਆ। ਇਹਨਾਂ ਨੇ ਉਸ ਨੂੰ ਵੀਹ ਹਜ਼ਾਰ ਪੌਂਡ ਦਾ ਚੈੱਕ ਦਿਤਾ। ਮੈਂ ਬਹੁਤ ਕਿਹਾ ਕਿ ਦਸ ਹਜ਼ਾਰ ਦਾ ਚੈੱਕ ਏਹਨੂੰ ਦੇ ਦਿਓ ਤੇ ਦਸ ਦਾ ਅਮਨਦੀਪ ਨੂੰ ਪਰ ਉਹ ਨਾ ਮੰਨੇ। ਉਹਨਾਂ ਦਾ ਕਹਿਣਾ ਸੀ ਕਿ ਅਲਕਾ ਦੇ ਘਰ ਦੀ ਮੌਰਟਗੇਜ ਬਹੁਤ ਹੈ, ਇਸ ਵੀਹ ਹਜ਼ਾਰ ਨਾਲ ਉਹ ਮੌਰਟਗੇਜ ਘਟਾ ਲਵੇਗੀ ਤੇ ਸੌਖੀ ਹੋ ਜਾਵੇਗੀ। ਪਰ ਅਲਕਾ ਅਜਿਹੀ ਨਹੀਂ ਸੀ। ਉਸ ਨੇ ਵੀਹ ਹਜ਼ਾਰ ਪੌਂਡ ਆਪਣੀ ਮਰਜ਼ੀ ਨਾਲ ਖਰਚ ਲਏ। ਚੰਦਨ ਸਾਹਿਬ ਨੂੰ ਇਸ ਦਾ ਦੁੱਖ ਤਾਂ ਬਹੁਤ ਹੋਇਆ ਪਰ ਅਲਕਾ ਨੇ ਆ ਕੇ ਲੋਲੋ-ਪੋਪੋ ਕਰਕੇ ਇਹਨਾਂ ਨੂੰ ਪਤਿਆ ਲਿਆ। ਲੰਡਨ ਵਾਲਾ ਘਰ ਵੇਚ ਕੇ ਤੇ ਇਹ ਘਰ ਲੈ ਕੇ ਇਹਨਾਂ ਨੂੰ ਸਾਰੇ ਖਰਚੇ ਕੱਢ ਕੇ ਲਗਭੱਗ ਅੱਸੀ ਹਜ਼ਾਰ ਪੌਂਡ ਬਚ ਗਏ ਸਨ। ਵੀਹ ਹਜ਼ਾਰ ਅਲਕਾ ਨੂੰ ਦੇ ਦਿਤਾ, ਕੁਝ ਇਹਨਾਂ ਨੇ ਘਰ ਨੂੰ ਸੰਵਾਰਨ 'ਤੇ ਵੀ ਖਰਚਿਆ, ਬਾਕੀ ਦੇ ਇਹਨਾਂ ਕਿਥੇ ਰੱਖੇ, ਕਿਥੇ ਗਏ, ਇਹਨਾਂ ਨੇ ਮੇਰੇ ਕੋਲ ਧੂੰ ਤਕ ਨਹੀਂ ਕੱਢੀ। ਇਸ ਘਰ ਵਿਚ ਆ ਕੇ ਇਹਨਾਂ ਨੇ ਮੇਰਾ ਫਲੈਟ ਵੀ ਵਿਕਵਾ ਦਿਤਾ ਸੀ। ਮੈਂ ਉਸ ਨੂੰ ਵੇਚਣਾ ਨਹੀਂ ਸੀ ਚਾਹੁੰਦੀ ਪਰ ਸ਼ਾਇਦ ਇਹ ਸੋਚਦੇ ਸਨ ਕਿ ਮੇਰਾ ਫਲੈਟ ਮੇਰੇ ਰਹਿਣ ਦਾ ਬਦਲ ਬਣਿਆ ਰਹੇਗਾ। ਫਲੈਟ ਵਿਚੋਂ ਜਿਹੜੇ ਪੈਸੇ ਨਿਕਲੇ ਉਹ ਇਹਨਾਂ ਨੇ ਰਸੋਈ ਦੀ ਫਿਟਿੰਗ ਅਤੇ ਘਰ ਦੀ ਡੈਕੋਰੇਸ਼ਨ ਉਪਰ ਖਰਚਾ ਦਿਤੇ। ਮੈਂ ਖਾਲੀ

ਦੀ ਖਾਲੀ ਰਹਿ ਗਈ। ਫੇਰ ਵੀ ਖੁਸ਼ ਸਾਂ, ਨੌਕਰੀ ਸੀ ਤੇ ਹੁਣ ਘਰ ਵੀ ਸੀ ਤੇ ਸਾਥ ਵੀ।

ਇਹਨਾਂ ਨੇ ਜਿਹੜਾ ਸਭ ਤੋਂ ਪਹਿਲਾਂ ਆਪਣਾ ਰੰਗ ਦਿਖਾਇਆ ਉਹ ਇਹ ਸੀ ਕਿ ਮੇਰੀ ਮਾਂ ਨੂੰ ਇੰਡੀਆ ਭੇਜ ਦਿਤਾ। ਇਕ ਦਿਨ ਕਹਿਣ ਲੱਗੇ ਕਿ ਮਾਤਾ ਤੁਸੀਂ ਹੁਣ ਚਲੋ। ਮੈਂ ਉਸ ਨੂੰ ਪੱਕੀ ਕਰਾਉਣ ਵਾਸਤੇ ਅਪਲਾਈ ਕੀਤਾ ਹੋਇਆ ਸੀ। ਉਸ ਨੇ ਪੱਕੀ ਹੋ ਵੀ ਜਾਣਾ ਸੀ ਤੇ ਮੇਰੇ ਕੋਲ ਹੀ ਰਹਿ ਜਾਣਾ ਸੀ ਪਰ ਚੰਦਨ ਸਾਹਿਬ ਨੇ ਉਸ ਦਾ ਪਾਸਪੋਰਟ ਹੋਮ-ਆਫਿਸ ਤੋਂ ਮੁੜਵਾ ਲਿਆ ਤੇ ਉਹਨੂੰ ਇੰਡੀਆ ਲਈ ਚਾੜ ਦਿਤਾ। ਮੈਂ ਵਿਚਾਰੀ ਬਣੀ ਇਹ ਸਭ ਖੜੀ ਦੇਖਦੀ ਰਹੀ। ਇਸ ਦਾ ਕੋਈ ਵਿਰੋਧ ਹੀ ਨਾ ਕਰ ਸਕੀ। ਇਕ ਵਾਰ ਫਿਰ ਆਪਣੇ ਦਬੂ ਸੁਭਾਅ ਕਾਰਨ ਮਾਤ ਖਾ ਗਈ ਸਾਂ।

ਇਕ ਦਿਨ ਅਲਕਾ ਦਾ ਫੋਨ ਆਇਆ। ਪਤਾ ਨਹੀਂ ਉਸ ਨੇ ਕੀ ਕਿਹਾ, ਇਹ ਬੋਲੇ,

"ਡੌਂਟ ਵੱਰੀ ਅਲਕਾ ਡਾਰਲਿੰਗ, ਤੇਰੀ ਜਗਾਹ ਤਾਂ ਕੋਈ ਹੋਰ ਲੈ ਹੀ ਨਹੀਂ ਸਕਦਾ, ਤੂੰ ਤੂੰ ਏਂ, ਤੂੰ ਸਭ ਤੋਂ ਪਹਿਲਾਂ!"

ਮੈਂ ਡਰ ਗਈ। ਇਹ ਤਾਂ ਫਿਰ ਉਹੀ ਗੱਲਾਂ ਸ਼ੁਰੂ ਹੋ ਗਈਆਂ। ਮੈਨੂੰ ਲੱਗਿਆ ਕਿ ਮੈਂ ਇਕ ਵਾਰ ਫਿਰ ਬਹੁਤ ਵੱਡੀ ਗਲਤੀ ਕਰ ਬੈਠੀ ਹਾਂ। ਮੈਂ ਦੋਸਤਾਂ-ਸਹੇਲੀਆਂ ਨਾਲ ਇਹ ਗੱਲ ਸਾਂਝੀ ਕਰਦੀ ਤਾਂ ਉਹ ਕਹਿੰਦੀਆਂ ਕਿ ਹੁਣ ਹੌਂਸਲੇ ਨਾਲ ਬੈਠੀ ਰਹਿ। ਅਲਕਾ ਕਦੇ ਕਦੇ ਆਉਂਦੀ ਸੀ। ਉਹ ਦੋਵੇਂ ਸਟੱਡੀ ਰੂਮ ਵਿਚ ਜਾ ਵੜਦੇ ਜਿਹੜਾ ਘਰ ਦੇ ਬਰਾਬਰ ਹੀ ਬਣਾਇਆ ਹੋਇਆ ਸੀ। ਦਰਵਾਜ਼ਾ ਬੰਦ ਕਰ ਲੈਂਦੇ ਤੇ ਕਿੰਨੇ ਕਿੰਨੇ ਘੰਟੇ ਅੰਦਰ ਹੀ ਵੜੇ ਰਹਿੰਦੇ। ਮੈਨੂੰ ਉਥੇ ਜਾਣ ਦੀ ਇਜਾਜ਼ਤ ਨਾ ਹੁੰਦੀ। ਉਹ ਕਮਰਾ ਧੂੰਏਂ ਨਾਲ ਏਨਾ ਭਰਿਆ ਹੁੰਦਾ, ਏਨਾ ਧੂੰਆਂ ਕਿ ਇਸ ਵਿਚ ਬੈਠਾ ਬੰਦਾ ਵੀ ਨਾ ਦਿਸਦਾ। ਮੈਨੂੰ ਧੂੰਏਂ ਨਾਲ ਸਾਹ ਘੁੱਟ ਹੋਣ ਲੱਗਦਾ ਸੀ। ਅਲਕਾ ਜਦ ਵੀ ਆਉਂਦੀ ਤਾਂ ਇਹ ਇਕ ਦਮ ਬਦਲ ਜਾਂਦੇ।

ਇਹਨਾਂ ਦਿਨਾਂ ਵਿਚ ਚੰਦਨ ਸਾਹਿਬ ਦੀ ਇਕ ਹੋਰ ਪਰੇਸ਼ਾਨੀ ਵਧ ਗਈ ਸੀ। ਉਹ ਇਹ ਕਿ ਇਹਨਾਂ ਨੂੰ ਲੇਖਕ ਸਭਾ ਦਾ ਮੈਂਬਰ ਤਾਂ ਬਣਾ ਲਿਆ ਗਿਆ ਸੀ ਪਰ ਇਹਨਾਂ ਦੀ ਮਰਜ਼ੀ ਮੁਤਾਬਕ ਕੋਈ ਵੱਡਾ ਅਹੁਦਾ ਨਾ ਦਿਤਾ ਗਿਆ। ਸਿਰ ਉਪਰ ਸਭਾ ਵਲੋਂ ਕਰਾਈ ਜਾਣ ਵਾਲੀ ਕਾਨਫਰੰਸ ਆਈ ਖੜੀ ਸੀ। ਕਾਨਫਰੰਸ ਵਿਚ ਵੀ ਇਹਨਾਂ ਨੂੰ ਉਹ ਜਗਾਹ ਨਾ ਮਿਲੀ ਜਿਸ ਦੇ ਇਹ ਹੱਕਦਾਰ ਸਨ ਜਾਂ ਚਾਹੁੰਦੇ ਸਨ। ਕਾਨਫਰੰਸ ਤੋਂ ਬਾਅਦ ਵੀ ਸਭਾ ਨੇ ਇਹਨਾਂ ਨੂੰ ਅਣਗੌਲ ਜਿਹਾ ਦਿਤਾ। ਇਹਨਾਂ ਨੇ ਸਭਾ ਛੱਡ ਦਿਤੀ। ਮੈਨੂੰ ਵੀ ਇਹਨਾਂ ਦੇ ਨਾਲ ਛੱਡਣੀ ਹੀ ਪੈਣੀ ਸੀ। ਇਸ ਸਭਾ ਨੇ ਮੈਨੂੰ ਇੰਗਲੈਂਡ ਵਿਚ ਪਛਾਣ ਦਵਾਈ ਸੀ, ਇਸ ਲਈ ਸਭਾ ਨੂੰ ਛੱਡਣ ਦਾ ਮੈਨੂੰ ਦੁਖ ਸੀ। ਚੰਦਨ ਸਾਹਿਬ ਨੇ ਪੰਜਾਬੀ ਅਕੈਡਮੀ ਬਣਾਉਣ ਦਾ ਫੈਸਲਾ ਕਰ ਲਿਆ। ਅਸੀਂ ਬਹਿ ਕੇ ਅਕੈਡਮੀ ਦੀ ਰੂਪ ਰੇਖਾ ਬਣਾਉਣ ਲੱਗੇ। ਅਕੈਡਮੀ ਦਾ ਜਿਹੜਾ ਨਕਸ਼ਾ ਸਾਡੇ ਸਾਹਮਣੇ ਆਇਆ ਉਸ ਤੋਂ ਮੈਂ ਬਹੁਤ ਖੁਸ਼ ਸਾਂ। ਇਹਨਾਂ ਨੇ ਅਗਲੇ ਸਾਲ ਅਕੈਡਮੀ ਵਲੋਂ ਕਾਨਫਰੰਸ ਕਰਾਉਣ ਦਾ ਐਲਾਨ ਕਰ ਦਿਤਾ ਤੇ ਨਾਲ ਹੀ ਇਹ ਕਾਨਫਰੰਸ ਕਰਾਉਣ ਲਈ ਕੌਂਸਲ ਨੂੰ ਗਰਾਂਟ ਲਈ ਵੀ ਅਪਲਾਈ ਕਰ ਦਿਤਾ। ਹੁਣ ਮੈਨੂੰ ਸਭਾ ਛੱਡਣ ਦਾ ਬਹੁਤਾ ਅਫਸੋਸ ਨਹੀਂ ਸੀ। ਹਾਂ, ਪੁਰਾਣੇ ਦੋਸਤ ਘੱਟ ਮਿਲਦੇ ਸਨ ਇਸ ਦਾ ਮਲਾਲ ਜ਼ਰੂਰ ਸੀ।



ਇਕ ਦਿਨ ਅਸੀਂ ਸ਼ੌਪਿੰਗ ਕਰਨ ਗਏ। ਮੈਂ ਦੇਖਿਆ ਕਿ ਤੁਰਦਿਆਂ ਇਹਨਾਂ ਨੂੰ ਸਾਹ ਚੜ੍ਹ ਰਿਹਾ ਸੀ। ਇਹ ਵਾਰ ਵਾਰ ਆਪਣਾ ਹੱਥ ਦਿਲ ਉਪਰ ਰੱਖ ਰਹੇ ਸਨ। ਮੈਨੂੰ ਲੱਗਿਆ ਕਿ ਇਹ ਖਤਰੇ ਦੀ ਘੰਟੀ ਹੈ। ਮੈਂ ਜ਼ੋਰ ਪਾ ਕੇ ਇਹਨਾਂ ਨੂੰ ਹਸਪਤਾਲ ਲੈ ਗਈ। ਡਾਕਟਰਾਂ ਨੇ ਇਹਨਾਂ ਨੂੰ ਚੈੱਕਅੱਪ ਕੀਤਾ ਤਾਂ ਦੇਖਿਆ ਕਿ ਇਹਨਾਂ ਦੇ ਦਿਲ ਦੀਆਂ ਤਿੰਨੇ ਨਾੜੀਆਂ ਬਲੌਕ ਸਨ। ਇਹਨਾਂ ਨੂੰ ਉਸੇ ਵੇਲੇ ਹੀ ਹਸਪਤਾਲ ਵਿਚ ਭਰਤੀ ਕਰ ਲਿਆ ਗਿਆ। ਇਵੇਂ ਅਚਾਨਕ ਭਰਤੀ ਕਰ ਲਿਆ ਕਾਰਨ ਇਹਨਾਂ ਨੂੰ ਓਪਰੇਸ਼ਨ ਲਈ ਕੁਝ ਦਿਨ ਉਡੀਕ ਕਰਨ ਪੈਣੀ ਸੀ।

ਸਾਰੇ ਲੇਖਕਾਂ ਨੂੰ ਪਤਾ ਚੱਲ ਗਿਆ ਕਿ ਇਹ ਹਸਪਤਾਲ ਵਿਚ ਹਨ ਪਰ ਹਰਜੀਤ ਅਟਵਾਲ ਤੇ ਉਹਨਾਂ ਦੇ ਪਿਤਾ ਤੋਂ ਬਿਨਾ ਕੋਈ ਵੀ ਲੇਖਕ ਇਹਨਾਂ ਦੀ ਖ਼ਬਰ ਲੈਣ ਨਾ ਆਇਆ। ਹਾਂ, ਬੇਟਾ ਅਮਨਦੀਪ ਅਤੇ ਉਹਨਾਂ ਦੀ ਨੂੰਹ ਸਿੱਮੀ ਵੀ ਪਤਾ ਲੈ ਕੇ ਗਏ। ਕਾਨਫਰੰਸ ਤੋਂ ਬਾਅਦ ਬਹੁਤਿਆਂ ਨਾਲ ਵਿਗੜ ਵੀ ਚੁੱਕੀ ਸੀ। ਆਪਣੇ ਅੜੀਅਲ ਸੁਭਾਅ ਕਾਰਨ ਇਹ ਕਿਸੇ ਨੂੰ ਵੀ ਜਲਦੀ ਹੀ ਨਰਾਜ਼ ਕਰ ਲੈਂਦੇ ਸਨ। ਹਰਜੀਤ ਅਟਵਾਲ ਨਾਲ ਇਹਨਾਂ ਦਾ ਅਜੀਬ ਜਿਹਾ ਰਿਸ਼ਤਾ ਸੀ। ਉਸ ਦੇ ਦੋ ਨਾਵਲ ਛਪ ਗਏ ਸਨ ਜਿਸ ਕਰਕੇ ਇਹਨਾਂ ਨੂੰ ਉਸ ਨਾਲ ਈਰਖਾ ਵੀ ਸੀ ਤੇ ਨਾਲ ਦੀ ਨਾਲ ਇਕ ਮੋਹ ਜਿਹਾ ਵੀ। ਇਹ ਉਸ ਨੂੰ ਸ਼ਾਇਦ ਨਾਵਲਕਾਰੀ ਦੇ ਖੇਤਰ ਵਿਚ ਆਪਣੇ ਲਈ ਖਤਰਾ ਸਮਝ ਰਹੇ ਸਨ। ਜਦ ਵੀ ਹਰਜੀਤ ਦੀ ਨਵੀਂ ਕਿਤਾਬ ਛਪਦੀ, ਮੈਂ ਪੜ੍ਹਨ ਲਈ ਮੰਗਦੀ, ਮੈਨੂੰ ਇਹ ਕਹਿ ਕੇ ਟਾਲ ਦਿੰਦੇ ਕਿ ਤੇਰਾ ਕੰਮ ਕਵਿਤਾ ਪੜ੍ਹਨਾ ਹੈ। ਉਸ ਵੇਲੇ ਉਹ ਇਹ ਭੁੱਲ ਜਾਂਦੇ ਕਿ ਮੈਂ ਸਾਹਿਤ ਦੀ ਵਿਦਿਆਰਥਣ ਸਾਂ, ਸਿਰਫ ਕਵਿਤਾ ਦੀ ਨਹੀਂ। ਮੈਂ ਫਿਰ ਵੀ ਜ਼ਿਦ ਕਰਕੇ ਕਿਤਾਬ ਲੈ ਲੈਂਦੀ, ਜਦੋਂ ਪੜ੍ਹਣ ਬੈਠਦੀ, ਪਹਿਲਾਂ ਹੀ ਆਪਣੀ ਨਾਂਹ-ਮੁੱਖੀ ਰਾਇ ਮੇਰੇ ਤੇ ਥੋਪਣ ਦੀ ਕੋਸ਼ਿਸ਼ ਕਰਦੇ। ਉਪਰੋਂ ਉਪਰੋਂ ਮੈਂ ਉਹਨਾਂ ਦੀ 'ਹਾਂ' ਵਿਚ 'ਹਾਂ' ਵੀ ਮਿਲਾ ਦੇਂਦੀ, ਪਰ ਅੰਦਰਖਾਤੇ ਮੈਨੂੰ ਪਤਾ ਸੀ ਹਰਜੀਤ ਦੀ ਲੇਖਣੀ ਵਿਚ ਅਸਰ ਸੀ ਤੇ ਇਸ 'ਤੇ ਹਰਜੀਤ ਦੀ ਯਥਾਰਥਕ ਸ਼ੈਲੀ ਦੀ ਮੁਹਰ ਸੀ। ਮੈਂ ਹਰਜੀਤ ਦੀ ਗਲਪ-ਸ਼ੈਲੀ ਤੋਂ ਉਦੋਂ ਤੋਂ ਹੀ ਪ੍ਰਭਾਵਿਤ ਸਾਂ ਜਦ ਮੈਂ 'ਬਰਤਾਨਵੀ ਪੰਜਾਬੀ ਸਾਹਿਤ ਦੇ ਮਸਲੇ' ਨਾਮੀ ਪੁਸਤਕ ਲਿਖੀ ਸੀ ਤੇ ਹਰਜੀਤ ਦੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਵੀ ਕੀਤਾ ਸੀ। ਚੰਦਨ ਸਾਹਿਬ ਦਾ ਸਮਕਾਲੀ ਦਰਸ਼ਨ ਧੀਰ ਸੀ। ਧੀਰ ਸਾਹਿਬ ਤੋਂ ਉਹ ਕਦੇ ਕੋਈ ਖਤਰਾ ਮਹਿਸੂਸ ਨਾ ਕਰਦੇ। ਹਾਂ, ਇਸ ਗੱਲ ਦਾ ਮਲਾਲ ਜ਼ਰੂਰ ਸੀ ਕਿ ਉਹਨਾਂ ਆਪਣੀ ਸਭਾ ਵਿਚ ਇਹਨਾਂ ਨੂੰ ਕੋਈ ਅਹੁਦਾ ਨਹੀਂ ਸੀ ਦਿੱਤਾ। ਕਾਫੀ ਬਾਅਦ ਵਿਚ ਓਪਰੇਸ਼ਨ ਹੋਣ ਮਗਰੋਂ ਜਦ ਧੀਰ ਸਾਹਿਬ ਇਹਨਾਂ ਦੀ ਖ਼ਬਰ ਨੂੰ ਆਏ ਤਾਂ ਇਹ ਬਹੁਤ ਖੁਸ਼ ਹੋਏ ਸਨ। ਹਸਪਤਾਲ ਵਿਚ ਇਹਨਾਂ ਨੂੰ ਓਪਰੇਸ਼ਨ ਕਰਨ ਲਈ ਵੇਟਿੰਗ ਲਿਸਟ ਵਿਚ ਰੱਖਿਆ ਗਿਆ ਸੀ। ਕਈ ਦਿਨ ਲੱਗ ਰਹੇ ਸਨ। ਇਹਨਾਂ ਦੀ ਸ਼ਰਾਬ ਵੀ ਬੰਦ ਸੀ ਤੇ ਸਿਗਰਟਾਂ ਵੀ।

ਇਕ ਦਿਨ ਮੈਂ ਘਰ ਹੀ ਸਾਂ। ਇਹਨਾਂ ਨੂੰ ਮਿਲਣ ਹਸਪਤਾਲ ਜਾਣ ਦੀ ਤਿਆਰੀ ਕਰ ਰਹੀ ਸਾਂ ਕਿ ਘਰ ਦੀ ਡੋਰ ਬੈੱਲ ਹੋਈ। ਮੈਂ ਬੂਹਾ ਖੋਹਲਿਆ ਤਾਂ ਚੰਦਨ ਸਾਹਿਬ ਬਾਹਰ ਖੜੇ ਸਨ।

## ਉੱਨੀ

ਇਹਨਾਂ ਨੂੰ ਦੇਖ ਕੇ ਮੈਂ ਹੱਕੀ-ਬੱਕੀ ਰਹਿ ਗਈ। ਅੰਦਰ ਵੜ੍ਹਦਿਆਂ ਉਹਨਾਂ ਦੀਆਂ ਧਾਹਾਂ ਨਿਕਲ ਗਈਆਂ। ਕਹਿਣ ਲੱਗੇ,

"ਸਾਲਾ ਇਹ ਵੀ ਕੋਈ ਜ਼ਿੰਦਗੀ ਹੈ ਕਿ ਸਿਗਰਟ ਵੀ ਨਾ ਪੀ ਸਕੋ।"

ਰੋਂਦਿਆਂ ਰੋਂਦਿਆਂ ਦੱਸਣ ਲੱਗੇ ਕਿ ਕਿਵੇਂ ਉਹਨਾਂ ਨੂੰ ਸਿਗਰਟ ਦੀ ਤਲਬ ਹੋਈ, ਉਹ ਆਪਣੀ ਵਾਰਡ ਤੋਂ ਬਾਹਰ ਗਏ ਤੇ ਸੜਕ ਤੇ ਪਏ ਟੋਟਿਆਂ ਨੂੰ ਚੁੱਕ ਕਿਸੇ ਤੋਂ ਲਾਈਟਰ ਉਧਾਰਾ ਮੰਗ ਪੀਣ ਲੱਗੇ, ਆਪਣੇ ਆਪ ਨੂੰ ਲਾਹਨਤਾਂ ਪਾਈਆਂ ਤੇ ਆਪਣੀ ਜ਼ਿੰਮੇਵਾਰੀ ਤੇ ਹਸਪਤਾਲ ਤੋਂ ਸੈਲਫ-ਡਿਸਚਾਰਜ ਹੋ ਕੇ ਆ ਗਏ।

ਘਰ ਆ ਕੇ ਪਹਿਲਾਂ ਤਾਂ ਕਾਫੀ ਸਾਰੀਆਂ ਸਿਗਰਟਾਂ ਪੀਤੀਆਂ ਫਿਰ ਬੋਤਲ ਖੋਹਲ ਲਈ। ਮੈਨੂੰ ਉਹਨਾਂ ਦੀ ਸਿਹਤ ਦਾ ਫਿਕਰ ਹੋ ਰਿਹਾ ਸੀ। ਉਹਨਾਂ ਦੀ ਗੰਭੀਰ ਸਥਿਤੀ ਨੂੰ ਦੇਖ ਕੇ ਹੀ ਤਾਂ ਡਾਕਟਰਾਂ ਨੇ ਉਹਨਾਂ ਨੂੰ ਹਸਪਤਾਲ ਰੱਖਿਆ ਹੋਵੇਗਾ। ਦੋ ਕੁ ਦਿਨ ਬਾਅਦ ਉਹਨਾਂ ਨੂੰ ਵੀ ਆਪਣਾ ਫਿਕਰ ਹੋਣ ਲੱਗਿਆ। ਇਕ ਹੋਰ ਗੱਲ ਵੀ ਸੀ ਕਿ ਅਗਲੀਆਂ ਗਰਮੀਆਂ ਨੂੰ ਕਾਨਫਰੰਸ ਰੱਖੀ ਹੋਈ ਸੀ। ਉਸ ਦੀਆਂ ਤਿਆਰੀਆਂ ਵੀ ਕਰਨੀਆਂ ਸਨ। ਉਸ ਤੋਂ ਪਹਿਲਾਂ ਪਹਿਲਾਂ ਓਪਰੇਸ਼ਨ ਕਰਾਕੇ ਸਿਹਤਯਾਬ ਹੋਣਾ ਜ਼ਰੂਰੀ ਸੀ। ਉਹ ਪਰਾਈਵੇਟ ਓਪਰੇਸ਼ਨ ਕਰਾਉਣ ਲਈ ਕੋਈ ਸਰਜਨ ਲੱਭਣ ਲੱਗੇ ਪਰ ਜਦ ਤਕ ਉਹਨਾਂ ਨੂੰ ਕਿਸੇ ਹੋਰ ਹਸਪਤਾਲ ਵਿਚ ਓਪਰੇਸ਼ਨ ਲਈ ਵਾਰੀ ਮਿਲ ਗਈ। ਉਹਨਾਂ ਦਾ ਬਾਈਪਾਸ ਓਪਰੇਸ਼ਨ ਹੋ ਗਿਆ। ਛੇਤੀ ਹੀ ਸਿਹਤਯਾਬ ਵੀ ਹੋ ਗਏ। ਓਪਰੇਸ਼ਨ ਤੋਂ ਹਫਤੇ ਬਾਅਦ ਹੀ ਕਾਰ ਚਲਾਉਣ ਲੱਗ ਪਏ। ਹੁਣ ਉਹ ਕਾਨਫਰੰਸ ਦੀ ਤਿਆਰੀ ਵਿਚ ਰੁਝ ਗਏ।

ਇਹ ਵੱਡਾ ਕੰਮ ਸੀ ਇਸ ਲਈ ਤਿਆਰੀ ਦੀ ਪੱਧਰ ਵੀ ਓਡੀ ਹੀ ਹੋਣੀ ਸੀ। ਕਈ ਸ਼ਹਿਰਾਂ ਵਿਚ ਕਾਨਫਰੰਸਾਂ ਕਰਾਉਣੀਆਂ ਸਨ। ਬਹੁਤ ਸਾਲਾਂ ਤੋਂ ਏਸ ਪੱਧਰ 'ਤੇ ਕਾਨਫਰੰਸਾਂ ਇੰਗਲੈਂਡ ਵਿਚ ਨਹੀਂ ਸੀ ਹੋਈਆਂ। ਇੰਡੀਆ ਤੋਂ ਹਰਿਭਜਨ ਭਾਟੀਆ, ਰਜਨੀਸ਼ ਬਹਾਦਰ, ਮਨਜੀਤ ਸਿੰਘ, ਮੋਹਨਜੀਤ, ਬਲਜੀਤ ਰੈਣਾ ਆਦਿ ਆ ਰਹੇ ਸਨ। ਮਨਜੀਤ ਸਿੰਘ ਤਾਂ ਮੇਰਾ ਜਮਾਤੀ ਵੀ ਰਿਹਾ ਸੀ। ਮੋਹਨਜੀਤ ਵੀ ਸਾਡਾ ਖਾਸ ਦੋਸਤ ਸੀ। ਬਾਕੀ ਵੀ ਸਾਰੇ ਦੋਸਤ ਹੀ ਸਨ। ਬਲਜੀਤ ਰੈਣਾ ਨੂੰ ਪਤਾ ਨਹੀਂ ਚੰਦਨ ਸਾਹਿਬ ਨੇ ਕਿਉਂ ਸੱਦ ਲਿਆ ਸੀ, ਉਹ ਤਾਂ ਕੁਝ ਹਿੱਲਿਆ ਜਿਹਾ ਲੱਗਦਾ। ਖੈਰ ਉਹਨਾਂ ਦੇ ਆਉਣ ਨਾਲ ਵਾਹਵਾ ਰੌਣਕਾਂ ਲੱਗੀਆਂ। ਜਿੰਨੇ ਦਿਨ ਉਹ ਰਹੇ, ਘਰ ਜਗ-ਮਗ ਕਰਦਾ ਰਿਹਾ। ਸਾਰੀ ਸਾਰੀ ਰਾਤ ਬਹਿਸਾਂ ਹੁੰਦੀਆਂ। ਕਿਸੇ ਨੂੰ ਉਪਰ ਚੜ੍ਹਾਇਆ ਜਾ ਰਿਹਾ ਹੁੰਦਾ ਤੇ ਕਿਸੇ ਨੂੰ ਹੇਠਾਂ ਸੁੱਟਿਆ ਜਾ ਰਿਹਾ ਹੁੰਦਾ। ਇਸ ਕਾਨਫਰੰਸ ਵਿਚ ਇੰਗਲੈਂਡ ਭਰ ਦੇ ਲੇਖਕ ਸ਼ਾਮਲ ਹੋਏ। ਹਰ ਸੈਸ਼ਨ ਵਿਚ ਭਰਵੀਂ ਹਾਜ਼ਰੀ ਰਹੀ। ਇਸ ਕਾਨਫਰੰਸ ਵਿਚ ਕੁਝ ਲੇਖਕਾਂ ਵਿਚਕਾਰ ਕੁਝ ਮਨ-ਮੁਟਾਵ ਵੀ ਹੋਏ। ਅਜਿਹੇ ਮੌਕਿਆਂ 'ਤੇ ਇਹ ਆਮ ਜਿਹੀ ਗੱਲ ਹੁੰਦੀ ਹੈ।

ਇਸ ਸਮੇਂ ਚੰਦਨ ਸਾਹਿਬ ਨੇ ਰਜਨੀਸ਼ ਬਹਾਦਰ ਨਾਲ ਰਲ ਕੇ 'ਪ੍ਰਵਚਨ' ਨਾਂ ਦਾ ਪਰਚਾ ਕੱਢਣ ਦਾ ਪ੍ਰੋਗਰਾਮ ਬਣਾ ਲਿਆ। ਇਹਨਾਂ ਨੂੰ ਪਰਚੇ ਦੀ ਖਬਤ ਬਹੁਤ ਦੇਰ



ਦੀ ਸੀ। ਕਦੇ ਇੰਡੀਆ ਜਾ ਕੇ ਵੀ 'ਸਾਹਿਤਕ ਸੂਰਜ' ਕੱਢਿਆ ਸੀ ਪਰ ਦਸ ਕੁ ਅੰਕ ਕੱਢ ਕੇ ਬੰਦ ਕਰ ਦਿਤਾ ਸੀ। ਜਿਵੇਂ ਕਿ ਇਹਨਾਂ ਦਾ ਸੁਭਾਅ ਸੀ ਕਿ ਕਿਸੇ ਵੀ ਗੱਲ ਤੋਂ ਇਹ ਜਲਦੀ ਹੀ ਅੱਕ ਜਾਂਦੇ ਸਨ। ਮੈਨੂੰ ਡਰ ਸੀ ਕਿ ਇਹ ਪਰਚਾ ਵੀ ਜਲਦੀ ਹੀ ਬੰਦ ਨਾ ਹੋ ਜਾਵੇ।

ਕਾਨਫਰੰਸ ਤੋਂ ਬਾਅਦ ਅਸੀਂ ਵੀ ਇੰਡੀਆ ਜਾਣ ਦਾ ਪ੍ਰੋਗਰਾਮ ਬਣਾ ਲਿਆ। ਇਕ ਤਾਂ ਪਲਾਟ ਵੇਚਣਾ ਸੀ ਤੇ ਦੂਜਾ ਪੰਜਾਬੀ ਅਕੈਡਮੀ ਵਾਲੇ ਇਹਨਾਂ ਉਪਰ ਪ੍ਰੋਗਰਾਮ ਕਰਾ ਰਹੇ ਸਨ। ਉਹ ਹਰ ਵਾਰ 'ਸਖਸ਼ੀਅਤ ਸੈਮੀਨਾਰ' ਕਰਾਇਆ ਕਰਦੇ ਸਨ। ਇਸ ਵਾਰ ਇਹਨਾਂ 'ਤੇ ਕਰਾਇਆ ਜਾ ਰਿਹਾ ਸੀ। ਇਸ ਤੋਂ ਪਹਿਲਾਂ ਪਲਾਟ ਵੇਚਣਾ ਜ਼ਰੂਰੀ ਸੀ। ਪਲਾਟ ਮੇਰੇ ਨਾਂ 'ਤੇ ਹੋਣ ਕਰਕੇ ਇਹਨਾਂ ਨੂੰ ਅਜੀਬ ਜਿਹਾ ਡਰ ਬਣੀ ਜਾ ਰਿਹਾ ਸੀ। ਪਲਾਟ ਵੇਚ ਦਿਤਾ। ਵਕੀਲ ਦੇ ਜਾ ਕੇ ਮੇਰੇ ਤੋਂ ਇਹ ਵੀ ਲਿਖਵਾ ਲਿਆ ਕਿ ਮੇਰਾ ਇਹਨਾਂ ਪੈਸਿਆਂ ਉਪਰ ਕੋਈ ਹੱਕ ਨਹੀਂ। ਕਿਉਂਕਿ ਚੈੱਕ ਮੇਰੇ ਨਾਂ 'ਤੇ ਸੀ ਇਸ ਲਈ ਬੈਂਕ ਵਿਚ ਜਾ ਕੇ ਇਕ ਸਾਂਝਾ ਖਾਤਾ ਖੁਲਵਾਇਆ। ਹਰਜਿੰਦਰ ਮੇਰੀ ਖਾਸ ਸਹੇਲੀ ਸੀ। ਬੈਂਕ ਵਿਚ ਚੈੱਕ ਰੱਖਣ ਤਕ ਇਹ ਇਹੀ ਸੋਚੀ ਜਾ ਰਹੇ ਸਨ ਕਿ ਕਿਤੇ ਮੈਂ ਇਹ ਚੈੱਕ ਲੈ ਕੇ ਹੀ ਨਾ ਭੱਜ ਜਾਵਾਂ। ਮੇਰੀ ਸਹੇਲੀ ਰਾਹੀਂ ਹੀ ਇਕ ਆਪਣਾ ਇਕੱਲਿਆਂ ਦਾ ਅਕਾਉਂਟ ਵੀ ਖੁਲਵਾਇਆ। ਫਿਰ ਜਲਦੀ ਹੀ ਸਾਰੇ ਪੈਸੇ ਆਪਣੇ ਨਾਂ 'ਤੇ ਟਰਾਂਸਫਰ ਕਰਾ ਲਏ। ਜਦ ਤਕ ਪੈਸੇ ਇਹਨਾਂ ਦੇ ਖਾਤੇ ਵਿਚ ਨਹੀਂ ਗਏ ਇਹ ਤਰਲੋ-ਮੱਛੀ ਹੋਏ ਰਹੇ। ਇਹਨਾਂ ਦੀ ਹਾਲਤ ਦੇਖ ਕੇ ਮੈਨੂੰ ਤਰਸ ਵੀ ਆ ਰਿਹਾ ਸੀ ਤੇ ਹਾਸਾ ਵੀ। ਪਤਾ ਨਹੀਂ ਇਹ ਮੇਰੇ ਬਾਰੇ ਕੀ ਕੀ ਸੋਚੀ ਬੈਠੇ ਸਨ।

ਦਿੱਲੀ ਦੀ ਪੰਜਾਬੀ ਅਕੈਡਮੀ ਵਲੋਂ ਕਰਾਏ ਪ੍ਰੋਗਰਾਮ ਵਿਚ ਦਿੱਲੀ ਦੇ ਸਾਰੇ ਦੋਸਤ ਆਏ। ਪੁਰਾਣੇ ਰੁੱਸੇ ਹੋਏ ਵੀ ਮੰਨ ਗਏ ਸਨ। ਡਾਕਟਰ ਸਤਿੰਦਰ ਸਿੰਘ ਨੂਰ ਆਏ ਵੀ ਤੇ ਸਟੇਜ ਤੋਂ ਬੋਲੇ ਵੀ। ਪ੍ਰੋਗਰਾਮ ਤੋਂ ਬਾਅਦ ਸਾਡੇ ਫਲੈਟ ਵਿਚ ਪਾਰਟੀ ਰੱਖੀ ਗਈ। ਪਾਰਟੀ ਵਿਚ ਵੀ ਦਿੱਲੀ ਦੇ ਸਾਰੇ ਹੀ ਲੇਖਕ ਸਨ। ਡਾ. ਨੂਰ ਸਾਹਿਬ, ਨਛੱਤਰ, ਰਵੇਲ, ਮਨਜੀਤ ਸਿੰਘ, ਮੋਹਨਜੀਤ, ਜਗਬੀਰ ਸਿੰਘ, ਲਗਭੱਗ ਹਰ ਕੋਈ। ਪੰਜਾਬ ਤੋਂ ਵੀ ਆਏ ਹੋਏ ਸਨ ਜਿਵੇਂ ਕਿ ਹਰਭਜਨ ਭਾਟੀਆ ਤੇ ਰਜਨੀਸ਼ ਬਹਾਦਰ ਆਦਿ। ਚੰਦਨ ਸਾਹਿਬ ਕੁਝ ਜ਼ਿਆਦਾ ਹੀ ਪੀ ਗਏ ਸਨ। ਪਹਿਲਾਂ ਇਹਨਾਂ ਦੀ ਕਿਸੇ ਗੱਲੋਂ ਹਰਜਿੰਦਰ ਮੇਰੀ ਸਹੇਲੀ ਨਾਲ ਵੀ ਕੋਈ ਬੋਲ-ਬੁਲਾਰਾ ਹੋ ਗਿਆ ਸੀ। ਕਈ ਵਾਰ ਪਹਿਲਾਂ ਵੀ ਅਜਿਹਾ ਹੋ ਜਾਂਦਾ ਸੀ ਕਿ ਇਹਨਾਂ ਨੂੰ ਆਪ ਵੀ ਨਾ ਪਤਾ ਚਲਦਾ ਕਿ ਕਿਹੜੀ ਗੱਲ ਤੋਂ ਔਖੇ ਹਨ, ਬਸ ਕਪੜਿਆਂ ਤੋਂ ਬਾਹਰ ਹੋ ਜਾਂਦੇ। ਚੀਜ਼ਾਂ ਚੁੱਕ-ਚੁੱਕ ਕੇ ਮਾਰਨ ਲੱਗਦੇ। ਉਸ ਦਿਨ ਵੀ ਇਹਨਾਂ ਦਾ ਰੁਖ਼ ਕੁਝ ਅਜਿਹਾ ਹੀ ਬਣਦਾ ਜਾ ਰਿਹਾ ਸੀ। ਉਸ ਦਿਨ ਮੇਰੀ ਭਰਜਾਈ ਜਸਵਿੰਦਰ ਵੀ ਸਾਡੇ ਕੋਲ ਹੀ ਠਹਿਰੀ ਹੋਈ ਸੀ, ਘਰ ਦੇ ਕੰਮ-ਕਾਰ ਵਿਚ ਮੱਦਦ ਕਰਨ ਲਈ। ਇਹਨਾਂ ਦੀ ਖੱਪ ਜਿਹੀ ਦੇਖ ਕੇ ਵੀ ਦੋਸਤ ਜਾਣ ਲੱਗ ਪਏ ਸਨ। ਭਾਟੀਏ ਤੇ ਰਜਨੀਸ਼ ਨੇ ਸਾਡੇ ਕੋਲ ਹੀ ਸੌਣਾ ਸੀ। ਪਤਾ ਨਹੀਂ ਚੰਦਨ ਸਾਹਿਬ ਦੇ ਮਨ ਵਿਚ ਕੀ ਆਇਆ ਕਿ ਉਹਨਾਂ ਨੇ ਮੇਜ਼ ਭੰਨ ਮਾਰਿਆ। ਅਸੀਂ ਸਾਰੇ ਰੋਕਦੇ ਰਹੇ। ਫਿਰ ਘਰ ਦੀਆਂ ਹੋਰ ਸ਼ੈਲਫਾਂ ਭੰਨ ਦਿਤੀਆਂ। ਕਮਲਿਆਂ ਵਾਂਗ ਇਧਰ-ਓਧਰ ਦੌੜੇ ਫਿਰਨ ਲੱਗੇ। ਭਾਟੀਆ ਤੇ ਰਜਨੀਸ਼ ਹੈਰਾਨ ਹੋਏ ਇਹਨਾਂ ਵਲ ਦੇਖਦੇ ਜਾ ਰਹੇ ਸਨ। ਭਾਟੀਆ ਤਾਂ

ਚੁੱਪ ਕਰਕੇ ਚਲੇ ਗਿਆ। ਸ਼ਾਇਦ ਉਸ ਤੋਂ ਇਹ ਸਭ ਦੇਖਿਆ ਨਹੀਂ ਸੀ ਜਾ ਰਿਹਾ। ਜਸਵਿੰਦਰ ਨੇ ਇਹਨਾਂ ਨੂੰ ਵੀਰ ਜੀ, ਵੀਰ ਜੀ, ਕਹਿ ਕੇ ਠੰਡਾ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਇਹ ਕਿਥੋਂ ਮੰਨਣ। ਇਹਨਾਂ ਨੇ ਸਾਰਾ ਫਲੈਟ ਹੀ ਨਹੀਂ ਬਲਕਿ ਸਾਰੀ ਇਮਾਰਤ ਹੀ ਸਿਰ 'ਤੇ ਚੁੱਕੀ ਹੋਈ ਸੀ। ਮੈਂ ਲੁਕਦੀ ਫਿਰ ਰਹੀ ਸਾਂ। ਮੈਨੂੰ ਆਪਣਾ ਡਰ ਸੀ ਕਿ ਕੁਝ ਚੁੱਕ ਕੇ ਮੇਰੇ ਹੀ ਨਾ ਮਾਰ ਦੇਣ। ਕਾਫੀ ਸਾਰੇ ਹੰਗਾਮੇ ਤੋਂ ਬਾਅਦ ਇਹ ਥੱਕ ਗਏ ਤੇ ਸੌਂ ਗਏ। ਰਜਨੀਸ਼ ਸਾਡੇ ਕੋਲ ਹੀ ਸੁੱਤਾ ਸੀ। ਮੇਰੀ ਭਰਜਾਈ ਨੇ ਵਾਪਸ ਘਰ ਚਲੇ ਜਾਣਾ ਸੀ ਪਰ ਉਹ ਮੇਰੇ ਕਰਕੇ ਡਰਦੀ ਉਥੇ ਹੀ ਸੌਂ ਗਈ। ਸਵੇਰੇ ਉੱਠੇ ਤਾਂ ਇਵੇਂ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਸਵੇਰੇ ਫਿਰ ਡਰਿੰਕ ਪੀਣੀ ਸ਼ੁਰੂ ਕਰ ਦਿਤੀ ਤੇ ਰਾਤ ਦੇ ਆਪਣੇ ਵਿਹਾਰ ਬਾਰੇ ਮੁਆਫੀਆਂ ਮੰਗਣ ਲੱਗ ਪਏ। ਨਾਲ ਦੀ ਨਾਲ ਮੇਰੀਆਂ ਵਡਿਆਈਆਂ ਵੀ ਕਰੀ ਜਾ ਰਹੇ ਸਨ।

ਇਕ ਦਿਨ ਮੈਂ ਅੰਮ੍ਰਿਤਾ ਨੂੰ ਮਿਲਣ ਗਈ। ਮੈਨੂੰ ਦੇਖਦਿਆਂ ਹੀ ਉਹ ਬੋਲੇ,

"ਦੇਵਿੰਦਰ, ਇਹ ਮੈਂ ਕੀ ਸੁਣ ਰਹੀ ਹਾਂ। ਏਨਾ ਕੁਝ ਸਹਿਣ ਤੋਂ ਬਾਅਦ ਤੂੰ ਫੇਰ ਚਲੀ ਗਈ।"

"ਬਸ ਦੀਦੀ, ਹਾਲਾਤ ਹੀ ਏਹੋ ਜੇਹੇ ਬਣ ਗਏ ਸੀ, ਬਹੁਤ ਤਰਲੇ ਮਿੰਨਤਾਂ ਕੀਤੇ।" ਮੈਂ ਆਖਿਆ। ਉਹ ਕਹਿਣ ਲੱਗੇ,

"ਜੇ ਉਹਨੇ ਤਰਲੇ ਵੀ ਕੀਤੇ ਤਾਂ ਵੀ ਉਸਨੂੰ ਕਹਿੰਦੀ; ਜਾਹ, ਤੇਰੀ ਚੂੜੀ ਤੋੜ੍ਹੀ!"

## ਵੀਹ

ਬਿਲਸਟਨ ਕਮਿਊਨਿਟੀ ਕਾਲਜ ਵਿਚ ਕਈ ਕਿਸਮ ਦੀਆਂ ਤਬਦੀਲੀਆਂ ਆ ਰਹੀਆਂ ਸਨ। ਆਪਣੀ ਨੌਕਰੀ ਬਣਾਈ ਰੱਖਣ ਲਈ ਮੈਨੂੰ ਇਕ ਹੋਰ ਕੋਰਸ ਕਰਨਾ ਪੈਣਾ ਸੀ। ਜਦ ਮੈਂ ਇਹਨਾਂ ਨੂੰ ਦੱਸਿਆ ਤਾਂ ਇਹਨਾਂ ਨੂੰ ਚੰਗਾ ਨਾ ਲੱਗਿਆ। ਮੈਂ ਜਦ ਵੀ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰਦੀ ਸਾਂ ਤਾਂ ਇਹਨਾਂ ਨੂੰ ਜਿਵੇਂ ਪਿੱਸੂ ਪੈ ਜਾਂਦੇ ਹੋਣ। ਇਹ ਮੈਨੂੰ ਕੋਰਸ ਕਰਨ ਤੋਂ ਰੋਕਣ ਲਈ ਕਈ ਕਿਸਮ ਦੇ ਪੰਗੇ ਲੈਣ ਲੱਗੇ ਸਨ। ਕਦੇ ਲੇਟ ਕਰਾਉਣ ਦੀ ਕੋਸ਼ਿਸ਼ ਕਰਦੇ ਤੇ ਕਦੇ ਜਾਣ ਤੋਂ ਪਹਿਲਾਂ ਮੇਰਾ ਮੂਡ ਖਰਾਬ ਕਰ ਦਿੰਦੇ, ਕਦੇ ਕੁਝ ਹੋਰ।

ਮੇਰੇ ਕੋਲ ਇਹ ਕਿਸੇ ਵੀ ਕਿਸਮ ਦੀ ਤਾਕਤ ਨਹੀਂ ਸਨ ਦੇਖ ਸਕਦੇ। ਜਿਹੜਾ ਵੀ ਕੋਈ ਮੇਰੀ ਧਿਰ ਬਣਦਾ ਉਸੇ ਨਾਲ ਹੀ ਲੜ ਪੈਂਦੇ। ਨਿਰੰਜਨ ਸਿੰਘ ਢਿਲੋਂ ਮੇਰੀ ਮਦਦ ਕਰਿਆ ਕਰਦਾ ਸੀ, ਇਹਨਾਂ ਕੋਈ ਬਹਾਨਾ ਲੱਭ ਕੇ ਉਸ ਨਾਲ ਝਗੜਾ ਪਾ ਲਿਆ। ਛਿੰਦਾ ਮੇਰਾ ਭਰਾ ਬਣਿਆ ਹੋਇਆ ਸੀ, ਮੈਂ ਉਸ ਦੇ ਰੱਖੜੀ ਬੰਨਦੀ ਸਾਂ। ਉਸ ਦੀ ਪਤਨੀ ਦਲਜੀਤ ਹਰ ਮੁਸੀਬਤ ਵਿਚ ਮੇਰੇ ਨਾਲ ਖੜਦੀ ਸੀ, ਉਹਨਾਂ ਨਾਲ ਵੀ ਚੰਦਨ ਸਾਹਿਬ ਨੇ ਲੜਾਈ ਪਾ ਲਈ। ਮੇਰੀਆਂ ਹੋਰ ਸਹੇਲੀਆਂ ਨੂੰ ਵੀ ਗਲਤ-ਮਲਤ ਬੋਲਣ ਵਿਚ ਕਸਰ ਨਹੀਂ ਸਨ ਛੱਡਦੇ। ਮੇਰੀਆਂ ਬਹੁਤ ਸਾਰੀਆਂ ਸਹੇਲੀਆਂ ਤੇ ਮੇਰੀਆਂ ਵਿਦਿਆਰਥਣਾਂ ਘਰ ਆ ਜਾਇਆ ਕਰਦੀਆਂ ਸਨ। ਮੈਨੂੰ ਹਰ ਵੇਲੇ ਡਰ ਹੀ ਰਹਿੰਦਾ ਸੀ ਕਿ ਇਹ ਕੁਝ ਕਹਿ



ਹੀ ਨਾ ਦੇਣ। ਇਸ ਦੇ ਮੁਕਾਬਲੇ ਜੇ ਇਹਨਾਂ ਦਾ ਕੋਈ ਮਹਿਮਾਨ ਆਇਆ ਹੁੰਦਾ ਤਾਂ ਉਸ ਦੀ ਖੂਬ ਸੇਵਾ ਕਰਦੇ। ਅਲਕਾ ਨਾਲ ਤਾਂ ਗੂੰਦ ਵਾਂਗ ਹੀ ਚੁੰਬੜ ਜਾਂਦੇ, ਜਿਵੇਂ ਮੈਂ ਘਰ ਵਿਚ ਹੋਵਾਂ ਹੀ ਨਾ। ਉਹ ਜਦ ਵੀ ਸਾਡੇ ਘਰ ਆਉਂਦੀ ਲੜਾਈ ਪਾ ਕੇ ਜਾਂਦੀ। ਉਹ ਇਹਨਾਂ ਨੂੰ ਅਮਨਦੀਪ ਦੇ ਖਿਲਾਫ ਵੀ ਚੁੱਕਦੀ ਰਹਿੰਦੀ ਸੀ।

ਇਹਨਾਂ ਨੇ 'ਪ੍ਰਵਚਨ' ਪਰਚਾ ਸ਼ੁਰੂ ਤਾਂ ਕਰਾ ਲਿਆ ਪਰ ਛੇਤੀ ਹੀ ਅੱਕ ਗਏ। ਇਹਨਾਂ ਦੇ ਮਨ ਵਿਚ ਸਦਾ ਹੀ ਰਹਿੰਦਾ ਸੀ ਕਿ ਇਹਨਾਂ ਦੇ ਨਾਵਲਾਂ ਦੀ ਗੱਲ ਨਹੀਂ ਹੋ ਰਹੀ। ਇਹਨਾਂ ਨੇ 'ਉਜਾੜਾ ਸੰਤਾਲੀ' ਨਾਂ ਦਾ ਨਾਵਲ ਲਿਖਿਆ ਸੀ, ਜੋ ਤਿੰਨਾਂ ਭਾਗਾਂ ਵਿਚ ਛਪਿਆ ਪਰ ਉਸ ਨਾਵਲ ਦੀ ਬਿਲਕੁਲ ਹੀ ਗੱਲ ਨਹੀਂ ਸੀ ਹੋਈ। ਇਹ ਉਸ ਨਾਵਲ ਨੂੰ ਕਮਾਲ ਦਾ ਨਾਵਲ ਕਹੀ ਜਾ ਰਹੇ ਸਨ ਪਰ ਉਸ ਦਾ ਇਕ ਵੀ ਰੀਵਿਊ ਨਹੀਂ ਸੀ ਲੱਗਿਆ। ਕਿਸੇ ਨੇ ਇਕ ਪਰਚਾ ਜ਼ਰੂਰ ਲਿਖਿਆ ਸੀ ਪਰ ਉਹ ਵੀ ਸਾਈ 'ਤੇ ਹੀ ਲਿਖਿਆ ਗਿਆ ਸੀ। ਇਕ ਦਿਨ ਇਹਨਾਂ ਨੇ ਐਲਾਨ ਕਰ ਦਿਤਾ ਕਿ ਮੁੜ ਕੇ ਇਹ ਪੰਜਾਬੀ ਵਿਚ ਨਹੀਂ ਲਿਖਣਗੇ। ਜੇ ਲਿਖਣਗੇ ਤਾਂ ਸਿਰਫ ਅੰਗਰੇਜ਼ੀ ਵਿਚ ਹੀ ਲਿਖਣਗੇ। ਇਹਨਾਂ ਨੇ ਆਪਣੇ ਕੰਪਿਊਟਰ ਵਿਚ ਪੰਜਾਬੀ ਵਿਚ ਲਿਖਿਆ ਸਭ ਕੁਝ ਡੀਲੀਟ ਕਰ ਦਿਤਾ। ਭਾਵੇਂ ਪਿਛਲੇ ਕਾਫੀ ਸਮੇਂ ਤੋਂ ਇਹ ਕੁਝ ਨਹੀਂ ਸਨ ਲਿਖ ਸਕੇ ਪਰ ਜੋ ਵੀ ਸੀ ਉਸ ਨੂੰ ਡੀਲੀਟ ਕਰ ਦਿਤਾ ਜਾਂ ਡਸਟਬਿੱਨ ਵਿਚ ਪਾ ਦਿਤਾ। ਇਕ ਅੰਗਰੇਜ਼ੀ ਵਿਚ ਨਾਵਲ ਲਿਖਣਾ ਵੀ ਸ਼ੁਰੂ ਕਰ ਦਿਤਾ। ਨਾਂ ਰੱਖਿਆ 'ਵੋਲਕੈਨੋ'। ਇਹ ਰੋਜ਼ ਲਿਖਦੇ ਤੇ ਮੈਨੂੰ ਸੁਣਾਉਣ ਬਹਿ ਜਾਂਦੇ। ਜੇ ਮੈਂ ਧਿਆਨ ਨਾਲ ਨਾ ਸੁਣਦੀ ਤਾਂ ਪੰਗਾ। ਜੇ ਧਿਆਨ ਨਾਲ ਸੁਣ ਕੇ ਕੋਈ ਸਲਾਹ ਦੇ ਬੈਠਦੀ ਤਾਂ ਮੁਸੀਬਤ। ਮੈਂ ਅਜੀਬ ਜਿਹੇ ਫੰਡੇ ਵਿਚ ਫਸ ਗਈ। ਇਸ ਦੇ ਨਾਲ ਨਾਲ ਮੈਂ ਇਹ ਵੀ ਸੋਚ ਰਹੀ ਸਾਂ ਕਿ ਮੇਰਾ ਤਾਂ ਸਭ ਕੁਝ ਪੰਜਾਬੀ ਬੋਲੀ ਹੀ ਸੀ, ਜੇ ਇਹ ਅੰਗਰੇਜ਼ੀ ਵਲ ਮੁੜ ਗਏ, ਪੰਜਾਬੀ ਜਗਤ ਨਾਲੋਂ ਇਹਨਾਂ ਨਾਤਾ ਤੋੜ ਲਿਆ ਤਾਂ ਮੇਰਾ ਕੀ ਬਣੇਗਾ। ਪੰਜਾਬੀ ਤੋਂ ਟੁੱਟ ਕੇ ਤਾਂ ਮੈਂ ਮਾਰੀ ਹੀ ਜਾਵਾਂਗੀ। ਦੂਜੇ ਮੈਨੂੰ ਇਹ ਵੀ ਪਤਾ ਸੀ ਕਿ ਇਹਨਾਂ ਦਾ ਕੁਝ ਕਰਨ ਦਾ ਉਬਾਲ ਥੋੜ੍ਹ-ਚਿਰਾ ਹੀ ਹੁੰਦਾ ਹੈ।

ਇਹਨਾਂ ਨੇ ਪੰਜਾਬੀ ਵਿਚ ਲਿਖਣਾ ਹੀ ਬੰਦ ਨਹੀਂ ਕੀਤਾ, ਪੰਜਾਬੀ ਨੂੰ ਸੌ-ਸੌ ਗਾਲ੍ਹ ਵੀ ਕੱਢਦੇ। ਕੋਈ ਸਮਾਗਮ ਹੁੰਦਾ ਤਾਂ ਕਹਿ ਦਿੰਦੇ ਕਿ ਤੂੰ ਚਲੇ ਜਾਹ ਪਰ ਮੈਂ ਕਿਹਦੇ ਨਾਲ ਚਲੇ ਜਾਂਦੀ। ਸਾਰਾ ਸ਼ਹਿਰ ਤਾਂ ਇਹਨਾਂ ਦੇ ਨਾਲ-ਨਾਲ ਮਾਨੋ ਮੇਰਾ ਵੀ ਦੁਸ਼ਮਣ ਬਣਿਆ ਬੈਠਾ ਸੀ। ਸਮਾਗਮਾਂ ਦੀਆਂ ਚਿੱਠੀਆਂ ਆਉਂਦੀਆਂ, ਫੋਨ ਆਉਂਦੇ ਪਰ ਮੇਰੇ ਲਈ ਜਾਣਾ ਮੁਸ਼ਕਲ ਹੋ ਜਾਂਦਾ। ਮੈਂ ਕਈ ਪ੍ਰੋਗਰਾਮ ਮਿੱਸ ਕਰ ਗਈ। ਘਰ ਵਿਚ ਇਹਨਾਂ ਦੇ ਅੰਗਰੇਜ਼ੀ ਨਾਵਲ ਲਿਖਣ ਨੇ ਅਜੀਬ ਜਿਹੀ ਗਹਿਮੋ-ਗਹਿਮੀ ਪੈਦਾ ਕਰ ਦਿਤੀ ਜੋ ਮੈਨੂੰ ਚੰਗੀ ਵੀ ਲਗਦੀ। ਘੱਟੋ-ਘੱਟ ਇਹ ਕਿਸੇ ਕੰਮ ਵਿਚ ਰੁਝ ਗਏ ਹਨ, ਮਾੜੀ ਵੀ ਲੱਗਦੀ ਕਿ ਇਸ ਦਾ ਪੰਜਾਬੀ ਜਗਤ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਇਹ ਤੂਫਾਨ ਵਾਂਗ ਭੱਜੇ ਫਿਰਦੇ। ਕੰਪਿਊਟਰ ਤੋਂ ਭੱਜ ਕੇ ਰਸੋਈ ਵਲ ਜਾਂਦੇ। ਭੱਜ ਕੇ ਪੌੜੀਆਂ ਚੜਦੇ। ਅੰਗਰੇਜ਼ੀ ਵਿਚ ਲਿਖਣ ਨੇ ਇਹਨਾਂ ਅੰਦਰ ਅਜੀਬ ਉਤਸ਼ਾਹ ਭਰ ਦਿਤਾ ਸੀ। ਇਹਨਾਂ ਦੇ ਸਟੱਡੀ ਰੂਮ ਵਿਚ ਮੈਨੂੰ ਜਾਣ ਦੀ ਮਨਾਹੀ ਸੀ। ਇਹ ਮਨਾਹੀ ਤਾਂ ਸਿਗਰਟਾਂ ਦੇ ਧੂੰਏਂ ਕਰਕੇ ਮੈਂ ਖੁਦ ਵੀ ਲਗਾਈ ਹੋਈ ਸੀ। ਇਹ ਆਖਦੇ ਕਿ ਇਹ ਤਾਂ ਸਾਰੀ ਉਮਰ ਭੁੱਲੇ ਹੀ ਰਹੇ। ਇਹਨਾਂ ਨੂੰ ਤਾਂ ਪੰਜਾਬੀ ਵਿਚ ਲਿਖਣਾ ਹੀ ਨਹੀਂ ਚਾਹੀਦਾ। ਦੋਸਤ ਮਿਲਣ ਆਉਂਦੇ

ਜਾਂ ਫੋਨ ਕਰਦੇ ਤਾਂ ਇਹ ਤਰ੍ਹਾਂ-ਤਰ੍ਹਾਂ ਦੇ ਬਿਆਨ ਦੇਣ ਲੱਗਦੇ। ਕੁਝ ਦੋਸਤ ਇਹਨਾਂ 'ਤੇ ਹੱਸਦੇ ਵੀ। ਇਸ ਸਾਲ ਦਾ 'ਬੁੱਕਰ ਪ੍ਰਾਈਜ਼' ਲੈ ਲੈਣ ਦਾ ਦਾਅਵਾ ਵੀ ਕਰਦੇ।

ਜਿੰਨਾ ਚਿਰ ਇਹਨਾਂ ਨੇ ਨਾਵਲ ਨਹੀਂ ਲਿਖ ਲਿਆ, ਘਰ ਵਿਚ ਅਜੀਬ ਨੱਠ-ਭੱਜ ਪਾਈ ਰੱਖੀ। ਨਾਵਲ ਲਿਖਣ ਤੋਂ ਬਾਅਦ ਇਹ ਨੱਠ-ਭੱਜ ਹੋਰ ਵੀ ਤੇਜ਼ ਹੋ ਗਈ। ਨਾਵਲ ਛਪਵਾਉਣਾ ਸੀ, ਪਬਲਿਸ਼ਰ ਨਹੀਂ ਸੀ ਮਿਲ ਰਿਹਾ। ਕਿਸੇ ਤਰ੍ਹਾਂ ਆਪ ਹੀ ਨਾਵਲ ਛਾਪਿਆ। ਹੁਣ ਇਸ ਨੂੰ ਵੇਚਣਾ ਸੀ ਤਾਂ ਜੋ ਇਸ ਦੀ ਕੀਮਤ ਵਾਪਸ ਮੁੜ ਸਕੇ। ਇਸ ਦੇ ਰੀਵਿਊ ਕਰਾਉਣੇ ਸਨ। ਜੇ ਇਸ ਉਪਰ ਕੋਈ ਪ੍ਰੋਗਰਾਮ ਵੀ ਹੋ ਸਕੇ ਤਾਂ ਕਰਾਉਣਾ ਸੀ। ਸਾਰਾ ਦਿਨ ਟੈਲੀਫੋਨ ਖੜਕਦਾ ਰਹਿੰਦਾ ਜਾਂ ਕਾਰ ਚੁੱਕ ਕੇ ਕਿਸੇ ਪਾਸੇ ਚਲੇ ਜਾਂਦੇ। ਅਲਕਾ ਨਾਲ ਇਸ ਬਾਰੇ ਸਲਾਹਾਂ ਹੁੰਦੀਆਂ ਤੇ ਹੋਰ ਕੁਝ ਦੋਸਤਾਂ ਨਾਲ ਵੀ। ਵੁਲਵਰਹੈਂਪਟਨ ਦੇ ਲੇਖਕਾਂ ਨੂੰ ਤਾਂ ਇਹ ਐਵੇਂ ਹੀ ਸਮਝਦੇ ਸਨ, ਲੰਡਨ ਦੇ ਦੋਸਤਾਂ ਨਾਲ ਹੀ ਬਹੁਤੀਆਂ ਗੱਲਾਂ ਕਰਦੇ।

ਮੈਂ ਇਹਨਾਂ ਨਾਲ ਨਾਵਲ ਵੇਚਣ ਜਾਂਦੀ। ਅਸੀਂ ਗੁਰਦਵਾਰਿਆਂ ਦੇ ਮੂਹਰੇ ਖੜ ਕੇ ਸਟਾਲ ਲਾ ਲੈਂਦੇ। ਉਥੇ ਇੱਕ ਗੱਲ ਵਾਪਰਦੀ, ਸਟਾਲ 'ਤੇ ਇਹਨਾਂ ਦੇ ਅੰਗਰੇਜ਼ੀ ਨਾਵਲ ਦੇ ਨਾਲ ਨਾਲ ਸਾਡੀਆਂ ਪੰਜਾਬੀ ਦੀਆਂ ਕਿਤਾਬਾਂ ਵੀ ਹੁੰਦੀਆਂ। ਲੋਕ ਪੰਜਾਬੀ ਦੀਆਂ ਕਿਤਾਬਾਂ ਫੇਰ ਵੀ ਖਰੀਦ ਲੈ ਜਾਂਦੇ ਲੇਕਿਨ ਅੰਗਰੇਜ਼ੀ ਦਾ ਨਾਵਲ ਕਿਸੇ ਨੇ ਨਹੀਂ ਖਰੀਦਿਆ। ਵੱਡੇ ਵੱਡੇ ਦੁਕਾਨਦਾਰਾਂ ਤਕ ਵੀ ਪਹੁੰਚ ਕਰ ਰਹੇ ਸਨ ਪਰ ਅਸਫਲ ਜਿਹੀ। ਇਹਨਾਂ ਦੇ ਦਸ ਨਾਵਲ ਮੈਂ ਆਪਣੀਆਂ ਕੁਲੀਗਜ਼ ਤੇ ਦੋਸਤਾਂ ਨੂੰ ਵੇਚੇ। ਹੋਰ ਵੀ ਕੁਝ ਵਿਕੇ ਪਰ ਇਹਨਾਂ ਦੀ ਉਮੀਦ ਦੇ ਮੁਤਾਬਕ ਤਾਂ ਕੁਝ ਵੀ ਨਹੀਂ ਹੋਇਆ। ਇਹ ਹੁੱਸ ਕੇ ਬਹਿ ਗਏ। ਕਈ ਦਿਨ ਤਕ ਚੁੱਪ ਚੁੱਪ ਜਿਹੇ ਰਹੇ। ਕੁਝ ਕਿਤਾਬਾਂ ਮੰਗਵਾਈਆਂ ਤੇ ਅੰਦਰ ਵੜ ਪੜ੍ਹਣ ਲੱਗੇ। ਇਹਨਾਂ ਫਿਰ ਕੰਪਿਊਟਰ ਖੋਲ੍ਹ ਲਿਆ। ਕਈ ਦਿਨ ਕੁਝ ਲਿਖਦੇ ਰਹੇ। ਇਕ ਦਿਨ ਏ-ਫੋਰ ਸਾਈਜ਼ ਦੀ ਇਕ ਫਾਈਲ ਮੇਰੇ ਮੂਹਰੇ ਸੁੱਟਦੇ ਬੋਲੇ,

"ਆਹ ਦੇਖ, ਮੈਂ ਫਿਲਮ ਦੀ ਸਕ੍ਰਿਪਟ ਲਿਖੀ ਏ। ਫਿਲਮ ਦਾ ਨਾਂ ਹੋਵੇਗਾ; ਬਾਲ੍ਹੋ-ਸ਼ੇਰਾ। ਅੱਜ ਤੋਂ ਬਾਅਦ ਮੈਂ ਸਿਰਫ ਫਿਲਮਾਂ ਦੀਆਂ ਸਕ੍ਰਿਪਟਾਂ ਹੀ ਲਿਖਾਂਗਾ।"

## ਇੱਕੀ

ਅਮਨਦੀਪ ਦੇ ਘਰ ਮੁੰਡੇ ਦਾ ਜਨਮ ਹੋਇਆ। ਚੰਦਨ ਸਾਹਿਬ ਦੇ ਘਰ ਪੋਤਾ। ਅਮਨਦੀਪ ਤੋਂ ਬੱਚੇ ਦੀ ਖ਼ਬਰ ਸੁਣਦਿਆਂ ਚੰਦਨ ਸਾਹਿਬ ਮੁੰਡਾ ਦੇਖਣ ਜਾਣ ਦੀ ਤਿਆਰੀ ਕਰਨ ਲੱਗੇ। ਮੈਂ ਵੀ ਨਾਲ ਜਾਣਾ ਸੀ। ਬਹੁਤ ਸਾਰੀਆਂ ਕੁੜੀਆਂ ਦੇਖਣ ਤੋਂ ਬਾਅਦ ਅਮਨਦੀਪ ਨੂੰ ਇੰਡੀਆ ਤੋਂ ਇਕ ਕੁੜੀ ਸਿੰਮੀ ਪਸੰਦ ਆ ਗਈ ਸੀ। ਉਹ ਬਹੁਤ ਚੰਗੀ ਕੁੜੀ ਸੀ।

ਅਸੀਂ ਮਠਿਆਈ ਖਰੀਦੀ ਤੇ ਹਸਪਤਾਲ ਪੁੱਜ ਗਏ। ਅਲਕਾ ਵੀ ਆਈ ਹੋਈ ਸੀ। ਬੱਚਾ-ਜੱਚਾ ਦੋਨੋਂ ਹੀ ਸਿਹਤਵੰਦ ਸਨ। ਬੱਚਾ ਬਹੁਤ ਹੀ ਖ਼ੂਬਸੂਰਤ ਸੀ। ਮੈਂ ਵੀ ਚੁੱਕ ਕੇ ਦੇਖਿਆ। ਮੈਨੂੰ ਰੂੰ ਜਿਹਾ ਲੱਗ ਰਿਹਾ ਸੀ। ਇਕ ਪਲ ਲਈ ਮੇਰੇ ਅਣਜੰਮੇ ਬੱਚੇ ਮੇਰੀਆਂ ਅੱਖਾਂ ਦੇ ਮੋਹਰ ਦੀ ਲੰਘ ਗਏ। ਮੈਂ ਆਪਣੇ ਹੰਝੂ ਅੰਦਰ ਹੀ ਦੱਬ ਲਏ। ਚੰਦਨ



ਸਾਹਿਬ ਨੇ ਮੁੰਡੇ ਨੂੰ ਗੋਦੀ ਵਿਚ ਲੈ ਕੇ ਪਿਆਰ ਦਿੱਤਾ। ਅਮਨਦੀਪ ਅਤੇ ਸਿੰਮੀ ਨੇ ਉਸ ਦਾ ਨਾਂ ਅਨੀਸ਼ ਰੱਖ ਦਿਤਾ। ਇਹ ਨਾਂ ਉਹਨਾਂ ਨੇ ਕਈ ਘੰਟੇ ਲਾ ਕੇ ਲੱਭਿਆ ਸੀ। ਮੈਂ ਸੋਚਦੀ ਕਿ ਚਲੋ ਇਕ ਦਿਨ ਤਾਂ ਖੁਸ਼ੀ ਵਿਚ ਨਿਕਲਿਆ।

ਕੁਝ ਦਿਨਾਂ ਬਾਅਦ ਅਸੀਂ ਫੇਰ ਅਮਨਦੀਪ ਅਤੇ ਸਿੰਮੀ ਨੂੰ ਮਿਲਣ ਗਏ। ਏਸੇ ਬਹਾਨੇ ਅਨੀਸ਼ ਨੂੰ ਵੀ ਮਿਲ ਲੈਣਾ ਸੀ। ਅਲਕਾ ਉਸ ਦਿਨ ਵੀ ਉਥੇ ਪਹੁੰਚ ਗਈ ਸੀ। ਅਸੀਂ ਬੱਚੇ ਲਈ ਨਿੱਕਾ ਜੇਹਾ ਸੋਨੇ ਦਾ ਕੜਾ ਵੀ ਲੈ ਕੇ ਗਏ। ਚੰਦਨ ਸਾਹਿਬ ਨੇ ਆਪਣੇ ਹੱਥੀਂ ਕੜਾ ਅਨੀਸ਼ ਦੇ ਹੱਥ ਵਿਚ ਪਾਇਆ। ਸਿੰਮੀ ਦੇ ਡੈਡੀ ਅਤੇ ਛੋਟੀ ਭੈਣ ਵੀ ਉਥੇ ਆਏ ਹੋਏ ਸਨ। ਸਭ ਬੱਚੇ ਨਾਲ ਖੇਡ ਰਹੇ ਸਨ। ਭੰਗੜਾ ਸੰਗੀਤ ਸ਼ੁਰੂ ਹੋ ਗਿਆ। ਸਭ ਵਾਰੋ ਵਾਰੀ ਅਨੀਸ਼ ਨੂੰ ਚੁੱਕ ਚੁੱਕ ਕੇ ਨੱਚਣ ਲੱਗੇ। ਸਭ ਬੜੇ ਖੁਸ਼ ਸਨ ਕਿ ਘਰ ਵਿਚ ਰੌਣਕ ਆਈ ਹੈ। ਚੰਦਨ ਸਾਹਿਬ ਅਤੇ ਸਿੰਮੀ ਦੇ ਡੈਡੀ ਆਪਸ ਵਿਚ ਗੱਲਾਂ ਕਰ ਰਹੇ ਸਨ। ਚੰਦਨ ਸਾਹਿਬ ਨੇ ਅਮਨਦੀਪ ਨੂੰ ਤਿੰਨ ਹਜ਼ਾਰ ਦੀ ਬੱਚੇ ਦੇ ਨਾਮ ਦੀ ਐਫ ਡੀ ਪਕੜਾਈ। ਅਮਨਦੀਪ ਨੇ ਕਿਹਾ, "ਕੋਈ ਨਹੀਂ ਡੈਡ ਅਜੇ ਆਪਣੇ ਕੋਲ ਰੱਖੋ, ਕਿਹੜੀ ਕਿਤੇ ਜਾ ਰਹੀ ਹੈ, ਫੇਰ ਲੈ ਲਵਾਂਗੇ।"

ਮੇਜ਼ ਤੇ ਖਾਣਾ ਲਗਾ ਦਿੱਤਾ ਗਿਆ। ਸਾਰਿਆਂ ਨੇ ਖੁਸ਼ੀ ਖੁਸ਼ੀ ਖਾਣਾ ਖਾਧਾ। ਇਕ ਦੂਜੇ ਨੂੰ ਮਜ਼ਾਕ ਚੱਲਣ ਲੱਗੇ। ਘਰ ਵਿਚ ਰੌਣਕ ਹੋ ਗਈ। ਰੋਟੀ ਵਗ਼ੈਰਾ ਖਾਣ ਤੋਂ ਬਾਅਦ ਅਲਕਾ ਨੇ ਚੰਦਨ ਸਾਹਿਬ ਨੂੰ ਕਿਹਾ ਕਿ ਉਹ ਆਪਣੇ ਘਰ ਲਈ ਫਰਨੀਚਰ ਖਰੀਦਣਾ ਚਾਹੁੰਦੀ ਹੈ। ਅਸੀ ਸਾਰੇ ਫਰਨੀਚਰ ਸ਼ਾਪ ਤੇ ਗਏ। ਅਜੇ ਫਰਨੀਚਰ ਦੇਖ ਹੀ ਰਹੇ ਸਾਂ ਕਿ ਅਚਾਨਕ ਅਮਨਦੀਪ ਤੇ ਅਲਕਾ ਬਹਿਸ ਕਰਨ ਲੱਗ ਪਏ। ਅਲਕਾ ਅਮਨਦੀਪ ਨੂੰ ਨੀਵਾਂ ਦਿਖਾਉਣ ਲਈ ਇਹ ਕਹਿਣ ਲੱਗੀ ਕਿ ਉਹ ਵੀ ਬੜਾ ਕੁਝ ਜਾਣਦੀ ਹੈ, ਅਮਨਦੀਪ ਆਪਣੇ ਆਪ ਨੂੰ ਕੀ ਸਮਝਦਾ ਹੈ। ਚੰਦਨ ਸਾਹਿਬ ਨੇ ਬੜੀ ਮੁਸ਼ਕਲ ਨਾਲ ਦੋਨਾਂ ਨੂੰ ਚੁੱਪ ਕਰਾਇਆ। ਹੁਣ ਤਕ ਉਹਨਾਂ ਦੇ ਘਰ ਬਥੇਰੀਆਂ ਲੜਾਈਆਂ ਦੇਖੀਆਂ ਸਨ ਪਰ ਭੈਣ-ਭਰਾ ਦੀ ਨਿੱਕੀਆਂ ਨਿੱਕੀਆਂ ਬਿੱਲੀਆਂ ਜਿਹੀ ਲੜਾਈ ਪਹਿਲੀ ਵਾਰ ਦੇਖਣ ਨੂੰ ਮਿਲ ਰਹੀ ਸੀ।

ਅਜਿਹੀ ਹੀ ਫਸਵੀਂ ਲੜਾਈ ਇਕ ਵਾਰ ਫਿਰ ਦੇਖਣ ਨੂੰ ਮਿਲੀ ਸੀ ਪਰ ਹੁਣ ਮੈਨੂੰ ਅਜਿਹੀ ਲੜਾਈ ਤੋਂ ਪਹਿਲਾਂ ਜਿਹਾ ਡਰ ਨਹੀਂ ਸੀ ਲੱਗਦਾ। ਜਦ ਇਹ ਲੜਦੇ ਤਾਂ ਮੈਂ ਅਣਗੌਲਦਿਆਂ ਆਪਣੇ ਆਪ ਨੂੰ ਕਿਤੇ ਹੋਰ ਰੁਝਾ ਲੈਂਦੀ। ਉਦੋਂ ਅਨੀਸ਼ ਚਾਰ ਕੁ ਮਹੀਨੇ ਦਾ ਸੀ। ਅਸੀਂ ਹੇਜ਼ ਗਏ। ਰਾਤ ਅਸੀਂ ਅਮਨਦੀਪ ਕੋਲ ਹੀ ਰਹਿਣਾ ਸੀ, ਚੰਦਨ ਸਾਹਿਬ ਨੇ ਅਲਕਾ ਨੂੰ ਵੀ ਬੁਲਾਇਆ ਹੋਇਆ ਸੀ। ਅਮਨਦੀਪ ਦੇ ਘਰ ਜਾਣ ਤੋਂ ਪਹਿਲਾਂ ਅਸੀਂ ਕੁਝ ਖਾਣ ਲਈ ਕਿਸੇ ਛੋਟੇ ਜੇਹੇ ਰੈਸਟੋਰੈਂਟ ਵਿਚ ਅੰਦਰ ਗਏ। ਅਲਕਾ ਉਥੇ ਪਹਿਲਾਂ ਹੀ ਬੈਠੀ ਸਾਡੀ ਇੰਤਜ਼ਾਰ ਕਰ ਰਹੀ ਸੀ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਦੋਵੇਂ ਪਿਉ ਧੀ ਅਮਨਦੀਪ ਨਾਲ ਲੜਾਈ ਕਰਨ ਦੀ ਇਸ ਤਰਾਂ ਦੀ ਪਲੈਨ ਬਣਾਉਣ ਲੱਗੇ ਜਿਸ ਨਾਲ ਅਮਨਦੀਪ ਅਤੇ ਸਿੰਮੀ ਵਿਚਕਾਰ ਲੜਾਈ ਦੀ ਸੰਭਾਵਨਾ ਹੋ ਸਕਦੀ ਸੀ। ਮੈਂ ਉਹਨਾਂ ਦੀ ਪਲੈਨ ਵਿਚ ਕੋਈ ਹਿੱਸਾ ਨਾ ਲਿਆ। ਮੈਨੂੰ ਲਾਲਚ ਸੀ ਕਿ ਅਨੀਸ਼ ਨਾਲ ਖੇਡਾਂਗੀ। ਜਾਂਦਿਆਂ ਹੀ ਮੈਂ ਅਨੀਸ਼ ਨੂੰ ਚੁੱਕ ਲਿਆ। ਹਾਸਾ ਮਜ਼ਾਕ ਚੱਲ ਰਿਹਾ ਸੀ। ਸ਼ਾਇਦ ਦਾਰੂ ਵੀ ਪੀਤੀ ਜਾ ਰਹੀ ਸੀ। ਅਚਾਨਕ ਪਿਓ-ਪੁੱਤਰ ਕਿਸੇ ਗੱਲੋਂ ਉਲਝ ਪਏ।

ਚੰਦਨ ਸਾਹਿਬ ਸਿੰਮੀ ਨੂੰ ਕਹਿਣ ਲੱਗੇ,
"ਇਹ ਤਾਂ ਤੈਨੂੰ ਵੀ ਪਸੰਦ ਨਹੀਂ ਸੀ ਕਰਦਾ, ਕਹਿੰਦਾ ਸੀ ਹੱਡੀਆਂ ਦੀ ਮੁੱਠ ਹੈ ।"
ਏਨਾ ਕਹਿਣ ਦੀ ਦੇਰ ਸੀ ਅਮਨਦੀਪ ਨੂੰ ਗੁੱਸਾ ਆ ਗਿਆ, ਉਸਨੂੰ ਲੱਗਿਆ ਕਿ ਡੈਡ ਉਸਦਾ ਘਰ ਤੋੜਣਾ ਚਾਹੁੰਦੇ ਹਨ। ਉਹ ਚੰਦਨ ਸਾਹਿਬ ਨੂੰ ਅੰਗਰੇਜ਼ੀ ਵਿਚ ਗਾਲ਼ ਕੱਢਦਾ ਉਸ ਨੂੰ ਘਰੋਂ ਨਿਕਲ ਜਾਣ ਲਈ ਕਹਿਣ ਲੱਗਿਆ।ਗੱਲ ਹੋਰ ਵਧੀ ਤਾਂ ਅਮਨਦੀਪ ਨੇ ਚੰਦਨ ਸਾਹਿਬ ਨੂੰ ਇਕ ਦਮ ਘਰ ਛੱਡ ਦੇਣ ਲਈ ਕਿਹਾ। ਮੈਂ ਅਨੀਸ਼ ਨਾਲ ਖੇਡ ਰਹੀ ਸਾਂ, ਚੰਦਨ ਸਾਹਿਬ ਨੇ ਇਕ ਦਮ ਉਥੋਂ ਤੁਰਨ ਦਾ ਹੁਕਮ ਦੇ ਦਿੱਤਾ। ਅਸੀਂ ਉਸੇ ਵੇਲੇ ਅਮਨਦੀਪ ਦੇ ਘਰੋਂ ਤੁਰ ਮੁਸ਼ਤਾਕ ਦੇ ਘਰ ਚਲੇ ਗਏ। ਚੰਦਨ ਸਾਹਿਬ ਬਹੁਤ ਅਪਸੈੱਟ ਸਨ। ਮੈਨੂੰ ਕਹਿਣ ਲੱਗੇ,

"ਕਿਆ ਔਰਤ ਏ! ਅਸੀ ਜਿਸ ਨਾਲ ਲੜ੍ਹ ਰਹੇ ਹਾਂ, ਉਸੇ ਦੇ ਬੱਚੇ ਨਾਲ ਖੇਡੀ ਜਾ ਰਹੀ ਏ। ਏਹੋ ਜੇਹੀ ਇਮਮੈਚਿਊਰ ਔਰਤ ਮੈਂ ਦੁਨੀਆ 'ਚ ਨਹੀਂ ਦੇਖੀ।"
ਪਤਾ ਨਹੀਂ ਮਨ 'ਚ ਕੀ ਆਇਆ, ਉਥੋਂ ਵੀ ਵੂਲਵਰਹੈਂਪਟਨ ਜਾਣ ਲਈ ਉੱਠ ਖਲੋਤੇ। ਘਰ ਪੁੱਜ ਕੇ ਉਹਨਾਂ ਨੇ ਸ਼ਰਾਬ ਪੀਤੀ, ਪਹਿਲਾਂ ਤਾਂ ਅਮਨਦੀਪ ਨੂੰ ਫੋਨ ਕਰਕੇ ਗਾਲ਼ਾਂ ਕੱਢੀਆਂ ਤੇ ਹੋਰ ਪਤਾ ਨਹੀਂ ਕੀ ਕੀ ਬੋਲੇ ਫਿਰ ਉਹਨਾਂ ਨੇ ਘਰ ਵਿਚ ਪਈਆਂ ਅਮਨਦੀਪ ਦੀਆਂ ਸਾਰੀਆਂ ਫੋਟੋ ਬਿਨ ਵਿਚ ਪਾ ਦਿਤੀਆਂ। ਇਥੇ ਹੀ ਬਸ ਨਹੀਂ, ਉਹਨਾਂ ਨੇ ਫੈਮਿਲੀ ਐਲਬਮ ਚੁੱਕੀ ਤੇ ਉਹਨਾਂ ਵਿਚੋਂ ਅਮਨਦੀਪ ਦੀਆਂ ਸਾਰੀਆਂ ਤਸਵੀਰਾਂ ਕੱਟ ਦਿਤੀਆਂ। ਤਸਵੀਰਾਂ ਵੀ ਇਵੇਂ ਕੱਟੀਆਂ ਕਿ ਹਰ ਫੋਟੋ ਵਿਚ ਬਾਕੀ ਦੇ ਲੋਕ ਰਹਿਣ ਦਿਤੇ ਤੇ ਅਮਨਦੀਪ ਨੂੰ ਕੱਢ ਦਿਤਾ। ਦੇਰ ਰਾਤ ਤਕ ਇਹੋ ਕੰਮ ਕਰਦੇ ਰਹੇ। ਸਵੇਰੇ ਉਠ ਕੇ ਮੈਂ ਦੇਖਿਆ ਕਿ ਐਲਬਮ ਦੀ ਅਜੀਬ ਹਾਲਤ ਕੀਤੀ ਪਈ ਸੀ। ਜਿਸ ਤਸਵੀਰ ਵਿਚੋਂ ਵੀ ਅਮਨਦੀਪ ਦੀ ਫੋਟੋ ਕੱਢੀ ਸੀ ਉਸ ਤਸਵੀਰ ਦਾ ਹੀ ਸੱਤਿਆਨਾਸ ਹੋ ਗਿਆ ਸੀ। ਮੈਨੂੰ ਆਪਣੀਆਂ ਤਸਵੀਰਾਂ ਦਾ ਫਿਕਰ ਹੋਣ ਲੱਗਿਆ ਕਿ ਇਕ ਦਿਨ ਇਹਨਾਂ ਦਾ ਵੀ ਇਹੋ ਹਾਲ ਹੋਵੇਗਾ। ਮੈਂ ਇਸ ਬਾਰੇ ਚੰਦਨ ਸਾਹਿਬ ਨਾਲ ਕੋਈ ਗੱਲ ਨਾ ਕੀਤੀ। ਇਹਨਾਂ ਦੇ ਮੂਡ ਠੀਕ ਹੋਣ ਨੂੰ ਕਈ ਦਿਨ ਲੱਗ ਗਏ। ਆਪਣੇ ਮੂਡ ਨੂੰ ਠੀਕ ਕਰਨ ਲਈ ਚੰਦਨ ਸਾਹਿਬ ਨੇ ਇੱਕ ਹੋਰ ਕੰਮ ਇਹ ਕੀਤਾ ਕਿ ਜਿਹੜੀ ਐਫ. ਡੀ. ਉਹ ਅਨੀਸ਼ ਦੇ ਨਾਮ ਦੀ ਬਣਵਾ ਕੇ ਲਿਆਏ ਸਨ ਉਹ ਬਿਲਡਿੰਗ ਸੁਸਾਇਟੀ ਵਿਚ ਜਾ ਕੇ ਕੈਂਸਲ ਕਰਵਾ ਦਿੱਤੀ। ਸ਼ਰਾਬ ਦੇ ਦੌਰ ਹੁਣ ਦਿਨ ਵੇਲੇ ਵੀ ਸ਼ੁਰੂ ਹੋ ਗਏ। ਜਦੋਂ ਵੀ ਸ਼ਰਾਬ ਪੀਂਦੇ, ਅਮਨਦੀਪ ਨੂੰ ਗਾਲ਼ਾਂ ਕੱਢਣ ਲੱਗਦੇ।
ਕੁਝ ਦਿਨਾਂ ਬਾਅਦ ਅਮਨਦੀਪ ਦਾ ਫੋਨ ਆਇਆ। ਉਹ ਮੁਆਫੀ ਮੰਗ ਰਿਹਾ ਸੀ ਪਰ ਇਹਨਾਂ ਨੇ ਗਾਲ਼ਾਂ ਕੱਢ ਕੇ ਫੋਨ ਕੱਟ ਦਿਤਾ। ਕੁਝ ਮਹੀਨੇ ਹੋਰ ਨਿਕਲ ਗਏ ਕਿ ਸਿੰਮੀ ਦਾ ਫੋਨ ਆਇਆ। ਉਹ ਸ਼ਾਇਦ ਕ੍ਰਿਸਮਸ ਤੇ ਅਨੀਸ਼ ਨੂੰ ਮਿਲਾਉਣ ਵਾਸਤੇ ਲੈ ਕੇ ਆਉਣਾ ਚਾਹੁੰਦੇ ਸਨ। ਚੰਦਨ ਸਾਹਿਬ ਉਸ ਨਾਲ ਗੱਲ ਕਰਦੇ ਕੁਝ ਮੁੜਣ ਲੱਗੇ। ਕੁਝ ਦਿਨਾਂ ਬਾਅਦ ਕ੍ਰਿਸਮਿਸ ਵਾਲੇ ਦਿਨ ਅਮਨਦੀਪ ਤੇ ਸਿੰਮੀ ਅਨੀਸ਼ ਨੂੰ ਲੈ ਕੇ ਵੂਲਵਰਹੈਂਪਟਨ ਪੁੱਜ ਗਏ। ਚੰਦਨ ਸਾਹਿਬ ਖੁਸ਼ ਸਨ। ਇਹਨਾਂ ਨੇ ਅਮਨਦੀਪ ਨੂੰ ਮੁਆਫ ਕਰ ਦਿਤਾ ਸੀ। ਕੁਝ ਦੇਰ ਬਾਅਦ ਅਲਕਾ ਵੀ ਪੁੱਜ ਗਈ। ਅਲਕਾ ਨੂੰ ਦੇਖ ਕੇ ਮੇਰਾ ਮੱਥਾ ਠਣਕਿਆ। ਪਤਾ ਨਹੀਂ ਮੇਰੇ ਮਨ ਵਿਚ ਇਹ ਗੱਲ ਕਿਉਂ ਘਰ ਗਈ ਸੀ ਕਿ ਜਿਥੇ ਅਲਕਾ ਉਥੇ



ਲੜਾਈ। ਮੈਂ ਅਨੀਸ਼ ਨਾਲ ਖੇਡ ਰਹੀ ਸਾਂ। ਸ਼ਾਮ ਨੂੰ ਅਨੀਸ਼ ਦੀ ਪਹਿਲੀ ਕ੍ਰਿਸਮਸ ਮਨਾਉਣ ਲਈ ਮੈਂ ਸਾਂਟਾ ਬਣ ਕੇ ਅਨੀਸ਼ ਨੂੰ ਖੂਬ ਖੁਸ਼ ਕੀਤਾ ਅਤੇ ਸਾਰਿਆਂ ਇਕ ਦੂਜੇ ਨੂੰ ਤੋਹਫੇ ਵੀ ਦਿੱਤੇ। ਸਾਰੇ ਆਪਸ ਵਿਚ ਗੱਲਾਂ ਕਰ ਰਹੇ ਸਨ। ਸਾਰੇ ਕਹਿ ਰਹੇ ਸਨ ਕਿ ਅਨੀਸ਼ ਬਿਲਕੁਲ ਇਹਨਾਂ ਵਰਗਾ ਹੈ। ਅਮਨਦੀਪ ਅਚਾਨਕ ਬੋਲਿਆ,

"ਡੈਡ, ਮੈਂ ਬਚਪਨ ਵਿਚ ਕਿਹੋ ਜਿਹਾ ਲੱਗਦਾ ਸਾਂ? ਅਨੀਸ਼ ਵਰਗਾ ਹੀ?"

"ਤੂੰ ਏਨਾ ਸੁਹਣਾ ਨਹੀਂ ਸੈਂ।" ਚੰਦਨ ਸਾਹਿਬ ਦੇ ਕਹਿਣ 'ਤੇ ਸਾਰੇ ਹੱਸ ਪਏ। ਅਮਨਦੀਪ ਵੀ ਖੁਲ੍ਹ ਕੇ ਹੱਸਿਆ ਤੇ ਬੋਲਿਆ,

"ਡੈਡ, ਤੁਹਾਡੇ ਕੋਲ ਐਲਬਮ ਹੋਣੀ ਆਂ, ਓਹਦੇ ਵਿਚ ਮੇਰੇ ਬਚਪਨ ਦੀਆਂ ਫੋਟੋ ਹੈਗੀਆਂ, ਮੈਂ ਦੇਖਣੀਆਂ ਚਾਹੁੰਨਾ।"

"ਕੋਈ ਨਹੀਂ ਸਵੇਰੇ ਦੇਖ ਲਈਂ।" ਗੱਲ ਆਈ ਗਈ ਹੋ ਗਈ। ਸਭ ਨੇ ਮਿਲ ਕੇ ਕ੍ਰਿਸਮਸ ਡਿਨਰ ਕੀਤਾ, ਕਾਫੀ ਦੇਰ ਹੱਸਦੇ ਖੇਡਦੇ ਰਹੇ। ਆਖਿਰ ਸਭ ਸੌਂ ਗਏ।

ਅਗਲੀ ਦੁਪਹਿਰ ਅਮਨਦੀਪ ਨੇ ਐਲਬਮ ਦੀ ਫੇਰ ਮੰਗ ਕੀਤੀ। ਚੰਦਨ ਸਾਹਿਬ ਨੇ ਅਲਮਾਰੀ ਵਲ ਇਸ਼ਾਰਾ ਕਰ ਦਿਤਾ ਜਿਥੇ ਐਲਬਮ ਪਈ ਸੀ। ਅਮਨਦੀਪ ਹੈਰਾਨ ਹੋਇਆ ਐਲਬਮ ਵਲ ਦੇਖਦਾ ਜਾ ਰਿਹਾ ਸੀ ਕਿ ਉਸਦੇ ਬਚਪਨ ਦੀਆਂ ਫੋਟੋਆਂ ਕਿੱਥੇ ਚਲੀਆਂ ਗਈਆਂ ਸੀ। ਪੁੱਛਣ ਤੇ ਚੰਦਨ ਸਾਹਿਬ ਨੇ ਦੱਸਿਆ,

"ਹਾਂ, ਮੈਂ ਫਾੜ ਦਿੱਤੀਆਂ, ਤੂੰ ਮੈਨੂੰ ਗਾਲ੍ਹ ਜੋ ਕੱਢੀ ਸੀ।"
ਅਮਨਦੀਪ ਦਾ ਚਿਹਰਾ ਹੋਰਵੇਂ ਹੋ ਗਿਆ। ਉਸ ਨੇ ਕਿਹਾ,
"ਡੈਡ ਤੁਸੀਂ ਮੈਨੂੰ ਸਾਰੀ ਉਮਰ ਬਿਨਾ ਕਿਸੇ ਮਤਲਬ ਦੇ ਗਾਲ੍ਹਾਂ ਕੱਢਦੇ ਰਹੇ ਹੋ, ਇਹ ਤਾਂ ਮੇਰੇ ਬਚਪਨ ਦੀਆਂ ਯਾਦਾਂ ਸਨ, ਉਹ ਵੀ ਤੁਸੀਂ ਤਬਾਹ ਕਰ ਦਿੱਤੀਆਂ?"
"ਤਾਂ ਕੀ ਹੋ ਗਿਆ, ਮੇਰੀ ਕਿਹੜੀ ਬਚਪਨ ਦੀ ਕੋਈ ਫੋਟੋ ਸੀ।"

ਚੰਦਨ ਸਾਹਿਬ ਨੇ ਆਪਣੇ ਬਚਪਨ ਦੀਆਂ ਫੋਟੋਆਂ ਦੀ ਅਣਹੋਂਦ ਦਰਸਾ ਦਿਤੀ। ਅਮਨਦੀਪ ਦੀਆਂ ਅੱਖਾਂ 'ਚੋਂ ਅੱਥਰੂ ਆ ਗਏ। ਅਮਨਦੀਪ ਏਨਾ ਪਰੇਸ਼ਾਨ ਹੋ ਗਿਆ ਕਿ ਇਕ ਦਮ ਸਿੰਮੀ ਤੇ ਅਨੀਸ਼ ਨੂੰ ਲੈ ਕੇ ਵਾਪਸ ਲੰਡਨ ਚਲਾ ਗਿਆ। ਉਹਨਾਂ ਦੇ ਜਾਣ ਤੋਂ ਬਾਅਦ ਚੰਦਨ ਸਾਹਿਬ ਮੇਰੇ ਵਲ ਉਂਗਲੀ ਕਰਦੇ ਬੋਲੇ,

"ਕਿਹੋ ਜਿਹੀ ਘਟੀਆ ਔਰਤ ਏਂ ਤੂੰ, ਜਦੋਂ ਵੀ ਮੇਰੀ ਤੇ ਅਮਨਦੀਪ ਦੀ ਬਹਿਸ ਹੁੰਦੀ ਏ, ਤੂੰ ਚੁੱਪ-ਚਾਪ ਡਰਾਮਾ ਦੇਖਦੀ ਰਹਿੰਦੀ ਏਂ!"
ਇਹ ਸਾਨੂੰ ਅਨੀਸ਼ ਦੇ ਜਨਮਦਿਨ ਤੇ ਪਹਿਲਾ ਕਾਰਡ ਸਾਨੂੰ ਹੀ ਦੇਣ ਆਏ ਸਨ, ਇਸਦਾ ਸਾਨੂੰ ਬਹੁਤ ਬਾਅਦ ਵਿਚ ਪਤਾ ਲੱਗਾ।

## ਬਾਈ

ਲੰਡਨ ਵਿਚ ਇਕ ਕਵੀ ਰਹਿੰਦਾ ਸੀ, ਗੁਰਨਾਮ ਗਿੱਲ। ਉਸ ਦਾ ਬੰਬਈ ਵਿਚ ਆਉਣਾ ਜਾਣਾ ਸੀ। ਵੈਸੇ ਤਾਂ ਇਹ ਉਸ ਨੂੰ ਪਸੰਦ ਨਹੀਂ ਸਨ ਕਰਦੇ ਪਰ ਇਹ ਸੋਚਦੇ ਸਨ ਕਿ ਸ਼ਾਇਦ ਉਹ ਇਹਨਾਂ ਦੀ ਸਕ੍ਰਿਪਿਟ ਉਪਰ ਫਿਲਮ ਬਣਾਉਣ ਵਿਚ ਕੋਈ ਮਦਦ

ਕਰ ਦੇਵੇਗਾ।। ਉਹਦੇ ਨਾਲ ਇਹ ਬੰਬਈ ਜਾਣ ਦਾ ਪ੍ਰੋਗਰਾਮ ਬਣਾਉਣ ਲੱਗੇ। ਪ੍ਰੋਗਰਾਮ ਬਣਾਉਣ ਕੀ ਲੱਗੇ ਇਹ ਚਲੇ ਹੀ ਗਏ। ਮੈਂ ਘਰ ਵਿਚ ਇਕੱਲੀ ਰਹਿ ਗਈ। ਖੈਰ ਇਕੱਲੀ ਤਾਂ ਮੈਂ ਪਹਿਲਾਂ ਵੀ ਕਈ ਵਾਰ ਰਹੀ ਸਾਂ। ਜਦ ਵੀ ਕੋਈ ਦਿਨ-ਸੁਦ ਹੁੰਦਾ ਤਾਂ ਇਹ ਇਕੱਲੇ ਹੀ ਕਿਸੇ ਪਾਸੇ ਖਿਸਕ ਜਾਇਆ ਕਰਦੇ ਸਨ। ਅਲਕਾ ਉਹਨਾਂ ਦੀ ਡਾਰਲਿੰਗ ਡੌਟਰ ਸੀ ਜੋ ਕੋਈ ਨਾਵਲ ਖਰੀਦ ਲੈਂਦੀ ਉਹਨੂੰ ਵਿਚੋਂ ਵਿਚੋਂ ਐਂਵੇ ਝਾਤੀ ਮਾਰ ਲੈਂਦੀ ਤੇ ਚੰਦਨ ਸਾਹਿਬ ਨੂੰ ਵਧਾ ਚੜ੍ਹਾ ਕੇ ਦੱਸਦੀ। ਮੈਂ ਚੰਦਨ ਸਾਹਿਬ ਲਈ ਇਕ ਮਾਸਟਰਾਨੀ ਤੋਂ ਵੱਧ ਕੁਝ ਵੀ ਨਹੀਂ ਸਾਂ। ਅਕਸਰ ਅਲਕਾ ਦੇ ਸਾਹਮਣੇ ਹੀ ਕਹਿਣ ਲੱਗ ਜਾਂਦੇ, 'ਤੂੰ ਤੇ ਮੇਰੀ ਹੁਸ਼ਿਆਰ ਬੱਚੀ ਏਂ, ਅਮਨਦੀਪ ਨੂੰ ਕੀ ਪਤਾ ਨਾਵਲ ਕੀ ਹੁੰਦਾ ਹੈ, ਦੇਵਿੰਦਰ ਦਾ ਕੀ ਏ ਉਹ ਤਾਂ ਮਾਸਟਰਾਨੀ ਏ ਤੇ ਸਾਰੀ ਉਮਰ ਇਸਨੇ ਮਾਸਟਰਾਨੀ ਹੀ ਰਹਿਣਾ ਏ।' ਅਲਕਾ ਵੀ ਲਾਡ ਵਿਚ ਆ ਕੇ ਆਪਣੇ ਡੈਡ ਨੂੰ 'ਚੀਕੀ ਲਿਟਲ ਮੰਕੀ' ਕਹਿੰਦੀ। ਮੈਂ ਇਸ ਗੱਲ ਨੂੰ ਕਦੇ ਨਾ ਗੌਲਦੀ ਕਿਉਂਕਿ ਮੈਨੂੰ ਇਸ ਤੱਥ ਵਿਚਲੀ ਸਚਾਈ ਦਾ ਪਤਾ ਸੀ ਸੋ ਚੁੱਪ ਰਹਿਣਾ ਹੀ ਬਿਹਤਰ ਸੀ। ਇਕ ਵਾਰ ਕ੍ਰਿਸਮਸ ਤੇ ਇਹ ਮੈਨੂੰ ਅਲਕਾ ਦੇ ਘਰ ਨਾਲ ਲੈ ਕੇ ਗਏ, ਅਜੇ ਰਾਹ ਵਿਚ ਹੀ ਸਨ ਕਿ ਗੱਡੀ ਸਾਊਥਾਲ ਵਲ ਮੋੜ੍ਹ ਲਈ। ਪਤਾ ਨਹੀਂ ਦਿਲ ਵਿਚ ਕੀ ਆਇਆ ਕਿ ਮੈਨੂੰ ਕੁਲਵੰਤ ਢਿੱਲੋਂ ਦੇ ਘਰ ਛੱਡ ਆਪ ਅਲਕਾ ਕੋਲ ਚਲੇ ਗਏ।ਮੇਰੀ ਇਕ ਸਹੇਲੀ ਸੀ; ਜਸਬੀਰ। ਜਸਬੀਰ ਅਮਰੀਕਾ ਰਹਿੰਦੀ ਸੀ। ਉਹ ਇੰਗਲੈਂਡ ਵਿਚ ਦੋ ਵਾਰ ਮੇਰੇ ਕੋਲ ਆ ਵੀ ਚੁੱਕੀ ਸੀ। ਇੱਕ ਵਾਰ ਮੇਰੇ ਫਲੈਟ ਵਿਚ ਜਦੋਂ ਮੈਂ ਇਕੱਲੀ ਰਹਿੰਦੀ ਸਾਂ ਤੇ ਇੱਕ ਵਾਰ ਉਦੋਂ ਜਦੋਂ ਮੈਂ ਚੰਦਨ ਸਾਹਿਬ ਨਾਲ ਰਹਿੰਦੀ ਸਾਂ। ਉਸ ਨਾਲ ਮੇਰੀ ਦੋਸਤੀ ਅੰਮ੍ਰਿਤਾ ਪ੍ਰੀਤਮ ਰਾਹੀਂ ਹੋਈ ਸੀ। ਹੁਣ ਉਹ ਮੇਰੇ ਨਾਲ ਬਹੁਤਾ ਹੀ ਜੁੜ ਗਈ ਸੀ। ਉਹ ਮੈਨੂੰ ਅਮਰੀਕਾ ਆਉਣ ਦਾ ਸੱਦਾ ਦਿੰਦੀ ਰਹਿੰਦੀ ਸੀ। ਉਹ ਕਦੇ ਕਦੇ ਕਵਿਤਾ ਲਿਖਦੀ ਸੀ। ਮੈਂ ਉਸ ਨੂੰ ਫੋਨ ਕਰਕੇ ਦੱਸਿਆ ਕਿ ਚੰਦਨ ਸਾਹਿਬ ਬੰਬਈ ਫਿਲਮ ਨਗਰੀ ਵਿਚ ਬੈਠੇ ਹਨ ਤੇ ਮੈਂ ਇਕੱਲੀ ਕੰਧਾਂ ਦੇਖ ਰਹੀ ਹਾਂ। ਉਹ ਮਜ਼ਾਕ ਵਿਚ ਆਖਣ ਲੱਗਦੀ ਕਿ ਆਪੇ ਫਾਥੜੀਏ, ਤੈਨੂੰ ਕੌਣ ਬਚਾਵੇ। ਹਾਲਾਂਕਿ ਚੰਦਨ ਸਾਹਿਬ ਦੇ ਨਾਵਲ 'ਕੰਜਕਾਂ' ਦੀ ਉਹ ਏਨੀ ਮਦਾਹ ਸੀ ਕਿ ਮਜ਼ਾਕ ਮਜ਼ਾਕ ਵਿਚ ਮੈਨੂੰ ਇਹ ਵੀ ਕਿਹਾ ਸੀ ਕਿ ਨਾਵਲ ਪੜ੍ਹ ਕੇ ਮੈਨੂੰ ਏਨਾ ਮਜ਼ਾ ਆਇਆ ਕਿ ਜੇ ਮੈਨੂੰ ਚੰਦਨ ਸਾਹਿਬ ਦੇ ਸੁਭਾ ਬਾਰੇ ਪਤਾ ਨਾ ਹੁੰਦਾ, ਜਾਂ ਉਹ ਤੇਰਾ ਪਤੀ ਨਾ ਹੁੰਦਾ ਤਾ ਮੈਂ ਤਾਂ ਉਸ ਨਾਲ ਵਿਆਹ ਹੀ ਕਰਾ ਲੈਂਦੀ। ਇਸੇ ਤਰਾਂ ਕੁਲਵੰਤ ਢਿੱਲੋਂ ਵੀ ਹਰ ਕਾਨਫਰੰਸ ਵੇਲੇ ਸਾਡੇ ਘਰ ਪਹਿਲਾਂ ਹੀ ਆ ਜਾਂਦੀ ਤੇ ਬਾਅਦ ਵਿਚ ਜਾਂਦੀ। ਇਹ ਚੰਦਨ ਸਾਹਿਬ ਨੂੰ 'ਬਾਈ' ਕਹਿ ਕੇ ਬੁਲਾਉਂਦੀ ਤੇ ਚੰਦਨ ਸਾਹਿਬ ਵੀ ਮੂੰਹ 'ਤੇ ਉਸ ਨਾਲ ਪਿਆਰ ਨਾਲ ਪੇਸ਼ ਆਉਂਦੇ, ਲੇਕਿਨ ਉਸਦੇ ਚਲੇ ਜਾਣ ਤੇ ਉਸ ਦੀਆਂ ਕਈ ਗੱਲਾਂ ਕਰਦੇ। ਇਹੋ ਜਿਹਾ ਵਰਤਾਵ ਉਹ ਮੇਰੀਆਂ ਕਈ ਹੋਰ ਸਹੇਲੀਆਂ ਨਾਲ ਵੀ ਕਰਦੇ। ਇਸੇ ਤਰਾਂ ਪੋਲੈਂਡ ਤੋਂ ਜਦ ਕਦੇ ਵੀ ਅੱਨਾ ਸਾਡੇ ਕੋਲ ਆਉਂਦੀ, ਖਾਣੇ ਦੇ ਟੇਬਲ ਤੇ ਸਾਹਿਤ ਦੀਆਂ ਗੱਲਾਂ ਬਹਿਸ ਵਿਚ ਵਟ ਜਾਂਦੀਆਂ ਤੇ ਅੱਨਾ ਦੀ ਮਜ਼ਬੂਤ ਸ਼ਖਸੀਅਤ ਉਹਨਾਂ ਨੂੰ ਕਦੇ ਚੰਗੀ ਨਾ ਲੱਗਦੀ। ਕਿਸੇ ਹੋਰ ਦੀ ਸ਼ਖਸੀਅਤ ਆਪਣੇ ਤੋਂ ਵੱਡੀ ਹੁੰਦੀ ਨੂੰ ਤਾਂ ਉਹ ਦੇਖ ਹੀ ਨਹੀਂ ਸਨ ਸਕਦੇ। ਬਹੁਤ ਸਾਰੀਆਂ ਅਦਬੀ ਮਹਿਫਲਾਂ ਵਿਚ ਅਜਿਹਾ ਹੁੰਦਾ ਕਿ ਇਹਨਾਂ ਨੂੰ ਲਾਂਭੇ ਕਰ ਕੇ ਮੈਨੂੰ ਪ੍ਰਧਾਨਗੀ ਦੀ ਕੁਰਸੀ ਦੇ ਦਿਤੀ ਜਾਂਦੀ। ਇਸ ਗੱਲ ਨੂੰ ਲੈ ਕੇ ਘਰ ਆ ਕੇ ਉਹ



ਲੜ੍ਹਾਈ ਹੁੰਦੀ ਕਿ ਰਹੇ ਰੱਬ ਦਾ ਨਾਂ। ਕਈ ਵਾਰ ਤਾਂ ਮੈਂ ਲੜ੍ਹਾਈ ਤੋਂ ਡਰਦੀ ਪ੍ਰਬੰਧਕਾਂ ਨੂੰ ਕਹਿ ਦਿੰਦੀ ਕਿ ਪ੍ਰਧਾਨਗੀ ਚੰਦਨ ਸਾਹਿਬ ਨੂੰ ਦੇ ਦਿਤੀ ਜਾਵੇ। ਇਕ ਵਾਰ ਮੈਂ ਬਰਮਿੰਘਮ ਵਿਚ ਕਿਸੇ ਹਿੰਦੀ ਦੇ ਲੇਖਕਾਂ ਦੀ ਸਭਾ ਵਿਚ 'ਪਿੰਜਰੇ' ਨਜ਼ਮ ਪੜ੍ਹੀ ਜਿਸ ਦੀਆਂ ਕੁਝ ਲਾਈਨਾਂ ਇਸ ਪ੍ਰਕਾਰ ਸਨ;

"ਹਰ ਵਾਰ ਉਹ ਕਰਦੀ ਰਹੀ
ਸਫ਼ਰ ਪਿੰਜਰੇ ਤੋਂ ਪਿੰਜਰੇ ਤਕ
ਕਦੇ ਕਦੇ ਚਾਹੁੰਦੀ
ਸਭ ਪਿੰਜਰੇ ਤੋੜ੍ਹ ਦੇਵੇ
ਮਾਰੇ ਅਕਾਸ਼ ਵਿਚ ਲੰਮੀ ਉਡਾਰੀ
ਭਰ ਲਏ ਤਾਜ਼ੀ ਹਵਾ ਦੀ ਖੁਸ਼ਬੂ
ਪਰ ਪਤਾ ਨਹੀਂ ਕਿਉਂ
ਪਿੰਜਰਿਆਂ ਦਾ ਝੁਰਮਟ
ਉਸ ਦਾ ਮੂੰਹ ਚਿੜਾਉਣ ਲਗਦਾ
ਤੇ ਉਹ ....."

ਬਸ ਫੇਰ ਕੀ ਸੀ! ਉਥੇ ਤਾਂ ਇਹਨਾਂ ਨੇ ਕੁਝ ਨਾ ਕਿਹਾ ਪਰ ਘਰ ਆ ਕੇ ਮਹਾਂਭਾਰਤ ਸ਼ੁਰੂ ਹੋ ਗਿਆ। ਮੇਰੀ ਕਵਿਤਾ ਨੂੰ ਗਾਲ੍ਹਾਂ ਕੱਢਦੇ ਬੋਲੇ,

"ਤੈਨੂੰ ਕੌਣ ਪਿੰਜਰਿਆਂ ਵਿਚ ਕੈਦ ਕਰਦਾ ਹੈ, ਤੋੜ੍ਹ ਕੇ ਪਿੰਜਰਾ ਉੱਡ ਕਿਉਂ ਨਹੀਂ ਜਾਂਦੀ!"

ਦਰਅਸਲ ਸੱਚ ਇਹ ਸੀ ਕਿ ਚੰਦਨ ਸਾਹਿਬ ਆਪ ਚਾਹੁੰਦੇ ਸਨ ਕਿ ਮੈਂ ਇਹਨਾਂ ਨੂੰ ਛੱਡ ਜਾਵਾਂ ਪਰ ਮੈਂ ਹੁਣ ਸਾਰੀਆਂ ਕਿਸ਼ਤੀਆਂ ਸਾੜ ਕੇ ਆਈ ਸਾਂ। ਸੋ ਵਾਪਸ ਮੁੜਨਾ ਏਨਾ ਸੰਭਵ ਨਹੀਂ ਸੀ।...

ਬੰਬਈ ਜਾ ਕੇ ਇਹਨਾਂ ਨੇ ਪਹਿਲਾਂ ਤਾਂ ਇਕ-ਦੋ ਫੋਨ ਕੀਤੇ ਪਰ ਫਿਰ ਬੰਦ ਹੀ ਕਰ ਦਿਤੇ। ਮੈਨੂੰ ਪਤਾ ਸੀ ਕਿ ਇਹ ਇਹਨਾਂ ਦੀ ਆਦਤ ਸੀ। ਮਹੀਨੇ ਕੁ ਬਾਅਦ ਇਹ ਵਾਪਸ ਆ ਗਏ। ਮੈਂ ਇਹਨਾਂ ਨੂੰ ਲੈਣ ਗਈ। ਇਹਨਾਂ ਵਲ ਦੇਖ ਕੇ ਮੈਂ ਤਾਂ ਹੈਰਾਨ ਰਹਿ ਗਈ। ਪਹਿਲਾਂ ਵਾਲੇ ਚੰਦਨ ਤਾਂ ਇਹ ਰਹੇ ਹੀ ਨਹੀਂ ਸਨ। ਇਹ ਤਾਂ ਕੋਈ ਨੌਜਵਾਨ ਸਵਰਨ ਚੰਦਨ ਸੀ। ਕਾਫੀ ਅਰਸੇ ਤੋਂ ਇਹਨਾਂ ਨੇ ਵਾਲ ਰੰਗਣੇ ਛੱਡ ਦਿਤੇ ਹੋਏ ਸਨ। ਹੁਣ ਇਹਨਾਂ ਨੇ ਵਾਲ ਰੰਗ ਲਏ ਹੋਏ ਸਨ। ਦਾਹੜੀ ਵੀ ਫ੍ਰੈਂਚ ਕੱਟ ਬਣਾ ਲਈ ਸੀ। ਮੈਂ ਕਿਹਾ,

"ਤੁਹਾਨੂੰ ਕਿਸੇ ਫਿਲਮ ਵਿਚ ਰੋਲ ਤਾਂ ਨਹੀਂ ਮਿਲ ਗਿਆ?"

ਮੈਂ ਹੱਸ ਰਹੀ ਸਾਂ ਪਰ ਇਹ ਗੰਭੀਰ ਸਨ। ਇਹ ਬੋਲੇ,

"ਗੱਲ ਜ਼ਰਾ ਬੈਠ ਕੇ ਕਰਨ ਵਾਲੀ ਏ ਪਰ ਹੈ ਬਹੁਤ ਜ਼ਰੂਰੀ।"

ਮੈਂ ਗੱਡੀ ਚਲਾਉਂਦਿਆਂ ਇਹਨਾਂ ਵਲ ਧਿਆਨ ਨਾਲ ਦੇਖਿਆ ਤੇ ਆਖਿਆ,

"ਤੁਸੀਂ ਹੁਣੇ ਹੀ ਕਰ ਲਓ, ਜਿਹੜੀ ਕਰਨੀ ਏਂ।"

"ਇਨ ਫੈਕਟ, ਆਏ'ਮ ਇਨ ਲਵ! ਮੈਨੂੰ ਪਿਆਰ ਹੋ ਗਿਆ ਏ।"

ਮੇਰਾ ਜ਼ੋਰ ਨਾਲ ਹਾਸਾ ਨਿਕਲ ਗਿਆ ਪਰ ਇਹ ਹਾਲੇ ਵੀ ਉਵੇਂ ਹੀ ਗੰਭੀਰ ਸਨ। ਇਹਨਾਂ ਵਲ ਦੇਖ ਕੇ ਮੈਂ ਵੀ ਚੁੱਪ ਕਰ ਗਈ। ਘਰ ਪੁੱਜੇ ਤਾਂ ਇਹ ਬੋਲੇ,

"ਦੇਖ, ਤੂੰ ਸਮਝਦਾਰ ਔਰਤ ਏਂ, ਸਾਰੀ ਗੱਲ ਸਮਝਦੀ ਏਂ। ਆਪਣਾ ਤਾਂ ਪਤੀ-ਪਤਨੀ ਵਾਲਾ ਕੋਈ ਰਿਸ਼ਤਾ ਹੈ ਨਹੀਂ, ਹੁਣ ਜੇ ਮੈਂ ਕਿਧਰੇ ਹੋਰ ਸਬੰਧ ਬਣਾ ਲਵਾਂ ਤਾਂ ਤੈਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਮੇਰੇ ਸਬੰਧ ਰੀਮਾ ਨਾਂ ਦੀ ਇਕ ਕੁੜੀ ਨਾਲ ਬਣ ਗਏ ਨੇ।"

ਮੈਂ ਚੁੱਪ ਰਹੀ। ਅਜਿਹੇ ਡਰਾਮੇ ਪਹਿਲਾਂ ਵੀ ਕਰਦੇ ਰਹੇ ਸਨ। ਦਿੱਲੀ ਵਿਚ ਤਾਂ ਇਹਨਾਂ ਕੋਈ ਵੇਸਵਾ ਨਹੀਂ ਸੀ ਛੱਡੀ। ਇਥੇ ਆ ਕੇ ਵੀ ਘੱਟ ਨਹੀਂ ਸਨ ਕਰਦੇ। ਪਤਾ ਨਹੀਂ ਬਾਹਰ ਕੀ ਕਰ ਕੇ ਆਉਂਦੇ ਸਨ ਪਰ ਘਰ ਆ ਕੇ ਮਸਾਲਾ ਲਾ ਲਾ ਕੇ ਇਵੇਂ ਗੱਲਾਂ ਸੁਣਾਉਂਦੇ ਸਨ ਕਿ ਮੈਂ ਅੰਦਰੋਂ ਮਰ ਜਾਵਾਂ। ਮੈਂ ਉਦੋਂ ਵੀ ਸਾਬਤ ਰਹੀ ਸਾਂ। ਉਹਨਾਂ ਲਈ ਪਿਆਰ ਦੀ ਇਕੋ ਹੀ ਪਰਿਭਾਸ਼ਾ ਸੀ, ਜਿਸਮੀ ਸੰਬੰਧ। ਸ਼ਾਇਦ ਕੋਈ ਜਿਸਮ ਲੱਭ ਪਿਆ ਹੋਵੇ।ਮੈਨੂੰ ਸਾੜਨ ਵਾਲੇ ਉਹੀ ਪੁਰਾਣੇ ਚੰਦਨ ਸਾਹਿਬ ਜਾਗ ਪਏ ਸਨ। ਮੈਨੂੰ ਪਤਾ ਸੀ ਇਹ ਮੇਰਾ ਕੁਝ ਨਹੀਂ ਵਿਗਾੜ ਸਕਣਗੇ। ਸਗੋਂ ਉਹਨਾਂ ਦੀ ਇਹ ਗੱਲ ਸੁਣ ਕੇ ਮੇਰਾ ਉਹਨਾਂ ਨਾਲ ਨਾ ਸੌਣ ਦਾ ਫੈਸਲਾ ਮੈਨੂੰ ਬਹੁਤ ਹੀ ਸਹੀ ਲੱਗਿਆ। ਪਤੀ ਨਾਲ ਸੌਣ ਨੂੰ ਕਿਸ ਦਾ ਦਿਲ ਨਹੀਂ ਕਰਦਾ ਪਰ ਕੋਈ ਪਤੀ ਹੋਵੇ ਵੀ ਜੋ ਪਿਆਰ ਨਾਲ ਤੁਹਾਨੂੰ ਅੰਗ ਲਗਾਵੇ। ਮੈਨੂੰ ਵੀ ਕੋਈ ਐਸਾ ਚਾਹੀਦਾ ਸੀ ਜੋ ਤੁਹਾਡੀਆਂ ਭਾਵਨਾਵਾਂ, ਤੁਹਾਡੇ ਅਹਿਸਾਸ ਦੀ ਕਦਰ ਕਰਨ ਵਾਲਾ ਹੋਵੇ, ਵਹਿਸ਼ੀ ਨਹੀਂ ਸਗੋਂ ਕੋਈ ਪਿਆਰ ਨਾਲ ਪੇਸ਼ ਆਉਣ ਵਾਲਾ ਹੋਵੇ। ਔਰਤ ਨੂੰ ਮਹਿਜ਼ ਜਿਸਮ ਨਹੀਂ, ਇਨਸਾਨ ਸਮਝਣ ਵਾਲਾ ਹੋਵੇ, ਦੁੱਖ ਸੁੱਖ ਵਿਚ ਤੁਹਾਡੀ ਬਾਂਹ ਫੜਣ ਵਾਲਾ ਹੋਵੇ, ਪਤੀ ਪਤਨੀ ਦੇ ਸੰਬੰਧਾਂ ਦਾ ਸਤਿਕਾਰ ਕਰਨ ਵਾਲਾ ਹੋਵੇ। ਫੇਰ ਚੰਦਨ ਸਾਹਿਬ ਨੂੰ ਤਾਂ ਕਿਸੇ ਵੀ ਸੰਬੰਧ ਨੂੰ ਪਬਲਿਕ ਵਿਚ ਨਸ਼ਰ ਕਰਨ ਤੋਂ ਸਿਵਾ ਹੋਰ ਕੁਝ ਆਉਂਦਾ ਹੀ ਨਹੀਂ ਸੀ। ਪਤੀ-ਪਤਨੀ ਵਿਚਲੇ ਸਾਰੇ ਭੇਦ ਉਹ ਆਪਣੇ ਦੋਸਤਾਂ ਵਿਚ ਨਸ਼ਰ ਕਰ ਦੇਂਦੇ।ਸੌਣ-ਕਮਰੇ ਨੂੰ ਲੋਕਾਂ ਵਿਚ ਲਿਆ ਧਰਦੇ। ਖ਼ੈਰ, ਇਹਨਾਂ ਨੇ ਬੈਗ ਵਿਚੋਂ ਕੁਝ ਚੀਜ਼ਾਂ ਕੱਢੀਆਂ। ਕੁਝ ਪਾਊਡਰ ਜਿਹੇ ਤੇ ਕੁਝ ਹੋਰ ਨਿੱਕ-ਸੁੱਕ ਉਸ ਔਰਤ ਨੇ ਮੇਰੇ ਲਈ ਭੇਜਿਆ ਸੀ। ਚੰਦਨ ਸਾਹਿਬ ਲਈ ਕ੍ਰਿਸ਼ਨ-ਰਾਧਾ ਦੀ ਇਕ ਮੂਰਤੀ ਸੀ। ਮੈਂ ਦੇਖਿਆ ਕਿ ਇਹਨਾਂ ਨੇ ਉਹ ਮੂਰਤੀ ਬੜੇ ਪਿਆਰ ਨਾਲ ਆਪਣੀ ਕਪੜਿਆਂ ਦੀ ਅਲਮਾਰੀ ਵਿਚ ਸਜਾ ਲਈ ਹੋਈ ਸੀ। ਮੈਂ ਹੈਰਾਨ ਸਾਂ ਕਿ ਇਕ ਨਾਸਤਿਕ ਆਦਮੀ ਇਹ ਕੀ ਕਰ ਰਿਹਾ ਸੀ। ਮੈਂ ਵੀ ਉਸ ਔਰਤ ਦੀਆਂ ਦਿਤੀਆਂ ਚੀਜ਼ਾਂ ਇਕ ਪਾਸੇ ਰੱਖ ਦਿਤੀਆਂ। ਮੈਂ ਗੁੱਸੇ ਵਿਚ ਸਾਂ ਕਿ ਉਸ ਨੇ ਕੀ ਸਮਝ ਕੇ ਮੈਨੂੰ ਇਹ ਚੀਜ਼ਾਂ ਭੇਜੀਆਂ ਹਨ, ਇਹਨਾਂ ਨੂੰ ਲੈ ਕੇ ਉਸ ਨੂੰ ਸੌਂਕਣ ਮਨਜ਼ੂਰ ਕਰਾਂ। ਮੈਂ ਉਸ ਦੀ ਹਿੰਮਤ ਦੀ ਦਾਦ ਵੀ ਦੇ ਰਹੀ ਸਾਂ। ਫਿਰ ਸੋਚਣ ਲੱਗੀ ਕਿ ਸ਼ਾਇਦ ਉਸ ਨੇ ਕੋਈ ਜਾਦੂ-ਟੂਣਾ ਹੀ ਭੇਜਿਆ ਹੋਵੇ। ਕੀ ਪਤਾ ਕਿਹੋ ਜਿਹੀ ਔਰਤ ਹੋਵੇਗੀ ਉਹ!

ਇਹ ਹਰ ਸ਼ਾਮ ਹੀ ਰੀਮਾ ਦੀਆਂ ਗੱਲਾਂ ਕਰਨ ਬਹਿ ਜਾਂਦੇ। ਨਸ਼ੇ ਵਿਚ ਆਏ ਰੀਮਾ ਨੂੰ ਫੋਨ ਕਰਦੇ। ਬਹੁਤ ਹੀ ਘਰੋੜ-ਘਰੋੜ ਕੇ ਹਿੰਦੀ ਬੋਲਦੇ। ਆਪਣੇ ਪਿਆਰ ਦਾ ਇਜ਼ਹਾਰ ਵੀ ਕਰਦੇ। ਉਹਨੂੰ ਇਹ ਵੀ ਕਹਿ ਦਿੰਦੇ ਕਿ ਜਲਦੀ ਹੀ ਉਹ ਮੈਨੂੰ ਤਲਾਕ ਦੇ



ਕੇ ਉਸ ਨੂੰ ਬੁਲਾ ਲੈਣਗੇ। ਮੈਨੂੰ ਤਲਾਕ ਦੇਣ ਦੀਆਂ ਗੱਲਾਂ ਮੇਰੇ ਸਾਹਮਣੇ ਹੀ ਕਰਦੇ। ਮੈਨੂੰ ਪਤਾ ਵੀ ਹੁੰਦਾ ਕਿ ਇਹ ਜਾਣ ਬੁੱਝ ਕੇ ਮੇਰੀ ਹੋਂਦ ਨੂੰ ਜ਼ਖ਼ਮੀ ਕਰ ਰਹੇ ਹਨ ਪਰ ਮੇਰੇ ਤੋਂ ਕੁਝ ਕਰ ਹੀ ਨਾ ਹੁੰਦਾ। ਮੈਂ ਹੱਸ ਛੱਡਦੀ। ਮੈਨੂੰ ਸਮਝ ਲੱਗਣ ਲੱਗ ਪਈ ਸੀ ਕਿ ਹੁਣ ਇਹ ਮੈਨੂੰ ਘਰੋਂ ਕੱਢਣ ਦੀ ਸਕੀਮ ਵਿਚ ਹਨ। ਜੇ ਮੈਂ ਵਾਪਸ ਆਉਣ ਦੀ ਵੱਡੀ ਗਲਤੀ ਕੀਤੀ ਸੀ ਤਾਂ ਅਖੀਰ ਤਕ ਟਿਕੀ ਰਹਿਣਾ ਚਾਹੁੰਦੀ ਸਾਂ। ਇਕ ਦਿਨ ਮੈਨੂੰ ਕਹਿਣ ਲੱਗੇ,

"ਹੁਣ ਰੀਮਾ ਆ ਜਾਣੀ ਏਂ, ਤੈਨੂੰ ਤਾਂ ਕਿਤੇ ਹੋਰ ਰਹਿਣ ਦਾ ਇੰਤਜ਼ਾਮ ਹੀ ਕਰਨਾ ਪੈਣਾ ਏਂ। ਜੇ ਕਹੇਂ ਤਾਂ ਮੈਂ ਤੇਰੇ ਲਈ ਕਿਧਰੇ ਹੋਰ ਔਰਗੇਨਾਈਜ਼ ਕਰ ਦਿੰਨਾਂ।"

ਮੈਂ ਆਪਣੇ ਆਪ ਨੂੰ ਕਿਹਾ, 'ਹੇਅਰ ਵੀ ਗੋ ਅਗੇਨ ਦੇਵਿੰਦਰ ਕੌਰੇ! ਮੁੜ ਉਹਨਾਂ ਰਾਹਾਂ 'ਤੇ ਤੁਰਨਾ ਪਵੇਗਾ। ਹੁਣ ਸੱਚ ਹੀ ਤੈਨੂੰ ਬਚਾਉਣ ਵਾਲਾ ਕੋਈ ਨਹੀਂ!' ਤੇ ਵਾਕਿਆ ਹੀ ਮੈਨੂੰ ਬਚਾਉਣ ਵਾਲਾ ਕੋਈ ਨਹੀਂ ਸੀ।

## ਤੇਈ

ਚੰਦਨ ਸਾਹਿਬ ਨੇ ਪਹਿਲਾਂ ਮੈਨੂੰ ਮੈਂਟਲੀ ਟੌਰਚਰ ਕੀਤਾ। ਕਦੇ ਰੀਮਾ ਦੀਆਂ ਗੱਲਾਂ ਕਰਕੇ ਤੇ ਕਦੇ ਮੈਨੂੰ ਪਾਗਲ ਹੋਣ ਦੀਆਂ, ਬਿਮਾਰ ਹੋਣ ਦੀਆਂ ਤੋਹਮਤਾਂ ਲਾ ਕੇ। ਕਿਉਂਕਿ ਡਿਪਰੈਸ਼ਨ ਦੀ ਦਵਾਈ ਮੈਂ ਹਾਲੇ ਵੀ ਖਾ ਰਹੀ ਸਾਂ। ਥੋੜੀ ਸ਼ੂਗਰ ਵੀ ਸੀ ਮੈਨੂੰ। ਜਦ ਉਹਨਾਂ ਦਾ ਇਹ ਦਾਅ ਨਾ ਚੱਲਿਆ ਤਾਂ ਉਹਨਾਂ ਮੈਨੂੰ ਸਰੀਰਕ ਤੌਰ 'ਤੇ ਤਸੀਹੇ ਦੇਣੇ ਸ਼ੁਰੂ ਕਰ ਦਿਤੇ। ਨਵੰਬਰ ਦਾ ਅਖੀਰ ਸੀ। ਸ਼ਾਇਦ ਚੌਵੀ ਤਰੀਕ ਸੀ ਨਵੰਬਰ ਦੀ। ਲੋਹੜੇ ਦੀ ਠੰਡ ਸੀ। ਇਹ ਉਹ ਰੁੱਤ ਸੀ ਜਦ ਘਰਾਂ ਦੀ ਸੈਂਟਰਲ ਹੀਟਿੰਗ ਚੌਵੀ ਘੰਟੇ ਚਲਦੀ ਰਹਿੰਦੀ ਹੈ ਪਰ ਚੰਦਨ ਸਾਹਿਬ ਨੇ ਹੀਟਿੰਗ ਬੰਦ ਕਰ ਦਿਤੀ। ਆਪਣੇ ਸਟੱਡੀ ਰੂਮ ਲਈ ਤੇ ਬੈੱਡਰੂਮ ਲਈ ਨਵੇਂ ਹੀਟਰ ਲੈ ਆਂਦੇ ਤੇ ਬਾਕੀ ਸਾਰਾ ਘਰ ਲੋਹੜੇ ਦਾ ਠੰਡਾ। ਮੈਂ ਲੱਗੀ ਪਾਲੇ ਵਿਚ ਠੁਰ ਠੁਰ ਕਰਨ। ਜਸਬੀਰ ਦਾ ਫੋਨ ਹਰ ਢੁਕਵੇਂ ਮੌਕੇ 'ਤੇ ਆ ਜਾਇਆ ਕਰਦਾ ਸੀ। ਇਸ ਵੇਲੇ ਵੀ ਆ ਗਿਆ। ਅਸੀਂ ਗੱਲਾਂ ਕਰਦੀਆਂ ਇਸ ਸਥਿਤੀ ਵਿਚੋਂ ਵੀ ਮਜ਼ਾਹ ਲੱਭਣ ਲੱਗੀਆਂ। ਚੰਦਨ ਸਾਹਿਬ ਮੈਨੂੰ ਘਰੋਂ ਕੱਢਣ ਲਈ ਬਾਜ਼ਿੱਦ ਸਨ। ਸਾਰੀ ਰਾਤ ਠੰਡ ਨਾਲ ਮੇਰੀ ਦੰਦੋਕੜੀ ਵੱਜਦੀ ਰਹੀ। ਇਵੇਂ ਠੰਡ ਨਾਲ ਤਸੀਹੇ ਦੇਣ ਦੀ ਪ੍ਰਕਿਰਿਆ ਉਹਨਾਂ ਨੇ ਕਈ ਵਾਰ ਦੁਹਰਾਈ ਪਰ ਮੈਂ ਸਾਂ ਕਿ ਢੀਠ ਬਣੀ ਬੈਠੀ ਰਹੀ।...

ਇਹਨਾਂ ਦੀਆਂ ਸਿਗਰਟਾਂ ਵੀ ਮੇਰੇ ਲਈ ਟੌਰਚਰ ਹੀ ਤਾਂ ਸਨ। ਇਹ ਇਕੱਲੇ ਤੇ ਕਦੇ ਇਹ ਤੇ ਅਲਕਾ ਰਲਕੇ ਗਿਆਰਾਂ ਬਣ ਜਾਂਦੇ। ਮੈਂ ਗੁਰਦਵਾਰੇ ਵਿਚ 'ਏ ਲੈਵਲ' ਦੀਆਂ ਕਲਾਸਾਂ ਵੀ ਲਿਆ ਕਰਦੀ ਸਾਂ। ਗੁਰਦਵਾਰੇ ਜਾਂਦੇ ਬਹੁਤ ਸਾਰੇ ਲੋਕ ਮੇਰੇ ਵਾਕਫ ਹੋ ਗਏ ਸਨ। ਕਦੇ ਕਦੇ ਰਾਹ ਵਿਚ ਵੀ ਮਿਲ ਪੈਂਦੇ। ਉਹਨਾਂ ਵਿਚ ਮੇਰਾ ਇਕ ਰੈਪੂਟੇਸ਼ਨ ਸੀ। ਮੈਨੂੰ ਇਹੋ ਡਰ ਰਹਿੰਦਾ ਕਿ ਚੰਦਨ ਸਾਹਿਬ ਕਿਤੇ ਉਹਨਾਂ ਦੇ ਸਾਹਮਣੇ ਹੀ ਸੂਟਾ ਨਾ ਖਿੱਚਣ ਲੱਗ ਪੈਣ। ਇਹ ਇਕੱਲੇ ਹੁੰਦੇ ਤਾਂ ਜ਼ਰਾ ਗੱਲ ਮੰਨ ਲੈਂਦੇ ਪਰ ਜਦ ਅਲਕਾ ਨਾਲ

ਹੁੰਦੀ ਤਾਂ ਮੇਰੀ ਕਹਿਣ ਦੀ ਹਿੰਮਤ ਹੀ ਨਾ ਹੁੰਦੀ। ਕਈ ਵਾਰੀ ਅਸੀਂ ਕਾਰ ਵਿਚ ਜਾ ਰਹੇ ਹੁੰਦੇ ਤਾਂ ਇਹਨਾਂ ਦੋਨਾਂ ਨੇ ਹੀ ਸਿਗਰਟਾਂ ਲਾਈਆਂ ਹੋਈਆਂ ਹੁੰਦੀਆਂ। ਚਿਮਨੀਆਂ ਵਾਂਗ ਧੂੰਆਂ ਕੱਢਦੇ ਜਾਂਦੇ। ਮੈਂ ਮੂੰਹ ਲੁਕਾਉਂਦੀ ਫਿਰਦੀ ਕਿ ਰਾਹ ਵਿਚ ਕੋਈ ਦੇਖ ਹੀ ਨਾ ਲਵੇ।

ਇਹਨਾਂ ਦਿਨਾਂ ਵਿਚ ਅਲਕਾ ਆ ਗਈ। ਹੁਣ ਅਲਕਾ ਆਈ ਤੇ ਇਹ ਪਹਿਲਾਂ ਨਾਲੋਂ ਵੀ ਜ਼ਿਆਦਾ ਡਰਾਮਾ ਕਰਨ ਲਗਦੇ। ਵੈਸੇ ਵੀ ਅਲਕਾ ਨੂੰ ਸਾਡਾ ਇਕੱਠਿਆਂ ਬੈਠਣਾ ਗਵਾਰਾ ਨਹੀਂ ਸੀ ਹੁੰਦਾ। ਜਦੋਂ ਵੀ ਉਹ ਸਾਨੂੰ ਇਕੱਠੇ ਬੈਠਿਆਂ ਦੇਖਦੀ ਝੱਟ ਆ ਜਾਂਦੀ ਤੇ ਕਹਿੰਦੀ, "ਡੈਡ ਆਈ ਥਿੰਕ ਯੂ ਡੋਂਟ ਲਵ ਮੀ ਐਨੀ ਮੋਰ"। ਇਸ ਤਰਾਂ ਸਾਡੀ ਦੂਰੀ ਹੋਰ ਵੀ ਵਧਣ ਲਗਦੀ ਪਰ ਹੁਣ ਤਾਂ ਅਲਕਾ ਨੂੰ ਰੀਮਾ ਵਾਲੀ ਕਹਾਣੀ ਵੀ ਚੰਗੀ ਨਹੀਂ ਸੀ ਲੱਗੀ। ਉਹ ਸਮਝਦੀ ਸੀ ਕਿ ਇਹ ਹੁਣ ਰੀਮਾ ਉਪਰ ਪੈਸੇ ਖਰਚਣ ਲੱਗਣਗੇ।

ਇਕ ਦਿਨ ਅਲਕਾ ਸ਼ਾਮ ਜਿਹੇ ਨੂੰ ਆਈ। ਉਹ ਦੋਵੇਂ ਸਟੱਡੀ ਰੂਮ ਵਿਚ ਜਾ ਵੜੇ, ਨਾਲੇ ਸ਼ਰਾਬ ਪੀਂਦੇ ਰਹੇ ਤੇ ਨਾਲੇ ਸਿਗਰਟਾਂ। ਫਿਰ ਇਹ ਡਾਈਨਿੰਗ ਟੇਬਲ 'ਤੇ ਆ ਗਏ। ਅਸੀਂ ਇਕੱਠਿਆਂ ਨੇ ਰੋਟੀ ਖਾਧੀ। ਅਲਕਾ ਆਈ 'ਤੇ ਮੈਂ ਤਾਂ ਅਜਨਬੀ ਬਣ ਹੀ ਜਾਂਦੀ ਸਾਂ। ਓਪਰੇ ਘਰ ਵਿਚ ਰਹਿਣ ਦੀ ਪ੍ਰਕਿਰਿਆ ਵਿਚ ਦੀ ਲੰਘਦੀ ਮੈਂ ਬਿਸਤਰ ਵਿਚ ਜਾ ਡਿਗੀ। ਅਗਲੀ ਸਵੇਰ ਮੈਂ ਬੂਟਸ ਸਟੋਰ ਵਿਚੋਂ ਕੁਝ ਖਰੀਦਣਾ ਸੀ। ਮੈਂ ਦੱਸਿਆ ਤਾਂ ਉਹ ਦੋਵੇਂ ਵੀ ਮੇਰੇ ਨਾਲ ਚੱਲ ਪਏ। ਚੰਦਨ ਸਾਹਿਬ ਕਾਰ ਚਲਾ ਰਹੇ ਸਨ। ਵੁਲਵਰਹੈਂਪਟਨ ਸਿਟੀ ਸੈਂਟਰ ਪੁੱਜੇ। ਕਾਰ ਪਾਰਕ ਕਰਨ ਤੋਂ ਬਾਅਦ ਮੈਂ ਸਮਾਨ ਖਰੀਦਣ ਬੂਟਸ ਵਿਚ ਜਾ ਵੜੀ ਤੇ ਇਹ ਦੋਵੇਂ ਬਾਹਰ ਖੜੇ ਮੇਰਾ ਇੰਤਜ਼ਾਰ ਕਰਨ ਲੱਗੇ। ਜਦ ਮੈਂ ਬਾਹਰ ਆਈ ਤਾਂ ਇਹ ਹੈ ਹੀ ਨਾ। ਮੈਂ ਆਲਾ ਦੁਆਲਾ ਦੇਖਿਆ ਤਾਂ ਇਹ ਇਕ ਨਵੇਂ ਖੁੱਲੇ ਕੈਫੇ ਵਿਚ ਬੈਠੇ ਸਨ। ਇਹਨਾਂ ਦੀ ਕੌਫੀ ਆ ਗਈ ਤੇ ਮੈਂ ਵੀ ਆਪਣੇ ਲਈ ਮੰਗਵਾ ਲਈ। ਇਹ ਦੋਵੇਂ ਬਰੋ-ਬਰਾਬਰ ਬੈਠੇ ਸਨ ਤੇ ਮੈਂ ਇਹਨਾਂ ਦੇ ਸਾਹਮਣੇ। ਇਹ ਸਿਗਰਟ ਪੀ ਕੇ ਧੂੰਆਂ ਸਿੱਧਾ ਮੇਰੇ ਵਲ ਛੱਡ ਰਹੇ ਸਨ। ਮੇਰਾ ਸਾਹ ਉਖੜਨ ਲੱਗਿਆ। ਮੈਂ ਕਿਹਾ,

"ਪਲੀਜ਼, ਧੂੰਆਂ ਦੂਜੇ ਪਾਸੇ ਨੂੰ ਜਾਣ ਦਿਓ।"

"ਜੇ ਤੈਨੂੰ ਕੋਈ ਤਕਲੀਫ ਏ ਤਾਂ ਤੂੰ ਉਠ ਕੇ ਚਲੇ ਜਾਹ!"

ਅਲਕਾ ਬੋਲੀ। ਮੈਂ ਗੁੱਸੇ ਵਿਚ ਉਠ ਕੇ ਆ ਗਈ ਤੇ ਘਰ ਨੂੰ ਤੁਰ ਪਈ। ਘਰ ਜ਼ਰਾ ਦੂਰ ਸੀ ਇਸ ਲਈ ਪਹੁੰਚਣ ਨੂੰ ਜ਼ਰਾ ਵਕਤ ਲੱਗ ਗਿਆ। ਇਹ ਕਾਰ ਵਿਚ ਮੇਰੇ ਤੋਂ ਪਹਿਲਾਂ ਹੀ ਪੁੱਜੇ ਹੋਏ ਸਨ। ਉਸ ਵੇਲੇ ਤਾਂ ਇਹ ਕੁਝ ਨਾ ਬੋਲੇ। ਸ਼ਾਮ ਨੂੰ ਦੋਵਾਂ ਨੇ ਸ਼ਰਾਬ ਪੀਤੀ ਤੇ ਹੋ ਗਏ ਸ਼ੁਰੂ। ਦੋਵੇਂ ਹੀ ਉਭਰ ਉਭਰ ਕੇ ਮੇਰੇ ਵਲ ਨੂੰ ਆਉਣ। ਚੰਦਨ ਸਾਹਿਬ ਕਹਿ ਰਹੇ ਸਨ,

"ਇਹ ਮੇਰਾ ਘਰ ਏ, ਮੈਂ ਇਸ ਦੇ ਹਰ ਕਮਰੇ ਵਿਚ ਸਿਗਰਟ ਪੀਆਂਗਾ, ਤੂੰ ਕੌਣ ਹੁੰਨੀ ਏਂ ਮੈਨੂੰ ਰੋਕਣ ਵਾਲੀ।"

ਉਹਨਾਂ ਦੇ ਮਗਰ ਹੀ ਅਲਕਾ ਬੋਲੀ,

"ਜੇ ਤੈਨੂੰ ਬਹੁਤੀ ਹੀ ਤਕਲੀਫ ਐ ਤਾਂ ਘਰੋਂ ਚਲੀ ਜਾਹ, ਯੂ ਬਲੱਡੀ ਬਿੱਚ, ਜਸਟ ਲੀਵ ਦਿਸ ਹਾਊਸ!"

ਗੱਲ ਕਰਦੀ ਉਹ ਮੈਨੂੰ ਉਂਗਲ ਨਾਲ ਬਾਹਰ ਦਾ ਰਸਤਾ ਵੀ ਦਿਖਾ ਰਹੀ ਸੀ। ਮੇਰੇ ਵਿਚ ਲੜਾਈ ਦੀ ਕਿਥੋਂ ਹਿੰਮਤ ਸੀ। ਮੇਰੇ 'ਤੇ ਤਾਂ ਇਕੱਲੇ ਚੰਦਨ ਸਾਹਿਬ ਹੀ



ਭਾਰੀ ਸਨ ਹੁਣ ਤਾਂ ਉਹ ਦੋ ਸਨ। ਦੋ ਕੀ, ਪੂਰੇ ਗਿਆਰਾਂ ਹੀ ਸਨ। ਮੈਂ ਕੰਨਾਂ 'ਤੇ ਹੱਥ ਰੱਖ ਲਏ। ਇਹਨਾਂ ਜੋ ਮੂੰਹ ਆਇਆ, ਉਹੀ ਬੋਲਿਆ। ਖੂਬ ਹੰਗਾਮਾ ਹੋਇਆ। ਅਖੀਰ ਮੈਂ ਕੁਝ ਖਾਧੇ ਬਿਨਾਂ ਹੀ ਆਪਣੇ ਕਮਰੇ ਵਿਚ ਸੌਂ ਗਈ। ਅਗਲੀ ਸਵੇਰ ਬੁੱਧਵਾਰ ਸੀ। ਬੁੱਧਵਾਰ ਨੂੰ ਮੇਰੀ ਛੁੱਟੀ ਹੁੰਦੀ ਸੀ। ਅਲਕਾ ਸਵੇਰੇ ਹੀ ਚਲੇ ਗਈ। ਇਹਨਾਂ ਨੇ ਬੋਤਲ ਖੋਹਲੀ ਹੋਈ ਸੀ। ਮੈਂ ਚਾਹ ਦਾ ਕੱਪ ਬਣਾ ਕੇ ਆਪਣੇ ਕਮਰੇ ਵਿਚ ਚਲੇ ਗਈ। ਇਹ ਮੇਰੇ ਮਗਰੇ ਹੀ ਆ ਗਏ ਤੇ ਮੇਰੇ ਮੂੰਹ ਉਪਰ ਸਿਧਾ ਧੂੰਆਂ ਮਾਰਦੇ ਬੋਲੇ,

"ਕਰ ਕੀ ਕਰਨਾ, ਇਹ ਮੇਰਾ ਘਰ ਏ ਤੇ ਮੈਂ ਇਹਦੇ ਕਿਸੇ ਵੀ ਕਮਰੇ ਵਿਚ ਸਿਗਰਟ ਪੀ ਸਕਦਾਂ। ਤੂੰ ਹਿੰਮਤ ਕਿੱਤਰਾਂ ਕੀਤੀ ਮੈਨੂੰ ਰੋਕਣ ਦੀ?"

ਮੈਂ ਚੁੱਪ ਸਾਂ। ਇਹ ਬੋਲੀ ਜਾ ਰਹੇ ਸਨ। ਕੁਝ ਦੇਰ ਬਾਅਦ ਇਹ ਚਲੇ ਗਏ ਪਰ ਬੋਲੀ ਹਾਲੇ ਵੀ ਜਾ ਰਹੇ ਸਨ। ਪਤਾ ਨਹੀਂ ਕਿਹੜੀ ਕਿਹੜੀ ਗਾਲ਼ ਦੇ ਰਹੇ ਸਨ। ਮੈਂ ਕਦੇ ਵੀ ਇਹਨਾਂ ਦੀਆਂ ਗਾਲ਼ਾਂ ਵਲ ਧਿਆਨ ਨਹੀਂ ਸਾਂ ਦਿੰਦੀ ਪਰ ਅੱਜ ਧਿਆਨ ਨਾਲ ਸੁਣਨ ਲੱਗੀ ਸਾਂ। ਗਾਲ਼ਾਂ ਮੈਨੂੰ ਚੁੱਭਣ ਲੱਗੀਆਂ। ਇਹ ਤੀਰ ਵਾਂਗ ਸਿਧੀਆਂ ਸੀਨੇ ਵਿਚ ਵੱਜ ਰਹੀਆਂ ਸਨ। ਮੈਂ ਵੀ ਉਠ ਕੇ ਫਰੰਟ ਰੂਮ ਵਿਚ ਆ ਗਈ ਤੇ ਇਹਨਾਂ ਦੇ ਸਾਹਮਣੇ ਬੈਠ ਗਈ।ਫੈਸਲੇ ਦੀ ਘੜੀ ਆ ਗਈ ਜਾਪਦੀ ਸੀ। ਇਹ ਹਾਲੇ ਵੀ ਗੰਦ ਬਕੀ ਜਾ ਰਹੇ ਸਨ। ਮੈਂ ਤਿੱਖੇ ਸੁਰ ਵਿਚ ਕਿਹਾ,

"ਇਕ ਵਾਰ ਮੁਕਾ ਲਓ ਜਿਹੜੀ ਗੱਲ ਮੁਕਾਉਣੀ ਆਂ, ਮੇਰੇ ਤੋਂ ਵਾਰ ਵਾਰ ਨਹੀਂ ਮਰਿਆ ਜਾਂਦਾ।"

ਇਹਨਾਂ ਦੇ ਨੇੜੇ ਕੌਡਲੈੱਸ ਫੋਨ ਪਿਆ ਸੀ। ਇਹਨਾਂ ਨੇ ਵਗਾਹ ਕੇ ਮੇਰੇ ਮਾਰਿਆ। ਮੇਰੀ ਅੱਖ ਦੇ ਬਿਲਕੁਲ ਕੋਲ ਆ ਕੇ ਵੱਜਿਆ। ਫੋਨ ਏਨੀ ਜ਼ੋਰ ਨਾਲ ਵੱਜਾ ਕਿ ਇਹ ਖਿਲਰ ਕੇ ਦੂਰ ਜਾ ਡਿਗਿਆ। ਮੈਂ ਦਰਦ ਨਾਲ ਕਰਾਹੁਣ ਲੱਗੀ। ਮੈਂ ਡਿਗਦੀ-ਢਹਿੰਦੀ ਨੇ ਉਠ ਕੇ ਦੂਜੇ ਕਮਰੇ ਵਿਚ ਜਾ ਕੇ ਪੁਲੀਸ ਨੂੰ ਫੋਨ ਕਰ ਦਿਤਾ। ਇਹਨਾਂ ਨੇ ਉਥੇ ਆ ਕੇ ਵੀ ਬਾਂਹ ਮਰੋੜ ਕੇ ਮੇਰੇ ਪਿੱਛੇ ਲਾ ਦਿਤੀ। ਏਨਾ ਦਰਦ ਸਹਿਣ ਜੋਗੀ ਮੈਂ ਕਿਥੇ ਸਾਂ। ਮੇਰੀਆਂ ਲੇਰਾਂ ਨਿਕਲ ਗਈਆਂ। ਮੈਂ ਸਹਿਮ ਨਾਲ ਕੰਬ ਰਹੀ ਸਾਂ। ਕੁਝ ਮਿੰਟਾਂ ਵਿਚ ਹੀ ਪੁਲੀਸ ਆ ਗਈ।

ਪੁਲੀਸ ਵਾਲੇ ਇਕ ਨੌਜਵਾਨ ਗੋਰਾ ਮੁੰਡਾ ਸੀ ਤੇ ਇਕ ਗੋਰੀ ਕੁੜੀ। ਕੁੜੀ ਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਮੈਨੂੰ ਤਸੱਲੀ ਦਿਤੀ ਤਾਂ ਮੇਰਾ ਕਾਂਬਾ ਕੁਝ ਘਟਿਆ। ਚੰਦਨ ਸਾਹਿਬ ਘਬਰਾਏ ਖੜੇ ਸਨ ਤੇ ਡਰੇ ਡਰੇ ਮੇਰੇ ਵਲ ਦੇਖ ਰਹੇ ਸਨ। ਮੈਂ ਪੁਲੀਸ ਵਾਲਿਆਂ ਨੂੰ ਸਾਰੀ ਗੱਲ ਦੱਸੀ। ਉਹਨਾਂ ਨੇ ਮੇਰੇ ਜ਼ਖ਼ਮ ਦੇਖੇ ਕਿ ਐਂਬੂਲੈਂਸ ਦੀ ਲੋੜ ਤਾਂ ਨਹੀਂ। ਫਿਰ ਉਹ ਬੋਲੇ,

"ਦੱਸ, ਤੂੰ ਕੀ ਚਾਹੁੰਨੀ ਏਂ?"

"ਮੈਂ ਏਸ ਘਰ ਵਿਚ ਨਹੀਂ ਰਹਿਣਾ ਚਾਹੁੰਦੀ, ਮੈਨੂੰ ਏਸ ਆਦਮੀ ਤੋਂ ਖਤਰਾ ਏ।"

"ਤੈਨੂੰ ਏਸ ਘਰੋਂ ਜਾਣ ਦੀ ਕੋਈ ਲੋੜ ਨਹੀਂ ਏ। ਦੇਖ ਕਿੰਨਾ ਸੁਹਣਾ ਘਰ ਏ, ਤੂੰ ਏਹਨੂੰ ਛੱਡ ਕੇ ਕਿਉਂ ਜਾਵੇਂ?"

ਉਹਨਾਂ ਦਾ ਇਸ਼ਾਰਾ ਸਾਫ ਸੀ ਕਿ ਘਰ ਛੱਡ ਕੇ ਤਾਂ ਚੰਦਨ ਸਾਹਿਬ ਨੂੰ ਜਾਣਾ

ਚਾਹੀਦਾ ਹੈ। ਮੈਂ ਵੀ ਇਹ ਸਭ ਸਮਝਦੀ ਸਾਂ ਪਰ ਇਸ ਦਾ ਮਤਲਬ ਇਹ ਹੋਣਾ ਸੀ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਫਿਰ ਇਸ ਬੰਦੇ ਨਾਲ ਵਾਹ ਪਿਆ ਹੀ ਰਹਿਣਾ ਸੀ। ਮੈਂ ਇਸ ਤੋਂ ਦੂਰ, ਬਹੁਤ ਦੂਰ ਚਲੇ ਜਾਣਾ ਚਾਹੁੰਦੀ ਸਾਂ। ਮੁੜ ਕੇ ਇਹਦੀ ਸ਼ਕਲ ਵੀ ਨਹੀਂ ਸਾਂ ਦੇਖਣਾ ਚਾਹੁੰਦੀ। ਮੈਂ ਸੁਹਣੇ ਘਰ ਤੋਂ ਕੀ ਕਰਾਉਣਾ ਸੀ। ਇਹ ਮੇਰੇ ਸੁਫਨਿਆਂ ਦਾ ਘਰ ਤਾਂ ਬਿਲਕੁਲ ਨਹੀਂ ਸੀ। ਕੰਧਾਂ ਮੈਂ ਕੀ ਕਰਨੀਆਂ ਸਨ। ਮੈਂ ਪੁਲੀਸਮੈਨ ਨੂੰ ਕਿਹਾ, "ਮੈਨੂੰ ਸੁਹਣੇ ਘਰ ਨਾਲ ਕੋਈ ਵਾਸਤਾ ਨਹੀਂ, ਮੈਂ ਹੁਣ ਇਥੇ ਬਿਲਕੁਲ ਨਹੀਂ ਰਹਿਣਾ।"

"ਪਹਿਲੀ ਗੱਲ ਤਾਂ ਇਹ ਕਿ ਤੂੰ ਆਪਣਾ ਪਾਸਪੋਰਟ, ਬੈਂਕ ਬੁੱਕਸ ਤੇ ਹੋਰ ਜ਼ਰੂਰੀ ਡਾਕੂਮੈਂਟ ਚੁੱਕ ਲੈ ਤੇ ਜਿਹੜਾ ਆਪਣਾ ਸਮਾਨ ਲੈਣਾ ਲੈ ਲੈ।"

ਮੈਂ ਇਕ ਬੈਗ ਵਿਚ ਜਿੰਨਾ ਕੁ ਸਮਾਨ ਪੈ ਸਕਦਾ ਸੀ ਪਾ ਲਿਆ। ਫਿਰ ਪੁਲੀਸਮੈਨ ਪੁੱਛਣ ਲੱਗਿਆ,

"ਤੇਰਾ ਕੋਈ ਦੋਸਤ ਜਾਂ ਰਿਸ਼ਤੇਦਾਰ ਹੈ ਜਿਥੇ ਤੈਨੂੰ ਅਸੀਂ ਛੱਡ ਦੇਈਏ? ਨਹੀਂ ਤਾਂ ਸ਼ੈਲਟਰ ਹੋਮ ਛੱਡ ਦਿੰਦੇ ਹਾਂ।"

ਵੈਸੇ ਤਾਂ ਮੇਰੀ ਕਾਰ ਵੀ ਖੜੀ ਸੀ ਪਰ ਮੈਂ ਚਲਾ ਸਕਣ ਦੀ ਹਾਲਤ ਵਿਚ ਨਹੀਂ ਸਾਂ। ਮੇਰੀ ਸਹੇਲੀ ਮਨਜੀਤ ਧਾਲੀਵਾਲ ਨਜ਼ਦੀਕ ਹੀ ਰਹਿੰਦੀ ਸੀ। ਮੈਂ ਉਸ ਨੂੰ ਫੋਨ ਕੀਤਾ। ਉਹ ਕੁਝ ਮਿੰਟਾਂ ਵਿਚ ਹੀ ਆ ਗਈ।

## ਚੌਵੀ

ਪਹਿਲਾਂ ਮੈਂ ਮਨਜੀਤ ਧਾਲੀਵਾਲ ਦੇ ਘਰ ਗਈ। ਮਨਜੀਤ ਧਾਲੀਵਾਲ ਦਾ ਆਪਣਾ ਪਰਿਵਾਰ ਸੀ। ਵੈਸੇ ਤਾਂ ਉਹ ਮੇਰੀ ਕੁਲੀਗ ਵੀ ਤੇ ਸਹੇਲੀ ਵੀ ਪਰ ਮੈਂ ਉਸ ਉਪਰ ਬੋਝ ਨਹੀਂ ਸਾਂ ਬਣਨਾ ਚਾਹੁੰਦੀ। ਮੇਰੀ ਇਕ ਗੁਜਰਾਤਣ ਸਹੇਲੀ ਸੀ, ਪੁਸ਼ਪਾ। ਉਹ ਮੇਰੀ ਸਟੂਡੈਂਟ ਵੀ ਰਹੀ ਸੀ। ਉਹ ਸਾਡੇ ਘਰ ਅਕਸਰ ਆਇਆ ਕਰਦੀ ਸੀ। ਚੰਦਨ ਸਾਹਿਬ ਨੂੰ ਬੈਈਆ-ਬੈਈਆ ਆਖਦੀ ਫਿਰਦੀ। ਮੈਂ ਉਸ ਨੂੰ ਫੋਨ ਕੀਤਾ ਤੇ ਕਿਹਾ,

"ਤੇਰੇ ਬੈਈਏ ਨੇ ਨਿਕਾਲ ਦੀਆ ਮੁਝੇ।"

"ਕੋਈ ਬਾਤ ਨਹੀਂ, ਮੇਰੇ ਘਰ ਆ ਜਾਓ।"

ਉਸ ਨੇ ਪੂਰੇ ਹੌਂਸਲੇ ਨਾਲ ਕਿਹਾ। ਮਨਜੀਤ ਧਾਲੀਵਾਲ ਮੈਨੂੰ ਪੁਸ਼ਪਾ ਦੇ ਘਰ ਛੱਡ ਆਈ। ਪੁਸ਼ਪਾ ਦੇ ਘਰ ਮੈਂ ਕੁਝ ਦਿਨ ਰਹੀ। ਇਥੇ ਹੀ ਮੇਰੇ ਕੰਮ ਤੋਂ ਮੇਰੀ ਲਾਈਨ ਮੈਨੇਜਰ ਮਿਲਣ ਆਈ ਤੇ ਮੇਰੀ ਹਾਲਤ ਨੂੰ ਸਮਝਦੀ ਮੇਰੇ ਲਈ ਹਫਤੇ ਦੀ ਛੁੱਟੀ ਬੁੱਕ ਕਰ ਗਈ। ਹੁਣ ਸੋਚ ਰਹੀ ਸਾਂ ਕਿ ਅੱਗੇ ਕੀ ਕੀਤਾ ਜਾਵੇ। ਹਰ ਕੋਈ ਆਪਣੀ ਹੀ ਸਲਾਹ ਦੇ ਰਿਹਾ ਸੀ। ਜਸਬੀਰ ਦਾ ਅਮਰੀਕਾ ਤੋਂ ਫੋਨ ਆਇਆ। ਉਹ ਪਹਿਲਾਂ ਤਾਂ ਮੇਰੇ ਹਾਲਾਤ ਬਾਰੇ ਫਿਕਰਵੰਦ ਹੋਈ ਪਰ ਫਿਰ ਅਸੀਂ ਇਸ ਸਥਿਤੀ ਉਪਰ ਹੱਸਣ ਲੱਗੀਆਂ। ਵਾਲਸਾਲ ਦੇ ਵਿਚ ਹੋਮਲੈੱਸ ਲੋਕਾਂ ਲਈ 'ਹੈਵਨ ਹਾਊਸ' ਬਣਿਆ ਹੋਇਆ ਹੈ। ਮੇਰੇ ਵਰਗੇ ਐਮਰਜੈਂਸੀ ਵਾਲਿਆਂ ਨੂੰ ਉਥੇ ਕਮਰਾ ਮਿਲ ਜਾਂਦਾ ਹੈ। ਪੁਸ਼ਪਾ ਦਾ ਭਰਾ ਮੈਨੂੰ ਵਾਲਸਾਲ ਛੱਡ ਆਇਆ।



ਮੈਂ 'ਹੈਵਨ ਹੋਮ' ਦੇ ਦਫਤਰ ਵਿਚ ਜਾ ਕੇ ਆਪਣੀ ਹਾਲਤ ਦੱਸੀ। ਉਹਨਾਂ ਮੇਰਾ ਨਾਂ ਵਗੈਰਾ ਲਿਖ ਕੇ ਮੈਨੂੰ ਇਕ ਨਿੱਕਾ ਜਿਹਾ ਕਮਰਾ ਦੇ ਦਿਤਾ। ਬੇਘਰਿਆਂ ਨੂੰ ਸਹਾਰਾ ਦੇਣ ਵਾਲੇ ਇਸ ਘਰ ਦਾ ਨਾਂ ਹੈਵਨ ਹੋਮ ਸੀ, ਜਾਣੀ ਕਿ ਸਵਰਗ-ਘਰ ਪਰ ਇਹ ਨਿਰਾ ਹੀ ਨਰਕ-ਘਰ ਦਿਸ ਰਿਹਾ ਸੀ। ਭੈੜਾ ਜਿਹਾ ਮੁਸ਼ਕ ਉਠਿਆ ਪਿਆ ਸੀ। ਸਿਗਰਟਾਂ ਦੀ ਹਵਾੜ੍ਹ ਵੀ ਹਵਾ ਵਿਚ ਤਾਰੀ ਸੀ। ਇਸ ਵਿਚ ਰਹਿਣ ਵਾਲੀਆਂ ਸਾਰੀਆਂ ਔਰਤਾਂ ਹੀ ਸਨ। ਪਤੀਆਂ ਦੀਆਂ ਸਤਾਈਆਂ ਹੋਈਆਂ ਔਰਤਾਂ। ਬਹੁਤੀਆਂ ਨੌਜਵਾਨ ਕੁੜੀਆਂ ਹੀ ਸਨ, ਬੱਚਿਆਂ ਵਾਲੀਆਂ। ਸਾਰੇ ਰੰਗਾਂ ਦੀਆਂ ਹੀ ਕੁੜੀਆਂ ਸਨ। ਉਹਨਾਂ ਵਲ ਦੇਖ ਕੇ ਮੈਨੂੰ ਤਾਂ ਉਵੇਂ ਹੀ ਹੋਰ ਤਰ੍ਹਾਂ ਮਹਿਸੂਸ ਹੋਈ ਜਾ ਰਿਹਾ ਸੀ। ਅਜੀਬ ਜਗਾਹ ਆ ਗਈ ਸਾਂ ਮੈਂ। ਮੈਂ ਕਿਸੇ ਨਾ ਕਿਸੇ ਤਰ੍ਹਾਂ ਰਾਤ ਕੱਟੀ। ਰਾਤ ਨੂੰ ਹੀ ਜਸਬੀਰ ਦਾ ਫੋਨ ਆ ਗਿਆ। ਅਸੀਂ ਫਿਰ ਇਸ ਸਥਿਤੀ 'ਤੇ ਖੁਲ੍ਹ ਕੇ ਹੱਸੀਆਂ। ਹੱਸਣ ਬਿਨਾਂ ਹੋਰ ਕਰ ਵੀ ਕੀ ਸਕਦੀਆਂ ਸੀ। ਜੋ ਵੀ ਸੀ ਇਹ ਸਥਿਤੀ ਚੰਦਨ ਸਾਹਿਬ ਦੇ ਘਰ ਤੋਂ ਬੁਰੀ ਨਹੀਂ ਸੀ। ਘਟੋ ਘੱਟ ਸੈਂਟਰਲ ਹੀਟਿੰਗ ਤਾਂ ਲੱਗੀ ਹੋਈ ਸੀ।

ਅਗਲੀ ਸਵੇਰ ਹੀ ਮੇਰੀ ਕਹਾਣੀ ਸੁਣਨ ਲਈ ਤੇ ਮੇਰੀ ਮਦਦ ਕਰਨ ਲਈ ਸੋਸ਼ਲ ਵਰਕਰ ਆ ਗਈ। ਉਸ ਨੇ ਤਫਸੀਲ ਨਾਲ ਮੇਰੀ ਸਾਰੀ ਕਹਾਣੀ ਸੁਣੀ ਤੇ ਕੇਸ ਤਿਆਰ ਕਰਨ ਲੱਗੀ। ਉਹ ਬੋਲੀ,

"ਤੇਰਾ ਕੇਸ ਐਬਿਊਜ਼ ਦਾ ਕੇਸ ਏ ਤੇ ਬਹੁਤ ਮਜ਼ਬੂਤ ਏ, ਅਸੀਂ ਤੈਨੂੰ ਰਹਿਣ ਲਈ ਫਲੈਟ ਵੀ ਦਵਾ ਦੇਵਾਂਗੇ ਪਰ ਤੈਨੂੰ ਵਾਲਸਾਲ ਵਿਚ ਮੂਵ ਹੋਣਾ ਪਵੇਗਾ।"

"ਨਹੀਂ, ਮੈਂ ਵਾਲਸਾਲ ਨਹੀਂ ਮੂਵ ਨਹੀਂ ਹੋ ਸਕਦੀ ਕਿਉਂਕਿ ਮੇਰੀ ਤਾਂ ਜੌਬ ਉਥੇ ਵੇ।"

"ਜੌਬ ਤਾਂ ਤੈਨੂੰ ਛੱਡਣੀ ਪਏਗੀ ਪਰ ਜੌਬ ਜਿੰਨੇ ਅਸੀਂ ਤੈਨੂੰ ਬੈਨੇਫਿੱਟ ਵੀ ਲਵਾ ਦੇਣੇ ਆਂ।"

"ਮੈਂ ਬੈਨੇਫਿੱਟ ਦੇ ਸਿਰ ਤੇ ਨਹੀਂ ਰਹਿਣਾ ਚਾਹੁੰਦੀ।"

ਮੈਂ ਸਾਫ ਕਹਿ ਦਿਤਾ। ਉਹਨਾਂ ਨੂੰ ਮੇਰੇ ਨਾਲ ਕੋਈ ਹਮਦਰਦੀ ਨਹੀਂ ਸੀ। ਉਹਨਾਂ ਲਈ ਤਾਂ ਮੈਂ ਸਿਰਫ ਇਕ ਕੇਸ ਸਾਂ। ਸੋਸ਼ਲ ਵਰਕਰਜ਼ ਬਹੁਤੇ ਕੇਸ ਦਿਖਾਉਣਗੇ ਤਾਂ ਉਹਨਾਂ ਦਾ ਬਹੁਤਾ ਬੋਨਸ ਬਣੇਗਾ। ਮੈਂ ਹੈਵਨ ਹਾਊਸ ਦਾ ਕਮਰਾ ਛੱਡ ਦਿਤਾ। ਉਹਨਾਂ ਹਿਸਾਬ ਕਰਕੇ ਮੇਰੇ ਵੱਲ ਕੁਝ ਪੈਸੇ ਕੱਢ ਦਿਤੇ। ਜੇ ਮੈਂ ਕੰਮ ਨਾ ਕਰਦੀ ਹੁੰਦੀ ਤਾਂ ਇਹ ਸਭ ਮੁਫ਼ਤ ਵਿਚ ਹੁੰਦਾ ਪਰ ਨੌਕਰੀ ਕਰਦੀ ਹੋਣ ਕਰਕੇ ਮੈਨੂੰ ਬਿੱਲ ਅਦਾ ਕਰਨਾ ਪਿਆ। ਬਿੱਲ ਵੀ ਬਹੁਤਾ ਨਹੀਂ ਸੀ, ਸ਼ਾਇਦ ਸੈਂਤੀ ਪੌਂਡ ਸਨ। ਮੈਂ ਪੁਸ਼ਪਾ ਨੂੰ ਫੋਨ ਕੀਤਾ। ਉਸ ਦਾ ਭਰਾ ਆ ਕੇ ਮੈਨੂੰ ਲੈ ਗਿਆ। ਹੁਣ ਮੈਂ ਕੁਝ ਦੇਰ ਪੁਸ਼ਪਾ ਦੇ ਘਰ ਹੀ ਰਹਿਣ ਦਾ ਫੈਸਲਾ ਕਰ ਲਿਆ।

ਮੈਂ ਤੇ ਚੰਦਨ ਸਾਹਿਬ ਨੇ ਇਕੱਠਿਆਂ ਅਮਰੀਕਾ ਜਾਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਜਸਬੀਰ ਵਾਰ ਵਾਰ ਸੱਦ ਰਹੀ ਸੀ। ਹੁਣ ਚੰਦਨ ਸਾਹਿਬ ਜਾਣਗੇ ਜਾਂ ਨਹੀਂ ਪਰ ਮੈਂ ਤਾਂ ਜਾਣਾ ਚਾਹੁੰਦੀ ਸਾਂ। ਉਧਰ ਡਾਕਟਰ ਸਾਧੂ ਸਿੰਘ ਨੂੰ ਮੇਰੀ ਹਾਲਤ ਦਾ ਪਤਾ ਚੱਲਿਆ ਤਾਂ ਉਹ ਜਸਬੀਰ ਨੂੰ ਕਹਿਣ ਲੱਗੇ ਕਿ ਦੇਵਿੰਦਰ ਨੂੰ ਕੁਝ ਦੇਰ ਲਈ ਓਸ ਸਥਿਤੀ ਤੋਂ ਦੂਰ ਚਲੇ ਜਾਣਾ ਚਾਹੀਦਾ ਹੈ। ਕੁਝ ਦਿਨਾਂ ਬਾਅਦ ਪੁਸ਼ਪਾ ਦਾ ਭਰਾ ਮੈਨੂੰ

ਅਮਰੀਕਾ ਜਾਣ ਵਾਲੀ ਫਲਾਈਟ ਚੜ੍ਹਾ ਆਇਆ।

## ਪੱਚੀ

ਮੈਂ ਦੋ ਹਫਤੇ ਅਮਰੀਕਾ ਰਹੀ। ਜਸਬੀਰ ਨਾਲ ਗੱਲਾਂ ਕਰਕੇ ਤਰੋ-ਤਾਜ਼ਾ ਹੋ ਗਈ। ਜਿੰਨੇ ਦਿਨ ਅਮਰੀਕਾ ਰਹੀ ਚੰਦਨ ਸਾਹਿਬ ਗੈਰਹਾਜ਼ਰ ਰਹੇ ਪਰ ਗੈਰ ਹਾਜ਼ਰ ਵੀ ਕਿਥੋਂ ਸਨ, ਹਰ ਵੇਲੇ ਤਾਂ ਉਹਨਾਂ ਦੀਆਂ ਗੱਲਾਂ। ਹਰ ਵੇਲੇ ਉਹਨਾਂ ਦੇ ਸੁਫਨੇ। ਚੀਕ-ਚਿਹਾੜਾ, ਧੂੰਆਂ, ਸ਼ਰਾਬ ਦਾ ਮੁਸ਼ਕ ਤੇ ਹੋਰ ਪਤਾ ਨਹੀਂ ਕਿੰਨਾ ਕੁਝ। ਵਾਪਸ ਵੂਲਵਰਹੈਂਪਟਨ ਪੁੱਜ ਕੇ ਮੁੜ ਸਭ ਉਹੀ ਕੁਝ। ਫਿਰ ਵੀ ਖੁਸ਼ ਸਾਂ ਕਿ ਆਪਣੇ ਲੋਕਾਂ ਵਿਚ ਆ ਗਈ। ਚੰਦਨ ਸਾਹਿਬ ਤੋਂ ਬਿਨਾਂ ਸਾਰਾ ਸ਼ਹਿਰ ਹੀ ਆਪਣਾ ਲੱਗਦਾ ਸੀ। ਹਰ ਕੋਈ ਪਿਆਰ ਦਿੰਦਾ ਸੀ। ਹਰ ਕਿਸੇ ਨੂੰ ਮੇਰੇ ਨਾਲ ਹਮਦਰਦੀ ਸੀ। ਮੈਨੂੰ ਹਮਦਰਦੀ ਨਹੀਂ ਸੀ ਚਾਹੀਦੀ। ਹੁਣ ਮੈਂ ਆਪਣੇ ਲਈ ਜੀਣਾ ਸੀ। ਮੇਰੇ ਆਪੇ ਵਿਚ ਸਨ; ਸਾਹਿਤ, ਦੋਸਤ, ਮੇਰੀ ਨੌਕਰੀ ਤੇ ਮੇਰੇ ਹੋਰ ਆਪਣੇ।

ਮੈਂ ਕਿਰਾਏ 'ਤੇ ਰਹਿਣ ਲਈ ਘਰ ਲੱਭਣ ਲੱਗੀ। ਮਨਜੀਤ ਧਾਲੀਵਾਲ ਦੀ ਵਿਦਿਆਰਥਣ ਦਾ ਪਰਿਵਾਰ ਘਰ ਕਿਰਾਏ 'ਤੇ ਦੇਣਾ ਚਾਹੁੰਦਾ ਸੀ। ਮੈਂ ਜਾ ਕੇ ਘਰ ਦੇਖਿਆ। ਇਹ ਨਜ਼ਦੀਕ ਹੀ ਪੈਂਦਾ ਸੀ। ਮੈਨੂੰ ਘਰ ਬਹੁਤ ਹੀ ਪਸੰਦ ਆਇਆ। ਇਸ ਦਾ ਵੱਡਾ ਸਾਰਾ ਬਗੀਚਾ ਤਾਂ ਮੈਨੂੰ ਹਾਕਾਂ ਹੀ ਮਾਰਨ ਲੱਗ ਪਿਆ। ਜਦ ਕਿਰਾਇਆ ਪੁੱਛਿਆ ਤਾਂ ਸੌ ਪੌਂਡ ਪ੍ਰਤੀ ਹਫਤਾ। ਮੇਰੇ ਲਈ ਇਹ ਬਹੁਤ ਜ਼ਿਆਦਾ ਸੀ ਪਰ ਘਰ ਅਜਿਹਾ ਸੀ ਕਿ ਮੈਂ 'ਹਾਂ' ਕਰ ਦਿਤੀ। ਮੇਰੀ ਤਾਂ ਬਹੁਤੀ ਤਨਖਾਹ ਕਿਰਾਇਆ ਹੀ ਖਿੱਚ ਲੈ ਜਾਵੇਗਾ। ਫਿਰ ਸੋਚਿਆ ਕਿ ਨਾਲ ਕਿਸੇ ਹੋਰ ਨੂੰ ਰੱਖ ਲਵਾਂਗੀ ਤੇ ਭਾਰ ਵੰਡਿਆ ਜਾਵੇਗਾ। ਮੈਂ ਕਿਰਾਇਆ ਦਿਤਾ ਤੇ ਘਰ ਦੀ ਚਾਬੀ ਲੈ ਲਈ। ਮੈਨੂੰ ਲੱਗ ਰਿਹਾ ਸੀ ਕਿ ਇਹੋ ਮੇਰੇ ਸੁਫਨਿਆਂ ਦਾ ਘਰ ਸੀ। ਹੁਣ ਤਕ ਆਪਣੇ ਘਰ ਦੇ ਸੁਫਨੇ ਵਿਚੋਂ 'ਪਤੀ' ਨੂੰ ਮੈਂ ਮਨਫੀ ਕਰ ਚੁੱਕੀ ਸਾਂ। ਮੈਂ ਇਸੇ ਘਰ ਵਿਚ ਬਹਿ ਕੇ ਕਵਿਤਾ ਵੀ ਲਿਖੀ, ਜਿਸ ਦਾ ਨਾਂ ਹੀ 'ਘਰ' ਸੀ। ਉਹ ਕਵਿਤਾ ਕੁਝ ਇਸ ਤਰ੍ਹਾਂ ਸੀ:-

"ਇਹ ਮੇਰਾ ਘਰ ਹੈ
ਕਿਰਾਏ ਦਾ ਮਕਾਨ ਹੈ

ਇਕੱਲਤਾ ਦਾ ਹਮਸਫ਼ਰ
ਤੜਕਸਾਰ ਪੰਛੀਆਂ ਦੀ
ਗੁਟਰਗੂੰ ਦਾ ਬਗ਼ੀਚਾ
ਸਾਹਾਂ ਦੀ ਖਾਮੋਸ਼ ਧੜਕਣ ਦੀ ਖ਼ੈਰਗਾਹ
ਵਕਤ ਦੀਆਂ ਹਨੇਰੀਆਂ ਤੋਂ ਬਚਾਉਂਦਾ
ਤਿੜਕੀਆਂ ਕੰਧਾਂ ਸਮੇਤ



ਹਰ ਸਵੇਰ ਮੈਨੂੰ ਸੁੱਖ ਨਾਲ ਤੋਰਦਾ
ਹਰ ਸ਼ਾਮ
ਸਰਦਲ ਬਣ ਮੇਰੀ ਉਡੀਕ 'ਚ ਹੁੰਦਾ
ਝੁਲਸੇ ਸੁਪਨਿਆਂ ਦੀ ਮਲ੍ਹਮ ਬਣਦਾ
ਚੌਰਾਹੇ ਦੀ ਭੀੜ 'ਚੋਂ ਬਚਾ
ਆਪਣੀ ਬੁੱਕਲ 'ਚ ਸਾਂਭਦਾ
ਇਹ ਮੇਰੀ ਸਵੇਰ ਦੀ ਬੰਦਗੀ ਦੀ ਅਰਦਾਸ ਹੁੰਦਾ
ਇਹ ਮੇਰੀ ਰਾਤ ਦੀ ਨੀਂਦ ਦਾ ਬਿਸਤਰ ਹੁੰਦਾ

ਇਹ ਮੇਰਾ ਘਰ ਹੈ
ਕਿਰਾਏ ਦਾ ਮਕਾਨ ਹੈ।"

ਚੰਦਨ ਸਾਹਿਬ ਦੇ ਘਰ ਮੇਰਾ ਕਾਫੀ ਸਾਰਾ ਸਮਾਨ ਪਿਆ ਸੀ। ਮੇਰਾ ਟੇਬਲ ਸੀ, ਟੈਲੀਵੀਯਨ ਸੀ, ਕਰੌਕਰੀ ਸੀ, ਕਪੜੇ ਸਨ ਤੇ ਕੁਝ ਹੋਰ ਵੀ। ਇਹ ਸਾਰਾ ਸਮਾਨ ਮੇਰੇ ਫਲੈਟ ਵਿਚੋਂ ਆਇਆ ਸੀ। ਮੈਂ ਆਪਣੀ ਇਕ ਵਿਦਿਆਰਥਣ ਦੋਸਤ ਨਸਰੀਨ ਨਾਲ ਇਸ ਬਾਰੇ ਗੱਲ ਕੀਤੀ। ਉਸ ਦੇ ਭਰਾਵਾਂ ਦਾ ਫਰਨੀਚਰ ਦਾ ਕਾਰੋਬਾਰ ਸੀ ਇਸ ਲਈ ਉਹਨਾਂ ਕੋਲ ਵੱਡੀ ਵੈਨ ਵੀ ਸੀ। ਨਸਰੀਨ ਆਪਣੇ ਭਰਾਵਾਂ ਨੂੰ ਨਾਲ ਲੈ ਕੇ ਮੇਰਾ ਸਾਰਾ ਸਮਾਨ ਚੁੱਕ ਲਿਆਈ। ਮੈਂ ਆਪਣੀ ਕਾਰ ਤਾਂ ਪਹਿਲਾਂ ਹੀ ਲੈ ਆਈ ਸਾਂ। ਮੇਰੇ ਕਾਰ ਦੇ ਪੇਪਰ ਚੰਦਨ ਸਾਹਿਬ ਕੋਲ ਹੀ ਸਨ। ਇਕ ਦਿਨ ਮੈਂ ਉਹਨਾਂ ਨੂੰ ਫੋਨ ਕੀਤਾ ਕਿ ਪੇਪਰ ਮੈਨੂੰ ਪੋਸਟ ਕਰ ਦੇਣ ਪਰ ਉਹ ਆਪ ਹੀ ਆ ਗਏ। ਮੈਂ ਦਰਵਾਜ਼ੇ ਵਿਚੋਂ ਹੀ ਪੇਪਰ ਲਏ। ਉਹਨਾਂ ਨੇ ਪੇਪਰ ਦੇ ਕੇ ਮੇਰੇ ਵਲ ਨੂੰ ਪੈਰ ਵਧਾਇਆ ਪਰ ਮੈਂ 'ਥੈਂਕਿਊ' ਆਖ ਕੇ ਦਰਵਾਜ਼ਾ ਬੰਦ ਕਰ ਲਿਆ।

ਮੇਰੀ ਪਹਿਲੇ ਵਾਲੀ ਪ੍ਰਗਤੀਸ਼ੀਲ ਲਿਖਾਰੀ ਸਭਾ ਦੇ ਮੈਂਬਰਾਂ ਤਕ ਵੀ ਇਸ ਅਲਹਿਦਗੀ ਦੀ ਖ਼ਬਰ ਪੁੱਜ ਚੁੱਕੀ ਸੀ। ਡਾਕਟਰ ਮਹਿੰਦਰ ਗਿੱਲ ਤਾਂ ਮੇਰਾ ਜੀ. ਪੀ. ਸੀ। ਸਭਾ ਦੇ ਸਾਰੇ ਮੈਂਬਰ ਹੀ ਸਮਝਦੇ ਸਨ ਕਿ ਮੈਨੂੰ ਚੰਦਨ ਸਾਹਿਬ ਕਰਕੇ ਹੀ ਉਹਨਾਂ ਤੋਂ ਦੂਰ ਹੋਣਾ ਪਿਆ ਸੀ। ਉਹਨਾਂ ਨੇ ਮੈਨੂੰ ਮੁੜ ਕੇ ਸਭਾ ਵਿਚ ਲੈ ਲਿਆ। ਮੈਂ ਉਹਨਾਂ ਦੀਆਂ ਮੀਟਿੰਗਾਂ ਵਿਚ ਹਿੱਸਾ ਲੈਣ ਲੱਗੀ।

ਅਗਲੀਆਂ ਗਰਮੀਆਂ ਵਿਚ ਲੈਸਟਰ ਵਾਲੀ ਲਿਖਾਰੀ ਸਭਾ ਨੇ ਇੰਟਰਨੈਸ਼ਨਲ ਕਾਨਫਰੰਸ ਕਰਵਾਈ। ਮੈਂ ਵੀ ਇਹਦੇ ਵਿਚ ਹਿੱਸਾ ਲਿਆ। ਚੰਦਨ ਸਾਹਿਬ ਵੀ ਇਥੇ ਆਏ। ਹੁਣ ਮੇਰੇ ਲਈ ਉਹ ਇਕ ਓਪਰਾ ਬੰਦਾ ਸਨ। ਕਾਨਫਰੰਸ ਵਿਚ ਬਾਕੀ ਤਾਂ ਦੋਸਤ ਤੁਰੇ ਫਿਰਦੇ ਸਨ, ਉਹ ਤਾਂ ਹੁਣ ਦੋਸਤ ਵੀ ਨਹੀਂ ਸਨ। ਦੁਸ਼ਮਣੀ ਮੈਨੂੰ ਕਰਨੀ ਨਹੀਂ ਸੀ ਆਉਂਦੀ। ਮੇਰੀ ਇਕ ਸਹੇਲੀ ਮੈਨੂੰ ਆਖਦੀ ਹੁੰਦੀ ਸੀ ਕਿ ਦੇਵਿੰਦਰ, ਤੂੰ ਬਹੁਤ ਮੂਰਖ ਹੈਂ। ਜੇ ਮੈਂ ਤੇਰੇ ਥਾਂ 'ਤੇ ਹੁੰਦੀ ਤਾਂ ਇਸ ਜ਼ਾਲਮ ਤੋਂ ਐਸਾ ਬਦਲਾ ਲੈਂਦੀ ਕਿ ਇਸ ਨੂੰ ਸੜਕ 'ਤੇ ਲਿਆ ਦਿੰਦੀ। ਇਹਦਾ ਸਾਰਾ ਘਰ ਸਾਂਭਦੀ ਤੇ ਹਰ ਵੇਲੇ ਪੁਲੀਸ ਦਾ ਡਰ ਦੇ ਕੇ ਕਾਂਬਾ ਛੇੜੀ ਰੱਖਦੀ। ਸ਼ਾਇਦ ਉਹ ਸਹੇਲੀ ਸੱਚ ਕਹਿ ਰਹੀ ਸੀ ਪਰ ਮੈਂ ਅਜਿਹੀ ਨਹੀਂ

ਹਾਂ। ਮੇਰੇ ਤੋਂ ਇਹ ਸਭ ਨਹੀਂ ਕਰਿਆ ਜਾਂਦਾ। ਕਰਿਆ ਕੀ, ਸੋਚਿਆ ਵੀ ਨਹੀਂ ਜਾਂਦਾ। ਲੈਸਟਰ ਦੀ ਕਾਨਫਰੰਸ ਵਿਚ ਇੰਡੀਆ ਤੋਂ ਬਹੁਤ ਸਾਰੇ ਲੇਖਕ ਆਏ। ਦੋ ਦਿਨ ਇਹ ਕਾਨਫਰੰਸ ਚਲਦੀ ਰਹੀ। ਕਈ ਪਰਚੇ ਪੜ੍ਹੇ ਗਏ ਤੇ ਵਿਚਾਰੇ ਗਏ। ਮੇਰਾ ਕੰਮ ਕਵਿਤਾ ਉਪਰ ਜ਼ਿਆਦਾ ਹੋਣ ਕਰਕੇ ਕਵੀ ਮੇਰੇ ਨਾਲ ਬਹੁਤਾ ਜੁੜਦੇ ਸਨ। ਇਸ ਸਮੇਂ ਪੁੱਜੇ ਬਹੁਤ ਸਾਰੇ ਲੇਖਕ ਮੇਰੇ ਘਰ ਵੀ ਆਏ। ਇਕ ਸ਼ਾਮ ਦੀ ਮਹਿਫਲ ਮੇਰੇ ਘਰ ਰੱਖੀ ਗਈ। ਇਸ ਵਿਚ ਇੰਡੀਆ ਤੋਂ ਆਏ ਸਾਰੇ ਦੋਸਤਾਂ ਨੇ ਹਿੱਸਾ ਲਿਆ, ਖਾਸ ਤੌਰ 'ਤੇ ਕਵੀਆਂ ਨੇ। ਮੋਹਨਜੀਤ, ਪ੍ਰਮਿੰਦਰਜੀਤ, ਬਿਪਨਪ੍ਰੀਤ, ਭੁਪਿੰਦਰ ਪ੍ਰੀਤ, ਅੰਬਰੀਸ਼, ਪਰਮਜੀਤ, ਜਸਵੰਤ ਦੀਦ, ਦਰਸ਼ਨ ਬੁੱਟਰ, ਭੁਪਿੰਦਰ ਪਰਹਾਰ, ਭੁਪਿੰਦਰ ਸੱਗੂ, ਅਵਤਾਰਜੀਤ ਧੰਜਲ, ਵਿਕਰਮਜੀਤ, ਮਨਮੋਹਨ ਮਹੇੜੂ, ਮਨਜੀਤ ਟਿਵਾਣਾ, ਦਲਵੀਰ ਕੌਰ, ਗੱਲ ਕੀ ਕਿ ਜਿਹੜਾ ਵੀ ਕਵੀ ਕਾਨਫਰੰਸ ਵਿਚ ਸੀ ਉਹ ਉਸ ਸ਼ਾਮ ਮੇਰੇ ਘਰ ਵੀ ਸੀ। ਸਥਾਨਕ ਕਵੀ ਤਾਂ ਸਨ ਹੀ। ਇਹਨਾਂ ਵਿਚੋਂ ਬਹੁਤੇ ਸਵਰਨ ਚੰਦਨ ਨੂੰ ਵੀ ਮਿਲ ਕੇ ਆਏ ਸਨ ਜਾਂ ਜਾ ਕੇ ਮਿਲਣਾ ਸੀ। ਉਹ ਸ਼ਾਮ ਬਹੁਤ ਹੀ ਖ਼ੂਬਸੂਰਤ ਸ਼ਾਮ ਸੀ। ਹਰ ਕਵੀ ਨੇ ਆਪਣੀਆਂ ਕਵਿਤਾਵਾਂ ਤੇ ਗੀਤਾਂ ਨਾਲ ਅਜਿਹਾ ਰੰਗ ਬੰਨਿਆਂ ਕਿ ਛੋਟੇ ਸਾਈਜ਼ ਦਾ ਕਮਰਾ ਸ਼ਾਇਰੀ ਦਾ ਮੰਦਰ ਬਣ ਗਿਆ ਜੋ ਹਾਲੇ ਤਕ ਚੇਤਿਆਂ ਵਿਚ ਖੁਣਿਆਂ ਪਿਆ ਹੈ। ਮੈਂ ਖਾਣੇ ਦਾ ਵੀ ਇੰਤਜ਼ਾਮ ਕੀਤਾ ਤੇ ਸ਼ਰਾਬ ਦਾ ਵੀ। ਭੁਪਿੰਦਰ ਸੱਗੂ ਤੇ ਹੋਰ ਦੋਸਤਾਂ ਨੇ ਇਸ ਮਾਮਲੇ ਵਿਚ ਮੇਰੀ ਮੱਦਦ ਕਰ ਦਿਤੀ ਸੀ। ਬਾਅਦ ਵਿਚ ਦੋਸਤਾਂ ਨੇ ਇਸ ਸ਼ਾਮ ਬਾਰੇ ਆਰਟੀਕਲ ਵੀ ਲਿਖੇ।...

ਦੋ ਕੁ ਮਹੀਨੇ ਬਾਅਦ ਦੀ ਗੱਲ ਹੈ ਕਿ ਮੇਰਾ ਇਕ ਵਿਦਿਆਰਥੀ ਇੰਡੀਆ ਜਾ ਰਿਹਾ ਸੀ। ਉਸ ਨੇ ਜਲੰਧਰ ਜਾਣਾ ਸੀ ਪਰ ਦਿੱਲੀ ਉਤਰਨਾ ਸੀ। ਮੈਂ ਉਸ ਨੂੰ ਕਿਹਾ ਕਿ ਇਕ ਰਾਤ ਦਿੱਲੀ, ਸਾਡੇ ਫਲੈਟ ਵਿਚ ਰੁਕਦਾ ਜਾਵੀਂ। ਚਾਬੀ ਮੇਰੀ ਭਰਜਾਈ ਤੋਂ ਲੈ ਲਵੀਂ। ਉਹ ਚਲੇ ਗਿਆ। ਜਦ ਉਹ ਚਾਬੀ ਲਗਾਉਣ ਲੱਗਿਆ ਤਾਂ ਚਾਬੀ ਲੱਗੇ ਹੀ ਨਾ। ਉਸ ਨੇ ਦਰਵਾਜ਼ਾ ਖੜਕਾਇਆ ਤਾਂ ਚੰਦਨ ਸਾਹਬ ਅੰਦਰੋਂ ਨਿਕਲੇ।

## ਛੱਬੀ

ਇਸ ਘਰ ਦਾ ਕਿਰਾਇਆ ਬਹੁਤ ਸੀ। ਮੈਂ ਕੌਂਸਲ ਦੇ ਫਲੈਟ ਲਈ ਅਪਲਾਈ ਕਰ ਦਿਤਾ। ਕੌਂਸਲ ਦੇ ਕਿਰਾਏ ਘੱਟ ਹੁੰਦੇ ਹਨ। ਕੌਂਸਲ ਨੇ ਮੈਨੂੰ ਘਰ ਤਾਂ ਦੇਣਾ ਨਹੀਂ ਸੀ, ਮੇਰੇ ਜੋਗਾ ਫਲੈਟ ਹੀ ਕਾਫੀ ਹੋਣਾ ਸੀ। ਮੈਂ ਅਪਲਾਈ ਤਾਂ ਕਰ ਦਿਤਾ ਪਰ ਪਤਾ ਨਹੀਂ ਕਦ ਮਿਲਣਾ ਸੀ। ਮਿਲਣਾ ਵੀ ਸੀ ਜਾਂ ਨਹੀਂ। ਹਰ ਕੋਈ ਕੌਂਸਲ ਦਾ ਘਰ ਜਾਂ ਫਲੈਟ ਚਾਹੁੰਦਾ ਸੀ। ਇਸ ਘਰ ਦੇ ਕਿਰਾਏ ਦਾ ਭਾਰ ਘਟਾਉਣ ਲਈ ਮੈਂ ਕੁਝ ਕੁੜੀਆਂ ਨਾਲ ਰੱਖ ਲਈਆਂ। ਇਹ ਈ. ਐਫ. ਨਾਂ ਦੀ ਔਰਗੇਨਾਈਜੇਸ਼ਨ ਦੇ ਅਧੀਨ ਸਕੂਲਾਂ ਵਿਚ ਇਕ ਸਾਲ ਦਾ ਅੰਗਰੇਜ਼ੀ ਦਾ ਕੋਰਸ ਕਰਨ ਆਈਆਂ ਹੋਈਆਂ ਸਨ। ਇਵੇਂ ਯੌਰਪ ਤੋਂ ਤੇ ਹੋਰਨਾਂ ਮੁਲਕਾਂ ਤੋਂ ਵਿਦਿਆਰਥੀ ਆਉਂਦੇ ਹੀ ਰਹਿੰਦੇ ਹਨ। ਮੈਨੂੰ ਤਿੰਨ ਕੁੜੀਆਂ ਮਿਲ ਗਈਆਂ। ਇਕ ਜਰਮਨ, ਇਕ ਡੈਨਿਸ਼ ਤੇ ਇਕ ਬਰਾਜ਼ੀਲੀਅਨ। ਤਿੰਨੋਂ ਹੀ ਆਪਣੀ ਟੀਨ ਏਜ



ਵਿਚ ਸਨ ਤੇ ਸਨ ਵੀ ਪੂਰੀਆਂ ਚੁਲਬੁਲੀਆਂ। ਹਰ ਵੇਲੇ ਏਧਰ-ਓਧਰ ਭੱਜੀਆਂ ਫਿਰਦੀਆਂ ਤੇ ਘਰ ਵਿਚ ਰੌਣਕਾਂ ਲਾਈ ਰੱਖਦੀਆਂ। ਇਹਨਾਂ ਵਿਚੋਂ ਬਰਾਜ਼ੀਲੀਅਨ ਕੁੜੀ ਤਾਂ ਮੈਨੂੰ ਮੌਮ ਹੀ ਕਹਿਣ ਲੱਗ ਪਈ। ਬੱਚੇ ਮੈਨੂੰ ਹਮੇਸ਼ਾ ਚੰਗੇ ਲੱਗਦੇ ਹਨ, ਸਗੋਂ ਬੱਚਿਆਂ ਲਈ ਇਕ ਤੜਫਨ ਮੇਰੇ ਅੰਦਰ ਹਮੇਸ਼ਾ ਸੁਲਗਦੀ ਰਹਿੰਦੀ ਹੈ। ਬਹੁਤ ਪਹਿਲਾਂ ਜਿਹੜਾ ਅਬੌਰਸ਼ਨ ਚੰਦਨ ਸਾਹਿਬ ਨੇ ਮੇਰਾ ਕਰਵਾ ਦਿਤਾ ਸੀ ਉਸ ਦੀ ਟੀਸ ਹਾਲੇ ਵੀ ਮੇਰੇ ਅੰਦਰ ਟਸਕਦੀ ਸੀ। ਇਸ ਬਾਰੇ ਮੈਂ ਇਕ ਕਵਿਤਾ ਲਿਖੀ ਸੀ ਜਿਸ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ:-

"ਸੁਪਨੇ ਵਿਚ ਬੱਚੇ ਦਾ ਸ਼ਬਦ
ਮੂੰਹ ਵਿਚ ਆਉਂਦਿਆਂ ਹੀ
ਅੰਗੂਠੇ ਵਿਚ ਸੂਈ ਚੁਭਦੀ ਹੈ
ਤ੍ਰਭਕ ਕੇ ਅੱਖ ਖੁੱਲਦੀ ਹੈ
ਤੇ
ਨਜ਼ਮ ਬਣਨ ਲਗਦੀ ਹੈ"

ਇਹਨਾਂ ਕੁੜੀਆਂ ਨਾਲ ਲੱਗੀ ਘਰ ਵਿਚ ਰੌਣਕ ਦਾ ਦੂਜਾ ਪਾਸਾ ਵੀ ਸਹਿਜੇ ਹੀ ਦਿੱਸਣ ਲੱਗ ਪਿਆ। ਇਕ ਤਾਂ ਇਹ ਸਫਾਈ ਦਾ ਬਿਲਕੁਲ ਧਿਆਨ ਨਹੀਂ ਸਨ ਰੱਖਦੀਆਂ ਦੂਜੇ ਘਰ ਦੀ ਕਿਸੇ ਚੀਜ਼ ਦੀ ਪ੍ਰਵਾਹ ਵੀ ਨਹੀਂ ਸਨ ਕਰਦੀਆਂ। ਇਕ ਵਾਰ ਮੇਰੇ ਸਕਾਈ-ਟੈਲੀ ਦਾ ਬਿੱਲ ਬਹੁਤ ਹੀ ਜ਼ਿਆਦਾ ਆ ਗਿਆ। ਹੁੰਦਾ ਇਹ ਸੀ ਕਿ ਰਾਤ ਨੂੰ ਉੱਠ ਉਹ ਫਿਲਮਾਂ ਦੇਖਦੀਆਂ ਰਹਿੰਦੀਆਂ ਸਨ। ਮੇਰੇ ਸਾਰੇ ਕਾਗਜ਼-ਪੱਤਰ ਟੈਲੀ ਉਪਰ ਹੀ ਪਏ ਰਹਿੰਦੇ ਸਨ, ਉਹਨਾਂ ਵਿਚੋਂ ਉਹਨਾਂ ਨੇ ਕੋਡ ਨੰਬਰ ਲੱਭ ਲਿਆ ਹੋਇਆ ਸੀ। ਮੈਂ ਬਿੱਲ ਦਿਖਾਇਆ ਤਾਂ ਮੰਨਣ ਹੀ ਨਾ। ਮੈਂ ਔਰਗੇਨਾਈਜੇਸ਼ਨ ਕੋਲ ਸ਼ਿਕਾਇਤ ਕਰਨ ਦੀ ਧਮਕੀ ਦਿਤੀ ਤਾਂ ਉਹ ਮੰਨ ਗਈਆਂ ਤੇ ਰਲ਼ ਕੇ ਬਿੱਲ ਅਦਾ ਕਰ ਦਿਤਾ।

ਦੋ ਹੋਰ ਗੱਲਾਂ ਦੀ ਉਹਨਾਂ ਨੂੰ ਮੈਂ ਮਨਾਹੀ ਕੀਤੀ ਹੋਈ ਸੀ ਕਿ ਇਕ ਤਾਂ ਉਹ ਕਿਸੇ ਬੁਆਏ ਫ੍ਰੈਂਡ ਨੂੰ ਘਰ ਨਹੀਂ ਲਿਆਉਣਗੀਆਂ ਤੇ ਦੂਜੇ ਘਰ ਵਿਚ ਸਿਗਰਟ ਨਹੀਂ ਪੀਣਗੀਆਂ ਤੇ ਰਾਤ ਨੂੰ ਘਰ ਵੀ ਜਲਦੀ ਆਉਣਗੀਆਂ। ਇਕ ਦਿਨ ਮੈਂ ਜਲਦੀ ਉਠੀ ਤਾਂ ਡੈਨਿਸ਼ ਕੁੜੀ ਦੇ ਕਮਰੇ ਵਿਚੋਂ ਇਕ ਮੁੰਡਾ ਨਿਕਲਿਆ। ਮੈਨੂੰ ਬਹੁਤ ਗੁੱਸਾ ਆਇਆ। ਉਸ ਮੁੰਡੇ ਨੂੰ ਤਾਂ ਕੁਝ ਨਾ ਕਿਹਾ ਪਰ ਕੁੜੀ ਨੂੰ ਬੁਲਾ ਲਿਆ ਤੇ ਉਸ ਨੂੰ ਸ਼ਰਤਾਂ ਬਾਰੇ ਦੱਸਿਆ। ਉਸ ਨੇ ਬੁਆਏ ਫ੍ਰੈਂਡ ਤਾਂ ਮੁੜ ਕੇ ਨਾ ਲਿਆਂਦਾ ਪਰ ਰਾਤ ਨੂੰ ਲੇਟ ਘਰ ਆਉਣ ਲੱਗੀ।

ਇਕ ਦਿਨ ਮੈਂ ਬਰਾਜ਼ੀਲੀਅਨ ਕੁੜੀ ਗੈਬੀ ਨੂੰ ਸਿਗਰਟਾਂ ਪੀਂਦੀ ਨੂੰ ਦੇਖ ਲਿਆ। ਇਕ ਤਾਂ ਉਹ ਮੈਨੂੰ ਮੌਮ ਕਹਿੰਦੀ ਹੋਣ ਕਰਕੇ ਦੂਜੇ ਮੈਨੂੰ ਸਿਗਰਟ ਨਾਲ ਉਵੇਂ ਹੀ ਨਫਰਤ ਸੀ, ਮੈਂ ਕੁੜੀ ਨੂੰ ਸਮਝਾਉਣ ਲੱਗ ਪਈ। ਮੇਰੀ ਗੱਲ ਤਾਂ ਉਹ ਧਿਆਨ ਨਾਲ ਸੁਣ ਰਹੀ ਸੀ ਪਰ ਉਹ ਗੱਲ ਨੂੰ ਮੰਨੇਗੀ ਵੀ ਜਾਂ ਨਹੀਂ ਇਸ ਬਾਰੇ ਕੁਝ ਨਹੀਂ ਸੀ ਪਤਾ। ਹੁਣ ਉਸ ਨੇ ਘਰ ਵਿਚ ਸਮੋਕ ਕਰਨਾ ਬੰਦ ਕਰ ਦਿਤਾ ਸੀ ਪਰ ਬਾਹਰ ਹਾਲੇ ਵੀ ਕਰਦੀ ਸੀ।

ਯੌਰਪੀਅਨ ਕੁੜੀਆਂ ਬਹੁਤ ਤੇਜ਼ ਸਨ ਪਰ ਇਹ ਕੁੜੀ ਬਹੁਤ ਚੰਗੀ ਸੀ। ਮੈਂ ਚਾਹੁੰਦੀ ਸਾਂ ਕਿ ਕਿਸੇ ਤਰ੍ਹਾਂ ਇਹ ਸਿਗਰਟਾਂ ਛੱਡ ਜਾਵੇ। ਔਰਗੇਨਾਈਜੇਸ਼ਨ ਵਾਲਿਆਂ ਨੇ ਮੈਨੂੰ ਕਿਹਾ ਕਿ ਜੇ ਕੁੜੀਆਂ ਪ੍ਰਤੀ ਕੋਈ ਛੋਟੀ ਮੋਟੀ ਸ਼ਿਕਾਇਤ ਹੈ ਤਾਂ ਇਹਨਾਂ ਦੇ ਮਾਪਿਆਂ ਨੂੰ ਫੋਨ ਕਰਕੇ ਦੱਸ ਦਿਓ। ਮੈਨੂੰ ਦੂਜੀਆਂ ਕੁੜੀਆਂ ਨਾਲੋਂ ਗੈਬੀ (ਮਾਰੀਲੀਆ ਮੈਲਚਿਊਰੀ) ਦਾ ਜ਼ਿਆਦਾ ਫਿਕਰ ਸੀ। ਇਹ ਉਮਰ ਕੋਈ ਸਿਗਰਟ ਪੀਣ ਦੀ ਥੋੜਾ ਸੀ। ਮੈਂ ਇਹ ਵੀ ਸੋਚਦੀ ਕਿ ਇਹ ਸਿਗਰਟ ਮੇਰੇ ਮਗਰ ਮਗਰ ਹੀ ਚੱਲੀ ਆ ਰਹੀ ਹੈ। ਮੈਂ ਗੈਬੀ ਨੂੰ ਬਹੁਤ ਰੋਕਦੀ ਪਰ ਉਹ ਰੁਕਦੀ ਹੀ ਨਾ। ਇਕ ਦਿਨ ਮੈਂ ਉਸ ਦੇ ਮਾਪਿਆਂ ਨੂੰ ਫੋਨ ਕਰ ਲਿਆ। ਉਹ ਕਹਿਣ ਲੱਗੇ ਕਿ ਜਿਵੇਂ-ਕਿਵੇਂ ਵੀ ਹੋਵੇ ਗੈਬੀ ਦੀ ਸਿਗਰਟ ਛੁਡਾਓ। ਮੈਂ ਗੈਬੀ ਉਪਰ ਦਬਾਅ ਰੱਖਣ ਲੱਗੀ। ਮੈਂ ਘਰ ਹੁੰਦੀ ਤਾਂ ਬਹੁਤਾ ਸਮਾਂ ਉਸ ਨੂੰ ਘਰ ਵਿਚ ਹੀ ਉਲਝਾਈ ਰੱਖਦੀ। ਇਵੇਂ ਉਸ ਨੂੰ ਸਮੋਕ ਕਰਨ ਦਾ ਸਮਾਂ ਨਾ ਮਿਲਦਾ। ਮੇਰੇ ਨਾਲ ਵਧੇਰੇ ਸਮਾਂ ਬਿਤਾਉਣ ਕਰਕੇ ਉਹ ਮੇਰੇ ਹੋਰ ਵੀ ਨੇੜੇ ਹੋਣ ਲੱਗੀ। ਹੌਲੀ ਹੌਲੀ ਉਸ ਦੀ ਸਿਗਰਟ ਛੁੱਟ ਗਈ। ਇਕ ਵਾਰ ਉਸ ਦੇ ਮਾਂਪਿਓ ਇੰਗਲੈਂਡ ਆਏ। ਉਹ ਉਚੇਚੇ ਤੌਰ 'ਤੇ ਮੈਨੂੰ ਮਿਲਣ ਆਏ ਸਨ। ਸਾਲ ਬਾਅਦ ਇਹ ਤਿੰਨੋਂ ਕੁੜੀਆਂ ਚਲੇ ਗਈਆਂ ਪਰ ਗੈਬੀ ਤੇ ਉਸ ਦੇ ਮਾਂਪਿਓ ਨਾਲ ਮੇਰਾ ਲੰਮੇ ਸਮੇਂ ਤਕ ਰਾਬਤਾ ਬਣਿਆ ਰਿਹਾ।

ਸਾਲ ਬਾਅਦ ਹੁਣ ਹੋਰ ਕੁੜੀਆਂ ਨੇ ਆ ਜਾਣਾ ਸੀ। ਮੈਂ ਸੋਚ ਰਹੀ ਸਾਂ ਕਿ ਇਸ ਵਾਰ ਸਿਰਫ ਦੋ ਹੀ ਕੁੜੀਆਂ ਰੱਖਾਂਗੀ। ਔਰਗੇਨਾਈਜੇਸ਼ਨ ਵਾਲੇ ਮੈਨੂੰ ਲਿਸਟ ਭੇਜਣ ਲੱਗੇ। ਇਹਨਾਂ ਦਿਨਾਂ ਵਿਚ ਹੀ ਚਿੱਠੀ ਆ ਗਈ ਕਿ ਕੌਂਸਲ ਦਾ ਇਕ ਫਲੈਟ ਖਾਲੀ ਹੋਇਆ ਹੈ ਜੇ ਮੈਂ ਲੈਣਾ ਚਾਹਾਂ ਤਾਂ ਲੈ ਸਕਦੀ ਹਾਂ। ਮੈਂ ਫਲੈਟ ਦੇਖਣ ਗਈ। ਇਹ ਤਾਂ ਬਿਲਕੁਲ ਹੀ ਨਜ਼ਦੀਕ ਸੀ, ਸਿਰਫ ਸੜਕ-ਪਾਰ। ਜਲਦੀ ਹੀ ਮੈਂ ਕਿਰਾਏ ਦਾ ਘਰ ਛੱਡ ਕੇ ਆਪਣੇ ਫਲੈਟ ਵਿਚ ਆ ਗਈ। ਹਾਲਾਂਕਿ ਇਹ ਵੀ ਕਿਰਾਏ ਦਾ ਫਲੈਟ ਹੀ ਸੀ ਪਰ ਇਸਦਾ ਕਿਰਾਇਆ ਘਰ ਦੇ ਕਿਰਾਏ ਨਾਲੋਂ ਅੱਧਾ ਸੀ ਜਿਹੜਾ ਦੇਣਾ ਮੇਰੇ ਲਈ ਔਖਾ ਨਹੀਂ ਸੀ।

## ਸਤਾਈ

ਇਕ ਦਿਨ ਮੈਨੂੰ ਦਿੱਲੀ ਦੇ ਕਿਸੇ ਵਕੀਲ ਦੀ ਚਿੱਠੀ ਆਈ। ਇਹ ਚਿੱਠੀ ਚੰਦਨ ਸਾਹਿਬ ਵਲੋਂ ਭਿਜਵਾਈ ਗਈ ਸੀ। ਲਿਖਿਆ ਸੀ ਕਿ ਮੈਂ ਦਿੱਲੀ ਵਾਲੇ ਫਲੈਟ ਤੋਂ ਦੂਰ ਰਹਾਂ, ਜੇ ਇਸ ਉਪਰ ਕਿਸੇ ਤਰ੍ਹਾਂ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਸ ਦੇ ਨਤੀਜੇ ਬੁਰੇ ਹੋਣਗੇ। ਜ਼ਾਹਰ ਸੀ ਕਿ ਚੰਦਨ ਸਾਹਿਬ ਫਲੈਟ ਹੜੱਪਣਾ ਚਾਹੁੰਦੇ ਸਨ। ਮੈਨੂੰ ਪਤਾ ਚੱਲਿਆ ਕਿ ਚੰਦਨ ਸਾਹਿਬ ਨੇ ਜਦ ਉਸ ਫਲੈਟ ਦੇ ਤਾਲੇ ਤੋੜ ਕੇ ਉਸ ਉਪਰ ਕਬਜ਼ਾ ਕੀਤਾ ਤਾਂ ਡਾਕਟਰ ਜਗਬੀਰ ਸਿੰਘ ਵੀ ਨਾਲ ਹੀ ਸਨ। ਇਕ ਵਾਰ ਤਾਂ ਮੈਨੂੰ ਬਹੁਤ ਦੁਖ ਹੋਇਆ। ਇਕ ਤਾਂ ਉਹ ਸਾਡੇ ਦੋਨਾਂ ਲਈ ਬਰਾਬਰ ਸਨ ਤੇ ਦੂਜੇ ਸਾਡੇ ਰਿਸ਼ਤੇਦਾਰ ਵੀ ਸਨ। ਉਹ ਮੇਰੇ ਹੱਕ ਵਿਚ ਨਾ ਖੜੋਂਦੇ ਪਰ ਇਵੇਂ ਮੇਰੇ ਨਾਲ ਹੋਣ ਵਾਲੀ ਜ਼ਬਰਦਸਤੀ ਵਿਚ ਵੀ ਸ਼ਾਮਲ ਨਾ ਹੁੰਦੇ। ਫਿਰ ਮੈਂ ਸੋਚਣ ਲੱਗੀ ਕਿ ਸ਼ਾਇਦ ਉਹਨਾਂ ਦੀ ਵੀ ਕੋਈ



ਮਜਬੂਰੀ ਹੋਵੇਗੀ। ਮੈਂ ਇੰਡੀਆ ਜਾਂਦੀ ਤਾਂ ਜਗਬੀਰ ਮਿਲਦੇ ਸਨ ਤਾਂ ਬਹੁਤ ਪਿਆਰ ਨਾਲ ਮਿਲਦੇ। ਮੈਂ ਕਦੇ ਵੀ ਕਿਸੇ ਗੱਲ ਦਾ ਜ਼ਿਕਰ ਨਾ ਕੀਤਾ। ਕਦੇ ਕਦੇ ਕੋਈ ਦੋਸਤ ਹਿਰਖ ਵਜੋਂ ਇਹ ਗੱਲ ਕਰ ਵੀ ਦਿੰਦਾ ਤਾਂ ਮੈਂ ਅਣਗੌਲ ਦਿੰਦੀ।...

ਇਕ ਦਿਨ ਅਮਨਦੀਪ ਦਾ ਫੋਨ ਆਇਆ ਕਿ ਉਹ ਮੈਨੂੰ ਮਿਲਣ ਆ ਰਹੇ ਹਨ। ਮੈਂ ਹੈਰਾਨ ਸਾਂ ਕਿ ਉਹ ਕਿਵੇਂ ਆ ਰਹੇ ਸਨ। ਪਹਿਲੀ ਤਾਂ ਮੈਨੂੰ ਇਹੋ ਹੈਰਾਨੀ ਸੀ ਕਿ ਮੇਰਾ ਫੋਨ ਨੰਬਰ ਉਹਨਾਂ ਕਿਥੋਂ ਲੈ ਲਿਆ, ਦੂਜੀ ਗੱਲ ਕਿ ਉਹਨਾਂ ਨੇ ਮੇਰੇ ਤੋਂ ਕੀ ਲੈਣਾ ਸੀ। ਅਮਨਦੀਪ ਦਾ ਭਾਵੇਂ ਆਪਣੇ ਪਿਓ ਨਾਲ ਹਰ ਵੇਲੇ ਝਗੜਾ ਚਲਦਾ ਹੀ ਰਹਿੰਦਾ ਸੀ ਪਰ ਉਹ ਫਿਰ ਇਕ ਹੋ ਜਾਂਦੇ ਸਨ। ਚੰਦਨ ਸਾਹਿਬ ਨੂੰ ਵੀ ਸ਼ਾਇਦ ਪੋਤੇ ਦੀ ਖਿੱਚ ਪੈਂਦੀ ਹੋਵੇਗੀ। ਉਹਨਾਂ ਮੂੰਹੋਂ ਅਮਨਦੀਪ ਬਾਰੇ ਮੈਂ ਕਦੇ ਵੀ ਚੰਗੇ ਸ਼ਬਦ ਨਹੀਂ ਸਨ ਸੁਣੇ। ਜੋ ਵੀ ਸੀ ਪਰ ਉਹ ਪਿਓ-ਪੁੱਤਰ ਸਨ। ਸ਼ਾਇਦ ਚੰਦਨ ਸਾਹਿਬ ਨੇ ਹੀ ਉਸ ਨੂੰ ਭੇਜਣਾ ਹੋਵੇ ਕੋਈ ਭੇਦ ਜਾਣਨ ਲਈ। ਜੋ ਵੀ ਸੀ ਮੈਂ ਖ਼ੁਸ਼ ਸਾਂ ਕਿ ਉਹ ਆ ਰਹੇ ਸਨ। ਮੈਨੂੰ ਸਿੰਮੀ ਬਹੁਤ ਪਸੰਦ ਸੀ। ਅਨੀਸ਼ ਨਾਲ ਤਾਂ ਮੈਨੂੰ ਬਹੁਤ ਹੀ ਮੋਹ ਸੀ। ਛੋਟਾ ਜਿਹਾ ਹੁੰਦਾ ਹੀ ਰੂੰ ਜਿਹਾ ਮੇਰੇ ਹੱਥ ਵਿਚ ਖੇਡਿਆ ਸੀ ਕਦੇ। ਮੈਂ ਉਹਨਾਂ ਨੂੰ ਉਡੀਕਣ ਲੱਗੀ।

ਸਪਤਾਹ-ਅੰਤ 'ਤੇ ਉਹ ਆ ਗਏ। ਅਨੀਸ਼ ਹੁਣ ਥੋੜਾ ਥੋੜਾ ਤੁਰਨ ਲੱਗ ਪਿਆ ਸੀ। ਥੋੜਾ ਬਹੁਤ ਬੋਲਦਾ ਵੀ ਸੀ। ਉਸ ਦੀਆਂ ਮੋਟੀਆਂ ਮੋਟੀਆਂ ਅੱਖਾਂ ਬਿਲਕੁਲ ਚੰਦਨ ਸਾਹਿਬ ਵਰਗੀਆਂ ਸਨ। ਉਹ ਕਈ ਘੰਟੇ ਮੇਰੇ ਕੋਲ ਰਹੇ। ਉਹ ਦੋਨੋਂ ਚੰਦਨ ਸਾਹਿਬ ਦੇ ਖਿਲਾਫ ਬੋਲ ਰਹੇ ਸਨ। ਚੰਦਨ ਸਾਹਿਬ ਨੇ ਅਲਕਾ ਦੇ ਨਾਂ 'ਤੇ ਵਸੀਅਤ ਕਰਾ ਦਿਤੀ ਸੀ, ਇਸ ਗੱਲ 'ਤੇ ਉਹ ਹਿਰਖੇ ਪਏ ਸਨ। ਦਿੱਲੀ ਵਾਲੇ ਫਲੈਟ ਉਪਰ ਚੰਦਨ ਸਾਹਿਬ ਦੇ ਕਬਜ਼ੇ ਵਾਲੀ ਗੱਲ ਚੱਲੀ ਤਾਂ ਅਮਨਦੀਪ ਨੇ ਦੱਸਿਆ ਕਿ ਚੰਦਨ ਸਾਹਿਬ ਤਾਂ ਵੁਲਵਰਹੈਂਪਟਨ ਵਾਲਾ ਘਰ ਵੇਚ ਕੇ ਕਿਸੇ ਪਾਸੇ ਪੈਸੇ ਕੱਢਣ ਦੀਆਂ ਵਿਉਂਤਾਂ ਵੀ ਬਣਨ ਲੱਗੀਆਂ ਸਨ। ਮੈਨੂੰ ਹੱਥਾਂ-ਪੈਰਾਂ ਦੀਆਂ ਪੈ ਗਈਆਂ। ਮੇਰਾ ਦਿੱਲੀ ਵਾਲਾ ਫਲੈਟ ਵੀ ਗਿਆ ਤੇ ਇਸ ਘਰ ਵਿਚੋਂ ਵੀ ਮੈਨੂੰ ਕੁਝ ਨਹੀਂ ਮਿਲਣ ਲੱਗਿਆ। ਉਹ ਤਾਂ ਮਿਲ ਕੇ ਵਾਪਸ ਚਲੇ ਗਏ ਪਰ ਮੈਂ ਤੜਫਣ ਲੱਗੀ। ਮੈਂ ਉਸੇ ਵਕਤ ਹੀ ਫੈਸਲਾ ਕਰ ਲਿਆ ਕਿ ਮੈਂ ਆਪਣਾ ਹਿੱਸਾ ਲੈ ਕੇ ਰਹਾਂਗੀ। ਕੁਦਰਤੀ ਉਸੇ ਸ਼ਾਮ ਮੁਸ਼ਤਾਕ ਦਾ ਫੋਨ ਆ ਗਿਆ ਉਸਨੇ ਵੀ ਇਹੋ ਖ਼ਬਰ ਦਿੱਤੀ ਕਿ ਚੰਦਨ ਵੁਲਵਰਹੈਂਪਟਨ ਵਾਲਾ ਮਕਾਨ ਵੇਚ ਰਿਹਾ ਸੀ। ਨਾਲ ਹੀ ਮੁਸ਼ਤਾਕ ਦਾ ਮੈਨੂੰ ਇਹ ਕਹਿਣਾ ਕਿ ਮੈਂ ਕਿਹੜੀ ਦੁਨੀਆ ਵਿਚ ਤੁਰੀ ਫਿਰਦੀ ਹਾਂ, ਏਥੇ ਤਾਂ ਅਨਪੜ੍ਹ ਔਰਤਾਂ ਵੀ ਆਪਣੇ ਹੱਕ ਪਛਾਣਦੀਆਂ ਹਨ ਤੇ ਮੈਂ ਪੜ੍ਹੀ ਲਿਖੀ ਹੋ ਕੇ ਵੀ ਕੀ ਕਰ ਰਹੀ ਹਾਂ। ਉਸਦੀ ਆਵਾਜ਼ ਵਿਚ ਗੁੱਸਾ ਵੀ ਸੀ, ਹਮਦਰਦੀ ਵੀ ਤੇ ਅਪਣੱਤ ਵੀ। ਫੋਨ ਰੱਖ ਕੇ ਮੈਂ ਆਪਣੀ ਸਹੇਲੀ ਵਿਭਾ ਨੂੰ ਫੋਨ ਕੀਤਾ ਕਿ ਉਹ ਕਿਸੇ ਵਕੀਲ ਦੀ ਦੱਸ ਪਾਵੇ। ਉਹ ਅਗਲੇ ਦਿਨ ਇਕ ਜਾਣਕਾਰ ਵਕੀਲ ਸ਼ਰਮੇ ਨੂੰ ਲੈ ਕੇ ਮੇਰੇ ਕੋਲ ਆ ਗਈ। ਵਕੀਲ ਸ਼ਰਮੇ ਨੂੰ ਸਾਰਾ ਕੇਸ ਸਮਝਾਇਆ ਤੇ ਉਸਨੇ ਚੰਦਨ ਸਾਹਿਬ ਦੇ ਘਰ ਵੇਚਣ 'ਤੇ ਰੋਕ ਲਗਵਾ ਦਿੱਤੀ। ਦਿੱਲੀ ਵਾਲਾ ਫਲੈਟ ਵੇਚਣ ਤੋਂ ਵੀ ਤਾੜਨਾ ਕਰਵਾ ਦਿਤੀ।

ਹੁਣ ਮੈਂ ਆਪਣੇ ਫਲੈਟ ਵਿਚ ਰਹਿੰਦੀ ਸਾਂ। ਮੇਰੀ ਜ਼ਿੰਦਗੀ ਬਹੁਤ ਸੌਖੀ ਸੀ। ਇਕੋ ਪਛਤਾਵਾ ਸੀ ਕਿ ਮੈਂ ਆਪਣੀ ਮਾਂ ਨੂੰ ਨਹੀਂ ਸਾਂ ਬੁਲਾ ਸਕਦੀ। ਇਕ ਤਾਂ ਉਹ ਹੁਣ ਬਹੁਤ ਬ੍ਰਿਧ ਹੋ ਗਈ ਸੀ ਤੇ ਦੂਜੇ ਇਕ ਵਾਰ ਇਸ ਮੁਲਕ ਵਿਚ ਪੱਕੇ ਰਹਿਣ ਦੀ

ਕੋਸ਼ਿਸ਼ ਕਰ ਚੁੱਕੀ ਹੋਣ ਕਰਕੇ ਉਸ ਨੂੰ ਵੀਜ਼ਾ ਨਹੀਂ ਸੀ ਮਿਲਣਾ। ਵੈਸੇ ਮੈਂ ਉਸ ਨੂੰ ਜਾ ਕੇ ਮਿਲ ਆਇਆ ਕਰਦੀ ਸਾਂ। ਮੇਰੀਆਂ ਬਾਕੀ ਬਿਮਾਰੀਆਂ ਤਾਂ ਸਭ ਠੀਕ ਹੋ ਗਈਆਂ ਸਨ ਪਰ ਆਰਥਰਾਈਟਸ ਰਹਿਣ ਲੱਗੀ ਸੀ। ਜਦ ਮੈਂ ਪਿੱਛੇ ਨੂੰ ਝਾਤੀ ਮਾਰਦੀ ਤਾਂ ਦੇਖਦੀ ਕਿ ਤਾਂ ਪਤਾ ਚੱਲਦਾ ਕਿ ਜਦ ਵੀ ਮੈਂ ਚੰਦਨ ਸਾਹਿਬ ਨਾਲ ਰਹਿਣ ਲੱਗਦੀ ਤਾਂ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੀ, ਉਹਨਾਂ ਤੋਂ ਅਲੱਗ ਰਹਿ ਕੇ ਮੇਰੀਆਂ ਸਾਰੀਆਂ ਦਵਾਈਆਂ ਛੁੱਟ ਜਾਂਦੀਆਂ। ਇਕ ਦਿਨ ਬੈਗ ਸਾਫ ਕਰਦਿਆਂ ਮੈਨੂੰ ਡਿਪਰੈਸ਼ਨ ਦੀਆਂ ਗੋਲੀਆਂ ਮਿਲ ਗਈਆਂ ਜਿਹੜੀਆਂ ਮੈਂ ਕਦੇ ਖਾਇਆ ਕਰਦੀ ਸਾਂ। ਮੈਂ ਇਹਨਾਂ ਨੂੰ ਬਿਨ ਵਿਚ ਪਾਉਂਦਿਆ ਕਿਹਾ ਕਿ ਹੁਣ ਨਹੀਂ ਮੈਨੂੰ ਚਾਹੀਦੀਆਂ ਇਹ 'ਚੰਦਨ ਗੋਲੀਆਂ'।

ਚੰਦਨ ਸਾਹਿਬ ਮੈਨੂੰ ਸਾਹਿਤਕ ਸਮਾਗਮਾਂ ਵਿਚ ਦਿੱਸਦੇ ਰਹਿੰਦੇ ਸਨ। ਕਦੇ ਕੋਈ ਗੱਲ ਨਹੀਂ ਸੀ ਹੁੰਦੀ, ਬਸ ਦੂਰੋਂ ਅੱਖਾਂ ਜਿਹੀਆਂ ਮਿਲਦੀਆਂ ਸਨ। ਕਿਸੇ ਸਮਾਗਮ ਵਿਚ ਉਹ ਪਰਚਾ ਪੜ੍ਹਦੇ ਤਾਂ ਮੈਂ ਉਹਨਾਂ ਦੇ ਪਰਚੇ 'ਤੇ ਬੋਲਦੀ ਤੇ ਕਿਸੇ ਸਮਾਗਮ ਵਿਚ ਮੈਂ ਪਰਚਾ ਪੜ੍ਹਦੀ ਤਾਂ ਉਹ ਵੀ ਬੋਲਦੇ ਪਰ ਕਦੇ ਵੀ ਕੋਈ ਬਦਮਜ਼ਗੀ ਪੈਦਾ ਨਾ ਹੁੰਦੀ। ਸਭ ਠੀਕ ਰਹਿੰਦਾ। ਇਕ ਸਮਾਗਮ ਵਿਚ ਮੈਂ ਦੇਖਿਆ ਕਿ ਚੰਦਨ ਸਾਹਿਬ ਬਹੁਤ ਬੁੱਢੇ ਬੁੱਢੇ ਲੱਗ ਰਹੇ ਸਨ। ਮੈਂ ਇਕ ਸਾਂਝੇ ਦੋਸਤ ਨੂੰ ਪੁੱਛਿਆ,

"ਇਹ ਚੰਦਨ ਸਾਹਿਬ ਨੂੰ ਕੀ ਹੋ ਗਿਆ?"

"ਵਾਲ ਰੰਗਣੇ ਛੱਡ ਦਿਤੇ, ਬਸ!"

ਉਸ ਦੋਸਤ ਨੇ ਕਿਹਾ। ਮੈਂ ਸੋਚ ਰਹੀ ਸਾਂ ਕਿ ਇਸ ਤੋਂ ਵੀ ਕੋਈ ਅਗਲੀ ਗੱਲ ਹੋਵੇਗੀ। ਮੈਂ ਦੁਬਾਰਾ ਕਿਹਾ,

"ਵਾਲ ਰੰਗਣ ਨਾਲ ਕਿਸੇ ਦਾ ਇਵੇਂ ਚਿਹਰਾ ਤਾਂ ਨਹੀਂ ਉਤਰਿਆ ਕਰਦਾ।"

ਮੇਰੇ ਕਹਿਣ 'ਤੇ ਉਸ ਨੇ ਆਲਾ-ਦੁਆਲਾ ਦੇਖਿਆ ਤੇ ਆਖਿਆ,

"ਅਸਲ ਵਿਚ ਜਿਹੜੀ ਇਹਨਾਂ ਦੀ ਬੰਬਈ ਵਾਲੀ ਸਹੇਲੀ ਸੀ ਰੀਮਾ, ਇਹ ਉਹਨੂੰ ਮਹਿਬੂਬਾ ਸਮਝਦੇ ਰਹੇ ਪਰ ਉਹ ਸੀ ਪੂਰੀ ਵੇਸਵਾ। ਅਖੀਰ ਇਹਨਾਂ ਨੂੰ ਕਈ ਲੱਖ ਰੁਪਏ ਦਾ ਰਗੜਾ ਲਾ ਗਈ। ਉਹੀ ਰਗੜਾ ਇਹਨਾਂ ਦੇ ਚਿਹਰੇ 'ਤੇ ਬੈਠਾ ਏ!"

## ਅਠਾਈ

ਚੰਦਨ ਸਾਹਿਬ ਦੇ ਘਰ ਵੇਚਣ 'ਤੇ ਮੈਂ ਰੋਕ ਤਾਂ ਲਗਵਾ ਦਿਤੀ ਸੀ ਪਰ ਉਸ ਤੋਂ ਬਾਅਦ ਕੁਝ ਨਾ ਕੀਤਾ। ਚਾਹੀਦਾ ਤਾਂ ਮੈਨੂੰ ਇਹ ਸੀ ਕਿ ਘਰ ਵਿਚੋਂ ਤੇ ਦਿੱਲੀ ਵਾਲੇ ਫਲੈਟ ਵਿਚੋਂ ਆਪਣਾ ਹਿੱਸਾ ਮੰਗਾਂ ਪਰ ਮੈਂ ਇਸ ਗੱਲੋਂ ਅਵੇਸਲੀ ਹੀ ਰਹੀ। ਸ਼ਾਇਦ ਆਪਣੀ ਜ਼ਿੰਦਗੀ ਵਿਚ ਖੁਸ਼ ਸਾਂ ਇਸ ਕਰਕੇ ਕਿਸੇ ਸਿਰ ਦਰਦੀ ਤੋਂ ਬਚਣਾ ਚਾਹੁੰਦੀ ਸਾਂ। ਚੰਦਨ ਸਾਹਿਬ ਤਾਂ ਅਰਾਮ ਨਾਲ ਬੈਠੇ ਸਨ। ਦਿੱਲੀ ਵਾਲਾ ਫਲੈਟ ਉਹਨਾਂ ਨੇ ਕਿਰਾਏ 'ਤੇ ਦੇ ਦਿਤਾ ਸੀ, ਉਥੋਂ ਕਿਰਾਇਆ ਆਉਂਦਾ ਸੀ। ਇਥੇ ਵੀ ਘਰ ਦਾ ਇਕ ਹਿੱਸਾ ਕਿਰਾਏ 'ਤੇ ਦੇ ਕੇ ਪੈਸੇ ਕਮਾ ਰਹੇ ਸਨ। ਹੋਰ ਉਹਨਾਂ ਨੂੰ ਕੀ ਚਾਹੀਦਾ ਸੀ। ਲਗਭੱਗ ਦੋ ਸਾਲ ਹੀ ਇਵੇਂ ਨਿਕਲ ਗਏ। ਮੇਰੇ ਦੋਸਤ ਵਾਰ ਵਾਰ ਚੇਤੇ ਕਰਾਉਂਦੇ ਕਿ ਮੈਂ ਆਪਣਾ



ਹਿੱਸਾ ਲਵਾਂ ਤੇ ਉਸ ਦਾ ਕੁਝ ਘਰ ਆਦਿ ਖਰੀਦ ਲਵਾਂ। ਇਹ ਮੇਰੇ ਦੋਸਤ ਹੀ ਸਨ ਜਿਨਾਂ ਦੇ ਦਿੱਤੇ ਹੌਂਸਲੇ ਨਾਲ ਮੈਂ ਡਿੱਗੀ ਡਿੱਗੀ ਵੀ ਉਠ ਖੜ੍ਹਦੀ ਸਾਂ ਇਕ ਦਿਨ ਮੈਂ ਆਪਣੇ ਵਕੀਲ ਸ਼ਰਮੇ ਨੂੰ ਮਿਲੀ। ਮੈਂ ਤਲਾਕ ਲਈ ਤੇ ਆਪਣੇ ਹਿੱਸੇ ਲਈ ਕੇਸ ਕਰ ਦਿਤਾ। ਹੁਣ ਚੰਦਨ ਸਾਹਿਬ ਸੁਲਾਹ ਕਰ ਲੈਣ ਲਈ ਸੁਨੇਹੇ ਭੇਜਣ ਲੱਗੇ। ਉਹ ਕਹਿ ਰਹੇ ਸਨ ਕਿ ਮੈਂ ਦਿੱਲੀ ਵਾਲਾ ਫਲੈਟ ਲੈ ਲਵਾਂ ਤੇ ਇਸ ਘਰ ਵਿਚੋਂ ਹੱਕ ਛੱਡ ਦੇਵਾਂ। ਇਹ ਸੌਦਾ ਮੈਨੂੰ ਠੀਕ ਤਾਂ ਬਹਿੰਦਾ ਸੀ ਪਰ ਮੈਨੂੰ ਚੰਦਨ ਸਾਹਿਬ ਉਪਰ ਕੋਈ ਯਕੀਨ ਨਹੀਂ ਸੀ ਰਿਹਾ। ਇਸ ਲਈ ਮੈਂ ਸਾਰੀ ਲੈਣ-ਦੇਣ ਇਥੇ ਹੀ ਕਰਨਾ ਚਾਹੁੰਦੀ ਸਾਂ। ਹਾਂ, ਇਥੇ ਇਕ ਗੱਲ ਹੋਰ ਦਸਦੀ ਜਾਵਾਂ ਕਿ ਜਿਵੇਂ ਚੰਦਨ ਸਾਹਿਬ ਨੇ ਅਮਨਦੀਪ ਦੇ ਬਚਪਨ ਦੀਆਂ ਤੇ ਹੋਰ ਬਹੁਤ ਜ਼ਰੂਰੀ ਫੋਟੋ ਖਰਾਬ ਕੀਤੀਆਂ ਸਨ ਇਵੇਂ ਹੀ ਮੇਰੇ ਨਾਲ ਵੀ ਘੱਟ ਨਾ ਕੀਤੀ। ਦਿੱਲੀ ਵਾਲੇ ਫਲੈਟ ਵਿਚ ਪਿਆ ਮੇਰਾ ਸਭ ਕੁਝ ਇਹਨਾਂ ਨੇ ਜ਼ਾਇਆ ਕਰ ਦਿਤਾ। ਯੂਨੀਵਰਸਟੀ ਵਲੋਂ ਮਿਲੇ ਵਿਸ਼ੇਸ਼ ਮਾਣ-ਪੱਤਰ ਤੇ ਹੋਰ ਨਿਸ਼ਾਨੀਆਂ। ਪੁਰਾਣੀਆਂ ਸਾਰੀਆਂ ਹੀ ਤਸਵੀਰਾਂ, ਮੇਰੇ ਬਚਪਨ ਤੋਂ ਲੈਂ ਕੇ ਮੇਰੇ ਯੂਨੀਵਰਸਟੀ ਜਾਣ ਤਕ ਦੀਆਂ ਤਸਵੀਰਾਂ। ਢੇਰ ਸਾਰੇ ਸਾਮਾਨ ਵਿਚੋਂ ਸਿਰਫ ਦੋ ਕੁ ਟੁੱਟੀਆਂ ਜਿਹੀਆਂ ਐਲਬੰਬਾਂ ਇਹਨਾਂ ਨੇ ਡਾਕਟਰ ਜਗਬੀਰ ਨੂੰ ਦੇ ਦਿਤੀਆਂ ਕਿ ਮੇਰੇ ਤਕ ਪੁਜਦੀਆਂ ਕਰ ਦੇਣ।...

ਸਾਡਾ ਕੇਸ ਚੱਲ ਪਿਆ। ਚੰਦਨ ਸਾਹਿਬ ਕੋਲ ਜਿੰਨਾ ਕੈਸ਼ ਸੀ, ਉਹਨਾਂ ਸਾਰਾ ਹੀ ਦੱਬ ਲਿਆ। ਪਤਾ ਨਹੀਂ ਕਿਹੜੇ ਖਾਤੇ ਵਿਚ ਰੱਖਿਆ ਹੋਵੇਗਾ। ਮੈਂ ਵੀ ਇਸ ਪਾਸੇ ਬਹੁਤਾ ਨਾ ਪਈ। ਦਿੱਲੀ ਵਾਲੇ ਫਲੈਟ ਦੀ ਤੇ ਵੁਲਵਰਹੈਂਪਟਨ ਵਾਲੇ ਘਰ ਦੀ ਰਲ਼ਾ ਕੇ ਪੈਂਦੀ ਕੀਮਤ ਵਿਚੋਂ ਮੈਨੂੰ ਅੱਧ ਮਿਲਣਾ ਸੀ। ਚੰਦਨ ਸਾਹਿਬ ਨੇ ਇਹਨਾਂ ਦੋਨਾਂ ਦੀ ਕੀਮਤ ਬਹੁਤ ਘਟਾ ਕੇ ਦੱਸੀ। ਮੇਰੇ ਵਕੀਲ ਨੇ ਵਿਰੋਧ ਕੀਤਾ ਪਰ ਮੈਂ ਕਿਹਾ ਕਿ ਜਿਵੇਂ ਵੀ ਹੁੰਦਾ ਹੈ ਜਲਦੀ ਨਿਬੇੜੋ। ਮੁਕੱਦਮੇ ਬਾਜ਼ੀ ਤੋਂ ਮੈਂ ਅੱਕੀ ਪਈ ਸਾਂ। ਅੰਤ ਵਕੀਲਾਂ ਨੇ ਕਚਿਹਰੀ ਤੋਂ ਬਾਹਰ ਹੀ ਫੈਸਲਾ ਕਰ ਲਿਆ। ਇਹ ਦੋਨੋਂ ਜਾਇਦਾਦਾਂ ਚੰਦਨ ਸਾਹਿਬ ਕੋਲ ਰਹਿਣਗੀਆਂ ਤੇ ਉਹ ਮੈਨੂੰ ਪੱਚਾਸੀ ਹਜ਼ਾਰ ਪੌਂਡ ਦੇਣਗੇ। ਇਹ ਬਹੁਤ ਥੋੜੇ ਸਨ ਪਰ ਮੈਂ ਗੱਲ ਮੁਕਾਉਣ ਲਈ ਕਾਗਜ਼ਾਂ 'ਤੇ ਦਸਤਖਤ ਕਰ ਦਿਤੇ। ਇਵੇਂ ਸਾਡਾ ਫੈਸਲਾ ਹੋ ਗਿਆ। ਤਲਾਕ ਵੀ ਹੋ ਗਿਆ। ਕੋਰਟ ਨੇ ਚੰਦਨ ਸਾਹਿਬ ਨੂੰ ਹੁਕਮ ਦੇ ਦਿਤੇ ਕਿ ਉਹ ਜਲਦੀ ਤੋਂ ਜਲਦੀ ਪੱਚਾਸੀ ਹਜ਼ਾਰ ਪੌਂਡ ਅਦਾ ਕਰ ਦੇਣ। ਮੇਰਾ ਵਕੀਲ ਭਾਵੇਂ ਖੁਸ਼ ਨਹੀਂ ਸੀ ਪਰ ਮੈਨੂੰ ਤਸੱਲੀ ਸੀ ਕਿ ਮੈਂ ਇਸ ਦਲਦਲ ਵਿਚੋਂ ਨਿਕਲ ਰਹੀ ਸਾਂ।

ਚੰਦਨ ਸਾਹਿਬ ਦੇ ਵਕੀਲ ਨੇ ਕਿਹਾ ਸੀ ਕਿ ਚੰਦਨ ਸਾਹਿਬ ਦਿੱਲੀ ਵਾਲਾ ਫਲੈਟ ਵੇਚ ਕੇ ਮੇਰੇ ਪੈਸੇ ਦੇਣਗੇ। ਉਹ ਇੰਡੀਆ ਗਏ। ਫਲੈਟ ਵੇਚ ਆਏ। ਪਰ ਮੈਨੂੰ ਪੈਸੇ ਦੇਣ ਦੀ ਥਾਂਵੇਂ ਉਹਨਾਂ ਨੇ ਵੁਲਵਰਹੈਂਪਟਨ ਵਿਚ ਹੀ ਅਲਕਾ ਦੇ ਨਾਂ ਇਕ ਹੋਰ ਘਰ ਖਰੀਦ ਲਿਆ ਤੇ ਉਸ ਨੂੰ ਕਿਰਾਏ 'ਤੇ ਚਾੜ ਦਿਤਾ। ਮੈਨੂੰ ਪੈਸੇ ਤਾਂ ਕੀ ਦੇਣੇ ਸਨ ਉਹਨਾਂ ਨੇ ਤਾਂ ਆਪਣੀ ਆਮਦਨ ਦਾ ਇਕ ਹੋਰ ਜ਼ਰੀਆ ਬਣਾ ਲਿਆ ਸੀ। ਬਾਅਦ ਵਿਚ ਪਤਾ ਚੱਲਿਆ ਕਿ ਇਕ ਫਲੈਟ ਬੰਬਈ ਵਿਚ ਵੀ ਖਰੀਦ ਕੇ ਕਿਰਾਏ 'ਤੇ ਦੇ ਰੱਖਿਆ ਸੀ। ਮਹੀਨਾ ਦੇਖ, ਦੋ ਮਹੀਨੇ ਦੇਖ, ਤਿੰਨ ਮਹੀਨੇ ਦੇਖ ਪਰ ਚੰਦਨ ਸਾਹਿਬ ਨੇ ਤਾਂ ਜਿਵੇਂ ਮੈਨੂੰ ਕੁਝ ਦੇਣਾ ਹੀ ਨਾ ਹੋਵੇ। ਇਸੇ ਦਰਮਿਆਨ ਜਿਹੜਾ ਫਲੈਟ ਮੈਂ ਦਿੱਲੀ ਵਿਚ ਲੈਣਾ ਚਾਹੁੰਦੀ ਸੀ ਉਸ ਦੀ ਕੀਮਤ ਡ੍ਰੇਢੀ ਹੋ ਗਈ। ਮੈਨੂੰ ਘਾਟਾ ਪੈ ਰਿਹਾ ਸੀ ਪਰ ਮੈਂ ਚੰਦਨ ਸਾਹਿਬ ਵਲੋਂ ਚੈੱਕ

ਉਡੀਕੀ ਜਾ ਰਹੀ ਸਾਂ। ਹਰ ਰੋਜ਼ ਮੈਂ ਡਾਕ ਦੇਖਦੀ ਪਰ ਮੈਨੂੰ ਤਸੱਲੀ ਦਿੰਦੀ ਕੋਈ ਚਿੱਠੀ ਨਾ ਹੁੰਦੀ। ਪੂਰਾ ਸਾਲ ਦੇਖ ਕੇ ਮੈਂ ਵਾਪਸ ਵਕੀਲ ਕੋਲ ਗਈ। ਏਨੇ ਚਿਰ ਵਿਚ ਤਾਂ ਪੱਚਾਸੀ ਹਜ਼ਾਰ ਦਾ ਵਿਆਜ ਹੀ ਬਹੁਤ ਬਣ ਜਾਣਾ ਸੀ। ਚੰਦਨ ਸਾਹਿਬ ਉਪਰ ਕੋਰਟ ਦੇ ਹੁਕਮ ਦੀ ਅਵਹੇਲਣਾ ਕਰਨ ਦਾ ਇਕ ਜ਼ੁਰਮ ਲੱਗਦਾ ਸੀ। ਸ਼ਾਇਦ ਸਜ਼ਾ ਵੀ ਹੋ ਜਾਂਦੀ। ਪਰ ਮੈਂ ਵਕੀਲ ਨੂੰ ਕਿਹਾ ਕਿ ਮੈਨੂੰ ਹੋਰ ਕੁਝ ਨਹੀਂ ਚਾਹੀਦਾ, ਮੈਨੂੰ ਤਾਂ ਆਪਣੇ ਪੈਸੇ ਚਾਹੀਦੇ ਹਨ। ਵਕੀਲ ਨੇ ਚੰਦਨ ਸਾਹਿਬ ਉਪਰ ਦੁਬਾਰਾ ਕੇਸ ਕਰ ਦਿਤਾ। ਚੰਦਨ ਸਾਹਿਬ ਨੂੰ ਆਰਡਰ ਹੋ ਗਏ ਕਿ ਜੇ ਉਹ ਮਹੀਨੇ ਦੇ ਅੰਦਰ ਅੰਦਰ ਮੈਨੂੰ ਪੈਸੇ ਨਹੀਂ ਦਿੰਦੇ ਤਾਂ ਉਹਨਾਂ ਦਾ ਘਰ ਜ਼ਬਤ ਕਰ ਲਿਆ ਜਾਵੇਗਾ ਤੇ ਇਸ ਨੂੰ ਵੇਚ ਕੇ ਪੈਸੇ ਮੈਨੂੰ ਦੇ ਦਿਤੇ ਜਾਣਗੇ। ਇਕ ਦਿਨ ਮੈਂ ਡਾਕ ਚੁੱਕੀ ਤਾਂ ਇਸ ਵਿਚ ਚਿੱਟੇ ਰੰਗ ਦਾ ਲਿਫਾਫਾ ਸੀ। ਇਸ ਉਪਰ ਕੀਤੇ ਸਿਰਨਾਵੇਂ ਦੀ ਲਿਖਾਈ ਨੂੰ ਮੈਂ ਪੱਛਾਣਦੀ ਸਾਂ। ਮੈਂ ਲਿਫਾਫਾ ਖੋਹਲਿਆ ਤੇ ਉਸੇ ਵੇਲੇ ਚੰਦਨ ਸਾਹਿਬ ਦਾ ਧੰਨਵਾਦ ਕਰਨ ਲਈ ਉਹਨਾਂ ਨੂੰ ਫੋਨ ਕਰਨ ਲੱਗੀ।

## ਉਣੱਤੀ

ਉਹਨਾਂ ਵਲੋਂ ਚੈੱਕ ਦੇਣ ਕਰਕੇ ਦੋਸਤ ਵੀ ਖੁਸ਼ ਹੋ ਗਏ। ਮੈਨੂੰ ਫੋਨ ਵੀ ਆਉਣ ਲੱਗੇ। ਚੰਦਨ ਸਾਹਿਬ ਸਦਾ ਵਾਂਗ ਹੀ ਮੇਰੇ ਖਿਲਾਫ ਪ੍ਰਚਾਰ ਜਿਹਾ ਕਰ ਰਹੇ ਸਨ। ਮੈਨੂੰ ਪਤਾ ਸੀ ਕਿ ਉਹਨਾਂ ਨਾਲ ਕੋਈ ਸਹਿਮਤ ਨਹੀਂ ਹੋਵੇਗਾ। ਇਕ ਦੋਸਤ ਅਜਿਹਾ ਸੀ ਜੋ ਉਹਨਾਂ ਦੇ ਹੱਕ ਵਿਚ ਸੀ ਉਹ ਸੀ ਅਵਤਾਰ ਜੰਡਿਆਲਵੀ। ਇਸ ਦਾ ਕਾਰਨ ਮੈਂ ਸਮਝਦੀ ਵੀ ਸਾਂ। ਕਿਸੇ ਵੇਲੇ ਅਵਤਾਰ ਜੰਡਆਲਵੀ ਦੀ ਕਿਤਾਬ 'ਮੇਰੇ ਪਰਤ ਆਉਣ ਤਕ' ਬਾਰੇ ਲਿਖਿਆ ਸੀ ਕਿ ਇਹ ਜਗਤਾਰ ਢਾਅ ਦੀ ਕਿਤਾਬ 'ਗੁਆਚੇ ਘਰ ਦੀ ਤਲਾਸ਼' ਤੋਂ ਪ੍ਰਭਾਵਿਤ ਹੈ। ਉਸ ਦੀ ਇਕ ਹੋਰ ਕਿਤਾਬ 'ਅਸੀਂ ਕਾਲੇ ਲੋਕ ਸਦੀਂਦੇ' ਵੀ ਕਮਜ਼ੋਰ ਸੀ। ਬਸ ਉਦੋਂ ਦਾ ਹੀ ਉਹ ਮੇਰੇ ਖਿਲਾਫ ਸੀ।

ਮੈਂ ਪੈਸੇ ਜੇਬ ਵਿਚ ਪਾ ਕੇ ਇੰਡੀਆ ਗਈ। ਦਿੱਲੀ ਦੇ ਕਿਸੇ ਵੀ ਇਲਾਕੇ ਵਿਚ ਇਸ ਕੀਮਤ ਦਾ ਫਲੈਟ ਨਹੀਂ ਸੀ। ਹਾਰ ਕੇ ਮੈਨੂੰ ਗੁੜਗਾਵਾਂ ਵਿਚ ਜਾ ਕੇ ਫਲੈਟ ਖਰੀਦਣਾ ਪਿਆ। ਇਹ ਫਲੈਟ ਤਾਂ ਮੇਰੇ ਕੋਲ ਪਈ ਪੂੰਜੀ ਨਾਲ ਵੀ ਨਹੀਂ ਸੀ ਮਿਲਣਾ ਜੇ ਇਸ ਵਿਚ ਮੇਰੀ ਵੱਡੀ ਭਤੀਜੀ ਨੇ ਮਦਦ ਨਾ ਕੀਤੀ ਹੁੰਦੀ ਫਲੈਟ ਹਾਲੇ ਬਣਨੇ ਸਨ। ਕਈ ਸਾਲ ਲੱਗ ਜਾਣੇ ਸਨ ਇਸ ਫਲੈਟ ਦੀ ਚਾਬੀ ਮਿਲਣ ਨੂੰ। ਇਹ ਸੋਚਦਿਆਂ ਕਿ ਸਾਰੇ ਪੈਸੇ ਇੱਕੋ ਵਾਰੀ ਨਹੀਂ ਕਿਸ਼ਤਾਂ ਵਿਚ ਦੇਣੇ ਪੈਣਗੇ, ਮੈਂ ਦੋ ਫਲੈਟ ਬੁੱਕ ਕਰਵਾ ਲਏ ਅਤੇ ਦੋਵਾਂ ਫਲੈਟਾਂ ਦੀਆਂ ਕਿਸ਼ਤਾਂ ਭਰਦੀ ਰਹੀ। ਜਦ ਸਾਲ ਬਾਅਦ ਪੈਸੇ ਮੁੱਕ ਗਏ ਤਾਂ ਇਕ ਫਲੈਟ ਵੇਚਣ ਦਾ ਫੈਸਲਾ ਕਰ ਲਿਆ। ਫਲੈਟ ਦੀਆਂ ਕੀਮਤਾਂ ਕਾਫੀ ਵੱਧ ਗਈਆਂ ਸਨ। ਦੂਜਾ ਫਲੈਟ ਮੇਰੀ ਭਤੀਜੀ ਅਤੇ ਉਸਦੇ ਪਤੀ ਨੇ ਖ਼ਰੀਦ ਲਿਆ ਅਤੇ ਮੇਰੇ ਫਲੈਟ ਲਈ ਥੁੜਦੇ ਪੈਸੇ ਵੀ ਪਾ ਦਿੱਤੇ। ਨਹੀ ਤਾਂ ਇਹ ਵੀ ਡਰ ਸੀ ਕਿ ਕਿਤੇ ਫਲੈਟ ਮਿਲਣ ਤੋਂ ਪਹਿਲਾਂ ਹੀ ਨਾ ਮੇਰੀ ਟੈਂ ਬੋਲ ਜਾਵੇ। ਬੰਦੇ ਦਾ ਕੀ ਭਰੋਸਾ। ਚੰਦਨ ਸਾਹਿਬ ਤਾਂ ਪਹਿਲਾਂ ਇਕ ਵਾਰੀ ਦਿੱਲੀ ਵਿਚ ਰਹਿੰਦਿਆਂ ਮੈਨੂੰ ਮਰੀ ਸਮਝੀ ਜਾਂਦੇ ਸਨ।



ਕਦੇ ਕਦੇ ਮੈਂ ਸੋਚਦੀ ਕਿ ਆਹ ਜਿਹੜਾ ਮੈਂ ਘਰ ਦਾ ਸੁਫਨਾ ਚੁੱਕੀ ਫਿਰਦੀ ਸਾਂ ਇਹ ਕੀ ਸੀ; ਛਲਾਵਾ, ਮ੍ਰਿਗ-ਜਾਲ, ਮੀਰਾਜ, ਨਜ਼ਰ ਦਾ ਧੋਖਾ! ਇਹ ਵੀ ਹਿਸਾਬ ਕਰਨ ਲੱਗਦੀ ਕਿ ਚੰਦਨ ਸਾਹਿਬ ਨਾਲ ਵਿਆਹ ਕਰਾ ਕੇ, ਇੰਗਲੈਂਡ ਆ ਕੇ ਮੈਂ ਕੀ ਖੱਟਿਆ ਤੇ ਕੀ ਗਵਾਇਆ। ਮੇਰੇ ਹੱਥ ਲੱਗਦਾ ਕਿ ਮੈਂ ਬਹੁਤ ਕੁਝ ਗਵਾਇਆ ਹੈ। ਮੈਂ ਚੌਵੀ ਸਾਲ ਦੀ ਨੌਕਰੀ ਉਸ ਵਕਤ ਛੱਡੀ ਜਦ ਮੈਂ ਹੈੱਡ ਬਣਨ ਵਾਲੀ ਸਾਂ। ਉਮੀਦ ਸੀ ਕਿ ਕਾਲਜ ਦੀ ਪ੍ਰਿੰਸੀਪਲ ਵੀ ਬਣ ਜਾਂਦੀ ਜਾਂ ਫਿਰ ਯੂਨੀਵਰਸਿਟੀ ਜਾ ਲੱਗਦੀ। ਹੁਣ ਤਕ ਭਾਵੇਂ ਕਈ ਫਲੈਟਾਂ ਦੀ ਮਾਲਕਣ ਬਣ ਜਾਂਦੀ। ਸਹਿਤਕ ਤੌਰ 'ਤੇ ਵੀ ਮੇਰਾ ਹੁਣ ਨਾਲੋਂ ਵੱਡਾ ਨਾਂ ਹੁੰਦਾ। ਹਰਜੀਤ ਕਹਿੰਦਾ ਹੈ ਕਿ ਜੇ ਮੈਂ ਦਿੱਲੀ ਰਹਿੰਦੀ ਤਾਂ ਮੇਰਾ ਕੱਦ ਸਤਿੰਦਰ ਨੂਰ ਦੇ ਬਰਾਬਰ ਹੋਣਾ ਸੀ। ਜੋ ਵੀ ਹੁੰਦਾ ਪਰ ਦਿੱਲੀ ਵਿਚ ਬੈਠ ਕੇ ਸਾਹਿਤ ਨਾਲ ਵਾਬਸਤਾ ਰਹਿਣ ਦਾ ਮਤਲਬ ਹੀ ਹੋਰ ਹੁੰਦਾ ਹੈ। ਫਿਰ ਸੋਚਦੀ ਕਿ ਜੇ ਮੈਂ ਇੰਗਲੈਂਡ ਨਾ ਆਉਂਦੀ ਤਾਂ ਇਹ ਨਵੇਂ ਨਵੇਂ ਤਜਰਬੇ ਕਿਵੇਂ ਹੁੰਦੇ। ਜਿਹੜੇ ਦੋਸਤ ਇੰਗਲੈਂਡ ਵਿਚ ਮਿਲੇ ਹਨ ਇਹ ਕਿਵੇਂ ਮਿਲਦੇ। ਚੰਦਨ ਸਾਹਿਬ ਨਾਲ ਵਿਆਹ ਕਰਾਉਣ ਦਾ ਇਹੋ ਇਕ ਫਾਇਦਾ ਹੋਇਆ ਕਿ ਇੰਗਲੈਂਡ ਵਸਦੇ ਸਾਰੇ ਲੇਖਕਾਂ ਨਾਲ ਮੇਰੀ ਦੋਸਤੀ ਹੋ ਗਈ। ਇੰਗਲੈਂਡ ਤੋਂ ਮੈਨੂੰ ਜਿੱਥੇ ਘਰ ਦਾ ਟੁੱਟਾ ਹੋਇਆ ਸੁਪਨਾ ਮਿਲਿਆ ਉਥੇ ਮੁਹੱਬਤਾਂ ਦੇ ਕਈ ਅਹਿਸਾਸ ਮੇਰੇ ਦਿਲ ਦੇ ਵਿਹੜੇ ਨੂੰ ਵੀ ਰੁਸ਼ਨਾ ਗਏ। ਇਹੋ ਜੇਹੇ ਅਹਿਸਾਸ ਦੀ ਥਾਂ ਮੇਰੇ ਦਿਲ ਵਿਚ ਰਾਖਵੀਂ ਹੈ। ਇਸੇ ਤਰਾਂ ਜਿਥੇ ਦਿੱਲੀ ਦੀ ਕਾਲਜ ਦੀ ਨੌਕਰੀ ਛੱਡਣੀ ਪਈ ਉਥੇ ਇੰਗਲੈਂਡ ਦੇ ਕਾਲਜ ਵਿਚ ਕੰਮ ਕਰਨ ਦਾ ਵੀ ਮੌਕਾ ਮਿਲਿਆ ਜਿਸ ਨੇ ਪੜ੍ਹਾਉਣ ਦੇ ਤਜਰਬੇ ਵਿਚ ਨਵੀਂ ਤਰਾਂ ਦਾ ਵਾਧਾ ਕੀਤਾ ਤੇ ਇੰਗਲੈਂਡ ਦੇ ਪੜ੍ਹਾਈ ਦੇ ਤਰੀਕਿਆਂ ਦੀ ਮੈਨੂੰ ਜਾਚ ਸਿਖਾਈ।...

ਕੇਸ ਖਤਮ ਹੋਣ ਤੋਂ ਬਾਅਦ ਮੈਂ ਇੰਡੀਆ ਗਈ ਤਾਂ ਕਈ ਦੋਸਤ ਮਿਲੇ। ਕੋਈ ਅਫਸੋਸ ਵੀ ਕਰਨ ਲੱਗਦਾ ਤੇ ਕੋਈ ਆਖਦਾ ਕਿ ਚੰਗਾ ਹੋਇਆ ਭੈੜੇ ਬੰਦੇ ਤੋਂ ਛੁਟਕਾਰਾ ਹੋਇਆ। ਪਤਾ ਨਹੀਂ ਕਿਉਂ ਜਦ ਕੋਈ ਚੰਦਨ ਸਾਹਿਬ ਬਾਰੇ ਬੁਰੇ ਸ਼ਬਦ ਬੋਲਦਾ ਤਾਂ ਮੈਨੂੰ ਚੰਗਾ ਨਾ ਲੱਗਦਾ। ਕਈ ਵਾਰੀ ਮੈਨੂੰ ਇਹ ਵੀ ਲੱਗਣ ਲੱਗਦਾ ਕਿ ਉਹ ਮੇਰੇ ਆਲੇ-ਦੁਆਲੇ ਹੀ ਕਿਤੇ ਹਾਜ਼ਰ ਹਨ। ਜਦ ਕਦੇ ਬੱਚਿਆਂ ਵਾਂਗ ਉਹਨਾਂ ਦਾ ਰੋਣਾ ਚੇਤੇ ਆਉਂਦਾ ਤਾਂ ਉਹਨਾਂ ਨਾਲ ਤਰਸ ਵੀ ਜਾਗ ਪੈਂਦਾ।

ਇਕ ਦਿਨ ਜੰਮੂ ਤੋਂ ਇਕ ਲੇਖਕ ਸਾਡੇ ਪਹਾੜ ਗੰਜ ਵਾਲੇ ਘਰ ਆਇਆ। ਇਕ ਦਿਨ ਪਹਿਲਾਂ ਮੈਂ ਕਿਸੇ ਸਮਾਗਮ ਵਿਚ ਸ਼ਾਮਲ ਹੋਈ ਸਾਂ, ਸ਼ਾਇਦ ਉਸ ਨੂੰ ਉਥੋਂ ਹੀ ਪਤਾ ਚੱਲਿਆ ਹੋਵੇ ਕਿ ਮੈਂ ਇੰਡੀਆ ਆਈ ਹੋਈ ਹਾਂ। ਉਹ ਕਾਫੀ ਦੇਰ ਤਕ ਸਾਡੀ ਵਿਆਹੁਤਾ ਜ਼ਿੰਦਗੀ ਬਾਰੇ ਗੱਲਾਂ ਕਰਦਾ ਰਿਹਾ ਤੇ ਫਿਰ ਸਾਡੇ ਤਲਾਕ ਬਾਰੇ ਵੀ। ਤੇ ਫਿਰ ਉਹ ਬੋਲਿਆ,

"ਮੈਡਮ, ਮੈਨੂੰ ਇੰਗਲੈਂਡ ਲੈ ਜਾਓ, ਵਿਆਹ ਕਰਾ ਕੇ ਉਥੇ ਸੈੱਟਲ ਕਰਾ ਦਿਓ, ਮੈਂ ਤੁਹਾਡੀ ਸਾਰੀ ਉਮਰ ਸੇਵਾ ਕਰਾਂਗਾ।"

ਪਹਿਲਾਂ ਤਾਂ ਮੈਂ ਹੈਰਾਨ ਹੋਈ ਤੇ ਫਿਰ ਪਰੇਸ਼ਾਨ ਵੀ। ਸੋਚ ਰਹੀ ਸਾਂ ਕਿ ਜਦ ਇਹ ਬੰਦਾ ਸਾਡੇ ਘਰ ਇੰਗਲੈਂਡ ਆਇਆ ਤਾਂ ਬਹੁਤ ਹੀ ਸ਼ਰੀਫ ਜਿਹਾ ਜਾਪਦਾ ਸੀ ਪਰ ਹੁਣ ਇਹ ਕੀ ਕਹਿ ਰਿਹਾ ਸੀ। ਮੈਂ ਇਸ ਦੀ ਪਤਨੀ ਨੂੰ ਵੀ ਜਾਣਦੀ ਸਾਂ। ਉਹ ਪੰਜਾਬੀ ਦੀ

ਜਾਣੀ-ਪਛਾਣੀ ਲੇਖਕਾ ਸੀ। ਮੈਂ ਕਿਹਾ,

" ਇਹ ਤੂੰ ਕੀ ਬਕਵਾਸ ਕਰ ਰਿਹੈਂ?"

"ਮੈਡਮ, ਮੈਂ ਦਿਲੋਂ ਕਹਿ ਰਿਹਾਂ।"

"ਮੈਂ ਤੇਰੀ ਪਤਨੀ ਨੂੰ ਫੋਨ ਕਰ ਕੇ ਦੱਸ ਦੇਵਾਂਗੀ।"

"ਬੇਸ਼ੱਕ ਦੱਸ ਦਿਓ ਪਰ ਮੈਂ ਸੱਚ ਕਹਿ ਰਿਹਾਂ।"

ਉਸਨੇ ਆਪ ਹੀ ਫੋਨ ਮਿਲਾ ਕੇ ਮੇਰੇ ਹੱਥ ਵਿਚ ਫੜਾ ਦਿੱਤਾ। ਮੈਂ ਗੁੱਸੇ ਵਿਚ ਆ ਗਈ ਤੇ ਉਸ ਦੀ ਪਤਨੀ ਨੂੰ ਸਾਰੀ ਗੱਲ ਦੱਸੀ। ਉਹ ਵੀ ਇਕ ਦਮ ਬੋਲੀ,

"ਮੈਡਮ, ਇਹਦੇ ਵਿਚ ਮੈਂ ਕੀ ਕਰ ਸਕਦੀ ਹਾਂ ਜੇ ਉਹ ਇਸ ਤਰਾਂ ਚਾਹੁੰਦੇ ਹਨ ਤਾਂ ਉਹਨਾਂ ਦੀ ਮਰਜ਼ੀ ।"

ਮੈਂ ਹੋਰ ਵੀ ਹੈਰਾਨ ਹੋਣ ਲੱਗੀ ਕਿ ਇਹ ਪਤੀ-ਪਤਨੀ ਕੀ ਚਾਲ ਚੱਲ ਰਹੇ ਹਨ। ਮੈਂ ਉਸ ਲੇਖਕ ਨੂੰ ਤਾਂ ਝਿੜਕ ਕੇ ਉਥੋਂ ਭੇਜ ਦਿਤਾ।

ਸਾਡੇ ਦੋਨਾਂ ਦੇ ਇਕੋ ਸ਼ਹਿਰ ਵਿਚ ਰਹਿਣ ਕਰਕੇ ਵੀ ਕਈ ਵਾਰ ਅਜਿਹੀ ਭੈੜੀ ਸਥਿਤੀ ਵਿਚ ਫਸ ਜਾਇਆ ਕਰਦੀ ਸਾਂ। ਇਕ ਵਾਰੀ ਮੇਰੀ ਸਹੇਲੀ ਮਹਿੰਦਰ ਕੋਰ (ਯਹੋਵਾ ਵਿਟਨੈੱਸ) ਚੰਦਨ ਸਾਹਿਬ ਦੀ ਸ਼ਿਕਾਇਤ ਲਾਉਂਦੀ ਬੋਲੀ,

"ਕੱਲ ਚੰਦਨ ਸਾਹਿਬ ਨੇ ਮੈਨੂੰ ਏਦਾਂ ਦੇ ਗੰਦੇ ਬੋਲ ਬੋਲੇ ਕਿ ਮੈਂ ਤੈਨੂੰ ਦੱਸ ਨਹੀਂ ਸਕਦੀ! ਮੈਂ ਆਪਣੇ ਘਰ ਵਾਲੇ ਨੂੰ ਤਾਂ ਬਿਲਕੁਲ ਹੀ ਨਹੀਂ ਦੱਸ ਸਕਦੀ, ਨਹੀਂ ਤਾਂ ਲੜਾਈ ਹੋ ਜਾਵੇਗੀ।"

ਇਹ ਮੇਰੀ ਉਹੀ ਸਹੇਲੀ ਸੀ ਜਿਹੜੀ ਮੇਰੇ ਭਰਾ ਦੇ ਪੂਰੇ ਹੋਏ 'ਤੇ ਕਈ ਦਿਨ ਤਕ ਖਾਣਾ ਲੈ ਕੇ ਆਉਂਦੀ ਰਹੀ ਸੀ। ਇਹ ਚੰਦਨ ਸਾਹਿਬ ਦੇ ਸੁਭਾਅ ਨੂੰ ਚੰਗੀ ਤਰ੍ਹਾਂ ਜਾਣਦੀ ਵੀ ਸੀ ਕਿਉਂਕਿ ਇਹਨੂੰ ਇਕ ਵਾਰ ਚੰਦਨ ਸਾਹਿਬ ਨੇ ਘਰੋਂ ਚਲੇ ਜਾਣ ਲਈ ਕਹਿ ਦਿਤਾ ਸੀ ਪਰ ਫਿਰ ਵੀ ਉਹ ਚੰਦਨ ਸਾਹਿਬ ਦੀ ਸ਼ਿਕਾਇਤ ਮੇਰੇ ਕੋਲ ਲਾ ਰਹੀ ਸੀ। ਮੈਂ ਕਿਹਾ,

"ਮਹਿੰਦਰ, ਉਹ ਅਜਿਹੇ ਹੀ ਨੇ, ਮੈਂ ਕੀ ਕਰ ਸਕਦੀ ਹਾਂ।"

ਮਹਿੰਦਰ ਹੀ ਨਹੀਂ ਹੋਰ ਵੀ ਬਹੁਤ ਸਾਰੀਆਂ ਔਰਤਾਂ ਮੇਰੇ ਨਾਲ ਉਸ ਬਾਰੇ ਗੱਲਾਂ ਕਰਨ ਲੱਗਦੀਆਂ। ਕੋਈ ਕਹਿੰਦੀ ਕਿ ਉਹ ਪਾਰਕ ਵਿਚ ਬੈਠ ਕੇ ਸ਼ਰਾਬ ਪੀਂਦਾ ਹੈ। ਕੋਈ ਕਹਿੰਦੀ ਕਿ ਉਹ ਡੇ-ਸੈਂਟਰ ਵਿਚ ਆ ਕੇ ਲੜਾਈ ਕਰਦਾ ਹੈ। ਕੋਈ ਕਹਿੰਦੀ ਕਿ ਚੰਦਨ ਸਾਹਿਬ ਨੇ ਕਿਸੇ ਨੂੰ ਗਾਲ੍ਹਾਂ ਕੱਢੀਆਂ ਹਨ। ਮੈਨੂੰ ਇਹਨਾਂ ਸਭਨਾਂ 'ਤੇ ਬਹੁਤ ਗੁੱਸਾ ਆਉਂਦਾ ਕਿ ਜਦ ਮੇਰਾ ਉਸ ਬੰਦੇ ਨਾਲ ਕੋਈ ਵਾਹ ਹੀ ਨਹੀਂ ਤਾਂ ਮੈਨੂੰ ਆ ਕੇ ਕਿਉਂ ਦੱਸਦੀਆਂ ਨੇ।

ਦਸੰਬਰ ਦਾ ਮਹੀਨਾ ਸੀ। ਮੈਂ ਜ਼ਰਾ ਲੇਟ ਹੀ ਉਠੀ। ਏਨੀ ਠੰਡ ਵਿਚ ਕਿਸ ਦਾ ਉਠਣ ਨੂੰ ਦਿਲ ਕਰਦਾ ਹੈ। ਮੈਂ ਪਰਦੇ ਹਟਾਏ ਤਾਂ ਅਜੀਬ ਜਿਹਾ ਉਦਾਸ ਕਰਨ ਵਾਲਾ ਦਿਨ ਸੀ। ਉਦਾਸ ਦਿਨ ਨੂੰ ਦੇਖ ਕੇ ਮੇਰਾ ਦਿਲ ਵੀ ਉਦਾਸ ਹੋ ਗਿਆ। ਥੋੜੀ ਦੇਰ ਬਾਅਦ ਹੀ ਹਰਜੀਤ ਦਾ ਫੋਨ ਆਇਆ। ਉਹ ਬੋਲਿਆ, "ਚੰਦਨ ਸਾਹਿਬ ਨਹੀਂ ਰਹੇ।"



## ਤੀਹ

ਚੰਦਨ ਸਾਹਿਬ ਦੀ ਮੌਤ ਦੀ ਖ਼ਬਰ ਸੁਣ ਕੇ ਪਤਾ ਨਹੀਂ ਮੈਂ ਕਿਉਂ ਰੋਣ ਲੱਗੀ। ਕਿੰਨਾ ਚਿਰ ਰੋਂਦੀ ਰਹੀ। ਕਿਸੇ ਆਪਣੇ ਦੇ ਮਰਨ 'ਤੇ ਰੋਣਾ ਰੋਕਣਾ ਵੀ ਨਹੀਂ ਚਾਹੀਦਾ। ਮੇਰੀਆਂ ਸਹੇਲੀਆਂ ਨੂੰ ਪਤਾ ਚੱਲਿਆ ਤਾਂ ਅਫਸੋਸ ਕਰਨ ਆਉਣ ਲੱਗੀਆਂ। ਫੋਨ ਵੀ ਆ ਰਹੇ ਸਨ। ਉਹਨਾਂ ਦੀ ਮੌਤ ਦੀ ਖ਼ਬਰ ਸਾਹਿਤਿਕ ਹਲਕਿਆਂ ਵਿਚ ਇਕ ਦਮ ਫੈਲ ਗਈ। ਕਿਸੇ ਨੇ ਫੇਸਬੁੱਕ ਉਪਰ ਪਾ ਦਿਤੀ ਜਿਸ ਨਾਲ ਦੁਨੀਆਂ ਭਰ ਵਿਚ ਵਸਦੇ ਲੇਖਕਾਂ ਤਕ ਇਹ ਮਨਹੂਸ ਖ਼ਬਰ ਜਾ ਪੁੱਜੀ। ਮੇਰੇ ਫਲੈਟ ਵਿਚ ਕਈ ਲੋਕ ਆ ਗਏ। ਮੈਂ ਆਪਣੀ ਇਕ ਸਹੇਲੀ ਨੂੰ ਆਖਿਆ,

"ਮੇਰੇ ਘਰ ਇਹ ਚਾਦਰ ਕਿਉਂ ਵਿਛ ਰਹੀ ਏ, ਮੈਂ ਕਿਹੜੀ ਵਿਧਵਾ ਹੋਈ ਆਂ?"

"ਉਹ ਤੇਰਾ ਪਤੀ ਸੀ। ਧਰਮ ਵਿਚ ਸਾਬਕਾ ਕੁਝ ਨਹੀਂ ਹੁੰਦਾ। ਜਦ ਗਰੰਥ ਸਾਹਿਬ ਦੁਆਲੇ ਲਾਵਾਂ ਹੋ ਜਾਂਦੀਆਂ ਨੇ ਤਾਂ ਔਰਤ ਪਤਨੀ ਬਣ ਜਾਂਦੀ ਏ। ਜਦ ਆਦਮੀ ਮਰਦਾ ਏ ਤਾਂ ਵਿਧਵਾ ਹੋਣਾ ਔਰਤ ਦਾ ਧਰਮ ਹੁੰਦਾ ਏ। ਕਿਸੇ ਦੇ ਕਹਿਣ ਜਾਂ ਨਾ ਕਹਿਣ ਨਾਲ ਕੋਈ ਫਰਕ ਨਹੀਂ ਪੈਂਦਾ।"

ਮੇਰੀ ਉਸ ਸਹੇਲੀ ਨੇ ਕਿਹਾ। ਉਸ ਨੇ ਕੀ ਵੁਲਵਰਹੈਂਪਟਨ ਦੀਆਂ ਸਾਰੀਆਂ ਔਰਤਾਂ ਹੀ ਮੈਨੂੰ ਚੰਦਨ ਦੀ ਵਿਧਵਾ ਕਹਿ ਰਹੀਆਂ ਸਨ। ਹਾਲਾਂਕਿ ਚੰਦਨ ਸਾਹਿਬ ਨੇ ਮੁਕੱਦਮੇ ਦੌਰਾਨ ਵਿਧਵਾ ਪੈਨਸ਼ਨ ਵਾਲੇ ਬਣਦੇ ਅਧਿਕਾਰ ਵੀ ਖ਼ਤਮ ਕਰਵਾ ਦਿੱਤੇ ਹੋਏ ਸਨ। ਫੇਰ ਵੀ ਸ਼ਾਇਦ ਉਹਨਾਂ ਦੀ ਗੱਲ ਸਹੀ ਸੀ। ਮੈਂ ਚੰਦਨ ਸਾਹਿਬ ਦੀ ਮੌਤ ਦਾ ਸੋਗ ਮਨਾਉਣ ਲੱਗ ਪਈ। ਸਾਰੇ ਦੋਸਤ ਇਕੱਠੇ ਹੋ ਰਹੇ ਸਨ। ਸ਼ਰਧਾਂਜਲੀਆਂ ਵੀ ਦਿਤੀਆਂ ਜਾ ਰਹੀਆਂ ਸਨ। ਦੋਸਤ ਇਕ ਦੂਜੇ ਨੂੰ ਫੋਨ ਕਰਕੇ ਵੀ ਚੰਦਨ ਸਾਹਿਬ ਦੀ ਮੌਤ ਦਾ ਅਫਸੋਸ ਕਰ ਰਹੇ ਸਨ। ਸਾਹਿਤ ਜਗਤ ਲਈ ਇਹ ਬਹੁਤ ਵੱਡੀ ਖ਼ਬਰ ਸੀ ਤੇ ਮੇਰੇ ਲਈ ਉਸ ਤੋਂ ਵੀ ਵੱਡੀ।

ਮੌਤ ਸਮੇਂ ਚੰਦਨ ਸਾਹਿਬ ਸ਼ਰਾਬ ਪੀ ਰਹੇ ਸਨ। ਅੱਧੀ ਬੋਤਲ ਉਵੇਂ ਹੀ ਉਹਨਾਂ ਦੇ ਸਾਹਮਣੇ ਪਈ ਸੀ। ਜਿਵੇਂ ਉਹ ਕਿਹਾ ਕਰਦੇ ਸਨ ਕਿ ਤੈਨੂੰ ਕੀ, ਮੈਂ ਆਪਣੇ ਆਪ ਨਾਲ ਹੀ ਖੇਡ ਰਿਹਾਂ, ਸੱਚ ਉਹ ਆਪਣੇ ਆਪ ਨਾਲ ਖੇਡ ਗਏ ਸਨ। ਉਹਨਾਂ ਦੀ ਮੌਤ ਘਰ ਵਿਚ ਹੀ ਹੋਈ ਸੀ ਪਰ ਉਹਨਾਂ ਦੀ ਦੇਹ ਨੂੰ ਪੋਸਟ-ਮਾਰਟਮ ਤੋਂ ਬਾਅਦ ਸਾਊਥਾਲ ਦੇ ਇਕ ਅੰਡਰਟੇਕਰ ਕੋਲ ਰੱਖ ਦਿਤਾ ਗਿਆ ਸੀ। ਫਿਊਨਰਲ ਦੀ ਤਰੀਕ ਤੈਅ ਦਿਤੀ ਗਈ। ਫਿਊਨਰਲ ਦਾ ਸਾਰਾ ਇੰਤਜ਼ਾਮ ਅਮਨਦੀਪ ਨੇ ਹੀ ਕਰਨਾ ਸੀ। ਅਮਨਦੀਪ ਨੂੰ ਅਜਿਹੇ ਮਾਮਲਿਆਂ ਵਿਚ ਤਜਰਬਾ ਨਾ ਹੋਣ ਕਰਕੇ ਉਹ ਹਰਜੀਤ ਤੋਂ ਸਾਰੀ ਸਲਾਹ ਲੈ ਰਿਹਾ ਸੀ ਤੇ ਹਰਜੀਤ ਮੈਨੂੰ ਸਾਰੀ ਗੱਲ ਦੱਸ ਦਿੰਦਾ ਸੀ। ਅਮਨਦੀਪ ਵੀ ਤੇ ਚੰਦਨ ਸਾਹਿਬ ਦੇ ਦੋਸਤ ਵੀ ਇਹੋ ਚਾਹੁੰਦੇ ਸਨ ਕਿ ਉਹਨਾਂ ਦਾ ਫਿਊਨਰਲ ਉਸ ਇਲਾਕੇ ਵਿਚ ਹੀ ਕੀਤਾ ਜਾਵੇ ਜਿਥੇ ਉਹ ਬਹੁਤਾ ਸਮਾਂ ਰਹੇ ਸਨ। ਸੋ ਫਿਊਨਰਲ ਹੈਨਵੈੱਲ ਦੇ ਕਰੈਮੋਟੋਰੀਅਮ ਵਿਚ ਹੋਣਾ ਸੀ। ਇਕ ਦਿਨ ਕਿਸੇ ਦੋਸਤ ਨੇ ਮੈਨੂੰ ਕਿਹਾ,

"ਚੰਦਨ ਦੀ ਫੈਮਿਲੀ ਕਹਿੰਦੀ ਏ ਕਿ ਦੇਵਿੰਦਰ ਫਿਊਨਰਲ 'ਤੇ ਨਾ ਆਵੇ।"

ਮੈਂ ਸੋਚਣ ਲੱਗੀ ਕਿ ਇਹ ਕਿਹੜੀ ਫੈਮਿਲੀ ਹੋਈ। ਸਾਰੀਆਂ ਔਰਤਾਂ ਕਹਿ

ਰਹੀਆਂ ਕਿ ਮੈਂ ਵਿਧਵਾ ਹੋਈ ਹਾਂ ਤੇ ਵਿਧਵਾ ਆਪਣੇ ਆਦਮੀ ਦੇ ਫਿਊਨਰਲ 'ਤੇ ਕਿਉਂ ਨਾ ਜਾਵੇ। ਮੈਂ ਹਰਜੀਤ ਨੂੰ ਫੋਨ ਕੀਤਾ। ਉਹੀ ਚੰਦਨ ਦੇ ਜ਼ਿਆਦਾ ਨੇੜੇ ਸੀ। ਮੈਂ ਕਿਹਾ,

"ਲੋਕ ਕਹਿ ਰਹੇ ਨੇ ਕਿ ਮੈਂ ਫਿਊਨਰਲ 'ਤੇ ਨਾ ਜਾਵਾਂ!"

"ਅਮਨਦੀਪ ਨਾਲ ਗੱਲ ਹੋਈ ਸੀ। ਉਹ ਕਹਿੰਦਾ ਕਿ ਡੈਡ ਅਲਕਾ ਨੂੰ ਕਹਿ ਗਏ ਆ ਕਿ ਦੇਵਿੰਦਰ ਮੇਰੇ ਫਿਊਨਰਲ 'ਤੇ ਨਾ ਆਵੇ।"

"ਤੂੰ ਕੀ ਕਹਿੰਨਾ ਏਂ?"

"ਮੈਂ ਕਹਿੰਨਾ ਕਿ ਮੈਂ ਚੰਦਨ ਨੂੰ ਅਲਕਾ ਤੋਂ ਵੀ ਬਾਅਦ ਮਿਲਿਆਂ ਤੇ ਮੇਰੇ ਨਾਲ ਤਾਂ ਏਦਾਂ ਦੀ ਕੋਈ ਗੱਲ ਨਹੀਂ ਹੋਈ।"

"ਸੋ?"

"ਸੋ ਇਹ ਕਿ ਤੁਹਾਨੂੰ ਆਉਣਾ ਚਾਹੀਦੈ। ਤੁਸੀਂ ਕਿਹੜਾ ਅਲਕਾ ਕਰਕੇ ਜਾਂ ਕਿਸ ਹੋਰ ਕਰਕੇ ਆਉਣਾ, ਤੁਸੀਂ ਤਾਂ ਆਪਣੇ ਕਰਕੇ ਆਉਣਾ, ਜੇ ਨਾ ਆਏ ਤਾਂ ਸਾਰੀ ਉਮਰ ਗਿਲਟੀ ਫੀਲ ਕਰੋਂਗੇ।"

"ਮੈਂ ਤੇ ਹਰ ਹਾਲਤ ਵਿਚ ਆਵਾਂਗੀ।"

ਮੈਂ ਦ੍ਰਿੜ੍ਹਤਾ ਨਾਲ ਆਖਿਆ। ਉਹ ਦੱਸਣ ਲੱਗਿਆ,

"ਇਵੇਂ ਐ ਕਿ ਬੌਡੀ ਪਹਿਲਾਂ ਅਮਨਦੀਪ ਦੇ ਘਰ ਆਵੇਗੀ, ਤੁਸੀਂ ਉਥੇ ਨਾ ਆ ਕੇ ਸਿੱਧੇ ਹੈਨਵੈੱਲ ਕਰੈਮੋਟੋਰੀਅਮ ਵਿਚ ਆ ਜਾਣੈ।"

ਜਿਵੇਂ ਹਰਜੀਤ ਨੇ ਦੱਸਿਆ ਸੀ, ਸਸਕਾਰ ਨੂੰ ਲੈ ਕੇ ਜਾਣ ਤੋਂ ਪਹਿਲਾਂ ਉਹਨਾਂ ਦੀ ਦੇਹ ਅਮਨਦੀਪ ਦੇ ਘਰ ਆਉਣੀ ਸੀ। ਸਸਕਾਰ ਦਾ ਸਾਰਾ ਇੰਤਜ਼ਾਮ ਅਮਨਦੀਪ ਨੇ ਹੀ ਕਰਨਾ ਸੀ। ਵੁਲਵਰਹੈਂਪਟਨ ਤੋਂ ਸਾਰੇ ਹੀ ਦੋਸਤਾਂ ਨੇ ਉਸ ਸਮੇਂ ਪੁੱਜਣਾ ਸੀ। ਸਭ ਨੇ ਹੀ ਪਹਿਲਾਂ ਅਮਨਦੀਪ ਦੇ ਘਰ ਜਾਣਾ ਸੀ। ਮੈਨੂੰ ਮਨਮੋਹਨ ਆਪਣੀ ਕਾਰ ਵਿਚ ਲੈ ਗਿਆ। ਨਾਲ ਕੋਈ ਹੋਰ ਵੀ ਸੀ। ਉਹ ਸਾਰੇ ਗਏ ਪਰ ਮੈਂ ਕਾਰ ਵਿਚ ਬੈਠੀ ਰਹੀ। ਉਥੋਂ ਸਾਰੇ ਹੀ ਜਲੂਸ ਦੀ ਸ਼ਕਲ ਵਿਚ ਹੈਨਵੈੱਲ ਕਰੈਮੋਟੋਰੀਮ ਨੂੰ ਤੁਰ ਪਏ। ਇਥੋਂ ਦਾ ਹਾਲ ਖਚਾ-ਖੱਚ ਭਰਿਆ ਹੋਇਆ ਸੀ। ਇੰਗਲੈਂਡ ਭਰ ਦੇ ਲੇਖਕ ਪੁੱਜੇ ਹੋਏ ਸਨ। ਹਰਜੀਤ ਅਟਵਾਲ ਨੇ ਚੰਦਨ ਸਾਹਿਬ ਬਾਰੇ ਇਕ ਭਾਵੁਕ ਜਿਹੀ ਸਪੀਚ ਕੀਤੀ। ਅਮਨਦੀਪ ਨੇ ਬਟਨ ਦਬਾਇਆ ਜਿਸ ਨਾਲ ਬਕਸਾ ਅੱਗੇ ਬਿਜਲਈ-ਚੁੱਲੇ ਵਲ ਤੁਰ ਗਿਆ। ਉਥੋਂ ਸਾਰੇ ਗੁਰਦਵਾਰੇ ਆ ਗਏ ਜਿਥੇ ਪਾਠ ਰੱਖਿਆ ਹੋਇਆ ਸੀ ਤੇ ਹੋਰ ਦੋਸਤਾਂ ਨੇ ਵੀ ਸ਼ਰਧਾਂਜਲੀਆਂ ਦੇਣੀਆਂ ਸਨ। ਪਾਠ ਚੱਲ ਰਿਹਾ ਸੀ। ਮੈਂ ਵੀ ਸੰਗਤ ਵਿਚ ਬੈਠੀ ਸਾਂ। ਅਚਾਨਕ ਕਿਸੇ ਨੇ ਆ ਕੇ ਮੇਰੇ ਮੋਢੇ 'ਤੇ ਹੱਥ ਰੱਖਿਆ। ਮੈਂ ਪਿੱਛੇ ਨੂੰ ਮੁੜ ਕੇ ਦੇਖਿਆ ਤਾਂ ਅਨੀਸ਼ ਖੜ੍ਹਾ ਸੀ। ਨਿਰਾ ਸਵਰਨ ਚੰਦਨ। ਮੈਂ ਉਸ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ।



**ਉਮਾਸ਼ੰਕਰ ਚੌਧਰੀ** : ਮੈਂ ਨਹੀਂ ਸਮਝਦਾ ਕਿ ਸਾਹਿਤ 'ਚ ਅਜੇ ਅਸ਼ਲੀਲਤਾ ਐਨੀ ਵੱਧ ਗਈ ਹੈ ਕਿ ਚਿੰਤਾ ਕਰਨ ਦੀ ਲੋੜ ਆ ਪਵੇ। ਇਸਤਰੀਆਂ, ਦਲਿਤਾਂ, ਆਦਿਵਾਸੀਆਂ ਨੇ ਜੋ ਝਲਿਆ ਹੈ, ਉਸਨੂੰ ਤੁਹਾਨੂੰ ਸੁਣਨਾ ਤਾਂ ਪਵੇਗਾ ਹੀ।...ਆਖਰ ਸੈਕਸ ਸਾਡੇ ਜੀਵਨ ਦਾ ਇਕ ਅਨਿਖੜਵਾਂ ਤੇ ਮਹੱਤਵਪੂਰਵ ਹਿੱਸਾ ਹੈ। ਕਦੇ-ਕਦੇ ਸਾਹਿਤ 'ਚ ਸਵਾਦ ਲਿਆਉਣ ਲਈ ਵੀ ਇਸ ਦੀ ਲੋੜ ਨੂੰ ਮੈਂ ਗਲਤ ਨਹੀਂ ਮੰਨਦਾ, ਪਰ ਸੱਭਿਅਕ ਤਰੀਕੇ ਨਾਲ। ਇਹ ਗਲਤ ਉਦੋਂ ਹੈ ਜਦੋਂ ਕੋਈ 'ਆਤਮਸਵੀਕ੍ਰਿਤੀਆਂ' ਦੇ ਆਸਰੇ ਇਸ ਨੂੰ ਗਲੋਰੀਫਾਈ ਕਰਨ ਦੀ ਲੋੜ ਮਹਿਸੂਸ ਕਰਦਾ ਹੈ। ਅਨੈਤਿਕ ਕੰਮ ਇਸਤਰੀ ਕਰੇ ਜਾਂ ਪੁਰਖ, ਉਸ ਨੂੰ ਗਲੋਰੀਫਾਈ ਕਰਨ ਦਾ ਅਧਿਕਾਰ ਦੋਹਾਂ ਦੇ ਕੋਲ ਨਹੀਂ ਹੋਣਾ ਚਾਹੀਦਾ।

**ਸ਼ਸ਼ੀ ਭੂਸ਼ਣ ਦਿਵੇਦੀ** : ਅਸ਼ਲੀਲਤਾ ਇਸਤਰੀ ਦੀ ਦੇਹ 'ਚ ਨਹੀਂ, ਪੁਰਖ ਦੇ ਦਿਮਾਗ 'ਚ ਹੁੰਦੀ ਹੈ।

**ਟੇਕਚੰਦ** : ਨੰਗਾਪਣ ਸਰੀਰ ਦਾ ਨਹੀਂ, ਇਰਾਦਿਆਂ ਦਾ ਖਤਰਨਾਕ ਹੈ। ਕੀ ਇਹ ਅਸ਼ਲੀਲ ਨਹੀਂ ਹੈ ਕਿ ਧਰਮ ਦੇ ਨਾਂ 'ਤੇ ਲੋਕਾਂ ਨੂੰ ਕਤਲ ਕਰ ਦਿੱਤਾ ਜਾਂਦਾ ਹੈ ? ਮੇਰੇ ਵਿਚਾਰ 'ਚ ਧਰਮ ਦੀ ਕੱਟੜਤਾ, ਜਾਤ ਤੇ ਭ੍ਰਿਸ਼ਟਾਚਾਰ ਜ਼ਿਆਦਾ ਅਸ਼ਲੀਲ ਹਨ।

ਇਸ ਗੱਲ ਦਾ ਫੈਸਲਾ ਪਾਠਕਾਂ ਨੇ ਕਰਨਾ ਹੁੰਦਾ ਹੈ ਕਿ ਕੀ ਸ਼ਲੀਲ ਹੈ ਕੀ ਅਸ਼ਲੀਲ। ਅੱਜ ਦਾ ਪਾਠਕ ਵਰਗ ਜੇ ਫ਼ਿਲਮਾਂ 'ਚ ਸਭ ਕੁਝ ਹਜਮ ਕਰ ਸਕਦਾ ਹੈ ਜਾਂ ਸਾਹਿਤ 'ਚ ਕਿਉਂ ਨਹੀਂ। ਸਾਨੂੰ ਖੁੱਲ੍ਹੇ ਮਨ ਨਾਲ ਸੋਚਣਾ ਪਵੇਗਾ ਕਿ ਅੱਜ ਦਾ ਸਮਾਂ ਉਹ ਨਹੀਂ ਰਿਹਾ-ਜੋ ਇਕ ਸਦੀ ਪਹਿਲਾਂ ਦਾ ਸੀ। ਸਾਨੂੰ ਸਮੇਂ ਦੇ ਨਾਲ-ਨਾਲ ਬਦਲਣਾ ਚਾਹੀਦਾ ਹੈ। ਇਸ ਗੱਲ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਜਿੱਥੇ ਸਰੀਰਕ ਅੰਗਾਂ ਦਾ ਬਿਆਨ ਜਾਂ ਅਸ਼ਲੀਲ ਸ਼ਬਦਾਂ ਦਾ ਪ੍ਰਯੋਗ ਜੀਵਨ ਦੀ ਵਾਸਤਵਿਕਤਾ ਜਾਂ ਕੀਮਤਾਂ ਦੇ ਉਦਘਾਟਨ ਵਿਚ ਕੀਤਾ ਜਾਂਦਾ ਹੈ, ਉਥੇ ਕੁਝ ਹਦ ਤਕ ਅਸ਼ਲੀਲਤਾ ਸਹੀ ਜਾ ਸਕਦਾ ਹੈ, ਸਗੋਂ ਉਹ ਅਸ਼ਲੀਲ ਪ੍ਰਤੀਤ ਹੀ ਨਹੀਂ ਹੁੰਦੀ। ਪਰ ਜਿਥੇ ਸਰੀਰਕ ਅੰਗਾਂ ਦੇ ਖੁੱਲ੍ਹੇ ਦਿਖਾਵੇ ਦਾ ਇਕ ਮਾਤਰ ਪ੍ਰਯੋਜਨ ਕਾਮੁਕਤਾ ਨੂੰ ਉਜਾਗਰ ਕਰ ਕੇ ਵਾਸਨਾਵਾਂ ਵੱਲ ਪ੍ਰੇਰਿਤ ਕਰਨਾ ਹੋਵੇ, ਮਾਰਗ੍ਰੇਟ ਮੀਡ ਦੇ ਕਥਨ ਅਨੁਸਾਰ, ਅਜਿਹਾ ਸਾਹਿਤ ਨਿੰਦਣਯੋਗ ਹੈ।

ਕਹਾਣੀਕਾਰ ਤਲਵਿੰਦਰ ਸਿੰਘ ਤੇ ਉਸ ਦੀ ਪਤਨੀ ਬਲਵਿੰਦਰ ਕੌਰ ਦੀ ਹਾਦਸੇ ਵਿਚ ਹੋਈ ਮੌਤ ਨੇ ਸਾਹਿਤ ਜਗਤ ਨੂੰ ਗਮ ਵਿਚ ਡਬੋ ਦਿਤਾ ਹੈ। ਤਲਵਿੰਦਰ ਵਧੀਆ ਕਹਾਣੀਕਾਰ ਤਾਂ ਹੈ ਹੀ ਸੀ, ਨਾਲ ਦੀ ਨਾਲ ਉਹ ਵਧੀਆ ਇਨਸਾਨ ਵੀ ਸੀ। ਉਹ ਯਾਰਾਂ ਦਾ ਯਾਰ ਵੀ ਸੀ। ਅਸੀਂ 'ਸ਼ਬਦ' ਦੇ ਅੰਕ ਨੰ: 6 'ਚ ਉਸ ਦੀ ਪਹਿਲੀ ਕਹਾਣੀ 'ਨੀਲੀਆਂ ਅੱਖਾਂ' ਛਾਪੀ ਸੀ ਤੇ ਆਖਿਰੀ ਕਹਾਣੀ 'ਪਾਂਡੀ' 'ਸ਼ਬਦ' ਦੇ ਅੰਕ ਨੰ: 53 'ਚ ਛਾਪੀ ਸੀ। ਉਹ ਨਵੀਂ ਪੰਜਾਬੀ ਕਹਾਣੀ ਦਾ ਸਥਾਪਤ ਕਹਾਣੀਕਾਰ ਹੈ। ਉਸ ਦੀ ਕਹਾਣੀ 'ਵਿਚਲੀ ਔਰਤ' ਨੂੰ ਕਲਾਸੀਕਲ ਕਹਾਣੀ ਮੰਨਿਆ ਗਿਆ ਹੈ। ਜਦੋਂ ਦਾ ਉਹ ਕੇਂਦਰੀ ਲੇਖਕ ਸਭਾ ਦਾ ਸਕੱਤਰ ਬਣਿਆ ਸੀ ਉਸ ਨੇ ਸਭਾ ਦੀ ਰੂਪ ਰੇਖਾ ਹੀ ਬਦਲ ਕੇ ਰੱਖ ਦਿਤੀ ਸੀ। ਉਸ ਦੀ ਹਾਜ਼ਰੀ ਵਿਚ ਜਿੰਨਾ ਕੇਂਦਰੀ ਲੇਖਕ ਸਭਾ ਨੇ ਕੰਮ ਕੀਤਾ ਪਹਿਲਾਂ ਕਦੇ ਨਹੀਂ ਸੀ ਕੀਤਾ। ਤਲਵਿੰਦਰ ਦੇ ਐਕਸੀਡੈਂਟ ਨੇ ਇਕ ਵਾਰ ਫਿਰ ਸਾਡੇ ਮੁਲਕ ਦੇ ਟਰੈਫਿਕ ਸਿਸਟਮ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤੇ ਹਨ। ਹਰ ਰੋਜ਼ ਸੈਂਕੜੇ ਲੋਕ ਐਦਾਂ ਅਣਨਿਆਈਂ ਮੌਤੇ ਮਰ ਰਹੇ ਹਨ। ਇਸ ਵਾਰ ਦਾ 'ਸ਼ਬਦ' ਅਸੀਂ ਤਲਵਿੰਦਰ ਨੂੰ ਸਮਰਪੱਤ ਕਰਦੇ ਹਾਂ।

ਸ਼ਾਇਰ ਦੇਵਨੀਤ ਤੇ ਅਨੁਵਾਦਕ ਪਾਲ ਸਿੰਘ ਵੱਲਾ ਦਾ ਆਕਾਲ ਚਲਾਣਾ ਕਰ ਜਾਣਾ- ਪੰਜਾਬੀ ਸਾਹਿਤ ਲਈ ਬਹੁਤ ਵੱਡਾ ਘਾਟਾ ਹੈ।

**-ਜਿੰਦਰ**

ਕਹਾਣੀਆਂ

## ਹਾਈਪੋਥਰਮੀਆ/ਬਲਬੀਰ ਸੰਘੇੜਾ

ਜਿਸ ਦਿਨ ਬਾਪੂ ਜੀ ਸਾਡੇ ਕੋਲ ਪਹੁੰਚੇ, ਉਸ ਦਿਨ ਅਸੀਂ ਸਮਝ ਗਏ ਕਿ ਉਹ ਕੁਝ ਦਿਨਾਂ ਦੇ ਮਹਿਮਾਨ ਹੋਣਗੇ। ਲੰਮਾਂ ਲੰਝਾ ਜਿਸਮ, ਹੱਡੀਆਂ ਦੀ ਮੁੱਠ ਰਹਿ ਗਿਆ ਸੀ। ਨਾ ਬੋਲ ਵਿਚ ਅਕੜਾਂਦ, ਨਾ ਜਿਸਮ ਵਿਚ ਫੁਰਤੀ, ਤੇ ਨਾ ਹੀ ਉੱਠ ਸਕਣ ਦੀ ਹਿੰਮਤ। ਖੜੇ ਹੁੰਦੇ, ਲੱਤਾਂ ਡੋਲਦੀਆਂ। ਖਾਣਾ ਖਾਣ ਲੱਗਦੇ, ਬੁਰਕੀ ਮੂੰਹ ਦੀ ਬਜਾਏ ਨੱਕ ਵੱਲ ਜਾਂਦੀ। ਚੇਤੇ ਦੀ ਸਲੇਟ ਸਾਫ਼ ਹੋਈ ਪਈ ਸੀ। ਜਿਸਨੂੰ ਦੇਖਦੇ, ਉਸਦਾ ਚੇਤਾ ਆ ਜਾਂਦਾ, ਵਰਨਾ ਕੋਰਾ ਵਰਕਾ। ਵੈਸੇ ਵੀ ਅਸੀਂ ਕੁਝ ਦੇਰ ਤੋਂ ਦੇਖ ਰਹੇ ਸਾਂ ਕਿ ਉਨ੍ਹਾਂ ਦੀ ਯਾਦਦਾਸ਼ਤ ਜਾ ਰਹੀ ਸੀ। ਉਹ ਇਸ ਗੱਲ ਤੇ ਸਭ ਨਾਲ਼ ਬਹਿਸ ਕਰਦੇ ਤੇ ਸਿੱਧ ਕਰਨਾ ਚਾਹੁੰਦੇ ਕਿ ਉਨ੍ਹਾਂ ਨੂੰ ਕੁਝ ਨ੍ਹੀਂ ਹੋਇਆ। ਉਹ ਠੀਕ-ਠਾਕ ਹਨ। ਉਨ੍ਹਾਂ ਨੂੰ ਸਭ ਚੇਤੇ ਹੈ। ਪਰ ਦੋ ਕੁ ਵਰ੍ਹਿਆਂ ਤੋਂ ਚੇਤਾ ਵਾਹਵਾ ਭੁੱਲ ਰਿਹਾ ਸੀ।

ਮੈਂ ਆਖਦੀ, "ਬਾਪੂ ਜੀ! ਇਹ ਉਮਰ ਦੀ ਗੱਲ ਹੈ। ਵਡੇਰੀ ਉਮਰ ਨਾਲ਼ ਇਸ ਤਰ੍ਹਾਂ ਹੋਣਾ ਸੁਭਾਵਕ ਹੈ।"

ਉਹ ਟੁੱਟ ਕੇ ਮੇਰੇ ਗਲ਼ ਪੈ ਜਾਂਦੇ, "ਤੇਰਾ ਖਿਆਲ ਐ, ਮੈਂ ਬੁੱਢਾ ਹੋ ਗਿਆਂ? ਅੱਜ ਕੱਲ੍ਹ ਲੋਕ 120 ਵਰ੍ਹਿਆਂ ਦੀ ਉਮਰ ਤਕ ਜੀ ਸਕਦੇ ਹਨ।"

ਗੁਰਪਾਲ ਹੱਸਦੇ ਹੋਏ ਆਖਦੇ, "ਤੁਸੀਂ ਨੇੜੇ ਹੀ ਢੁੱਕਣ ਵਾਲੇ ਹੋ। ਸੌ ਦੇ ਨੇੜੇ ਤਾਂ ਪਹੁੰਚ ਹੀ ਚੱਲੇ ਹੋ।"

ਬਾਪੂ ਜੀ ਨੂੰ ਆਪਣੀ ਉਮਰ ਬਹੁਤੀ ਨਾ ਜਾਪਦੀ। ਉਹ ਗੱਲ ਕਰਦੇ ਆਖਦੇ, "ਅਜੇ ਕੱਲ੍ਹ ਪਰਸੋਂ ਮੈਂ ਕਾਲਜ ਪੜ੍ਹਦਾ ਸੀ। ਪੁਲੀਸ ਦੇ ਦਿਨ ਮੈਨੂੰ ਹੁਣ ਵੀ ਚੇਤੇ ਨੇ। ਤੁਸੀਂ ਕਿਹੜੀਆਂ ਭੋਲ਼ੀਆਂ ਗੱਲਾਂ ਕਰਦੇ ਹੋ? ਬੰਦੇ ਦੀ ਸਿਹਤ ਠੀਕ ਹੋਵੇ ਤਾਂ ਉਮਰ ਕੁਝ ਨ੍ਹੀਂ ਹੁੰਦੀ।" ਉਹ ਗੱਲਾਂ ਕਰਦੇ ਹੋਏ ਆਪਣੀ ਪੁਲੀਸ ਦੀ ਨੌਕਰੀ ਦੀਆਂ ਕਹਾਣੀਆਂ ਛੇੜ ਬੈਠਦੇ। ਹੱਸਦੇ, ਗੱਲਾਂ ਕਰਦੇ-ਕਰਦੇ ਚੇਤਾ ਭੁੱਲ ਜਾਂਦਾ। ਮੱਥੇ ਦੀਆਂ ਨਾੜਾਂ ਨੂੰ ਘੁੱਟਦੇ, ਸਿਰ ਛੰਡਦੇ, ਪਰੇਸ਼ਾਨ ਹੁੰਦੇ ਤੇ ਫੇਰ ਗੱਲ ਬਦਲਕੇ ਹੋਰ ਕੋਈ ਕਰਨ ਲੱਗ ਪੈਂਦੇ।

... ਤੇ ਹੁਣ ਬਾਪੂ ਜੀ ਖੁਰ ਰਹੇ ਸਨ। ਹੱਡੀਆਂ ਦਾ ਨਿੱਕਾ ਜਿਹਾ ਬੰਡਲ ਬਣ ਕੇ ਰਹਿ ਗਿਆ ਸੀ।

ਉਨ੍ਹਾਂ ਦਾ ਵੱਡਾ ਪੋਤਾ ਭਜਨ ਅਤੇ ਉਸਦੀ ਪਤਨੀ ਉਨ੍ਹਾਂ ਨੂੰ ਮਿਲਣ ਆਏ। ਉਹ ਦੋਨੋਂ ਬਾਪੂ ਜੀ ਨੂੰ ਦੇਖ ਕੇ ਹੈਰਾਨ ਰਹਿ ਗਏ। ਉਨ੍ਹਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕੀ ਕਹਿਣ ਤੇ ਕੀ ਕਰਨ? ਉਸਦੀ ਪਤਨੀ ਮਿੰਦਰੋ ਬਾਪੂ ਜੀ ਦੇ ਆਲ਼ੇ ਦੁਆਲ਼ੇ ਘੁੰਮ ਰਹੀ ਸੀ। ਪਰ ਬਾਪੂ ਜੀ ਵਿਚ ਨਾ ਕਿਸੇ ਨਾਲ਼ ਗੱਲ ਕਰਨ ਦੀ ਹਿੰਮਤ ਸੀ ਅਤੇ ਨਾ ਹੀ ਉਹ ਕਿਸੇ ਨਾਲ਼ ਬੋਲਣਾ ਚਾਹੁੰਦੇ ਸਨ। ਭਜਨ ਵਾਰ-ਵਾਰ ਆਖ ਰਿਹਾ ਸੀ, "ਬਾਪੂ ਜੀ ਮੈਂ ਤੁਹਾਨੂੰ ਲੈਣ ਆਇਆਂ।"

ਬਾਪੂ ਜੀ ਸਿਰ ਚੁੱਕਦੇ ਅਤੇ "ਹੂੰ" ਆਖ ਕੇ ਅੱਖਾਂ ਮੀਚ ਲੈਂਦੇ।

ਮਿੰਦਰੋ ਆਖਦੀ, "ਬਾਪੂ ਜੀ! ਨਿਆਣੇ ਤੁਹਾਨੂੰ ਉਡੀਕਦੇ ਹਨ। ਉਨ੍ਹਾਂ ਨੂੰ ਚਾਅ ਚੜ੍ਹਿਆ ਪਿਐ ਕਿ ਤੁਸੀਂ ਆਏ ਹੋ। ਆਪਾਂ ਹੁਣ ਚੱਲਣੈ।"

ਬਾਪੂ ਜੀ ਕੋਈ ਹੁੰਘਾਰਾ ਨਾ ਭਰਦੇ।

ਮੈਂ ਉਨ੍ਹਾਂ ਵਾਸਤੇ ਚਾਹ ਬਣਾਉਣ ਉੱਠੀ। ਜਦੋਂ ਮੈਂ ਬਾਪੂ ਜੀ ਦੇ ਕੋਲ ਦੀ ਲੰਘ ਰਹੀ ਸਾਂ ਤਾਂ



ਬਾਪੂ ਜੀ ਨੇ ਕੰਬਲ ਦੀ ਬੁੱਕਲ ਵਿਚੋਂ ਹੱਥ ਕੱਢ ਕੇ ਮੇਰਾ ਹੱਥ ਫੜ ਲਿਆ। ਬਾਪੂ ਜੀ ਦੀ ਆਵਾਜ਼ ਫਰ-ਫਰ ਕਰਦੀ, ਕੋਲ ਬੈਠੇ ਇਨਸਾਨ ਨੂੰ ਵੀ ਸੁਣਾਈ ਨਹੀਂ ਸੀ ਦਿੰਦੀ। ਉਹ ਐਨੇ ਕਮਜ਼ੋਰ ਹੋ ਚੁੱਕੇ ਸਨ ਕਿ ਉਨ੍ਹਾਂ ਦੇ ਬੋਲ ਬੁੱਲ੍ਹਾਂ ਤਕ ਫਰਕ ਕੇ ਰਹਿ ਜਾਂਦੇ।

ਮੈਂ ਕੰਨ ਉਨ੍ਹਾਂ ਦੇ ਮੂੰਹ ਕੋਲ ਲੈ ਗਈ। ਉਨ੍ਹਾਂ ਦੀ ਮੱਧਮ ਆਵਾਜ਼ ਵਿਚੋਂ ਬੋਲ ਨਿੱਕਲੇ, "ਮੈਨੂੰ ਭੇਜਣਾ ਨ੍ਹੀਂ। ਮੈਂ ਨ੍ਹੀਂ ਕਿਤੇ ਜਾਣਾ।"

ਮੈਂ ਹੱਥਾਂ ਦੇ ਇਸ਼ਾਰਿਆਂ ਨਾਲ਼ ਉਨ੍ਹਾਂ ਨੂੰ ਭਰੋਸਾ ਦੁਆਇਆ ਕਿ ਉਹ ਕਿੱਧਰੇ ਨਹੀਂ ਜਾਣਗੇ। ਉਨ੍ਹਾਂ ਨੇ ਹਉਕਾ ਜਿਹਾ ਲਿਆ ਅਤੇ ਸ਼ਾਂਤ ਹੋ ਅੱਖਾਂ ਮੀਚ ਕੇ ਬੈਠ ਗਏ। ਚਿਹਰੇ ਦੀ ਬਣਤਰ ਵਿਚ ਤ੍ਰੇੜਾਂ ਹੋਰ ਵੀ ਡੂੰਘੀਆਂ ਹੁੰਦੀਆਂ ਗਈਆਂ।

ਮੇਰੇ ਚੇਤੇ ਵਿਚ ਦੋ-ਤਿੰਨ ਵਰ੍ਹੇ ਪਹਿਲਾਂ ਬੀਤੀ ਘਟਨਾ ਤਰਥੱਲ ਮਚਾਉਣ ਲੱਗੀ। ਬਾਪੂ ਜੀ ਭਜਨ ਕੋਲ ਗਏ ਹੋਏ ਸਨ। ਇਕ ਰਾਤ ਬਾਪੂ ਜੀ ਦਾ ਟੈਲੀਫੋਨ ਆਇਆ। ਸਤਿ ਸ੍ਰੀ ਅਕਾਲ ਹੋਣ ਤੋਂ ਬਾਅਦ ਉਹ ਵਾਰ-ਵਾਰ ਆਖ ਰਹੇ ਸਨ ਕਿ 'ਗੁਰਪਾਲ ਮੈਨੂੰ ਹੁਣੇ ਆ ਕੇ ਲੈ ਜਾਵੇ।'

ਗੁਰਪਾਲ ਕੰਮ ਤੇ ਗਏ ਹੋਏ ਸਨ। ਰਿਟਾਇਰਮੈਂਟ ਲੈਣ ਤੋਂ ਬਾਅਦ ਵੀ, ਉਨ੍ਹਾਂ ਦੀ ਕੰਪਨੀ ਉਨ੍ਹਾਂ ਨੂੰ ਕੰਮ ਤੇ ਬੁਲਾ ਲੈਂਦੀ ਸੀ। ਗੁਰਪਾਲ ਵੀ ਆਪਣੇ ਪੁਰਾਣੇ ਮਿੱਤਰਾਂ ਦੇ ਮੇਲੇ-ਗੇਲੇ ਲਈ ਦੋ-ਚਾਰ ਹਫ਼ਤੇ ਕੰਮ ਤੇ ਚਲੇ ਜਾਂਦੇ ਸਨ। ਆਖਦੇ, "ਜੇ ਕਰ ਸਿਹਤ ਠੀਕ ਹੈ ਤਾਂ ਕਿਉਂ ਨਾ ਬੰਦਾ ਥੋੜ੍ਹਾ ਘਣਾ ਕੰਮ ਕਰ ਲਵੇ। ਸਭ ਨਾਲ਼ ਮੇਲ-ਮਿਲਾਪ ਵੀ ਹੋ ਜਾਂਦੈ।"

ਗੱਲ ਵੀ ਠੀਕ ਸੀ। ਬੰਦਾ ਮਿੱਤਰਾਂ ਦੋਸਤਾਂ ਨੂੰ ਮਿਲੇ ਵਗੈਰ ਉਂਜ ਹੀ ਅਧੂਰਾ ਹੋ ਜਾਂਦੈ।... ਫੇਰ ਇਸ ਕੰਪਨੀ ਨੇ ਗੁਰਪਾਲ ਦਾ ਬਹੁਤ ਸਾਥ ਦਿੱਤਾ ਸੀ। ਜਿਨ੍ਹਾਂ ਦਿਨਾਂ ਵਿਚ ਹੋਰ ਕੰਪਨੀਆਂ ਧੜਾ-ਧੜ 'ਲੇ ਔਫ' ਕਰ ਰਹੀਆ ਸਨ, ਪਰ ਗੁਰਪਾਲ ਦੀ ਕੰਪਨੀ ਆਪਣੇ ਕਾਮਿਆਂ ਨੂੰ ਕੰਮ ਘਟਣ ਦੀ ਸੂਰਤ ਵਿਚ ਵੀ 'ਲੇ ਔਫ' ਨਾ ਕਰਦੀ। ਉਹ ਕੁਝ ਘੰਟੇ ਕੰਮ ਦੇ ਘਟਾ ਦਿੰਦੇ ਪਰ ਕਿਸੇ ਵੀ ਕਾਮੇ ਨੂੰ ਘਰ ਨਾ ਬਿਠਾਲਦੇ। ਕੰਪਨੀ ਦਾ ਮਾਲਕ ਸੋਚਦਾ ਕਿ ਸਭ ਦੀ ਰੋਟੀ ਤੁਰਦੀ ਰਹਵੇ। ਚਾਰ ਦਿਨ ਕੋਈ ਔਖਾ ਹੋ ਕੇ ਗੁਜ਼ਾਰਾ ਕਰ ਲਊ ਪਰ ਇੱਜ਼ਤ ਦੀ ਰੋਟੀ ਤਾਂ ਖਾਂਦਾ ਰਹੂ। ਕਈ ਕੰਪਨੀਆਂ ਦੇ ਮਾਲਕ ਆਪਣੇ ਕਾਮਿਆਂ ਨਾਲ਼ ਦੁਜੈਲਾ ਵਰਤਾ ਕਰਦੇ। ਪਰ ਗੁਰਪਾਲ ਦਾ ਇਟਾਲੀਅਨ ਬੌਸ 'ਜੋਅ' ਸਭ ਨਾਲ਼ ਘਰੇਲੂ ਬੰਦੇ ਵਾਂਗ ਪੇਸ਼ ਆਉਂਦਾ। ਉਸ ਕੰਪਨੀ ਵਿਚ ਗੁਰਪਾਲ ਇੱਕੋ ਇੱਕ ਭਾਰਤੀ ਸੀ। ਗੁਰਪਾਲ ਨੂੰ ਪਹਿਲਾਂ ਪਹਿਲ ਡਰ ਵੀ ਲਗਦਾ ਹੁੰਦਾ ਸੀ ਕਿ ਕਿੱਧਰੇ ਇਟਾਲੀਅਨ ਮਾਲਕ ਉਸਨੂੰ ਪਸੰਦ ਕਰੇ ਜਾਂ ਨਾ? ਪਰ 'ਜੋਅ' ਆਪਣੇ ਕਾਮਿਆਂ ਨਾਲ਼ ਕੋਈ ਵਿਤਕਰਾ ਨਹੀਂ ਸੀ ਕਰਦਾ। ਉਹ ਆਪਣੇ ਪੁੱਤਰਾਂ ਦੇ ਵਿਆਹ ਤੇ ਵੀ ਸਾਨੂੰ ਸੱਦਦਾ। ਦਿਨ ਸੁਦ 'ਤੇ ਅਸੀਂ ਵੀ ਉਸਨੂੰ ਸੱਦਾ ਦਿੰਦੇ। ਉਸਦੇ ਆਪਣੇ ਪੁੱਤਰ ਵੀ ਉਸਦੀ ਫਰਮ ਵਿਚ, ਬਾਕੀ ਕਾਮਿਆਂ ਦੇ ਬਰਾਬਰ, ਕੰਮ ਕਰਦੇ ਸਨ। ਕਾਮਿਆਂ ਲਈ ਅਤੇ ਪੁੱਤਰਾਂ ਵਾਸਤੇ ਉਸਦੇ ਇਕੋ ਅਸੂਲ ਸਨ। ਜਦੋਂ ਕੋਈ ਕਾਮਾ ਛੁੱਟੀ 'ਤੇ ਚਲਿਆ ਜਾਂਦਾ ਤਾਂ 'ਜੋਅ' ਗੁਰਪਾਲ ਨੂੰ ਫੋਨ ਕਰ ਲੈਂਦਾ। ਗੁਰਪਾਲ ਤੋਂ ਵੀ ਨਾਂਹ ਨਾ ਆਖੀ ਜਾਂਦੀ। ਚਾਰ ਪੈਸੇ ਵਾਧੂ ਘਰ ਆ ਜਾਂਦੇ ਤੇ ਬਿੱਲ-ਬੱਤੀਆਂ ਦਾ ਖਰਚਾ ਸੌਖਾ ਤੁਰ ਪੈਂਦਾ।

ਪਰ ਬਾਪੂ ਜੀ ਕੁਝ ਵੀ ਸੁਣਨ ਨੂੰ ਤਿਆਰ ਨਹੀਂ ਸਨ। ਉਹ ਸਾਡੇ ਕੋਲ ਤੁਰੰਤ ਆਉਣਾ ਚਾਹੁੰਦੇ ਸਨ। ਮੈਂ ਬੇਵਸੀ ਜਿਹੀ ਵਿਚ ਫਸ ਗਈ। ਉਸ ਦਿਨ ਕੋਈ ਮੁੰਡਾ-ਕੁੜੀ ਵੀ ਘਰ ਨਹੀਂ ਸੀ। ਸਭ ਆਪਣੇ-ਆਪਣੇ ਕੰਮਾਂ ਕਾਰਾਂ ਵਿਚ ਰੁੱਝੇ ਹੋਏ ਸਨ। ਮੇਰੇ ਕੋਲ ਵੀ ਕਾਰ ਨਹੀਂ ਸੀ ਜਿਹੜੀ ਮੈਂ ਜਾ ਕੇ ਉਨ੍ਹਾਂ ਨੂੰ ਲੈ ਆਉਂਦੀ। ਤੇ ਫੇਰ ਬਾਪੂ ਜੀ ਨੇ ਪੰਜਾਹ ਵਰ੍ਹੇ ਬਾਹਰ ਰਹਿਣ ਬਾਅਦ ਵੀ ਕਾਰ ਚਲਾਉਣੀ ਨਹੀਂ ਸੀ ਸਿੱਖੀ। ਉਹ ਕਾਰ ਉੱਤੇ ਕੀਤਾ ਖਰਚਾ ਵਾਧੂ ਸਮਝਦੇ ਸਨ। ਬੱਸ ਰਾਹੀਂ ਹੀ ਉਹ ਕੰਮ ਤੇ ਜਾਂਦੇ-ਆਉਂਦੇ ਰਹੇ ਸਨ। ਜਦੋਂ ਕਿੱਧਰੇ ਜਾਣ-ਆਉਣ ਦੀ ਲੋੜ ਪੈ ਜਾਵੇ ਤਾਂ ਗੁਰਪਾਲ ਨੂੰ ਫੋਨ ਕਰ ਦਿੰਦੇ।

ਵੈਸੇ ਗੁਰਪਾਲ ਕੋਲ ਕਾਰ ਦਾ ਹੋਣਾ ਉਨ੍ਹਾਂ ਨੂੰ ਚੁੱਭਦਾ ਰਹਿੰਦਾ। ਕਹਿੰਦੇ, "ਕਾਰ ਦੇ ਖਰਚੇ ਵਾਧੂ ਦੇ। ਪੈਸਾ ਕਿੱਦਾਂ ਜੁੜੂ? ਤੀਂਵੀਆਂ ਨੂੰ ਕਾਰ ਤੋਂ ਬਿਨਾਂ ਜਿਵੇਂ ਚੈਨ ਨ੍ਹੀਂ ਆਉਂਦੀ।

ਮੈਂ ਇਸ਼ਾਰਾ ਸਮਝ ਜਾਂਦੀ। ਇਹ ਟੋਣਾ ਅਕਸਰ ਮੇਰੇ ਲਈ ਹੁੰਦਾ। ਪਹਿਲਾਂ-ਪਹਿਲ ਮੈਂ ਖਿੱਝਦੀ ਖਪਦੀ ਸਾਂ। ਫੇਰ ਜਿਵੇਂ ਸੁਣਨ ਦੀ ਆਦਤ ਪੈ ਗਈ। ਉਮਰ ਨਾਲ਼ ਉਨ੍ਹਾਂ ਵਿਚ ਵੀ ਕੁਝ ਤਬਦੀਲੀ ਆਈ ਪਰ ਕਦੀ ਨਾ ਕਦੀ ਫੇਰ ਦੌਰਾ ਪੈ ਹੀ ਜਾਂਦਾ। ਉਹ ਕਿਸੇ ਦੇ ਮਿੱਤ ਨਹੀਂ ਸਨ। ਹਰ ਇਕ ਨੂੰ ਝਿੜਕ-ਝੰਭ ਦਿੰਦੇ। ਰਿਟਾਇਰਮੈਂਟ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਜਿੱਥੇ ਵੀ ਜਾਣਾ-ਆਉਣਾ ਹੋਵੇ, ਗੁਰਪਾਲ ਲਿਆਉਂਦਾ ਲਿਜਾਂਦਾ ਰਿਹਾ। ਬਾਪੂ ਜੀ ਫੇਰ ਬਜਿੱਦ ਸਨ ਕਿ ਮੈਨੂੰ ਹੁਣੇ ਆ ਕੇ ਲੈ ਜਾਵੇ।

ਮੈਂ ਬਾਪੂ ਜੀ ਨੂੰ ਤਰਲੇ ਨਾਲ਼ ਮਨਾ ਲਿਆ ਤੇ ਸਵੇਰੇ ਉਨ੍ਹਾਂ ਨੂੰ ਲਿਆਉਣ ਦਾ ਵਾਅਦਾ ਕਰ ਲਿਆ। ਗੁਰਪਾਲ ਕੰਮ ਤੋਂ ਵਾਪਸ ਘਰ ਪਹੁੰਚੇ ਤਾਂ ਮੈਂ ਇਹ ਕਹਾਣੀ ਉਨ੍ਹਾਂ ਅੱਗੇ ਪਰੋਸ ਦਿੱਤੀ।

ਗੁਰਪਾਲ ਨੇ ਇਸ ਗੱਲ ਨੂੰ ਬਹੁਤੀ ਅਹਿਮੀਅਤ ਨਾ ਦਿੱਤੀ। ਕਹਿਣ ਲੱਗੇ, "ਪਹਿਲਾਂ ਸੌਂ ਲਵਾਂ, ਰਾਤ ਦਾ ਉਨੀਂਦਰਾ ਝੱਲਿਆ ਹੈ। ਸੁੱਤਾ ਉੱਠ ਕੇ ਲੈ ਆਵਾਂਗਾ।"

ਮੇਰਾ ਮਨ ਅੰਦਰੋਂ ਘਾਊਂ-ਮਾਊਂ ਹੋਣ ਲੱਗ ਪਿਆ। ਮੈਨੂੰ ਪਤਾ ਸੀ ਕਿ ਇਹ ਦੋਸ਼ ਮੇਰੇ ਤੇ ਹੀ ਲੱਗਣਾ ਹੈ। ਬਾਪੂ ਜੀ ਨੇ ਕਹਿਣਾ, ਮੈਂ ਗੁਰਪਾਲ ਨੂੰ ਆਉਣ ਨ੍ਹੀਂ ਦਿੱਤਾ। ਵਰ੍ਹਿਆਂ ਤੋਂ ਮੈਂ ਇਸ ਤਰ੍ਹਾਂ ਦੀਆਂ ਗੱਲਾਂ ਬਾਪੂ ਜੀ ਤੋਂ ਸੁਣਦੀ-ਸਹਿੰਦੀ ਆਈ ਸਾਂ। ਮੈਂ ਹਾਲੀਂ ਗੁਰਪਾਲ ਨੂੰ ਕੁਝ ਕਹਿਣ ਵਾਲੀ ਸਾਂ ਜਦੋਂ ਨੂੰ ਬਾਪੂ ਜੀ ਦਾ ਟੈਲੀਫੋਨ ਫੇਰ ਆ ਗਿਆ। ਬਾਪੂ ਜੀ ਨਾਲ਼ ਗੱਲ ਕਰਨ ਤੋਂ ਬਾਅਦ ਗੁਰਪਾਲ ਨੂੰ ਵੀ ਸਮਝ ਆ ਗਈ ਕਿ, 'ਕੋਈ ਗੱਲ ਜ਼ਰੂਰ ਹੈ? ਵਰਨਾ ਬਾਪੂ ਜੀ ਇਸ ਤਰ੍ਹਾਂ ਕਾਹਲ਼ੀ ਨਾ ਕਰਦੇ।' ਬਾਪੂ ਜੀ ਪਰੇਸ਼ਾਨ ਵੀ ਲੱਗ ਰਹੇ ਸਨ। ਉਨ੍ਹਾਂ ਦੀ ਆਵਾਜ਼ ਵਿਚ ਮੱਧਮ ਜਿਹਾ ਠਹਿਰਾਅ ਸੀ। ਜਿਵੇਂ ਰੋਣ ਤੋਂ ਪਹਿਲਾਂ ਬੋਲ ਭਾਰਾ ਜਿਹਾ ਹੋ ਜਾਂਦਾ ਹੈ ਤੇ ਬੰਦਾ ਗਲੇਡੂ ਨੂੰ ਅੰਦਰ ਲੈਣ ਦੀ ਕੋਸ਼ਿਸ਼ ਕਰਦਾ ਹੈ।

ਬਾਪੂ ਜੀ ਦੀ ਆਵਾਜ਼ ਸੁਣ ਕੇ ਅਸੀਂ ਕੋਟ ਪਹਿਨੇ ਅਤੇ ਦਰੋਂ ਬਾਹਰ ਹੋ ਗਏ। ਸਿਆਲ ਦੀ ਰੁੱਤ ਭਾਵੇਂ ਸ਼ੁਰੂ ਨਹੀਂ ਸੀ ਹੋਈ ਪਰ ਸਰਦੀ ਆਪਣਾ ਰੰਗ ਦਿਖਾਉਣ ਲੱਗ ਪਈ ਸੀ। ਪਹਿਲੀ ਠੰਢ ਨਾਲ਼ ਰੁੱਖ ਸੁੱਕ ਚੁੱਕੇ ਸਨ। ਸਿੱਲੀ ਜਿਹੀ ਹਵਾ ਕਾਰ ਦੇ ਵਿੰਡੋ ਵਿਚੀਂ ਖਹਿ ਕੇ ਲੰਘ ਰਹੀ ਸੀ। ਦੌੜਦੀ ਕਾਰ ਵਿਚ ਅਸੀਂ ਦੋਨੋਂ ਖਮੋਸ਼ ਬੈਠੇ ਆਪਣੀਆਂ ਸੋਚਾਂ ਨੂੰ ਗੁੰਦ ਰਹੇ ਸਾਂ। ਕਾਰ ਦੀਆਂ ਬਰੇਕਾਂ ਨੇ ਲੇਰਾਂ ਮਾਰੀਆਂ। ਅਸੀਂ ਭਜਨ ਦੇ ਦਰ ਮੂਹਰੇ ਪਹੁੰਚ ਗਏ ਸਾਂ। ਸਵੇਰੇ ਅੱਠ ਵਜੇ ਭਜਨ ਦੇ ਘਰ ਦੀ ਡੋਰ ਬੈੱਲ ਜਾ ਖੜਕਾਈ। ਦਰਵਾਜ਼ਾ ਖੋਲ੍ਹਦਾ ਭਜਨ ਸਾਡੇ ਵੱਲ ਡੌਰ-ਭੌਰ ਹੋਇਆ ਦੇਖ ਰਿਹਾ ਸੀ। ਜਿਵੇਂ ਕੋਈ ਬਿਪਤਾ ਉਸਦੇ ਦਰ ਉੱਤੇ ਆਣ ਖੜੀ ਹੋਵੇ।

ਅਸੀਂ ਐਨਾ ਹੀ ਆਖਿਆਂ ਕਿ, "ਬਾਪੂ ਜੀ ਦਾ ਟੈਲੀਫੋਨ ਆਇਆ ਸੀ ਸ਼ਾਇਦ ਕੋਈ ਕੰਮ ਹੋਵੇ।"

ਸਾਨੂੰ ਦੇਖ ਕੇ ਬਾਪੂ ਜੀ ਦੀਆਂ ਭਰੀਆਂ ਅੱਖਾਂ ਛਲਕਣ-ਛਲਕਣ ਕਰ ਰਹੀਆਂ ਸਨ। ਉਹ ਬੜੇ ਤਪਾਕ ਨਾਲ਼ ਸਾਨੂੰ ਮਿਲੇ। ਪਿਆਰ ਦਿੱਤਾ ਅਤੇ ਆਪਣੇ ਕਮਰੇ ਵਿਚੋਂ ਆਪਣਾ ਬੈਗ ਚੁੱਕ ਲਿਆਏ।

ਮਿੰਦਰੋ ਕਦੀ ਬੈਗ ਵੱਲ ਅਤੇ ਕਦੀ ਬਾਪੂ ਜੀ ਵੱਲ ਦੇਖ ਲਵੇ। ਟੀਰੀ ਜਿਹੀ ਅੱਖ ਨਾਲ਼ ਉਹ ਸਾਡੇ ਵੱਲ ਵੀ ਝਾਤੀ ਮਾਰ ਰਹੀ ਸੀ।

ਮਿੰਦਰੋ ਨੇ ਸਾਨੂੰ ਕਿਚਨ ਦੇ ਟੇਬਲ ਦੁਆਲੇ ਪਈਆਂ ਕੁਰਸੀਆਂ ਬੈਠਣ ਲਈ ਦੇ ਦਿੱਤੀਆਂ। ਆਪ ਚਾਹ ਬਣਾਉਣ ਲੱਗ ਪਈ। ਆਖਣ ਲੱਗੀ, "ਅਸੀਂ ਤਾਂ ਇੱਥੇ ਹੀ ਬੈਠਦੇ ਹਾਂ। ਕੰਮ ਵੀ ਹੋਈ ਜਾਂਦੈ ਤੇ ਗੱਲਾਂ ਬਾਤਾਂ ਵੀ।"



ਮੈਂ ਉਸਦੇ ਕਹੇ-ਅਣਕਹੇ ਸ਼ਬਦਾਂ ਵਿਚ ਉਲਝ ਗਈ। ਉਸਦੇ ਕਹਿਣ ਦਾ ਭਾਵ ਸੀ ਕਿ ਅਸੀਂ ਫੈਮਿਲੀ ਰੂਮ ਵਿਚ ਨਹੀਂ ਬੈਠਦੇ ਕਿਉਂਕਿ ਉਹ ਗੰਦਾ ਹੋ ਜਾਂਦੈ। ਮਨ ਵਿਚ ਸਵਾਲ ਉੱਠਿਆ ਕਿ ਅੱਜ ਦੇ ਦੌਰ ਵਿਚ ਬੰਦਾ ਕਿਵੇਂ ਸੁਆਰਥੀ ਹੋ ਰਿਹਾ ਹੈ। ਘਰ ਦਾ ਫਰਨੀਚਰ ਵਰਤਣ ਲਈ ਹੈ ਨਾਂਕਿ ਦਿਖਾਉਣ ਲਈ।

ਮੈਂ ਤੇ ਗੁਰਪਾਲ ਸੋਚ ਰਹੇ ਸਾਂ ਕਿ, 'ਬਾਪੂ ਜੀ ਕਿਵੇਂ ਸਾਰਾ ਦਿਨ ਇਨ੍ਹਾਂ ਕੁਰਸੀਆਂ ਉੱਪਰ ਬੈਠਦੇ ਹੋਣਗੇ।' ਘੜੀ ਪਲ ਬੈਠਣ ਨਾਲ਼ ਅਸੀਂ ਆਪ ਥੱਕ ਜਾਂਦੇ ਹਾਂ ਪਰ ਇਹ ਤਾਂ ਬਜ਼ੁਰਗ ਇਨਸਾਨ ਹਨ।

ਉਸਦਾ ਸਜਿਆ ਹੋਇਆ ਘਰ ਮੈਨੂੰ ਜਿਵੇਂ ਖਾਣ ਲੱਗ ਪਿਆ। ਉਸ ਘਰ ਵਿਚ ਕੋਈ ਨਿੱਘ ਨਾ ਜਾਪਿਆ। ਜਿਵੇਂ ਸਮੇਂ ਦੀ ਵਗਦੀ ਹਵਾ ਨੇ ਇਸ ਘਰ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੋਵੇ। ਇਹ ਘਰ, ਘਰ ਨਹੀਂ ਸੀ ਰਿਹਾ। ਸਿਰਫ਼ ਸ਼ੋ-ਪੀਸ ਬਣ ਗਿਆ ਸੀ। ਸ਼ੋ-ਪੀਸ ਵਿਚ ਤੁਰੇ ਫਿਰਦੇ ਬੰਦੇ ਵੀ ਤਜ਼ਾਰਤੀ ਕਿਸਮ ਦੇ ਹੋਇਆ ਕਰਦੇ ਹਨ। ਉਨ੍ਹਾਂ ਲਈ ਰਿਸ਼ਤੇ ਸੌਦਿਆਂ ਵਾਂਗ ਹੀ ਹੋਇਆ ਕਰਦੇ ਹਨ। ਮੈਂ ਆਪਣੇ ਮਨ ਵਿਚ ਬੜਾ ਊਟ ਪਟਾਂਗ ਸੋਚੀ ਜਾ ਰਹੀ ਸਾਂ।

ਭਜਨ ਨੌਂ ਵੱਜਦੇ ਹੀ ਬੈਂਕ ਨੂੰ ਫੋਨ ਕਰ ਰਿਹਾ ਸੀ। ਬੜਾ ਉੱਭਰ-ਉੱਭਰ ਕੇ ਗੱਲਾਂ ਕਰ ਰਿਹਾ ਸੀ। ਅੱਡੀਆਂ ਚੁੱਕ-ਚੁੱਕ ਕੇ, ਸ਼ਬਦਾਂ ਨੂੰ ਘਰੋੜ-ਘਰੋੜ ਕੇ, ਸਾਨੂੰ ਸੁਣਾ-ਸੁਣਾ ਕੇ ਗੱਲਾਂ ਕਰ ਰਿਹਾ ਸੀ। ਆਪਣੀ ਕਰੜ-ਬਰੜੀ ਦਾੜ੍ਹੀ ਖੱਬੇ ਹੱਥ ਦੀਆਂ ਉਂਗਲਾਂ ਨਾਲ਼ ਖੁਰਕ ਰਿਹਾ ਸੀ। ਚਿਹਰੇ ਦਾ ਨਕਸ਼ਾ ਬਦਲਿਆ ਪਿਆ ਸੀ। ਉਹ ਝੂਠੀ ਜਿਹੀ ਮੁਸਕਾਨ ਚਿਹਰੇ ਉੱਤੇ ਚਿਪਕਾ ਕੇ, ਦੰਦੀਆਂ ਬਾਹਰ ਕੱਢ ਕੇ ਕਦੀ ਬਾਪੂ ਜੀ ਵੱਲ ਅਤੇ ਕਦੀ ਮਿੰਦਰੋ ਵੱਲ ਦੇਖ ਲੈਂਦਾ। ਉਨ੍ਹਾਂ ਤਿੰਨਾਂ ਵਿਚਲੀ ਕਹਾਣੀ ਤੋਂ ਅਣਜਾਣ, ਅਸੀਂ ਦੋਨੋਂ ਸਭ ਸੁਣ ਰਹੇ ਸਾਂ। ਅਸੀਂ ਉਨ੍ਹਾਂ ਤਿੰਨਾਂ ਦੇ ਚਿਹਰੇ ਪੜ੍ਹਨ ਦੀ ਕੋਸ਼ਿਸ਼ ਵਿਚ ਸਾਂ। ਪਰ ਸਾਡੇ ਹੱਥ ਪੱਲੇ ਕੁਝ ਨਹੀਂ ਸੀ ਪੈ ਰਿਹਾ। ਇਉਂ ਮਹਿਸੂਸ ਹੁੰਦਾ ਸੀ ਜਿਵੇਂ ਕੋਈ ਮਹਾਂਯੁੱਧ ਤਿੰਨਾਂ ਵਿਚਾਲੇ ਚੱਲ ਰਿਹਾ ਹੋਵੇ। ਉਸ ਘੋਲ ਨੂੰ ਮੀਸਣੀ ਜਿਹੀ ਚਾਦਰ ਨਾਲ਼ ਢੱਕਿਆ ਜਾ ਰਿਹਾ ਹੋਵੇ। ਇਕ ਅਣਚਾਹਿਆ ਤੇ ਅਣਕਿਆਸਿਆ ਘੋਲ ਸਾਡੇ ਅੰਦਰ ਵੀ ਦਸਤਕ ਦੇ ਰਿਹਾ ਸੀ। ਮਸਤਕ ਦੀਆਂ ਲੀਕਾਂ ਵਿਚ ਸਵਾਲ ਧਮਾਲ ਮਚਾ ਰਹੇ ਸਨ।

ਜਾਪਦਾ ਸੀ, ਬਾਪੂ ਜੀ ਨੇ ਹਾਲੀਂ ਨਾਸ਼ਤਾ ਨਹੀਂ ਸੀ ਕੀਤਾ ਤੇ ਨਾ ਹੀ ਚਾਹ ਪੀਤੀ ਸੀ। ਸਾਡੇ ਨਾਲ਼ ਚਾਹ ਪੀਣ ਲੱਗੇ ਬਾਪੂ ਜੀ ਮਿੰਦਰੋ ਨੂੰ ਆਖ ਰਹੇ ਸਨ, "ਕੋਈ ਨ੍ਹੀਂ ਮੈਂ ਘਰ ਜਾ ਕੇ ਨਾਸ਼ਤਾ ਕਰ ਲਵਾਂਗਾ।"

"ਘਰ...?" ਮੈਂ ਮਨ ਵਿਚ ਸੋਚਿਆ। ...ਘਰ? ਉਨ੍ਹਾਂ ਦੇ ਪੁੱਤਰ ਗੁਰਪਾਲ ਅਤੇ ਮੇਰਾ ਘਰ। ਜਿਸ ਘਰ ਨੂੰ ਉਹ ਕਈ ਵੇਰ ਠੋਕਰ ਮਾਰ ਚੁੱਕੇ ਸਨ। ਮੈਨੂੰ ਚਾਰ ਤੱਤੀਆਂ-ਠੰਢੀਆਂ ਸੁਣਾ ਚੁੱਕੇ ਸਨ। ਕਹਿੰਦੇ ਸਨ, "ਜਾਂ ਤੂੰ ਇਸ ਘਰ ਰਹੇਂਗੀ ਜਾਂ ਮੈਂ।"

ਉਹ ਇਕ ਵੇਰ ਸਾਨੂੰ ਸਾਡੇ ਹੀ ਘਰ ਵਿੱਚੋਂ ਕੱਢ ਚੁੱਕੇ ਸਨ ਤੇ ਦੂਜੀ ਵੇਰ ਮੈਂ ਉਨ੍ਹਾਂ ਨੂੰ ਇਹ ਖੁਸ਼ੀ ਲੈਣ ਨਾ ਦਿੱਤੀ। ਮੈਂ ਆਪਣੇ ਬੱਚੇ ਲੈ ਕੇ ਅੜ ਕੇ ਬੈਠੀ ਰਹੀ। ਜਦੋਂ ਮੇਰੇ 'ਤੇ ਸ਼ਬਦਾਂ ਦੇ ਬਾਣ ਚੱਲਦੇ ਤਾਂ ਮੈਂ ਪੱਥਰ ਦਾ ਸੀਨਾ ਮੋਹਰੇ ਕਰ ਦਿੰਦੀ। ਤੇ ਫੇਰ ਕੈਨੇਡਾ ਵਿਚ ਤੀਂਵੀ ਦੀ ਸੁਣਵਾਈ ਦਾ ਵੀ ਮੈਂ ਲਾਭ ਲੈਂਦੀ। ਮਸਤ ਹਾਥੀ ਵਾਂਗ ਮੈਂ ਸ਼ਬਦਾਂ ਦੀ ਮਿੱਟੀ ਝਾੜ ਦਿੰਦੀ ਤੇ ਅੱਗੇ ਤੁਰ ਪੈਂਦੀ। ...ਤੇ ਹੁਣ ਅਖੀਰਲੀ ਉਮਰੇ ਬਾਪੂ ਜੀ ਮੈਥੋਂ ਝੱਕਣ ਲੱਗ ਪਏ ਸਨ। ਉਹ ਕਦੀ-ਕਦਾਈਂ ਮੇਰੇ ਨਾਲ਼ ਸਲਾਹ ਵੀ ਕਰ ਲੈਂਦੇ। ਖੁਸ਼ ਹੁੰਦੇ ਤਾਂ ਪਛਤਾਵੇ ਜਿਹੇ ਵਿਚ ਮੈਥੋਂ ਮਾਫ਼ੀ ਵੀ ਮੰਗਦੇ। ਪਰ ਜਦੋਂ ਦੌਰਾ ਪੈਂਦਾ ਤਾਂ ਸਾਨੂੰ ਦੋਹਾਂ ਨੂੰ ਝਿੜਕ ਝੰਬ ਕੇ ਬਿਠਾਲ ਦਿੰਦੇ।

ਇਹੋ "ਘਰ" ਸੋਚਦਿਆਂ ਹੋਇਆਂ, ਮੈਨੂੰ ਸਾਡਾ ਸਭ ਤੋਂ ਪਹਿਲਾ ਖਰੀਦਿਆ ਘਰ ਚੇਤੇ

ਆਇਆ। ਬਾਪੂ ਜੀ ਨੇ ਜੋ ਸਾਡੇ ਹੱਥੋਂ ਖੋਹ ਲਿਆ ਸੀ। ... ਤੇ ਅੱਜ ਸਾਡਾ ਹੀ ਘਰ ਉਨ੍ਹਾਂ ਨੂੰ ਇਕ ਵੇਰ ਫਿਰ ਆਪਣਾ ਲੱਗ ਰਿਹਾ ਸੀ। ਇਹ ਚਮਤਕਾਰ ਕਿਸ ਤਰ੍ਹਾਂ ਤੇ ਕਿਵੇਂ ? ਮੇਰੇ ਦਿਮਾਗ ਵਿਚ ਸੋਚਾਂ ਦੀ ਕੁੰਡੀ ਅੜ ਗਈ।

ਮੈਨੂੰ ਉਹ ਦਿਨ ਚੇਤੇ ਆਇਆ, ਜਦੋਂ ਬਾਪੂ ਜੀ ਨੇ ਗੁਰਪਾਲ ਮੋਹਰੇ ਸ਼ਰਤ ਰੱਖ ਦਿੱਤੀ ਸੀ ਕਿ, 'ਤੁਸੀਂ ਦੋਨੋਂ ਭਰਾ ਆਪਣਾ ਘਰ ਮੇਰੇ ਨਾਂ ਲੁਆ ਦਿਉ, ਨਹੀਂ ਤਾਂ ਮੈਂ ਹੋਰ ਕਿੱਧਰੇ ਕਿਰਾਏ ਉੱਤੇ ਕਮਰਾ ਲੈ ਲੈਣਾ ਹੈ।'

ਗੁਰਪਾਲ ਅਤੇ ਗੁਰਤੇਜ ਨੇ ਇੰਡੀਆ ਤੋਂ ਆ ਕੇ, ਇਕ-ਇਕ ਸੈਂਟ ਜੋੜ ਕੇ ਘਰ ਖਰੀਦਿਆ ਸੀ। ਦੋਹਾਂ ਦਾ ਸਾਂਝਾ ਘਰ। ਜੇਬ ਖਰਚੇ ਵਿੱਚੋਂ ਬਚਾਕੇ ਗੁਰਪਾਲ ਨੇ ਆਪਣੇ ਭਰਾ ਦੇ ਨਾਲ਼ ਉਹ ਘਰ ਬੜੇ ਚਾਅ ਨਾਲ਼ ਖਰੀਦਿਆ। ਇਕੱਲੇ ਗੁਰਪਾਲ ਕੋਲ ਘਰ ਖਰੀਦਣ ਦੀ ਹਿੰਮਤ ਵੀ ਨਹੀਂ ਸੀ। ਗੁਰਪਾਲ ਆਪਣੀ ਤਨਖਾਹ ਬਾਪੂ ਜੀ ਅਤੇ ਬੀਜੀ ਨੂੰ ਬੀਬੇ ਪੁੱਤ ਵਾਂਗ ਫੜਾਉਂਦੇ ਆਏ ਸਨ। ਕੋਲ ਪੈਸੇ ਕਿੱਥੋਂ ਹੋਣੇ ਸਨ ? ਗੁਰਪਾਲ ਨੇ ਜੇਬ ਖਰਚੇ ਵਿਚੋਂ ਕੁਝ ਜਮ੍ਹਾ ਕਰਕੇ ਬੈਂਕ ਦਾ ਖਾਤਾ ਖੁੱਲ੍ਹਵਾਇਆ ਸੀ। ਕੰਮ 'ਤੇ ਨਾ ਗੁਰਪਾਲ ਸੈਂਡਵਿੱਚ ਖਰੀਦਦੇ ਅਤੇ ਨਾ ਕੌਫ਼ੀ। ਘਰੋਂ ਰੋਟੀ ਨਾਲ਼ ਲੈ ਜਾਂਦੇ। ਥਰਮਸ ਵਿਚ ਚਾਹ ਲੈ ਜਾਂਦੇ। ਬੱਸ ਵਿਚ ਕੰਮ ਤੇ ਜਾਂਦੇ-ਆਉਂਦੇ ਤਾਂਕਿ ਕਾਰ ਦੇ ਉਪਰਲੇ ਖਰਚੇ ਨਾ ਕਰਨੇ ਪੈਣ। ਵੈਸੇ ਵੀ ਉਸ ਵੇਲੇ ਕਾਰ ਖਰੀਦਣ ਦੀ ਹਿੰਮਤ ਨਹੀਂ ਸੀ।

ਉਹ ਘਰ ਸਾਡੇ ਹੀ ਕਿਸੇ ਰਿਸ਼ਤੇਦਾਰ ਦਾ ਸੀ। ਉਹ ਵੇਚ ਰਿਹਾ ਸੀ। ਉਸਦਾ ਇਸ ਘਰ ਵਿਚ ਗੁਜ਼ਾਰਾ ਨਹੀਂ ਸੀ ਹੁੰਦਾ। ਉਸਦਾ ਆਪਣਾ ਵੀ ਵੱਡਾ ਟੱਬਰ ਸੀ ਤੇ ਉੱਪਰੋਂ ਉਸਦੀ ਘਰ ਵਾਲੀ ਦੇ ਮਾਂ-ਬਾਪ, ਭੈਣਾਂ-ਭਰਾ ਇੰਡੀਆ ਤੋਂ ਆ ਰਹੇ ਸਨ। ਉਸਨੇ ਬਰੈਂਪਟਨ ਵਿਚ ਬਣਦੇ ਨਵੇਂ ਤੇ ਵੱਡੇ ਘਰ ਦਾ ਡਿਪਾਜਟ ਦੇ ਦਿੱਤਾ। ਉਸਦਾ ਇਹ ਪੁਰਾਣਾ ਘਰ ਹਾਲੀਂ ਵਿਕਿਆ ਨਹੀਂ ਸੀ। ਉਸਨੂੰ ਪੈਸੇ ਦੀ ਲੋੜ ਸੀ। ਇਸ ਵਾਸਤੇ ਉਹ ਘਰ ਸਸਤਾ ਵੇਚ ਰਿਹਾ ਸੀ। ਉਨ੍ਹਾਂ ਦਿਨਾਂ ਵਿਚ ਸਾਡੇ ਵਿਆਹ ਦੀ ਤਰੀਕ ਵੀ ਪੱਕੀ ਹੋ ਗਈ। ਗੁਰਪਾਲ ਚਾਹੁੰਦੇ ਸਨ ਕਿ ਵਿਆਹ ਤੋਂ ਪਹਿਲਾਂ ਘਰ ਖਰੀਦ ਲਿਆ ਜਾਵੇ ਤਾਂਕਿ ਕਿਰਾਏ 'ਤੇ ਨਾ ਰਹੀਏ। ਅਪਾਰਟਮੈਂਟ ਵਿਚ ਰਹਿਣਾ ਨਾ ਗੁਰਪਾਲ ਨੂੰ ਚੰਗਾ ਲਗਦਾ ਅਤੇ ਨਾ ਬੀਜੀ ਨੂੰ। ਵੈਸੇ ਵੀ ਅਪਾਰਟਮੈਂਟਾਂ ਵਿਚ ਕਾਲੇ ਲੋਕ ਵੱਧ ਰਹਿੰਦੇ ਸਨ ਅਤੇ ਐਲੀਵੇਟਰ ਰਾਹੀਂ ਆਉਣਾ ਜਾਣਾ ਸਮੱਸਿਆ ਬਣੀ ਰਹਿੰਦੀ ਸੀ। ਹੋਰ ਲੋਕਾਂ ਦੇ ਖਾਣੇ ਦੀ ਮਹਿਕ ਮੂੰਹ ਸਿਰ ਨੂੰ ਐਵੇਂ ਚੜ੍ਹੀ ਰਹਿੰਦੀ। ਗੁਰਪਾਲ ਇਕੱਲੇ ਕੋਲ ਘਰ ਖਰੀਦਣ ਜੋਗੇ ਪੈਸੇ ਨਹੀਂ ਸਨ। ਗੁਰਪਾਲ ਨੇ ਆਪਣੇ ਵੱਡੇ ਭਰਾ ਦਾ ਤਰਲਾ ਕੀਤਾ ਤੇ ਦੋਹਾਂ ਭਰਾਵਾਂ ਨੇ ਰਲ਼ ਕੇ ਸਾਂਝਾ ਘਰ ਖਰੀਦ ਲਿਆ। ਸਿਰਫ਼ ਦੋ-ਦੋ ਹਜ਼ਾਰ ਡਿਪਾਜ਼ਟ ਦੇ ਕੇ ਘਰ ਖਰੀਦਿਆ ਗਿਆ।

ਸਾਡਾ ਵਿਆਹ ਹੋਣ ਤੋਂ ਬਾਅਦ ਜਦੋਂ ਸਾਡੇ ਬੱਚੇ ਵੀ ਹੋਏ ਤਾਂ ਸਾਡੀਆਂ ਲੋੜਾਂ ਬਦਲ ਗਈਆਂ। ਗੁਰਪਾਲ ਦੀਆਂ ਜਿੰਮੇਵਾਰੀਆਂ ਵੀ ਬਦਲ ਗਈਆਂ। ਬੀਜੀ ਤੇ ਬਾਪੂ ਜੀ ਸਾਡੇ ਨਾਲ਼ ਰਹਿੰਦੇ ਸਨ। ਗੁਰਤੇਜ ਨਾਲ਼ ਉਨ੍ਹਾਂ ਦੀ ਬਣਦੀ ਨਹੀਂ ਸੀ। ਬਣਦੀ ਤਾਂ ਸਾਡੇ ਨਾਲ਼ ਵੀ ਐਹੋ ਜਿਹੀ ਹੀ ਸੀ ਪਰ ਗੁਰਪਾਲ ਦੇ ਠੰਢੇ ਸੁਭਾਅ ਕਾਰਨ ਫੇਰ ਵੀ ਨਿਭ ਰਹੀ ਸੀ। ਗੁਰਤੇਜ ਪਹਿਲਾਂ ਹੀ ਅੱਡ ਰਹਿੰਦਾ ਸੀ। ਗੁਰਤੇਜ ਨੇ ਇਸ ਘਰ ਵਿਚ ਹਿੱਸਾ ਇੰਵੈਸਟਮੈਂਟ ਦੇ ਤੌਰ ਤੇ ਪਾਇਆ ਸੀ। ਉਸਦੀ ਸ਼ਰਤ ਸੀ ਕਿ ਅੱਧਾ ਘਰ ਕਿਰਾਏ ਉੱਤੇ ਦਿੱਤਾ ਜਾਵੇ ਅਤੇ ਅੱਧੇ ਘਰ ਵਿਚ ਅਸੀਂ ਰਹੀਏ। ਇਸ ਘਰ ਦਾ ਬੇਸਮੈਂਟ ਅਸੀਂ ਕਿਰਾਏ 'ਤੇ ਦੇ ਦਿੱਤਾ। ਇਸ ਨਾਲ਼ ਗੁਰਤੇਜ ਨੂੰ ਵੀ ਫਾਇਦਾ ਸੀ। ਉਸਨੂੰ ਅੱਧੇ ਘਰ ਦਾ ਕਿਰਾਇਆ ਮਿਲਦਾ ਸੀ, ਜਿਸ ਨਾਲ਼ ਉਸਦੇ ਆਪਣੇ ਵੱਡੇ ਘਰ ਦੀ ਮੌਰਟਗੇਜ ਚੱਲਦੀ ਸੀ। ਸਾਨੂੰ ਫ਼ਾਇਦਾ ਸੀ ਕਿ ਅਸੀਂ ਉਸ ਘਰ ਵਿਚ ਰਹਿ ਸਕਦੇ ਸਾਂ।

ਇਹ ਘਰ ਖਰੀਦਣ ਤੋਂ ਬਾਅਦ ਮਕਾਨ ਦੇ ਖਰਚੇ ਤੇ ਕੁਝ ਹੋਰ ਛੋਟਾ-ਮੋਟਾ ਹਿਸਾਬ-



ਕਿਤਾਬ ਗੁਰਪਾਲ ਆਪ ਰੱਖਣ ਲੱਗ ਪਏ। ਬਿੱਲ-ਬੱਤੀਆਂ ਵੀ ਦੇਣੀਆਂ ਹੁੰਦੀਆਂ। ... ਤੇ ਫੇਰ ਮੈਂ ਅਤੇ ਬੱਚੇ ਵੀ ਉਨ੍ਹਾਂ ਦੀ ਜਿੰਮੇਵਾਰੀ ਵਿਚ ਦਾਖਲ ਹੋ ਗਏ ਸਾਂ। ਗੁਰਪਾਲ ਬੀਜੀ ਨੂੰ ਬਚਦੇ ਪੈਸੇ ਹੀ ਦਿੰਦੇ। ਜਦੋਂ ਵੀ ਗੁਰਪਾਲ ਤਨਖਾਹ ਵਿਚੋਂ ਕਿਸੇ ਖਰਚ ਕਰਨ ਦੀ ਗੱਲ ਕਰਦੇ ਤਾਂ ਘਰ ਵਿਚ ਰੌਲ਼ਾ ਪੈਣਾ ਸ਼ੁਰੂ ਹੋ ਜਾਂਦਾ। ਬਾਪੂ ਜੀ ਝੱਟ ਆਖ ਦਿੰਦੇ, "ਤੇਰੀ ਤੀਂਵੀਂ ਨੇ ਤੈਨੂੰ ਇਹੀ ਸਿਖਾਇਆ ਹੋਣੈ। ਮੈਂ ਦੇਖਦਾਂ ਹਾਂ ਕਿ ਕਿਵੇਂ ਅੱਜ ਕੱਲ੍ਹ ਤੂੰ ਉਸਦੇ ਕੰਟਰੋਲ ਵਿਚ ਐਂ।"

ਮੈਂ ਪਹਿਲੇ ਦਿਨ ਤੋਂ ਜਿਵੇਂ ਬਾਪੂ ਜੀ ਦੇ ਮਨ ਚੜ੍ਹੀ ਹੀ ਨਾ। ਹੋ ਸਕਦੈ ਮੈਂ ਉਨ੍ਹਾਂ ਲੀਹਾਂ ਤੇ ਨਾ ਤੁਰ ਸਕਦੀ ਹੋਵਾਂ ਜਿਨ੍ਹਾਂ ਤੇ ਮੇਰੀ ਜਠਾਣੀ ਤੁਰਦੀ ਰਹੀ ਸੀ। ਸ਼ਾਇਦ ਮੈਂ ਕੁਝ ਪੜ੍ਹੀ ਹੋਈ ਹੋਣ ਕਾਰਨ ਮੇਰੀ ਸੋਚ ਵਿਚ ਵੀ ਅੰਤਰ ਸੀ। ਬਾਪੂ ਜੀ ਔਰਤ ਨੂੰ ਦਬਾ ਕੇ ਰੱਖਦੇ ਸਨ। ਬੀਜੀ ਉਨ੍ਹਾਂ ਲੀਹਾਂ 'ਤੇ ਹੀ ਤੁਰਦੀ ਆਈ ਸੀ ਜਿਹੜੀਆਂ ਬਾਪੂ ਜੀ ਨੇ ਵਾਹੀਆਂ ਹੋਈਆਂ ਸਨ। ਜਦੋਂ ਮੇਰੀ ਜਠਾਣੀ ਉਮਰ ਪੱਖੋਂ ਪੱਕੀ ਤਾਂ ਉਸਦੀ ਸੋਚ ਵਿਚ ਵੀ ਤਬਦੀਲੀ ਆ ਗਈ। ਉਹ ਵੀ ਬਾਪੂ ਜੀ ਦੇ ਖਿਲਾਫ਼ ਡਟ ਕੇ ਖੜ੍ਹੋ ਜਾਂਦੀ ਤੇ ਉਨ੍ਹਾਂ ਨੂੰ ਊਟ-ਪਟਾਂਗ ਬੋਲ ਦਿੰਦੀ। ਪਰ ਮੈਂ ਹਮੇਸ਼ਾ ਤਰਕ ਨਾਲ਼ ਗੱਲ ਕਰਦੀ। ਜੇ ਕਰ ਬਾਪੂ ਜੀ ਗ਼ਲਤ ਹੁੰਦੇ ਤਾਂ ਮੈਂ ਆਖ ਦਿੰਦੀ। ਜਿਸਦੀ ਸਜ਼ਾ ਮੈਨੂੰ ਉਨ੍ਹਾਂ ਦੇ ਮਿਹਣੇ-ਕੁ-ਮਿਹਣੇ ਸੁਣ ਕੇ ਭੁਗਤਣੀ ਪੈਂਦੀ।

ਗੁਰਪਾਲ ਦੀ ਮੱਦਦ ਵਾਸਤੇ ਮੈਂ ਵੀ ਪਾਰਟ ਟਾਈਮ ਕੰਮ ਤੇ ਲੱਗ ਗਈ। ਕਹਿਣ ਨੂੰ ਇਹ ਕੰਮ ਪਾਰਟ ਟਾਈਮ ਸੀ ਪਰ ਮੈਂ ਉੱਨਾ ਹੀ ਕਮਾ ਲੈਂਦੀ ਜਿੰਨਾ ਫੁੱਲ ਟਾਈਮ ਵਾਲੀਆਂ ਕੁੜੀਆਂ। ਮੇਰਾ ਕੰਮ ਪੀਸ ਵਰਕ ਸੀ। ਜਿੰਨਾ ਮਰਜ਼ੀ ਕੰਮ ਕਰ ਲਵਾਂ। ਗੁਰਪਾਲ ਮੇਰੇ ਪੈਸੇ ਅੱਡ ਰੱਖਣ ਲੱਗ ਪਏ। ਅਸੀਂ ਦੋਨੋਂ ਬੱਚਿਆਂ ਬਾਰੇ ਸੋਚਣ ਲੱਗ ਪਏ। ਬਾਪੂ ਜੀ ਨੇ ਬਥੇਰਾ ਸ਼ੋਰ ਮਚਾਇਆ ਪਰ ਅਸੀਂ ਢੀਠ ਜਿਹੇ ਹੋ ਗਏ। ਬਾਪੂ ਜੀ ਚਾਹੁੰਦੇ ਸਨ ਕਿ ਸਾਡੀ ਦੋਹਾਂ ਦੀ ਕਮਾਈ ਉਨ੍ਹਾਂ ਦੇ ਹੱਥ ਉੱਤੇ ਰੱਖੀ ਜਾਵੇ। ਬੱਚਿਆਂ ਦੇ ਖਰਚੇ ਸਾਨੂੰ ਤੋਰਨੇ ਪੈਂਦੇ ਸਨ ਤੇ ਬੱਚਿਆਂ ਦੀਆਂ ਲੋੜਾਂ ਵੀ ਵੱਧ ਰਹੀਆਂ ਸਨ। ਜਿਸ ਲਈ ਗੁਰਪਾਲ ਨੇ ਤਨਖਾਹ ਫੜਾਉਣੀ ਬੰਦ ਕਰ ਦਿੱਤੀ। ...ਤੇ ਬਾਪੂ ਜੀ ਖੁਸ਼ ਨਹੀਂ ਸਨ।

ਵਰ੍ਹਿਆਂ ਬਾਅਦ ਅਸੀਂ ਆਪਣਾ ਆਪ ਲੈ ਕੇ ਸੰਭਲੇ। ਅਸੀਂ ਆਪਣੇ ਨਿੱਕੇ ਬੱਚਿਆਂ ਵਾਸਤੇ ਮਨ ਮਰਜ਼ੀ ਦੀ ਕੋਈ ਚੀਜ਼ ਖਰੀਦਦੇ। ਸਾਨੂੰ ਆਪਣੇ ਮਨ ਦੀ ਮਰਜ਼ੀ ਕਰਨ ਕਾਰਨ ਸਜ਼ਾ ਮਿਲੀ। ਨਤੀਜੇ ਵੱਜੋਂ ਸਾਨੂੰ ਆਪਣਾ ਇਹ ਸਾਂਝਾ ਘਰ ਛੱਡਣਾ ਪਿਆ। ਅਸੀਂ ਅੜ ਕੇ ਬੈਠ ਜਾਂਦੇ ਤਾਂ ਭਲਾ ਕੌਣ ਰੋਕ ਸਕਦਾ ਸੀ ? ਘਰ ਸਾਡਾ ਸੀ। ਪਰ ਨਹੀਂ, ਰਾਤ ਦੇ ਹਨੇਰੇ ਵਿਚ ਅਸੀਂ ਆਪਣੇ ਦੋ ਬੱਚੇ ਚੁੱਕੇ ਅਤੇ ਨਵੇਂ ਲਏ ਟਾਊਨ ਹਾਊਸ ਨੂੰ ਤੁਰ ਪਏ। ਮੈਂ ਅਤੇ ਗੁਰਪਾਲ ਨੇ ਪੈਸੇ ਜੋੜ-ਜੋੜ ਕੇ ਅੱਡ ਟਾਊਨ ਹਾਊਸ ਖਰੀਦ ਲਿਆ ਸੀ। ਸੋਚਿਆ ਤਾਂ ਇਹ ਸੀ ਕਿ ਇਹ ਘਰ ਪੂਰੇ ਦਾ ਪੂਰਾ ਕਿਰਾਏ ਉੱਤੇ ਦੇ ਦਿਆਂਗੇ ਅਤੇ ਛੋਟੇ ਘਰ ਵਿਚ ਅਸੀਂ ਸਾਰੇ ਇਕੱਠੇ ਰਹਾਂਗੇ। ਵੱਡੇ ਘਰ ਦਾ ਕਿਰਾਇਆ ਵੀ ਦੋਹਾਂ ਭਰਾਵਾਂ ਨੂੰ ਆਈ ਜਾਵੇਗਾ ਜਿਸ ਨਾਲ਼ ਸਾਡੇ ਟਾਊਨ ਹਾਊਸ ਦੀ ਮੌਰਟਗੇਜ਼ ਚੱਲ ਸਕਦੀ ਸੀ। ਗੁਰਤੇਜ ਵੀ ਇਸੇ ਤਰ੍ਹਾਂ ਕਰ ਰਿਹਾ ਸੀ। ਸੋਚਿਆ ਸੀ ਸਾਡਾ ਵੀ ਕੁਝ ਬਣ ਜਾਵੇਗਾ। ਚਾਰ ਪੈਸੇ ਵੀ ਜੁੜ ਜਾਣਗੇ ਜੋ ਬੱਚਿਆਂ ਦੀ ਪੜ੍ਹਾਈ ਵੇਲੇ ਕੰਮ ਆਉਣਗੇ। ਕੈਨੇਡਾ ਵਿਚ ਪੜ੍ਹਾਈ ਵੈਸੇ ਹੀ ਮਹਿੰਗੀ ਹੈ।

ਪਰ ਨਹੀਂ, ਬਾਪੂ ਜੀ ਨੇ ਸਭ ਉਲਟ-ਪੁਲਟ ਸਮਝਿਆ। ਉਨ੍ਹਾਂ ਨੇ ਇਕ ਦਿਨ ਸਾਡੇ ਹੀ ਘਰ ਵਿੱਚੋਂ ਸਾਡੇ ਬਿਸਤਰੇ ਚੁੱਕ ਕੇ ਸੜਕ ਵਿਚ ਰੱਖ ਦਿੱਤੇ। ਜੇ ਕਰ ਅਸੀਂ ਚਾਹੁੰਦੇ ਤਾਂ ਉਨ੍ਹਾਂ ਦੇ ਖਿਲਾਫ਼ ਕੋਈ ਕਾਨੂੰਨੀ ਕਾਰਵਾਈ ਕਰ ਸਕਦੇ ਸਾਂ। ਪਰ ਅਸੀਂ ਇਸ ਤਰ੍ਹਾਂ ਨਹੀਂ ਸੀ ਕੀਤਾ ਤੇ ਗੁਰਪਾਲ ਬੀਬੇ ਪੁੱਤ ਵਾਂਗ ਨਵੇਂ ਖਰੀਦੇ ਘਰ ਵੱਲ ਤੁਰ ਪਏ ਸਨ। ਮਗਰ-ਮਗਰ ਮੈਂ ਵੀ ਬੱਚੇ ਚੁੱਕੀ ਸਿਰ ਸੁੱਟ ਕੇ ਤੁਰ ਪਈ।

ਸਾਨੂੰ ਘਰੋਂ ਕੱਢਣ ਵਾਲਾ ਵੀ ਨਿੱਕਾ ਜਿਹਾ ਹਾਦਸਾ ਸੀ। ਇਕ ਦਿਨ ਅਸੀਂ ਬਾਪੂ ਜੀ ਦੀ ਇਜਾਜ਼ਤ ਤੋਂ ਬਿਨਾਂ ਆਪਣੇ ਵੱਡੇ ਮੁੰਡੇ ਦਾ ਜਨਮ ਦਿਨ ਮਨਾ ਲਿਆ। ਦੋ ਗੁਆਂਢ ਦੇ ਨਿਆਣੇ ਸੱਦ ਲਏ। ਕੋਈ ਰਿਸ਼ਤੇਦਾਰ ਨਹੀਂ ਸੀ ਸੱਦਿਆ। ਕੋਈ ਘਰ ਦਾ ਬੰਦਾ ਵੀ ਨਹੀਂ ਸੀ ਸੱਦਿਆ। ਬਾਪੂ ਜੀ ਜਦੋਂ ਕੰਮ ਤੋਂ ਘਰ ਪਰਤੇ ਤਾਂ ਉਨ੍ਹਾਂ ਦੇ ਆਇਆਂ ਤੇ ਕੇਕ ਕੱਟ ਲਿਆ। ਬਾਪੂ ਜੀ ਨੂੰ ਸਾਡਾ ਗੁਆਂਢੀ ਰਿਸ਼ਤੇਦਾਰਾਂ ਦੇ ਬੱਚੇ ਸੱਦਣੇ ਅਤੇ ਦੁਕਾਨ ਤੋਂ ਕੇਕ ਲੈ ਕੇ ਆਉਣਾ ਚੰਗਾ ਨਾ ਲੱਗਾ। ਇਸ ਵਾਸਤੇ ਉਨ੍ਹਾਂ ਦੀ ਇਜਾਜ਼ਤ ਲੈਣੀ ਚਾਹੀਦੀ ਸੀ। ਜੋ ਅਸੀਂ ਨਹੀਂ ਸੀ ਲਈ। ਬੀਜੀ ਵੀ ਉਨ੍ਹਾਂ ਦਿਨਾਂ ਵਿਚ ਇੰਡੀਆ ਗਏ ਹੋਏ ਸਨ ਤੇ ਅਸੀਂ ਦੋਨੋਂ ਬਹੁਤੇ ਸ਼ਿਸ਼ਟਾਚਾਰ ਨਾ ਸਮਝਦੇ ਹੋਏ ਇਹ ਗ਼ਲਤੀ ਕਰ ਬੈਠੇ। ਇਸ ਗ਼ਲਤੀ ਦੀ ਸਜ਼ਾ ਸਾਨੂੰ ਆਪਣਾ ਘਰ ਛੱਡ ਕੇ ਚੁਕਾਉਣੀ ਪਈ। ਬਾਪੂ ਜੀ ਨੇ ਪੂਰੀ ਰਾਤ ਆਹ ਤਰਥੱਲ ਮਚਾਇਆ ਕਿ ਸਾਡੀ ਰੂਹ ਲੀਰੋ ਲੀਰ ਹੋ ਗਈ। ਉਸ ਵੇਲੇ ਸਾਡੀ ਉਮਰ ਵੀ ਕੁੱਝ ਨਹੀਂ ਸੀ। ਅਸੀਂ ਸੋਚ ਰਹੇ ਸਾਂ ਕਿ ਜੇ ਕਰ ਅਸੀਂ ਐਨਾ ਵੱਡਾ ਗੁਨਾਹ ਕਰ ਹੀ ਲਿਆ ਸੀ ਤਾਂ ਬਾਪੂ ਜੀ ਸਿਆਣੇ ਸਨ। ਸਾਨੂੰ ਬਿਠਾਲ ਕੇ ਸਮਝਾ ਸਕਦੇ ਸਨ। ਪਰ ਨਹੀਂ, ਉਨ੍ਹਾਂ ਨੇ ਮੇਰੇ ਪਿਤਾ ਜੀ ਨੂੰ ਸੱਦ ਕੇ ਹੁਕਮ ਚੜ੍ਹਾ ਦਿੱਤਾ ਸੀ ਕਿ ਆਪਣੀ ਧੀ ਨੂੰ ਲੈ ਜਾਵੋ। ਇਸਨੂੰ ਤਾਂ ਅਕਲ ਹੀ ਨਹੀਂ। ਵੱਡੇ ਛੋਟੇ ਦਾ ਲਿਹਾਜ਼ ਹੀ ਨਹੀਂ।

ਮੈਂ ਮਰਦੀ ਜਾ ਰਹੀ ਸਾਂ। ਆਪਣੇ ਬਾਪ ਸਾਹਵੇਂ ਸ਼ਰਮਸਾਰ ਸਾਂ। ਇਹ ਕੀ ਹੋ ਗਿਆ ਸੀ ? ਮੈਨੂੰ ਸਮਝ ਨਹੀਂ ਸੀ ਆ ਰਹੀ। ਮੈਂ ਐਡੀ ਵੱਡੀ ਕਿਹੜੀ ਗ਼ਲਤੀ ਕਰ ਦਿੱਤੀ ਸੀ ? ਸਟੋਰ ਤੋਂ ਇਕ ਬਰਥਡੇ ਕੇਕ ਖਰੀਦ ਲਿਆਈ ਸਾਂ ਤਾਂਕਿ ਆਪਣੇ ਬੱਚੇ ਦਾ ਜਨਮ ਦਿਨ ਮਨਾ ਲਵਾਂ। ਪਰ ਬਾਪੂ ਜੀ ਵਾਸਤੇ ਇਹ ਘੋਰ ਅਪਰਾਧ ਸੀ। ਬਿਨਾਂ ਉਨ੍ਹਾਂ ਤੋਂ ਪੁੱਛੇ-ਦੱਸੇ ਅਸੀਂ ਇਸ ਤਰ੍ਹਾਂ ਦਾ ਕੁਕਰਮ ਕਿਵੇਂ ਕਰ ਸਕਦੇ ਸਾਂ ? ਅਸੀਂ ਜਿਵੇਂ ਉਨ੍ਹਾਂ ਦੀ ਹੁਕਮ ਅਦੂਲੀ ਕੀਤੀ ਸੀ ਤੇ ਹੁਣ ਸਾਨੂੰ ਦੋਹਾਂ ਨੂੰ ਘਰ ਛੱਡ ਕੇ ਜਾਣਾ ਪਵੇਗਾ। ਇਹ ਬਾਪੂ ਜੀ ਦਾ ਹੁਕਮ ਸੀ।

"ਅਸੀਂ ਆਪਣਾ ਘਰ ਛੱਡ ਕੇ ਕਿਉਂ ਜਾਈਏ ?" ਇਹ ਆਖ ਕੇ ਮੈਂ ਉਸਤੋਂ ਵੀ ਵੱਡਾ ਗੁਨਾਹ ਕੀਤਾ ਸੀ ਅਤੇ ਜਿਵੇਂ ਬਾਪੂ ਜੀ ਦਾ ਨਿਰਾਦਰ ਵੀ ਕੀਤਾ ਸੀ।

ਬਾਪੂ ਜੀ ਗਰਜੇ ਸਨ, "ਤੂੰ ਕੀ ਸਮਝਦੀ ਐਂ ਇਹ ਤੇਰਾ ਘਰ ਐ ? ਤੁਸੀਂ ਘਰ ਦਾ ਰੋਹਬ ਮੇਰੇ 'ਤੇ ਪਾਉਣਾ ਚਾਹੁੰਦੇ ਹੋ ? ਮੈਨੂੰ ਦੱਸਣਾ ਚਾਹੁੰਦੇ ਹੋ ਕਿ ਇਹ ਘਰ ਤੁਹਾਡਾ ਹੈ ? ਮੈਂ ਤੁਹਾਨੂੰ ਅੱਜ ਹੀ ਦਰੋਂ ਬਾਹਰ ਕਰਦਾ ਹਾਂ। ਹੋਵੋ ਦਰੋਂ ਬਾਹਰ।" ਉਨ੍ਹਾਂ ਨੇ ਮੈਨੂੰ ਅਤੇ ਗੁਰਪਾਲ ਦੋਵਾਂ ਨੂੰ ਧੱਕਾ ਮਾਰਿਆ ਸੀ। ਗੁਰਪਾਲ ਤਾਂ ਸੰਭਲ ਗਏ ਸਨ ਪਰ ਮੈਂ ਸੰਭਲਦੀ-ਸੰਭਲਦੀ ਦਰ ਦੀ ਚੁਗਾਠ ਵਿਚ ਜਾ ਵੱਜੀ ਸਾਂ। ਮੱਥੇ ਵਿਚ ਟੱਕ ਪੈ ਗਿਆ ਸੀ।

ਉਨ੍ਹਾਂ ਨੇ ਨਾ ਸਾਡੇ ਨਿੱਕੇ-ਨਿੱਕੇ ਦੋਹਾਂ ਬੱਚਿਆਂ ਬਾਰੇ ਸੋਚਿਆ। ਨਾ ਇਹ ਸੋਚਿਆ ਕਿ ਅਸੀਂ ਕੀ ਖਾਵਾਂਗੇ ? ਬੱਚਿਆਂ ਨੂੰ ਕੀ ਖੁਆਵਾਂਗੇ। ਗੁਰਪਾਲ ਦੀ ਕਮਾਈ ਦਾ ਵੱਡਾ ਹਿੱਸਾ ਬਾਪੂ ਜੀ ਆਨੇ-ਬਹਾਨੇ ਫੇਰ ਵੀ ਲੈਂਦੇ ਰਹੇ ਸਨ। ਅਸੀਂ ਦੋਨੋਂ ਪੈਸਾ-ਪੈਸਾ ਜੋੜ ਕੇ ਆਪਣੀ ਥਾਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਾਂ। ਸਾਨੂੰ ਰੀਝ ਸੀ ਕਿ ਸਾਡਾ ਆਪਣਾ ਘਰ ਹੋਵੇ। ਰੀਝ ਪੂਰੀ ਕਰਦਿਆਂ ਤੇ ਹੋਰ ਬਹੁਤ ਕੁਝ ਗੁੰਮ ਰਿਹਾ ਸੀ। ਰਿਸ਼ਤਿਆਂ ਵਿਚ ਤ੍ਰੇੜਾਂ ਹੀ ਨਹੀਂ ਖੱਪੇ ਪੈ ਰਹੇ ਸਨ। ਮੇਰੇ ਮੱਥੇ ਦਾ ਟੱਕ ਦੇਖ ਕੇ ਦੋਨੋਂ ਬੱਚੇ ਬੁੱਲ੍ਹ ਟੇਰ ਕੇ ਰੋ ਰਹੇ ਸਨ।

ਅਸੀਂ ਦੋਨੋਂ ਹੀ ਦੁਨੀਆਦਾਰੀ ਤੋਂ ਅਨਜਾਣ ਸਾਂ। ਪਰ ਬਾਪੂ ਜੀ ਦੀ ਇਸ ਹਰਕਤ ਨੇ ਮੇਰੇ ਅੰਦਰ ਬਹੁਤ ਕੁਝ ਭੰਨ ਤੋੜ ਦਿੱਤਾ। ਗੁਰਪਾਲ ਦੇ ਅੰਦਰ ਜੋ ਲੀਰਾਂ ਹੋਈਆਂ ਉਸਦਾ ਅੰਦਾਜ਼ਾ ਬਹੁਤ ਦੇਰ ਬਾਅਦ ਲੱਗਾ। ਉਹ ਹਰ ਇਕ ਨਾਲੋਂ ਆਤਮਾ ਤੋਂ ਟੁਟ ਗਏ। ਕਿਸੇ ਦੇ ਦੁੱਖ-ਸੁੱਖ ਦਾ ਗੁਰਪਾਲ ਤੇ ਅਸਰ ਹੋਣਾ ਬੰਦ ਹੋ ਗਿਆ। ਰੂਹ, ਆਤਮਾ ਜਿਵੇਂ ਫਰੀਜ਼ ਹੋ ਗਏ।



ਉਸ ਰਾਤ ਅਸੀਂ ਘਰੋਂ ਬਾਹਰ ਹੋ ਗਏ। ਫੇਰ ਜ਼ਿੰਦਗੀ ਦੇ ਥਪੇੜੇ ਖਾ ਕੇ ਸੰਭਲ ਵੀ ਗਏ। ਗੁਰਪਾਲ ਹਮੇਸ਼ਾ ਇਹੋ ਸੋਚਦੇ ਰਹਿੰਦੇ ਕਿ, "ਮੈਂ ਇਹ ਕਦੀ ਸੋਚਿਆ ਹੀ ਨਹੀਂ ਸੀ ਕਿ ਘਰ ਮੇਰਾ ਹੈ ਅਤੇ ਨਾ ਹੀ ਮੇਰੇ ਕਹਿਣ ਦਾ ਇਹ ਮਤਲਬ ਸੀ ਕਿ ਮੈਂ ਘਰ ਦਾ ਰੋਹਬ ਦਿਖਾਵਾਂ। ਬਾਪੂ ਜੀ ਨੇ ਕਿਵੇਂ ਸਮਝ ਲਿਆ ਕਿ ਅਸੀਂ ਘਰ ਦਾ ਰੋਹਬ ਉਨ੍ਹਾਂ ਤੇ ਜਮਾਇਆ ਹੈ।"

ਪੂਰੀ ਦੁਨੀਆ ਬਿਗਾਨੇ ਦੇਸ਼ ਵਿਚ ਸਾਮ੍ਹਣੇ ਸੀ ਪਰ ਸਾਡੇ ਸਿਰ 'ਤੇ ਘਰ ਦੀ ਛੱਤ ਦਾ ਨਿੱਘ ਨਹੀਂ ਸੀ ਰਿਹਾ। ਭਾਵੇਂ ਨਵਾਂ ਘਰ ਵੀ ਆਪਣਾ ਸੀ ਪਰ ਇਸ ਵੇਲੇ ਉਹ ਮਕਾਨ ਤੋਂ ਵੱਧ ਕੁਝ ਨਹੀਂ ਸੀ ਜਾਪਦਾ। ਬਾਪੂ ਜੀ ਨੂੰ ਇਸ ਨਾਲ਼ ਵੀ ਜਿਵੇਂ ਚੈਨ ਨਾ ਆਇਆ। ਉਨ੍ਹਾਂ ਨੇ ਹੁਕਮ ਚਾੜ੍ਹਿਆ ਕਿ ਦੋਹਾਂ ਭਰਾਵਾਂ ਵਾਲਾ ਸਾਂਝਾ ਘਰ ਉਨ੍ਹਾਂ ਦੇ ਨਾਂ ਲੁਆ ਦਿੱਤਾ ਜਾਵੇ। ਵਰਨਾ ਉਹ ਕਿਸੇ ਹੋਰ ਦੇ ਬੇਸਮੈਂਟ ਵਿਚ ਚਲੇ ਜਾਣਗੇ।

ਮੇਰੇ ਪਿਤਾ ਜੀ ਨੇ ਵੀ ਬਾਪੂ ਜੀ ਨੂੰ ਸਮਝਾਉਣ ਵਾਂਗ ਕਿਹਾ ਸੀ ਕਿ, "ਸਰਦਾਰ ਸਾਹਿਬ ! ਘਰ ਤੋੜਨੇ ਸੌਖੇ ਹਨ ਪਰ ਜੋੜਨੇ ਬਹੁਤ ਔਖੇ। ਤੁਸੀਂ ਸਿਆਣੇ ਹੋ, ਪੜ੍ਹੇ ਲਿਖੇ ਹੋ, ਘਰ ਨਾ ਤੋੜੋ। ਇਹ ਬੱਚੇ ਹਨ। ਇਨ੍ਹਾਂ ਨੂੰ ਜ਼ਿੰਦਗੀ ਵਿਚ ਗ਼ਲਤੀਆਂ ਕਰਨ ਦਾ ਮੌਕਾ ਤਾਂ ਦਿਓ। ਇਹ ਦੋਨੋਂ ਆਪ ਹੀ ਸਮਝ ਜਾਣਗੇ ਅਤੇ ਸਿਆਣੇ ਹੋ ਜਾਣਗੇ।"

ਬਾਪੂ ਜੀ, ਮੇਰੇ ਪਿਤਾ ਜੀ ਨੂੰ ਟੁੱਟ ਕੇ ਪੈ ਗਏ ਸਨ। ਕਹਿਣ ਲੱਗੇ, "ਆਪਣੀ ਅਕਲ ਕੋਲ ਰੱਖੋ। ਨਹੀਂ ਲੋੜ ਮੈਨੂੰ ਇਸਦੀ।"

ਪਿਤਾ ਜੀ ਆਖਣ ਲੱਗੇ, "ਚਲੋ ਠੀਕ ਹੈ ਇਨ੍ਹਾਂ ਨੂੰ ਚਲੇ ਜਾਣਾ ਚਾਹੀਦਾ ਹੈ। ਚਲੇ ਜਾਣਗੇ ਤਾਂ ਸੰਭਲ ਵੀ ਜਾਣਗੇ। ਪਰ ਤੁਸੀਂ ਕਿਸੇ ਵੇਲੇ ਪਛਤਾਓਗੇ।"

ਸਾਡੇ ਜਾਣ ਤੋਂ ਕੁਝ ਮਹੀਨੇ ਬਾਅਦ ਜਦੋਂ ਬਾਪੂ ਜੀ ਨੇ ਸਾਨੂੰ ਕਿਹਾ ਸੀ ਕਿ ਘਰ ਮੇਰੇ ਨਾਂ ਕਰਾ ਦਿਓ ਵਰਨਾ ਮੈਂ ਬੇਸਮੈਂਟ ਕਿਰਾਏ 'ਤੇ ਲੈ ਲੈਣਾ ਹੈ। ਉਸ ਵੇਲੇ ਗੁਰਪਾਲ ਤਾਂ ਫੇਰ ਵੀ ਮੰਨ ਗਏ ਸਨ ਪਰ ਗੁਰਤੇਜ ਅੜ ਗਿਆ ਸੀ। ਉਸਨੇ ਘਰ ਬਾਪੂ ਜੀ ਦੇ ਨਾਂ ਲੁਆਉਣ ਤੋਂ ਇਨਕਾਰ ਕਰ ਦਿੱਤਾ। ਗੁਰਤੇਜ ਕਹਿਣ ਲੱਗਾ, "ਭਰਾਵਾ ! ਮੇਰੇ ਪਿਓ ਨੇ ਮੈਨੂੰ ਦਿੱਤਾ ਕੀ ਐ ? ਜੁੱਤੀਆਂ ਦੀ ਮਾਰ। ਝਿੜਕਾਂ। ਅਲਾਣਾ ਢਿੱਡ। ਮੈਨੂੰ ਢਿੱਡ ਭਰਨ ਲਈ ਵੀ ਤਰਲੇ ਕਰਨੇ ਪੈਂਦੇ ਸੀ। ਮੈਂ ਕਿਉਂ ਉਸ ਹਿਟਲਰ ਨੂੰ ਆਪਣਾ ਘਰ ਦੇਵਾਂ ? ਐਨਾ ਥੋੜ੍ਹਾ ਕਿ ਉਹ ਮੇਰੇ ਘਰ ਵਿਚ ਫਰੀ ਰਹਿ ਰਿਹੈ। ਉਹ ਵੀ ਮੈਂ ਆਪਣੀ ਮਾਂ ਕਰਕੇ ਰਹਿਣ ਦਿੱਤੈ। ਵਰਨਾ ...." ਤੇ ਉਸਨੇ ਗੱਲ ਅਧੂਰੀ ਰਹਿਣ ਦਿੱਤੀ। ਸਾਡੇ ਬਹੁਤ ਵੇਰ ਕਹਿਣ ਤੇ ਵੀ ਗੁਰਤੇਜ ਆਪਣੀ ਅੜੀ ਤੇ ਅੜਿਆ ਰਿਹਾ।

ਗੁਰਪਾਲ ਲੋਕਾਚਾਰੀ ਤੋਂ ਡਰਦਾ ਸੀ ਤੇ ਘਰ ਦੇ ਭੇਤ ਬਾਹਰ ਨਹੀਂ ਸੀ ਕੱਢਦਾ। ਲੋਕੀਂ ਸੱਚ ਮੰਨਦੇ ਹੀ ਨਹੀਂ ਸਨ ਕਿ ਇਸ ਦੇਸ਼ ਵਿਚ ਕਿਸੇ ਨਾਲ਼ ਪਿਓ ਇਸ ਤਰ੍ਹਾਂ ਵੀ ਕਰ ਸਕਦਾ ਹੈ ? ਪੁੱਤ ਝੱਟ ਮਾਂ-ਪਿਓ ਨੂੰ ਬਾਹਰ ਕੱਢ ਕੇ ਬਿਠਾਲ ਦਿੰਦੇ ਹਨ ਤੇ ਇੱਧਰ ਗੁਰਪਾਲ ਤੇ ਮੈਂ ਸਾਂ ਜਿਹੜੇ ਕਮਾਈ ਦੇ ਕੇ, ਆਪਣਾ ਘਰ ਛੱਡ ਕੇ, ਜੁੱਤੀਆਂ ਖਾ ਕੇ, ਫੇਰ ਗੱਲ ਮੰਨਣ ਨੂੰ ਤਿਆਰ ਸਾਂ।

ਗੁਰਪਾਲ ਨੇ ਆਪਣੇ ਭਰਾ ਦੀਆਂ ਮਿੰਨਤਾਂ ਕੀਤੀਆਂ। ਕਹਿਣ ਲੱਗਾ, "ਜੇ ਕਰ ਬਾਪੂ ਜੀ ਤੇ ਬੀਜੀ ਬਾਹਰ ਕਿੱਧਰੇ ਕਿਰਾਏ ਤੇ ਰਹਿੰਦੇ ਹਨ ਤਾਂ ਬਦਨਾਮੀ ਸਾਡੀ ਹੀ ਹੋਵੇਗੀ। ਆਪਣੀ ਮਾਂ ਦੋਹਾਂ ਪੁੜਾਂ ਵਿਚਾਲੇ ਪੀਹ ਹੋਵੇਗੀ। ਬਾਪੂ ਜੀ ਦੇ ਸੁਭਾ ਦਾ ਤੈਨੂੰ ਪਤਾ ਹੀ ਐ ਪਰ ਆਪਣੀ ਮਾਂ ਦੀ ਖਾਤਰ ਹੀ ਸਹੀ, ਦਸਤਖ਼ਤ ਕਰ ਦੇ।"

ਗੁਰਤੇਜ ਨੇ ਸ਼ਰਤ ਰੱਖੀ, "ਭਲਾ ਭਰਾਵਾ ! ਮੈਂ ਘਾਟਾ ਕਿਉਂ ਖਾਵਾਂ ? ਇਸ ਮੁਲਕ ਵਿਚ ਹੱਡ ਤੋੜ ਕੇ ਚਾਰ ਪੈਸੇ ਜੁੜਦੇ ਹਨ। ਮੇਰਾ ਟੱਬਰ ਵੀ ਵੱਡਾ ਹੈ। ਮੈਂ ਆਪਣੇ ਨਿਆਣਿਆਂ ਨੂੰ ਕਿਉਂ ਭੁੱਖੇ ਮਾਰਾਂ ? ਮੈਨੂੰ ਮੇਰੇ ਅੱਧੇ ਹਿੱਸੇ ਦੇ ਪੈਸੇ ਬਾਪੂ ਦੇ ਦੇਵੇ ਤਾਂ ਮੈਂ ਸਾਈਨ ਕਰ ਦਿਆਂਗਾ।"

ਗੁਰਪਾਲ ਨੇ ਬਾਪੂ ਜੀ ਨੂੰ ਵੀ ਮਨਾ ਲਿਆ ਕਿ ਗੁਰਤੇਜ ਨੂੰ ਪੈਸੇ ਦੇ ਦੇਣ।ਹੋਇਆ ਇਹ ਕਿ ਗੁਰਤੇਜ ਨੇ ਪੂਰੇ ਪੈਸੇ ਲੈ ਕੇ ਘਰ ਦੇ ਦਸਤਖ਼ਤ ਕਰ ਦਿੱਤੇ ਅਤੇ ਗੁਰਪਾਲ ਨੇ ਇਸ ਆਸ ਵਿਚ ਦਸਤਖ਼ਤ ਕਰ ਦਿੱਤੇ ਕਿ ਜਦੋਂ ਬਾਪੂ ਜੀ ਕੋਲ ਪੈਸੇ ਹੋਏ ਤਾਂ ਉਹ ਮੈਨੂੰ ਦੇ ਦੇਣਗੇ।ਪਰ ਦਸਤਖ਼ਤ ਹੋਣ ਤੋਂ ਬਾਅਦ ਭਲਾ ਕੌਣ ਕਿਸਨੂੰ ਪੈਸੇ ਦਿੰਦਾ ਹੈ ? ਗੁਰਪਾਲ ਕੋਲ ਰਹਿ ਗਈ ਠਣ-ਠਣ ਗੋਪਾਲ।ਗੁਰਪਾਲ ਅੰਦਰ ਬਹੁਤ ਕੁਝ ਕਰਿਝਦਾ ਰਹਿੰਦਾ।ਪਰ ਉਹ ਫੇਰ ਵੀ ਚੁੱਪ ਰਹਿੰਦਾ।ਬਾਹਰ ਲੋਕਾਂ ਨੂੰ ਤਮਾਸ਼ਾ ਨਾ ਦਿਖਾਉਂਦਾ।

... ਤੇ ਫੇਰ ਸਾਡਾ ਉਹ ਘਰ ਲੈ ਕੇ ਵੀ ਬਾਪੂ ਜੀ ਨੂੰ ਚੈਨ ਨਹੀਂ ਸੀ ਆਇਆ। ਉਹ ਸਿਆਲ ਦੀ ਰੁੱਤ ਨੂੰ ਇੰਡੀਆ ਚਲੇ ਗਏ।ਜਾਂਦੇ ਹੋਏ ਪੂਰਾ ਘਰ ਕਿਰਾਏ ਉੱਤੇ ਦੇ ਗਏ।ਜਦੋਂ ਵਾਪਸ ਪਰਤੇ ਤਾਂ ਫੇਰ ਸਾਡੇ ਘਰ ਡੇਰੇ ਲਾ ਲਏ।ਮੁੜ ਕੇ ਫੇਰ ਉਹੀ ਲੜਾਈ ਝਗੜਾ ਸ਼ੁਰੂ ਹੋ ਗਿਆ।

ਬਾਪੂ ਜੀ ਦੀ ਆਦਤ ਵਿਚ ਕਦੀ ਫਰਕ ਨਹੀਂ ਪਿਆ।ਪੈਰ-ਪੈਰ ਤੇ ਗੁਰਪਾਲ ਦੀ ਬੇਇੱਜ਼ਤੀ ਕਰ ਦਿੰਦੇ।"ਸਾਲ਼ਾ ਬੇਵਕੂਫ਼" ਸ਼ਬਦ ਸੁਣ-ਸੁਣ ਸਾਡੇ ਕੰਨ ਪੱਕ ਗਏ ਸਨ।ਜਦੋਂ ਅਸੀਂ ਕੋਈ ਕੱਪੜਾ ਪਹਿਨਦੇ ਤਾਂ ਬਾਪੂ ਜੀ ਨੂੰ ਉਨੀ ਦੇਰ ਚੈਨ ਨਾ ਆਉਂਦਾ ਜਿੰਨਾ ਚਿਰ ਕੱਪੜੇ ਬਦਲ ਕੇ ਉਨ੍ਹਾਂ ਦੀ ਮਰਜ਼ੀ ਦੇ ਨਾ ਪਹਿਨ ਲਈਏ।ਮੈਂ ਕੋਈ ਗੱਲ ਕਰਦੀ ਤਾਂ ਉਨ੍ਹਾਂ ਦਾ ਉੱਤਰ ਹੁੰਦਾ, "ਤੈਨੂੰ ਬਹੁਤ ਪਤੈ ? ਆਪਣੀਆਂ ਚਾਰ ਜਮਾਤਾਂ ਕੋਲ ਰੱਖ।ਮੈਂ ਤੇਰੇ ਨਾਲੋਂ ਵੱਧ ਪੜ੍ਹਿਆ ਹੋਇਆਂ।"

... ਤੇ ਉਹ ਪੜ੍ਹਿਆ ਹੋਇਆ ਮਨੁੱਖ ਮੇਰੇ ਸਾਮ੍ਹਣੇ ਬੈਠਾ ਸੀ।ਨਿਮੋਝੂਣਾ ਹੋ ਕੇ।ਪਰੇਸ਼ਾਨ। ਉਦਾਸ।ਸੁੰਗੜਿਆ ਹੋਇਆ, ਬੇਵਸ।

ਮੇਰੀ ਸੋਚ ਪਿੱਛਲੇ ਵਰ੍ਹਿਆਂ ਵਿਚ ਹੀ ਅੜੀ ਹੋਈ ਸੀ।ਭਜਨ ਦੇ ਬੋਲਾਂ ਨੇ ਮੇਰੀ ਸੋਚ ਤੋੜੀ। ਦੋ ਕਦਮ ਅੱਗੇ ਵੱਧਕੇ ਉਸਨੇ ਟੇਬਲ ਤੇ ਪਈਂ ਸ਼ੀਰਨੀ, ਜਿਹੜੀ ਕਿਸੇ ਵਿਆਹ ਵਾਲੇ ਘਰੋਂ ਆਈ ਹੋਈ ਸੀ, ਦੀ ਮੁੱਠ ਭਰੀ ਅਤੇ ਚੱਬਣ ਲੱਗ ਪਿਆ।ਮਕੜ-ਮਕੜ ਚੱਬਦਾ ਹੋਇਆ ਉਹ ਫੋਨ ਤੇ ਗੱਲਾਂ ਕਰੀ ਜਾ ਰਿਹਾ ਸੀ।ਮੂੰਹ ਵਿਚੋਂ ਭੋਰੇ ਕਿਰ ਰਹੇ ਸਨ।ਥੁੱਕ ਬੜਾਂਛਾਂ ਵਿਚ ਫੈਲਿਆ ਹੋਇਆ ਸੀ।

ਟੇਬਲ ਤੇ ਪਈ ਸ਼ੀਰਨੀ ਅਤੇ ਮਖਾਣਿਆਂ ਨੂੰ ਬਾਪੂ ਜੀ ਵੀ ਠੂੰਗੇ ਮਾਰ ਰਹੇ ਸਨ।ਇਸ ਤੋਂ ਸਾਫ਼ ਜਾਹਰ ਹੁੰਦਾ ਸੀ ਕਿ ਬਾਪੂ ਜੀ ਭੁੱਖੇ ਸਨ ਤੇ ਵਾਰ-ਵਾਰ ਆਖ ਰਹੇ ਸਨ, "ਚਲੋ ਹੁਣ ਚਲੀਏ।"

ਭਜਨ ਨੇ ਬੈਂਕ ਵਾਲੇ ਬੰਦੇ ਨਾਲ਼ ਗੱਲ ਕਰਕੇ ਬਾਪੂ ਜੀ ਨੂੰ ਆਖਿਆ, "ਕੰਮ ਹੋ ਗਿਐ ਬਾਪੂ ਜੀ।" ਤੇ ਉਸਨੇ ਮੀਸਣੀ ਜਿਹੀ ਮੁਸਕਾਨ ਨਾਲ਼ ਸਾਡੇ ਵੱਲ ਵੀ ਦੇਖਿਆ।

"ਕਿਹੜਾ ਕੰਮ" ? ਇਹ ਸਵਾਲ ਸਾਡੇ ਮੱਥੇ ਵਿਚ ਵੀ ਖੁਣ ਹੋਣ ਲੱਗ ਪਿਆ।ਅਸੀਂ ਉਨ੍ਹਾਂ ਤਿੰਨਾਂ ਦੇ ਚਿਹਰੇ ਪੜ੍ਹਨ ਦੀ ਕੋਸ਼ਿਸ਼ ਵਿਚ ਸਾਂ।ਮਿੰਦਰੋ ਜਿਵੇਂ ਸਾਡੇ ਨਾਲ਼ ਅੱਖ ਨਹੀਂ ਸੀ ਮਿਲਾ ਰਹੀ।

ਚਾਹ ਪੀ ਕੇ ਅਸੀਂ ਬਾਪੂ ਜੀ ਨੂੰ ਨਾਲ਼ ਲੈ ਕੇ ਤੁਰ ਪਏ।ਕਾਰ ਵਿਚ ਬੈਠਦੇ ਹੀ ਬਾਪੂ ਜੀ ਫਿੱਸ ਪਏ।ਜਿਹੜਾ ਆਦਮੀ ਪੂਰੀ ਜ਼ਿੰਦਗੀ ਆਪਣੇ ਮਨ ਦੀ ਆਈ ਕਰਦਾ ਆਇਆ ਹੋਵੇ, ਹਰ ਇਕ 'ਤੇ ਰੋਹਬ ਚਲਾਉਂਦਾ ਆਇਆ ਹੋਵੇ, ਉਹ ਇਸ ਤਰ੍ਹਾਂ ਕਿਰ ਰਿਹਾ ਹੋਵੇ, ਹੈਰਾਨੀ ਤਾਂ ਹੋਣੀ ਹੀ ਸੀ।

ਕਾਰ ਵਿਚ ਬਾਪੂ ਜੀ ਨੇ ਸਾਰੀ ਕਹਾਣੀ ਸਾਨੂੰ ਆਖ ਸੁਣਾਈ ਕਿ ਕਿਵੇਂ ਭਜਨ ਨੇ ਬਾਪੂ ਜੀ ਦੇ ਨਾਂ ਪੈਸਿਆਂ ਦੇ ਵਿਰੁੱਧ ਬੈਂਕ ਤੋਂ ਕਰਜ਼ਾ ਚੁੱਕ ਲਿਆ ਸੀ।ਜੇ ਕਰ ਬਾਪੂ ਜੀ ਨੂੰ ਕੁਝ ਹੋ ਜਾਂਦਾ ਤਾਂ , ਕਿਸੇ ਨੂੰ ਉਨ੍ਹਾਂ ਪੈਸਿਆਂ ਦਾ ਪਤਾ ਵੀ ਨਹੀਂ ਸੀ ਲਗਣਾ ਕਿਉਂ ਕਿ ਬੈਂਕ ਨੇ ਪਹਿਲਾਂ ਉਹ ਕਰਜ਼ਾ ਲਾਹੁਣਾ ਸੀ।ਇਹ ਧੋਖਾ ਭਜਨ ਨੇ ਉਨ੍ਹਾਂ ਨਾਲ਼ ਪਹਿਲੀ ਵੇਰ ਨਹੀਂ ਸੀ ਕੀਤਾ।ਉਹ ਪਹਿਲਾਂ ਵੀ ਇਸ ਤਰ੍ਹਾਂ ਪੈਸੇ ਲੈ ਕੇ ਮੁੱਕਰ ਚੁੱਕਾ ਸੀ।ਭਜਨ ਨੇ ਕਈ ਘਰ ਖਰੀਦੇ ਹੋਏ ਸਨ।ਬਾਪੂ ਜੀ ਨੇ ਭਜਨ ਦੀ ਮਦਦ ਵਾਸਤੇ ਮੌਰਟਗੇਜ਼ ਲਾਹੁਣ ਨੂੰ ਪੈਸੇ ਵੀ ਦਿੱਤੇ ਹੋਏ ਸਨ। ਜਿਹੜੇ ਭਜਨ ਨੇ ਕਦੀ ਮੋੜੇ ਹੀ ਨਹੀਂ। ਗੁਰਤੇਜ ਤਾਂ ਵੈਸੇ ਬਾਪੂ ਜੀ ਨੂੰ ਕੁਝ ਦੇ-ਲੈ ਕੇ ਰਾਜੀ ਨਹੀਂ ਸੀ।ਪਰ ਭਜਨ ਨੂੰ ਹਮੇਸ਼ਾ ਹਥਿਆਉਣ ਦੀ



ਪਈ ਰਹਿੰਦੀ ਸੀ।ਪਤਾ ਨਹੀਂ ਕਿਸ ਤਰ੍ਹਾਂ ਉਹ ਬਾਪੂ ਜੀ ਨੂੰ ਭਰਮਾਉਣ ਵਿਚ ਸਫ਼ਲ ਹੋ ਜਾਂਦਾ ਸੀ। ਇਨ੍ਹਾਂ ਪੈਸਿਆਂ ਤੇ ਵੀ ਉਸਨੇ ਆਪਣਾ ਨਾਂ ਦਰਜ ਕਰਵਾ ਲਿਆ ਸੀ।ਜਦੋਂ ਬਾਪੂ ਜੀ ਨੇ ਬੈਂਕ ਵਿਚ ਜਾ ਕੇ ਉਸਦਾ ਨਾਂ ਕੈਂਸਲ ਵੀ ਕਰਾਇਆ ਪਰ ਪਤਾ ਨਹੀਂ ਬੈਂਕ ਅਧਿਕਾਰੀ ਦੀ ਗ਼ਲਤੀ ਕਾਰਨ ਜਾਂ ਕੋਈ ਹੋਰ ਕਾਰਨ ਹੋ ਸਕਦੈ, ਨਾਂ ਕੈਂਸਲ ਨਹੀਂ ਸੀ ਹੋਇਆ।ਭਜਨ ਨੇ ਬਾਪੂ ਜੀ ਦੇ ਪੈਸਿਆਂ ਵਿਰੁੱਧ ਕਰਜ਼ਾ ਚੁੱਕ ਲਿਆ ਸੀ।ਜਦੋਂ ਬਾਪੂ ਜੀ ਇੰਡੀਆ ਫੇਰੀ ਤੋਂ ਵਾਪਸ ਪਰਤੇ ਤਾਂ ਹੈਰਾਨ ਰਹਿ ਗਏ ਕਿ ਭਜਨ ਦਾ ਨਾਂ ਉਸੇ ਤਰ੍ਹਾਂ ਬਰਕਰਾਰ ਸੀ।ਇੱਥੇ ਹੀ ਵੱਸ ਨਹੀਂ ਉਸ ਅਕਾਉਂਟ ਤੇ 'ਹੋਲਡ' ਵੀ ਲੱਗੀ ਹੋਈ ਸੀ।

ਸਾਡੇ ਨਾਲ਼ ਭਜਨ ਤੇ ਮਿੰਦਰੋ ਦਾ ਰਿਸ਼ਤਾ ਚੰਗਾ ਹੋਣ ਕਾਰਨ ਅਸੀਂ ਕਦੀ ਸ਼ੱਕ ਵੀ ਨਹੀਂ ਸੀ ਕੀਤਾ।ਭਾਵੇਂ ਗੁਰਤੇਜ ਵੀ ਭਜਨ ਤੇ ਯਕੀਨ ਨਹੀਂ ਸੀ ਕਰਦਾ।ਪਰ ਅਸੀਂ ਗੁਰਤੇਜ ਨੂੰ ਹੀ ਬੁਰਾ ਆਖਦੇ ਕਿ ਇਹ ਕਿਸੇ ਦਾ ਸਕਾ ਨਹੀਂ ਹੈ, ਨਾ ਪਿਓ ਦਾ ਅਤੇ ਨਾ ਪੁੱਤ ਦਾ।

ਅਸੀਂ ਬਾਪੂ ਜੀ ਦੀ ਸਾਰੀ ਗੱਲ ਸੁਣ ਲਈ।ਮਨ ਦੁਖੀ ਵੀ ਹੋਇਆ।ਗੁੱਸਾ ਵੀ ਆਇਆ। ਫੇਰ ਵੀ ਜੋ ਸਾਥੋਂ ਹੋ ਸਕਿਆ ਅਸੀਂ ਉਨ੍ਹਾਂ ਦੀ ਮੱਦਦ ਕਰ ਦਿੱਤੀ। ਜਿਸ ਤਰ੍ਹਾਂ ਬਾਪੂ ਜੀ ਆਪਣਾ ਹਿਸਾਬ ਕਿਤਾਬ ਰੱਖਣਾ ਚਾਹੁੰਦੇ ਸਨ, ਰੱਖਣ ਦਿੱਤਾ।ਉਹ ਪੜ੍ਹੇ ਲਿਖੇ ਬੰਦੇ ਸਨ ਅਤੇ ਆਪਣੇ ਪੈਸੇ ਧੇਲੇ ਦਾ ਹਿਸਾਬ ਆਪ ਰੱਖ ਸਕਦੇ ਸਨ।ਇਕੋ ਨੁਕਸ ਸਾਨੂੰ ਮਹਿਸੂਸ ਹੋ ਰਿਹਾ ਸੀ ਕਿ ਉਨ੍ਹਾਂ ਦੀ ਯਾਦਦਾਸ਼ਤ ਕਈ ਵੇਰ ਉਨ੍ਹਾਂ ਦਾ ਸਾਥ ਨਾ ਦਿੰਦੀ।ਜੇ ਕਰ ਅਸੀਂ ਚੇਤਾ ਕਰਾਉਂਦੇ ਵੀ ਤਾਂ ਉਹ ਆਪਣੇ ਅੜੀਅਲ ਸੁਭਾ ਤੇ ਅੜ ਖੜੋਂਦੇ।ਫੇਰ ਵੀ ਅਸੀਂ ਉਨ੍ਹਾਂ ਨੂੰ ਬੈਂਕ ਤਕ ਲੈ ਜਾਂਦੇ ਅਤੇ ਵਾਪਸ ਲੈ ਆਉਂਦੇ।ਬਾਪੂ ਜੀ ਦੇ ਸਾਡੇ ਕੋਲ ਆਉਣ ਤੇ ਸਾਨੂੰ ਘੱਟੋ ਘੱਟ ਇੰਨਾ ਪਤਾ ਜ਼ਰੂਰ ਲੱਗ ਗਿਆ ਸੀ ਕਿ ਬਾਪੂ ਜੀ ਕੋਲ ਕਿੰਨਾ ਕੁ ਪੈਸਾ ਹੈ।ਪਹਿਲਾਂ ਜਦੋਂ ਵੀ ਅਸੀਂ ਭਜਨ ਤੋਂ ਪੁੱਛਦੇ ਤਾਂ ਉਹ ਆਖਦਾ, "ਕਿਹੜਾ ਪੈਸਾ ? ਉਹ ਤਾਂ ਬਾਪੂ ਜੀ ਇੰਡੀਆ ਨੂੰ ਲੈ ਗਏ ਹਨ।ਉੱਥੇ ਬਰਬਾਦ ਕਰੀ ਜਾਂਦੇ ਹਨ।ਲੋਕਾਂ ਨੂੰ ਖੁਆਈ ਜਾਂਦੇ ਹਨ।"

... ਤੇ ਹੁਣ ਸਾਨੂੰ ਪਤਾ ਲੱਗਾ ਸੀ ਕਿ ਕਹਾਣੀ ਕੁਝ ਹੋਰ ਹੀ ਹੈ।ਬਾਪੂ ਜੀ ਕੋਲ ਕਾਫ਼ੀ ਪੈਸਾ ਸੀ ਜੋ ਭਜਨ ਨੇ ਆਪਣੇ ਅਤੇ ਆਪਣੇ ਭਰਾਵਾਂ ਦੇ ਨਾਂ ਬੈਨੀਫਿਸ਼ਰੀ ਦੇ ਤੌਰ ਤੇ ਨੌਮੀਨੇਟ ਕਰਵਾਇਆ ਹੋਇਆ ਸੀ।ਗੁਰਪਾਲ ਵਾਸਤੇ ਕੋਈ ਹਿੰਦਸਾ ਦਿਖਾਈ ਨਹੀਂ ਸੀ ਦਿੰਦਾ।ਗੁਰਪਾਲ ਨੇ ਗੱਲਾਂ ਹੀ ਗੱਲਾਂ ਵਿਚ ਬਾਪੂ ਜੀ ਨੂੰ ਪੁੱਛਿਆ ਤਾਂ ਬਾਪੂ ਜੀ ਦਾ ਉੱਤਰ ਸੀ, "ਜੋ ਇੱਥੇ ਹੈ ਉਹ ਗੁਰਤੇਜ ਦੇ ਨਿਆਣਿਆਂ ਦਾ ਹੈ ਤੇ ਜੋ ਇੰਡੀਆ ਵਿਚ ਹੈ, ਉਹ ਤੇਰਾ ਹੈ।ਚਿੰਤਾ ਦੀ ਲੋੜ ਨਹੀਂ।"

ਗੁਰਪਾਲ ਸੁਭਾ ਅਨੁਸਾਰ ਚੁੱਪ ਕਰ ਗਏ।ਇੰਡੀਆ ਵਿਚ ਕੀ ਹੋਵੇਗਾ ? ਮੇਰੇ ਅੰਦਰ ਵਿੱਸ ਜ਼ਰੂਰ ਘੁਲਦੀ।

ਬਾਪੂ ਜੀ ਬਹੁਤ ਵਰ੍ਹਿਆਂ ਤੋਂ ਭਜਨ ਅਤੇ ਮਿੰਦਰੋ ਕੋਲ ਰਹਿੰਦੇ ਅਤੇ ਉਨ੍ਹਾਂ ਤੇ ਹੀ ਯਕੀਨ ਕਰਦੇ ਸਨ।ਸਾਨੂੰ ਕਦੀ ਲੋੜ ਵੀ ਮਹਿਸੂਸ ਨਹੀਂ ਸੀ ਹੋਈ ਕਿ ਕੁਝ ਕਹੀਏ-ਸੁਣੀਏ।ਅਸੀਂ ਸੋਚਦੇ ਸਾਂ, ਬਾਪੂ ਜੀ ਸਿਆਣੇ ਹਨ।ਐਵੇਂ ਪੁੱਛ-ਪੁਛਾਈ ਕਰਨ ਦਾ ਕੀ ਫ਼ਾਇਦਾ ?

ਜਦੋਂ ਬਾਪੂ ਜੀ ਰਿਟਾਇਰਡ ਹੋਏ ਸਨ ਤਾਂ ਭਜਨ ਦੇ ਪਹਿਲਾ ਬੱਚਾ ਹੋਇਆ ਸੀ।ਬੱਚੇ ਦੀ ਦੇਖ ਭਾਲ ਵਾਸਤੇ ਉਹ ਬਾਪੂ ਜੀ ਅਤੇ ਬੀਜੀ ਨੂੰ ਸਾਥੋਂ ਮੰਗ ਕੇ ਲੈ ਗਿਆ।ਗੁਰਪਾਲ ਨੇ ਵੀ ਸ਼ਰਤ ਰੱਖੀ ਕਿ, "ਭਜਨ ! ਦੇਖ ਲੈ, ਕੱਲ੍ਹ ਨੂੰ ਇਹ ਨਾ ਹੋਵੇ ਕਿ ਜਦੋਂ ਤੈਨੂੰ ਇਨ੍ਹਾਂ ਦੀ ਲੋੜ ਨਾ ਰਹੇ ਤਾਂ ਤੂੰ ਆਖੇਂ ਕਿ ਹੁਣ ਘਰੋਂ ਚਲੇ ਜਾਵੋ।"

"ਮੈਂ ਕਦੀ ਇਸ ਤਰ੍ਹਾਂ ਨਹੀਂ ਹੋਣ ਦਿਆਂਗਾ।" ਭਜਨ ਨੇ ਵੀ ਵਾਅਦਾ ਕੀਤਾ।

ਭਜਨ ਦੇ ਬੱਚੇ ਪਲ਼ ਰਹੇ ਸਨ।ਉਸਦੀ ਆਰਥਿਕ ਮੱਦਦ ਵੀ ਹੋ ਜਾਂਦੀ ਸੀ।ਬਾਪੂ ਜੀ ਅਤੇ ਬੀਜੀ ਪੈਨਸ਼ਨ ਵਿੱਚੋਂ ਕੁਝ ਪੈਸੇ ਖਰਚੇ ਵਾਸਤੇ ਭਜਨ ਨੂੰ ਦੇ ਦਿੰਦੇ ਸਨ।ਤੇ ਫੇਰ ਘਰ ਦਾ ਕੰਮ ਵੀ ਬੀਜੀ

ਕਰ ਲੈਂਦੇ ਸਨ। ਮਿੰਦਰੋ ਕੰਮ ਤੋਂ ਪਰਤਦੀ, ਟੀਵੀ ਦੇਖਦੀ, ਐਸ਼ ਕਰਦੀ। ਬਾਕੀ ਕੰਮ ਬੀਜੀ ਜਾਣੇ ਬੀਜੀ ਦਾ ਕੰਮ ਜਾਣੇ।

...ਤੇ ਹੁਣ ਉਸਦੇ ਬੱਚੇ ਪਲ਼ ਗਏ ਸਨ। ਬੀਜੀ ਰੱਬ ਦੇ ਘਰ ਜਾ ਚੁੱਕੇ ਸਨ। ਬਾਪੂ ਜੀ ਇੱਕਲੇ ਰਹਿ ਗਏ ਸਨ ਤੇ ਨਾਲ਼ ਰਹਿ ਗਿਆ ਸੀ ਬਾਪੂ ਜੀ ਦਾ ਪੈਸਾ। ਸਾਰੀ ਉਮਰ ਉਨ੍ਹਾਂ ਨੇ ਕੰਮ ਕੀਤਾ ਸੀ। ਫੈਕਟਰੀਆਂ ਦੀ ਸੁਆਹ ਚੁੱਕੀ ਸੀ। ਇਕ-ਇਕ ਪਾਈ ਜੋੜੀ ਸੀ। ਜਦੋਂ ਮੇਰੇ ਵਿਚ ਰਹਿੰਦੇ ਸਨ ਤਾਂ ਖਰਚ ਮੇਰਾ ਹੁੰਦਾ ਸੀ। ਜਦੋਂ ਭਜਨ ਵਿਚ ਗਏ ਤਾਂ ਥੋੜਾ ਘਣਾ ਖਰਚ ਵੀ ਦੇਣ ਲੱਗ ਪਏ। ਉਸਦੇ ਬੱਚੇ ਵੀ ਪਾਲ਼ਦੇ ਤੇ ਘਰ ਦਾ ਕੰਮ ਵੀ ਕਰਦੇ। ਜਦੋਂ ਕਦੀ ਭਜਨ ਵਿਚ ਜਾਕੇ ਪਛਤਾਉਂਦੇ ਵੀ ਤਾਂ ਸਾਨੂੰ ਨਾ ਦੱਸਦੇ। ਉਨ੍ਹਾਂ ਦੀਆਂ ਸਾਡੇ ਨਾਲ਼ ਕੀਤੀਆਂ ਜ਼ਿਆਦਤੀਆਂ ਉਨ੍ਹਾਂ ਨੂੰ ਰੋਕ ਲੈਂਦੀਆਂ। ਭਜਨ ਉਨ੍ਹਾਂ ਤੋਂ ਪੈਸਾ ਵੀ ਲੈ ਲੈਂਦਾ ਤੇ ਕਦੀ ਮੋੜਦਾ ਵੀ ਨਾ। ਪਰ ਸਾਡੇ ਕੋਲੋਂ ਬਾਪੂ ਜੀ ਨੇ ਲਿਆ ਹੀ ਲਿਆ ਸੀ। ਗੁਰਪਾਲ ਦੀ ਤਨਖਾਹ ਹਰ ਹਫ਼ਤੇ ਉਹ ਆਪ ਫੜਦੇ ਰਹੇ ਸਨ। ਗੁਰਪਾਲ ਅੱਧੀ ਸਦੀ ਪਹਿਲਾਂ ਵਿਦੇਸ਼ ਆਏ ਸਨ। ਸਾਰੀ ਜ਼ਿੰਦਗੀ ਜੱਦੋਜਹਿਦ ਕੀਤੀ ਸੀ। ਪਰ ਕਿਸੇ ਅੱਗੇ ਹੱਥ ਨਹੀਂ ਸੀ ਅੱਡਿਆ। ਆਪਣੀ ਜ਼ਿੰਮੇਵਾਰੀ ਵੀ ਬਾਖ਼ੂਬੀ ਨਿਭਾਈ ਸੀ। ਸਭ ਕੁਝ ਸਹਿ ਕੇ ਵੀ ਬਾਪੂ ਜੀ ਦਾ ਅਤੇ ਬੀਜੀ ਦਾ ਆਦਰ ਸਤਿਕਾਰ ਕੀਤਾ ਸੀ।

ਮੇਰੀ ਸੋਚ ਫਿਰ ਬਾਪੂ ਜੀ ਦੀਆਂ ਗੱਲਾਂ ਵੱਲ ਪਰਤੀ। ਬਾਪੂ ਜੀ ਗੱਲਾਂ ਦੱਸ ਰਹੇ ਸਨ। ਮੈਂ ਅਤੇ ਗੁਰਪਾਲ ਚੁੱਪ-ਚੁਪੀਤੇ ਸੁਣ ਰਹੇ ਸਾਂ। ਅੱਗੇ ਵੀ ਇਸ ਤਰ੍ਹਾਂ ਹੁੰਦਾ ਸੀ, ਬਾਪੂ ਜੀ ਆਉਂਦੇ ਬੜੇ ਚਾਅ ਨਾਲ਼ ਸਾਡੇ ਕੋਲ ਰਹਿੰਦੇ। ਪਤਾ ਉਦੋਂ ਲਗਦਾ ਜਦੋਂ ਉਹ ਬੈਗ ਕੱਸ ਕੇ ਬੈਠੇ ਹੁੰਦੇ ਤੇ ਆਖਦੇ, "ਭਜਨ ਲੈਣ ਆ ਰਿਹਾ ਹੈ।"

ਗੁਰਪਾਲ ਨੇ ਅਨੇਕ ਵੇਰ ਆਖਿਆ ਸੀ ਕਿ, "ਬਾਪੂ ਜੀ ਮੈਂ ਤੁਹਾਡਾ ਪੁੱਤਰ ਹਾਂ। ਤੁਸੀਂ ਆਰਾਮ ਨਾਲ਼ ਮੇਰੇ ਕੋਲ ਰਿਹਾ ਕਰੋ। ਜੇ ਕਰ ਕਿਸੇ ਕਿਸਮ ਦੀ ਤੰਗੀ ਹੈ ਤਾਂ ਉਹ ਵੀ ਮੈਨੂੰ ਦੱਸੋ।"

ਪਰ ਬਾਪੂ ਜੀ ਮਨ ਦੀ ਮਰਜ਼ੀ ਦੇ ਮਾਲਕ ਸਨ। ਕਿਸੇ ਦਾ ਕਹਿਣਾ ਉਹ ਕਦੀ ਮੰਨਦੇ ਹੀ ਨਹੀਂ ਸਨ। ਪੂਰੀ ਜ਼ਿੰਦਗੀ ਉਨ੍ਹਾਂ ਨੇ ਆਪਣੀਆਂ ਸ਼ਰਤਾਂ ਤੇ ਜੀਵੀ ਸੀ। ਹਰ ਕਿਸੇ ਨੂੰ ਉਨ੍ਹਾਂ ਸ਼ਰਤਾਂ ਅਨੁਸਾਰ ਹੀ ਢੱਲਣਾ ਪੈਂਦਾ ਸੀ। ਜੇ ਕਰ ਬਾਪੂ ਜੀ ਨੇ ਕਿਹਾ ਉੱਠੋ, ਤਾਂ ਉੱਠੋ, ਜੇ ਕਿਹਾ ਬੈਠੋ, ਤਾਂ ਬੈਠੋ।

ਗੁਰਪਾਲ ਦੱਸਿਆ ਕਰਦੇ ਸਨ ਕਿ ਪਿੰਡ ਰਹਿੰਦਿਆਂ ਵੀ ਸਭ ਉਨ੍ਹਾਂ ਤੋਂ ਡਰਦੇ ਸਨ। ਮਿਲਟਰੀ ਮੈਨ ਦਾ ਪੂਰਾ ਰੋਹਬ ਘਰ ਵਿਚ ਰਹਿੰਦਾ। ਹਰ ਇਕ ਤੇ ਅਨੁਸ਼ਾਸਨ ਚਲਦਾ। ਘਰ ਹੀ ਨਹੀਂ ਆਂਢ ਗੁਆਂਢ ਵੀ ਉਨ੍ਹਾਂ ਤੋਂ ਡਰਦਾ ਸੀ। ਬੀਜੀ ਆਪਣੀ ਮਰਜ਼ੀ ਨਾਲ਼ ਕੋਈ ਕੰਮ ਨਾ ਕਰ ਸਕਦੀ। ਜੇ ਕਰ ਬੀਜੀ ਬੋਲਦੀ ਤਾਂ ਦੋ ਥੱਪੜ ਅਹੁ ਪਏ ਸਨ। ਦੋਨੋਂ ਪੁੱਤਰ ਤਰਾਹ-ਤਰਾਹ ਕਰਦੇ ਕੋਠੜੀਆਂ ਵਿਚ ਦਰਵਾਜ਼ਿਆਂ ਓਹਲੇ ਲੁਕ ਜਾਂਦੇ। ਗੁਰਪਾਲ ਤਾਂ ਫੇਰ ਵੀ ਬੋਲ ਲੈਂਦੇ ਪਰ ਗੁਰਤੇਜ ਕੰਬਣ ਲੱਗ ਪੈਂਦਾ।

ਮੈਂ ਜਦੋਂ ਇਸ ਘਰ ਵਿਚ ਪਹਿਲਾ ਪੈਰ ਵੀ ਨਹੀਂ ਸੀ ਧਰਿਆ, ਉਸ ਵੇਲੇ ਤੋਂ ਹੀ ਮੈਨੂੰ ਬਾਪੂ ਜੀ ਦੀ ਡਿਕਟੇਟਰਸ਼ਿਪ ਦਾ ਅੰਦਾਜ਼ਾ ਹੋ ਗਿਆ ਸੀ। ਮੈਂ ਇੰਡੀਆ ਤੋਂ ਨਵੀਂ-ਨਵੀਂ ਆਈ ਸਾਂ। ਬੀਜੀ ਤੇ ਬਾਪੂ ਜੀ ਮੈਨੂੰ ਟੋਰਾਂਟੋ ਤੋਂ ਲੰਡਨ ਮਿਲਣ ਆਏ ਸਨ। ਸਾਡੇ ਕੋਲ ਇਕ ਰਾਤ ਵੀ ਰਹੇ ਸਨ। ਮੇਰੇ ਕੱਪੜੇ ਦੇਖ ਕੇ ਮੇਰੀ ਸੱਸ ਨੇ ਭਾਂਪ ਲਿਆ ਸੀ ਕਿ ਬਾਪੂ ਜੀ ਦੇ ਗੁੱਸੇ ਦਾ ਪਾਰਾ ਕਿਹੜੇ ਲੈਵਲ 'ਤੇ ਚੜ੍ਹਿਆ ਹੋਇਆ ਹੋਵੇਗਾ। ਬਾਪੂ ਜੀ ਮੇਰੇ ਚਾਚੇ ਨੂੰ ਭਾਂਤ-ਸੁਭਾਂਤੀਆਂ ਗੱਲਾਂ ਆਖ ਰਹੇ ਸਨ। ਚਾਚਾ ਜੀ ਨੇ ਸਵੇਰੇ ਮੈਨੂੰ ਬਿਠਾਲ ਕੇ ਮੇਰੇ ਸਹੁਰੇ ਘਰ ਦੀ ਰਹੁ ਰੀਤ ਬਾਰੇ ਗਿਆਨ ਝਾੜਨਾ ਸ਼ੁਰੂ ਕਰ ਦਿੱਤਾ ਸੀ।

ਜਦੋਂ ਮੇਰਾ ਵਿਆਹ ਹੋਇਆ ਤਾਂ ਮੈਨੂੰ ਸਹੁਰੇ ਘਰ ਆ ਕੇ ਅਨੇਕਾਂ ਔਕੜਾਂ ਦਾ ਸਾਮ੍ਹਣਾ ਕਰਨਾ ਪਿਆ। ਕੀ ਖਾਵੋ, ਕਿੱਥੇ ਬੈਠੋ, ਕੀ ਪਹਿਨੋ, ਕਿਸ ਨਾਲ਼ ਬੋਲੋ, ਕਿੱਥੇ ਜਾਵੋ। ਅਨੇਕਾਂ ਬੰਦਸ਼ਾਂ ਦਾ



ਸਾਮ੍ਹਣਾ ਕਰਨਾ ਪਿਆ। ਪਿੰਡੋਂ ਕੈਨੇਡਾ ਆ ਕੇ ਗੁਰਪਾਲ ਅਤੇ ਗੁਰਤੇਜ ਨੂੰ ਕੁਝ ਰਾਹਤ ਤਾਂ ਮਿਲੀ ਸੀ। ਪਰ ਗੁਰਤੇਜ ਨੇ ਪੱਕਾ ਫ਼ੈਸਲਾ ਕੀਤਾ ਹੋਇਆ ਸੀ ਕਿ ਉਹ ਕਦੀ ਵੀ ਬਾਪੂ ਜੀ ਵਿਚ ਨਹੀਂ ਰਹੇਗਾ ਅਤੇ ਗੁਰਪਾਲ ਆਪਣੀ ਮਾਂ ਲਈ ਭਾਵੁਕ ਸੀ। ਇਸ ਲਈ ਸਭ ਕੁਝ ਸਹੀ ਜਾਂਦਾ ਸੀ।

...ਤੇ ਇੱਧਰ ਮੇਰੀ ਜਠਾਣੀ ਸ਼ਾਇਦ ਬਾਪੂ ਜੀ ਦੀਆਂ ਆਦਤਾਂ ਤੋਂ ਜਾਣੂ ਹੋਣ ਕਾਰਨ, ਉਹ ਉਨ੍ਹਾਂ ਨਾਲ਼ ਆਡਾ ਡਾਹ ਲੈਂਦੀ ਸੀ। ਇਸੇ ਵਾਸਤੇ ਸ਼ਾਇਦ ਉਹ ਬੋਲ ਬੁਲਾਕੜ ਵੀ ਹੋ ਗਈ ਸੀ। ਉਹ ਲੰਮੇ ਹੱਥੀਂ ਬਾਪੂ ਜੀ ਨੂੰ ਪੈਂਦੀ। ਇਸਦੇ ਪਿੱਛੇ ਕਈ ਰਾਜ਼ ਸਨ ਜਿਹੜੇ ਸਭ ਨੂੰ ਪਤਾ ਸਨ ਪਰ ਮੂੰਹ ਕੋਈ ਨਹੀਂ ਸੀ ਖੋਲ੍ਹਣਾ ਚਾਹੁੰਦਾ। ਸ਼ਾਇਦ ਗੁਰਤੇਜ ਵੀ ਜਾਣਦਾ ਸੀ, ਇਸੇ ਕਰਕੇ ਉਹ ਬਾਪੂ ਜੀ ਨੂੰ ਆਪਣੇ ਘਰ ਨਹੀਂ ਸੀ ਰੱਖਦਾ। ਗੁਰਤੇਜ ਦਾ ਵਿਆਹ ਬਹੁਤ ਛੋਟੀ ਉਮਰੇ ਕਰ ਦਿੱਤਾ ਗਿਆ ਸੀ। ਮੇਰੀ ਜਠਾਣੀ ਅਮਰੋ ਵੀ ਬਹੁਤ ਛੋਟੀ ਸੀ। ਉਸ ਉਮਰ ਵਿਚ ਉਸਨੂੰ ਕਿਸੇ ਗੱਲ ਦਾ ਗਿਆਨ ਵੀ ਨਹੀਂ ਸੀ ਤੇ ਨਾ ਹੀ ਉਹ ਜਾਣਦੀ ਸੀ ਕਿ ਜੋ ਉਸ ਨਾਲ਼ ਹੋ ਰਿਹਾ ਹੈ, ਉਹ ਗ਼ਲਤ ਹੈ। ਪਿੰਡ ਵਿਚ ਰਹਿਣ ਕਾਰਨ ਸਭ ਕੁਝ ਘਰ ਦੇ ਅੰਦਰ ਕੋਠੜੀਆਂ ਵਿਚ ਦੱਬਿਆ ਜਾਂਦਾ ਸੀ। ਪਰ ਜਦੋਂ ਦੀ ਅਮਰੋ ਕੈਨੇਡਾ ਆਈ ਸੀ, ਉਸਨੇ ਬਹੁਤ ਕੁਝ ਸਿੱਖ ਲਿਆ ਸੀ। ਦੂਜੇ ਨੂੰ ਰੋਕਣਾ ਵੀ ਤੇ ਬੋਲਣਾ ਵੀ।

ਕੈਨੇਡਾ ਬਾਪੂ ਜੀ ਤਿੰਨ ਸਾਲ ਦੀ ਛੁੱਟੀ ਲੈ ਕੇ ਆਏ ਸਨ। ਪਰ ਤਿੰਨ ਸਾਲ ਬਾਅਦ ਉਹ ਮੁੜ ਕੇ ਵਾਪਸ ਗਏ ਹੀ ਨਹੀਂ। ਭਲਾ ਕੌਣ ਚੰਗੀ ਜ਼ਿੰਦਗੀ ਛੱਡ ਕੇ ਜਾਵੇ ? ਤਿੰਨ ਸਾਲ ਬਾਅਦ ਉਨ੍ਹਾਂ ਨੇ ਮਿਲਟਰੀ ਦਾ ਅਸਤੀਫ਼ਾ ਭੇਜ ਦਿੱਤਾ।

ਕੈਨੇਡਾ ਵਿਚ ਬਾਪੂ ਜੀ ਨੇ ਮਿਹਨਤ ਕੀਤੀ ਸੀ। ਉਸ ਮਿਹਨਤ ਦਾ ਪੈਸਾ ਉਨ੍ਹਾਂ ਨੇ ਸੰਭਾਲ ਕੇ ਰੱਖਿਆ ਸੀ। ਆਪਣੇ ਪੈਸੇ ਵਿਚੋਂ ਉਹ ਇਕ ਸੈਂਟ ਨਹੀਂ ਸਨ ਖਰਚਦੇ। ਜਦੋਂ ਦੇ ਗੁਰਪਾਲ ਤੇ ਬੀਜੀ ਨੂੰ ਉਨ੍ਹਾਂ ਨੇ ਮੰਗਾਇਆ ਸੀ, ਉਸ ਵੇਲੇ ਤੋਂ ਘਰ ਗੁਰਪਾਲ ਦੀ ਕਮਾਈ ਨਾਲ਼ ਚਲਦਾ ਸੀ। ਜਦੋਂ ਅਸੀਂ ਅੱਡ ਵੀ ਹੋਏ ਤਾਂ ਵੀ ਗੁਰਪਾਲ ਦਾ ਘਰ ਹਥਿਆ ਲੈਣ ਤੋਂ ਬਾਅਦ ਵੀ ਅਸੀਂ ਬਾਪੂ ਜੀ ਤੇ ਬੀਜੀ ਨੂੰ ਹਰ ਵੀਕਐਂਡ ਤੇ ਜਾਂ ਛੁੱਟੀਆਂ ਵਿਚ ਆਪਣੇ ਘਰ ਲੈ ਕੇ ਆਉਂਦੇ। ਆਪਣੇ ਬੱਚਿਆਂ ਨਾਲ਼ ਵੀ ਉਨ੍ਹਾਂ ਦੀ ਸਾਂਝ ਬਣਾਈ ਰੱਖੀ। ਸ਼ਾਇਦ ਇਹ ਬੀਜੀ ਕਾਰਨ ਵੱਧ ਸੀ। ਅਸੀਂ ਸੋਚਦੇ ਸਾਂ ਕਿ ਬਾਪੂ ਜੀ ਦੀਆਂ ਕੀਤੀਆਂ ਦਾ ਬੀਜੀ ਕਿਉਂ ਇਵਜਾਨਾ ਭੁਗਤਣ। ਪਰ ਕੁਝ ਦੇਰ ਬਾਅਦ ਬਾਪੂ ਜੀ ਫੇਰ ਸਾਡੇ ਵਿਚ ਆ ਕੇ ਰਹਿਣ ਲੱਗ ਪਏ ਸਨ। ਲੜਾਈ ਦੀ ਚਰਖੀ ਦਾ ਗੇੜਾ ਪੂਰੀ ਉਮਰ ਚਲਦਾ ਰਿਹਾ।

ਸਾਡੇ ਯਕੀਨ ਦਾ ਇਕ ਵੇਰ ਫਿਰ ਕਤਲ ਹੋਇਆ ਜਦੋਂ ਬਾਪੂ ਜੀ ਨੇ ਦੂਜੀ ਵੇਰ ਗੁਰਪਾਲ ਨਾਲ਼ ਧੋਖਾ ਕੀਤਾ। ਬਾਪੂ ਜੀ ਨੇ ਗੁਰਪਾਲ ਦੇ ਅਕਾਉਂਟ ਵਿਚੋਂ ਪੈਸੇ ਕੱਢਵਾ ਲਏ ਸਨ। ਮੈਂ ਤੇ ਗੁਰਪਾਲ ਇੰਡੀਆ ਗੇੜਾ ਮਾਰਨ ਗਏ ਸਾਂ। ਅਸੀਂ ਪਿੱਛੇ ਬਾਪੂ ਜੀ ਨੂੰ ਬੱਚਿਆਂ ਕੋਲ ਛੱਡ ਗਏ ਸਾਂ। ਇੱਕ-ਦੋ ਚੈੱਕ ਦਸਤਖ਼ਤ ਕਰਕੇ ਵੀ ਛੱਡ ਗਏ ਸਾਂ ਕਿ ਬੱਚਿਆਂ ਵਾਸਤੇ ਲੋੜ ਪੈਣ ਤੇ ਚੈੱਕ ਵਰਤ ਲਏ ਜਾਣਗੇ। ਕੋਈ ਬਿੱਲ-ਬੱਤੀ ਦਾ ਖਰਚਾ ਵੀ ਪੈ ਸਕਦਾ ਹੈ। ਬਾਪੂ ਜੀ ਨੂੰ ਘਰ ਡਾਕ ਰਾਹੀਂ ਆਉਂਦੀ ਸਟੇਟਮੈਂਟ ਤੋਂ ਪਤਾ ਲੱਗ ਗਿਆ ਸੀ ਕਿ ਬੈਂਕ ਵਿਚ ਕਿੰਨੇ ਕੁ ਪੈਸੇ ਹਨ। ਬਾਪੂ ਜੀ ਨੇ ਚੈੱਕ ਭਰਿਆ ਅਤੇ ਆਪਣੇ ਅਕਾਉਂਟ ਵਿਚ ਜਮ੍ਹਾਂ ਕਰਵਾ ਲਿਆ।

ਜਦੋਂ ਅਸੀਂ ਇੰਡੀਆ ਤੋਂ ਵਾਪਸ ਪਰਤੇ ਤਾਂ ਸਾਡੇ ਅਕਾਉਂਟ ਵਿਚ ਭੰਗ ਭੁੱਜ ਰਹੀ ਸੀ। ਬਾਪੂ ਜੀ ਨੂੰ ਪੁੱਛਣ ਤੇ ਉੱਤਰ ਮਿਲਿਆ, "ਮੈਨੂੰ ਪੈਸਿਆਂ ਦੀ ਲੋੜ ਸੀ। ਜਦੋਂ ਅਸੀਂ ਭਜਨ ਕੋਲ ਗਏ ਸਾਂ, ਉਸ ਵੇਲੇ ਅਸੀਂ ਪੁਰਾਣਾ ਘਰ ਵੇਚ ਦਿੱਤਾ ਸੀ। ਤੇ ਹੁਣ ਭਜਨ ਹੋਰ ਕਿਸੇ ਸ਼ਹਿਰ ਵਿਚ ਜਾ ਰਿਹਾ ਹੈ। ਮੈਂ ਉਸਦੇ ਨਾਲ਼ ਜਾਣਾ ਨਹੀਂ ਚਾਹੁੰਦਾ ਤੇ ਮੈਨੂੰ ਆਪਣੇ ਲਈ ਹੋਰ ਘਰ ਲੈਣ ਦੀ ਲੋੜ ਹੈ। ਮੇਰੇ ਪੈਸੇ ਟਰਮ ਡਿਪਾਜ਼ਟ ਤੇ ਸਨ। ਜੇ ਕਰ ਤੁੜਵਾਉਂਦਾ ਤਾਂ ਬਹੁਤ ਵਿਆਜ ਕੱਟਿਆ ਜਾਣਾ ਸੀ ਤੇ ਮੈਨੂੰ ਘਾਟਾ ਪੈ ਜਾਣਾ ਸੀ। ਤੁਹਾਡੇ ਕੋਲ ਖੁੱਲ੍ਹੇ ਪੈਸੇ ਪਏ ਸਨ, ਮੈਂ ਸੋਚਿਆ ਇਨ੍ਹਾਂ ਨੂੰ ਵਰਤ ਲੈਂਦਾ ਹਾਂ। ਸਮਾਂ

ਪਾ ਕੇ, ਜਦੋਂ ਮੇਰੀ ਟਰਮ ਡਿਪਾਜ਼ਿਟ ਮਚਿਊਰ ਹੋਈ ਤਾਂ ਮੈਂ ਤੁਹਾਨੂੰ ਵਾਪਸ ਕਰ ਦਿਆਂਗਾ।"

"ਪਰ ਬਾਪੂ ਜੀ, ਮੈਂ ਟੱਬਰ ਵਾਲਾ ਹਾਂ। ਕਦੇ ਵੀ ਕਿਸੇ ਕੰਮ ਵੇਲੇ ਪੈਸਿਆਂ ਦੀ ਲੋੜ ਪੈ ਸਕਦੀ ਹੈ। ਇੰਡੀਆ ਜਾਣ ਤੋਂ ਪਹਿਲਾਂ ਮੇਰਾ ਕੰਮ ਵੀ ਟੁੱਟ ਗਿਆ ਸੀ। ਇਸੇ ਵਾਸਤੇ ਅਸੀਂ ਇੰਡੀਆ ਗਏ ਸੀ ਤਾਂਕਿ ਜਦੋਂ ਕੰਮ ਸ਼ੁਰੂ ਹੋਵੇ ਤਾਂ ਛੁੱਟੀ ਨਾ ਲੈਣੀ ਪਵੇ। ਮੈਂ ਕਿਸੇ ਐਮਰਜੈਂਸੀ ਵੇਲੇ ਕੀ ਕਰਾਂਗਾ ?" ਗੁਰਪਾਲ ਤਰਲਾ ਕਰ ਰਿਹਾ ਸੀ।

"ਮੈਂ ਕਿਤੇ ਭੱਜ ਨ੍ਹੀਂ ਚੱਲਿਆ। ਪੈਸੇ ਦੀ ਤੁਹਾਨੂੰ ਬਹੁਤ ਅੱਗ ਲੱਗੀ ਰਹਿੰਦੀ ਹੈ।" ਬਾਪੂ ਜੀ ਆਖਦੇ ਹੋਏ ਪੌੜੀ ਚੜ੍ਹ ਗਏ। ਛੜੱਪ-ਛੜੱਪ ਚੜ੍ਹਦੇ ਹੋਏ ਉਹ ਦੋ ਚਾਰ ਗਾਲ੍ਹਾਂ ਵੀ ਗੁਰਪਾਲ ਨੂੰ ਦੇ ਗਏ। ਮੈਨੂੰ ਵੀ ਨਹੀਂ ਬਖ਼ਸ਼ਿਆ।

ਗੁਰਪਾਲ ਇਕ ਵੇਰ ਫਿਰ ਸਿਰ ਫੜ ਕੇ ਬੈਠ ਗਏ। ਬੀਜੀ ਦੋਹਾਂ ਪਿਓ-ਪੁੱਤ ਵਿਚਾਲੇ ਖੜੀ ਕਦੀ ਇੱਧਰ ਦੇਖੇ ਤੇ ਕਦੀ ਉੱਧਰ। ਉਹ ਗੁਰਪਾਲ ਨੂੰ ਆਖੀ ਜਾਵੇ, "ਪੁੱਤ ! ਤੇਰਾ ਪਿਓ ਹੈ। ਜੇ ਉਹਦੀ ਆਦਤ ਇੱਦਾਂ ਦੀ ਹੈ ਤਾਂ ਤੂੰ ਹੀ ਸਬਰ ਕਰ ਲੈ। ਰੱਖਣ ਨ੍ਹੀਂ ਲੱਗਾ। ਮੈਂ ਲੈ ਕੇ ਦੇਊਂਗੀ। ਤੂੰ ਫਿਕਰ ਨਾ ਕਰ ਮੇਰਾ ਪੁੱਤ।"

"ਇਹ ਵੀ ਮੈਂ ਦੇਖ ਲੈਂਨਾ ਹਾਂ।" ਗੁਰਪਾਲ ਨੇ ਨਿਰਾਸ਼ਾ ਜਹੀ ਵਿਚ ਕਿਹਾ। ਪਤਾ ਗੁਰਪਾਲ ਨੂੰ ਵੀ ਸੀ ਕਿ, ਮੁੜਨਾ ਕੁਝ ਨਹੀਂ। ਜਾਣਦੀ ਮੈਂ ਵੀ ਸਾਂ। ਮੇਰੇ ਅੰਦਰ ਲੋਹੜੇ ਦਾ ਗੁੱਸਾ ਘੋਲ ਕਰ ਰਿਹਾ ਸੀ। ਸਾਰੀ ਉਮਰ ਅਸੀਂ ਮਾਰ ਖਾਈ ਜਾ ਰਹੇ ਸਾਂ। ਮੈਂ ਸ਼ਿਫ਼ਟਾਂ ਦਾ ਕੰਮ ਕਰ-ਕਰ ਕੇ ਜਾਨ ਗੁਆਈ ਸੀ। ਅਸੀਂ ਦੋਹਾਂ ਜਣਿਆਂ ਨੇ ਸਰਫ਼ੇ ਬਿਨਾਂ ਦਿਨ ਨਹੀਂ ਸੀ ਕੱਟਿਆ। ਵਰ੍ਹਿਆਂ ਦੀ ਕਮਾਈ ਜਾਂਦੀ ਦੇਖ ਕੇ ਜਿਵੇਂ ਮੇਰਾ ਦਿਲ ਡੁੱਬ ਰਿਹਾ ਸੀ। ਫੇਰ ਵੀ ਰੋ-ਧੋ ਕੇ ਅਸੀਂ ਚੁੱਪ ਕਰਕੇ ਬੈਠ ਗਏ ਸਾਂ। ਪਰ ਮੇਰੇ ਜੇਠ ਜਠਾਣੀ ਨੇ ਮੋਟੇ-ਮੋਟੇ ਬੋਲਾਂ ਤੋਂ ਬਿਨਾਂ ਬਾਪੂ ਜੀ ਨੂੰ ਕੁਝ ਨਹੀਂ ਸੀ ਦਿੱਤਾ। ਉਹ ਦੋ ਚਾਰ ਧੜੱਲੇਦਾਰ ਗਾਲ੍ਹਾਂ ਕੱਢਦੇ ਅਤੇ ਦੋ ਚਾਰ ਦੁੱਧੜਾਂ ਖਾ, ਢਿੱਡ ਉੱਤੇ ਹੱਥ ਫੇਰਦੇ ਤੇ ਲੰਮਾ ਸਾਰਾ ਡਕਾਰ ਮਾਰ ਕੇ ਮੂੰਹ ਹੀ ਮੂੰਹ ਵਿਚ ਸਾਡੇ ਤੇ ਹੱਸਦੇ।

ਅਸੀਂ ਦੋਨੋਂ ਇਕ ਵੇਰ ਫਿਰ ਹਾਰ ਕੇ ਬੈਠ ਗਏ ਸਾਂ। ਉਹ ਪੈਸਾ ਬਾਪੂ ਜੀ ਵੱਲੋਂ ਭਜਨ ਦੇ ਖਰੀਦੇ ਨਵੇਂ ਘਰ ਵਿਚ ਜ਼ਰੂਰ ਪੈ ਗਿਆ ਸੀ ਪਰ ਸਾਨੂੰ ਵਾਪਸ ਨਹੀਂ ਸੀ ਮਿਲਿਆ। ਭਜਨ ਦੇ ਚਿਹਰੇ ਦੀ ਮੁਸਕਾਨ ਫੈਲ ਗਈ ਸੀ। ਉਹ ਹੋਰ ਚੌੜਾ ਹੋ ਕੇ ਤੁਰਦਾ। ਉਹ ਪੈਸਾ ਮੁੜ ਕੇ ਬਾਪੂ ਜੀ ਨੂੰ ਵੀ ਨਹੀਂ ਮਿਲਿਆ। ਬਾਪੂ ਜੀ ਸ਼ਰਮਿੰਦੇ ਹੋਏ ਸਾਡੇ ਨਾਲ਼ ਅੱਖ ਵੀ ਨਾ ਮਿਲਾਉਂਦੇ।

ਕੁਝ ਵਰ੍ਹੇ ਬਾਅਦ, ਭਜਨ ਦਾ ਘਰ ਵਿਕ ਗਿਆ ਸੀ। ਅੱਧ-ਪਚੱਧੇ ਪੈਸੇ ਬਾਪੂ ਜੀ ਦੇ ਬੈਂਕ ਖਾਤੇ ਵਿਚ ਵੀ ਜਮ੍ਹਾਂ ਹੋ ਗਏ ਸਨ। ਫੇਰ ਅਸੀਂ ਪੈਸਿਆਂ ਨੂੰ ਉਡੀਕਦੇ ਹੀ ਰਹੇ। ਲਗਦਾ ਸੀ ਜਿਵੇਂ ਪੈਸਿਆਂ ਨੂੰ ਸਾਡੇ ਘਰ ਦਾ ਰਾਹ ਭੁੱਲ ਗਿਆ ਹੋਵੇ। ਪੈਸਿਆਂ ਦੀ ਗੱਲ ਤੇ ਬਾਪੂ ਜੀ ਲੋਹੇ ਲਾਖੇ ਹੋ ਜਾਂਦੇ ਅਤੇ ਗੱਲ ਕਰਨ ਤੋਂ ਵੀ ਇਨਕਾਰ ਕਰ ਦਿੰਦੇ।

ਗੁਰਪਾਲ ਦੀ ਭਲਮਾਣਸੀ ਨੇ ਸਾਨੂੰ ਕਈ ਵੇਰ ਕੰਡਿਆਲੀਆਂ ਰਾਹਾਂ ਉੱਤੇ ਤੋਰਿਆ। ਮੈਂ ਕਦੀ-ਕਦਾਈ ਗੁੱਸੇ ਵਿਚ ਦੋ ਚਾਰ ਗੁਰਪਾਲ ਨੂੰ ਸੁਣਾ ਦਿੰਦੀ ਤੇ ਬਾਪੂ ਜੀ ਨੂੰ ਵੀ ਸੁਣਾ ਦਿੰਦੀ। ਬਾਪੂ ਜੀ ਨੇ ਸਾਨੂੰ ਪੈਸੇ ਨਾ ਹੀ ਮੋੜੇ ਅਤੇ ਨਾ ਕੋਈ ਮੁੜਨ ਦੀ ਆਸ ਸੀ। ਸਾਥੋਂ ਵੀ ਕਮੀਨਗੀ ਤਕ ਉੱਤਰ ਨਾ ਹੋਇਆ ਕਿ ਅਸੀਂ ਆਪ ਬਾਪੂ ਜੀ ਨੂੰ ਪੁੱਛ-ਪੁਛਾਈਏ ਦੇ ਕਟਿਹਰੇ ਵਿਚ ਖੜਾ ਕਰ ਦਿੰਦੇ ਅਤੇ ਪੈਸੇ ਮੰਗ ਲੈਂਦੇ। ਗੁਰਪਾਲ ਨੇ ਗੱਲਾਂ-ਗੱਲਾਂ ਵਿਚ ਇਕ ਦੋ ਵੇਰ ਸੁਣਾ ਜ਼ਰੂਰ ਦਿੱਤਾ। ਪਰ ਬਾਪੂ ਜੀ ਨੇ ਐਸੀ ਘੇਸਲ ਮਾਰੀ, ਹਿੜ-ਹਿੜ ਕਰਕੇ ਆਸੇ-ਪਾਸੇ ਹੋ ਜਾਂਦੇ। "ਤੁਹਾਨੂੰ ਪਾਲਣ-ਪੜ੍ਹਾਉਣ ਤੇ ਜੋ ਮੈਂ ਖਰਚ ਕਰਦਾ ਰਿਹਾਂ ? ਉਹ ਮੈਨੂੰ ਵੀ ਮੋੜੋ।" ਆਖ ਕੇ ਉਹ ਪੈਰ ਮਲ਼ਦੇ ਤੁਰ ਪੈਂਦੇ।

ਕਈ ਵੇਰ ਗੁਰਪਾਲ ਗਿਲਾ ਕਰਦੇ, "ਮੈਂ ਕਿਹੜਾ ਜੰਮਣ ਲਈ ਕਿਹਾ ਸੀ।" ਆਖ ਉਹ



ਆਪਣਾ ਗੁੱਸਾ ਅੰਦਰ ਹੀ ਦਬਾਅ ਲੈਂਦੇ।

ਖੈਰ ! ਸਾਡੀ ਜ਼ਿੰਦਗੀ ਚੰਗੀ ਚਲਦੀ ਰਹੀ। ਸਬਰ ਸੰਤੋਖ ਸਾਡੇ ਦੋਹਾਂ ਵਿਚ ਵਾਹਵਾ ਸੀ। ਸਾਡੇ ਬੱਚੇ ਵੀ ਸਾਡੀਆਂ ਸਮੱਸਿਆਵਾਂ ਸਮਝ ਜਾਂਦੇ ਸਨ। ਸਾਡਾ ਹੱਥ ਤੰਗ ਹੋਵੇ ਤਾਂ ਉਹ ਝੱਟ ਸਮਝ ਜਾਂਦੇ। ਪਰ ਗੁਰਤੇਜ ਦਾ ਟੱਬਰ ਐਸ਼ ਕਰਦਾ ਰਿਹਾ। ਗੁਰਤੇਜ, ਗੁਰਪਾਲ ਤੋਂ ਕਾਫ਼ੀ ਵੱਡਾ ਹੋਣ ਕਾਰਨ ਉਸਦੇ ਸਾਰੇ ਮੁੰਡੇ ਉਸਦੇ ਬਰਾਬਰ ਕੰਮ ਕਰਨ ਜੋਗੇ ਹੋ ਗਏ ਸਨ। ਜਦੋਂ ਕਿ ਸਾਡੇ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਸਨ। ਗੁਰਤੇਜ ਨਵੇਂ ਘਰ ਖਰੀਦਦਾ, ਨਵੀਆਂ ਕਾਰਾਂ ਖਰੀਦਦਾ ਤੇ ਅਸੀਂ ਗੁਜ਼ਾਰਾ ਆਪਣੀ ਪਹੁੰਚ ਵਿਚ ਕਰੀ ਜਾਂਦੇ। ਉਸਦੇ ਪੱਕੇ ਦੇਖ ਕੇ ਆਪਣੇ ਮਾੜੇ-ਮੋਟੇ ਛੋਟੇ ਜਿਹੇ ਘਰ ਦਾ ਹੌਲ ਨਾ ਕਰਦੇ। ਸਿਰ ਦੀ ਛੱਤ ਨੂੰ ਮਾਣਦੇ ਅਤੇ ਰੱਬ ਦਾ ਸ਼ੁਕਰ ਕਰਦੇ ਕਿ ਅਸੀਂ ਸਭ ਇਕੱਠੇ ਹਾਂ। ਸਾਡੇ ਬੱਚੇ ਸਿਆਣੇ ਸਨ, ਜਿਹੜੇ ਗ਼ਲਤ ਰਾਹਵਾਂ 'ਤੇ ਨਹੀਂ ਤੁਰੇ।

ਸਾਡੇ ਬੱਚਿਆਂ ਨੇ ਸਾਡੇ ਉੱਤੇ ਬਹੁਤਾ ਬੋਝ ਵੀ ਨਹੀਂ ਸੀ ਪਾਇਆ। ਗੁਰਤੇਜ ਦਾ ਟੱਬਰ ਨਾ ਬਹੁਤਾ ਪੜ੍ਹਿਆ ਸੀ ਤੇ ਨਾ ਹੀ ਚੰਗੀਆਂ ਲੀਹਾਂ ਤੇ ਤੁਰਿਆ ਸੀ। ਉਨ੍ਹਾਂ ਵਿਚੋਂ ਇਕ ਦੋ ਬੱਚੇ ਠੀਕ ਚਲ ਰਹੇ ਸਨ। ਭਜਨ ਉਨ੍ਹਾਂ ਵਿਚੋਂ ਇਕ ਸੀ। ਜਿਸ ਦਿਨ ਦਾ ਭਜਨ ਵਿਹਾਇਆ ਸੀ ਉਸ ਦਿਨ ਤੋਂ ਸਾਡੇ ਦੋਹਾਂ ਟੱਬਰਾਂ ਵਿਚ ਵੀ ਹਵਾ ਗਹਿਰੀ ਹੋ ਗਈ ਸੀ। ਮਿੰਦਰੋ ਨੇ ਭਜਨ ਨੂੰ ਆਪਣੇ ਵੱਸ ਵਿਚ ਇਸ ਤਰ੍ਹਾਂ ਕੀਤਾ ਹੋਇਆ ਸੀ ਕਿ ਉਸਨੂੰ ਨਾ ਮਾਂ ਦਿੱਸਦੀ ਤੇ ਨਾ ਭੈਣਾ ਭਰਾ, ਅਸੀਂ ਤੇ ਕੀ ਵਿਖਾਈ ਦੇਣਾ ਸੀ।

ਬੀਜੀ ਤੇ ਬਾਪੂ ਜੀ ਵੱਲ ਉਸਦਾ ਝੁਕਾਅ ਜ਼ਰੂਰ ਹੋ ਗਿਆ ਸੀ। ਉਹ ਵੀ ਲੋੜ ਕਾਰਨ। ਉਸਨੂੰ ਲੋੜ ਸੀ ਕਿ ਕੋਈ ਉਸਦੇ ਬੱਚੇ ਸਾਂਭੇ ਤਾਂ ਉਹ ਦੋਨੋਂ ਮੀਆਂ-ਬੀਵੀ ਕੰਮ ਕਰ ਸਕਣਗੇ। ਬੇਵੀ ਸਿਟਰ ਦਾ ਇਨ੍ਹਾਂ ਦੇਸ਼ਾਂ ਵਿਚ ਖਰਚਾ ਬਹੁਤ ਸੀ। ਦੂਜਾ ਬੀਜੀ ਤੇ ਬਾਪੂ ਜੀ ਥੋੜਾ ਬਹੁਤ ਰੋਟੀ ਪਾਣੀ ਦਾ ਖਰਚਾ ਵੀ ਦਿੰਦੇ ਸਨ। ਬੀਜੀ ਦੇ ਅਕਾਲ ਚਲਾਣੇ ਤੋਂ ਬਾਅਦ ਬਾਪੂ ਜੀ ਵੀ ਉਸਨੂੰ ਬੋਝ ਜਾਪਣ ਲੱਗ ਪਏ ਸਨ। ਪਹਿਲਾਂ ਬੀਜੀ ਬੱਚੇ ਵੀ ਸਾਂਭਦੀ ਤੇ ਰੋਟੀ ਟੁੱਕ ਦਾ ਕੰਮ ਵੀ ਕਰ ਲੈਂਦੀ ਸੀ। ...ਤੇ ਹੁਣ ਬਾਪੂ ਜੀ ਲਈ ਮਿੰਦਰੋ ਨੂੰ ਖੜੀ ਲੱਤੇ ਰਹਿਣਾ ਪੈਂਦਾ ਸੀ। ਬਹੁਤ ਵਰ੍ਹੇ ਕੈਨੇਡਾ ਰਹਿਣ ਤੋਂ ਬਾਅਦ ਵੀ ਬਾਪੂ ਜੀ ਦੀਆਂ ਪੁਲੀਸ ਵਾਲੀਆਂ ਆਦਤਾਂ ਨਹੀਂ ਸਨ ਬਦਲੀਆਂ। ਭਜਨ ਦੇ ਬੱਚੇ ਵੀ ਵੱਡੇ ਹੋ ਗਏ ਸਨ ਤੇ ਉਹ ਬਾਪੂ ਜੀ ਦੀਆਂ ਆਦਤਾਂ ਝੱਲਣ ਤੋਂ ਇਨਕਾਰੀ ਹੋ ਰਹੇ ਸਨ।

ਭਜਨ ਦਾ ਵੱਡਾ ਮੁੰਡਾ ਆਪਣੀ ਕਨੇਡੀਅਨ ਗਰਲ ਫਰੈਂਡ ਘਰ ਲਿਆਉਂਦਾ ਸੀ ਜੋ ਬਾਪੂ ਜੀ ਨੂੰ ਮੰਜ਼ੂਰ ਨਹੀਂ ਸੀ। ਉਸਦਾ ਛੋਟਾ ਮੁੰਡਾ ਤਰੀਨੀਦਾਦ ਦੀ ਕੁੜੀ ਲਈ ਫਿਰਦਾ ਸੀ।

ਭਜਨ ਤੇ ਮਿੰਦਰੋ ਵੀ ਉਨ੍ਹਾਂ ਕੁੜੀਆਂ ਦੇ ਪੰਜਾਬੀ ਸੂਟ ਪੁਆ ਕੇ ਦਿਨ-ਸੁਦ ਤੇ ਰਿਸ਼ਤੇਦਾਰਾਂ ਦੇ ਘਰੀਂ ਲੈ ਕੇ ਜਾਂਦੇ। ਜਿਸਤੋਂ ਬਾਪੂ ਜੀ ਗੁੱਸੇ ਵਿਚ ਭੜਕ ਪੈਂਦੇ। ਨਾ ਭਜਨ ਉਨ੍ਹਾਂ ਦੀ ਗੱਲ ਸੁਣਦਾ ਸੀ ਤੇ ਨਾ ਹੀ ਮਿੰਦਰੋ। ਮਿੰਦਰੋ ਮੂੰਹ ਚੱਬ-ਚੱਬ ਕੇ ਗੱਲਾਂ ਕਰਦੀ ਆਖਦੀ, "ਮੇਰੀਆਂ ਹੋਣ ਵਾਲੀਆਂ ਨੂੰਹਾਂ ਤਾਂ ਬਹੁਤ ਚੰਗੀਆਂ ਕੁੜੀਆਂ ਹਨ। ਮੈਨੂੰ ਮੰਮੀ-ਮੰਮੀ ਕਰਦੀਆਂ ਫਿਰਦੀਆਂ ਹਨ। ਮੈਂ ਪੰਜਾਬੀ ਕੁੜੀਆਂ ਤੋਂ ਕੀ ਲੈਣਾ ? ਵੈਸੇ ਵੀ ਅੱਜ ਪੰਜਾਬੀ ਕੁੜੀਆਂ ਦਾ ਤਾਂ ਬੇੜਾ ਗਰਕ ਐ। ਜੇ ਇੰਡੀਆ ਤੋਂ ਵੀ ਲੈ ਕੇ ਆਵੋ, ਉਹ ਇੱਧਰਲੀਆਂ ਤੋਂ ਵੀ ਉਪਰਲੇ ਨੰਬਰ ਦੀਆਂ ਹਨ। ਮੈਨੂੰ ਤਾਂ ਇਹ ਕੁੜੀਆਂ ਚੰਗੀਆਂ ਲਗਦੀਆਂ ਹਨ। ਮੌਮ-ਮੌਮ ਕਰਦੀਆਂ ਥੱਕਦੀਆਂ ਨ੍ਹੀਂ। ਮੇਰਾ ਕਹਿਣਾ ਮੰਨਦੀਆਂ ਹਨ। ਕਿਵੇਂ ਥੈਂਕਯੂ-ਥੈਂਕਯੂ ਕਰਦੀਆਂ ਜੱਫੀਆਂ ਪਾਉਂਦੀਆਂ ਥੱਕਦੀਆਂ ਨ੍ਹੀਂ।" ਉਹ ਸਿਫ਼ਤਾਂ ਦੇ ਪੁਲ਼ ਬੰਨਦੀ ਨਾ ਥੱਕਦੀ।

ਲੋਕੀਂ ਮੂੰਹ ਵਿਚ ਹੱਸਦੇ।

ਕੁਝ ਸਮਾਂ ਪਾ ਕੇ ਉਹ ਦੋਨੋਂ ਕੁੜੀਆਂ ਮੁੰਡਿਆਂ ਨੂੰ ਛੱਡ ਕੇ ਚਲੇ ਗਈਆਂ ਤੇ ਉਨ੍ਹਾਂ ਦੀ ਥਾਂ ਇਕ ਭਾਰਤੀ ਕੁੜੀ ਤੇ ਇਕ ਚੀਨੀ ਕੁੜੀ ਨੇ ਮੱਲ ਲਈ। ਸਿਫ਼ਤਾਂ ਤਾਂ ਉਹ ਹੁਣ ਵੀ ਕਰਦੀ ਪਰ

ਦੱਬਵੀਂ ਜਿਹੀ ਜੀਭ।

ਭਜਨ ਦੇ ਘਰ ਦੇ ਵਾਤਾਵਰਨ ਕਾਰਨ ਬਾਪੂ ਜੀ ਤੰਗ ਆ ਕੇ ਪਿੰਡ ਜਾ ਕੇ ਰਹਿਣ ਲੱਗ ਪਏ। ਪਿੰਡ ਵਿਚ ਉਨ੍ਹਾਂ ਨੇ ਆਪਣੇ ਰਹਿਣ ਵਾਸਤੇ ਚੰਗਾ ਵਾਹਵਾ ਮਕਾਨ ਛੱਤ ਲਿਆ। ਰੋਟੀ ਪਾਣੀ ਲਈ ਇਕ ਤੀਂਵੀਂ ਵੀ ਰੱਖ ਲਈ। ਬਾਪੂ ਜੀ ਉਸ ਤੀਂਵੀਂ ਦੇ ਟੱਬਰ ਵਿਚ ਪਰਚਣ ਲੱਗ ਪਏ ਤੇ ਕੈਨੇਡਾ ਵਿਚੋਂ ਪੈਸਾ ਵੀ ਲਿਜਾਣ ਲਗ ਪਏ। ਸਾਨੂੰ ਨਾ ਪਹਿਲਾਂ ਫਰਕ ਪਿਆ ਸੀ ਤੇ ਨਾ ਹੁਣ ਫਰਕ ਪੈਂਦਾ ਸੀ। ਪਰ ਜੇ ਕਰ ਕਿਸੇ ਨੂੰ ਕੋਈ ਫਰਕ ਪਿਆ ਉਹ ਸੀ ਭਜਨ। ਭਜਨ ਦੇ ਬਾਕੀ ਭੈਣਾਂ ਭਰਾਵਾਂ ਨੂੰ ਵੀ ਕੋਈ ਫਰਕ ਨਹੀਂ ਸੀ ਪਿਆ। ਬਾਪੂ ਜੀ ਜਦੋਂ ਇੰਡੀਆ ਜਾਂਦੇ ਤਾਂ ਆਪਣੇ ਅਕਾਊਂਟਾਂ ਦਾ ਹਿਸਾਬ ਭਜਨ ਦੇ ਹਵਾਲੇ ਕਰ ਦਿੰਦੇ। ਕਈ ਅਕਾਉਂਟਾਂ ਤੇ ਭਜਨ ਦਾ ਨਾਂ ਦਰਜ ਵੀ ਸੀ ਕਿ ਉਹ ਦੇਖ ਭਾਲ਼ ਕਰ ਸਕੇ। ਭਜਨ ਨੇ ਇਸਦਾ ਪੂਰਾ ਲਾਭ ਉਠਾਇਆ। ਉਹ ਆਨੇ ਬਹਾਨੇ ਬਾਪੂ ਜੀ ਦੇ ਪੈਸੇ ਵਿਚ ਘਪਲਾ ਕਰਨ ਲਗ ਪਿਆ। ਬਾਪੂ ਜੀ ਛੋਟੀ ਮੋਟੀ ਗੱਲ ਸਾਨੂੰ ਦੱਸਦੇ ਵੀ ਨਾ। ਭਜਨ ਕਈ ਵੇਰ ਸਾਨੂੰ ਆਖਦਾ, "ਬਾਪੂ ਜੀ ਹੁਣ ਸਹੀ ਸੋਚ ਨਹੀਂ ਰਖਦੇ। ਉਨ੍ਹਾਂ ਦਾ ਮਾਈਂਡ ਬੈਲੈਂਸ ਨਹੀਂ ਹੈ। ਉਹ ਪੈਸਾ ਬਰਬਾਦ ਕਰੀ ਜਾ ਰਹੇ ਹਨ। ਕੀ ਅਸੀਂ ਉਨ੍ਹਾਂ ਨੂੰ ਅੱਨਫਿੱਟ ਨਹੀਂ ਕਰਵਾ ਸਕਦੇ?"

ਸਾਨੂੰ ਉਸਦੀ ਇਸ ਗੱਲ ਤੇ ਗੁੱਸਾ ਵੀ ਆਉਂਦਾ। ਪਰ ਉਹ ਕਹਿਣੋਂ ਨਾ ਹਟਿਆ। ਗੁਰਪਾਲ ਉਸਦੀ ਗੱਲ ਦਾ ਹੁੰਘਾਰਾ ਹੀ ਨਾ ਭਰਦੇ। ਜੇ ਕਰ ਕਦੀ-ਕਦਾਈਂ ਅਸੀਂ ਭਜਨ ਤੋਂ ਪੈਸੇ-ਧੇਲੇ ਦਾ ਹਿਸਾਬ ਪੁੱਛਦੇ ਤਾਂ ਭਜਨ ਆਖਦਾ, "ਪੈਸਾ ਤਾਂ ਉਹ ਇੰਡੀਆ ਲੈ ਗਏ ਹਨ। ਇੱਥੇ ਕੀ ਬਚਿਆ? ਕੁਝ ਵੀ ਨਹੀਂ।"

ਪਰ ਇਹ ਸੱਚ ਨਹੀਂ ਸੀ।

ਅਸੀਂ ਬਾਪੂ ਜੀ ਨੂੰ ਕੁਝ ਨਾ ਕੁਝ ਕਹਿੰਦੇ ਰਹਿੰਦੇ ਕਿ ਭਜਨ ਤੇ ਪੂਰਨ ਭਰੋਸਾ ਸਹੀ ਨਹੀਂ ਹੈ। ਕੁਝ ਸਮੇਂ ਬਾਅਦ ਪਤਾ ਚੱਲਿਆ ਕਿ ਬਾਪੂ ਜੀ ਦੇ ਦਿਮਾਗ ਵਿਚ ਸਾਡੀ ਗੱਲ ਜ਼ਰੂਰ ਘਰ ਕਰ ਗਈ ਹੋਵੇਗੀ। ਸ਼ਾਇਦ ਇਸੇ ਲਈ ਭਜਨ ਦਾ ਰਵੱਈਆ ਸਾਡੇ ਪ੍ਰਤੀ ਬਦਲਣ ਲੱਗ ਪਿਆ ਸੀ। ਉਹ ਜਦੋਂ ਮੇਰੇ ਨਾਲ਼ ਗੱਲ ਕਰਦਾ ਤਾਂ ਮਿਹਣੇ ਜਿਹੇ ਮਾਰਦਾ ਰਹਿੰਦਾ। ਆਖਦਾ, "ਤੂੰ ਸਾਡੇ ਟੱਬਰ ਵਿਚ ਟਰੱਬਲ ਖੜ੍ਹਾ ਕਰਦੀ ਐਂ।" ਫੇਰ ਆਖਦਾ, "ਤੂੰ ਹੁੰਦੀ ਕੌਣ ਐਂ ਸਾਡੇ ਘਰ ਵਿਚ ਦਖ਼ਲ ਅੰਦਾਜ਼ੀ ਕਰਨ ਵਾਲੀ।"

ਚਾਲ਼ੀ ਸਾਲ ਘਰ ਵਿਚ ਟੱਬਰ ਦੀ ਦੇਖ-ਭਾਲ਼ ਕਰਦੀ ਅਤੇ ਅੱਧੀ ਦਰਜਨ ਗੁਰਤੇਜ ਦੇ ਨਿਆਣਿਆਂ ਨੂੰ ਸਾਂਭਦੀ, ਮੈਂ ਹੁਣ "ਕੌਣ" ਹੋ ਗਈ ਸਾਂ।

ਅਖ਼ੀਰ ਤੇ ਆ ਕੇ ਬਾਪੂ ਜੀ ਨੂੰ ਕਈ ਕਿਸਮ ਦੇ ਧੱਕੇ ਲੱਗੇ। ਉਹ ਜਦੋਂ ਵੀ ਇੰਡੀਆ ਤੋਂ ਪਰਤਦੇ ਤਾਂ ਸਾਡੇ ਕੋਲ ਹੀ ਰਹਿੰਦੇ। ਹਫ਼ਤਾ-ਦੋ ਹਫ਼ਤੇ ਭਜਨ ਵੱਲ ਵੀ ਜਾ ਆਉਂਦੇ। ਪਰ ਉਹ ਪੁਰਾਣੀ ਗੱਲ ਨਾ ਰਹੀ। ਉਨ੍ਹਾਂ ਦਾ ਜੀਅ ਮੁੜ ਕੇ ਭਜਨ ਵਿਚ ਭਿੱਜਾ ਹੀ ਨਾ। ਭਜਨ ਵੱਲੋਂ ਕੀਤਾ ਗਿਆ ਪੈਸਿਆਂ ਦਾ ਘਪਲਾ ਉਨ੍ਹਾਂ ਦੇ ਮੱਥੇ ਵਿਚ ਸੂਈ ਵਾਂਗ ਚੁੱਭਦਾ ਰਹਿੰਦਾ।

———————

... ਤੇ ਜਦੋਂ ਭਜਨ ਤੇ ਮਿੰਦਰੋ ਬਾਪੂ ਜੀ ਨੂੰ ਮਿਲਣ ਆਏ ਤਾਂ ਵੀ ਉਹ ਮੈਨੂੰ ਆਖ ਰਹੇ ਸਨ, "ਮੈਨੂੰ ਇਨ੍ਹਾਂ ਨਾਲ਼ ਭੇਜਣਾ ਨਹੀਂ।"

ਮਿੰਦਰੋ ਅਤੇ ਭਜਨ ਪਕੌੜੇ-ਸਮੋਸੇ ਖਾ-ਚੱਟ ਕੇ ਚਲਦੇ ਬਣੇ। ਜਿੰਨਾ ਚਿਰ ਬੈਠੇ, ਉਹ ਬਾਪੂ ਜੀ ਕੋਲ ਫੜ੍ਹਾਂ ਜਿਹੀਆਂ ਮਾਰਦੇ ਰਹੇ ਕਿ, 'ਸਾਡਾ ਤਾਂ ਤੁਹਾਡੇ ਬਿਨਾਂ ਜੀਅ ਨਹੀਂ ਲਗਦਾ। ਘਰ ਸੁੰਨਾ-ਸੁੰਨਾ ਲਗਦਾ ਹੈ।' ਉਹ ਜਾਂਦੇ ਹੋਏ ਬਾਪੂ ਜੀ ਨੂੰ ਆਖ ਗਏ, "ਅਸੀਂ ਫੇਰ ਆਂਵਾਂਗੇ। ਅਸੀਂ ਤੁਹਾਨੂੰ ਨਾਲ਼ ਲੈ ਕੇ ਜਾਣਾ ਹੈ।"



ਬਾਪੂ ਜੀ ਨੇ ਉਨ੍ਹਾਂ ਦੇ ਗਿਆਂ ਤੇ ਜਿਵੇਂ ਸੁੱਖ ਦਾ ਸਾਹ ਲਿਆ।

ਬਾਪੂ ਜੀ ਦੀ ਸਿਹਤ ਵਿਗੜ ਗਈ ਤੇ ਹਫ਼ਤੇ ਕੁ ਦੇ ਅੰਦਰ ਹੀ ਉਹ ਹਸਪਤਾਲ ਭਰਤੀ ਹੋ ਗਏ। ਨਮੋਨੀਏ ਨੇ ਉਨ੍ਹਾਂ ਦੀ ਛਾਤੀ ਜੁੱਚ ਕਰ ਲਈ। ਤਿੰਨ ਦਿਨ ਔਖੇ ਸਾਹ ਲੈਂਦੇ ਉਹ ਸਾਡੇ ਹੱਥਾਂ ਵਿਚ ਪੂਰੇ ਹੋ ਗਏ।

ਸਾਡੇ ਛੋਟੇ ਮੁੰਡੇ ਨੇ ਮਿੰਟਾਂ ਵਿਚ ਖ਼ਬਰ ਸਾਰੇ ਟੱਬਰ ਵਿਚ ਫੈਲਾ ਦਿੱਤੀ। ਜਿਸਨੇ ਵੀ ਸੁਣਿਆ ਉਹ ਭੱਜਾ ਆਇਆ। ਇਕ ਭਜਨ ਹੀ ਸੀ ਜਿਸ ਦੇ ਟੱਬਰ ਵਿੱਚੋਂ ਕਿਸੇ ਨੇ ਵੀ ਸਾਡਾ ਫੋਨ ਰਸੀਵ ਨਾ ਕੀਤਾ। ਅਸੀਂ ਅੰਸਰਿੰਗ ਮਸ਼ੀਨ 'ਤੇ ਮੈਸੇਜ ਛੱਡ ਦਿੱਤੇ।

ਕੋਈ ਦੋ-ਤਿੰਨ ਘੰਟੇ ਬਾਅਦ ਭਜਨ ਤੇ ਮਿੰਦਰੋ ਧਾਹਾਂ ਮਾਰਦੇ ਹਸਪਤਾਲ ਪਹੁੰਚੇ। ਮਿੰਦਰੋ ਚੋਰ ਅੱਖ ਨਾਲ਼ ਹਰ ਕਿਸੇ ਵੱਲ ਦੇਖ ਲਵੇ ਕਿ ਉਸਦੇ ਇਸ ਨਾਟਕ ਦਾ ਕਿਸੇ ਉੱਤੇ ਅਸਰ ਹੋ ਰਿਹਾ ਹੈ ਜਾਂ ਨਹੀਂ। ਹਸਪਤਾਲ ਦੇ ਵਾਤਾਵਰਣ ਨੂੰ ਸਮਝਦੇ ਹੋਏ, ਗੁਰਪਾਲ ਨੇ ਉਸਨੂੰ ਚੁੱਪ ਹੋਣ ਲਈ ਕਿਹਾ। ਉਹ ਡੁਸਕਦੀ ਜਿਹੀ ਚੁੱਪ ਹੋ ਗਈ।

ਭਜਨ ਵੀ ਆਪਣੇ ਪਖੰਡ ਜਿਹੇ ਕਰਦਾ ਰਿਹਾ।

ਉਸ ਸ਼ਾਮ ਹਸਪਤਾਲ ਵਾਲਿਆਂ ਮ੍ਰਿਤਕ ਦੇਹ ਫਿਊਨਰਲ ਹੋਮ ਪਹੁੰਚਾ ਦਿੱਤੀ। ਸਾਨੂੰ ਪੂਰਾ ਹਫ਼ਤਾ ਹਰ ਤਰ੍ਹਾਂ ਦੇ ਇੰਤਜ਼ਾਮ ਕਰਨ ਵਿਚ ਨਿੱਕਲ ਗਿਆ। ਮਿੰਦਰੋ ਅਤੇ ਭਜਨ ਹਰ ਮੌਕੇ ਸਾਡੇ ਨਾਲ਼ ਰਹੇ। ਹਰ ਹਿਸਾਬ ਨੂੰ ਨੋਟ ਕਰਦੇ ਰਹੇ।

ਜਿਵੇਂ ਹਰ ਹਨੇਰੀ ਤੋਂ ਬਾਅਦ ਧੂੜ ਨੇ ਸੈਟਲ ਹੋਣਾ ਹੀ ਹੁੰਦਾ ਹੈ। ਸਾਡੇ ਘਰ ਧੂੜ ਸੈਟਲ ਹੋਣ ਦੀ ਥਾਂ ਹੋਰ ਵੀ ਉੜਨ ਲੱਗ ਪਈ। ਅੱਖਾਂ ਵਿਚ ਕਿਣਕਾ-ਕਿਣਕਾ ਬਣ ਕੇ ਰੜਕਣ ਲੱਗ ਪਈ।

ਭਜਨ ਦਾ ਊਧਮ ਉਸ ਦਿਨ ਮੱਚਿਆ ਜਿਸ ਦਿਨ ਬਾਪੂ ਜੀ ਦਾ ਭੋਗ ਪੈ ਚੁੱਕਾ ਸੀ। ਉਹ ਬਾਪੂ ਜੀ ਦਾ ਇੰਡੀਆ ਤੋਂ ਆਇਆ ਸੂਟਕੇਸ ਫਰੋਲ ਰਿਹਾ ਸੀ। ਉਸਦੇ ਆਪਣੇ ਨਾਂ ਹੋਰ ਕੀ-ਕੀ ਹੈ ਭਾਲ਼ ਰਿਹਾ ਸੀ। ਉਸਦੀਆਂ ਭੈਣਾਂ ਅਤੇ ਭਰਾ ਸਭ ਦੇਖ ਰਹੇ ਸਨ। ਅਸੀਂ ਦੋਨੋ ਸੋਚ ਰਹੇ ਸਾਂ ਕਿ ਬੰਦਾ ਕਿੰਨਾ ਸੁਆਰਥੀ ਹੋ ਜਾਂਦੈ। ਘਰੋਂ ਇਕ ਜੀਅ ਤੁਰ ਗਿਆ ਹੈ, ਭਜਨ ਨੂੰ ਇਹ ਚਿੰਤਾ ਹੈ ਕਿ ਉਸਦੇ ਹਿੱਸੇ ਪੈਸਾ ਧੇਲਾ ਕੀ ਆਇਆ ਹੈ। ਪਿੱਛੇ ਘਰ-ਜ਼ਮੀਨ ਵਿਚੋਂ ਉਸਦੇ ਹਿੱਸੇ ਕਿੰਨਾ ਕੁਝ ਹੈ।

ਜਦੋਂ ਉਸਦੇ ਹੱਥ ਕੁਝ ਨਾ ਲੱਗਾ ਤਾਂ ਉਸਨੇ ਹੁਕਮ ਦਾ ਇੱਕਾ ਕੱਢ ਦਿਖਾਇਆ। ਕੈਨੇਡਾ ਵਿਚ ਜੋ ਕੁਝ ਵੀ ਸੀ ਉਹ ਸਭ ਭਜਨ ਦੇ ਨਾਂ ਸੀ। ਇਹ ਕਦੋਂ ਤੇ ਕਿਸ ਤਰ੍ਹਾਂ ਹੋਇਆ, ਸਾਨੂੰ ਕਿਸੇ ਨੂੰ ਨਹੀਂ ਸੀ ਪਤਾ। ਅਸੀਂ ਸਭ ਬਰਫ਼ ਬਣੇ ਖੜ੍ਹੇ ਸਾਂ। ਜਿਵੇਂ ਅਸੀਂ ਬਰਫ਼ੀਲੇ ਪਾਣੀ ਵਿਚ ਡਿੱਗ ਪਏ ਹੋਈਏ ਜਾਂ ਸਨੋਅ ਵਿਚ ਦੱਬ ਹੋ ਗਏ ਹੋਈਏ। ਸਾਡੇ ਸਭ ਦੇ ਦਿਮਾਗ ਅਤੇ ਜਿਸਮ ਫਰੀਜ਼ ਹੋ ਗਏ ਹੋਣ ਜਿਵੇਂ ਸਾਨੂੰ ਸਭ ਨੂੰ ਹਾਈਪੋਥਰਮੀਆ ਹੋ ਗਿਆ ਹੋਵੇ।

ਨੋਟ: ਹਾਈਪੋਥਰਮੀਆ, ਜਿਹੜਾ ਬਰਫ਼ੀਲੇ ਮੌਸਮ ਵਿੱਚ ਜਾਂ ਬਰਫ਼ੀਲੇ ਪਾਣੀ ਜਾਂ ਸਨੋਅ ਵਿੱਚ ਡਿੱਗ ਕੇ ਸਰੀਰ ਦੀ ਟੈਮਪਰੇਚਰ ਐਨੀ ਘਟਾ ਦਿੰਦਾ ਹੈ ਕਿ ਬੰਦਾ ਸੁੰਨ ਹੋ ਕੇ ਜਿਉਂਦਾ ਤਾਂ ਹੈ ਪਰ ਕਿਸੇ ਵੀ ਤਰ੍ਹਾਂ ਰਿਐਕਟ ਨਹੀਂ ਕਰ ਸਕਦਾ।

ਮੋਬਾਇਲ ਨੰ: 001 905-878-6499

# ਪੱਥਰ/ਸੁਖਰਾਜ ਧਾਲੀਵਾਲ

ਜੇਕਰ ਕੁਝ ਦੇਰ ਲੱਗ ਗਈ ਤਾਂ ਉਸਦਾ ਫੋਨ ਫੇਰ ਆ ਜਾਵੇਗਾ। ਮੈਂ ਕਾਹਲੀ-ਕਾਹਲੀ ਗੇਟ ਖੋਲ੍ਹ ਕੇ ਚੱਲ ਪਿਆ। ਗੇਟ ਖੁੱਲ੍ਹਾ ਰਹਿ ਗਿਆ, ਗਲੀ ਦੇ ਸਿਰੇ 'ਤੇ ਆ ਕੇ ਸੋਚਿਆ ਗੇਟ ਬੰਦ ਕਰਕੇ ਆਵਾਂ, ਚੱਲ ਰਾਮੂ ਆਪੇ ਬੰਦ ਕਰ ਲਵੇਗਾ। ਬੜਾ ਸਿਆਣਾ ਨਿਪਾਲੀ ਐ। ਰਾਮੂ ਕਈ ਸਾਲਾਂ ਤੋਂ ਮੇਰੇ ਘਰੇ ਕੰਮ ਕਰਦਾ, ਪੱਕੀ ਉਮਰ ਦਾ ਬੰਦਾ, ਸਾਰੇ ਕੰਮਾਂ ਦਾ ਭੇਤੀ ਐ, ਇਹ ਸੋਚ ਕੇ ਮੈਂ ਕਾਹਲੇ ਕਦਮ ਪੁੱਟਦਾ ਸੜਕ ਵੱਲ ਮੁੜ ਪਿਆ। ਡਾ. ਅਰੋੜੇ ਦੀ ਗੱਲ ਯਾਦ ਆਈ, 'ਘਰ ਦਾ ਗੇਟ ਬੰਦ ਰੱਖੋ, ਘਰੇ ਇਕ ਸਿਆਣਾ ਬੰਦਾ ਵੀ ਜ਼ਰੂਰ ਰੱਖੋ, ਜ਼ਮਾਨਾ ਮਾੜਾ ਐ।' ਡਾ. ਅਰੋੜਾ ਹਮੇਸ਼ਾ ਦਿਲ ਕੰਬਾਉਣ ਵਾਲੀਆਂ ਗੱਲਾਂ ਕਰਦਾ ਰਹਿੰਦਾ। ਅਖ਼ਬਾਰ ਵਿਚ ਵੀ ਉਹ ਐਕਸੀਡੈਂਟ, ਦੰਗੇ, ਫਸਾਦਾਂ, ਚੋਰੀ, ਡਾਕਿਆਂ ਤੇ ਰੇਪ ਦੀਆਂ ਖ਼ਬਰਾਂ ਹੀ ਪੜ੍ਹਦਾ। ਮੈਨੂੰ ਉਸ ਦੀਆਂ ਬਹੁਤੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ।

ਸੜਕ ਲੰਘ ਕੇ ਮੈਂ ਸੇਠੀ ਹਸਪਤਾਲ ਦੇ ਅੱਗੋਂ ਖੱਬੇ ਹੱਥ ਵਾਲੀ ਗਲੀ ਮੁੜ ਪਿਆ। ਮੋੜ ਮੁੜਦੇ ਸਾਰ ਉਹ ਮੈਨੂੰ ਦਿੱਸ ਪਿਆ। ਉਸ ਦਾ ਚਿਹਰਾ ਬਿਲਕੁਲ ਲੱਥਾ ਹੋਇਆ।

"ਬੜਾ ਚਿਰ ਲਾ ਦਿੱਤਾ ?" ਉਸ ਨੇ ਲੱਕ 'ਤੇ ਹੱਥ ਧਰਦਿਆਂ ਦੁੱਖੀ ਆਵਾਜ਼ ਵਿਚ ਕਿਹਾ।

"ਨਹੀਂ ਤਾਂ, ਕੀ ਗੱਲ ਐ ?" ਮੈਂ ਉਸ ਦੇ ਚਿਹਰੇ ਨੂੰ ਜਾਂਚ ਗਿਆ ਸੀ। ਜ਼ਰੂਰ ਉਸ ਨੂੰ ਘਰੇਲੂ ਟੈਨਸ਼ਨ ਜਾਂ ਦਫ਼ਤਰੀ ਪ੍ਰੇਸ਼ਾਨੀ ਸੀ।

"ਗੱਲ ਕੋਈ ਖ਼ਾਸ ਨ੍ਹੀਂ ਯਾਰ.....ਮੈਂ ਤਾਂ ਤੰਗ ਆ ਗਿਆਂ ਨਹਿਸ਼ ਜ਼ਿੰਦਗੀ ਤੋਂ...ਕੋਈ ਹਾਲ ਐ ਸਾਲਾ।" ਉਸ ਨੇ ਅਤਿ ਦੀ ਨਿਰਾਸ਼ਾ ਵਿਚ ਸਿਰ ਮਾਰਿਆ। ਮੈਨੂੰ ਪਤਾ ਸੀ ਕਿ ਕਈ ਸਾਲਾਂ ਤੋਂ ਨਿਰਾਸ਼ਾ ਉਸ ਦਾ ਪਿੱਛਾ ਨਹੀਂ ਸੀ ਛੱਡ ਰਹੀ। ਪਿਛਲੇ ਸਾਲ ਜਦੋਂ ਉਹ ਡਿਪਰੈਸ਼ਨ ਵਿਚ ਰਹਿਣ ਲੱਗ ਪਿਆ ਸੀ ਤਾਂ ਮੈਂ ਉਸ ਨੂੰ ਡਾਕਟਰ ਗੁਪਤੇ ਕੋਲ ਲੈ ਗਿਆ ਸੀ। ਡਾ. ਗੁਪਤਾ ਸ਼ਹਿਰ ਦਾ ਪ੍ਰਸਿੱਧ ਸਕੈਰੇਟਿਰਸਟ ਐ। ਉਸ ਨੇ ਚੈੱਕਅੱਪ ਕਰਕੇ ਕੁਝ ਦਵਾਈਆਂ ਲਿਖ ਦਿੱਤੀਆਂ ਸਨ। ਦੋ-ਤਿੰਨ ਮਹੀਨੇ ਉਹ ਠੀਕ ਰਿਹਾ, ਬੜੀਆਂ ਹੀ ਆਸ਼ਾਵਾਦੀ ਗੱਲਾਂ ਕਰਦਾ ਰਿਹਾ। ਇਨ੍ਹਾਂ ਹੀ ਦਿਨਾਂ ਵਿਚ ਉਸ ਨੇ ਇਕ ਪੁਰਾਣੀ ਕਾਰ ਵੇਚ ਕੇ ਨਵੀਂ ਲੈ ਲਈ ਸੀ। ਦੋ ਪਲਾਟ ਵੀ ਖਰੀਦ ਲਏ ਸਨ। ਸਰਦੀਆਂ ਲੰਘਦੇ ਸਾਰ ਉਹ ਫੇਰ ਉਦਾਸ ਰਹਿਣ ਲੱਗ ਪਿਆ। ਉਸ ਦੀ ਟੀਚਰ ਪਤਨੀ ਉਸ ਨੂੰ ਜਲੰਧਰ ਦੇ ਕਿਸੇ ਮਸ਼ਹੂਰ ਜੋਤਸ਼ੀ ਕੋਲ ਲੈ ਗਈ। ਜੋਤਸ਼ੀ ਨੇ ਕਈ ਉਪਾਅ ਕਰਵਾਏ। ਮਹੀਨਾ ਠੀਕ ਰਹਿ ਕੇ ਉਸ ਦਾ ਫੇਰ ਉਹੀ ਹਾਲ ਹੋ ਗਿਆ।

ਮੇਰਾ ਉਸ ਨਾਲ ਕੇਵਲ ਏਨਾ ਹੀ ਸੰਬੰਧ ਸੀ ਕਿ ਅਸੀਂ ਪਾਰਕ ਵਿਚ ਸੈਰ ਕਰਦੇ-ਕਰਦੇ ਦੋਸਤ ਬਣ ਗਏ ਸੀ। ਇਹ ਦੋਸਤੀ ਪਿਛਲੇ ਚਾਰ ਸਾਲਾਂ ਤੋਂ ਪਰਿਵਾਰਕ ਸੰਬੰਧਾਂ ਵਿਚ ਤਬਦੀਲ ਹੋ ਗਈ ਸੀ। ਸੈਰ ਕਰਨ ਵੇਲੇ ਅਸੀਂ ਅੱਠ-ਦਸ ਦੋਸਤ-ਮਿੱਤਰ ਹੁੰਦੇ ਪਰ ਉਹ ਦਿਲ ਦੀ ਗੱਲ ਸਿਰਫ਼ ਮੇਰੇ ਨਾਲ ਹੀ ਸਾਂਝੀ ਕਰਦਾ। ਇਸ ਦਾ ਇਕ ਗੰਭੀਰ ਕਾਰਨ ਸੀ ਕਿ ਮੈਂ ਦੂਸਰਿਆਂ ਵਾਂਗ ਉਸ ਦਾ ਮਜ਼ਾਕ ਨਹੀਂ ਸੀ ਉਡਾਉਂਦਾ। ਜੇਕਰ ਉਹ ਦੂਸਰੇ ਮਿੱਤਰਾਂ ਨਾਲ ਘਰੇਲੂ ਸਮੱਸਿਆ ਦੀ ਕੋਈ ਗੱਲ ਲੈਂਦਾ ਤਾਂ ਉਹ ਉਸ ਨੂੰ ਅੱਗੋਂ ਮਜ਼ਾਕ ਕਰਕੇ ਚਿੜ੍ਹਾਉਂਦੇ ਰਹਿੰਦੇ। ਉਸ ਦਾ ਸੁਭਾਅ ਚਿੜਚਿੜਾ ਹੋ ਰਿਹਾ ਸੀ। ਉਨ੍ਹਾਂ ਨੇ ਉਸਦੇ ਕਈ ਨਾਂ ਵੀ ਰੱਖ ਰੱਖੇ ਸੀ। ਜਿਵੇਂ 'ਟੈਨਸ਼ਨ', 'ਟੁੱਟਿਆ ਦਿਲ', 'ਦੁੱਖੀ' ਅਤੇ 'ਕਸ਼ਮੀਰ ਸਮਝੌਤਾ'।

ਸੈਰ ਕਰਦੇ ਵਕਤ ਉਸ ਨੇ ਕਈ ਰਾਤਾਂ ਤੋਂ ਨੀਂਦ ਨਾ ਆਉਣ ਦੀ ਗੱਲ ਕਰ ਲਈ। ਸਾਰੇ ਮਿੱਤਰ ਤਾੜੀ ਮਾਰ ਕੇ ਹੱਸ ਪਏ। ਛਾਬੜੇ ਨੇ ਵਿਅੰਗ ਕੱਸਿਆ, "ਸ਼ਰਮਾ ਜੀ, ਤੁਸੀਂ ਚਰਾਸੀ ਲੱਖ



ਜੂਨਾਂ ਭੋਗ ਕੇ ਮਨੁੱਖਾ ਜਨਮ ਲੈਣ ਦੀ ਗਲਤੀ ਕਰ ਲਈ...ਕੋਈ ਪੰਛੀ ਬਣੇ ਹੁੰਦੇ ਮੌਜਾਂ ਕਰਦੇ।"

ਮਹਿਤਾ, ਖੁੰਗਰ, ਅਗਰਵਾਲ, ਬਰਾੜ ਤੇ ਸਾਧੂ ਸਿੰਘ ਤਾੜੀ ਮਾਰ ਕੇ ਹੱਸ ਪਏ। ਮੈਨੂੰ ਉਨ੍ਹਾਂ ਦੀ ਗੱਲ ਬੜੀ ਬੁਰੀ ਲੱਗੀ। ਮੈਂ ਗੁੱਸੇ ਵਿਚ ਬੋਲਿਆ, "ਯਾਰ ਬੰਦੇ ਨੂੰ ਸਮਝਣ ਦੀ ਕੋਸ਼ਿਸ਼ ਕਰੋ, ਉਹ ਦਿਲ ਦਾ ਭਾਰ ਆਪਣੇ ਨਾਲ ਹੌਲਾ ਨਾ ਕਰੇ ਤਾਂ ਕਿਸ ਨਾਲ ਕਰੇ ?"

"ਦਿਲ 'ਤੇ ਭਾਰ ਪਾਓ ਈ ਨਾ...ਦਿਲ ਫੇਲ੍ਹ ਹੋ ਸਕਦੈ।" ਖੁੰਗਰ ਬੇਵਕੂਫਾਂ ਵਾਂਗੂ ਹੱਸਦਾ ਹੋਇਆ ਬੋਲਿਆ।

"ਛੱਡੋ ਕੋਈ ਹੋਰ ਗੱਲ ਕਰੋ...।" ਮੈਂ ਸ਼ਰਮੇ ਦਾ ਲੱਥਿਆ ਚਿਹਰਾ ਦੇਖ ਕੇ ਗੱਲ ਟਾਲ ਦਿੱਤੀ। ਅਸੀਂ ਅੱਧਾ ਘੰਟਾ ਪਾਰਕ ਵਿਚ ਸੈਰ ਕਰਦੇ ਰਹੇ। ਹਲਕੀਆਂ-ਫੁਲਕੀਆਂ ਗੱਲਾਂ ਹੁੰਦੀਆਂ ਰਹੀਆਂ। ਸ਼ਰਮਾ ਬੁਝੇ ਚਿਹਰੇ ਨਾਲ ਸੈਰ ਕਰਦਾ ਰਿਹਾ। ਹਨੇਰਾ ਪੈਣ 'ਤੇ ਅਸੀਂ ਘਰਾਂ ਨੂੰ ਮੁੜ ਪਏ। ਮੈਂ ਅਜੇ ਘਰੇ ਆ ਕੇ ਖੜ੍ਹਾ ਹੀ ਸਾਂ ਕਿ ਸ਼ਰਮੇ ਦਾ ਫੋਨ ਆ ਗਿਆ।

"ਬਿਸ਼ਨ ਸਿਆਂ, ਵਾਪਿਸ ਆ ਜਾ, ਆਦਰਸ਼ ਮੈਡੀਕਲ ਸਟੋਰ ਕੋਲ।" ਏਨਾ ਕਹਿ ਕੇ ਉਸਨੇ ਫੋਨ ਬੰਦ ਕਰ ਦਿੱਤਾ।

ਆਦਰਸ਼ ਮੈਡੀਕਲ ਸਟੋਰ ਤੋਂ ਖੱਬੇ ਹੱਥ ਕਿਤਾਬਾਂ ਵਾਲੀ ਦੁਕਾਨ ਦੇ ਕੋਲ ਖੜ੍ਹਾ ਉਹ ਫੋਨ 'ਤੇ ਕਿਸੇ ਨਾਲ ਝਗੜ ਰਿਹਾ ਸੀ। ਮੈਨੂੰ ਵੇਖ ਕੇ ਉਸ ਨੇ ਫੋਨ ਕੱਟ ਦਿੱਤਾ। ਜ਼ਰੂਰ ਉਹ ਆਪਣੀ ਪਤਨੀ ਨਾਲ ਕਿਸੇ ਗੱਲ 'ਤੇ ਝਗੜ ਰਿਹਾ ਹੋਵੇਗਾ। ਉਹ ਪਤਨੀ ਅਤੇ ਬੱਚਿਆਂ ਨਾਲ ਅਕਸਰ ਹੀ ਲੜਦਾ ਰਹਿੰਦਾ, ਗੁੱਸੇ ਵਿਚ ਆ ਕੇ ਉਹ ਪਤਨੀ ਅਤੇ ਬੱਚਿਆਂ ਨੂੰ ਗੰਦੀਆਂ ਗਾਲ੍ਹਾਂ ਦਿੰਦਾ, ਭਾਂਡੇ ਭੰਨਦਾ ਅਤੇ ਰੁੱਸ ਕੇ ਕੋਠੇ 'ਤੇ ਚੜ੍ਹ ਜਾਂਦਾ। ਜਦੋਂ ਗੁੱਸਾ ਠੰਢਾ ਹੁੰਦਾ ਤਾਂ ਦੋਵੇਂ ਮੁੰਡਿਆਂ ਤੇ ਛੋਟੀ ਕੁੜੀ ਨੂੰ ਬੁੱਕਲ ਵਿਚ ਲੈ ਕੇ ਰੋਣ ਲੱਗ ਪੈਂਦਾ। ਆਪਣੀ ਕਿਸਮਤ ਨੂੰ ਕੋਸਦਾ ਤੇ ਸਮਾਜ ਨੂੰ ਗੰਦੀਆਂ-ਗੰਦੀਆਂ ਗਾਲ੍ਹਾਂ ਦਿੰਦਾ। ਉਹ ਰੋਈ ਜਾਂਦਾ ਵੀ ਗਾਲ੍ਹਾਂ ਕੱਢਦਾ ਰਹਿੰਦਾ। ਦਿਮਾਗੀ ਡਾਕਟਰਾਂ ਨੇ ਇਸ ਬਿਮਾਰੀ ਨੂੰ ਐਗਜਾਇਟੀ ਡਿਸਆਰਡਰ ਦਾ ਨਾਂ ਦਿੱਤਾ ਸੀ। ਉਸ ਦੀ ਪਤਨੀ ਨੇ ਉਸ ਦੀ ਬਿਮਾਰੀ ਸਵੀਕਾਰ ਕਰ ਲਈ ਸੀ, ਬੱਚੇ ਛੋਟੇ ਹੋਣ ਕਰਕੇ ਸਮਝ ਨਹੀਂ ਸੀ ਸਕਦੇ, ਉਹ ਡਰ ਕੇ ਚੀਕਾਂ ਮਾਰਨ ਲੱਗਦੇ। ਗਲੀ-ਗੁਆਂਢ ਦੇ ਲੋਕ ਇਕੱਠੇ ਹੋ ਜਾਂਦੇ, ਉਹ ਰੋਈ ਜਾਂਦਾ ਤੇ ਗਾਲ੍ਹਾਂ ਦੇਈ ਜਾਂਦਾ। ਲੋਕਾਂ ਨੇ ਦੋ-ਚਾਰ ਵਾਰ ਤਾਂ ਸਮਝਾਇਆ ਜਦੋਂ ਉਹ ਨਾ ਸਮਝਿਆ ਤਾਂ ਗਲੀ-ਗੁਵਾਂਢ ਵਾਲੇ ਉਸ ਨੂੰ ਦੇਖ ਕੇ ਮੂੰਹ ਪਾਸੇ ਕਰਨ ਲੱਗ ਪਏ। ਮੇਰੇ ਨਾਲ ਗੱਲਾਂ ਕਰਦਾ ਵੀ ਉਹ ਅੱਖਾਂ ਭਰ ਆਉਂਦਾ ਸੀ।

"ਯਾਰ ਛਾਬੜੇ ਨੇ ਬੜੀ ਮਾੜੀ ਕੀਤੀ, ਮੈਂ ਵਾਕਿਆ ਈ ਕਮਲਾ ਬੰਦਾ ਬਾਈ ਬਿਸ਼ਨ ਸਿਆਂ।....ਯਾਰ ਕੋਈ ਗੱਲ ਐ ਬੰਦੇ ਨੂੰ ਬੰਦਾ ਨਾ ਸਮਝਣਾ...।" ਬੋਲਦੇ ਦੀ ਉਸ ਦੀ ਆਵਾਜ਼ ਭਾਰੀ ਹੋ ਗਈ। ਮੈਨੂੰ ਮਨ ਹੀ ਮਨ ਸਾਰੇ ਸੈਰ ਕਰਨ ਵਾਲੇ ਮਿੱਤਰਾਂ 'ਤੇ ਗੁੱਸਾ ਆਇਆ।

"ਸ਼ਰਮਾ ਦੁਨੀਆ ਦੀ ਪਰਵਾਹ ਨਹੀਂ ਕਰੀਦੀ, ਲੋਕ ਤਾਂ ਬੋਲੀ ਜਾਂਦੇ ਐ....ਤੂੰ ਗੱਲ ਦਿਲ 'ਤੇ ਨਾ ਲਾਇਆ ਕਰ।" ਮੈਂ ਹਮਦਰਦੀ ਨਾਲ ਉਸਦੇ ਮੋਢੇ 'ਤੇ ਹੱਥ ਰੱਖ ਦਿੱਤਾ।

"ਆ ਯਾਰ ਕਿਤੇ ਬੈਠੀਏ।" ਕਹਿ ਕੇ ਉਹ ਹੈਵਨਨਿਊ ਰੈਸਟੋਰੈਂਟ ਵੱਲ ਤੁਰ ਪਿਆ, ਮੈਂ ਵੀ ਉਸ ਦੇ ਨਾਲ ਤੁਰ ਪਿਆ। ਬੈਠਣ ਸਾਰ ਮੈਂ ਦੋ ਬੀਅਰਾਂ ਦਾ ਆਰਡਰ ਦੇ ਦਿੱਤਾ। ਉਹ ਚੁੱਪਚਾਪ ਬੈਠਾ ਹੱਥ ਮਲਦਾ ਰਿਹਾ। ਉਸ ਦੀ ਚੁੱਪ ਮੈਨੂੰ ਪ੍ਰੇਸ਼ਾਨ ਕਰ ਰਹੀ ਸੀ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਉਸ ਨਾਲ ਕੀ ਗੱਲ ਕਰਾਂ ?

"ਬਿਸ਼ਨ ਸਿਆਂ, ਇਕ ਗੱਲ ਕਰਨੀ ਸੀ....ਕਈ ਦਿਨਾਂ ਦੀ ਮਨ ਨੂੰ ਭਟਕਣ ਲੱਗੀ ਪਈ ਐ....।" ਉਸ ਨੇ ਬੀਅਰ ਦੀਆਂ ਤਿੰਨ-ਚਾਰ ਵੱਡੀਆਂ-ਵੱਡੀਆਂ ਘੁੱਟਾਂ ਭਰਦਿਆਂ ਚੁੱਪ ਤੋੜੀ।

"ਸ਼ਰਮਾ ਦਿਲ ਖੋਲ੍ਹ ਕੇ ਗੱਲ ਕਰ, ਮੈਂ ਲੋਕਾਂ ਵਰਗਾ ਖੱਚ ਬੰਦਾ ਨ੍ਹੀਂ, ਤੇਰਾ ਦਿਲ ਦੁਖਾਣਾ....ਜੱਟ ਤੇਰੇ ਤੋਂ ਜਾਨ ਵਾਰ ਦੂ।" ਮੈਂ ਹੌਸਲੇ ਨਾਲ ਕਿਹਾ।

"ਅਸਲ ਵਿਚ ਗੱਲ ਇਹ ਐ....ਯਾਰ....ਕਿਵੇਂ ਸ਼ੁਰੂ ਕਰਾਂ?" ਕਹਿੰਦਾ ਉਹ ਚੁੱਪ ਹੋ ਗਿਆ। ਮੈਨੂੰ ਸ਼ੱਕ ਹੋ ਗਿਆ ਕਿ ਉਸ ਨੂੰ ਕੋਈ ਗੁੱਝਾ ਡਰ ਸਤਾ ਰਿਹਾ।

"ਸ਼ਰਮਾ ਜੀ, ਜ਼ਿੰਦਗੀ ਦੀਆਂ ਗੱਲਾਂ ਦਾ ਕੋਈ ਸਿਰ ਪੈਰ ਨਹੀਂ ਹੁੰਦਾ, ਜਿੱਥੋਂ ਮਰਜ਼ੀ ਸ਼ੁਰੂ ਕਰ ਲੋ ਗੱਲ ਸਾਲੀ ਆਵਦੇ 'ਤੇ ਆ ਕੇ ਹੀ ਨਿਬੜਦੀ ਐ।"

ਮੈਂ ਵੈਟਨਰੀ ਮਹਿਕਮੇ ਦਾ ਤਜ਼ੁਰਬਾ ਦੱਸਿਆ।

ਮੈਂ ਪਿਛਲੇ ਪੰਦਰ੍ਹਾਂ ਸਾਲਾਂ ਤੋਂ ਵੈਟਨਰੀ ਅਫਸਰ ਦੀ ਨੌਕਰੀ ਕਰ ਰਿਹਾ ਸੀ। ਕੋਈ ਵੀ ਪ੍ਰਾਬਲਮ ਹੁੰਦੀ ਮੈਨੂੰ ਲੱਗਦਾ ਵਿਚ ਮੇਰੀ ਗਲਤੀ ਜ਼ਰੂਰ ਹੋਵੇਗੀ।

"ਬਾਈ ਸਿਆਂ ਅਸਲ ਵਿਚ...।" ਉਹ ਫੇਰ ਚੁੱਪ ਕਰ ਗਿਆ। ਮੈਨੂੰ ਚਿੰਤਾ ਹੋ ਗਈ, ਅਸਲ ਵਿਚ ਉਹ ਕੋਈ ਗੁੱਝੀ ਗੱਲ ਲੁਕੋ ਰਿਹਾ ਸੀ। ਹੋ ਸਕਦਾ ਉਸ ਨੂੰ ਕੋਈ ਭਿਆਨਕ ਬਿਮਾਰੀ ਹੋਵੇ। "ਅਸਲ ਵਿਚ ਕੀ?" ਮੈਂ ਪੁੱਛਣ ਲਈ ਉਤਸੁਕਤਾ ਪ੍ਰਗਟ ਕੀਤੀ।

"ਯਾਰ ਮੈਨੂੰ ਇਸ਼ਕ ਹੋ ਗਿਆ।" ਉਹ ਝਿਜਕਦਾ-ਝਿਜਕਦਾ ਬੋਲਿਆ ਤੇ ਨੀਵੀਂ ਪਾ ਕੇ ਬੈਠ ਗਿਆ।

"ਵੱਟ ਡੂ ਯੂ ਮੀਨ....ਇਨ ਦਿਸ ਏਜ, ...ਦਿਸ ਇਜ ਵੈਰੀ ਸੀਰੀਅਸ....ਆਈ ਮੀਨ ....ਯੂ ਨੋ.....ਆਈ ਮੀਨ.....ਯੂ ਨੋ।" ਮੈਨੂੰ ਪੰਜਾਬੀ ਵਿਚ ਕੁਝ ਨਾ ਸੁਝਿਆ ਤਾਂ ਮੈਂ ਅੰਗਰੇਜ਼ੀ ਵਿਚ ਬੋਲਣ ਲੱਗ ਪਿਆ। ਇਹ ਮੇਰੇ ਨਾਲ ਅਕਸਰ ਹੀ ਹੁੰਦਾ ਹੈ, ਜਦੋਂ ਮੈਂ ਦੁਚਿੱਤੀ ਵਿਚ ਹੋਵਾਂ ਜਾਂ ਅਚੰਭੇ ਵਾਲੀ ਗੱਲ ਸੁਣ ਲਵਾਂ ਤਾਂ ਮੈਂ 'ਆਈ ਮੀਨ', 'ਆਈ ਮੀਨ' ਕਰਦਾ ਪਤਾ ਨਹੀਂ ਕੀ ਬੋਲ ਜਾਂਦਾ ਹਾਂ। ਮੈਂ ਸੋਚ ਵੀ ਨਹੀਂ ਸੀ ਸਕਦਾ ਕਿ ਏਸ ਉਮਰ ਵਿਚ ਉਹ ਮੁੱਛ-ਫੁੱਟ ਮੁੰਡਿਆਂ ਵਾਲੀ ਗੱਲ ਕਰੇਗਾ।

'ਵੱਡੀ ਉਮਰ ਵਿਚ ਮਰਦ ਔਰਤਾਂ ਸੈਕਸ ਦੀਆਂ ਗੱਲਾਂ ਕਰ ਕੇ ਕੰਨ ਰਸ ਤੇ ਮਨ ਰਸ ਲੈਂਦੇ ਹਨ, ਪਰ ਸੈਕਸ ਸੰਬੰਧ ਸਥਾਪਤ ਕਰਨ ਲਈ ਹਜ਼ਾਰ ਵਾਰ ਸੋਚਦੇ ਹਨ।' ਮੈਨੂੰ ਯੂਰਪੀ ਮਨੋਵਿਗਿਆਨੀ ਦੀ ਗੱਲ ਚੇਤੇ ਆਈ। ਅਜੀਬ ਕਿਸਮ ਦਾ ਬੰਦਾ ਸਾਰਾ ਦਿਨ ਸਿਰ 'ਤੇ ਫਿਕਰਾਂ ਦੀ ਪੰਡ ਚੁੱਕੀ ਫਿਰਦਾ ਤੇ ਉੱਤੋਂ ਇਸ਼ਕ ਦੇ ਚੱਕਰ ਵਿਚ ਪੈ ਗਿਆ, ਤਿੰਨ ਬੱਚਿਆਂ ਦਾ ਬਾਪ ਵੀ ਐ।

"ਕਿਵੇਂ ਸੋਚੀਂ ਪੈ ਗਿਐਂ?" ਉਹਨੇ ਚਿਹਰੇ 'ਤੇ ਮੁਸਕਰਾਹਟ ਲਿਆਉਂਦਿਆਂ ਕਿਹਾ। ਮੈਂ ਉਸ ਨੂੰ ਅੱਜ ਹੀ ਮੁਸਕਰਾਉਂਦਾ ਦੇਖਿਆ ਸੀ।

"ਸ਼ਰਮਾ ਕੀ ਕਮਲੀਆਂ ਗੱਲਾਂ ਕਰਦੈਂ? ਕੋਈ ਚੱਜ ਦੀ ਗੱਲ ਕਰ।" ਮੈਂ ਗੱਲ ਟਾਲਣ ਦੀ ਕੋਸ਼ਿਸ਼ ਕੀਤੀ। ਜਦੋਂ ਵੀ ਤਨਾਓ ਵਾਲੀ ਸਥਿਤੀ ਪੈਦਾ ਹੋਵੇ ਮੈਂ ਗੱਲਬਾਤ ਦਾ ਵਿਸ਼ਾ ਬਦਲਣਾ ਹੀ ਚੰਗਾ ਸਮਝਦਾ ਹਾਂ।

"ਤੂੰ ਡੰਗਰ ਡਾਕਟਰ ਹੀ ਰਿਹਾ, ਕਦੇ ਬੰਦਾ ਬਣੇ ਤਾਂ ਸਮਝੇ ਪਿਆਰ ਕਿਸ ਸ਼ੈਅ ਦਾ ਨਾਂ ਐ....ਇਸ਼ਕ ਬਿਮਾਰੀ, ਬੜੀ ਖਤਰਨਾਕ ਐ ਇਹ ਉਮਰ, ਪੈਸਾ, ਸ਼ਕਲ, ਅਕਲ ਤੇ ਨਸਲ ਨ੍ਹੀਂ ਦੇਖਦੀ।" ਕਹਿ ਕੇ ਉਹ ਉੱਚੀ-ਉੱਚੀ ਹੱਸਣ ਲੱਗ ਪਿਆ।

"ਤੂੰ ਆਪਣਾ ਪਰਿਵਾਰ ਪਾਲ ਬੰਦਾ ਬਣ ਕੇ।" ਮੈਂ ਆਵਾਜ਼ ਰੁੱਖੀ ਕਰ ਲਈ।

"ਤੂੰ ਡੰਗਰ ਡਾਕਟਰ ਹੀ ਰਿਹਾ ਨਾ।" ਕਹਿੰਦਾ ਉਹ ਬੀਅਰ ਦਾ ਮੱਗ ਖਤਮ ਕਰਕੇ ਉੱਠ ਖੜ੍ਹਾ ਹੋਇਆ।

ਮੈਂ ਬਿੱਲ ਦੇ ਪੈਸੇ ਦੇਣੇ ਚਾਹੇ ਪਰ ਉਸ ਨੇ ਦੇਣ ਨਾ ਦਿੱਤੇ। ਉਹ ਹੱਸਦਾ ਹੋਇਆ ਮੇਰੇ ਅੱਗੇ-



ਅੱਗੇ ਤੁਰ ਪਿਆ। ਉਸ ਦੀ ਤੋਰ ਮਸਤਾਨੀ ਲੱਗ ਰਹੀ ਸੀ। ਕੁਝ ਸਮਾਂ ਪਹਿਲਾਂ ਲੱਥੇ ਚਿਹਰੇ ਵਾਲਾ ਸ਼ਰਮਾ ਲਾੜਾ ਬਣਿਆ ਜਾ ਰਿਹਾ ਸੀ। ਮੈਨੂੰ ਉਸ ਦੀ ਸਮਝ ਨਹੀਂ ਸੀ ਆ ਰਹੀ ਕਿ ਕਿਸ ਕਿਸਮ ਦਾ ਆਦਮੀ ਐ। ਉਸ ਦਿਨ ਤੋਂ ਬਾਅਦ ਉਹ ਪੂਰਾ ਇਕ ਸਾਲ ਖੁਸ਼ ਰਿਹਾ, ਹਰੇਕ ਨਾਲ ਹੱਸ ਕੇ ਗੱਲ ਕਰਦਾ, ਜੇਕਰ ਕੋਈ ਚੁਭਵੀਂ ਗੱਲ ਆਖਦਾ ਤਾਂ ਹੱਸ ਕੇ ਟਾਲ ਦਿੰਦਾ।

ਇਨ੍ਹਾਂ ਦਿਨਾਂ ਵਿਚ ਮੈਂ ਸਿੰਘਾਪੁਰ ਤਿੰਨ ਦਿਨਾਂ ਦੀ ਕਾਨਫਰੰਸ 'ਤੇ ਗਿਆ। ਮੇਰੇ ਲਈ ਇਹ ਬੜੀ ਵੱਡੀ ਪ੍ਰਾਪਤੀ ਸੀ। ਆਖਰੀ ਦਿਨ ਬੜਾ ਮਹੱਤਵਪੂਰਨ ਸੀ। ਸਵਿਟਜ਼ਰਲੈਂਡ ਤੋਂ ਘੋੜਿਆਂ ਅਤੇ ਗਾਵਾਂ ਦੇ ਮਾਹਿਰ ਡਾਕਟਰ ਸਮਿੱਥ ਦੇ ਲੈਕਚਰ ਤੋਂ ਸਾਰੇ ਡੈਲੀਗੇਟ ਬੜੇ ਪ੍ਰਭਾਵਿਤ ਹੋਏ। ਅੰਤ ਵਿਚ ਸਵਾਲ ਪੁੱਛਣ ਦਾ ਸਮਾਂ ਸੀ। ਸ੍ਰੀਲੰਕਾ ਦੇ ਇਕ ਡਾਕਟਰ ਨੇ ਡਾਕਟਰ ਸਮਿੱਥ ਨੂੰ ਸਵਾਲ ਕੀਤਾ, "ਤੁਸੀਂ ਕੇਵਲ ਬੋਲਦੇ ਰਹੋ, ਤੁਹਾਨੂੰ ਹੋਰ ਸੁਣਨਾ ਹੀ ਮੇਰਾ ਸਵਾਲ ਹੈ।" ਸਾਰਾ ਪੰਡਾਲ ਤਾੜੀਆਂ ਨਾਲ ਗੂੰਜ ਉੱਠਿਆ।

ਡਾਕਟਰ ਸਮਿੱਥ ਦਾ ਲੈਕਚਰ ਐਨੀਮਲ ਵਿਚ ਪਿਆਰ ਪ੍ਰਵਿਰਤੀ ਅਤੇ ਖ਼ਾਸ ਤੌਰ 'ਤੇ ਗਾਵਾਂ ਪਿਆਰ ਦਾ ਅਨੁਭਵ ਤੇ ਇਜ਼ਹਾਰ ਕਿਵੇਂ ਕਰਦੀਆਂ ਹਨ। ਉਸ ਦਾ ਖੇਤਰ ਸੰਗੀਤ, ਪਿਆਰ ਅਤੇ ਗਾਵਾਂ ਦੀਆਂ ਨਸਲਾਂ ਸੀ। ਉਸ ਦੇ ਲੈਕਚਰ ਦੀ ਖਾਸੀਅਤ ਇਹ ਸੀ ਕਿ ਅਸੀਂ ਇਹ ਹੀ ਭੁੱਲ ਗਏ ਕਿ ਇਹ ਸੈਮੀਨਾਰ ਪਸ਼ੂਆਂ ਬਾਰੇ ਹੈ ਜਾਂ ਮਨੁੱਖਾਂ ਬਾਰੇ। ਮੈਂ ਪਿਆਰ ਅਨੁਭਵ ਉੱਪਰ ਸਵਾਲ ਕਰਨਾ ਚਾਹੁੰਦਾ ਸੀ। ਪਰ ਮੇਰਾ ਹੌਸਲਾ ਨਾ ਪਿਆ।

ਪਸ਼ੂਆਂ ਦੇ ਪਿਆਰ ਅਨੁਭਵ ਬਾਰੇ ਜਾਨਣ ਦੀ ਉਤਸੁਕਤਾ ਮੇਰੇ ਦਿਮਾਗ ਵਿਚ ਚੱਕਰ ਕੱਟ ਰਹੀ ਸੀ। ਵਿਚ-ਵਿਚ ਸ਼ਰਮੇ ਦੀ 'ਪਿਆਰ ਘਟਨਾ' ਵੀ ਆ ਜਾਂਦੀ। ਲੰਚ ਬ੍ਰੇਕ ਵਿਚ ਮੈਂ ਆਸਾ-ਪਾਸਾ ਵੇਖ ਕੇ ਡਾਕਟਰ ਸਮਿੱਥ ਦੇ ਕੋਲ ਜਾ ਖੜ੍ਹਾ ਹੋਇਆ। ਉਹ ਖਾਣਾ ਖਾ ਚੁੱਕਿਆ ਸੀ ਤੇ ਆਈਸਕ੍ਰੀਮ ਲੈ ਰਿਹਾ ਸੀ।

"ਪਲੀਜ਼ ਤੁਸੀਂ ਵੀ।" ਕਹਿ ਕੇ ਉਸ ਨੇ ਆਈਸਕ੍ਰੀਮ ਵਾਲੀ ਪਲੇਟ ਮੇਰੇ ਵੱਲ ਕਰ ਦਿੱਤੀ।

"ਨੋ ਥੈਂਕਸ।" ਕਹਿ ਕੇ ਮੈਂ ਕੁਝ ਪਿੱਛੇ ਹੋ ਕੇ ਖੜ੍ਹ ਗਿਆ।

"ਤੁਸੀਂ ਏਸ਼ੀਅਨ ਹੋ?" ਉਸ ਨੇ ਮੁਸਕਰਾ ਕੇ ਕਿਹਾ।

"ਫਸਟ ਆਈ ਐਮ ਇੰਡੀਅਨ।" ਮੈਂ ਮਾਣ ਨਾਲ ਕਿਹਾ। ਉਹ ਕੇਵਲ ਮੁਸਕਰਾਇਆ। ਮੈਂ ਪਸ਼ੂਆਂ ਦੀ ਪਿਆਰ ਪ੍ਰਵਿਰਤੀ 'ਤੇ ਗੱਲ ਸ਼ੁਰੂ ਕੀਤੀ, "ਪਿਆਰ ਪਸ਼ੂਆਂ ਦੀ ਲੋੜ ਹੈ ਜਾਂ ਹਵਸ?"

"ਬੜਾ ਵਧੀਆ ਸਵਾਲ ਕੀਤਾ ਤੁਸੀਂ। ਹੋਰ ਵੀ ਪੁੱਛੋ।" ਉਸ ਨੇ ਸੰਖੇਪ ਵਿਚ ਕਿਹਾ।

"ਪਸ਼ੂ ਪਿਆਰ ਅਨੁਭਵ ਨੂੰ ਕਿਵੇਂ ਮਹਿਸੂਸ ਕਰਦੇ ਹਨ?" ਮੈਂ ਦੂਸਰਾ ਸਵਾਲ ਵੀ ਕਰ ਦਿੱਤਾ।

"ਮਨੁੱਖਾਂ ਵਾਂਗ ਹੀ, ਕੁੱਤੀ ਆਪਣੇ ਕਤੂਰਿਆਂ ਨੂੰ, ਮੁਰਗੀ ਚੂਚਿਆਂ ਨੂੰ ਤੇ ਗਾਵਾਂ ਆਪਣੀ ਸਮੁੱਚੀ ਜਾਤੀ ਨੂੰ ਪਿਆਰ ਕਰਦੀਆਂ ਹਨ।" ਉਹ ਬੜੀ ਸਾਧਾਰਨ ਅੰਗਰੇਜ਼ੀ ਭਾਸ਼ਾ ਵਿਚ ਬੋਲ ਰਿਹਾ ਸੀ ਤਾਂ ਜੋ ਮੈਨੂੰ ਚੰਗੀ ਤਰ੍ਹਾਂ ਸਮਝ ਲੱਗ ਜਾਵੇ।

"ਡਾਕਟਰ ਸਾਹਿਬ ਮੇਰਾ ਮਤਲਬ ਹੈ ਪ੍ਰੇਮੀ ਪ੍ਰੇਮਿਕਾ ਵਾਂਗ।" ਮੈਂ ਝਿਜਕਦੇ ਹੋਏ ਕਿਹਾ।

"ਬਿਲਕੁਲ, ਇਹ ਪ੍ਰਵਿਰਤੀ ਘੋੜਿਆਂ ਵਿਚ ਵੱਧ ਹੈ, ਘੋੜਾ ਆਪਣੀ ਮਦਰ ਤੇ ਆਪਣੀ ਬੇਟੀ ਨਾਲ ਕਦੇ ਵੀ ਸੈਕਸ ਨਹੀਂ ਕਰਦਾ, ਮੈਂ ਤੁਹਾਨੂੰ ਇਕ ਰਾਜ਼ ਦੀ ਗੱਲ ਦੱਸਦਾਂ, ਜੰਗਲ ਵਿਚ ਪਸ਼ੂਆਂ ਦੇ ਝੁੰਡ ਇਕੱਠੇ ਰਹਿੰਦੇ ਹਨ, ਉਨ੍ਹਾਂ ਵਿਚ ਨਰ ਤੇ ਮਦੀਨ ਦੀ ਨੇੜਤਾ ਪਾਲਤੂ ਪਸ਼ੂਆਂ ਨਾਲੋਂ ਵੱਧ ਹੁੰਦੀ ਹੈ, ਜੇਕਰ ਨਰ, ਪ੍ਰੇਮੀ ਉੱਪਰ ਬਾਹਰੀ ਹਮਲਾ ਹੋ ਜਾਵੇ, ਬੇਸ਼ੱਕ ਉਹ ਮਨੁੱਖਾਂ ਜਾਂ ਪਸ਼ੂਆਂ ਵੱਲੋਂ ਹੋਵੇ, ਮਦੀਨ ਨਰ ਪ੍ਰੇਮੀ ਲਈ ਜਾਨ ਦੇ ਦਿੰਦੀ ਹੈ।" ਕਹਿ ਕੇ ਉਹ ਹੱਸਣ ਲੱਗ

ਪਿਆ।

"ਪਸ਼ੂ ਮਨੁੱਖਾਂ ਵਾਂਗ ਵਿਛੋੜਾ ਪੈਣ 'ਤੇ ਦੁਖੀ ਵੀ ਹੁੰਦੇ ਹਨ ?" ਮੇਰੀ ਉਤਸੁਕਤਾ ਵੱਧ ਗਈ।

"ਡਾਕਟਰ ਸਿੰਘ ਮੁਹੱਬਤ ਦੀ ਸਿਖਰ ਪ੍ਰੇਮੀ ਜਾਂ ਪ੍ਰੇਮਿਕਾ ਦਾ ਅੰਤ ਆਪਣੇ ਹੱਥੀਂ ਕਰਕੇ ਮੰਨਿਆ ਜਾਂਦਾ ਹੈ, ਹੋ ਸਕਦਾ ਮੈਂ ਗਲਤ ਵੀ ਹੋਵਾਂ ਪ੍ਰੰਤੂ ਪਸ਼ੂਆਂ ਬਾਰੇ ਇਹ ਸੱਚ ਹੈ ਜੇਕਰ ਮਦੀਨ ਜਾਂ ਨਰ ਕਿਸੇ ਹੋਰ ਨਾਲ ਸੰਬੰਧ ਬਣਾਉਂਦਾ ਹੈ ਤਾਂ ਸਾਥੀ ਉਸ ਦਾ ਅੰਤ ਕਰਕੇ ਸਕੂਨ ਮਹਿਸੂਸ ਕਰਦਾ ਹੈ...ਬਾਕੀ ਭਵਿੱਖ ਵਿਚ ਕੀ ਤਬਦੀਲੀਆਂ ਆਉਂਦੀਆਂ ਨੇ ਇਹ ਪ੍ਰਕਿਰਤੀ ਤੇ ਹਾਲਾਤਾਂ 'ਤੇ ਨਿਰਭਰ ਹੈ, ਧੰਨਵਾਦ।" ਮੇਰੇ ਨਾਲ ਹੱਥ ਮਿਲਾ ਕੇ ਉਹ ਚਲਾ ਗਿਆ।

.....ਸ਼ਾਮ ਨੂੰ ਸੈਰ ਕਰਦੇ ਸਮੇਂ ਸ਼ਰਮਾ ਕਿਸੇ ਨੂੰ ਗੱਲਾਂ ਵਿਚ ਵਾਰੇ ਨਾ ਆਉਣ ਦਿੰਦਾ। ਨਵੀਆਂ-ਨਵੀਆਂ ਪੈਂਟਾਂ-ਸਰਟਾਂ ਪਹਿਨਦਾ, ਇਤਰ-ਫੁਲੇਲ ਲਾ ਕੇ ਰੱਖਦਾ। ਸ਼ਰਮੇ ਦੇ ਰੰਗ-ਢੰਗ ਦੇਖ ਕੇ ਮੇਰੇ ਮਨ ਨੂੰ ਖੁਸ਼ੀ ਹੋਈ।

ਸ਼ਰਮੇ ਵਿਚ ਤਬਦੀਲੀ ਦਾ ਕਾਰਨ ਰੰਜਨਾ ਸੀ। ਉਹ ਦੋਵੇਂ ਇਕ ਦੂਸਰੇ ਵੱਲ ਦੇਖਦੇ, ਦਿਲ ਹੀ ਦਿਲ ਇਕ ਦੂਸਰੇ ਨੂੰ ਪਿਆਰ ਕਰਨ ਲੱਗੇ। ਰੰਜਨਾ ਦਾ ਝੁਕਾਅ ਸ਼ਰਮੇ ਵੱਲ ਜ਼ਿਆਦਾ ਹੋ ਗਿਆ। ਕਮਜ਼ੋਰ ਦਿਲ ਦਾ ਹੋਣ ਕਰਕੇ ਸ਼ਰਮਾ ਬਦਨਾਮੀ ਤੋਂ ਡਰਦਾ ਰਿਹਾ ਤੇ ਨਾ ਚਾਹੁੰਦਾ ਹੋਇਆ ਵੀ ਰੰਜਨਾ ਤੋਂ ਦੂਰੀ ਬਣਾ ਕੇ ਰੱਖਦਾ। ਸ਼ਰਮੇ ਦੀ ਦੂਰੀ ਨੇ ਰੰਜਨਾ ਨੂੰ ਸੁਰਿੰਦਰ ਵੱਲ ਧੱਕ ਦਿੱਤਾ। ਸੁਰਿੰਦਰ ਸ਼ਰਮੇ ਦਾ ਜੂਨੀਅਰ ਪਰ ਰੰਜਨਾ ਦਾ ਸੀਨੀਅਰ ਕੁਲੀਗ ਸੀ। ਸ਼ਰਮੇ ਨੇ ਰੰਜਨਾ ਦੀ ਨੇੜਤਾ ਪ੍ਰਾਪਤੀ ਬਰਕਰਾਰ ਰੱਖਣੀ ਚਾਹੀ ਪ੍ਰੰਤੂ ਉਹ ਬਦਲ ਗਈ। ਰੰਜਨਾ ਸੁਰਿੰਦਰ ਦੀਆਂ ਗੱਲਾਂ ਕਰਕੇ ਸ਼ਰਮੇ ਨੂੰ ਜਲਾਉਂਦੀ। ਸ਼ਰਮਾ ਸੁਰਿੰਦਰ ਨਾਲ ਮਨ ਹੀ ਮਨ ਵੈਰ ਰੱਖਣ ਲੱਗ ਪਿਆ। ਦੋਹਾਂ ਵਿਚ ਮਨ-ਮੁਟਾਵ ਹੋ ਗਿਆ।

...ਸ਼ਰਮੇ ਦੀ ਟੈਨਸ਼ਨ ਫੇਰ ਵੱਧ ਗਈ। ਘਰੇ ਕਈ ਵਾਰ ਉਹ ਆਪਣੀ ਘਰਵਾਲੀ ਨੂੰ ਆਵਾਜ਼ ਮਾਰਦਾ ਤਾਂ ਮੂੰਹ ਵਿਚੋਂ 'ਰੰਜਨਾ' ਕਹਿ ਬੈਠਦਾ। ਦਫਤਰ ਵਿਚ ਰੰਜਨਾ ਦੇ ਅੱਗੇ-ਪਿੱਛੇ ਪੂਛ ਮਾਰਦਾ ਫਿਰਦਾ।

ਰੰਜਨਾ ਉਸਨੂੰ ਫਿਟਕਾਰਦੀ ਰਹਿੰਦੀ। ਸ਼ਰਮਾ ਫਿਟਕਾਰ ਖਾ ਕੇ ਵੀ ਬਿਚ-ਬਿਚ ਕਰਦਾ ਰਹਿੰਦਾ।

ਰੰਜਨਾ ਨੂੰ ਟਾਈਫਾਈਡ ਹੋ ਗਿਆ। ਡਾਕਟਰ ਨੇ ਹਫਤੇ ਦੀ ਆਰਾਮ ਕਰਨ ਦੀ ਸਲਾਹ ਦਿੱਤੀ। ਰੰਜਨਾ ਮੈਡੀਕਲ ਲੀਵ 'ਤੇ ਚਲੀ ਗਈ। ਸ਼ਰਮੇ ਨੇ ਦੋ ਦਿਨ ਰੰਜਨਾ ਨੂੰ ਦੇਖੇ ਬਗੈਰ ਮਸਾਂ ਲੰਘਾਏ। ਉਹ ਮਾਨਸਿਕ ਤੌਰ 'ਤੇ ਹੋਰ ਪ੍ਰੇਸ਼ਾਨ ਰਹਿਣ ਲੱਗ ਪਿਆ। ਤੀਸਰੇ ਦਿਨ ਦੁਪਹਿਰੋਂ ਬਾਅਦ ਹਾਫ-ਡੇ ਲੈ ਕੇ ਸ਼ਰਮਾ ਰੰਜਨਾ ਦੇ ਘਰੇ ਚਲਾ ਗਿਆ।

"ਤੁਸੀਂ ਕਿਵੇਂ ਮੇਰੇ ਘਰੇ ?" ਬੂਹੇ 'ਤੇ ਸ਼ਰਮੇ ਨੂੰ ਵੇਖ ਕੇ ਰੰਜਨਾ ਦੇ ਹੋਸ਼ ਉੱਡ ਗਏ।

"ਰੰਜਨਾ ਪਲੀਜ......ਮੈਨੂੰ ਛੱਡ ਨਾ।" ਕਹਿੰਦਾ ਸ਼ਰਮਾ ਦਰਵਾਜ਼ੇ ਤੋਂ ਅੰਦਰ ਹੋ ਗਿਆ।

"ਮਿਸਟਰ ਸ਼ਰਮਾ ਅਕਲ ਨੂੰ ਹੱਥ ਮਾਰੋ, ਮੈਂ ਦੋ ਬੱਚਿਆਂ ਦੀ ਮਾਂ ਹਾਂ, ਤੁਸੀਂ.....।" ਰੰਜਨਾ ਨੇ ਨਰਮ ਆਵਾਜ਼ ਵਿਚ ਨਾਰਾਜ਼ਗੀ ਪ੍ਰਗਟ ਕੀਤੀ।

"ਰੰਜਨਾ ਪਲੀਜ਼ ਮੇਰੀ ਗੱਲ ਤਾਂ ਸੁਣ ਲੈ।" ਕਹਿੰਦਾ ਸ਼ਰਮਾ ਹੱਥ ਜੋੜ ਕੇ ਖੜ੍ਹ ਗਿਆ।

"ਚੰਗਾ ਪਹਿਲਾਂ ਅੰਦਰ ਆ ਕੇ ਬੈਠੋ।" ਰੰਜਨਾ ਨੇ ਬੂਹੇ 'ਤੇ ਬੋਲਣਾ ਠੀਕ ਨਾ ਸਮਝਿਆ। ਉਹ ਦੋਵੇਂ ਡਰਾਇੰਗ-ਰੂਮ ਵਿਚ ਆ ਗਏ।

"ਰੰਜਨਾ ਮੈਨੂੰ ਪਤਾ ਤੂੰ ਸੁਰਿੰਦਰ ਨੂੰ ਪਿਆਰ ਕਰਦੀ ਐਂ, ਮੈਂ ਤੈਨੂੰ ਰੋਕਦਾ ਨਹੀਂ, ਪਰ ਮੈਂ ਵੀ ਤੇਰੇ ਬਗੈਰ ਰਹਿ ਨ੍ਹੀਂ ਸਕਦੈ....ਪਲੀਜ਼।" ਕਹਿੰਦਾ ਸ਼ਰਮਾ ਹੱਥ ਜੋੜ ਕੇ ਗਿੜਗੜ੍ਹਾਉਣ ਲੱਗ



ਪਿਆ।

"ਤੁਹਾਡਾ ਕੀ ਮਤਲਬ ਮੈਂ ਬਦਨਾਮ ਔਰਤ ਆਂ....ਤੁਸੀਂ ਬੋਲਦੇ ਕੀ ਹੋ...ਮੈਂ ਵਿਆਹੀ-ਵਰੀ ਔਰਤ ਲੋਕ ਕੀ ਸੋਚਣਗੇ, ਮੇਰਾ ਪਤੀ, ਮੇਰੇ ਬੱਚੇ ਕੀ ਕਹਿਣਗੇ ? ਮੇਰਾ ਘਰ ਬਰਬਾਦ ਹੋ ਜਾਵੇਗਾ। .....ਤੁਸੀਂ ਆਪਣੇ ਆਪ 'ਤੇ ਕਾਬੂ ਰੱਖੋ।" ਰੰਜਨਾ ਨੂੰ ਸ਼ਰਮੇ ਦੀ ਸੁਰਿੰਦਰ ਵਾਲੀ ਆਖੀ ਗੱਲ ਬੁਰੀ ਲੱਗੀ ਪਰ ਉਹ ਝਿਜਕ ਵੀ ਗਈ ਕਿ ਸ਼ਰਮਾ ਉਸ ਨੂੰ ਬਦਨਾਮ ਨਾ ਕਰ ਦੇਵੇ।

"ਰੰਜਨਾ ਤੂੰ ਫੋਨ 'ਤੇ ਅੱਧਾ-ਅੱਧਾ ਘੰਟਾ ਹੱਸ-ਹੱਸ ਗੱਲਾਂ ਕਰਦੀ ਆਂ.....ਮੇਰੇ ਦਿਲ ਨੂੰ ਹੌਲ ਪੈਂਦੇ ਆ...ਸੁਰਿੰਦਰ ਨਾਲ ਮੋਟਰਸਾਈਕਲ 'ਤੇ ਦਫਤਰ ਔਣੀ ਐਂ....ਮੈਂ ਵਾਅਦਾ ਕਰਦਾਂ ਆਪਣੇ ਵਿਚ ਕੁਝ ਨਹੀਂ ਵਾਪਰਦਾ....ਫ਼ੇਰ ਡਰ ਕਾਹਦਾ ?" ਸ਼ਰਮਾ ਅੱਖਾਂ ਭਰ ਆਇਆ।

"ਸ਼ਰਮਾ ਜੀ, ਇਹ ਇਸ਼ਕ ਅਕਲ ਦਾ ਵੈਰੀ ਆ, ਤੁਸੀਂ ਕੀ ਬੋਲ ਰਹੇ ਹੋ ਤੁਹਾਨੂੰ ਕੁਝ ਵੀ ਪਤਾ ਨਹੀਂ, ਮੇਰੀ ਇਕ ਝਲਕ ਦੇਖਣ ਲਈ ਤੁਸੀਂ ਦਫਤਰ ਵਿਚੋਂ ਭੱਜ ਆਏ....ਜੇਕਰ ਆਂਢ-ਗੁਆਂਢ ਨੇ ਦੇਖ ਲਿਆ ਮੇਰਾ ਕੀ ਬਣੂ... ਮੈਂ ਕੀ ਦੱਸੂੰ ਤੁਸੀਂ ਕਿਸ ਕੰਮ ਆਏ ਸੀ ?" ਰੰਜਨਾ ਨੇ ਰੁੱਖੀ ਆਵਾਜ਼ ਵਿਚ ਕਿਹਾ।

"ਰੰਜਨਾ ਤੂੰ ਸਿਰਫ ਇਹ ਮੰਨ ਲੈ ਮੈਨੂੰ ਪਿਆਰ ਕਰਦੀ ਐਂ, ਮੈਂ ਕਦੇ ਵੀ ਸਿਰ ਨੀਵਾਂ ਨਹੀਂ ਹੋਣ ਦੇਵਾਂਗਾ।" ਕਹਿੰਦਾ ਸ਼ਰਮਾ ਅੱਖਾਂ ਪੂੰਝਣ ਲੱਗ ਪਿਆ।

"ਸ਼ਰਮਾ ਜੀ ਮੈਂ ਤੁਹਾਡੀ ਰਿਸਪੈਕਟ ਕਰਦੀ ਆਂ, ਮੈਂ ਵੀ ਪ੍ਰੇਸ਼ਾਨ ਹਾਂ, ਜਿਸ ਦਾ ਕਾਰਨ ਮੇਰੇ ਰਿਸ਼ਤੇਦਾਰ ਤੇ ਪਤੀ ਦੀਆਂ ਲਾਪ੍ਰਵਾਹੀਆਂ ਹਨ, ਹਰ ਔਰਤ ਵਾਂਗ ਮੈਂ ਵੀ ਪਿਆਰ ਚਾਹੁੰਦੀ ਹਾਂ, ਪਰ ਮੇਰਾ ਇਕ ਦਾਇਰਾ....।" ਰੰਜਨਾ ਫੇਰ ਨਰਮ ਆਵਾਜ਼ ਵਿਚ ਆ ਗਈ।

"ਮੈਂ ਤੈਨੂੰ ਪਿਆਰ ਦੇਵਾਂਗਾ, ਤੂੰ ਖੁਸ਼ ਰਹੇਂਗੀ, ਮੈਨੂੰ ਵੀ ਮਾਨਸਿਕ ਸਕੂਨ ਮਿਲੇਗਾ......ਪਲੀਜ਼।" ਸ਼ਰਮੇ ਨੇ ਫੇਰ ਹੱਥ ਜੋੜ ਲਏ।

"ਸ਼ਰਮਾ ਜੀ ਹਰ ਮਰਦ ਜਦੋਂ ਆਦਮੀ ਬਣਦਾ ਹੈ ਤਾਂ ਉਹ ਔਰਤ ਲੱਭਦਾ ਹੈ...ਤੇ ਔਰਤ ਦੇ ਵਿਚੋਂ ਸਰੀਰਕ ਸੰਤੁਸ਼ਟੀ....ਏਹੀ ਅੱਜ ਦੇ ਆਧੁਨਿਕ ਮਨੁੱਖ ਦੀ ਫਿਤਰਤ ਐ।" ਕਹਿੰਦੀ ਉਹ ਉੱਠ ਕੇ ਰਸੋਈ ਵੱਲ ਚਲੀ ਗਈ।

ਰੰਜਨਾ ਜਦੋਂ ਪਾਣੀ ਲੈ ਕੇ ਆਈ ਤਾਂ ਸ਼ਰਮਾ ਅੱਖਾਂ ਹੀ ਅੱਖਾਂ ਰਾਹੀਂ ਉਸ ਦੇ ਸਰੀਰ ਦਾ ਐਕਸਰੇ ਕਰਦਾ ਰਿਹਾ। ਰੰਜਨਾ ਉਸਦੀ ਦੇਖਣੀ ਤਾੜ ਗਈ।

"ਸ਼ਰਮਾ ਜੀ ਮੈਂ ਚਾਹ ਧਰ ਦਿੱਤੀ ਹੈ ਪੀ ਕੇ ਜਾਇਓ।" ਕਹਿੰਦੀ ਉਹ ਵਾਪਸ ਰਸੋਈ ਵੱਲ ਚਲੀ ਗਈ। ਸ਼ਰਮੇ ਨੂੰ ਚਾਹ ਦੀ ਸੁਲਾਹ ਤਾਂ ਚੰਗੀ ਲੱਗੀ ਪਰ 'ਜਾਇਓ' ਸ਼ਬਦ ਤੀਰ ਵਾਂਗ ਲੱਗਿਆ। ਕੁਝ ਦੇਰ ਬਾਅਦ ਰੰਜਨਾ ਚਾਹ ਲੈ ਆਈ। ਮੇਜ਼ 'ਤੇ ਚਾਹ ਦੀ ਟ੍ਰੇ ਅਤੇ ਬਿਸਕੁਟਾਂ ਦੀ ਪਲੇਟ ਰੱਖ ਕੇ ਰੰਜਨਾ ਸ਼ਰਮੇ ਦੇ ਸਾਹਮਣੇ ਵਾਲੀ ਕੁਰਸੀ 'ਤੇ ਬੈਠ ਗਈ।

"ਰੰਜਨਾ ਤੈਨੂੰ ਮੈਂ ਮਾੜਾ ਬੰਦਾ ਲੱਗਦੈਂ...ਸੱਚ ਮੰਨੀਂ ਮੈਂ ਸ਼ੰਕਰ ਭਗਵਾਨ ਦੀ ਮੂਰਤੀ ਅੱਗੇ ਹਰ ਰੋਜ਼ ਤੇਰੀ, ਤੇਰੇ ਪਰਿਵਾਰ ਦੀ ਸੁੱਖ ਸ਼ਾਂਤੀ ਦੀ ਦੁਆ ਕਰਦਾਂ ਪਰ....ਤੂੰ।" ਨੇੜਤਾ ਪੈਦਾ ਕਰਨ ਲਈ ਸ਼ਰਮਾ 'ਤੁਸੀਂ' ਤੋਂ 'ਤੂੰ' ਸ਼ਬਦ 'ਤੇ ਆ ਗਿਆ।

"ਏਹੀ ਦੁਆ ਤੁਸੀਂ ਆਪਣੇ ਲਈ ਕਿਉਂ ਨ੍ਹੀਂ ਕਰਦੇ ?.....ਸ਼ੰਕਰ ਭਗਵਾਨ ਤੁਹਾਡੇ ਭਟਕੇ ਮਨ ਨੂੰ ਸ਼ਾਂਤੀ ਦੇਵੇ.....ਮੇਰੇ ਨਾਲੋਂ ਵੱਧ ਤੁਸੀਂ ਆਪਣੇ ਬੱਚਿਆਂ ਤੇ ਪਤਨੀ ਨੂੰ ਪਿਆਰ ਕਰੋ...... ਤੁਹਾਡਾ ਪਰਿਵਾਰ ਸੁਖੀ ਰਹੇ।" ਰੰਜਨਾ ਸ਼ਰਮੇ ਦੀ ਬਕਵਾਸ ਤੋਂ ਅੱਕ ਚੁੱਕੀ ਸੀ।

"ਰੰਜਨਾ ਮੈਂ ਸਭ ਸਮਝਦਾਂ.....ਮੈਂ ਪ੍ਰਮਾਤਮਾ ਤੋਂ ਤੇਰਾ ਪਿਆਰ ਮੰਗਦਾਂ.... ਮੈਂ...ਪਲੀਜ਼....।" ਸ਼ਰਮੇ ਦੀ ਆਵਾਜ਼ ਲੜਖੜਾਉਣ ਲੱਗ ਪਈ ਸੀ।

"ਸ਼ਰਮਾ ਜੀ, ਪਲੀਜ਼ ਆਖਰੀ ਹਦਾਇਤ ਐ ਮੇਰੇ ਨਾਲ ਅੱਗੇ ਤੋਂ ਅਜਿਹੀ ਨੇੜਤਾ ਕਰਨ ਦੀ ਕੋਸ਼ਿਸ਼ ਨਾ ਕਰਿਓ....ਤੁਸੀਂ ਜਾ ਸਕਦੇ ਹੋ।" ਰੰਜਨਾ ਨੇ ਸੱਜੇ ਹੱਥ ਦੀ ਪਹਿਲੀ ਉਂਗਲ ਸਿੱਧੀ ਕਰ ਕੇ ਸ਼ਰਮੇ ਨੂੰ ਗੇਟ ਵੱਲ ਇਸ਼ਾਰਾ ਕਰ ਦਿੱਤਾ। ਸ਼ਰਮੇ ਦੇ ਸਿਰ ਤੋਂ ਪੈਰਾਂ ਤੱਕ ਸੇਕ ਨਿਕਲ ਗਿਆ। ਉਸ ਨੂੰ ਆਸ ਤੋਂ ਸਭ ਕੁਝ ਉਲਟ ਹੋ ਗਿਆ ਜਾਪਿਆ। ਭਰੇ ਕਦਮੀ ਤੁਰਦਾ ਉਹ ਮਸਾਂ ਹੀ ਮੋਟਰਸਾਈਕਲ ਕੋਲ ਪਹੁੰਚਿਆ।

....ਸ਼ਾਮ ਨੂੰ ਸ਼ਰਮਾ ਸੈਰ ਵੇਲੇ ਪਾਰਕ ਦੇ ਦੋ ਚੱਕਰ ਲਾ ਕੇ ਹੀ ਬੈਠ ਗਿਆ। ਮੈਂ ਕਿਸੇ ਨੂੰ ਵੀ ਸ਼ਰਮੇ 'ਤੇ ਵਿਅੰਗ ਨਾ ਕਰਨ ਦਿੱਤਾ। ਸੈਰ ਤੋਂ ਬਾਅਦ ਮੇਨ ਰੋਡ ਤੱਕ ਸ਼ਰਮਾ ਚੁੱਪ-ਚਾਪ ਤੁਰਿਆ ਆਇਆ, ਅਰੋੜਾ ਬੁੱਕ ਡਿੱਪੂ ਕੋਲ ਆ ਕੇ ਸ਼ਰਮੇ ਨੇ ਮੇਰੀ ਬਾਂਹ ਫੜ ਕੇ ਧੱਕੇ ਨਾਲ ਨੰਦੂ ਦੇ ਅਹਾਤੇ ਵੱਲ ਮੋੜ ਲਿਆ। ਫਾਟਕ ਵਾਲੇ ਠੇਕੇ ਤੋਂ ਮੈਂ ਵਿਸਕੀ ਦੀ ਬੋਤਲ ਫੜ ਲਈ। ਬੋਤਲ ਦਾ ਢੱਕਣ ਖੋਲ੍ਹ ਕੇ ਮੈਂ ਦੋਵੇਂ ਗਲਾਸ ਅੱਧੋਂ ਵੱਧ ਕਰ ਲਏ। ਪਾਣੀ ਪਾਉਣ ਲਈ ਜੱਗ ਚੁੱਕਿਆ ਤਾਂ ਸ਼ਰਮਾ ਪਾਣੀ ਪਾਉਣ ਤੋਂ ਬਗੈਰ ਹੀ ਗਲਾਸ ਚੁੱਕ ਕੇ ਇਕੋ ਡੀਕ ਪੀ ਗਿਆ।

ਮੇਰੇ ਹੱਥੋਂ ਬੋਤਲ ਫੜ ਕੇ ਉਸ ਨੇ ਦੂਸਰੀ ਵਾਰ ਗਲਾਸ ਕਿਨਾਰਿਆਂ ਤੱਕ ਭਰ ਲਿਆ ਤੇ ਅੱਖਾਂ ਮੀਚ ਕੇ ਫੇਰ ਪੀ ਗਿਆ।

"ਇਹ ਕੀ ਕਰੀ ਜਾਨੈਂ ?" ਮੈਂ ਉਸ ਨੂੰ ਵਰਜਿਆ। ਉਸ ਨੇ ਬੋਤਲ ਮੈਨੂੰ ਫੜਾ ਦਿੱਤੀ। ਆਪ ਨੀਵੀਂ ਪਾ ਕੇ ਬੈਠ ਗਿਆ। ਮੈਂ ਚੀਜ਼ ਚਿੱਲੀ ਖਾਂਦਾ ਰਿਹਾ ਤੇ ਉਸ ਦੇ ਬੋਲਣ ਦਾ ਇੰਤਜ਼ਾਰ ਕਰਦਾ ਰਿਹਾ। ਉਹ ਨਾਮੋਸ਼ੀ ਵਿਚ ਸਿਰ ਸਿੱਟੀ ਬੈਠਾ ਰਿਹਾ। ਆਸੇ-ਪਾਸੇ ਵਾਲੇ ਟੇਬਲਾਂ 'ਤੇ ਸ਼ਰਾਬੀ ਬੰਦੇ ਆਪੋ-ਆਪਣੀਆਂ ਗੱਲਾਂ ਵਿਚ ਮਸਤ ਸਨ। ਕੁਝ ਸਮੇਂ ਮਗਰੋਂ ਸ਼ਰਮੇ ਨੇ ਸੱਜੇ ਪਾਸੇ ਨੂੰ ਸਿਰ ਫੇਰਿਆ, ਫੇਰ ਆਲੇ-ਦੁਆਲੇ ਦੇਖਣ ਲੱਗ ਪਿਆ। ਸੱਜੇ ਹੱਥ ਨਾਲ ਮੇਰੀ ਖੱਬੀ ਬਾਂਹ ਫੜ ਕੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੋਲਿਆ, "ਬਿਸ਼ਨ ਸਿਆਂ ਤੂੰ ਮੇਰਾ ਸੱਚਾ ਯਾਰ ਐਂ ਕਿ ਲਿਫ਼ਾਫ਼ੇਬਾਜ਼ ਬੰਦਾ...ਸੱਚ ਬੋਲੀਂ।" ਉਸ ਦੀ ਆਵਾਜ਼ ਕੰਬ ਰਹੀ ਸੀ। ਮੈਂ ਸੋਚਿਆ ਇਸਨੂੰ ਮੇਰੀ ਪੁਰਾਣੀ ਗੱਲ ਦਾ ਗੁੱਸਾ ਆ ਗਿਆ। ਮੈਂ ਉਸ ਨੂੰ ਪਿਆਰ ਕਰਨ ਤੋਂ ਵਰਜਿਆ ਸੀ।

"ਤੈਨੂੰ ਆਪ ਨੂੰ ਪਤਾ ਹੋਣਾ ਚਾਹੀਦੈ, ਮੈਂ ਕਿਸ ਤਰ੍ਹਾਂ ਦਾ ਬੰਦਾ...ਸਾਰੀ ਦੁਨੀਆ ਲਿਫ਼ਾਫ਼ੇਬਾਜ਼ ਐ।" ਮੈਂ ਜਾਣ-ਬੁੱਝ ਕੇ ਗੱਲ ਘੁੰਮਾ ਦਿੱਤੀ।

"ਮੈਂ ਤੈਨੂੰ ਪੁੱਛਿਆ ਦੁਨੀਆ ਨੂੰ ਨਹੀਂ।" ਉਹ ਫੇਰ ਰੋਣ ਹਾਕੀ ਆਵਾਜ਼ ਵਿਚ ਬੋਲਿਆ।

"ਛੱਡ ਯਾਰ ਸ਼ਰਮਾ ਪਨੀਰ ਖਾ...ਕੀ ਲੈਣਾ ਸੁੰਨੀਆਂ ਖੱਡਾਂ ਵਿਚ ਡੱਕੇ ਮਾਰ ਕੇ...।" ਮੈਂ ਗੱਲ ਟਾਲਣੀ ਚਾਹੁੰਦਾ ਸੀ।

"ਨਹੀਂ ਯਾਰ ਬਿਸ਼ਨ ਸਿਆਂ...ਮੇਰੇ ਅੰਦਰ ਭਾਂਬੜ ਬਲੀ ਜਾਂਦੈ....ਅੱਜ...ਸਾਲੀ ਲੰਡਰ ਜਨਾਨੀ...ਭੈਣ 'ਚੋ ਪਤਾ ਨ੍ਹੀਂ ਕਿਸ-ਕਿਸ ਥੱਲੇ ਪਈ ਹੋਊ....ਦੱਲੀ ਸਾਲੀ...ਬ਼ਾਈ ਸਿਆਂ।" ਉਹ ਅਵਾ-ਤਵਾ ਬੋਲਣ ਲੱਗ ਪਿਆ।

"ਛੱਡ ਯਾਰ.....ਮੈਂ ਉਸ ਦੀ ਗੱਲ ਨ੍ਹੀਂ ਸੁਣਨੀ.....ਕੋਈ ਹੋਰ ਗੱਲ ਕਰ।" ਮੈਂ ਨਹੀਂ ਸੀ ਚਾਹੁੰਦਾ ਉਹ ਇਸ਼ਕ ਕਹਾਣੀ ਸ਼ੁਰੂ ਕਰ ਦੇਵੇ।

"ਏਹੀ ਤਾਂ ਪੰਗਾ....ਤੂੰ ਮੇਰਾ ਯਾਰ ਨ੍ਹੀਂ ਪਾਪੀਆ, ਯਾਰ ਹੋਵੇ ਤਾਂ ਮੇਰਾ ਦੁੱਖ ਨਾ ਸੁਣੇ...ਤੈਨੂੰ ਤਾਂ ਰਾਜਨੀਤੀ, ਸਰਕਾਰਾਂ, ਦੇਸ਼ ਦੀ ਸਥਿਤੀ, ਮੌਸਮ ਏਹੀ ਗੱਲਾਂ ਚੰਗੀਆਂ ਲੱਗਦੀਆਂ।" ਕਹਿੰਦਾ ਉਹ ਰੋਣ ਲੱਗ ਪਿਆ।

"ਸ਼ਰਮਾ ਕਮਲ ਨਾ ਮਾਰ, ਆਪਣੀ ਉਮਰ ਪਿਆਰ ਦੀਆਂ ਗੱਲਾਂ ਕਰਨ ਦੀ ਨ੍ਹੀਂ।" ਮੈਂ ਤੀਸਰਾ ਪੈੱਗ ਬਣਾਉਂਦਿਆਂ ਕਿਹਾ।



"ਤੇਰੀਆਂ ਗੱਲਾਂ ਬਕਵਾਸ.....ਗੰਦੀ ਜਨਾਨੀ....ਸਾਲੀ....।" ਉਸ ਨੇ ਗੁੱਸੇ ਵਿਚ ਆ ਕੇ ਕਿਹਾ।

ਉਸ ਨੇ ਤੀਸਰਾ ਪੈੱਗ ਚੁੱਕਿਆ ਤੇ ਇਕੋ ਸਾਹ ਪੀ ਕੇ ਫੇਰ ਕਮਲਿਆਂ ਵਾਂਗੂੰ ਬੋਲਣ ਲੱਗ ਪਿਆ, "ਭੈਂ 'ਚੋ ਸਾਲੀ ਪਹਿਲਾਂ ਮੇਰੇ ਵਿਚ ਵੱਜਦੀ ਫਿਰਦੀ ਸੀ, ਅੱਖਾਂ ਨ੍ਹੀਂ ਪੱਟਦੀ ਸੀ ਮੇਰੇ ਚਿਹਰੇ ਤੋਂ...ਹੁਣ ਸਾਲੀ ਉਹਦੀ....ਮੈਂ ਮਰ ਗਿਆ ਬਿਸ਼ਨ ਸਿਆਂ....ਕਾਲਜੇ ਖੋ ਪੈਂਦੀ ਐ...।" ਉਹ ਧਾਹੀਂ ਰੋਣ ਲੱਗ ਪਿਆ। ਆਲੇ-ਦੁਆਲੇ ਮੇਜ਼ਾਂ 'ਤੇ ਬੈਠੇ ਆਦਮੀ ਇਕ ਵਾਰ ਸਾਡੇ ਵੱਲ ਅਚੰਭੇ ਭਰੀਆਂ ਨਜ਼ਰਾਂ ਨਾਲ ਦੇਖਣ ਲੱਗ ਪਏ। ਮੈਨੂੰ ਉਸ ਦੇ ਕਮਲ ਮਾਰਨ 'ਤੇ ਅਕੇਵਾਂ ਹੋ ਰਿਹਾ ਸੀ।

ਮੈਂ ਉਸ ਨੂੰ ਆਖਰੀ ਪੈੱਗ ਫੜਾ ਦਿੱਤਾ। ਉਹ ਇਕੋ ਸਾਹੇ ਪੀ ਕੇ ਸਿਰ 'ਤੇ ਦੋਵੇਂ ਹੱਥ ਰੱਖ ਕੇ ਬੈਠ ਗਿਆ। ਮੈਂ ਬਹਿਰੇ ਨੂੰ ਬਿੱਲ ਲਿਆਉਣ ਨੂੰ ਕਿਹਾ। ਬਿੱਲ ਅਦਾ ਕਰਕੇ ਮੈਂ ਸ਼ਰਮੇ ਦੀ ਬਾਂਹ ਫੜੀ ਤੇ ਉਠਾ ਕੇ ਬਾਹਰ ਲੈ ਆਇਆ। ਉਹ ਮੂੰਹ ਵਿਚ ਬੁੜ-ਬੁੜ ਕਰ ਰਿਹਾ ਸੀ। ਮੈਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ। 'ਕੰਜਰੀ', 'ਸਾਲੀ', 'ਕਾਲਜੇ ਖੋ ਪੈਂਦੀ ਐ' ਏਹੀ ਸ਼ਬਦ ਬੋਲਦਾ ਉਹ ਕੋਈ ਮੰਤਰ ਪੜ੍ਹਨ ਲੱਗ ਪੈਂਦਾ। ਫੇਰ ਮੂੰਹ ਵਿਚੋਂ ਅਜੀਬ ਕਿਸਮ ਦੀਆਂ ਆਵਾਜ਼ਾਂ ਕੱਢਣ ਲੱਗ ਪੈਂਦਾ। ਮੈਂ ਉਸ ਨੂੰ ਉਸ ਦੇ ਘਰ ਤੱਕ ਛੱਡ ਆਇਆ ਤੇ ਅੱਗੇ ਤੋਂ ਕਦੇ ਵੀ ਉਸ ਨਾਲ ਸ਼ਰਾਬ ਨਾ ਪੀਣ ਦਾ ਇਰਾਦਾ ਬਣਾ ਲਿਆ।

ਕਈ ਦਿਨ ਲੰਘ ਗਏ। ਉਹ ਨਾ ਸੈਰ ਵੇਲੇ ਮਿਲਿਆ, ਨਾ ਹੀ ਉਸ ਦਾ ਫੋਨ ਆਇਆ। ਮੈਂ ਵੀ ਉਸ ਨੂੰ ਫੋਨ ਨਾ ਕੀਤਾ। ਇਸ ਤਰ੍ਹਾਂ ਦੋ ਮਹੀਨੇ ਲੰਘ ਗਏ। ਮੇਰਾ ਉਸ ਨੂੰ ਮਿਲਣ ਨੂੰ ਦਿਲ ਕਰਦਾ ਸੀ ਪਰ ਮੈਂ ਉਸ ਦੇ ਕਮਲ ਤੋਂ ਡਰਦਾ ਵੀ ਸਾਂ।

...ਮੈਂ ਮੋਟਰਸਾਈਕਲ ਰੋਕ ਕੇ ਫੋਨ ਸੁਣਦਾ ਹਾਂ। ਨੰਬਰ ਮੇਰੀ ਜਾਣ-ਪਹਿਚਾਣ ਵਾਲਾ ਨਹੀਂ, ਸ਼ਾਇਦ ਕਿਸੇ ਦਾ ਪਸ਼ੂ ਬਿਮਾਰ ਹੋਵੇ ਜਾਂ ਕਿਸੇ ਰਿਸ਼ਤੇਦਾਰ ਦਾ ਹੋਵੇ।

"ਵੈਟਨਰੀ ਡਾਕਟਰ ਬਿਸ਼ਨ ਸਿੰਘ ਨਾਲ ਗੱਲ ਹੋ ਰਹੀ ਐ....।" ਕੋਈ ਰੋਹਬਦਾਬ ਵਾਲੀ ਆਵਾਜ਼ ਵਿਚ ਬੋਲ ਰਿਹਾ ਹੈ।

"ਜੀ ਹਾਂ," ਮੈਂ ਕੇਵਲ ਏਨਾ ਹੀ ਕਹਿ ਸਕਦਾ ਹਾਂ। "ਮੈਂ ਡੀ. ਐਸ. ਪੀ. ਬਰਾੜ ਬੋਲ ਰਿਹਾਂ, ਤੁਸੀਂ ਜਲਦੀ ਤੋਂ ਜਲਦੀ ਮਾਰਕਫੈੱਡ ਦੇ ਦਫਤਰ ਪਹੁੰਚੋ, ਏਥੇ ਇਕ ਪ੍ਰਾਬਲਮ ਹੋ ਗਈ ਹੈ...ਦੇਰੀ ਦਾ ਮਤਲਬ ਹੋਵੇਗਾ ਵੱਡਾ ਨੁਕਸਾਨ ਪਲੀਜ਼ ਸੀਰੀਅਸ....।" ਫੋਨ ਸੁਣ ਕੇ ਮੈਂ ਸੁੰਨ ਹੋ ਗਿਆ। ਡੀ. ਐਸ. ਪੀ. ਦੀ ਆਵਾਜ਼ ਵਿਚ ਕਾਹਲੀ ਸੀ।

ਮੈਂ ਜਲਦੀ ਨਾਲ ਮੋਟਰਸਾਈਕਲ ਵਾਪਿਸ ਮੋੜ ਲਿਆ। ਕਚਹਿਰੀਆਂ ਕੋਲ ਦੀ ਹੁੰਦਾ ਹੋਇਆ ਮੈਂ ਮਾਰਕਫੈੱਡ ਦੇ ਦਫਤਰ ਵੱਲ ਨੂੰ ਮੋਟਰਸਾਈਕਲ ਸਿੱਧਾ ਕਰ ਲਿਆ। ਮੇਰੇ ਕੋਲ ਦੀ ਹੂਟਰ ਵਾਲੀਆਂ ਚਾਰ ਪੰਜ ਪੁਲਿਸ ਦੀਆਂ ਗੱਡੀਆਂ ਲੰਘੀਆਂ।

ਮਾਰਕਫੈੱਡ ਦਾ ਸਾਰਾ ਦਫਤਰ ਪੁਲਿਸ ਛਾਉਣੀ ਵਿਚ ਤਬਦੀਲ ਹੋਇਆ ਪਿਆ ਹੈ। ਮੇਰੇ ਤੋਂ ਅੱਗੇ ਪੁਲਿਸ ਦੀ ਇਕ ਜਿਪਸੀ ਰੁਕਦੀ ਹੈ। ਪੁਲਿਸ ਵਾਲੇ ਬਹੁਤ ਵੱਡਾ ਜਾਲ ਲੈ ਕੇ ਅੰਦਰ ਵੱਲ ਭੱਜ ਪੈਂਦੇ ਹਨ। ਮੈਂ ਇਕ ਪਾਸੇ ਮੋਟਰ ਸਾਈਕਲ ਖੜ੍ਹਾ ਕਰਕੇ ਬਿਲਡਿੰਗ ਦੇ ਮੇਨ ਗੇਟ ਵੱਲ ਜਾਂਦਾ ਹਾਂ ਤਾਂ ਇਕ ਸਹਾਇਕ ਥਾਣੇਦਾਰ ਤੇ ਚਾਰ ਪੰਜ ਸਿਪਾਹੀ ਮੈਨੂੰ ਰੋਕ ਲੈਂਦੇ ਹਨ : "ਤੁਸੀਂ ਅੰਦਰ ਨਹੀਂ ਜਾ ਸਕਦੇ।" ਥਾਣੇਦਾਰ ਪਿੱਛੇ ਮੁੜਨ ਦਾ ਇਸ਼ਾਰਾ ਕਰਦਾ ਹੈ।

"ਮੈਂ ਵੈਟਨਰੀ ਡਾਕਟਰ ਬਿਸ਼ਨ ਸਿੰਘ ਆਂ। ਮੈਨੂੰ ਡੀ. ਐਸ. ਪੀ. ਬਰਾੜ ਸਾਹਿਬ ਨੇ ਜਲਦੀ ਆਉਣ ਲਈ ਕਿਹਾ।" ਮੈਂ ਅੰਦਰ ਜਾਣ ਦਾ ਕਾਰਨ ਦੱਸਦਾ ਹਾਂ।

"ਯੈਸ ਸਰ, ਅਸੀਂ ਤੁਹਾਨੂੰ ਹੀ ਉਡੀਕ ਰਹੇ ਸੀ, ਥੈਂਕਸ, ਸ਼ਾਇਦ ਤੁਸੀਂ ਸਾਡੀ ਸਮੱਸਿਆ

ਹੱਲ ਕਰ ਸਕੋਂ।" ਉਹ ਨਰਮੀ ਨਾਲ ਬੋਲਦਾ ਮੈਨੂੰ ਅੰਦਰ ਵੱਲ ਲੈ ਜਾਂਦਾ ਹੈ।

ਅੰਦਰ ਦਾ ਦ੍ਰਿਸ਼ ਦੇਖ ਕੇ ਮੈਨੂੰ ਸਭ ਕੁਝ ਘੁੰਮਦਾ ਪ੍ਰਤੀਤ ਹੁੰਦਾ ਹੈ। ਦਫਤਰ ਦੇ ਖੁੱਲ੍ਹੇ ਵਿਹੜੇ ਵਿਚ ਪੁਲਿਸ ਦੇ ਸੱਤਰ ਤੋਂ ਅੱਸੀ ਦੇ ਲਗਭਗ ਜਵਾਨ ਖੜ੍ਹੇ ਹਨ ਜਿਨ੍ਹਾਂ ਵਿਚ ਬਲੈਕ ਵਰਦੀ ਵਾਲੇ ਪੰਝੀ-ਤੀਹ ਕਮਾਂਡੋ ਦਸਤੇ ਦੇ ਨੌਜਵਾਨ ਖੜ੍ਹੇ ਹਨ। ਮੀਡੀਏ ਦੇ ਪੰਦਰ੍ਹਾਂ-ਵੀਹ ਲੋਕ ਕੈਮਰੇ ਫਿੱਟ ਕਰੀ ਖੜ੍ਹੇ ਹਨ। ਐਸ. ਡੀ. ਐਮ. ਬਾਠ, ਬੀ. ਡੀ. ਓ. ਗੁਪਤਾ, ਡੀ. ਐਸ. ਪੀ. ਬਰਾੜ ਤੇ ਸ਼ਹਿਰ ਦੇ ਅਨੇਕਾਂ ਪਤਵੰਤੇ ਖੜ੍ਹੇ ਹਨ। ਸ਼ਰਮੇ ਤੇ ਰੰਜਨਾ ਦੇ ਪਰਿਵਾਰਕ ਮੈਂਬਰ ਰੋ ਰਹੇ ਹਨ। ਸਾਰਿਆਂ ਦੇ ਵਿਚਕਾਰ ਇਕ ਨੌਜਵਾਨ ਔਰਤ ਦੀ ਖ਼ੂਨ ਨਾਲ ਲੱਥਪੱਥ ਲਾਸ਼ ਪਈ ਐ। ਉਸ ਦਾ ਪੇਟ ਤੇ ਗਰਦਨ ਚੀਰੇ ਪਏ ਹਨ। ਅੱਖਾਂ ਨੂੰ ਵਿਸ਼ਵਾਸ ਹੀ ਨਹੀਂ ਹੋ ਰਿਹਾ। ਸ਼ਰਮਾ ਹੱਥ ਵਿਚ ਨੰਗਾ ਚਾਕੂ ਫੜੀ ਦਫਤਰ ਦੇ ਨਾਲ ਬਣੀ ਪਾਣੀ ਵਾਲੀ ਟੈਂਕੀ ਦੇ ਉੱਪਰ ਖੜ੍ਹਾ ਹੈ।

"ਆ ਗਿਆ ਬਿਸ਼ਨ ਸਿਆਂ....ਬਾਈ ਸਿਆਂ।" ਉਹ ਕਮਲਿਆਂ ਵਾਂਗੂ ਬੋਲਦਾ ਹੈ।

ਡੀ. ਐਸ. ਪੀ. ਤੇ ਐਮ. ਡੀ. ਐਮ. ਮੇਰੇ ਨਾਲ ਹੱਥ ਮਿਲਾਉਂਦੇ ਹਨ ਅਤੇ ਮੈਨੂੰ ਇਸ਼ਾਰੇ ਨਾਲ ਪਾਸੇ ਲੈ ਜਾਂਦੇ ਹਨ।

"ਇਨ੍ਹਾਂ ਦੀਆਂ ਗੱਲਾਂ 'ਚ ਨਾ ਆਈਂ ਬਾਈ ਸਿਆਂ...ਮੈਂ ਤੈਨੂੰ ਮਿਲੇ ਬਿਨਾਂ ਮਰਨਾ ਨਹੀਂ ਸੀ ਚਾਹੁੰਦਾ...ਮੇਰਾ ਅੰਤ ਆ ਗਿਆ...ਸੋਹਣੀ ਮੌਤ ਮਰਨ ਲੱਗਾਂ.....।" ਉਹ ਫੇਰ ਕਮਲਿਆਂ ਵਾਂਗੂ ਬੋਲਿਆ।

ਮੈਂ ਉਸ ਵੱਲ ਦੇਖੇ ਬਗੈਰ ਦੋਵੇਂ ਅਫ਼ਸਰਾਂ ਨਾਲ ਤੁਰ ਪੈਂਦਾ ਹਾਂ।

"ਦੇਖੋ ਡਾਕਟਰ ਸਾਹਿਬ ਸਥਿਤੀ ਤੋਂ ਤੁਸੀਂ ਜਾਣੂ ਹੋ ਹੀ ਗਏ ਹੋ। ਇਸਨੇ ਰੰਜਨਾ ਦਾ ਮਰਡਰ ਕਰ ਦਿੱਤਾ। ਹੁਣ ਖੁਦਕੁਸ਼ੀ ਕਰਨ ਦੀਆਂ ਧਮਕੀਆਂ ਦੇ ਰਿਹਾ। ਇਸ ਦੇ ਬੀਵੀ ਬੱਚੇ ਵੀ ਬੁਲਾਏ ਐ, ਇਹ ਉਨ੍ਹਾਂ ਦੀ ਵੀ ਨਹੀਂ ਮੰਨ ਰਿਹਾ, ਮੀਡੀਏ ਨੇ ਹੋਰ ਪੰਗਾ ਪਾ ਦਿੱਤਾ, ਸਾਰੇ ਨਿਊਜ਼ ਚੈਨਲਾਂ 'ਤੇ ਲਾਈਵ ਦਿਖਾ ਰਹੇ ਹਨ....ਪ੍ਰਸ਼ਾਸਨ ਨੂੰ ਜੱਬ ਖੜ੍ਹਾ ਕਰ ਦਿੱਤਾ, ਇਹ ਤੁਹਾਨੂੰ ਮਿਲਣ ਦਾ ਕਹਿ ਰਿਹਾ। ਤੁਸੀਂ ਇਕ ਵਾਰ ਉੱਪਰ ਜਾ ਕੇ ਇਸ ਦੇ ਹੱਥੋਂ ਚਾਕੂ ਫੜ ਲਓ...ਬਾਕੀ ਸਭ ਕਮਾਂਡੋ ਸੰਭਾਲ ਲੈਣਗੇ.....ਜੇ ਇਹ ਮਰ ਗਿਆ....।" ਐਸ. ਡੀ. ਐਮ. ਲਗਾਤਾਰ ਬੋਲੀ ਜਾ ਰਿਹਾ ਸੀ।

"ਸਰ ਮੈਂ ਕੋਸ਼ਿਸ਼ ਕਰਦਾਂ....ਪਰ ਪਲੀਜ਼ ਇਹ ਜੋ ਵੀ ਹੋਇਆ ਬੜਾ ਮਾੜਾ ਹੋਇਆ....।" ਕਹਿੰਦਾ ਮੈਂ ਟੈਂਕੀ ਵੱਲ ਤੁਰ ਪੈਂਦਾ ਹਾਂ।

ਟੈਂਕੀ ਦੇ ਨੇੜੇ ਜਾ ਕੇ ਮੈਂ ਥੱਲਿਓਂ ਪੂਰੀ ਉੱਚੀ ਆਵਾਜ਼ ਵਿਚ ਬੋਲਦਾ ਹਾਂ, "ਸ਼ਰਮਾ ਜੇ ਸੱਚਾ ਯਾਰ ਐਂ ਤਾਂ ਚੁੱਪ-ਚਾਪ ਥੱਲੇ ਆ ਜਾ, ਆਪਣੇ ਬੱਚਿਆਂ ਦਾ ਸੋਚ...ਤੈਨੂੰ ਕੁਝ ਨ੍ਹੀਂ ਹੋਵੇਗਾ....ਜੋ ਹੋ ਗਿਆ ਸੋ ਹੋ ਗਿਆ, ਆਪਣੇ-ਆਪ ਨੂੰ ਕਾਨੂੰਨ ਦੇ ਹਵਾਲੇ ਕਰ ਦੇ...ਤੇਰੀ ਜਾਨ ਬਚ ਜਾਵੇਗੀ....ਮੇਰੇ ਯਾਰ।" ਮੈਂ ਉਸ ਨੂੰ ਭਾਵੁਕ ਕਰਨ ਦੀ ਕੋਸ਼ਿਸ਼ ਕਰਦਾ ਹਾਂ।

"ਕਿਹੜੀਆਂ ਯਾਰੀਆਂ ਦੀ ਗੱਲ ਕਰਦਾਂ ਬਿਸ਼ਨ ਸਿਆਂ...ਸਭ ਝੂਠੀਆਂ ਯਾਰੀਆਂ....ਇਹ ਕੰਜਰੀ ਮੈਨੂੰ ਦਿਲੋਂ ਨਾ ਕੱਢਦੀ...ਬਸ ਮੇਰੀ ਆਖਰੀ ਗੱਲ ਸੁਣ ਲੈ, ਮੇਰੇ ਬੱਚਿਆਂ ਦਾ ਖ਼ਿਆਲ ਰੱਖੀਂ....।" ਉਸ ਦੀ ਆਵਾਜ਼ ਭਾਰੀ ਹੋ ਗਈ ਸੀ।

"ਰੱਬ ਦੇ ਵਾਸਤੇ ਸ਼ਰਮਾ....ਤੂੰ ਮੇਰਾ ਯਾਰ ਐਂ...ਮੇਰੀ ਮੰਨ।"

"ਬਿਸ਼ਨ ਸਿਆਂ.....ਮੇਰੀ ਘਰਵਾਲੀ ਦੇ ਨਾਂ....ਚਾਰ ਪਲਾਟ ਪਏ ਐ...ਬੱਚਿਆਂ ਦੀ ਪੜ੍ਹਾਈ ਤੇ ਵਿਆਹ ਹੋ ਜਾਣਗੇ....ਤੂੰ ਮੇਰੇ ਫਰਜ਼ ਨਿਭਾ ਦੇਵੀਂ.....ਬਸ ਹੋਰ ਨਾ ਬੋਲ।" ਉਹ ਅੱਖਾਂ ਭਰ ਆਇਆ ਸੀ। ਉਸ ਦੀ ਆਵਾਜ਼ ਭਾਰੀ ਹੋ ਗਈ ਸੀ। ਮੈਨੂੰ ਡੀ. ਐਸ. ਪੀ. ਨੇ



ਇਸ਼ਾਰਾ ਕੀਤਾ ਕਿ ਮੈਂ ਉਸ ਨੂੰ ਗੱਲੀਂ ਲਾਈ ਰੱਖਾਂ ਤਾਂ ਕਿ ਕਮਾਂਡੋ ਪਿੱਛੋਂ ਜਾ ਕੇ ਉਸ ਨੂੰ ਕਾਬੂ ਕਰ ਸਕਣ।

"ਮੈਨੂੰ ਇਕ ਵਾਰ ਛਾਤੀ ਨਾਲ ਤਾਂ ਲਾ ਲੈ ਕੰਜਰਾ...।" ਮੈਂ ਆਪਣਾ ਆਖਰੀ ਤੀਰ ਛੱਡਦਾ ਹਾਂ।

"ਬਿਸ਼ਨ ਸਿਆਂ.....ਮੈਨੂੰ ਸਭ ਪਤਾ।" ਉਹ ਫੇਰ ਗੁੱਸੇ ਵਿਚ ਆ ਗਿਆ। ਖ਼ੂਨ ਨਾਲ ਲੱਥ-ਪੱਥ ਚਾਕੂ ਉਸ ਨੇ ਹਵਾ ਵਿਚ ਲਹਿਰਾਇਆ।

"ਇੰਜ ਨਾ ਕਰ ਮੇਰੇ ਯਾਰ ਜ਼ਿੰਦਗੀ ਬੜੀ ਖ਼ੂਬਸੂਰਤ ਐ।" ਮੈਂ ਆਪਣਾ ਬੋਲਣਾ ਜਾਰੀ ਰੱਖਦਾ ਹਾਂ।

"ਇਹ ਕੰਜਰੀ ਵੀ ਇਕ ਦਿਨ ਆਖਦੀ ਸੀ, ਜ਼ਿੰਦਗੀ ਖ਼ੂਬਸੂਰਤ ਐ....ਪਰ ਸਾਲੀ ਹੌਲੀ-ਹੌਲੀ ਮੈਨੂੰ ਛੱਡ ਗਈ.....ਮੇਰੇ ਬਗੈਰ ਇਹਦੇ 'ਤੇ ਕੋਈ ਹੋਰ ਬੰਦਾ ਕਿਵੇਂ ਕਬਜ਼ਾ ਕਰ ਲਵੇ.....।" ਉਹ ਫੇਰ ਚਾਕੂ ਹਵਾ ਵਿਚ ਲਹਿਰਾਉਂਦਾ ਹੈ। ਕਮਾਂਡੋ ਉਸ ਤੋਂ ਤਕਰੀਬਨ ਵੀਹ ਫੁੱਟ ਦੂਰ ਹਨ।

"ਸਾ.....ਸ...ਸੀ....ਉਂ.....ਹਾ.....ਏ.....ਊਂ....।" ਉਹ ਦੋਵੇਂ ਹੱਥਾਂ ਨਾਲ ਜ਼ੋਰ ਦੀ ਚਾਕੂ ਆਪਣੇ ਪੇਟ ਵਿਚ ਮਾਰ ਲੈਂਦਾ ਹੈ ਤੇ ਥੱਲੇ ਛਾਲ ਮਾਰ ਦਿੰਦਾ ਹੈ। ਕੁਝ ਸੈਕਿੰਡਾਂ ਵਿਚ ਉਹ ਧਰਤੀ 'ਤੇ ਆ ਡਿੱਗਦਾ ਹੈ, ਖ਼ੂਨ ਦੀਆਂ ਧਾਰਾਂ ਵਹਿ ਤੁਰਦੀਆਂ ਹਨ। ਸਾਰੇ ਉਸ ਵੱਲ ਦੌੜ ਕੇ ਜਾਂਦੇ ਹਨ, ਉਹ ਇਕ ਵਾਰ ਤੜਫਦਾ ਹੈ ਤੇ ਫੇਰ ਉਸ ਦੀ ਗਰਦਨ ਦੂਸਰੇ ਪਾਸੇ ਟੇਢੀ ਹੋ ਜਾਂਦੀ ਹੈ। ਮੀਡੀਏ ਦੇ ਲੋਕ ਕਵਰੇਜ ਕਰ ਰਹੇ ਹਨ। ਰੰਜਨਾ ਤੇ ਸ਼ਰਮੇ ਦੇ ਖ਼ੂਨ ਨਾਲ ਧਰਤੀ ਲਾਲ ਹੋ ਚੁੱਕੀ ਹੈ। ਡਾਕਟਰ ਚੈੱਕ ਕਰਦਾ ਹੈ। ਉਹ ਮਰ ਚੁੱਕਾ ਹੈ।

ਰੰਜਨਾ ਤੇ ਸ਼ਰਮੇ ਦੇ ਪਰਿਵਾਰਕ ਮੈਂਬਰ ਲਾਸ਼ਾਂ ਕੋਲ ਬੈਠੇ ਵਿਰਲਾਪ ਕਰ ਰਹੇ ਹਨ। ਮੈਨੂੰ ਸਾਰੇ ਪਾਸੇ ਖ਼ੂਨ ਹੀ ਖ਼ੂਨ ਦਿਖਾਈ ਦਿੰਦਾ ਹੈ।

ਮੈਂ ਉੱਚੀ-ਉੱਚੀ ਰੋਣਾ ਚਾਹੁੰਦਾ ਹਾਂ ਪਰ ਰੋਣ ਨਹੀਂ ਆ ਰਿਹਾ, ਸ਼ਾਇਦ ਮੇਰਾ ਦਿਲ ਪੱਥਰ ਹੋ ਗਿਆ ਹੈ।

ਮੋਬਾਇਲ ਨੰ: 98153-54143

## ਪਗਲੀ/ਗੁਰਪ੍ਰੀਤ ਕੌਰ

ਫਰਵਰੀ ਦੇ ਮੱਧ ਦੇ ਦਿਨ ਹਨ। ਉਹ ਵਿਹੜੇ ਵਿਚ ਬੈਠੀ ਫੁਲਕਾਰੀ ਕੱਢ ਰਹੀ ਹੈ। ਪਰ ਸੋਚ ਅਸਮਾਨ ਵਿੱਚ ਉੱਡਦੇ ਚਿੱਟੇ ਕਬੂਤਰਾਂ ਵਾਂਗ ਕਲਾਬਾਜ਼ੀਆਂ ਲਾ ਰਹੀ ਹੈ।

ਕਿੰਨੀ ਛੇਤੀ ਮੌਸਮ ਬਦਲ ਗਿਆ ਏ। ਦਿਨ ਵੀ ਨਿੱਘੇ ਨੇ ਤੇ ਰਾਤਾਂ ਵੀ...ਮੇਰਾ ਇਸ ਨਿੱਘੀ ਧੁੱਪ ਵਿਚ ਸੌਣ ਨੂੰ ਜੀਅ ਕਰਦਾ ਏ। ਕੋਈ ਮਿੱਠਾ ਸੁਪਨਾ ਤੱਕਣ ਨੂੰ....। ਪਰ ਜੇ ਬੇਬੇ ਆ ਗਈ ਤਾਂ ਉਹ ਕੀ ਆਖੇਗੀ? ਮੈਂ ਵੀ ਤਾਂ ਪਹਿਲਾਂ ਨਾਲੋਂ ਕਿੰਨੀ ਬਦਲ ਗਈ ਆਂ....। ਮੇਰੇ ਹੱਥ ਪੈਰ ਕਿੰਨੇ ਸੋਹਣੇ ਹੋ ਗਏ ਨੇ ਕੂਲੇ-ਕੂਲੇ। ਭਲਾ ਮੈਂ ਆਪਣਾ ਮੂੰਹ ਤੱਕਾਂ ਸ਼ੀਸ਼ੇ ਵਿੱਚ? ਨਹੀਂ। ਜਦੋਂ ਮੈਂ ਆਪਣਾ ਮੂੰਹ ਸ਼ੀਸ਼ੇ ਵਿਚ ਤੱਕਦੀ ਹਾਂ ਤਾਂ ਮੈਨੂੰ ਕੁਝ ਹੋਣ ਲੱਗ ਪੈਂਦਾ ਏ।

ਆਹ! ਗੁਆਂਢੀਆਂ ਦਾ ਮੁੰਡਾ ਡੰਗਰਾਂ ਨੂੰ ਕਿੰਨੀ ਉੱਚੀ ਬੋਲਦਾ ਏ। ਉਨ੍ਹਾਂ ਦੇ ਘਰ ਦੇ ਸਾਡੇ ਨਾਲ ਲੜੇ ਹੋਏ ਨੇ। ਜਦੋਂ ਇਹ ਡੰਗਰਾਂ ਨੂੰ ਉੱਚੀ ਬੋਲਦਾ ਬਹੁਤ ਚੰਗਾ ਲੱਗਦੇ ਏ। ਇਹ ਸਾਰਾ ਦਿਨ ਇਸ ਤਰ੍ਹਾਂ ਹੀ ਕੁਝ ਨਾ ਕੁਝ ਬੋਲਦਾ ਰਿਹਾ ਕਰੇ ਤੇ ਮੈਂ ਸੁਣਦੀ ਰਿਹਾ ਕਰਾਂ। ਛੋਟੀ ਹੁੰਦੀ ਇਸ

ਨਾਲ ਮੈਂ ਲੜ ਪਿਆ ਕਰਦੀ ਸੀ। ਇਹ ਮੇਰੀਆਂ ਖੇਡਾਂ ਚੁੱਕ ਲੈਂਦਾ ਸੀ। ਮੈਂ ਇਸ ਨਾਲ ਫਿਰ ਬੋਲਿਆ ਨਹੀਂ ਸੀ ਕਰਦੀ। ਪਰ ਅਸੀਂ ਤਾਂ ਇਨ੍ਹਾਂ ਨਾਲ ਲੜੇ ਹੋਏ ਹਾਂ.....।

ਅੱਜ ਉਸ ਨੂੰ ਨੀਂਦ ਨਹੀਂ ਆ ਰਹੀ। ਪੇਸ਼ਾਬ ਕਰਨ ਦੇ ਬਹਾਨੇ ਉਹ ਕੋਠੇ 'ਤੇ ਜਾਂਦੀ ਹੈ ਤੇ ਚੰਨ ਤਾਰਿਆਂ ਵੱਲ ਨੂੰ ਖੜ੍ਹੀ ਲਗਾਤਾਰ ਤੱਕੀ ਜਾਂਦੀ ਹੈ। ਕੋਈ ਉਸ ਨੂੰ ਇਸ ਤਰ੍ਹਾਂ ਖੜ੍ਹੀ ਵੇਖ ਕੇ ਪਗਲੀ ਨਾ ਕਹੇ, ਇਸ ਖ਼ਿਆਲ ਨਾਲ ਹੇਠਾਂ ਆ ਕੇ ਉਹ ਸੌਣ ਦਾ ਯਤਨ ਕਰਦੀ ਹੈ। ਪੈਣ ਲੱਗੀ ਉਹ ਸਿਰ ਦੇ ਵਾਲ ਖੋਲ੍ਹ ਲੈਂਦੀ ਹੈ ਤੇ 'ਕੱਲਾ-'ਕੱਲਾ ਕਰਕੇ ਮੰਜੇ 'ਤੇ ਵਿਛਾ ਦਿੰਦੀ ਹੈ।

"ਕਿੱਡੇ-ਕਿੱਡੇ ਵਾਲ ਨੇ ਮੇਰੇ ? ਕਈ ਵਾਰੀ ਮੈਨੂੰ ਇਹਨਾਂ ਤੋਂ ਡਰ ਆਉਣ ਲੱਗ ਪੈਂਦਾ ਏ। ਮੈਂ ਇਹਨਾਂ ਨੂੰ ਕੀ ਕਰਾਂ ?" ਫਿਰ ਨੀਂਦ ਦੀ ਖੁਮਾਰੀ ਵਿੱਚ ਉਸ ਨੂੰ ਕੁਝ ਵੀ ਪਤਾ ਨਹੀਂ ਰਹਿੰਦਾ।

ਅੱਜ ਉਹ ਚੁੱਲ੍ਹੇ ਅੱਗੇ ਬੈਠੀ ਰਾਤ ਵਾਲਾ ਸੁਪਨਾ ਯਾਦ ਕਰ ਰਹੀ ਹੈ...ਜਾਣੀ ਸਾਰੀ ਰਾਤ ਉਸ ਦਾ ਮੰਜਾ ਅਸਮਾਨ ਵਿੱਚ ਉੱਡਦਾ ਰਿਹਾ। ਜਾਣੀ ਕਿਸੇ ਸੋਹਣੇ ਲਾਲ ਪੱਗ ਵਾਲੇ ਮੁੰਡੇ ਨੇ ਉਸ ਦੇ ਗਲ਼ ਬਾਹਾਂ ਪਾ ਦਿੱਤੀਆਂ।....ਨੀ, ਮੈਂ ਮਰਜਾਂ....। ਇਹ ਮੈਂ ਕੀ ਸੋਚ ਰਹੀ ਹਾਂ ? ਇਹ ਗੱਲ ਨਹੀਂ ਸੋਚਣੀ ਦੁਬਾਰਾ। ਮੈਨੂੰ ਹੁਣ ਸੁਪਨੇ ਵੀ ਕਿਹੋ ਜਿਹੇ ਆਉਂਦੇ ਨੇ। ਕਈ-ਕਈ ਦਿਨ ਇਕੋ ਸੁਪਨਾ ਨਹੀਂ ਭੁੱਲਦਾ। ਜਦੋਂ ਮੈਂ ਛੋਟੀ ਹੁੰਦੀ ਸੀ ਤਾਂ ਰਾਤੋ-ਰਾਤ ਮੈਨੂੰ ਕਈ ਤਰ੍ਹਾਂ ਦੇ ਸੁਪਨੇ ਆ ਜਾਇਆ ਕਰਦੇ ਸਨ। ਕਾਂ ਤੇ ਕਦੇ ਇੱਲ ਬਣ ਜਾਣਾ, ਕਦੇ ਕੁਝ ਹੋਰ....। ਦਿਨੇ ਉਨ੍ਹਾਂ ਵਿਚੋਂ ਕੁਝ ਯਾਦ ਨਹੀਂ ਸੀ ਰਹਿੰਦਾ। ਪਰ ਹੁਣ ਤਾਂ ਗੱਲ ਹੀ ਕੁਝ ਹੋਰ ਏ।"

ਦਿਨ ਦਾ ਤੀਜਾ ਪਹਿਰ ਹੈ। ਉਹ ਵਿਹੜੇ ਵਿੱਚ ਲੱਗੇ ਤੂਤ ਦੀ ਛਾਵੇਂ ਬੈਠੀ ਭਾਂਡੇ ਮਾਂਜ ਰਹੀ ਹੈ। ਨਵ-ਪੁੰਗਰੇ ਜਜ਼ਬੇ ਉਸ ਨੂੰ ਕਿਤੇ ਤੋਂ ਕਿਤੇ ਲੈ ਗਏ ਹਨ...."ਉਸ ਮੁੰਡੇ ਨੂੰ ਮੈਂ ਪਿਆਰ ਕਰਦੀ ਹਾਂ। ਉਹ ਮੈਨੂੰ ਬਹੁਤ ਸੋਹਣਾ ਲੱਗਦਾ ਏ। ਜਾਣੀ ਉਹ ਮੈਨੂੰ ਵਿਆਹੁਣ ਆਇਆ ਏ। ਮੈਂ ਲਾਲ ਕੱਪੜੇ ਪਾਈ ਸਹੇਲੀਆਂ 'ਚ ਬੈਠੀ ਹਾਂ। ਉਸ ਨੇ ਮੇਰੇ ਰੂਪ ਨੂੰ ਤੱਕ ਕੇ ਨਸ਼ਿਆ ਜਾਣਾ ਏ। ਮੈਂ ਉਸ ਨੂੰ ਤੱਕ ਕੇ ਇਸ ਤਰ੍ਹਾਂ ਅੱਖਾਂ ਮੀਟ ਲੈਣੀਆਂ ਹਨ। (ਉਹ ਅੱਖਾਂ ਮੀਟਦੀ ਹੈ) ਪਰ ਮੈਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ। ਭਲਾ ਮੈਂ ਕਿਸ ਨੂੰ ਪਿਆਰ ਕਰਦੀ ਹਾਂ ? ਕਿਸੇ ਨੂੰ ਵੀ ਨਹੀਂ। ਕੌਣ ਵਿਆਹੁਣ ਆਇਆ ਏ ਮੈਨੂੰ ? ਕੋਈ ਵੀ ਨਹੀਂ ਫਿਰ ਇਹ ਪਗਲਾ ਮਨ..... ?"

ਸੁਪਨਿਆਂ 'ਚ ਦਿਖਣ ਵਾਲੇ ਮੁੰਡੇ ਨੂੰ ਵੀ ਪਿਆਰ ਕਰੀਦਾ ਏ ਕਿਤੇ ? ਨਾਲੇ ਸੁਪਨੇ ਕਿਹੜੇ ਸੱਚੇ ਹੁੰਦੇ ਨੇ ?

ਆਹ ! ਮੁਰਗੀ ਨੂੰ ਦਾਣਾ ਖੁਆਉਣ ਲਈ ਮੁਰਗਾ ਕਿਵੇਂ ਕੁੜ-ਕੁੜ ਕਰਕੇ ਸੱਦ ਰਿਹਾ ਹੈ। ਕਿੰਨਾ ਪਿਆਰ ਹੈ ਇਸ ਨੂੰ ਮੁਰਗੀ ਨਾਲ। ਮੇਰਾ ਖੜ੍ਹੀ ਹੋ ਕੇ ਅੰਗੜਾਈ ਲੈਣ ਨੂੰ ਜੀਅ ਕਰਦਾ ਏ। ਬਾਹਰ ਕੁਦਰਤ ਕਿੰਨੀ ਚੰਗੀ ਏ। ਔਹ ! ਪਿੱਪਲ ਤੇ ਫੁੱਟ ਰਹੀਆਂ ਕੂਲੀਆਂ-ਕੂਲੀਆਂ ਕਰੂੰਬਲਾਂ...ਮੇਰੇ ਬੁੱਲ੍ਹਾਂ ਵਰਗੀਆਂ ! ਉਨ੍ਹਾਂ ਖੇਤਿਆਂ ਤੋਂ ਆਈ ਭਿੰਨੀ-ਭਿੰਨੀ ਖੁਸ਼ਬੋ.....ਮੇਰੇ ਜਿਸਮ ਵਰਗੀ। ਇਹ ਚੀਂ-ਚੀਂ ਕਰਦੇ ਪੰਛੀ.....ਮੇਰੇ ਖ਼ਿਆਲਾਂ ਵਰਗੇ ਇਹ ਹਵਾ 'ਚ ਉੱਡ ਕੇ ਇੱਕ ਦਰਖਤ ਤੋਂ ਦੂਸਰੇ ਦਰਖਤ ਅਤੇ ਕੋਠੇ ਤੱਕ ਕਿਵੇਂ ਖੁਸ਼ੀ-ਖੁਸ਼ੀ ਜਾ ਰਹੇ ਨੇ ? ਕਿੰਨੀ ਖੁੱਲ੍ਹ ਏ ਇਹਨਾਂ ਨੂੰ। ਹਰ ਪ੍ਰਕਾਰ ਦੀ ਖੁੱਲ੍ਹ। ਮੇਰਾ ਵੀ ਉੱਡ ਜਾਣ ਨੂੰ ਜੀਅ ਕਰਦਾ ਏ।

ਕਦੇ-ਕਦੇ ਉਸ ਨੂੰ ਉਸ ਦੇ ਮਾਂ-ਬਾਪ ਬੇਲੋੜਾ ਜਿਹਾ ਸੋਚਦੇ ਲੱਗਦੇ ਹਨ। ਉਸਨੂੰ ਲੱਗਦਾ ਕਿ ਜਿਹੜਾ ਕੁਝ ਉਹ ਦਿਨ-ਰਾਤ ਸੋਚਦੀ ਰਹਿੰਦੀ ਹੈ, ਉਸ ਦਾ ਉਸ ਦੀ ਬੇਬੇ ਨੂੰ ਵੀ ਪਤਾ ਲੱਗ ਗਿਆ ਹੈ। ਉਸ ਨੂੰ ਲੱਗਦਾ ਹੈ ਕਿ ਉਸ ਦੀਆਂ ਇਹ ਗੱਲਾਂ ਬੇਬੇ ਬਾਪ ਨੂੰ ਵੀ ਦੱਸ ਦੇਂਦੀ ਹੈ। ਫਿਰ ਉਸ ਨੂੰ ਆਪਣੀ ਸੋਚ ਉੱਤੇ ਗੁੱਸਾ ਆਉਣ ਲੱਗ ਪੈਂਦਾ। ਉਹ ਝੱਟ ਕੋਈ ਦੂਸਰਾ ਕੰਮ ਲੈ ਲੈਂਦੀ। ਉਸ ਨੂੰ ਡਰ ਲੱਗਦਾ ਹੈ ਕਿ ਕਿਤੇ ਉਹ ਇਸ ਤਰ੍ਹਾਂ ਸੋਚਦੀ ਪਗਲੀ ਹੀ ਨਾ ਹੋ ਜਾਵੇ। ਫਿਰ ਉਸ



ਨਾਲ ਵਿਆਹ ਕੌਣ ਕਰਵਾਏਗਾ ?

ਉਹ ਰਸੋਈ ਵਿਚ ਬੈਠੀ ਭਾਂਡੇ ਮਾਂਜ ਰਹੀ ਹੈ। ਉਸ ਦੀ ਬੇਬੇ ਤੇ ਬਾਪੂ ਮੰਜਿਆਂ 'ਤੇ ਬੈਠੇ ਕੁਝ ਬੁੜ-ਬੁੜਾ ਰਹੇ ਹਨ। ਇਸ ਤੋਂ ਪਹਿਲਾਂ ਕਦੇ ਉਸ ਨੇ ਉਨ੍ਹਾਂ ਦੀਆਂ ਗੱਲਾਂ ਵੱਲ ਧਿਆਨ ਨਹੀਂ ਸੀ ਦਿੱਤਾ। ਪਰ ਅੱਜ ਉਸ ਨੂੰ ਖ਼ਿਆਲ ਆਉਂਦਾ ਹੈ ਕਿ ਕਿਤੇ ਉਹ ਮੇਰੀਆਂ ਗੱਲਾਂ ਹੀ ਤਾਂ ਨਹੀਂ ਕਰ ਰਹੇ ? ਉਹ ਆਪਣੇ ਕੰਨ ਅੰਦਰ ਕੁਝ ਸੁਣਨ ਲਈ ਲਾ ਲੈਂਦੀ ਹੈ।

"ਮੀਤੋ ਦਾ ਮੈਨੂੰ ਤਾਂ ਭੋਰਾ ਨ੍ਹੀਂ ਫਿਕਰ ?"

"ਅਜੇ ਕਿਤੇ ਬਹੁਤੀ ਵੱਡੀ ਆ....। ਜਦ ਫਿਕਰ ਕਰਨ ਦਾ ਸਮਾਂ ਆਊ ਕਰ ਲਵਾਂਗੇ।"

"ਹੁਣ ਪਹਿਲਾਂ ਵਾਲੇ ਸਮੇਂ ਨਹੀਂ ਰਹੇ। ਅੱਜ ਕੱਲ੍ਹ ਤਾਂ.....।"

"ਬਸ ਵੀ ਕਰ ਕਿਉਂ ਸ਼ੁਦੈਣ ਹੋਈ ਐਂ ? ਸੁਬ੍ਹਾ ਸ਼ਾਮ ਤੇਰੇ ਇਹੀ ਰੋਣੇ ਧੋਣੇ ਰਹੇ। ਨਾਲੇ ਵਿਆਹ ਕਰਨੇ ਨੂੰ ਵੀ ਕਿਹੜਾ ਤੇਰੇ ਬਾਪ ਦਾ ਖਜ਼ਾਨਾ ਪਿਐ.....ਦਾਜ ਵਾਸਤੇ ਕੀਹਦਾ ਘਰ ਪਾੜ੍ਹ ਕੇ ਲਿਆ ਦੇਵਾਂ ਤੈਨੂੰ ?"

"ਹਾਇ ਰੱਬਾ ! ਕਿਸੇ ਦਿਨ ਵੀ ਮੇਰੀ ਜ਼ਿੰਦਗੀ ਵਿਚ ਸੁੱਖ ਚੈਨ ਆਇਆ ਹੁੰਦਾ। ਇਹ ਦੇ ਨਾਲੋਂ ਜੰਮਦੀ ਹੀ ਨਾ। ਕਿਹੜਾ ਕੰਮ ਅੜਿਆ ਸੀ ? ਘਰ ਦੀ ਹਾਲਤ ਵੇਖ ਕੇ ਮੈਨੂੰ ਤਾਂ ਲੱਗਦੈ ਕਿ ਇਕ ਦਿਨ ਗਲੀ-ਗੁਆਂਢ ਨੂੰ ਵੀ ਮੂੰਹ ਵਿਖਾਉਣਾ ਔਖਾ ਹੋ ਜਾਣਾ ਏ। ਬਿਨਾਂ ਦਾਜ ਦੇ ਮੇਰੀ ਕੁੜੀ ਨਾਲ ਕੌਣ ਵਿਆਹ ਕਰਵਾਏਗਾ ? ਭਾਵੇਂ ਲੱਖ ਸੋਹਣੀ ਹੋਵੇ.....।"

"ਤੂੰ ਮੇਰੀ ਨੀਂਦ ਕਿਉਂ ਖਰਾਬ ਕਰਨ ਲੱਗੀ ਹੋਈ ਏਂ। ਤੇਰੇ ਭਾਅ ਦਾ ਮੈਨੂੰ ਖ਼ਿਆਲ ਹੀ ਨਹੀਂ ਇਹਦਾ ? ਕੋਈ ਚੰਗੀ ਜ਼ਮੀਨ ਵਾਲਾ ਘਰ ਵੇਖਾਂਗੇ, ਜਿੱਥੇ ਇਹਨੂੰ ਸਾਡੇ ਵਾਂਗ ਤੱਤੇ ਸਾਹ ਨਾ ਲੈਣੇ ਪੈਣ।"

ਬਾਕੀ ਗੱਲਾਂ ਸੁਣਨ ਦੀ ਮੀਤੋ ਵਿੱਚ ਸਮਰੱਥਾ ਨਹੀਂ ਰਹਿੰਦੀ। ਉਸ ਦੀ ਹਾਲਤ ਦਾ ਸ਼ਾਇਦ ਕੋਈ ਰੱਬ ਵੀ ਅਨੁਮਾਨ ਨਹੀਂ ਲਾ ਸਕਦਾ।

...ਤਾਂ ਕੀ ਹੁਣ ਤੱਕ ਜੋ ਮੇਰੀ ਬੇਬੇ ਤੇ ਬਾਪੂ ਸ਼ਾਮ ਨੂੰ ਗੱਲਾਂ ਕਰਿਆ ਕਰਦੇ ਸਨ, ਉਹ ਇਹ ਹੀ ਹੁੰਦੀਆਂ ਸਨ ? ਮੈਂ ਕਿਉਂ ਇਨ੍ਹਾਂ ਨੂੰ ਹੱਸ-ਹੱਸ ਕੇ ਮਿਲਦੀ ਰਹੀ ? ਮੈਂ ਹੁਣ ਤੱਕ ਸੱਚਮੁੱਚ ਹੀ ਕਿਉਂ ਨਾ ਮਰ ਗਈ ? ਮੇਰੀ ਬੇਬੇ ਵੀ ਤਾਂ ਕਹਿੰਦੀ ਹੁੰਦੀ ਹੈ ਕਿ ਇੱਕ ਵਾਰ ਮੈਨੂੰ ਨਿੱਕੀ ਹੁੰਦੀ ਨੂੰ ਲੋਹੜੇ ਦਾ ਬੁਖ਼ਾਰ ਚੜ੍ਹ ਗਿਆ ਸੀ ਤੇ ਮੈਂ ਕਈ ਦਿਨ ਅੱਖ ਨਹੀਂ ਸੀ ਪੁੱਟੀ। ਮੈਂ ਉਦੋਂ ਫਿਰ ਕਿਉਂ ਨਾ ਮਰ ਗਈ ? ਕੀ ਅੜਿਆ ਸੀ ਮੇਰੇ ਖੁਣੋ ? ਮੇਰੇ ਵਿਚ ਕਿਸ ਚੀਜ਼ ਦੀ ਘਾਟ ਹੈ ?....ਜੇ ਕਿਸੇ ਸੋਹਣੇ ਮੁੰਡੇ ਦੇ ਮਨ ਮਿਹਰ ਪੈ ਜਾਏ, ਉਸ ਨੂੰ ਮੇਰੇ ਮਨ ਦੀ ਹਾਲਤ ਦਾ ਪਤਾ ਲੱਗ ਜਾਏ, ਉਹ ਮੇਰੇ ਬਾਪੂ ਨੂੰ ਕਹਿ ਦੇਵੇ.....ਮੈਂ ਬਿਨਾਂ ਦਾਜ ਤੁਹਾਡੀ ਕੁੜੀ ਨਾਲ ਵਿਆਹ ਕਰਨ ਨੂੰ ਤਿਆਰ ਹਾਂ। ਤਾਂ....ਤਾਂ....ਨਹੀਂ ਪਰ ਇਸ ਤਰ੍ਹਾਂ ਨਹੀਂ ਹੋ ਸਕੇਗਾ।"

ਸਾਰੀ ਰਾਤ ਉਹ ਰਜਾਈ 'ਚ ਮੂੰਹ ਦੇ ਕੇ ਰੋਂਦੀ ਰਹਿੰਦੀ ਹੈ। ਸਾਰੀ ਰਾਤ ਉਸ ਦਾ ਮੰਜਾ ਕਿਸੇ ਭੂਚਾਲ ਨਾਲ ਹੇਠਾਂ ਵੱਲ ਨੂੰ ਨਿਘਰਦਾ ਰਹਿੰਦਾ ਹੈ, ਪਾਣੀ ਲਈ ਉਸ ਦਾ ਗਲ਼ਾ ਸੁੱਕਦਾ ਹੈ। ਪਰ ਉਸ ਵਿਚ ਉੱਠਣ ਦੀ ਹਿੰਮਤ ਨਹੀਂ ਪੈਂਦੀ। ਇਸ ਤਰ੍ਹਾਂ ਦੀਆਂ ਹੋਰ ਬਹੁਤ ਰਾਤਾਂ....ਬਹੁਤ ਰਾਤਾਂ....।

ਇੱਕ ਰਾਤ ਉਸ ਦਾ ਬਾਪੂ ਸ਼ਰਾਬ ਨਾਲ ਰੱਜਿਆ ਘਰ ਆਉਂਦਾ ਹੈ। ਰੋਟੀ ਖਾਣ ਮਗਰੋਂ ਉਹ ਉਸ ਦੀ ਬੇਬੇ ਨੂੰ ਬਾਹੋਂ ਫੜ ਕੇ ਅੰਦਰ ਮੰਜੇ 'ਤੇ ਲੈ ਕੇ ਬੈਠ ਜਾਂਦਾ ਹੈ। ਮੀਤ ਨਾ ਚਾਹੁੰਦੀ ਹੋਈ ਵੀ ਬਾਹਰ ਖਿੜਕੀ ਨਾਲ ਲੱਗ ਕੇ ਖੜ੍ਹ ਜਾਂਦੀ ਹੈ।

"ਅੱਜ ਮੇਰਾ ਰੋਣ ਨੂੰ ਜੀਅ ਕਰਦੈ। ਰੋਣ ਨੂੰ ਨਹੀਂ ਹੱਸਣ ਨੂੰ...।"

"ਗੱਲ ਤਾਂ ਦੱਸ ਕੋਈ ?"

"ਅੱਜ ਮੇਰਾ ਕੁਝ ਵੀ ਦੱਸਣ ਨੂੰ ਜੀਅ ਨਹੀਂ ਕਰਦਾ। ਨਹੀਂ ਸਭ ਕੁਝ ਦੱਸਣ ਨੂੰ....।"

"ਤੂੰ ਕਿਸੇ ਪਾਗਲ.....?"

"ਹਾਂ, ਸੁਣ ਤੇਰੀ ਮੀਤ ਹੁਣ ਵਿਆਹੀ ਗਈ।"

"ਮੈਂ ਕਹਿੰਨੀ ਆਂ....।"

"ਹਾਂ, ਹਾਂ ਠੇਕੇਦਾਰ ਭਾਨ ਸਿੰਘ ਨੂੰ। ਜਿਸ ਤੋਂ ਆਪਾਂ ਕਰਜ਼ਾ ਲਿਆ ਹੋਇਆ ਐ। ਨਾਲੇ ਕਰਜ਼ਾ ਉਤਰ ਜੂ ਨਾਲੇ.....।" "ਧੀ ਨੂੰ ਹੀ ਇਹ ਮੰਦਾ ਕਹਿ ਰਿਹੈਂ ? ਭਲਾ ਤੇਰੇ ਤੇ ਉਸ ਬੁੱਢੇ ਵਿੱਚ ਕੀ ਫਰਕ ਆ ?" "ਉਹ ਬੁੱਢਾ ਨਹੀਂ, ਤਿੰਨ ਚਾਰ ਤਾਂ ਉਸ ਦੇ ਇੱਟਾਂ ਦੇ ਭੱਠੇ ਚੱਲਦੇ ਨੇ। ਪਹਿਲੀਆਂ ਉਸ ਦੀਆਂ ਦੋ ਇਸਤਰੀਆਂ ਵਿਚੋਂ ਕਿਸੇ ਦੇ ਔਲਾਦ ਨਹੀਂ ਹੋਈ। ਇਕ ਖੂਹ ਵਿਚ ਡੁੱਬ ਕੇ ਮਰ ਗਈ ਤੇ ਦੂਸਰੀ ਆਪਣੇ ਪੇਕੇ ਬੈਠੀ ਹੈ। ਆਪਣੀ ਮੀਤ ਉੱਥੇ ਮੌਜ ਕਰੇਗੀ (ਜ਼ਰਾ ਰੁੱਕ ਕੇ) ਜੇ ਇਹ ਨਾਂਹ ਵੀ ਕਰੇਗੀ ਤਾਂ ਜ਼ੋਰੀ ਤੋਰ ਦਿਆਂਗੇ।"

"ਮੈਂ......ਮੈਂ......।"

"ਜੇ ਮੇਰੀ ਕੀਤੀ ਦੇ ਉਲਟ ਕੁਝ ਆਖਿਆ ਤਾਂ ਥੱਪੜ ਮਾਰ ਕੇ ਮੂੰਹ ਘੁਮਾ ਦਿਆਂਗਾ। ਭਾਰ ਹੌਲਾ ਕਰਨ ਦਾ ਇਹੀ ਮੌਕਾ ਹੈ। ਨਾਲ ਉਸ ਨੇ ਆਹ ਦੋ ਲੱਖ ਰੁਪਈਆ ਵੀ ਦਿੱਤਾ ਹੈ।" ਸੁਣ ਕੇ ਪਹਿਲੀ ਔਰਤ ਚੁੱਪ ਹੋ ਗਈ, ਜੇ ਕਿਸੇ ਵਿਰੋਧ ਨੇ ਬਾਹਰ ਵੀ ਨਿਕਲਣਾ ਚਾਹਿਆ ਤਾਂ ਉਸ ਨੇ ਆਪਣੇ ਬੁੱਲ੍ਹ ਘੁੱਟ ਲਏ ਹਨ, ਮੂੰਹ ਨੂੰ ਚੁੰਨੀ ਵਿਚ ਲੁਕੋ ਧੀ ਦੇ ਰੂਪ ਵਿਚ ਦੂਸਰੀ ਔਰਤ ਹੋਰ ਕੁਝ ਸੁਣਨੋਂ ਇਨਕਾਰੀ ਹੋ ਗਈ ਤੇ ਬੇਹੋਸ਼ੀ ਦੀ ਹਾਲਤ ਵਿਚ ਸੋਚ ਰਹੀ ਹੈ...."ਮੈਂ ਦਿਨ ਚੜ੍ਹਦੇ ਤੀਕ ਪਗਲੀ ਹੋ ਜਾਵਾਂ। ਉਸ ਪਗਲੀ ਵਰਗੀ ਜਿਹੜੀ ਸ਼ਹਿਰ ਵਿਚ ਮੰਗਦੀ ਹੋਈ ਆਲ-ਪਤਾਲ ਬੋਲੀ ਜਾਂਦੀ ਏ। ਫਿਰ ਮੇਰੇ ਨਾਲ ਵਿਆਹ ਕਰਾਉਣ ਨਹੀਂ ਆਏਗਾ....। ਭਲਾ ਬਣ ਕੇ ਵੇਖਾਂ ਉਸ ਪਗਲੀ ਵਰਗੀ ਪਗਲੀ। ਹਾਂ.....ਮੈਂ ਪਗਲੀ ਹਾਂ ਉਸ ਪਗਲੀ ਵਰਗੀ....। ਹਾਅ.....ਹਾਅ.....।" ਉਹ ਤਾੜੀ ਮਾਰ ਕੇ ਉੱਚੀ-ਉੱਚੀ ਹੱਸਦੀ ਹੈ। ਉਸ ਦੀ ਬੇਬੇ ਇਸ ਭਿਆਨਕ ਹਾਸੇ ਨੂੰ ਸੁਣ ਕੇ ਛੇਤੀ ਨਾਲ ਬਾਹਰ ਨਿਕਲਦੀ ਹੈ।

"ਨਹੀਂ, ਬੇਬੇ ਮੈਂ ਪਗਲੀ ਨਹੀਂ ਹਾਂ। ਅੱਜ ਮੈਨੂੰ ਲਾਲ ਪੱਗ ਵਾਲੇ ਮੁੰਡੇ ਨੇ ਵਿਆਹੁਣ ਆਉਣਾ ਏ। ਮੈਂ ਵੀ ਹੁਣੇ ਲਾਲ ਕੱਪੜੇ ਪਾਉਂਦੀ ਹਾਂ। ਬਾਹਰ ਦਰਵਾਜ਼ੇ ਵਿਚ ਬਰਾਤ ਆਈ ਹੋਈ ਏ। ਮੈਂ.....ਮੈਂ ਆਪਣਾ ਪ੍ਰਾਹੁਣਾ ਵੇਖਣਾ ਏ।"

ਉਹ ਬਾਹਰ ਨੂੰ ਨੱਸਣਾ ਚਾਹੁੰਦੀ ਹੈ। ਪਰ ਉਸ ਦੀ ਬੇਬੇ ਤੇ ਬਾਪੂ ਉਸ ਨੂੰ ਫੜ ਕੇ ਅੰਦਰ ਬੰਦ ਕਰ ਦਿੰਦੇ ਹਨ। ਜਦੋਂ ਉਸ ਨੂੰ ਆਪਣੇ ਵਿਆਹ ਦਾ ਖ਼ਿਆਲ ਆਉਂਦਾ, ਉਸ ਨੂੰ ਦੌਰਾ ਪੈ ਜਾਂਦਾ। ਥੋੜ੍ਹੀ ਬਹੁਤ ਹੋਸ਼ ਵਿਚ ਆਉਣ 'ਤੇ ਉਹ ਸੋਚਦੀ ਕਿ ਉਸ ਨੂੰ ਪਗਲੀ ਨਹੀਂ ਹੋਣਾ ਚਾਹੀਦਾ। ਉਹ ਠੀਕ ਹੋਣ ਦਾ ਯਤਨ ਕਰਦੀ ਹੈ। ਪਰ ਫਿਰ ਵੀ ਉਹ ਕੁਝ ਨਾ ਕੁਝ ਬੋਲੀ ਜਾਂਦੀ। ਉਸ ਦੀ ਬੇਬੇ ਤੇ ਬਾਪੂ ਉਸ ਵਿੱਚ ਕਿਸੇ ਚੀਜ਼ ਦੀ ਕਸਰ ਹੋ ਗਈ ਕਹਿੰਦੇ।

ਸਵੇਰ ਦੇ ਦਸ ਵੱਜ ਚੁੱਕੇ ਹਨ। ਤਿੰਨ ਔਰਤਾਂ ਲੱਕ 'ਤੇ ਹੱਥ ਧਰੀ ਮੀਤ ਦੀ ਖ਼ਬਰ ਲੈ ਕੇ ਘਰ ਤੋਂ ਬਾਹਰ ਆ ਰਹੀਆਂ ਹਨ ਤੇ ਦੋ ਅੰਦਰ ਨੂੰ ਜਾ ਰਹੀਆਂ ਹਨ। ਅੰਦਰ ਮੀਤ ਕਹਿ ਰਹੀ ਹੈ.....ਨਹੀਂ ਮੈਂ ਪਗਲੀ ਨਹੀਂ ਹਾਂ ਲੋਕੋ। ਮੈਨੂੰ ਲਾਲ ਪੱਗ ਵਾਲੇ ਮੁੰਡੇ ਨੇ ਵਿਆਹੁਣ ਆਉਣਾ ਏ। ਮੈਂ ਆਪਣਾ ਪ੍ਰਾਹੁਣਾ ਵੇਖਣਾ ਏ। ਮੈਨੂੰ ਛੱਡ ਦਿਓ। ਮੈਂ ਪਗਲੀ ਨਹੀਂ ਹਾਂ.......।

ਮੋਬਾਇਲ ਨੰ: 95920-99002



## ਗਵਾਚੀਆਂ ਪੈੜਾਂ ਨੂੰ ਤਲਾਸ਼ਦਿਆਂ/ਦੀਪ ਦਵਿੰਦਰ ਸਿੰਘ

ਉਸ ਰਾਤ ਕੁਵੇਲੇ ਵੱਜੀ ਬੈੱਲ ਨਾਲ ਮੈਂ ਅੱਬੜਵਾਹੇ ਉੱਠਿਆ ਸਾਂ। ਸਾਹਮਣੇ ਕੰਧ ਨਾਲ ਟੰਗੀ ਘੜੀ ਨੇ ਹਾਲੇ ਪੌਣੇ ਚਾਰ ਨਹੀਂ ਸਨ ਵਜਾਏ। ਮੈਂ ਬਚਪਨ 'ਚ ਸੁਣ ਰੱਖਿਆ ਸੀ ਰਾਤ ਦਾ ਇਹ ਪਹਿਰ ਪਰਮੇਸ਼ਰ ਵੇਲਾ ਹੁੰਦਾ ਅਤੇ ਅੱਧੀ ਰਾਤ ਤੋਂ ਬਾਅਦ ਹਰ ਪਾਸੇ ਦੇਵਤਿਆਂ ਦਾ ਪਹਿਰਾ ਹੁੰਦੈ। ਪਰ ਜਿਹੜੀ ਖਬਰ ਮੈਂ ਤਲਵਿੰਦਰ ਦੇ ਛੋਟੇ ਭਰਾ ਤੋਂ ਫ਼ੋਨ ਤੇ ਸੁਣੀ ਸੀ ਤੇ ਸੁਣਦੇ ਸਾਰ ਸੁੰਨ ਹੋ ਕੇ ਰਹਿ ਗਿਆ ਸਾਂ। ਮੈਨੂੰ ਲਗਿਆ ਜਿਵੇਂ ਪਰਮੇਸ਼ਰ ਕਿਤੇ ਪਤਾਲ 'ਚ ਜਾ ਲੁਕਿਆ ਸੀ ਤੇ ਦਨਦਨਾਉਂਦੇ ਰਾਕਸ਼ਾਂ ਨੇ ਖ਼ੂੰਨੀ ਸੜਕ ਦੇ ਕੰਢੇ ਅੱਧੀ ਰਾਤ ਨੂੰ ਦੇਵਤਿਆਂ ਵਰਗੇ ਉਨ੍ਹਾਂ ਦੋਹਾਂ ਜੀਆਂ ਦੇ ਸਾਂਝੇ ਲਹੂ ਦੇ ਖਪਰ ਭਰ ਭਰ ਕੇ ਪੀਤੇ ਸਨ ਤੇ ਪਲਾਂ-ਛਿਣਾਂ 'ਚ ਕਿਧਰੇ ਅਲੋਪ ਹੋ ਗਏ ਸਨ।

ਸੁਣਕੇ ਮੇਰਾ ਦਿਲ ਵਸ 'ਚ ਨਹੀਂ ਸੀ ਆ ਰਿਹਾ ਤੇ ਮੈਂ ਆਪਣੇ ਇੱਕ ਮੰਜਲੇ ਘਰ ਦੀ ਛੱਤ ਤੇ ਜਾ ਚੜ੍ਹਿਆ ਸਾਂ। ਤਲਵਿੰਦਰ ਦੀ ਕਹਾਣੀ 'ਰਾਤ ਚਾਨਣੀ' ਵਾਲੇ ਪੌਣੇ ਕੁ ਚੰਨ ਨੂੰ ਦੂਰ ਉੱਚੇ ਅੰਬਰਾਂ 'ਚ ਤਾਰਿਆਂ ਦੇ ਸੰਘਣੇ ਝੁੰਡ ਵਿੱਚੋਂ ਲਭਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਆਸੇ-ਪਾਸੇ ਦੀਆਂ ਉੱਚੀਆਂ ਕੰਧਾਂ ਉਤੋਂ ਦੀ ਮੈਂ ਅੱਡੀਆਂ ਚੁੱਕ-ਚੁੱਕ ਵੇਖਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਉਸ ਚੰਨ ਦੀ ਚਾਂਦੀ ਰੰਗੀ ਪੇਤਲੀ ਜਿਹੀ ਲੋਅ ਤਾਂ ਦਿਸਦੀ ਸੀ ਪਰ ਚੰਨ ਲਹਿੰਦੇ ਵੱਲ ਦੂਰ ਕਿਤੇ ਹੇਠਾਂ ਲਹਿ ਜਾਣ ਕਰਕੇ ਕਈ ਯਤਨ ਕਰਨ ਤੇ ਵੀ ਮੇਰੀ ਨਜਰੀਂ ਨਹੀਂ ਸੀ ਚੜ੍ਹ ਰਿਹਾ।

ਪੁਰੇ ਦੀ ਵਗਦੀ ਮੱਠੀ-ਮੱਠੀ ਹਵਾ ਮੇਰੇ ਹੱਡਾਂ ਨੂੰ ਚੀਰ ਰਹੀ ਸੀ। ਮੇਰੇ ਗੋਡੇ ਆਪਸ ਵਿਚ ਵੱਜ ਰਹੇ ਸਨ ਤੇ ਨਾਲ ਦੰਦੋ ਅੜਿੱਕਾ ਜਿਹਾ ਵੀ। ਮੇਰਾ ਦਿਲ ਧੜਕਣ ਦੀ ਬਜਾਏ ਜ਼ੋਰ ਜ਼ੋਰ ਦੀ ਵਜਦਾ ਸੁਣਾਈ ਦੇ ਰਿਹਾ ਸੀ। ਮੈਂ ਇਸ ਭੰਨ-ਘੜ 'ਚ ਬੇ ਮਤਲਬਾ ਇੱਧਰ ਉੱਧਰ ਫਿਰਦਾ ਹੇਠਾਂ ਆਣ ਉਤਰਿਆ ਸਾਂ। ਤਲਵਿੰਦਰ ਦੇ ਸਾਹਿਤਕ ਮਿੱਤਰਾਂ ਦੀ ਵੱਡੀ ਢਾਣੀ ਦੀ ਸੂਚੀ ਵਾਲੀ ਕਿਤਾਬ ਮੇਰੇ ਸਾਹਮਣੇ ਸੀ ਤੇ ਮੈਨੂੰ ਕੁੱਝ ਸੁਝ ਨਹੀਂ ਰਿਹਾ। ਕਿਨੂੰ ਦਸਾਂ ? ਕਿੰਝ ਦੱਸਾਂ ? ਆਹ ਵੇਲੇ ਸੁਤੀਂ ਅਨੀਦੇ ਬੰਦੇ ਤੇ ਕਿਹੋ ਜਿਹਾ ਅਸਰ ਕਰੂ ਇੰਨੀ ਡਰਾਉਣੀ ਖਬਰ। ਇਸੇ ਉਦੇੜ-ਬੁਣ 'ਚ ਮੈਂ ਕਿਤਾਬ ਨੂੰ ਮੁਖ ਵਾਕ ਲੈਣ ਵਾਂਗ ਜਿੱਥੋਂ ਖੁਲ੍ਹੀ ਖੋਲ੍ਹ ਲਈ ਸੀ।

ਅੱਖਾਂ ਦੀਆਂ ਪੁਤਲੀਆਂ 'ਚ ਭਰੇ ਪਾਣੀ ਨੂੰ ਪੁੱਠੇ ਹੱਥ ਨਾਲ ਵਾਰੋ-ਵਾਰੀ ਸਾਫ ਕੀਤਾ ਤਾਂ ਮੇਰੇ ਸਾਹਮਣੇ ਡਾ. ਕਰਮਜੀਤ ਸਿੰਘ ਦਾ ਨਾਂ ਸੀ। ਮੈਂ ਉਨ੍ਹਾਂ ਦਾ ਲੈਂਡ ਲਾਈਨ ਨੰਬਰ ਡਾਇਲ ਕੀਤਾ ਸੀ। ਦੂਜਾ ਕੇਂਦਰੀ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਤੇ ਤੀਜਾ ਸੁਲੱਖਣ ਸਰਹੱਦੀ ਦਾ। ਤਿੰਨਾਂ ਦੀ ਹੀ ਹੌਕੇ ਭਰੀ ਅਵਾਜ਼ ਵਿੱਚ 'ਹੈਂ ?' 'ਉਹ ਕਿੱਦਾਂ ?' ਤੇ 'ਤੁਹਾਡੀ ਭਲੀ ਹੋ ਜੇ।' ਤੋਂ ਬਾਅਦ ਹੌਕਾ ਤੇ ਲੰਬੀ ਖ਼ਾਮੋਸ਼ੀ। ਸਰਹੱਦੀ ਨੇ ਕਿਤੇ ਕੰਬਦੇ ਹੱਥਾਂ ਨਾਲ ਇਹ ਖਬਰ ਫੇਸ ਬੁਕ ਤੇ ਪਾ ਦਿੱਤੀ ਸੀ। ਕਿਸੇ ਕੈਮੀਕਲ ਦੀ ਅੱਗ ਵਾਂਗ ਇਹ ਖਬਰ ਸਾਹਿਤ ਜਗਤ ਵਿਚ ਫੈਲੀ ਸੀ। ਕਹਾਣੀ ਕਾਰ ਜਿੰਦਰ ਦਾ ਫੋਨ ਆਇਆ, ਡਰ ਅਤੇ ਘਬਰਾਹਟ ਦੇ ਮਾਰੇ ਚਜ ਨਾਲ ਗਲ ਨਾ ਹੋਵੇ ਕਹਿੰਦਾ 'ਦੀਪ ਯਾਰ ਅਮਰੀਕਾ ਤੋਂ ਪ੍ਰੇਮ ਮਾਨ ਪਤਾ ਨਹੀਂ ਕੀ ਨਾਮ-ਸੁਨਾਮ ਦਸੀ ਜਾਂਦੈ ਸਵੇਰੇ ਸਵੇਰੇ। ਤੂੰ ਦਸ ਸਭ ਸੁਖ ਐ ? ਮੇਰੀਆਂ ਭੁੱਬਾਂ ਨਿਕਲ ਗਈਆਂ ਸਨ ਤੇ ਮੂੰਹੋਂ ਇੰਨਾ ਹੀ ਨਿਕਲ ਹੋਇਆ ਸੀ ਕਿ 'ਭਾਜੀ ਸਾਡਾ ਘਰ ਵੀ ਉਜੜ ਗਿਆ ਤੇ ਬਾਹਰ ਵੀ।' ਅੱਗੋਂ ਨਾ ਮੇਰੇ 'ਚ ਬੋਲਣ ਦੀ ਹਿੰਮਤ ਸੀ, ਨਾ ਉਸ ਕੋਲ ਸੁਣਨ ਦੀ। ਫਿਰ ਤਾਂ ਤਲਵਿੰਦਰ ਦੇ ਜਾਣਕਾਰਾਂ ਨੂੰ ਫੋਨਾਂ ਦਾ ਹੜ ਆ ਗਿਆ ਸੀ। ਹਰ ਕੋਈ ਇਕ ਦੂਜੇ ਕੋਲੋਂ ਕੁਝ ਜਾਨਣਾ ਚਾਹੁੰਦਾ ਸੀ। ਸਭ ਦੇ ਸਭ ਕੋਈ ਮੋਢਾ ਲਭਦੇ ਸਨ ਜਿਸ ਤੇ ਸਿਰ ਰੱਖ ਕੇ ਰੋਇਆ ਜਾ ਸਕੇ।

ਦਿਨ ਚੜ੍ਹੇ ਅਸੀਂ ਉਸ ਖ਼ੂੰਨੀ ਸੜਕ ਦੀ ਉਸ ਜਗ੍ਹਾ ਤੇ ਖੜ੍ਹੇ ਹੋਏ ਸਾਂ ਜਿਥੇ ਪੰਜਾਬੀ ਮਾਂ ਦੇ ਸ਼ਰਵਣ ਪੁਤ ਨੇ ਆਖਰੀ ਸਾਹ ਲਿਆ ਸੀ। ਚਕਨਾ ਚੂਰ ਹੋਈ ਉਸ ਦੀ ਗੱਡੀ ਦੇ ਇਰਧ-ਗਿਰਧ ਛਪੇ,

ਅਣਛਪੇ ਵਰਕੇ ਹਵਾ 'ਚ ਉਡ-ਪੁਡ ਰਹੇ ਸਨ। ਕੋਈ ਕਿਸੇ ਦਾ ਆਰਟੀਕਲ ਲਗਦਾ ਸੀ ਤੇ ਕੋਈ ਕਿਸੇ ਕਿਤਾਬ ਦੀ ਲਿਖੀ ਭੂਮਿਕਾ ਦੇ ਸ਼ਬਦ। ਉਨ੍ਹਾਂ ਹੀ ਵਰਕਿਆਂ ਵਿਚੋਂ ਲਹੂ ਨਾਲ ਲਥ ਪਥ ਉਖੜੀ ਹੋਈ ਕਿਤਾਬ ਮਿਲੀ ਸੀ। ਜਿਸ ਤੇ ਲੱਗੇ ਤਾਜ਼ੇ ਖ਼ੂਨ ਦੇ ਧੱਬਿਆਂ ਹੇਠੋਂ ਧੁੰਦਲਾ ਜਿਹਾ ਲਿਖਿਆ ਦਿਸਦਾ ਸੀ 'ਨਾਇਕ ਦੀ ਮੌਤ।'

ਇਧਰਲੇ ਪੰਜਾਬ ਦਾ ਤੇ ਉਧਰਲੇ ਪੰਜਾਬ ਦਾ ਸਾਂਝਾ ਨਾਇਕ ਆਪਣੇ ਸੰਗੀਆਂ ਸਾਥੀਆਂ ਕੋਲੋਂ ਬਾਂਹ ਛੁਡਵਾ ਕੇ ਕਿਸੇ ਦੂਸਰੀ ਦੁਨੀਆ ਨੂੰ ਨਿਕਲ ਗਿਆ ਸੀ ਚੁੱਪ ਚੁਪੀਤੇ ਤੇ ਨਾਲ ਹੀ ਪਿਛੇ-ਪਿਛੇ ਉਹਦੀ ਧਰਮ ਪਤਨੀ ਉਹਦੀਆਂ ਪੈੜਾਂ ਨਪਦੀ।

ਉਥੇ ਖਲੋਤਿਆਂ ਤੇਜਿੰਦਰ ਬਾਵੇ ਦਾ ਫੋਨ ਆਇਆ ਕਹਿੰਦਾ। 'ਪ੍ਰਧਾਨ ਸਾਹਿਬ ਦੀ ਪੈੱਨ ਡਰਾਈਵ ਲਭਿਉ ਕਿਤੇ ਹਈਥੋ—, ਬਹੁਤ ਸਾਰਾ ਅਣਛਪਿਆ ਮੈਟਰ ਰਖਿਆ ਸੇਵ ਕਰਕੇ ਉਨ੍ਹਾਂ।' ਮੈਂ ਕਿਹਾ 'ਬਾਵਾ ਜੀ, ਤੂੰਬਾ-ਤੂੰਬਾ ਹੋ ਕੇ ਗੱਡੀ 'ਚ ਖਿਲਰੇ ਉਨ੍ਹਾਂ ਦੇ ਮਾਸ ਦੇ ਟੁਕੜਿਆਂ ਵਿਚੋਂ ਉਦ੍ਹਾਂ ਪੈੱਨ ਜਰੂਰ ਮਿਲਿਆ, ਜਿਸਨੂੰ ਮੈਂ ਮੱਥੇ ਨਾਲ ਲਾ ਕੇ ਆਪਣੀ ਜੇਬ 'ਚ ਪਾ ਲਿਆ ਸੀ। ਪੈੱਨ ਡਰਾਈਵ ਦਾ ਤਾਂ ਕੋਈ ਅਤਾ-ਪਤਾ ਨਹੀਂ।'

ਮਰਨ ਤੋਂ ਦੋ ਦਿਨ ਪਹਿਲਾਂ ਸਾਡੇ ਪਿੰਡ ਵਾਲੇ ਘਰ ਆਇਆ ਸੀ। ਪਰਿਵਾਰ ਦੇ ਜੀਆਂ 'ਚ ਬੈਠਿਆਂ ਉਸਨੇ ਗੱਲਾਂ-ਗੱਲਾਂ 'ਚ ਆਪਣੇ ਬਚਪਨ ਦਾ ਜੁੰਮਲਾ ਸੁਣਾਉਂਦਿਆਂ ਦਸਿਆ ਕਿ ਨੌਵੀਂ ਦਸਵੀਂ 'ਚ ਪੜ੍ਹਦਿਆਂ ਲੋਹੜੀ ਤੇ ਸਾਇਕਲ ਦੇ ਪਿਛੇ ਗਾਗਰ ਬੰਨ੍ਹ ਕੇ ਉਹ ਇੱਥੇ ਨਾਨਕਿਆਂ ਤੋਂ ਰਹੁ ਲੈਣ ਆਇਆ ਸੀ। ਸਾਡੇ ਦਾਦੇ ਜਾਨੀ ਤਲਵਿੰਦਰ ਦੇ ਨਾਨੇ ਜਿਹੜਾ ਪਿੰਡ ਦਾ ਲੁਹਾਰਾ-ਤਰਖ਼ਾਣਾ ਕਰਦਾ ਸੀ ਉਸਨੇ ਕਿਸੇ ਜਿੰਮੀਦਾਰ ਦੇ ਵਗਦੇ ਵੇਲਣੇ ਤੋਂ ਗਾਗਰ ਰਹੁ ਦੀ ਭਰਵਾ ਦਿੱਤੀ। ਬਟਾਲੇ ਨੂੰ ਵਾਪਸ ਜਾਂਦਿਆਂ ਝੰਡਿਆਂ ਵਾਲੀ ਪੁਲੀ ਟੱਪ ਕੇ ਥੋੜ੍ਹਾ ਅਗਾਂਹ ਲੰਘਿਆ ਤਾਂ ਰਸਤਾ ਖਰਾਬ ਹੋਣ ਕਰਕੇ ਸਾਇਕਲ ਦਾ ਹੈਂਡਲ ਡੋਲ ਗਿਆ। ਲੱਤਾਂ ਮਧਰੀਆਂ ਸਨ ਪੈਰ ਚੱਜ ਨਾਲ ਜ਼ਮੀਨ ਤੇ ਟਿਕਿਆ ਨਾ। ਸਾਇਕਲ ਡਿਗ ਪਿਆ। ਪਿਛੇ ਟਿਊਬ ਨਾਲ ਬੱਧੀ ਗਾਗਰ ਨਿਕਲ ਕੇ ਰਿੜ੍ਹਦੀ ਰਿੜ੍ਹਦੀ ਡੂੰਘੇ ਟੋਇਆਂ 'ਚ ਜਾ ਡਿੱਗੀ। ਕਹਿੰਦਾ 'ਮੈਂ ਵਾਹੋ ਦਾਹੀ ਭੱਜਾ। ਮੂਧੀ ਹੋਈ ਗਾਗਰ ਨੂੰ ਸਿੱਧਾ ਕੀਤਾ। ਦੋ-ਚਾਰ ਕਿਲੋ ਰਹੁ ਫਿਰ ਵੀ ਬਚ ਗਈ ਸੀ। ਪਰ ਗਾਗਰ ਨੂੰ ਢੇਰ ਸਾਰੇ ਚਿੱਬ ਪੈ ਗਏ ਸਨ।'

ਯਾਰ! ਕਿਤੇ ਉਸ ਰਾਤ ਵੀ ਉਸ ਗਾਗਰ ਵਾਂਗ ਉਨ੍ਹਾਂ ਦੀ ਗੱਡੀ ਵਜਣ ਤੋਂ ਪਹਿਲਾਂ ਸੜਕ ਲਾਗਲੇ ਨੀਵੇਂ ਥਾਂ ਵਲ ਰਿੜ੍ਹ ਜਾਂਦੀ। ਇਹ ਛਿਲਿਆ ਜਾਂਦਾ। ਕੋਈ ਲੱਤ ਬਾਂਹ ਟੁੱਟ ਜਾਂਦੀ। ਕਿਸੇ ਹੱਥ ਪੈਰ ਤੋਂ ਆਹਰੀ ਹੋ ਜਾਂਦਾ। ਅਸੀਂ ਉਹਦੀਆਂ ਬਾਹਵਾਂ ਬਣਦੇ। ਇਹ ਬੈਠਾ ਬੈਠਾ ਕੁਝ ਬੋਲਦਾ, ਅਸੀਂ ਲਾਗੇ ਬੈਠੇ ਨਾਲੋ ਨਾਲ ਲਿਖੀ ਜਾਂਦੇ। ਸਾਖੀ ਅਗੇ ਤਾਂ ਤੁਰਦੀ।

ਪਿਛੇ ਜਿਹੇ ਤਲਵਿੰਦਰ ਨੇ ਇੱਕ ਆਰਟੀਕਲ ਲਿਖਿਆ ਸੀ 'ਨਿੱਘੀ ਧੁੱਪ ਦਾ ਅਹਿਸਾਸ ਜਿਸ ਵਿੱਚ ਉਹ ਕਿਸੇ ਬਚਪਨ ਦੀ ਮੁਹੱਬਤ ਦੀ ਗੱਲ ਕਰਦਾ ਹੈ। ਜਿਸ ਲੜਕੀ ਦਾ ਜਿਕਰ ਕਰਦੈ ਉਹ ਸਾਡੇ ਦੋਹਾਂ ਦੀ ਸਾਂਝੀ ਰਿਸ਼ਤੇਦਾਰੀ 'ਚੋਂ ਸੀ, ਜਿਹੜੀ ਹੁਣ ਵਿਆਹੀ ਵਰ੍ਹੀ ਬਾਲ ਬੱਚੇਦਾਰ ਘਰੇਲੂ ਔਰਤ ਸੀ। ਤਲਵਿੰਦਰ ਉਸੇ ਪ੍ਰਸੰਗ ਵਿੱਚ ਮੈਨੂੰ ਕਹੇ ਕਿ ਆਪਾਂ ਉਸ ਦੇ ਪਿੰਡ ਚਲਣਾਂ। ਉਸ ਪਿੰਡ ਮੇਰੀ ਹੋਰ ਵੀ ਨੇੜੇ ਦੀ ਸਾਕ ਸਕੀਰੀ ਸੀ। ਸਿਆਲੀ ਜਿਹੇ ਦਿਨਾਂ 'ਚ ਇਨ੍ਹੇ ਮੈਨੂੰ ਉਸ ਦੇ ਪਿੰਡ ਵਾਲੇ ਰਾਹੇ ਪਾ ਲਿਆ। ਲੌਢੇ ਕੁ ਵੇਲੇ ਅੱਧ ਢੁੱਕੇ ਗੇਟ ਨੂੰ ਖੋਲ੍ਹ ਕੇ ਵਿਹੜੇ 'ਚ ਲੰਘੇ ਤਾਂ ਜਿਸ ਨੂੰ ਤਲਵਿੰਦਰ ਕਈ ਦਹਾਕਿਆਂ ਬਾਅਦ ਵੇਖਣ ਆਇਆ ਸੀ, ਉਹ ਘਸਮੈਲੇ ਜਿਹੇ ਸ਼ਾਲ ਬੁਕਲ ਮਾਰੀ ਤਾਰ ਤੋਂ ਸੁੱਕੇ ਕੱਪੜੇ ਉਤਾਰ ਦੀ ਦਿਸੀ ਸੀ। ਮੈਂ ਥੋੜ੍ਹਾ ਅਗਾਂਹ ਹੁੰਦਿਆਂ ਸਤਿ ਕੁ ਸਤਿ ਕੀਤੀ ਤੇ ਆਪਣੇ ਬਾਰੇ ਦੱਸਿਆ। ਉਸਨੇ ਇੱਕ ਹੱਥ ਨਾਲ ਉਪਰ ਲਏ ਸ਼ਾਲ ਨੂੰ ਪੋਟਿਆਂ ਨਾਲ ਥਾਂ ਸਿਰ ਕਰਦਿਆਂ ਸਹਿਜੇ ਜਿਹੇ ਪੁੱਛਿਆ, 'ਹੋਰ ਮਾਮੀ ਜੀ ਦਾ ਕਿਦੈਂ ?' ਮੈਂ ਠੀਕ ਕਹਿੰਦਿਆਂ ਲਾਗੇ ਖਲੋਤੇ ਤਲਵਿੰਦਰ ਵੱਲ ਇਸ਼ਾਰਾ ਕਰਦਿਆਂ ਦੱਸਿਆ ਕਿ



'ਇਹ ਬਟਾਲੇ ਵਾਲੀ ਭੂਆ ਦਾ ਲੜਕਾ ਭਾਜੀ ਤਲਵਿੰਦਰ, ਪਛਾਣਿਆ ?' ਉਸ ਨੇ ਓਪਰਾ ਜਿਹਾ ਤਲਵਿੰਦਰ ਵੱਲ ਵੇਖਿਆ। ਉਸ ਨੇ ਚਿਹਰੇ ਤੋਂ ਕੋਈ ਵੀ ਹਾਵ ਭਾਵ ਜਾਹਿਰ ਨਹੀਂ ਸੀ ਹੋਣ ਦਿੱਤਾ। ਥੋੜ੍ਹੀ ਜਿਹੀ ਧੌਣ ਨਿਵਾਈ ਤੇ ਪਰ੍ਹਾਂ ਹਟਵੇ— ਖਲੋਤੇ ਮੁੰਡੇ ਵਲ ਮੂੰਹ ਕਰਕੇ ਬੋਲੀ-'ਵੇ ਰਿੰਕੂ ਜਾ ਅੰਦਰੋਂ ਆਪਣੇ ਡੈਡੀ ਨੂੰ ਵਾਜ ਮਾਰ, ਕਹਿ ਪ੍ਰਾਉਣੇ ਆਏ ਐ ਬਾਹਰ।' ਆਪ ਆਪਣੀ ਬਾਂਹ ਤੇ ਰੱਖੇ ਗਿੱਲੇ ਕਪੜਿਆਂ ਦੇ ਢੇਰ ਨੂੰ ਲੈ ਕੇ ਅੰਦਰ ਜਾ ਵੜੀ ਸੀ। ਬਾਕੀ ਸਮਾਂ ਤਲਵਿੰਦਰ ਉਥੇ ਓਪਰਿਆਂ ਵਾਂਗ ਬੈਠਾ ਸੀ। ਬੇਚੈਨ ਜਿਹਾ। ਵਾਪਸੀ ਤੇ ਮੁੜ-ਮੁੜ ਇੱਕ ਹੀ ਗੱਲ 'ਛਿੰਦ, ਯਾਰ ਵਰ੍ਹਿਆਂ ਤੋਂ ਜਿਸ ਨੂੰ ਮਿਲਣ ਦੀ ਤਾਂਘ ਲਾਈ ਬੈਠਾ ਸਾਂ, ਅਗਲੀ ਪਿਛਾਨਣ ਤੋਂ ਵੀ ਇਨਕਾਰੀ ਐ। ਕਿੰਨੀ ਵਧੀਆ ਤਸਵੀਰ ਬਣੀ ਸੀ ਜਿਹਨ ਵਿੱਚ ਉਸ ਅਲੜ ਜਿਹੀ ਬਲਵੰਤੀ ਦੀ, ਤੇ ਕਿਥੇ ਆਹ ਘਰ ਗਰਿਸਤੀ ਨਾਲ ਨੱਕੋ-ਨੱਕ ਭਰੀ ਲਮਕਦੇ ਢਿਡ ਵਾਲੀ ਪੇਂਡੂ ਔਰਤ। ਇਸ ਨਾਲੋਂ ਤਾਂ ਨਾ ਆਉਂਦੇ ਚੰਗਾ ਸੀ। ਇਕ ਭਰਮ ਤਾਂ ਬਣਿਆ ਰਹਿੰਦਾ।'

ਅੱਜ ਤਲਵਿੰਦਰ ਨੂੰ ਫੋਟੋ ਦੇ ਫਰੇਮ 'ਚ ਜਾ ਬੈਠੇ ਨੂੰ ਵੀਹ ਦਿਨ ਤੋਂ ਉਪਰ ਹੋ ਗਏ ਨੇ। ਫੋਟੋ ਵਾਲਾ ਤਲਵਿੰਦਰ ਤਾਂ ਉਭਰਦਾ ਹੀ ਨਹੀਂ ਕਿਤੇ ਜਿਹਨ 'ਚ। ਮੇਰੇ ਸਾਹਮਣੇ ਤਾਂ ਸਰਕਾਰੀ ਹਸਪਤਾਲ ਦੇ ਮੁਰਦਾ ਘਰ 'ਚ ਗੰਦੇ ਤੇ ਉਬੜ-ਖਾਬੜ ਫਰਸ਼ ਉਤੇ ਹੋਰ ਪੰਜ ਛੇ ਲਾਸ਼ਾਂ ਦੇ ਵਿਚਕਾਰ ਲਹੂ 'ਚ ਭਿੱਜਾ ਤਲਵਿੰਦਰ ਐ, ਜਿਸ ਦੀ ਪਛਾਣ ਉਸਦੇ ਪੈਰੀਂ ਪਾਈ ਗੁਰਗਾਬੀ ਤੋਂ ਕੀਤੀ ਸੀ ਅਸਾਂ। ਉਸ ਦੀ ਧੌਣ ਸਾਹ ਰਗ ਲਾਗਿਉਂ ਚੱਪਾ ਭਰ ਵਢੀ ਗਈ ਸੀ ਤੇ ਅੱਖਾਂ ਤੋਂ ਹੇਠਲਾ ਚਿਹਰਾ ਬੁਰੀ ਤਰ੍ਹਾਂ ਫਿਸ ਗਿਆ ਸੀ ਤੇ ਭਾਬੀ ਜਿਹੜੀ ਕਦੀ ਆਪਣੇ ਆਪ ਨੂੰ ਝਰੀਟ ਨਹੀਂ ਸੀ ਆਉਣ ਦਿੰਦੀ ਉਸਦੀ ਖੱਬੀ ਅੱਖ ਤੋਂ ਸ਼ੁਰੂ ਹੋ ਕੇ ਉਪਰ ਸਿਰ ਵਲ ਨੂੰ ਪੂਰਾ ਹੱਥ ਅੰਦਰ ਪੈ ਜਾਣ ਵਾਲਾ ਖੱਪਾ ਪੈ ਗਿਆ ਸੀ। ਮੌਤ ਦੀ ਜਿਹੜੀ ਕਰੂਪਤਾ ਉਨ੍ਹਾਂ ਦੇ ਚਿਹਰਿਆਂ ਤੇ ਵੇਖੀ ਸੀ ਮੇਰੇ ਦਿਮਾਗ ਦੀਆਂ ਨਸਾਂ 'ਚੋਂ ਪਲ-ਛਿਣ ਵੀ ਬਾਹਰ ਨਹੀਂ ਨਿਕਲਦੀ।

ਉਸ ਦਿਨ ਹਜ਼ਾਰਾਂ ਲੋਕ ਮਸਾਣਾਂ 'ਚ ਜੁੜੇ ਖੜ੍ਹੇ ਸਨ ਤੁਰ ਗਏ ਉਸ ਪੰਜਾਬੀ ਮਾਂ ਦੇ ਲਾਡਲੇ ਪੁੱਤਰ ਨੂੰ ਅੰਤਿਮ ਵਿਦਾਈ ਦੇਣ ਲਈ, ਪਰ ਇਹ ਕੇਹੀ ਵਿਦਾਈ ਸੀ ਜਿਸ ਵਿੱਚ ਤੁਰ ਗਏ ਉਸ ਦਿਲ ਦੇ ਜਾਨੀ ਦਾ ਮੂੰਹ ਵੇਖਣਾ ਵੀ ਨਸੀਬ ਨਹੀਂ ਸੀ ਹੋਇਆ।

ਦੋ ਕੁ ਵਰ੍ਹੇ ਪਹਿਲਾਂ ਤਲਵਿੰਦਰ ਦੇ ਘਰੇ ਬੈਠਿਆਂ ਰਾਤ ਨੌਂ ਪੌਣੇ ਨੌਂ ਵਜੇ ਭਾਬੀ ਦਾ ਭਤੀਜਾ ਆ ਗਿਆ ਬਟਾਲੇ ਤੋਂ। ਉਸਦੇ ਘਰ ਤੋਂ ਫੋਨ ਆਉਣ, ਅੱਗੋਂ ਕਹੇ 'ਵੇਰਕਾ ਟਪ ਆਇਆਂ। ਅੱਧੇ ਘੰਟੇ 'ਚ ਆਇਆ ਸਮਝੋ।' ਤਲਵਿੰਦਰ ਕਹਿੰਦਾ 'ਯਾਰ ਝੂਠ ਕਾਹਤੋਂ ਬੋਲਦੈਂ, ਕਹਿ ਅੰਮ੍ਰਿਤਸਰੋਂ ਨਹੀਂ ਤੁਰਿਆ ਅਜੇ।' ਜਵਾਨੀ ਤੇ ਨਸ਼ੇ ਦੇ ਸਾਂਝੇ ਲੋਰ 'ਚ ਮੁੰਡਾ ਵਾਅ ਨੂੰ ਤਲਵਾਰਾਂ ਮਾਰੇ। ਕਹਿੰਦਾ 'ਫਿਕਰ ਕਾਹਦਾ ਕਰਦੇ ਓ ਫੁਫੜ ਜੀ, ਬਹਿੰਦਿਆਂ ਸਾਰ ਆਈ ਟਵੰਟੀ ਨੂੰ ਜਹਾਜ ਬਣਾ ਦੇਣਾ। ਬਟਾਲੇ ਤਕ ਟੈਰ ਭੁੰਜੇ ਨਹੀਂ ਲੱਗਣ ਦੇਣੇ।' ਸਿਆਣੇ ਦੀ ਮੱਤ ਦਾ ਮੁੰਡੇ ਤੇ ਕੋਈ ਅਸਰ ਨਹੀਂ ਸੀ ਹੋਇਆ। ਉਸਦੇ ਘਰੋਂ ਜਾਣ ਤੋਂ ਅੱਧੇ ਘੰਟੇ ਬਾਅਦ ਹੀ ਫੋਨ ਆ ਗਿਆ ਸੀ ਕਿ ਵੇਰਕੇ ਲਾਗੇ ਟਰੱਕ ਨੂੰ ਮਾਰੀ ਸਿੱਧੀ ਟੱਕਰ ਨਾਲ ਆਪਣੇ ਦੋ ਛੋਟੇ ਬੱਚਿਆਂ ਤੇ ਜਵਾਨ ਪਤਨੀ ਨੂੰ ਵਿਲਕਦਿਆਂ ਛਡ ਕੇ ਬਜ਼ੁਰਗ ਮਾਂ ਬਾਪ ਦਾ ਲੱਕ ਤੋੜ ਗਿਆ ਸੀ। ਤਲਵਿੰਦਰ ਤੇ ਇਸ ਘਟਨਾ ਦਾ ਬਹੁਤ ਅਸਰ ਹੋਇਆ ਸੀ। ਉਹ ਅਕਸਰ ਇਸ ਹਾਦਸੇ ਨੂੰ ਯਾਦ ਕਰਕੇ ਕਿਹਾ ਕਰਦਾ ਸੀ ਕਿ 'ਬੰਦੇ ਨੂੰ ਸਹਿਜਤਾ ਤੋਂ ਕੰਮ ਲੈਣਾ ਚਾਹੀਦਾ।'

ਉਸ ਦਿਨ ਵੀ ਤਲਵਿੰਦਰ ਦੀ ਹਾਦਸਾ ਗ੍ਰਸਤ ਗੱਡੀ ਨੂੰ ਜਦੋਂ ਮੈਂ ਨੇੜਿਓਂ ਵੇਖਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਮੇਰੀ ਸੋਚ ਮੁੜ-ਮੁੜ ਚਕਨਾ ਚੂਰ ਹੋਈ ਗੱਡੀ ਦੇ ਸਪੀਡੋ ਮੀਟਰ ਤੇ ਜਾ ਕੇ ਰੁਕਦੀ ਸੀ, ਜਿਸਦੀ ਸੂਈ ਇਕ ਸੌ ਦਸ ਤੇ ਜਾ ਕੇ ਜਾਮ ਹੋਈ ਖੜੀ ਕਈ ਸਵਾਲ ਪੈਦਾ ਕਰਦੀ ਸੀ। ਆਲੀਸ਼ਾਨ ਫਾਰਮ ਹਾਊਸਾਂ ਵਿੱਚ ਬੇਤਹਾਸ਼ਾ ਖਰਚ ਕਰਕੇ ਹੁੰਦੇ ਵਿਆਹਾਂ ਵਿੱਚ ਨਾ ਖਾਣ ਵਾਲੀ ਕਿਸੇ

ਚੀਜ਼ ਦਾ ਅੰਤ ਤੇ ਨਾ ਪੀਣ ਵਾਲੀ ਕਿਸੇ ਸ਼ੈ ਦੀ ਤੋਟ। ਉਤੋਂ ਮਾਰ ਧਾੜ ਵਾਲੇ ਵਜਦੇ ਕੰਨ ਪਾੜਵੇਂ ਸ਼ੋਰ 'ਚ ਬੰਦੇ ਦੀ ਸਹਿਜਤਾ ਕਿੰਨੀ ਕੁ ਕਾਇਮ ਰਹਿ ਸਕਦੀ ਐ ? ਐਸੇ ਹੀ ਵਿਆਹ 'ਚੋਂ ਹੱਸਦੇ ਖੇਡਦੇ ਪਰਿਵਾਰ ਦੇ ਚਾਰੇ ਜੀਅ ਨਿਕਲੇ ਸਨ ਉਸ ਰਾਤ।

ਤਲਵਿੰਦਰ ਦੀ ਧੀ ਸੋਫ਼ੀਆ ਦਸਦੀ ਐ ਕਿ ਵਿਆਹ ਪਾਰਟੀ 'ਚ ਬੈਠਿਆਂ ਉਹਦੀ ਮੰਮੀ ਮੁੜ-ਮੁੜ ਚਿੰਤਾ ਜਤਾਉਂਦਿਆਂ ਕਹਿੰਦੀ ਸੀ ਕਿ ਤੁਸਾਂ ਗੱਡੀ ਡਰਾਈਵ ਕਰਨੀ ਐ, ਉਪਰੋਂ ਅੱਧੀ ਰਾਤ ਦਾ ਵੇਲਾ, ਪਿਓ-ਪੁੱਤ ਧਿਆਨ ਨਾਲ ਰਹਿਓ। ਘਰੋਂ ਤੁਰਨ ਤੋਂ ਪਹਿਲਾਂ ਤਲਵਿੰਦਰ ਨੂੰ ਅਗਲੇ ਦਿਨ ਦਫਤਰ ਤੋਰਨ ਲਈ ਕਟ ਕੇ ਰੱਖੀ ਸਬਜੀ ਇਕ ਪਾਸੇ ਪਈ ਸੀ ਤੇ ਲਾਗੇ ਹੀ ਕੌਲੀ 'ਚ ਛਿੱਲੀਆਂ ਪਈਆਂ ਸਨ ਲਸਣ ਦੀਆਂ ਤੁਲੀਆਂ। ਰਸੋਈ 'ਚ ਕਿਤੇ ਚਿਮਚਾ ਮਾਂਜਣ ਵਾਲਾ ਨਹੀਂ ਸੀ ਛਡ ਕੇ ਆਈ। ਕੌਣ ਜਾਣਦਾ ਸੀ ਰੱਬ-ਰੱਬ ਕਰਨ ਵਾਲੀ ਉਸ ਸਚਿਆਰੀ ਜਨਾਨੀ ਨੂੰ ਘਰ ਦੀ ਬਜਾਏ ਸਿਵਿਆਂ ਦਾ ਰਾਹ ਨਸੀਬ ਹੋਣਾ ਸੀ।

ਦੋਸਤਾਂ ਦੇ ਫੋਨ ਆਉਂਦੇ ਨੇ ਲਗਾਤਾਰ। ਅਫਸੋਸ ਕਰਦੇ ਨੇ। ਪੁੱਛਦੇ ਨੇ, 'ਕਿੱਥੇ ਦਰੀ ਵਿਛਾ ਕੇ ਬੈਠੇ ਜੇ, ਹਿਰਖ਼ ਕਰਨ ਆਉਣਾ।' ਕਿਥੇ ਦਸੀਏ, ਜਿਨ੍ਹਾਂ ਹੱਥਾਂ ਨਾਲ ਜਿੰਦਰਾ ਮਾਰ ਕੇ ਵਸਦਾ ਰਸਦਾ ਪਰਿਵਾਰ ਕਿਸੇ ਵਿਆਹ 'ਚ ਸ਼ਾਮਲ ਹੋਣ ਲਈ ਨਿਕਲਿਆ ਸੀ। ਉਸ ਵੱਜੇ ਜਿੰਦਰੇ ਨੂੰ ਹਾਲੇ ਵੀ ਉਡੀਕ ਐ, ਘਰ ਦੇ ਮਾਲਕਾਂ ਦੀ। ਉਥੇ ਵੱਸਣ ਵਾਲਿਆਂ ਦੀ।

ਦੁਨੀਆ ਜਹਾਨ ਦੇ ਦੁੱਖ-ਦਰਦ ਤੇ ਤਕਲੀਫਾਂ ਦੀ ਗੱਲ ਆਪਣੀ ਕਹਾਣੀ 'ਚ ਕਹਿਣ ਵਾਲਾ ਕਥਾਕਾਰ ਅੱਜ ਖੁਦ ਇਕ ਕਹਾਣੀ ਬਣ ਗਿਆ ਹੈ। ਆਪਣੇ ਪਿਛੇ ਜਿਹੜਾ ਖਲਾਅ ਪੈਦਾ ਕਰਕੇ ਗਿਆ ਉਹ ਕਿਸੇ ਦੇ ਚਿੱਤ-ਚੇਤਿਆਂ 'ਚ ਵੀ ਨਹੀਂ ਸੀ। ਇਸ ਖੌਫਨਾਕ ਹਾਦਸੇ 'ਚ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਉਹਦੇ ਪੁੱਤਰ ਸੁਮੀਤ ਨੂੰ ਕਈ ਦਿਨ ਹਸਪਤਾਲ 'ਚ ਇਲਾਜ਼ ਕਰਵਾਉਣ ਪਿਛੋਂ ਘਰ ਲੈ ਕੇ ਆਏ ਹਾਂ। ਉਹ ਸਵਾਲੀਆ ਨਜ਼ਰਾਂ ਨਾਲ ਪੁੱਛਣਾ ਚਾਹੁੰਦਾ, ਆਪਣੇ ਮਾਂ-ਪਿਉ ਬਾਰੇ। ਆਪਣੀ ਸੱਜ ਵਿਆਹੀ ਪਤਨੀ ਬਾਰੇ ਜਿਸ ਦੀਆਂ ਬਾਹਵਾਂ 'ਚ ਪਏ ਚੂੜੇ ਦਾ ਰੰਗ ਵੀ ਫਿੱਕਾ ਨਹੀਂ ਪਿਆ ਤੇ ਜੋ ਹਸਪਤਾਲ ਦੇ ਅੰਦਰ ਅਜੇ ਵੀ ਬੇਹੋਸ਼ ਪਈ ਜ਼ਿੰਦਗੀ ਤੇ ਮੌਤ ਦੇ ਚੌਰਾਹੇ ਤੇ ਖੜ੍ਹੀ ਐ। ਮੁੰਡੇ ਨੂੰ ਗੱਲ ਆਲੇ-ਟਾਲੇ ਪਾ ਕੇ ਦਸਦੇ ਐਂ ਕਿ 'ਤੇਰੇ ਨਾਲ ਹੀ ਸੱਟਾਂ ਲਗੀਆਂ ਉਨ੍ਹਾਂ ਨੂੰ ਵੀ। ਹਸਪਤਾਲ 'ਚ ਦਾਖਲ ਨੇ। ਠੀਕ ਹੋਣ ਤੇ ਆ ਜਾਣਗੇ ਉਹ ਵੀ।' ਪਰ ਸਾਨੂੰ ਪਤੈ ਅਸੀਂ ਹਜ਼ਾਰ ਲੁਕਾਅ ਰਖੀਏ ਉਹਦੇ ਕੋਲੋਂ। ਉਸਦੀਆਂ ਆਂਦਰਾਂ ਨੇ ਜਾਣ ਲੈਣਾ ਸਭ ਕੁੱਝ ਸੱਚੋ-ਸੱਚ।

ਤਲਵਿੰਦਰ ਅਕਸਰ ਕਿਹਾ ਕਰਦਾ ਸੀ ਕਿ 'ਮੇਰੇ ਯਾਰ ਦੋਸਤ ਮੇਰੇ ਨਾਲ ਨਰਾਜ਼ ਨੇ, ਕੋਈ ਕਹਿੰਦਾ ਮੈਨੂੰ ਮੁੰਡੇ ਦੇ ਵਿਆਹ 'ਚ ਨਹੀਂ ਬੁਲਾਇਆ। ਕੋਈ ਕਹਿੰਦਾ ਨਵੇਂ ਘਰ ਦੀ ਚੱਠ ਨਹੀਂ ਕੀਤੀ ਤੂੰ ਚੱਜ ਨਾਲ। ਮਜੀਠੇ ਆਪਾਂ ਇੱਕ ਯਾਦਗਾਰੀ ਸਮਾਗਮ ਰਚਾਉਣਾ। ਜਿਸ ਵਿੱਚ ਮੈਂ ਆਪਣੀਆਂ ਸਭ ਜਾਨਾਂ ਨੂੰ ਬੁਲਾਉਣਾ।' ਉਸਦੇ ਸੁਪਨਿਆਂ ਦਾ ਇਹ ਸਮਾਗਮ, ਉਹ ਦੇ ਸੰਗੀ ਸਾਥੀ, ਉਹਦੇ ਪਰਿਵਾਰ ਦੇ ਜੀਆਂ ਦੀ ਹਾਜ਼ਰੀ ਤੋਂ ਬਗੈਰ, ਉਹਦੇ ਦਿਲ ਵਰਗੇ ਖੁੱਲ੍ਹੇ ਵਿਹੜੇ 'ਚ ਮਨਾਉਂਦਿਆਂ, ਘਰ ਦੇ ਕੰਧਾਂ ਕੋਲਿਆਂ ਨਾਲ ਲਗ ਕੇ ਭੁੱਬੀ-ਭੁੱਬੀ— ਰੋਂਦੇ ਵੇਖੇ ਨਹੀਂ ਸਨ ਜਾਂਦੇ।

**ਇਕ ਸੱਚ ਇਹ ਵੀ ਐ**

ਤਲਵਿੰਦਰ ਦੇ ਜਿਗਰੀ ਯਾਰਾਂ ਨੇ ਉਸਨੂੰ ਪਤਨੀ ਸਮੇਤ ਚਿਖਾ 'ਚ ਚਿਣ ਦਿੱਤਾ ਸੀ। ਆਪਣੇ ਹੱਥ ਵਿਚ ਵਿਚਲੇ ਬਲਦੇ ਮੁਆਤੇ ਨਾਲ ਡਿਕੋ-ਡੋਲੇ ਖਾਂਦੀਆਂ ਲੱਤਾਂ ਦੇ ਸਹਾਰੇ ਚਿਖਾ ਨੂੰ ਅਗਨੀ ਵਿਖਾਉਂਦਿਆਂ ਉਨ੍ਹਾਂ ਦੇ ਸਿਰਾਂ ਤਕ ਪਹੁੰਚ ਮੇਰੀ ਹਾਰ ਹੋ ਗਈ ਸੀ। ਬਲਦੇ ਮੁਆਤੇ ਦਾ ਸੇਕ ਮੇਰੇ ਹੱਥਾਂ ਤਕ ਆਣ ਪਹੁੰਚਿਆ ਸੀ। ਮੇਰੇ ਕੋਲ ਖੜੇ ਡਾ. ਜਗੀਰ ਸਿੰਘ ਨੂਰ ਨੇ ਮੈਨੂੰ ਗਲ਼ 'ਚ ਲਿਆ ਸੀ



ਤੇ ਪ੍ਰੋਫੈਸਰ ਸੁਰਜੀਤ ਜੱਜ ਨੇ ਵੀ ਮੇਰੀ ਪਿੱਠ ਤੇ ਹੱਥ ਫੇਰਿਆ ਸੀ। ਪਤਾ ਨਹੀਂ ਉਹ ਮੈਨੂੰ ਦਿਲਾਸਾ ਦੇ ਰਹੇ ਸਨ ਜਾਂ ਆਪਣੇ ਆਪ ਨੂੰ। ਆਏ ਹੋਰਨਾਂ ਦੋਸਤਾਂ ਵਾਂਗ ਇਹ ਦੋਵੇਂ ਵੀ ਤਲਵਿੰਦਰ ਦੀਆਂ ਫਗਵਾੜੇ 'ਚ ਵੱਡੀਆਂ ਧਿਰਾਂ ਸਨ, ਨੂਰ ਨਾਲ ਤਲਵਿੰਦਰ ਦੀ ਸਾਂਝ ਬਟਾਲੇ ਕਾਲਜ ਪੜ੍ਹਦਿਆਂ ਸ਼ੁਰੂ ਹੋ ਕੇ ਸਾਹਿਤਕ ਸਫ਼ਾਂ ਵਿਚੋਂ ਗੁਜਰਦੀ ਪਰਿਵਾਰਕ ਸਾਂਝ ਬਣ ਗਈ ਸੀ। ਸੁਰਜੀਤ ਜੱਜ ਵੀ ਉਹਦਾ ਭਰਾਵਾਂ ਵਰਗਾ ਯਾਰ ਸੀ। ਤਲਵਿੰਦਰ ਜਦੋਂ ਵੀ ਆਪਣੇ ਅੰਦਾਜ 'ਚ ਕਿਹਾ ਕਰਦਾ ਸੀ ਕਿ ਇਹ ਮੇਰੇ ਕਿਚਨ ਕੈਬਨਿਟ ਦੇ ਯਾਰ ਹਨ ਤਾਂ ਪਹਿਲਾ ਨਾਂ ਸੁਰਜੀਤ ਜੱਜ ਦਾ ਹੀ ਉਹਦੀ ਜਬਾਨ ਤੇ ਹੁੰਦਾ ਸੀ। ਤਲਵਿੰਦਰ ਦੀ ਧੀ ਸੋਫੀਆ ਦੋ ਵਰ੍ਹੇ ਪੜ੍ਹਾਈ ਦੇ ਸਿਲਸਿਲੇ 'ਚ ਆਪਣੀ ਸਹੇਲੀ ਸਮੇਤ ਜੱਜ ਦੇ ਹੀ ਘਰ ਰਹੀ ਸੀ। ਉਸ ਦੀਆਂ ਸਕੀਆਂ ਧੀਆਂ ਵਾਂਗ। ਪਰ ਪਿਛਲੇ ਕੁੱਝ ਸਮੇਂ ਤੋਂ ਤਲਵਿੰਦਰ ਦੀਆਂ ਫਗਵਾੜੇ ਵਾਲੀਆਂ ਧਿਰਾਂ ਦਾ ਤਲਵਿੰਦਰ ਨਾਲ ਮਨ ਮੁਟਾਵ ਚਲ ਰਿਹਾ ਸੀ। ਜੱਜ ਤਾਂ ਕੇਂਦਰੀ ਸਭਾ ਦੀਆਂ ਚੋਣਾਂ 'ਚ ਜਿਹੜੀ ਲਕੀਰ ਖਿਚ ਬੈਠਾ ਸੀ ਉਸ ਦੇ ਉਰਾਰ ਨਹੀਂ ਸੀ ਆ ਰਿਹਾ। ਜਿੰਨ੍ਹਾਂ ਨੇ ਵਿਰੋਧ 'ਚ ਚੋਣ ਲੜੀ ਸੀ ਉਹ ਤਾਂ ਸਭ ਕੁੱਝ ਭੁਲ-ਭੁਲਾ ਕੇ ਹਰ ਜਗ੍ਹਾ ਇਕੱਠੇ ਵਿਚਰਦੇ ਸਨ। ਪਰ ਜੱਜ ਜਿਨ੍ਹਾਂ ਪੈਰਾਂ ਤੇ ਖੜ੍ਹਾ ਸੀ ਰੱਤੀ ਭਰ ਵੀ ਨਹੀਂ ਸੀ ਹਿਲਿਆ। ਜਗੀਰ ਸਿੰਘ ਨੂਰ ਦੀ ਸਥਿਤੀ ਵੀ ਲਗਭਗ ਇਹੋ ਜਿਹੀ ਹੀ ਸੀ। ਪੰਜਾਬੀ ਸਾਹਿਤ ਸਭਾ ਕੋਲਕਾਤਾ ਦੇ ਸੱਦੇ ਤੇ ਬਲਦੇਵ ਸਿੰਘ ਦੀ ਅਗਵਾਈ 'ਚ ਡੈਲੀਗੇਸ਼ਨ ਗਿਆ ਸੀ ਜਿਸ ਦਾ ਮੁਖ ਪ੍ਰਬੰਧਕ ਤਲਵਿੰਦਰ ਸੀ। ਵਾਪਸੀ ਤੇ ਕਿਸੇ ਮਮੂਲੀ ਗੱਲ ਤੋਂ ਤਲਵਿੰਦਰ ਨਾਲ ਹੋਈ ਤਲਖ਼ ਕਲਾਮੀ 'ਚ ਨੂਰ ਗੁੱਸਾ ਖਾ ਗਿਆ ਸੀ। ਗੁੱਸਾ ਵੀ ਇੰਨਾ ਕਿ ਕਈ ਵਾਰ ਕਿਸੇ ਸਮਾਗਮ 'ਚ ਆਹਮਣਾ ਸਾਹਮਣਾ ਹੋਣ ਤੇ ਵੀ ਨੂਰ ਸਾਹਿਬ ਪਾਸਾ ਵੱਟ ਜਾਂਦੇ ਸਨ। ਇਹ ਤਾਂ ਮੈਂ ਆਪ ਕਈ ਵਾਰ ਨੋਟ ਕੀਤਾ ਸੀ। ਕਈ ਮਿੱਤਰਾਂ ਨੇ ਇਨ੍ਹਾਂ ਤਿੰਨਾਂ ਨੂੰ ਇਕੱਠਿਆਂ ਬਠਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਗੱਲ ਕਿਸੇ ਸਿਰੇ ਨਾ ਲਗ ਸਕੀ।

ਤਲਵਿੰਦਰ ਦੇ ਦਫਤਰ ਬੈਠਿਆਂ ਕਲਕੱਤੇ ਵਾਲੇ ਸਮਾਗਮ ਦੀਆਂ ਗੱਲਾਂ ਚਲ ਰਹੀਆਂ ਸਨ। ਤਰਨ ਤਾਰਨ ਵਾਲਾ ਤਰਲੋਚਨ ਵੀ ਲਾਗੇ ਬੈਠਾ ਸੀ। ਨੂਰ ਦਾ ਵਾਰ ਵਾਰ ਜ਼ਿਕਰ ਆਏ। ਪਤਾ ਨਹੀਂ ਤਲਵਿੰਦਰ ਦੇ ਦਿਲ 'ਚ ਕੀ ਆਈ ਨੂਰ ਦਾ ਨੰਬਰ ਡਾਇਲ ਕਰ ਦਿੱਤਾ। ਬੈੱਲ ਵੱਜੀ। ਵੱਜਦੀ ਗਈ। ਵੱਜ ਕੇ ਬੰਦ ਵੀ ਹੋ ਗਈ। ਪਰ ਨੂਰ ਸਾਹਿਬ ਨੇ ਫੋਨ ਨਾ ਚੁੱਕਿਆ। ਤਲਵਿੰਦਰ ਕਹਿੰਦਾ 'ਚਲ ਕੋਈ ਨਹੀਂ, ਖੁਵਾਰ ਹੋਏ ਸਭ ਮਿਲੇਂਗੇ।' ਕਦੀ ਨਾ ਕਦੀ ਤਾਂ ਆਇਗਾ ਹੀ ਦੋਸਤਾਂ ਦੀ ਮੁੱਖ ਧਾਰਾ 'ਚ
।

ਇਸੇ ਤਰ੍ਹਾਂ ਸਭ ਕੁੱਝ ਭੁਲ ਭੁਲਾ ਕੇ ਇੱਕ ਦਿਨ ਜੱਜ ਨੂੰ ਵੀ ਫੋਨ ਕੀਤਾ ਸੀ ਤਲਵਿੰਦਰ ਨੇ। ਜੱਜ ਹੋਰਾਂ ਫੋਨ ਆਪਣੀ ਪਤਨੀ ਨੂੰ ਫੜਾ ਕੇ ਕਹਾ ਦਿੱਤਾ ਕਿ ਕਹਿ ਉਹ ਘਰ ਨਹੀਂ ਹਨ। ਇਹ ਗੱਲ ਜੱਜ ਨੇ ਆਪ ਜਨਤਕ ਤੌਰ ਤੇ ਸਾਂਝੀ ਕੀਤੀ ਹੈ। ਬਾਰਾਂ ਨਵੰਬਰ ਦੀ ਕਲਿਹਣੀ ਖਬਰ ਬਾਕੀ ਮਿੱਤਰਾਂ ਵਾਂਗ ਇਨ੍ਹਾਂ ਨੂੰ ਵੀ ਚੜ੍ਹਦੀ ਸਵੇਰ ਨੂੰ ਹੀ ਮਿਲ ਗਈ ਸੀ। ਦੋਵੇਂ ਅੰਮ੍ਰਿਤਸਰ ਦੇ ਸ਼ਹੀਦਾਂ ਲਾਗਲੇ ਮਸਾਣਾ 'ਚ ਸਾਰਾ ਦਿਨ ਖੜੇ ਆਪਣੇ ਮਹਿਬੂਬ ਮਿੱਤਰ ਦੀ ਉਡੀਕ ਕਰਦੇ ਰਹੇ ਸਨ ਬਾਕੀਆਂ ਵਾਂਗ। ਆਪਣੇ ਮਿੱਤਰ ਦੀ ਚਿਖਾ ਹੋਰਨਾਂ ਨਾਲ ਰਲ ਕੇ ਆਪਣੇ ਹੱਥੀਂ ਤਿਆਰ ਕਰਵਾਈ ਸੀ ਇਨ੍ਹਾਂ ਦੋਵਾਂ ਨੇ। ਯਾਰਾਂ ਦਾ ਯਾਰ ਉਸੇ ਚਿਖਾ 'ਚ ਲੰਮੀਆਂ ਤਾਣ ਕੇ ਸੌਂ ਗਿਆ ਸੀ, ਅੱਗ ਦੀਆਂ ਸੁਨਹਿਰੀ ਲਪਟਾਂ 'ਚ ।ਸੂਰਜ ਲਹਿੰਦੇ ਵੱਲ ਦੂਰ ਹੇਠਾਂ ਸਰਕ ਗਿਆ ਸੀ। ਮਸਾਣਾ 'ਚੋਂ ਲੋਕ ਹੌਲੀ ਹੌਲੀ ਬਾਹਰ ਨਿਕਲ ਰਹੇ ਸਨ। ਜੱਜ ਤੇ ਨੂਰ ਵੀ ਬਾਕੀਆਂ ਨਾਲ ਕਿਸੇ ਹਾਰੇ ਖਿਡਾਰੀ ਵਾਂਗ ਪੈਰ ਘਸੀਟਦੇ ਬਾਹਰ ਵੱਲ ਜਾ ਰਹੇ ਸਨ। ਤਲਵਿੰਦਰ ਫਿਰ ਬਾਜੀ ਮਾਰ ਬਹੁਤ ਅਗਾਂਹ ਲੰਘ ਗਿਆ ਜਾਪਦਾ ਸੀ।

ਮੋ- 98721-65707

# ਹਨੇਰੇ ਦੇ ਇਸ ਪਾਸੇ/ ਰਵੀਂਦਰ ਕਾਲੀਆ

ਕੇਂਦਰੀਯ ਹਿੰਦੀ ਨਿਦੇਸ਼ਾਲਯ 'ਚ ਬਹੁਤ ਸਾਰੇ ਸਾਹਿਤਕ ਮਿੱਤਰ ਸਨ – ਸੁਰੇਸ਼ ਅਵਸਥੀ, ਕੁਲਭੂਸ਼ਣ, ਸ਼ਿਆਮਮੋਹਨ ਸ੍ਰੀਵਾਸਤਵ (ਮਰਹੂਮ), ਜਗਦੀਸ਼ ਚਤੁਰਵੇਦੀ, ਸ਼ੇਰਜੰਗ ਗਰਗ, ਰਮੇਸ਼ ਗੌੜ, ਖਵਾਜਾ ਬਦੀਉੱਜ਼ਮਾ (ਮਰਹੂਮ) ਆਦਿ ਆਦਿ। ਕੁਝ ਹੀ ਦਿਨਾਂ 'ਚ ਮੈਂ ਮਹਿਸੂਸ ਕੀਤਾ, ਆਦਿ ਆਦਿ ਲੋਕ ਛਪਣ-ਛਪਾਉਣ ਵਾਲੇ ਸਾਹਿਤਕਾਰਾਂ ਤੋਂ ਬੜੇ ਸੜਦੇ ਸਨ। ਦਿੱਲੀ 'ਚ ਸਾਰਾ ਦਿਨ ਦਫ਼ਤਰ ਅਤੇ ਟੀ-ਹਾਊਸ 'ਚ ਬੀਤਦਾ। ਉਹਨਾਂ ਦਿਨਾਂ 'ਚ ਟੀ-ਹਾਊਸ ਜਾਨਦਾਰ ਸੀ।

ਟੀ-ਹਾਊਸ ਦਾ ਖੁੱਲ੍ਹਾ ਵਾਤਾਵਰਣ ਕਈ ਵਾਰ ਦਫ਼ਤਰੀ ਜੀਵਨ 'ਚ ਉਲਝਣਾਂ ਪੈਦਾ ਕਰ ਦਿੰਦਾ ਸੀ। ਦਫ਼ਤਰ ਦੇ ਅਫ਼ਸਰ ਲੇਖਕ ਇਹ ਮੰਨ ਕੇ ਚਲਦੇ ਸਨ ਕਿ ਸਾਹਿਤ 'ਚ ਵੀ ਅਸੀਂ ਉਹਨਾਂ ਦੇ ਮਾਤਹਿਤ ਹਾਂ। ਉਹਨੀਂ ਦਿਨੀਂ 'ਗਿਆਨੋਦਯ' ਦੇ ਕਿਸੇ ਅੰਕ 'ਚ ਹਿੰਦੀ ਰੰਗਮੰਚ ਦੇ ਸੰਬੰਧ 'ਚ 'ਅਸ਼ਕ' ਦਾ ਇਕ ਲੇਖ ਛਪਿਆ ਸੀ, ਜਿਸ 'ਚ ਇਕ ਅਧਿਕਾਰੀ ਦੇ ਲੇਖ ਦੀ ਸਖ਼ਤ ਆਲੋਚਨਾ ਕੀਤੀ ਗਈ ਸੀ। ਜਗਦੀਸ਼ ਚਤੁਰਵੇਦੀ, ਸ਼ਿਆਮਮੋਹਨ ਸ੍ਰੀਵਾਸਤਵ, ਸ਼ੇਰਜੰਗ ਗਰਗ ਅਤੇ ਮੈਂ ਉਸ ਲੇਖ ਦੀ ਪ੍ਰਸ਼ੰਸਾ ਕਰਦਿਆਂ ਅਸ਼ਕ ਜੀ ਨੂੰ ਇਕ ਸਾਂਝੀ ਵਧਾਈ ਦੀ ਚਿੱਠੀ ਪਾਈ। ਅਸ਼ਕ ਜੀ ਨੇ ਸਾਡੀ ਚਿੱਠੀ ਦਾ ਬੜਾ ਪ੍ਰਚਾਰ ਕੀਤਾ। ਹਰ ਮਿਲਣ ਵਾਲੇ ਨੂੰ ਉਹਨਾਂ ਨੇ ਸਾਡੀ ਸਾਂਝੀ ਚਿੱਠੀ ਦਾ ਏਨਾ ਜ਼ਿਕਰ ਕੀਤਾ ਕਿ ਇਕ ਦਿਨ ਆਥਣੇ ਸਾਢੇ ਚਾਰ ਵਜੇ ਦੇ ਕਰੀਬ ਅਧਿਕਾਰੀ ਦੇ ਕਮਰੇ 'ਚ ਸਾਡੀ ਸਾਂਝੀ ਚਿੱਠੀ ਪੇਸ਼ ਹੋ ਗਈ। ਨਰੇਸ਼ ਮਹਿਤਾ 'ਇਤਿ ਨਮਸਕਾਰੰਤੇ' ਕਰਕੇ ਅਧਿਕਾਰੀ ਦੇ ਕਮਰੇ 'ਚੋਂ ਨਿਕਲੇ ਹੀ ਸਨ ਕਿ ਉਹਨਾਂ ਦਾ ਚਪੜਾਸੀ ਯਮਦੂਤ ਦੀ ਤਰ੍ਹਾਂ ਮੇਰੇ ਸਿਰ 'ਤੇ ਖੜ੍ਹਾ ਹੋ ਗਿਆ। ਸਾਹਿਬ ਦਾ ਸੱਦਾ ਆਇਆ ਸੀ। ਅਧਿਕਾਰੀ ਜੀ ਅਕਸਰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕਰਿਆ ਕਰਦੇ ਸਨ। ਉਸ ਦਿਨ ਉਹ ਖੁਦ ਤਾਂ ਰਿਵਾਲਵਿੰਗ ਚੇਅਰ 'ਤੇ ਹੋਰ ਜ਼ਿਆਦਾ ਪਸਰ ਗਏ ਅਤੇ ਮੈਨੂੰ ਖੜ੍ਹਾ ਰੱਖਿਆ।

"ਅਸ਼ਕ ਵਰਗੇ ਬੇਹੂਦਾ ਬੰਦੇ ਦੇ ਕੋਲ ਤੁਸੀਂ ਸਾਡੀ 'ਕੌਂਫੀਡੈਂਸ਼ਲ ਰਿਪੋਰਟ' ਲਿਖਦੇ ਹੋ। ਮੈਂ ਤਾਂ ਦਫ਼ਤਰ 'ਚ ਹੀ ਲਿਖਣੀ ਹੈ।"

ਗੱਲ ਸਮਝਣ 'ਚ ਮੈਨੂੰ ਦੇਰ ਨਾ ਲੱਗੀ। ਜਦ ਤੋਂ ਕਹਾਣੀਆਂ ਛਪਣ ਲੱਗੀਆਂ ਸਨ, ਨੌਕਰੀ ਨੂੰ ਅਸੀਂ ਕੋਈ ਬਹੁਮੁੱਲੀ ਚੀਜ਼ ਨਹੀਂ ਸਮਝਦੇ ਸੀ। ਇਕ ਔਸਤ ਅਫ਼ਸਰ ਦੀ ਤਰ੍ਹਾਂ ਅਧਿਕਾਰੀ ਜੀ ਨੂੰ ਇਸਦੀ ਭਣਕ ਤੱਕ ਨਹੀਂ ਸੀ। ਮੈਂ ਕਿਹਾ "ਦਫ਼ਤਰ ਦੇ ਬਾਰੇ 'ਚ ਤਾਂ ਕਿਸੇ ਨੇ ਅਸ਼ਕ ਜੀ ਨੂੰ ਕੋਈ ਗੱਲ ਨਹੀਂ ਲਿਖੀ।"

"ਮੈਂ ਕੀ ਦਫ਼ਤਰ 'ਚ ਨਹੀਂ ਹਾਂ ?"

"ਦਫ਼ਤਰ 'ਚ ਤੁਸੀਂ ਲੇਖਕ ਦੀ ਹੈਸੀਅਤ ਨਾਲ ਤਾਂ ਨਹੀਂ ਹੋ।"

"ਮੈਨੂੰ ਲੇਖਕ ਦੀ ਹੈਸੀਅਤ ਤੋਂ ਹੀ ਘਰੇ ਫੋਨ ਆਇਆ ਹੈ।" ਅਧਿਕਾਰੀ ਨੇ ਕਿਹਾ, "ਤੁਸੀਂ ਰੋਜ਼ ਟੀ-ਹਾਊਸ ਕਿਉਂ ਜਾਂਦੇ ਹੋ ?"

"ਦਫ਼ਤਰ ਦੇ ਬਾਦ ਹੀ ਜਾਂਦਾ ਹਾਂ।" ਮੈਂ ਕਿਹਾ।

"ਪਰ ਮੈਨੂੰ ਪਸੰਦ ਨਹੀਂ। ਤੁਸੀਂ ਉੱਥੇ ਵੀ ਮੇਰੇ ਬਾਰੇ 'ਚ ਰਿਮਾਰਕ ਪਾਸ ਕਰਦੇ ਹੋਵੋਗੇ।"

ਮੈਨੂੰ ਲੱਗਿਆ ਨਿਹਾਇਤ ਬੇਵਕੂਫ ਅਫ਼ਸਰ ਨਾਲ ਪਾਲਾ ਪੈ ਗਿਆ ਹੈ।

"ਤੁਸੀਂ ਮੈਨੂੰ ਟੀ-ਹਾਊਸ ਜਾਣ ਤੋਂ ਨਹੀਂ ਰੋਕ ਸਕਦੇ।" ਮੈਂ ਕਿਹਾ ਅਤੇ ਉਹਨਾਂ ਦੀ ਅਕਲ 'ਤੇ ਹੈਰਾਨ ਹੋਣ ਲੱਗਿਆ। ਉਹਨਾਂ ਦੇ ਸਾਰੇ ਮਿੱਤਰ ਮੇਰੇ ਵੀ ਬੜੇ ਮਿੱਤਰ ਸਨ। ਰਾਕੇਸ਼, ਨਾਮਵਰ, ਨੇਮੀਚੰਦਰ ਜੈਨ, ਕਮਲੇਸ਼ਵਰ, ਯਾਦਵ। ਉਹ ਮੇਰੇ ਪ੍ਰਤਿ ਅਜਿਹਾ ਰਵੱਈਆ ਕਿਵੇਂ



ਅਪਣਾ ਸਕਦੇ ਹਨ। ਮੈਨੂੰ ਆਪਣੀ ਕੌਂਫੀਡੈਂਸ਼ਲ ਰਿਪੋਰਟ ਦੀ ਜ਼ਰਾ ਵੀ ਫ਼ਿਕਰ ਨਹੀਂ ਸੀ। ਨਵਾਂ ਖ਼ੂਨ ਸੀ ਕੋਈ ਵੀ ਖ਼ਤਰਾ ਚੁੱਕਣ ਨੂੰ ਤਿਆਰ ਸੀ। ਅਧਿਕਾਰੀ ਜੀ ਦਫ਼ਤਰੀ ਪੱਧਰ 'ਤੇ ਇਕ ਮਾਤਹਿਤ ਨੂੰ ਜਿੰਨਾ ਵੀ ਪਰੇਸ਼ਾਨ ਕਰ ਸਕਦੇ ਸਨ, ਉਹਨਾਂ ਨੇ ਕੀਤਾ। ਮੈਂ ਤਾਂ ਉਹਨਾਂ ਦੇ ਚੁੰਗਲ 'ਚੋਂ ਨਿਕਲ ਗਿਆ, ਪਰ ਵਿਚਾਰਾ ਸ਼ਿਆਮਮੋਹਨ ਠੀਕ ਉਹਨਾਂ ਦੇ ਯੂਨਿਟ 'ਚ ਹੋਣ ਕਾਰਣ ਜ਼ਿਆਦਾ ਤਕਲੀਫ 'ਚ ਆ ਗਿਆ। ਮੈਨੂੰ ਅੱਜ ਲੱਗਦਾ ਹੈ, ਸ਼ਿਆਮਮੋਹਨ ਦੀ ਬੇਵਕਤੀ ਮੌਤ ਦੇ ਲਈ ਕਿਤੇ ਨਾ ਕਿਤੇ ਅਜਿਹੇ ਰਾਖਸ਼ਾਂ ਦਾ ਨਪਿਆ-ਤੁਲਿਆ ਯੋਗਦਾਨ ਜ਼ਰੂਰ ਹੈ। ਅਫ਼ਸਰਾਂ ਦੀਆਂ ਅਜਿਹੀਆਂ ਹੀ ਮੂਰਖਤਾਵਾਂ ਮੈਨੂੰ ਲੇਖਕੀ ਪੱਧਰ 'ਤੇ ਹਮੇਸ਼ਾ ਪ੍ਰੇਰਿਤ ਕਰਦੀਆਂ।

ਇਕ-ਦੋ ਵਾਰ ਮੈਨੂੰ ਅਧਿਕਾਰੀ ਸਾਹਿਬ ਦੇ ਨਾਲ ਕੇਂਦਰੀ ਸਕੱਤਰੇਤ 'ਚ ਜਾਣ ਦਾ ਮੌਕਾ ਮਿਲਿਆ ਅਤੇ ਮੈਨੂੰ ਲੱਗਿਆ ਕਿ ਸਕੱਤਰ (ਸ੍ਰੀ ਆਰ.ਪੀ. ਨਾਇਕ) ਦੇ ਸਾਹਮਣੇ ਅਧਿਕਾਰੀ ਸਾਹਿਬ ਕਿੰਨਾ ਤਰਸਯੋਗ, ਕਿੰਨੇ ਚਾਪਲੂਸ, ਕਿੰਨੇ ਉਦਾਸੀਨ ਹੋ ਜਾਂਦੇ ਸਨ। ਪਰ ਇਹ ਉਹੀ ਅਧਿਕਾਰੀ ਸਨ, ਜੋ ਮੇਰੇ 'ਧਰਮਯੁੱਗ' 'ਚ ਪਹੁੰਚਣ 'ਤੇ ਮੁੰਬਈ ਆਏ ਤਾਂ ਆਪਣੇ ਸਭ ਮਾੜੇ ਕੰਮਾਂ ਦਾ ਪਛਤਾਵਾ ਜਿਹਾ ਕਰਦਿਆਂ ਮੇਰੀ ਕਿਸੇ ਕਹਾਣੀ ਦਾ ਨਾਂ ਯਾਦ ਨਾ ਆਉਣ 'ਤੇ ਮੇਰੀ ਨਵੀਂ ਬੁਸ਼ਸ਼ਰਟ ਦੀ ਹੀ ਤਾਰੀਫ਼ ਕਰਨ ਲੱਗੇ। ਉਹਨਾਂ ਨੂੰ ਸ਼ਾਇਦ ਇਹ ਪਤਾ ਨਹੀਂ ਸੀ ਕਿ 'ਧਰਮਯੁੱਗ' ਦੇ ਉਪ-ਸੰਪਾਦਕ ਦੀ ਹੈਸੀਅਤ ਭਾਰਤੀ ਜੀ ਨੇ ਪਰੂਫ਼ ਰੀਡਰ ਤੋਂ ਵੀ ਪਤਲੀ ਕਰ ਰੱਖੀ ਸੀ। ਉਹਨਾਂ ਨੂੰ ਇਸਦਾ ਅਹਿਸਾਸ ਹੁੰਦਾ ਤਾਂ ਸ਼ਾਇਦ ਮੈਨੂੰ ਪਛਾਣਨ ਦੀ ਵੀ ਕੋਸ਼ਿਸ਼ ਨਾ ਕਰਦੇ। ਉਸ ਦਿਨ ਉਹਨਾਂ ਨੇ ਸੱਤਿਆਦੇਵ ਦੂਬੇ ਆਦਿ ਕੁਝ ਰੰਗ-ਕਰਮੀਆਂ ਨੂੰ ਮਿਲਣ ਜਾਣਾ ਸੀ ਤਾਂ ਭਾਰਤੀ ਜੀ ਤੋਂ ਛੁੱਟੀ ਦਵਾਕੇ ਆਪਣੇ ਨਾਲ ਲੈ ਗਏ। ਬਾਦ 'ਚ ਉਹਨਾਂ ਨੇ ਬੜਾ ਵਧੀਆ ਖਾਣਾ ਵੀ ਖਵਾਇਆ।

ਮੈਂ ਉਸੇ ਦਫ਼ਤਰ 'ਚ ਰਹਿੰਦਿਆਂ ਅਫ਼ਸਰਾਂ ਦੀਆਂ ਮਾੜੀਆਂ ਮਨੋਵਿਰਤੀਆਂ 'ਤੇ 'ਦਫ਼ਤਰ', 'ਐਤਵਾਰ ਨਹੀਂ', 'ਥੱਕੇ ਹੋਏ', ਆਦਿ ਕਹਾਣੀਆਂ ਲਿਖੀਆਂ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਉਹ ਕਹਾਣੀਆਂ ਨਾ ਸਿਰਫ਼ ਨਿਦੇਸ਼ਾਲਯ 'ਚ ਬਲਕਿ ਸਕੱਤਰੇਤ 'ਚ ਵੀ ਚਾਅ ਨਾਲ ਪੜ੍ਹੀਆਂ ਗਈਆਂ।

ਉਹਨੀਂ ਦਿਨੀਂ ਨਵੀਂ ਕਹਾਣੀ 'ਅੰਦੋਲਨ' ਆਪਣੇ ਸ਼ਿਖਰ 'ਤੇ ਸੀ। ਰਾਕੇਸ਼, ਕਮਲੇਸ਼ਵਰ ਅਤੇ ਯਾਦਵ ਹਿੰਦੀ ਕਹਾਣੀ ਦੇ ਮਹਾਨਾਇਕ ਸਨ। ਮੇਰਾ ਹਮਦਮ, ਮੇਰਾ ਦੋਸਤ ਦਾ ਜ਼ਮਾਨਾ ਸੀ। ਇਹ ਤਾਂ ਬਾਦ 'ਚ ਸਪੱਸ਼ਟ ਹੋਇਆ, ਕੁਝ ਰਾਕੇਸ਼ ਦੀਆਂ ਡਾਇਰੀਆਂ ਤੋਂ ਅਤੇ ਕੁਝ ਵਕਤ ਦੀਆਂ ਹਲਚਲਾਂ ਤੋਂ ਕਿ ਕੋਈ ਕਿਸੇ ਦਾ ਹਮਦਮ ਸੀ, ਨਾ ਦੋਸਤ। ਨਾ ਹੀ ਇਹ ਲੋਕ ਨਵੀਂ ਕਹਾਣੀ ਦੇ ਆਪਣੇ ਨਾਂ ਨਾਲ ਮਸ਼ਹੂਰ ਮਹਾਂਨਾਇਕ ਸਨ। ਖੈਰ ਉਹਨੀਂ ਦਿਨੀਂ ਉਸ ਤਿੱਕੜੀ ਦੀ ਹੀ ਤੂਤੀ ਬੋਲਦੀ ਸੀ। ਦਿੱਲੀ ਦੀ ਤੇਜ਼ ਰਫ਼ਤਾਰ ਜ਼ਿੰਦਗੀ, ਟੀ-ਹਾਊਸ ਦਾ ਚਸਕਾ, ਕਹਾਣੀ 'ਚ ਜਨੂਨ ਦੀ ਹੱਦ ਤੱਕ ਦਿਲਚਸਪੀ, ਕਦੇ-ਕਦਾਈਂ ਕਿਸੇ ਖ਼ੁਸ਼ਹਾਲ ਲੇਖਕ ਜਾਂ ਕਿਸੇ ਸਾਹਿਤ-ਪ੍ਰੇਮੀ ਰਈਸ ਦੀ ਦਿੱਲੀ ਆਮਦ 'ਤੇ ਸ਼ਰਾਬਖੋਰੀ ਦਾ ਉਤੇਜਕ ਦੌਰ; ਬਹੁਤ ਛੇਤੀ ਮੈਂ ਇਸ ਨਵੇਂ ਮਾਹੌਲ 'ਚ ਘੁਲਮਿਲ ਗਿਆ। ਲਿਖਣ ਦਾ ਅਜਿਹਾ ਜਨੂਨ ਸੀ ਕਿ ਕਿੰਨਾ ਵੀ ਥੱਕਿਆ-ਹਾਰਿਆ ਕਮਰੇ 'ਚ ਮੁੜਦਾ, ਲਿਖੇ ਬਗੈਰ ਨੀਂਦ ਨਾ ਆਉਂਦੀ। ਕਈ ਕਹਾਣੀਆਂ ਤਾਂ ਮੈਂ ਦਫ਼ਤਰ ਅਤੇ ਟੀ-ਹਾਊਸ ਤੋਂ ਥੱਕੇ-ਹਾਰੇ ਘਰੇ ਆ ਕੇ ਲਿਖੀਆਂ। 'ਵੱਡੇ ਸ਼ਹਿਰ ਦਾ ਆਦਮੀ', 'ਤ੍ਰਾਸ', 'ਅਕਹਾਨੀ' ਆਦਿ ਅਜਿਹੀਆਂ ਹੀ ਲਿਖੀਆਂ ਕਹਾਣੀਆਂ ਹਨ। ਸ਼ਰਾਬ ਪੀਣਾ ਤਿੱਥ-ਤਿਉਹਾਰ 'ਤੇ ਹੀ ਹੁੰਦਾ ਸੀ, ਇਸ ਆਦਤ ਦੇ ਬਿਨਾਂ ਵੀ ਜ਼ਿੰਦਗੀ ਮਜ਼ੇ 'ਚ ਕੱਟ ਰਹੀ ਸੀ। ਉਹਨਾਂ ਦਿਨਾਂ 'ਚ ਰਾਜਕਮਲ ਚੌਧਰੀ ਨੇ ਵੀ ਆਪਣੇ ਪੱਧਰ 'ਤੇ ਧੁੰਮਾਂ ਪਾ ਰੱਖੀਆਂ ਸਨ। ਉਹ ਲਗਾਤਾਰ ਗਦ ਅਤੇ ਪਦ ਦੀਆਂ ਪਰੰਪਰਾਵਾਂ ਤੋੜ ਰਿਹਾ ਸੀ। ਲੈਸਬੀਅਨਜ਼ਿਮ 'ਤੇ ਸ਼ਾਇਦ ਉਸਨੇ ਹਿੰਦੀ 'ਚ ਪਹਿਲਾ ਨਾਵਲ ਲਿਖਿਆ ਸੀ। ਉਹ ਬੜੀ ਬੇਬਾਕ

ਭਾਸ਼ਾ 'ਚ ਲਿਖਦਾ ਸੀ। ਦਿੱਲੀ ਆਉਂਦਾ ਤਾਂ ਸਾਡੇ ਦਫ਼ਤਰ ਅਤੇ ਟੀ-ਹਾਊਸ 'ਚ ਕਾਫ਼ੀ ਸਮਾਂ ਬਿਤਾਉਂਦਾ। ਉਸਦਾ ਅਕਸ ਇਕ ਆਵਾਰਾ, ਸ਼ਰਾਬੀ-ਕਬਾਬੀ ਅਤੇ ਗ਼ੈਰਜ਼ਿੰਮੇਵਾਰ ਸ਼ਖ਼ਸ਼ ਦਾ ਬਣ ਗਿਆ ਸੀ, ਜਦਕਿ ਉਹ ਗੱਲਬਾਤ 'ਚ ਬੇਹੱਦ ਸਾਊ ਅਤੇ ਠੰਡੇ ਮਤੇ ਦਾ ਲਗਦਾ ਸੀ। ਹਿੰਦੀ 'ਚ ਗਿੰਜ਼ਬਰਗ ਆਦਿ ਦੇ ਅਸਰ ਹੇਠ ਉਹ ਭੁੱਖੀ ਪੀੜ੍ਹੀ ਦੇ ਰਚਨਾਕਾਰ ਦੇ ਰੂਪ ਵਿੱਚ ਪ੍ਰਸਿੱਧ ਸੀ, ਜਦਕਿ ਮੈਂ ਉਸਨੂੰ ਪਿਆਸੀ ਪੀੜ੍ਹੀ ਦਾ ਰਚਨਾਕਾਰ ਕਿਹਾ ਕਰਦਾ ਸੀ। ਉਹ ਤੜਕੇ ਤੋਂ ਹੀ ਦਾਰੂ ਦੇ ਜੁਗਾੜ 'ਚ ਲੱਗ ਜਾਂਦਾ ਅਤੇ ਆਥਣ ਤੱਕ ਕੋਈ ਨਾ ਕੋਈ ਆਸਾਮੀ ਪੱਟ ਲੈਂਦਾ। ਇਸ ਸਿਲਸਿਲੇ 'ਚ ਉਸਦੀ ਦੋਸਤੀ ਉਰਦੂ ਦੇ ਅਦੀਬਾਂ ਅਤੇ ਸ਼ਾਇਰਾਂ ਨਾਲ ਹੋ ਗਈ ਸੀ। ਉਰਦੂ ਦੇ ਸ਼ਾਇਰਾਂ ਨੂੰ ਸੌਖਿਆਂ ਕਦਰਦਾਨ ਮਿਲ ਜਾਂਦੇ ਸਨ। ਇਕ ਦਿਨ ਆਥਣੇ ਸਲਾਮ ਮਛਲੀ ਸ਼ਹਿਰੀ* ਦਾ ਇਕ ਅਜਿਹਾ ਕਦਰਦਾਨ ਮਿਲਿਆ ਕਿ ਉਹ ਟੈਕਸੀ ਕੁ ਜਿੰਨੇ ਰਚਨਾਕਾਰਾਂ ਨੂੰ ਪਿਆਉਣ ਲਈ ਆਪਣੇ ਹੋਟਲ 'ਚ ਲੈ ਗਿਆ। ਮੈਨੂੰ ਵੀ ਉਸ ਟੈਕਸੀ 'ਚ ਰਾਜਕਮਲ ਦੀ ਸਿਫਾਰਿਸ਼ ਨਾਲ ਥਾਂ ਮਿਲ ਗਈ। ਪਰ ਰਾਹ 'ਚ ਮੈਂ ਰਵਿੰਦਰਨਾਥ ਟੈਗੋਰ 'ਤੇ ਕੋਈ ਅਜਿਹੀ ਟਿੱਪਣੀ ਕਰ ਦਿੱਤੀ ਜੋ ਰਾਜਕਮਲ ਨੂੰ ਬੜੀ ਅਖਰੀ ਅਤੇ ਉਹ ਤਿਲਮਿਲਾ ਗਿਆ। ਉਸਨੇ ਬਹਿਸ 'ਚ ਨਾ ਪੈ ਕੇ ਸਰਦਾਰ ਪਟੇਲ ਮਾਰਗ ਦੀ ਇਕ ਸੁੰਨਸਾਨ ਸੜਕ 'ਤੇ ਟੈਕਸੀ ਰੁਕਵਾਈ ਅਤੇ ਮੈਨੂੰ ਜੰਗਲ 'ਚ ਲਾਹ ਦਿੱਤਾ। ਉਸ ਵੇਲੇ ਮੈਨੂੰ ਇਸ ਤੋਂ ਵੱਡੀ ਸਜ਼ਾ ਨਹੀਂ ਦਿੱਤੀ ਜਾ ਸਕਦੀ ਸੀ। ਟੀ-ਹਾਊਸ ਤੱਕ ਪੈਦਲ ਮੁੜਦਿਆਂ ਮੇਰੀਆਂ ਲੱਤਾਂ ਆਕੜ ਗਈਆਂ। ਮੈਨੂੰ ਜਾਣ ਕੇ ਬੜੀ ਹੈਰਾਨੀ ਹੋਈ ਕਿ ਉਹ ਰਵੀਂਦਰਨਾਥ ਟੈਗੋਰ ਦਾ ਇਕ ਨਿਸ਼ਠਾਵਾਨ ਭਗਤ ਸੀ, ਜਦਕਿ ਲੋਕ ਉਸਨੂੰ ਪਰੰਪਰਾ ਤੋਂ ਕੱਟਿਆ ਹੋਇਆ ਮੁੱਲ ਰਹਿਤ ਲੇਖਕ ਮੰਨਦੇ ਸਨ। ਲੋਕ ਕੀ, ਮੈਂ ਆਪ ਵੀ ਅਜਿਹਾ ਹੀ ਸੋਚਦਾ ਸੀ।

ਦਿੱਲੀ 'ਚ ਸ਼ਰਾਬ ਦੇ ਹੀ ਚੱਕਰ 'ਚ ਇਕ ਵਾਰ ਮੈਂ ਕੁਮਾਰ ਵਿਕਲ ਤੋਂ ਕੁੱਟ ਖਾਧੀ ਸੀ। ਕੁਮਾਰ 'ਤੇ ਸੰਸਮਰਣ ਲਿਖਣ ਵੇਲੇ ਮੈਂ ਇਸ ਪ੍ਰਸੰਗ ਦਾ ਜ਼ਿਕਰ ਕੀਤਾ ਹੈ। ਜਿਨ੍ਹਾਂ ਦਿਨਾਂ 'ਚ ਕੁਮਾਰ ਦਾ ਵਿਆਹ ਹੋਇਆ, ਮੇਰੀ ਕਹਾਣੀ 'ਨੌਂ ਸਾਲ ਛੋਟੀ ਪਤਨੀ' ਛਪੀ ਸੀ। ਕਿਸੇ ਦਿਲ ਸੜੇ ਨੇ ਕੁਮਾਰ ਦੇ ਮਨ 'ਚ ਇਹ ਭਰਮ ਪੈਦਾ ਕਰ ਦਿੱਤਾ ਕਿ ਇਹ ਕਹਾਣੀ ਮੈਂ ਉਸਦੇ ਪਤੀ-ਪਤਨੀ ਦੇ ਸਬੰਧਾਂ ਬਾਰੇ ਲਿਖੀ ਹੈ, ਜਦਕਿ ਸੱਚ ਤਾਂ ਇਹ ਹੈ, ਮੈਨੂੰ ਅੱਜ ਤੱਕ ਪਤਾ ਨਹੀਂ ਲੱਗਿਆ ਕਿ ਕੁਮਾਰ ਦੀ ਘਰਵਾਲੀ ਉਸਤੋਂ ਕਿੰਨੇ ਸਾਲ ਛੋਟੀ ਸੀ। ਕੁਮਾਰ ਨੇ ਬਿਨਾਂ ਸੋਚੇ-ਵਿਚਾਰੇ, ਇਹ ਸੁਣਦੇ ਹੀ ਹਿਸਾਬ ਬਰਾਬਰ ਕਰਨ ਦਿੱਲੀ ਚਲਾ ਆਇਆ। ਦਿੱਲੀ 'ਚ ਮੈਨੂੰ ਲੱਭ ਲੈਣਾ ਬੜਾ ਸੌਖਾ ਕੰਮ ਸੀ, ਕਿਉਂਕਿ ਸਭ ਦੋਸਤਾਂ ਨੂੰ ਪਤਾ ਸੀ ਕਿ ਦਫ਼ਤਰੋਂ ਆਉਂਦੇ ਹੀ ਅਸੀਂ ਸਭ – ਜਗਦੀਸ਼ ਚਤੁਰਵੇਦੀ, ਰਮੇਸ਼ ਗੌੜ, ਸ਼ੇਰਜੰਗ ਗਰਗ – ਸਿੱਧੇ ਟੀ-ਹਾਊਸ ਜਾਂਦੇ ਸੀ। ਅਸੀਂ 'ਟੀ-ਹਾਊਸ' 'ਚ ਆਰਾਮ ਨਾਲ ਕੌਫੀ ਪੀ ਰਹੇ ਸੀ ਕਿ ਅਚਾਨਕ ਕੁਮਾਰ ਵਿਕਲ। ਅਸੀਂ ਸਭ ਨੇ ਉਸਨੂੰ ਵਿਆਹ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ। ਕੁਝ ਦੇਰ ਬਾਦ ਉਹ ਮੈਨੂੰ ਪਰੇ ਲੈ ਗਿਆ ਅਤੇ ਬੋਲਿਆ, "ਮੇਰਾ ਵਿਆਹ ਹੋਇਆ ਹੈ, ਤੇਰੀ ਕਹਾਣੀ ਛਪੀ ਹੈ, ਚੱਲ ਅੱਜ ਜਸ਼ਨ ਹੋ ਜਾਵੇ, ਮੈਂ ਬੜਾ ਵਧੀਆ ਪ੍ਰਬੰਧ ਕੀਤਾ ਹੈ।" ਉਸਦੇ ਨਾਲ ਨਰੇਂਦਰ ਧੀਰ ਸੀ। ਮੈਂ ਇਕਦਮ ਰਾਜ਼ੀ ਹੋ ਗਿਆ। ਅਸੀਂ 'ਟੀ-ਹਾਊਸ' ਦੇ ਬਾਹਰ ਮੈਦਾਨ 'ਚ ਪਹੁੰਚੇ ਹੀ ਸੀ ਕਿ ਅਚਾਨਕ ਉਸਨੇ ਮੇਰੇ ਮੂੰਹ 'ਤੇ ਇਕ ਜਾਨਦਾਰ ਥੱਪੜ ਜੜ ਦਿੱਤਾ। ਮੈਂ ਜ਼ਿੰਦਗੀ 'ਚ ਪਹਿਲੀ ਵਾਰ ਪਹਿਲਾ ਅਤੇ ਆਖਿਰੀ ਥੱਪੜ ਖਾਧਾ ਸੀ, ਉਸਦਾ ਮਜ਼ਾ ਹੀ ਵੱਖਰਾ ਸੀ, ਭਾਵ ਮੇਰੀਆਂ ਅੱਖਾਂ ਮੂਹਰੇ ਹਨੇਰਾ ਛਾ ਗਿਆ। ਇਕ ਹੀ ਥੱਪੜ 'ਚ ਕਈ ਕੰਮ ਹੋ ਗਏ। ਐਨਕ ਟੁੱਟ ਕੇ ਹੇਠਾਂ ਗਿਰ ਗਈ, ਬੁੱਲ੍ਹ ਕਈ ਥਾਂ ਤੋਂ ਕਟ ਗਿਆ, ਨੱਕ 'ਚੋਂ ਲਹੂ ਵਗਣ ਲੱਗਿਆ।

'ਇਹ ਕਹਾਣੀ ਲਿਖਣ ਦਾ ਮੁਆਵਜ਼ਾ ਹੈ।' ਕੁਮਾਰ ਨੇ ਕਿਹਾ। ਮੈਂ ਕੁਮਾਰ ਦੀਆਂ ਸ਼ੰਕਾਵਾਂ ਤੋਂ ਬੇਖ਼ਬਰ ਸੀ। ਮੇਰੇ ਕੱਪੜੇ ਲਹੂ ਨਾਲ ਭਿੱਜ ਗਏ ਸਨ। ਕੁਮਾਰ ਆਪਣਾ ਕੰਮ ਕਰਕੇ ਤੁਰਦਾ ਬਣਿਆ।



ਮੈਂ ਕਿਸੇ ਤਰ੍ਹਾਂ 'ਟੀ-ਹਾਊਸ' ਪਹੁੰਚਿਆ। ਬਾਹਰ ਉਰਦੂ ਦੇ ਅਫਸਾਨਾਨਿਗਾਰ ਸੁਰੇਂਦਰ ਪ੍ਰਕਾਸ਼ ਮਿਲ ਗਏ। ਸੁਰੇਂਦਰ ਪ੍ਰਕਾਸ਼ ਨੂੰ ਹਾਲੇ ਦੋ-ਚਾਰ ਸਾਲ ਪਹਿਲਾਂ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਹੈ। ਉਸਨੇ ਮੇਰੀ ਹਾਲਤ ਦੇਖੀ ਤਾਂ ਮੈਨੂੰ ਬਲਰਾਜ ਮੈਨਰਾ ਦੇ ਕੋਲ ਛੱਡ ਕੇ ਕੁਮਾਰ ਦੀ ਭਾਲ 'ਚ ਨਿਕਲ ਗਿਆ। ਉਹ ਕੁਮਾਰ ਤੋਂ ਏਨਾ ਗੁੱਸੇ ਸੀ ਕਿ ਜੇਕਰ ਕੁਮਾਰ ਮਿਲ ਜਾਂਦਾ ਤਾਂ ਗ਼ਜ਼ਬ ਹੋ ਜਾਂਦਾ। ਇਹ ਚੰਗਾ ਹੀ ਹੋਇਆ ਕਿ ਉਸਨੂੰ ਕੁਮਾਰ ਨਹੀਂ ਮਿਲਿਆ। ਉਹ ਸਭ ਸੰਭਾਵਿਤ ਟਿਕਾਣਿਆਂ 'ਤੇ ਉਸਨੂੰ ਲੱਭ ਕੇ ਆਇਆ ਸੀ। ਦੋਸਤਾਂ ਨੇ ਹਸਪਤਾਲ 'ਚ ਮੁੱਢਲੀ ਦਵਾ-ਦਾਰੂ ਕਰਾਈ। ਉੱਥੇ ਹੀ ਹਸਪਤਾਲ 'ਚ 'ਟਾਈਮਸ ਆਫ਼ ਇੰਡੀਆ' ਦੇ 'ਕਰਾਈਮ ਰਿਪੋਰਟਰ' ਨਾਲ ਮੇਲ ਹੋ ਗਿਆ। ਉਸਨੇ ਬੜਾ ਜ਼ੋਰ ਲਾਇਆ ਕਿ ਮੈਂ ਪੁਲਿਸ 'ਚ ਰਿਪੋਰਟ ਦਰਜ਼ ਕਰਾਵਾਂ ਅਤੇ ਉਹ ਇਕ ਚਟਪਟੀ ਖ਼ਬਰ ਲਾਵੇ : 'ਪਾਤਰ ਰਾਹੀਂ ਲੇਖਕ ਦੀ ਕੁਟਾਈ, ਲੇਖਕ ਹਸਪਤਾਲ ਵਿੱਚ।' ਮੈਂ ਰੋਕ ਦਿੱਤਾ, ਕਿਉਂਕਿ ਜਾਣਦਾ ਸੀ, ਕੁਮਾਰ ਨੇ ਭਾਵੁਕਤਾ 'ਚ ਆ ਕੇ ਹੀ ਇਹ ਕਾਰਵਾਈ ਕੀਤੀ ਹੋਵੇਗੀ। ਅਗਲੇ ਦਿਨ ਦੋਸਤਾਂ ਨੇ ਦੱਸਿਆ, ਇਸ ਘਟਨਾ ਦੇ ਬਾਦ ਉਹ ਸਾਰੀ ਰਾਤ ਹੁਬਕੀਂ-ਹੁਬਕੀਂ ਰੋਂਦਾ ਰਿਹਾ ਸੀ।

ਅਸਲ 'ਚ ਉਹ ਆਵਾਰਗੀ, ਸ਼ਰਾਬਖੋਰੀ, ਉਦੇਸ਼ਹੀਣਤਾ, ਉਦਾਸੀ ਅਤੇ ਨਿਰਾਸ਼ਾ ਦਾ ਦੌਰ ਸੀ। ਇਸ ਸਭ ਕਾਸੇ ਦੇ ਦੌਰਾਨ ਇਕ ਕਹਾਣੀਕਾਰ ਦੇ ਤੌਰ 'ਤੇ ਪਛਾਣ ਬਣ ਰਹੀ ਸੀ। ਰਾਕੇਸ਼ ਮੁੰਬਈ ਤੋਂ ਦਿੱਲੀ 'ਚ ਆ ਗਏ ਸਨ। ਉਸ ਦੌਰਾਨ ਦਿੱਲੀ 'ਚ ਮੈਂ ਕਦੇ ਰਾਕੇਸ਼ ਨੂੰ ਸ਼ਰਾਬ ਪੀਂਦਿਆਂ ਨਹੀਂ ਦੇਖਿਆ। ਸ਼ਾਇਦ ਉਹਨਾਂ ਨੇ ਸ਼ਰਾਬ ਪੀਣੀ ਛੱਡ ਦਿੱਤੀ ਸੀ, ਉਸ ਦੌਰਾਨ ਮੈਂ ਉਹਨਾਂ ਨੂੰ ਬੀਅਰ ਤੱਕ ਪੀਂਦੇ ਨਹੀਂ ਦੇਖਿਆ। ਕਈ ਵਾਰ ਇਹ ਵੀ ਲਗਦਾ ਸੀ ਕਿ ਉਹਨਾਂ ਨੇ ਮੈਥੋਂ ਇਕ ਦੂਰੀ ਬਣਾ ਲਈ ਹੈ। ਆਥਣੇ ਕਈ ਵਾਰ ਉਹਨਾਂ ਦੇ ਘਰੇ ਜਾਣਾ ਹੋਇਆ, ਉਹਨਾਂ ਨੂੰ ਚਾਹ ਦੀਆਂ ਚੁਸਕੀਆਂ ਲੈਂਦੇ ਹੀ ਦੇਖਿਆ। ਉਹ ਉਹਨੀਂ ਦਿਨੀਂ ਡਬਲਯੂ.ਈ.ਏ. ਕਰੋਲ ਬਾਗ 'ਚ ਰਹਿਣ ਲੱਗੇ ਸਨ। ਉੱਪਰ ਦੇ ਫਲੈਟ 'ਚ, ਜਿਸਨੂੰ ਦਿੱਲੀ ਦਾ ਭਾਸ਼ਾ 'ਚ ਬਰਬਸਾਤੀ ਕਿਹਾ ਜਾਂਦਾ ਹੈ, ਕਮਲੇਸ਼ਵਰ ਰਹਿੰਦੇ ਸਨ। ਰਾਕੇਸ਼ ਜੀ ਦੀ ਜੀਵਨ ਸ਼ੈਲੀ 'ਚ ਮੈਂ ਗੁਣਾਤਮਕ ਬਦਲਾਅ ਦੇਖ ਰਿਹਾ ਸੀ। ਦੂਜੀ ਘਰਵਾਲੀ ਤੋਂ ਛੁਟਕਾਰਾ ਪਾ ਕੇ ਉਹ ਅਨੀਤਾ ਔਲਕ ਦੇ ਨਾਲ ਰਹਿਣ ਲੱਗੇ ਸਨ। ਉਹਨੀਂ ਦਿਨੀਂ ਉਹ ਬੜਾ ਲਿਖ ਰਹੇ ਸਨ, ਸ਼ਾਇਦ ਆਪਣੇ ਨਾਵਲ "ਅੰਧੇਰੇ ਬੰਦ ਕਮਰੇ" 'ਤੇ ਕੰਮ ਕਰ ਰਹੇ ਸਨ। ਉਹ ਲਗਾਤਾਰ ਲਿਖਦੇ ਅਤੇ ਉਹਨਾਂ ਤੋਂ ਵਕਤ ਲੈ ਕੇ ਹੀ ਮਿਲਿਆ ਜਾ ਸਕਦਾ ਸੀ। ਉਹਨਾਂ ਦਾ ਕੌਫੀ ਹਾਊਸ ਜਾਣਾ ਵੀ ਘਟ ਗਿਆ ਸੀ। ਉਹ ਦਿੱਲੀ ਦੇ ਮੇਰੀ ਪਛਾਣ ਦੇ ਇਕੱਲੇ ਰਚਨਾਕਾਰ ਸਨ ਜੋ ਕਦੇ ਬੱਸ 'ਚ ਸਫ਼ਰ ਨਹੀਂ ਕਰਦੇ ਸਨ, ਮੈਂ ਉਹਨਾਂ ਨੂੰ ਹਮੇਸ਼ਾ ਟੈਕਸੀ ਜਾਂ ਸਕੂਟਰ ਤੋਂ ਹੀ ਉਤਰਦੇ ਦੇਖਿਆ। ਉਹਨਾਂ ਦੇ ਘਰੇ ਫ਼ੋਨ ਲੱਗ ਗਿਆ ਸੀ। ਤੁਹਾਡੇ ਜਾਣ ਦਾ ਸਮਾਂ ਹੁੰਦਾ ਤਾਂ ਉਹ ਟੈਕਸੀ ਸਟੈਂਡ ਫ਼ੋਨ ਕਰਕੇ ਟੈਕਸੀ ਮੰਗਾ ਦਿੰਦੇ, ਬਗੈਰ ਇਸ ਗੱਲ 'ਤੇ ਧਿਆਨ ਦਿੱਤੇ ਕਿ ਤੁਹਾਡੀ ਜੇਬ ਟੈਕਸੀ ਦੀ ਇਜਾਜ਼ਤ ਦੇ ਰਹੀ ਹੈ ਜਾਂ ਨਹੀਂ। ਇਕ-ਦੋ ਵਾਰ ਤਾਂ ਮੈਨੂੰ ਅਜਮਲਖਾਂ ਰੋਡ 'ਤੇ ਹੀ ਟੈਕਸੀ ਛੱਡ ਕੇ ਬੱਸ ਦੀ ਕਤਾਰ 'ਚ ਲੱਗ ਜਾਣਾ ਪਿਆ। ਪਤਾ ਨਹੀਂ ਉਹ ਅਜਿਹਾ ਕਿਉਂ ਕਰਦੇ ਸਨ। ਸਹਿਜ ਮਤੇ ਕਰਦੇ ਸਨ ਜਾਂ ਸਜ਼ਾ ਦੇਣ ਲਈ। ਉਂਜ, ਸਜ਼ਾ ਦੇਣਾ ਉਹਨਾਂ ਦੇ ਸੁਭਾਅ 'ਚ ਨਹੀਂ ਸੀ। ਇਕ ਵਾਰ ਤਾਂ ਅਜਿਹਾ ਮੌਕਾ ਆਇਆ ਕਿ ਉਹਨਾਂ ਦੀ ਹਾਜ਼ਰੀ 'ਚ ਮੈਨੂੰ ਇਕੱਲਿਆਂ ਹੀ ਪੀਣੀ ਪਈ। ਆਸ ਸੀ ਕਿ ਉਹ ਸਾਥ ਦੇਣਗੇ, ਪਰ ਉਹਨਾਂ ਨੇ ਮਨ੍ਹਾ ਕਰ ਦਿੱਤਾ। ਹੁਣ ਸੋਚਦਾ ਹਾਂ ਤਾਂ ਯਾਦ ਨਹੀਂ ਪੈਂਦਾ ਕਿ ਮੈਂ ਦਿੱਲੀ 'ਚ ਕਦੇ ਉਹਨਾਂ ਦੇ ਨਾਲ ਸ਼ਰਾਬ ਪੀਤੀ ਸੀ। ਉਹ ਕਾਂਡ ਜਲੰਧਰ 'ਚ ਹੀ ਮੁੱਕ ਗਿਆ ਸੀ।

ਮੋਹਨ ਰਾਕੇਸ਼ ਦੀ ਉਂਗਲ ਫੜ ਕੇ ਮੈਂ ਸਾਹਿਤ 'ਚ ਪੈਰ ਧਰਿਆ ਸੀ। ਉਸੇ ਮੋਹਨ ਰਾਕੇਸ਼ ਨਾਲ ਸਮੇਂ ਦੇ ਵਕਫੇ ਦੇ ਨਾਲ ਏਨੀਆਂ ਦੂਰੀਆਂ ਆ ਜਾਣਗੀਆਂ, ਇਸਦੀ ਮੈਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ। ਰਾਕੇਸ਼ 'ਤੇ ਲੰਬਾ ਸੰਸਮਰਣ ਲਿਖਦੇ ਸਮੇਂ ਮੈਂ ਸੰਬੰਧਾਂ ਦੀ ਕਾਫ਼ੀ ਪਰਖ-ਪੜਤਾਲ

ਕੀਤੀ ਸੀ, ਸਵੈ-ਵਿਸ਼ਲੇਸ਼ਣ ਵੀ ਕੀਤਾ ਸੀ, ਉਹਨਾਂ ਦੇ ਆਮਣੇ-ਸਾਹਮਣੇ ਗੱਲਬਾਤ ਵੀ ਕੀਤੀ ਸੀ। ਹੁਣ ਮੈਨੂੰ ਲਗਦਾ ਹੈ ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ 'ਤੇ ਕਿਸੇ ਵੀ ਸੰਵੇਦਨਸ਼ੀਲ ਆਦਮੀ ਦੇ ਲਈ ਗੱਲ ਕਰਨਾ ਸੰਭਵ ਹੀ ਨਹੀਂ ਹੁੰਦਾ। ਅੱਜ ਸੋਚਦਾ ਹਾਂ ਤਾਂ ਲਗਦਾ ਹੈ ਕਿ ਇਹ ਉਹਨਾਂ ਦੀ ਵਡਿਆਈ ਸੀ। ਉਸ ਵੇਲੇ ਮੈਨੂੰ ਉਹਨਾਂ ਗੱਲਾਂ ਦੀ ਗੰਭੀਰਤਾ ਦਾ ਅਹਿਸਾਸ ਵੀ ਨਹੀਂ ਸੀ। ਮੈਨੂੰ ਲਗਦਾ ਹੈ, ਉਹਨਾਂ ਦੀ ਥਾਵੇਂ ਜੇਕਰ ਮੈਂ ਹੁੰਦਾ ਤਾਂ ਸ਼ਾਇਦ ਜ਼ਿਆਦਾ ਆਹਤ ਮਹਿਸੂਸ ਕਰਦਾ। ਮੇਰਾ ਇਰਾਦਾ ਉਹਨਾਂ ਨੂੰ ਤਕਲੀਫ਼ ਪਹੁੰਚਾਉਣ ਦਾ ਨਹੀਂ ਸੀ, ਸ਼ਾਇਦ ਇਹੀ ਵਜ੍ਹਾ ਸੀ ਕਿ ਕੋਈ ਅਪਰਾਧ ਬੋਧ ਨਹੀਂ ਸੀ। ਅੱਜ ਵੀ ਨਹੀਂ ਹੈ। ਅਫ਼ਸੋਸ ਇਹੀ ਹੈ ਕਿ ਉਹ ਸਾਡੇ ਵਿਚਕਾਰ ਨਹੀਂ ਹਨ ਨਹੀਂ ਤਾਂ ਉਹਨਾਂ ਦੇ ਮੂੰਹ 'ਤੇ ਭੜਾਸ ਕੱਢ ਸਕਦਾ ਸੀ। ਏਥੇ ਮੈਂ ਉਹਨਾਂ ਕੁਝ ਘਟਨਾਵਾਂ ਦਾ ਖੁਲਾਸਾ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਦੇ ਬਾਰੇ 'ਚ ਉਹ ਮੇਰਾ ਸਪੱਸ਼ਟੀਕਰਣ ਵੀ ਨਹੀਂ ਮੰਗ ਸਕਦੇ ਸੀ। ਸਿਰਫ਼ ਦੇਖੀ-ਅਣਦੇਖੀ ਕਰ ਸਕਦੇ ਸੀ।

ਉਹਨੀਂ ਦਿਨੀਂ ਮੇਰੀ ਇਹ ਕਹਾਣੀ ਛਪੀ ਸੀ - "ਪਚਾਸ ਸੌ ਪਚਪਨ।" ਉਹ ਕਹਾਣੀ ਦਿੱਲੀ ਦੇ ਸੰਘਰਸ਼ਸ਼ੀਲ ਸੰਸਕ੍ਰਿਤੀ ਕਾਮਿਆਂ ਨੂੰ ਕੇਂਦਰ 'ਚ ਰੱਖ ਕੇ ਲਿਖੀ ਗਈ ਸੀ ਅਤੇ ਉਸ 'ਚ ਉਹਨਾਂ ਦੇ ਸੰਘਰਸ਼ਮਈ ਜੀਵਨ ਦਾ ਚਿਤਰਣ ਸੀ ਜੋ ਉੱਪਰੋਂ ਦੇਖਣ 'ਤੇ 'ਕਾਮੁਕ' ਲਗਦਾ ਸੀ, ਪਰ ਅੰਦਰ ਕਿਤੇ ਤਰਸ ਪੈਦਾ ਕਰਦਾ ਸੀ। ਕਹਾਣੀ 'ਚ ਇਕ ਆਰਟਿਸਟ ਸੀ, ਇਕ ਫਰੀ ਲਾਂਸਰ ਅਤੇ ਇਕ ਪ੍ਰੋਫੈਸਰ। ਫਰੀ ਲਾਂਸਰ ਨੈਸ਼ਨਲ ਸਕੂਲ ਆਫ਼ ਡਰਾਮਾ 'ਚ ਦਾਖਲਾ ਲੈਣ ਲਈ ਕੋਸ਼ਿਸ਼ ਕਰ ਰਿਹਾ ਹੈ। ਪ੍ਰੋਫੈਸਰ ਫਰੀ ਲਾਂਸਰ ਦੀ ਤਿਆਰੀ ਕਰਾਉਣ 'ਚ ਲੱਗ ਜਾਂਦਾ ਹੈ। ਸੰਸਾਰ ਦੇ ਨਾਟ-ਅੰਦੋਲਨਾਂ ਦੇ ਬਾਰੇ 'ਚ ਜਾਣਕਾਰੀ ਦਿੰਦਾ ਹੈ ਅਤੇ ਉਸਨੂੰ "ਆਸ਼ਾਢ ਕਾ ਏਕ ਦਿਨ' ਦਾ ਇਕ ਲੰਬਾ ਡਾਇਲਾਗ ਯਾਦ ਕਰਾਉਂਦਾ ਹੈ। ਚੁਣ ਲਏ ਜਾਣ 'ਤੇ ਫਰੀ ਲਾਂਸਰ ਨੂੰ ਦੋ ਸੌ ਰੁਪਏ ਪ੍ਰਤਿ ਮਹੀਨਾ ਦਾ ਵਜੀਫਾ ਮਿਲ ਸਕਦਾ ਸੀ। ਆਰਟਿਸਟ ਅਤੇ ਪ੍ਰੋਫੈਸਰ ਚਾਹੁੰਦੇ ਸਨ ਕਿ ਉਸਦੀ ਚੋਣ ਹੋ ਜਾਵੇ ਤਾਂਕਿ ਘੱਟੋ-ਘੱਟ ਆਪਣੇ ਹਿੱਸੇ ਦਾ ਮਕਾਨ-ਭਾੜਾ ਤਾਂ ਦੇ ਸਕੇ। ਉਸਦੀ ਚੋਣ ਹੋ ਗਈ ਤਾਂ ਉਹ ਸ਼ਰਾਬ ਪੀ ਕੇ ਆ ਗਿਆ। ਕਹਾਣੀ 'ਚ ਉਹ ਕਾਲੀਦਾਸ ਦੇ ਡਾਇਲਾਗ ਦੀ ਕੁਝ ਅਜਿਹੀ ਪੈਰੋਡੀ ਕਰ ਦਿੰਦਾ ਹੈ :

"ਜਿਸ ਦਿਨ ਫਰੀ ਲਾਂਸਰ ਨੂੰ ਡਰਾਮਾ ਦੇ ਸਕੂਲ 'ਚ ਦਾਖਲਾ ਮਿਲਿਆ, ਉਹ ਸ਼ਰਾਬ ਦੇ ਨਸ਼ੇ 'ਚ ਟੁੰਨ ਆਇਆ। ਆਉਂਦੇ ਹੀ ਉਸਨੇ ਪ੍ਰੋਫੈਸਰ ਦੀ ਨਵੀਂ ਬੈਡਸ਼ੀਟ 'ਤੇ ਉਲਟੀ ਕਰ ਦਿੱਤੀ ਅਤੇ ਦੇਵਦਾਸ ਦੇ ਅੰਦਾਜ਼ 'ਚ ਕਾਲੀਦਾਸ ਦੇ ਡਾਇਲਾਗ ਦੁਹਰਾਉਣ ਲੱਗਿਆ - "ਲਗਦਾ ਹੈ, ਤੂੰ ਆਪਣੀਆਂ ਅੱਖਾਂ ਨਾਲ ਇਹਨਾਂ ਕੋਰੇ ਪੰਨਿਆਂ 'ਤੇ ਬਹੁਤ ਕੁਝ ਲਿਖਿਆ ਹੈ। ਇਹ ਪੰਨੇ ਹੁਣ ਕੋਰੇ ਕਿੱਥੇ ਹਨ ਮਲਿਕਾ ? ਇਹਨਾਂ 'ਤੇ ਇਕ ਮਹਾਂਕਾਵਿ ਦੀ ਰਚਨਾ ਹੋ ਚੁੱਕੀ ਹੈ। ਬੇਅੰਤ ਕਾਂਡਾਂ ਦੇ ਇਕ ਮਹਾਂਕਾਵਿ ਦੀ...। ਕੇਹਾ ਸੰਵਾਦ ਹੈ ਪ੍ਰੋਫੈਸਰ, ਹੈ ਕਿ ਨਹੀਂ ਇਕਦਮ ਫਸਟ ਕਲਾਸ। ਪ੍ਰੋਫੈਸਰ, ਕੀ ਹੁਣ ਸਮਾਂ ਨਹੀਂ ਆ ਗਿਆ ਹੈ ਕਿ ਅਸੀਂ ਤਿੰਨੇ ਆਪੋ-ਆਪਣੀਆਂ ਪ੍ਰੇਮਿਕਾਵਾਂ ਨੂੰ ਲੈ ਕੇ ਬੁੱਧਾ ਜੈਯੰਤੀ ਪਾਰਕ ਚੱਲੀਏ ਅਤੇ ਟੈਕਸੀ 'ਚ ਚੱਲੀਏ।"

ਸੰਵਾਦ ਏਥੇ ਹੀ ਖ਼ਤਮ ਨਹੀਂ ਹੁੰਦਾ, ਉਸਨੂੰ ਕਹਾਣੀ 'ਚ ਹੋਰ ਅੱਗੇ ਵਧਾਇਆ ਗਿਆ ਸੀ:

"ਘਬਰਾ ਕਿਉਂ ਰਿਹਾ ਹੈਂ ਦੋਸਤ, ਤੇਰੀ ਸ਼ੀਟ ਸ਼ਰਾਬ ਹੋ ਗਈ ? ਤੂੰ ਨਹੀਂ ਜਾਣਦਾ, ਇਸ 'ਤੇ ਮਹਾਂਕਾਵਿ ਦੀ ਰਚਨਾ ਹੋ ਚੁੱਕੀ ਹੈ... ਬੇਅੰਤ ਕਾਂਡਾਂ ਦੇ ਮਹਾਂਕਾਵਿ ਦੀ... ਬੋਲ ਕਦ ਚੱਲੇਂਗਾ ਬੁੱਧਾ ਜੈਯੰਤੀ ਪਾਰਕ ?"

ਇਹ ਕਹਾਣੀ ਮੈਂ ਉਹਨਾਂ ਦਿਨਾਂ 'ਚ ਲਿਖੀ ਸੀ ਜਦ ਰਾਕੇਸ਼ ਜੀ ਨਾਲ ਮੇਰੇ ਬੜੇ ਵਧੀਆ ਸਬੰਧ ਸਨ। ਯਕੀਨਨ ਮੇਰੀ ਮੱਤ ਮਾਰੀ ਗਈ ਹੋਵੇਗੀ, ਜੋ ਮੈਂ 'ਆਸ਼ਾਢ ਕਾ ਏਕ ਦਿਨ' 'ਚੋਂ ਸੰਵਾਦ ਲੈ



ਲਿਆ ਸੀ। ਦਰਅਸਲ ਮੇਰੇ ਕੋਲ ਨਾਟਕ ਦੀਆਂ ਹੋਰ ਕਿਤਾਬਾਂ ਉਸ ਸਮੇਂ ਮੁਹੱਈਆ ਨਹੀਂ ਸਨ। 'ਆਸ਼ਾਢ ਕਾ ਏਕ ਦਿਨ' ਮੇਰੇ ਕੋਲ ਸੀ, ਮੈਂ ਉਸ 'ਚੋਂ ਸੰਵਾਦ ਚੁੱਕ ਲਿਆ। ਇਸਦੇ ਪਿੱਛੇ ਕੋਈ ਪੱਕੀ ਧਾਰਨਾ, ਮੰਦ ਭਾਵਨਾ ਜਾਂ ਈਰਖਾ ਨਹੀਂ ਸੀ, ਮਹਿਜ਼ ਮਾਸੂਮੀਅਤ ਅਤੇ ਨਾਦਾਨੀ ਸੀ। ਕਹਾਣੀ 'ਚ ਸਥਿਤੀਆਂ ਅਜਿਹੀਆਂ ਸਨ ਕਿ ਇਹ ਡਾਇਲਾਗ ਉਸ ਭਾਵ ਨੂੰ ਪ੍ਰਗਟ ਕਰਨ ਲਈ ਸਹੀ ਲੱਗੇ। ਪਰੋਖ ਰੂਪ ਤੋਂ ਭਾਵਨਾਤਮਕ ਭਾਸ਼ਾ 'ਤੇ ਵਿਅੰਗ ਦੇ ਰੂਪ 'ਚ ਉਭਰਨ ਲੱਗਿਆ। ਉਸ ਵੇਲੇ ਮੈਂ ਇਸ ਪੱਖ 'ਤੇ ਧਿਆਨ ਨਹੀਂ ਦਿੱਤਾ ਅਤੇ ਕਹਾਣੀ ਛਪ ਗਈ। 'ਆਸ਼ਾਢ ਕਾ ਏਕ ਦਿਨ' ਆਪਣੇ ਭਾਸ਼ਾ ਸੰਸਕਾਰਾਂ ਦੇ ਲਈ ਬਹੁਤ ਸਰਾਹਿਆ ਗਿਆ ਸੀ, ਮੈਂ ਆਪ ਮੁਰੀਦ ਸੀ ਉਸਦੀ ਭਾਸ਼ਾ ਦਾ, ਪਰ ਮੇਰੀ ਕਹਾਣੀ 'ਚ ਇਹ ਭਾਸ਼ਾ, ਬੜਾ ਮਜ਼ਾਕ ਬਣਕੇ ਉੱਭਰੀ। ਪਾਤਰ ਹੀ ਕੁਝ ਇਸ ਰੂਪ ਵਿੱਚ ਵਿਕਸਿਤ ਹੋ ਗਿਆ ਸੀ। ਬਹੁਤ ਵਾਰ ਅਜਿਹਾ ਹੁੰਦਾ ਹੈ ਪਾਤਰ ਤੁਹਾਡੇ ਹੱਥੋਂ ਨਿਕਲ ਜਾਂਦਾ ਹੈ ਅਤੇ ਆਪ-ਆਪਣੀਆਂ ਮੰਜ਼ਿਲਾਂ ਤੈਅ ਕਰਨ ਲਗਦਾ ਹੈ। ਮੈਨੂੰ ਨਹੀਂ ਪਤਾ, ਰਾਕੇਸ਼ ਜੀ ਦੀ ਇਸ 'ਤੇ ਕੀ ਪ੍ਰਤਿਕਿਰਿਆ ਹੋਈ ਹੋਵੇਗੀ। ਉਹਨਾਂ ਨੇ ਕਦੇ ਇਸਦਾ ਜ਼ਿਕਰ ਵੀ ਨਹੀਂ ਕੀਤਾ। ਉਹਨਾਂ ਦੀ ਇਸੇ ਸ਼ਾਇਸਗੀ ਦਾ ਮੈਂ ਕਾਇਲ ਸੀ।

ਅਜਿਹੀ ਹੀ ਇਕ ਹੋਰ ਪੇਚੀਦਾ ਪਰਿਸਥਿਤੀ 'ਚ ਮੈਂ ਅਚਾਨਕ ਉਲਝ ਗਿਆ ਸੀ। ਬਗੈਰ ਪਿੱਠ ਭੂਮੀ ਜਾਣੇ ਇਸਨੂੰ ਸਮਝਣਾ ਔਖਾ ਹੋਵੇਗਾ। ਉਹਨਾਂ ਦਿਨਾਂ 'ਚ ਸਾਡਾ ਦਫ਼ਤਰ ਦਰਿਆਗੰਜ 'ਚ 'ਗੋਲਚਾ' ਦੇ ਸਾਹਮਣੇ ਵਾਲੀ ਇਮਾਰਤ ਦੀ ਪਹਿਲੀ ਮੰਜ਼ਿਲ 'ਤੇ ਸੀ। ਅੱਜ ਕੱਲ੍ਹ ਉਸਦੇ ਹੇਠਾਂ ਹੋਮਿਉਪੈਥਿਕ ਦਵਾਈਆਂ ਅਤੇ ਅਖ਼ਬਾਰ-ਰਸਾਲਿਆਂ ਦੀਆਂ ਦੁਕਾਨਾਂ ਹਨ। ਮਾਡਲ ਟਾਊਨ 'ਚੋਂ ਦਫ਼ਤਰ ਜਾਣ ਦੇ ਲਈ ਮੈਂ ਤੜਕੇ ਨੌਂ ਨੰਬਰ ਦੀ ਬੱਸ ਫੜਦਾ ਸੀ। ਦਫ਼ਤਰ ਜਾਣ ਵਾਲੇ ਹਰ ਬੰਦੇ ਦੀ ਬੱਸ ਤੈਅ ਹੁੰਦੀ ਸੀ। ਬਸ ਦੀ ਕਤਾਰ 'ਚ ਰੋਜ਼ ਜਾਣੇ-ਪਛਾਣੇ ਚਿਹਰੇ ਦਿਖਾਈ ਦਿੰਦੇ ਸਨ। ਚਿਹਰੇ ਤੋਂ ਹਰ ਕੋਈ ਇਕ-ਦੂਜੇ ਨੂੰ ਪਛਾਣਦਾ ਸੀ। ਬੱਸ ਆਜ਼ਾਦਪੁਰ ਤੋਂ ਬਣ ਕੇ ਆਉਂਦੀ ਸੀ, ਮਾਡਲ ਟਾਊਨ ਦੀਆਂ ਸੁਆਰੀਆਂ ਨੂੰ ਆਰਾਮ ਨਾਲ ਬੈਠਣ ਦੀ ਥਾਂ ਮਿਲ ਜਾਂਦੀ ਸੀ। ਅਕਸਰ ਸੀਟ ਵੀ ਪੱਕੀ ਰਹਿੰਦੀ ਸੀ। ਮੈਂ ਬਾਰੀ ਦੇ ਨਾਲ ਵਾਲੀ ਸੀਟ 'ਤੇ ਬੈਠਣਾ ਪਸੰਦ ਕਰਦਾ ਸੀ। ਬਾਹਰ ਦੇਖਦੇ ਹੋਏ ਸਫ਼ਰ ਆਸਾਨੀ ਨਾਲ ਕੱਟ ਜਾਂਦਾ ਸੀ। ਇਕ ਦੁਨੀਆਂ ਬੱਸ ਦੇ ਅੰਦਰ ਹੁੰਦੀ ਸੀ ਅਤੇ ਇਕ ਬਾਹਰ। ਜਿਸ ਦਿਨ ਬਾਰੀ ਵਾਲੀ ਸੀਟ ਨਾ ਮਿਲਦੀ, ਬੱਸ ਦੇ ਅੰਦਰਲੀ ਦੁਨੀਆਂ ਨਾਲ ਮੇਲ ਹੋ ਜਾਂਦਾ ਸੀ। ਗੱਭਰੂ ਬੰਦਾ ਸਭ ਤੋਂ ਪਹਿਲਾਂ ਔਰਤ ਮੁਸਾਫ਼ਿਰਾਂ ਦਾ ਜਾਇਜ਼ਾ ਲੈਂਦਾ ਹੈ। ਕੋਈ ਸੋਹਣਾ ਮੁੱਖੜਾ ਦਿਖ ਗਿਆ ਤਾਂ ਸਫ਼ਰ ਸਫ਼ਲ ਹੋ ਜਾਂਦਾ ਸੀ। ਕਿੰਗਜ਼ਵੇ ਕੈਂਪ ਤੋਂ ਇਕ ਕੁੜੀ ਰੋਜ਼ ਬੱਸ ਫੜਦੀ ਸੀ। ਕਿੱਥੇ ਜਾਂਦੀ ਸੀ, ਪਤਾ ਨਹੀਂ। ਮੈਂ ਦਰਿਆਗੰਜ ਉਤਰਦਾ ਤਾਂ ਉਸਨੂੰ ਮੇਰੀ ਸੀਟ ਮਿਲ ਜਾਂਦੀ। ਉਹ ਇਕ ਹੱਸਮੁੱਖ ਚਿਹਰਾ ਸੀ। ਉਸਦੇ ਵਾਲਾਂ 'ਚ ਅਕਸਰ ਸਕਾਰਫ ਬੰਨ੍ਹਿਆ ਰਹਿੰਦਾ, ਜਿਸ ਨਾਲ ਉਸਦਾ ਚਿਹਰਾ ਹੋਰ ਵੀ ਖਿੜ ਜਾਂਦਾ। ਉਹ ਇਕ ਅਜਿਹਾ ਚਿਹਰਾ ਸੀ, ਜੋ ਤੁਹਾਨੂੰ ਯਾਦ ਰਹਿ ਜਾਵੇ। ਅਜਿਹੀਆਂ ਕੁੜੀਆਂ ਦੇ ਬਾਰੇ 'ਚ ਇਹੀ ਸੋਚਿਆ ਜਾ ਸਕਦਾ ਸੀ ਕਿ ਉਹ ਤੁਹਾਡੇ ਕੋਲ ਬੈਠ ਜਾਵੇ ਤਾਂ ਕਿੰਨਾ ਚੰਗਾ ਹੋਵੇ। ਮੈਨੂੰ ਅਕਸਰ ਅਜਿਹਾ ਮਨਹੂਸ ਮੁਸਾਫਿਰ ਮਿਲਦਾ ਸੀ ਜੋ ਦਰਿਆਗੰਜ ਤੋਂ ਵੀ ਅੱਗੇ ਜਾਂਦਾ ਸੀ। ਉਹ ਕੁੜੀ ਸਾਡੀ ਸੀਟ ਦੇ ਨਾਲ ਲੱਗ ਕੇ ਖੜ੍ਹੀ ਹੋ ਜਾਂਦੀ। ਉਹ ਕੀ ਕਰਦੀ ਹੈ, ਕਿੱਥੇ ਜਾਂਦੀ ਹੈ ਮੈਨੂੰ ਪਤਾ ਨਹੀਂ ਸੀ, ਪਰ ਏਨਾ ਕੁ ਪਤਾ ਲੱਗ ਚੁੱਕਿਆ ਸੀ, ਉਸਦੇ ਕੋਲ ਕਈ ਸਕਾਰਫ ਹਨ। ਜਿਸ ਦਿਨ ਦਿਖਾਈ ਨਾ ਦਿੰਦੀ ਤਾਂ ਸਫ਼ਰ ਨੀਰਸ ਹੋ ਜਾਂਦਾ। ਇਕ-ਦੋ ਵਾਰ ਇਉਂ ਵੀ ਹੋਇਆ ਕਿ ਉਹ ਕਤਾਰ 'ਚ ਲੱਗੀ ਹੈ ਪਰ ਉਸਨੂੰ ਬਸ 'ਚ ਜਗ੍ਹਾ ਨਾ ਮਿਲੀ। ਮੈਨੂੰ ਬੜਾ ਅਫ਼ਸੋਸ ਹੁੰਦਾ ਅਤੇ ਮੈਂ ਸੋਚਦਾ ਕਿ ਇਹ ਮੂਰਖ ਕੁੜੀ ਵੇਲੇ ਸਿਰ ਘਰੋਂ ਕਿਉਂ ਨਹੀਂ ਤੁਰਦੀ। ਇਕ ਦਿਨ ਬੱਸ ਨੇ ਅਜਿਹਾ ਝਟਕਾ ਲਿਆ ਕਿ ਉਹ ਕੁੜੀ ਡਿਗਦੇ-ਡਿਗਦੇ ਮਸਾਂ ਬਚੀ। ਮੈਂ ਖੜ੍ਹਾ ਹੋ ਗਿਆ ਅਤੇ ਆਪਣੀ ਸੀਟ

ਉਸਨੂੰ ਛੱਡ ਦਿੱਤੀ। ਮੈਂ ਦਫ਼ਤਰ 'ਚ ਸਾਰਾ ਦਿਨ ਬੈਠੇ-ਬੈਠੇ ਸਰਕਾਰੀ ਕੁਰਸੀ ਹੀ ਤੋੜਨੀ ਸੀ। ਦਫ਼ਤਰ 'ਚ ਬਹੁਤ ਸਾਰੇ ਲੋਕਾਂ ਨੇ ਮੇਜ਼ ਦੇ ਨਾਲ ਜੰਜ਼ੀਰ ਨਾਲ ਆਪਣੀ ਕੁਰਸੀ ਬੰਨ੍ਹ ਰੱਖੀ ਸੀ। ਸਾਰਾ ਦਿਨ ਲੇਖਕਾਂ-ਸਾਹਿਤਕਾਰਾਂ ਦਾ ਆਉਣ-ਜਾਣ ਲੱਗਿਆ ਰਹਿੰਦਾ ਸੀ। ਹਾਲ 'ਚ ਜੋ ਕੁਰਸੀ ਖਾਲੀ ਹੁੰਦੀ, ਅਸੀਂ ਚਪੜਾਸੀ ਤੋਂ ਮੰਗਵਾ ਲੈਂਦੇ। ਜਦ ਤੋਂ ਕੁਰਸੀ ਬੰਨ੍ਹਣ ਦਾ ਰਿਵਾਜ਼ ਹੋਇਆ ਸਾਡੇ ਲੇਖਕਾਂ ਨੂੰ ਬੜੀ ਔਖ ਹੋਣ ਲੱਗੀ। ਜਦ ਕੋਈ ਲੇਖਕ ਮਿੱਤਰ ਆਉਂਦਾ, ਜਗਦੀਸ਼ ਚਤੁਰਵੇਦੀ ਅਤੇ ਮੈਂ ਰਚਨਾਵਾਂ ਪਾਸੇ ਕਰਕੇ ਮੇਜ਼ 'ਤੇ ਬੈਠ ਜਾਂਦੇ ਅਤੇ ਮਹਿਮਾਨ ਨੂੰ ਕੁਰਸੀ ਮਤਲਬ ਸਿਰ-ਅੱਖਾਂ 'ਤੇ ਬਿਠਾਉਂਦੇ। ਦੋ ਤੋਂ ਜ਼ਿਆਦਾ ਆਉਂਣ ਵਾਲੇ ਹੁੰਦੇ ਤਾਂ ਅਸੀਂ ਕੁਰਸੀ ਦੇ ਪਿੱਛੇ ਆਪਣਾ ਕੋਟ ਟੰਗ ਕੇ ਕੰਟੀਨ 'ਚ ਜਾ ਬੈਠਦੇ। ਤਦ ਤੱਕ ਕੋਟ ਸਾਡੀ ਹਾਜ਼ਰੀ ਲਵਾਉਂਦਾ ਰਹਿੰਦਾ।

ਸਕਾਰਫ ਵਾਲੀ ਔਰਤ ਨੇ ਮੇਰੇ ਵੱਲ ਅਹਿਸਨਮੰਦੀ ਨਾਲ ਦੇਖਿਆ ਅਤੇ ਮੇਰੀ ਸੀਟ 'ਤੇ ਬੈਠ ਗਈ। ਉਸਦਾ ਚਿਹਰਾ ਇਕਦਮ ਤਣਾਅ ਮੁਕਤ ਹੋ ਗਿਆ। ਮੈਂ ਸੋਚਿਆ ਇਹ ਨਿੱਕੀ ਜਿਹੀ ਖ਼ੁਸ਼ੀ ਤਾਂ ਮੈਂ ਇਸ ਔਰਤ ਨੂੰ ਰੋਜ਼ ਦੇ ਸਕਦਾ ਹਾਂ। ਮੇਰੀ ਸਮੱਸਿਆ ਦਾ ਹੱਲ ਵੀ ਹੋ ਜਾਵੇਗਾ। ਸਾਰਾ ਦਿਨ ਦਫ਼ਤਰ 'ਚ ਬੈਠੇ-ਬੈਠੇ ਲੱਤਾਂ ਆਕੜ ਜਾਂਦੀਆਂ ਸਨ। ਸਕਾਰਫ ਵਾਲੀ ਔਰਤ ਦੇ ਉਦਾਸ ਅਤੇ ਮੁਰਝਾਏ ਚਿਹਰੇ ਨੂੰ ਦੇਖ ਕੇ ਮੈਂ ਅਕਸਰ ਆਪਣੀ ਸੀਟ ਤੋਂ ਉੱਠ ਖੜ੍ਹਦਾ।

ਇਕ ਦਿਨ ਤੜਕੇ-ਤੜਕੇ ਸਕਾਰਫ ਵਾਲੀ ਉਹ ਔਰਤ ਮੇਰੇ ਘਰ ਆ ਗਈ। ਸਰਦੀਆਂ ਦੇ ਦਿਨ ਸਨ। ਤੜਕੇ-ਤੜਕੇ ਚਾਹ ਦਾ ਵੀ ਕੋਈ ਇੰਤਜ਼ਾਮ ਨਹੀਂ ਸੀ। ਛੁੱਟੀ ਦੇ ਦਿਨ ਤਾਂ ਮੈਂ ਬੀ-ਬਲਾਕ 'ਚ ਹੀ ਸਤ ਸੋਨੀ ਜਾਂ ਕ੍ਰਿਸ਼ਣ ਭਾਟੀਆ ਦੇ ਘਰੋਂ ਚਾਹ ਪੀ ਆਉਂਦਾ, ਦਫ਼ਤਰ ਵਾਲੇ ਦਿਨ ਇਹ ਸੰਭਵ ਨਹੀਂ ਸੀ। ਅਕਸਰ ਪਹਿਲਾ ਕੱਪ ਮੈਂ ਦਫ਼ਤਰ ਜਾ ਕੇ ਹੀ ਪੀਂਦਾ। ਮਕਾਨ ਮਾਲਿਕ ਕੁਝ ਇਸ ਅੰਦਾਜ਼ ਨਾਲ ਆਕਾਸ਼ਬਾਣੀ ਦੀਆਂ ਖ਼ਬਰਾਂ ਸੁਣਦਾ ਕਿ ਲਗਦਾ ਕੋਈ ਮੁਨਿਆਦੀ ਹੋ ਰਹੀ ਹੈ। ਹਾਲੇ ਖ਼ਬਰਾਂ ਦਾ ਪ੍ਰਸਾਰਣ ਸ਼ੁਰੂ ਨਹੀਂ ਹੋਇਆ ਸੀ ਕਿ ਮੇਰੇ ਕਮਰੇ ਨੂੰ ਕਿਸੇ ਨੇ ਖੜਕਾਇਆ। ਮੈਂ ਰਜਾਈ 'ਚ ਬੈਠਾ ਹੋਇਆ ਸੀ, ਖੜਕੇ ਨੂੰ ਅਣਸੁਣਿਆ ਕਰ ਗਿਆ। ਅਕਸਰ ਮਕਾਨ ਮਾਲਿਕ ਅਖ਼ਬਾਰ 'ਚ ਅਪਰਾਧ ਦੀ ਕੋਈ ਘਟਨਾ ਪੜ੍ਹ ਕੇ ਏਨਾ ਉਤੇਜਿਤ ਹੋ ਜਾਂਦਾ ਸੀ ਕਿ ਮੈਨੂੰ ਜਗਾ ਦਿੰਦਾ। ਪਤਾ ਨਹੀਂ ਕਿਉਂ ਉਸਨੂੰ ਲਗਦਾ ਕਿ ਅਗਲੀ ਅਪਰਾਧ ਸਬੰਧੀ ਘਟਨਾ ਉਸ ਦੇ ਨਾਲ ਹੋਣ ਵਾਲੀ ਹੈ। ਮੈਂ ਉਸਦਾ ਇਕੋ-ਇਕ ਕਿਰਾਏਦਾਰ ਸੀ, ਪਰ ਕਿਰਾਏਦਾਰਾਂ ਦੇ ਬਾਰੇ 'ਚ ਉਸਦੀ ਰਾਇ ਬੜੀ ਮਾੜੀ ਸੀ। ਉਹ ਅਕਸਰ ਸ਼ੰਕਾ ਜ਼ਾਹਿਰ ਕਰਦਾ ਕਿ ਜੇਕਰ ਕੋਈ ਕਿਰਾਏਦਾਰ ਅਚਾਨਕ ਇਕ ਦਿਨ ਦੀ ਇਤਫਾਕੀਆ ਛੁੱਟੀ ਲੈ ਕੇ ਮਾਲਿਕ ਮਕਾਨ ਦੀ ਘਰਵਾਲੀ ਨਾਲ ਗੁਲਛਰਰੇ ਉਡਾਉਂਦਾ ਰਹੇ ਤਾਂ ਮਕਾਨ ਮਾਲਿਕ ਨੂੰ ਇਸ ਭਣਕ ਨਹੀਂ ਪਵੇਗੀ। ਉਸਦਾ ਦ੍ਰਿੜ ਵਿਸ਼ਵਾਸ ਸੀ ਕਿ ਕਿਸੇ ਦਾ ਕੋਈ ਭਰੋਸਾ ਨਹੀਂ ਰਿਹਾ ਹੈ। ਮੈਂ ਉਸਨੂੰ ਵਿੱਚ-ਵਿੱਚ ਹੌਸਲਾ ਦਿੰਦਾ ਰਹਿੰਦਾ ਕਿ ਮੈਂ ਇਕ ਨਿਹਾਇਤ ਸ਼ਰੀਫ ਇਨਸਾਨ ਹਾਂ ਅਤੇ ਉਸਦੇ ਦਫ਼ਤਰ ਜਾਣ ਤੋਂ ਪਹਿਲਾਂ ਹੀ ਦਫ਼ਤਰ ਚਲਾ ਜਾਂਦਾ ਹਾਂ ਅਤੇ ਰਾਤ ਨੂੰ ਆਖ਼ਿਰੀ ਬਸ ਰਾਹੀਂ ਮੁੜਦਾ ਹਾਂ।

"ਇਤਫਾਕੀਆ ਛੁੱਟੀ ਤਾਂ ਕੋਈ ਵੀ ਲੈ ਸਕਦਾ ਹੈ; ਉਹ ਕਹਿੰਦਾ, "ਜ਼ਮਾਨਾ ਬੜਾ ਖ਼ਰਾਬ ਹੈ।"

"ਇਹ ਤਾਂ ਹੈ।" ਪਿੱਛਾ ਛੁਡਾਉਣ ਦੇ ਲਈ ਮੈਂ ਉਸਦੀ ਹਾਂ 'ਚ ਹਾਂ ਮਿਲਾਉਂਦਾ।

ਦਰਵਾਜ਼ਾ ਥੋੜ੍ਹੀ ਦੇਰ ਬਾਦ ਫੇਰ ਖੜਕਿਆ। ਮੈਂ ਨਾ ਚਾਹੁੰਦਿਆਂ ਵੀ ਰਜ਼ਾਈ 'ਚੋਂ ਨਿਕਲਿਆ ਅਤੇ ਦਰਵਾਜ਼ਾ ਖੋਲ੍ਹਿਆ।

ਸਾਹਮਣੇ ਸਕਾਰਫ ਵਾਲੀ ਮੁਟਿਆਰ ਕੁੜੀ ਸੀ। ਅਚਾਨਕ ਮੈਨੂੰ ਯਕੀਨ ਨਾ ਆਇਆ, ਲੱਗਿਆ ਕੋਈ ਸੁਪਨਾ ਦੇਖ ਰਿਹਾ ਹਾਂ। ਅੱਖਾਂ ਮਲਦਿਆਂ ਮੈਂ ਫੇਰ ਉਸਦੇ ਵੱਲ ਦੇਖਿਆ। ਉਹੀ ਸੀ।



ਪਸ਼ਮੀਨੇ ਦੇ ਸਫੈਦ ਸ਼ਾਲ 'ਚ ਲਿਪਟੀ ਹੋਈ, ਸਿਰ 'ਤੇ ਕਾਲੇ ਰੰਗ ਦਾ ਸਕਾਰਫ ਸੀ।

"ਮੈਂ ਅੰਦਰ ਆ ਸਕਦੀ ਹਾਂ।" ਉਸਨੇ ਬੇਹੱਦ ਸ਼ਾਲੀਨਤਾ ਨਾਲ ਪੁੱਛਿਆ।

"ਆਉ-ਆਉ।" ਮੈਂ ਕਿਹਾ ਅਤੇ ਕਮਰੇ ਦੀ ਇਕੋ-ਇਕ ਕੁਰਸੀ 'ਤੇ ਕੱਪੜੇ-ਲੀੜੇ, ਅਖ਼ਬਾਰ-ਰਸਾਲੇ ਚੁੱਕ ਕੇ ਉਸਦੇ ਲਈ ਥਾਂ ਬਣਾਈ, "ਤਸ਼ਰੀਫ ਰੱਖੋ।"

ਉਹ ਔਰਤ ਬੈਠ ਗਈ। ਮੈਂ ਵੀ ਮੰਜੇ 'ਤੇ ਬੈਠ ਗਿਆ।

"ਮੈਂ ਰਵੀਂਦਰ ਕਾਲੀਆ ਨੂੰ ਮਿਲਣਾ ਹੈ।"

"ਦੱਸੋ।"

"ਤੁਸੀਂ ਹੀ ਰਵੀਂਦਰ ਜੀ ਹੋ ?"

"ਜੀ।" ਮੈਂ ਪੁੱਛਿਆ, "ਮੈਂ ਤੁਹਾਡੀ ਕੀ ਖਿਦਮਤ ਕਰ ਸਕਦਾ ਹਾਂ ?"

ਮੈਨੂੰ ਲੱਗਿਆ, ਤੜਕੇ-ਤੜਕੇ ਏਥੇ ਇਸ ਔਰਤ ਨੂੰ ਦੇਖ ਕੇ ਜਿੰਨੀ ਹੈਰਾਨੀ ਮੈਨੂੰ ਹੋ ਰਹੀ ਸੀ, ਉਸ ਤੋਂ ਜ਼ਿਆਦਾ ਉਸ ਔਰਤ ਨੂੰ ਹੋ ਰਹੀ ਸੀ। ਸ਼ਕਲ-ਸੂਰਤ ਤੋਂ ਉਹ ਮੈਨੂੰ ਪਛਾਣ ਰਹੀ ਸੀ ਪਰ ਨਾਂ ਤੋਂ ਨਹੀਂ।

"ਮੈਂ ਮੋਹਨ ਰਾਕੇਸ਼ ਦੀ ਘਰਵਾਲੀ ਹਾਂ।" ਉਸਨੇ ਕਿਹਾ।

ਮੈਂ ਜਿਵੇਂ ਅਸਮਾਨ ਤੋਂ ਡਿੱਗਿਆ। ਮੈਂ ਕਲਪਣਾ ਵੀ ਨਹੀਂ ਕੀਤੀ ਸੀ ਕਿ ਉਹ ਔਰਤ ਵਿਆਹੀ ਹੋਈ ਹੋਵੇਗੀ। ਚੀਰ 'ਚ ਸਿੰਧੂਰ ਦੇਖਿਆ ਸੀ ਨਾ ਪੈਰ 'ਚ ਬਿਛੂਆ। ਮੈਨੂੰ ਹਿਸਾਰ 'ਚ ਖ਼ਬਰ ਮਿਲ ਗਈ ਸੀ ਕਿ ਮੋਹਨ ਰਾਕੇਸ਼ ਦਾ ਆਪਣੀ ਘਰਵਾਲੀ ਨਾਲ ਤਾਲ ਮੇਲ ਨਹੀਂ ਬੈਠ ਰਿਹਾ ਅਤੇ ਸਬੰਧ ਟੁੱਟਣ ਦੀ ਨੌਬਤ ਆ ਚੁੱਕੀ ਸੀ। ਦੋਵੇਂ ਵੱਖ-ਵੱਖ ਰਹਿ ਰਹੇ ਸੀ। ਉਦੋਂ ਤੱਕ ਰਾਕੇਸ਼ ਜੀ ਦੇ ਜੀਵਨ 'ਚ ਤੀਜੀ ਕੁੜੀ ਆ ਚੁੱਕੀ ਸੀ ਅਤੇ ਉਹ ਛੇਤੀ ਤੋਂ ਛੇਤੀ ਤਲਾਕ ਲੈ ਕੇ ਇਸ ਰਿਸ਼ਤੇ ਤੋਂ ਮੁਕਤ ਹੋ ਜਾਣਾ ਚਾਹੁੰਦੇ ਸਨ। ਰਾਕੇਸ਼ ਉਨੀਂ ਦਿਨੀਂ ਮਾਨਸਿਕ ਤਸੀਹੇ ਦੇ ਮਾੜੇ ਦੌਰ 'ਚੋਂ ਲੰਘ ਰਹੇ ਸਨ। ਉਹਨਾਂ ਨਾਲ ਕਦੇ-ਕਦਾਈਂ ਟੀ-ਹਾਊਸ 'ਚ ਭੇਂਟ ਹੋ ਜਾਂਦੀ ਸੀ ਅਤੇ ਉਹਨਾਂ ਦੀਆਂ ਪਰੇਸ਼ਾਨੀਆਂ ਨੂੰ ਦੇਖਦਿਆਂ ਮਾਂ ਜੀ ਨੂੰ ਵੀ ਮਿਲਣ ਨਹੀਂ ਜਾ ਸਕਦਾ ਸੀ। ਉਹ ਆਪਣੀ ਸੁੱਰਖਿਆ ਨੂੰ ਲੈ ਕੇ ਵੀ ਫਿਕਰਮੰਦ ਰਹਿੰਦੇ ਸਨ। ਕੁਝ ਹੀ ਦਿਨ ਪਹਿਲਾਂ ਕਰੋਲ ਬਾਗ 'ਚ ਕੁਝ ਅਰਾਜਕ ਤੱਤਾਂ ਰਾਹੀਂ ਉਹਨਾਂ 'ਤੇ ਹਮਲਾ ਵੀ ਹੋਇਆ ਸੀ, ਜਿਸਦੇ ਬਾਰੇ 'ਚ ਓਮ ਪ੍ਰਕਾਸ਼ ਜੀ ਦੀ ਅਗਵਾਈ 'ਚ ਲੇਖਕਾਂ ਦਾ ਇਕ ਪ੍ਰਤਿਨਿਧੀ ਮੰਡਲ ਉਸ ਸਮੇਂ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਵੀ ਮਿਲਿਆ ਸੀ। ਮੈਂ ਵੀ ਉਹਨਾਂ ਮੋਹਤਬਰ ਲੋਕਾਂ 'ਚ ਸ਼ਾਮਿਲ ਹੋਇਆ ਸੀ। ਕੌਫ਼ੀ ਹਾਊਸ 'ਚ ਉਸ ਵੇਲੇ ਜਿੰਨੇ ਵੀ ਲੇਖਕ ਬੈਠੇ ਸਨ, ਓਮ ਪ੍ਰਕਾਸ਼ ਜੀ (ਰਾਜ ਕਮਲ ਪ੍ਰਕਾਸ਼ਨ) ਸਭ ਨੂੰ ਟੈਕਸੀ 'ਚ ਭਰ ਕੇ ਪ੍ਰਧਾਨ ਮੰਤਰੀ ਨਿਵਾਸ 'ਤੇ ਲੈ ਗਏ ਸਨ। ਸ਼ਾਸਤਰੀ ਜੀ ਨੇ ਆਪਣੇ ਬੰਗਲੇ ਦੇ ਮੈਦਾਨ 'ਚ ਟਹਿਲਦਿਆਂ ਲੇਖਕਾਂ ਦੀ ਗੱਲ ਸੁਣੀ ਸੀ ਅਤੇ ਜ਼ਰੂਰੀ ਹਿਦਾਇਤਾਂ ਦਿੱਤੀਆਂ ਸਨ। ਉਹ ਵਾਰ-ਵਾਰ ਇਕੋ ਹੀ ਸੁਆਲ ਪੁੱਛ ਰਹੇ ਸਨ ਕਿ ਇਕ ਲੇਖਕ 'ਤੇ ਕੋਈ ਹਮਲਾ ਕਿਉਂ ਕਰੇਗਾ ? ਰਾਕੇਸ਼ ਜੀ ਨੂੰ ਸ਼ੱਕ ਸੀ ਕਿ ਉਹਨਾਂ ਦੇ ਸਾਲੇ ਇਹ ਕੰਮ ਕਰਵਾ ਸਕਦੇ ਹਨ। ਮੋਹਨ ਚੋਪੜਾ ਤੋਂ ਇਹ ਤਵੱਕੋ ਨਹੀਂ ਕੀਤੀ ਜਾ ਸਕਦੀ ਸੀ, ਉਹ ਮੋਹਨ ਰਾਕੇਸ਼ ਦੇ ਪਰਮ ਮਿੱਤਰ ਰਹੇ ਸਨ। ਇਤਫਾਕ ਨਾਲ ਦਯਾਨੰਦ ਕਾਲਜ ਹਿਸਾਰ 'ਚ ਉਹ ਮੇਰੇ ਨਾਲ ਕੰਮ ਕਰਦੇ ਸਨ। ਉਹ ਅੰਗ੍ਰੇਜ਼ੀ ਵਿਭਾਗ ਦੇ ਮੁਖੀ ਸਨ ਅਤੇ ਮੈਂ ਹਿੰਦੀ ਵਿਭਾਗ 'ਚ ਸੀ। ਇਹ ਜਾਣਦੇ ਹੋਏ ਵੀ ਕਿ ਮੈਂ ਮੋਹਨ ਰਾਕੇਸ਼ ਦਾ ਵਿਦਿਆਰਥੀ ਰਿਹਾ ਹਾਂ ਅਤੇ ਹਿੰਦੀ ਕਹਾਣੀ 'ਚ ਮੇਰੀ ਡੂੰਘੀ ਦਿਲਚਸਪੀ ਹੈ, ਮੋਹਨ ਚੋਪੜਾ ਨੇ ਕਦੇ ਦੋਸਤੀ ਦਾ ਹੱਥ ਨਹੀਂ ਵਧਾਇਆ ਸੀ। ਸਿਲਸਿਲਾ ਦੁਆ ਸਲਾਮ ਤੋਂ ਅੱਗੇ ਨਹੀਂ ਵਧਿਆ। ਮੋਹਨ ਚੋਪੜਾ ਦੀ ਵਿਸ਼ੇਸ਼ਤਾ ਇਹ ਸੀ ਕਿ ਉਹਨਾਂ ਦੀਆਂ ਕਹਾਣੀਆਂ ਸਿਰਫ 'ਕਹਾਨੀ' 'ਚ ਛਪਦੀਆਂ ਸਨ ਅਤੇ ਉਹਨਾਂ ਦੀਆਂ ਪੁਸਤਕਾਂ ਦੀ ਛਪਾਈ ਵੀ

ਇਕੋ ਹੀ ਪ੍ਰਕਾਸ਼ਨ ਵਿਸ਼ੇਸ਼ ਤੋਂ ਹੁੰਦੀ ਸੀ। ਮੈਂ ਕਦੇ ਉਹਨਾਂ ਦੀ ਪੁਸਤਕ ਦੀ ਸਮੀਖਿਆ ਵੀ ਨਹੀਂ ਪੜ੍ਹੀ ਸੀ। ਜਿੰਨੀ ਵਾਰ ਮੈਂ ਉਹਨਾਂ ਨਾਲ ਰਾਕੇਸ਼ ਦੀ ਗੱਲ ਕਰਨੀ ਚਾਹੀ, ਉਹਨਾਂ ਨੇ ਰੁਚੀ ਨਾ ਦਿਖਾਈ।

"ਰਾਕੇਸ਼ ਮੇਰੇ ਗੁਰੂ ਹਨ, ਦਿੱਲੀ 'ਚ ਤਾਂ ਉਹੀ ਮੇਰੇ ਲੋਕਲ ਗਾਰਜੀਅਨ ਹਨ।" ਮੈਂ ਇਕੋ ਹੀ ਸਾਹ 'ਚ ਉਸ ਔਰਤ ਨੂੰ ਕਿਹਾ, "ਇਸ ਤੋਂ ਪਹਿਲਾਂ ਮੈਂ ਹਿਸਾਰ 'ਚ ਸੀ। ਡੀ.ਏ.ਵੀ. ਕਾਲਜ 'ਚ ਮੋਹਨ ਚੋਪੜਾ ਮੇਰੇ ਕੋਲੀਗ ਸਨ।" ਉਹ ਅਚਾਨਕ ਖੜ੍ਹੀ ਹੋ ਗਈ, "ਚਲਦੀ ਹਾਂ।"

"ਨਹੀਂ, ਤੁਸੀਂ ਚਾਹ ਪੀ ਕੇ ਜਾਇਓ।" ਮੈਂ ਕੇਤਲੀ ਚੁੱਕੀ ਅਤੇ ਬਗੈਰ ਉਸਦੇ ਜੁਆਬ ਦੀ ਉਡੀਕ ਜਾਂ ਆਸ ਕੀਤੇ ਕਮਰੇ ਤੋਂ ਬਾਹਰ ਨਿਕਲ ਗਿਆ। ਅਜਿਹੇ ਮੌਕਿਆਂ ਦੇ ਲਈ ਮੈਂ ਅਲਮੀਨੀਅਮ ਦੀ ਇਕ ਕੇਤਲੀ ਖਰੀਦ ਰੱਖੀ ਸੀ ਤਾਂ ਕਿ ਘਰੇ ਆਏ ਪ੍ਰਾਹੁਣੇ ਨੂੰ ਘੱਟੋ-ਘੱਟ ਬਾਜ਼ਾਰੋਂ ਲਿਆ ਕੇ ਚਾਹ ਪਿਆਈ ਜਾ ਸਕੇ। ਉਸ ਔਰਤ ਨੂੰ ਅਚਾਨਕ ਕਮਰੇ 'ਚ ਦੇਖਕੇ ਜੋ ਖ਼ੁਸ਼ੀ ਭਰੀ ਹੈਰਾਨੀ ਹੋਈ ਸੀ, ਉਹ ਦਹਿਸ਼ਤ 'ਚ ਬਦਲ ਗਿਆ। ਰਾਕੇਸ਼ ਜੀ ਨੇ ਮੈਨੂੰ ਆਪਣੀ ਘਰਵਾਲੀ ਦੇ ਅਸਧਾਰਣ ਵਿਹਾਰ ਦੇ ਬਾਰੇ 'ਚ ਬਹੁਤ ਸਾਰੀਆਂ ਗੱਲਾਂ ਦੱਸ ਰੱਖੀਆਂ ਸਨ। ਏਥੇ ਉਹਨਾਂ ਗੱਲਾਂ ਦਾ ਜ਼ਿਕਰ ਕਰਨਾ ਠੀਕ ਨਹੀਂ ਹੋਵੇਗਾ, ਪਰ ਏਨਾ ਦੱਸਣਾ ਗਲਤ ਨਹੀਂ ਹੋਵੇਗਾ ਕਿ ਬਾਹਰ ਆ ਕੇ ਮੈਨੂੰ ਲੱਗਿਆ ਜਿਵੇਂ ਮੈਂ ਕਿਸੇ ਅੱਤਵਾਦੀ ਨੂੰ ਝਕਾਨੀ ਦੇ ਕੇ ਭੱਜਣ 'ਚ ਸਫ਼ਲ ਹੋ ਗਿਆ ਹਾਂ। ਮੈਨੂੰ ਯਕੀਨ ਸੀ ਕਿ ਜਦ ਤੱਕ ਮੈਂ ਕਮਰੇ 'ਚ ਮੁੜਕੇ ਆਵਾਂਗਾ, ਮੇਰਾ ਮਾਲਿਕ ਮਕਾਨ ਸੁੰਘਦਿਆਂ ਕਮਰੇ 'ਚ ਪਹੁੰਚ ਚੁੱਕਿਆ ਹੋਵੇਗਾ। ਬਾਹਰ ਅਖ਼ਬਾਰ ਵਾਲਾ ਬੜੀ ਫੁਰਤੀ ਨਾਲ ਘਰਾਂ 'ਚ ਅਖ਼ਬਾਰ ਵੰਡ ਰਿਹਾ ਸੀ। ਇਹ ਵੀ ਇਕ ਚੰਗਾ ਸ਼ਗਨ ਸੀ। ਅਖ਼ਬਾਰ ਆਉਂਦੇ ਹੀ ਮੇਰਾ ਮਕਾਨ ਮਾਲਿਕ ਬਾਹਰ ਬਰਾਂਡੇ 'ਚ ਕੁਰਸੀ ਡਾਹ ਕੇ ਪੜ੍ਹਿਆ ਕਰਦਾ ਸੀ। ਉਸ ਸਮੇਂ ਚਾਹ ਵਾਲਾ ਖੁਦ ਹੀ ਚਾਹ ਪੀ ਰਿਹਾ ਸੀ ਅਤੇ ਢਾਬੇ ਦੇ ਨੇੜੇ-ਤੇੜੇ ਕੁਝ ਸੇਵਾ ਮੁਕਤ ਬਜ਼ੁਰਗ ਸਵੇਰ ਦੀ ਸੈਰ ਤੋਂ ਮੁੜ ਕੇ ਅਖ਼ਬਾਰ ਦਾ ਇਕ-ਇਕ ਪੰਨਾ ਲੈ ਕੇ ਅਖ਼ਬਾਰ ਪੜ੍ਹ ਰਹੇ ਸਨ। ਜਦ ਤੱਕ ਚਾਹ ਤਿਆਰ ਹੁੰਦੀ ਮੈਂ ਚਾਹੁੰਦਾ ਰਿਹਾ ਕਿ ਮੇਰੇ ਕਮਰੇ 'ਚ ਜਾਣ ਤੋਂ ਪਹਿਲਾਂ ਹੀ ਉਹ ਔਰਤ ਜਾ ਚੁੱਕੀ ਹੋਵੇ। ਮੇਰੇ ਦਿਮਾਗ਼ 'ਚ ਲਗਾਤਾਰ ਉਸ ਔਰਤ ਦਾ ਅਕਸ ਬਦਲ ਰਿਹਾ ਸੀ। ਜਿਵੇਂ ਅੱਜਕੱਲ੍ਹ ਕੰਪਿਊਟਰ ਤੋਂ ਐਨੀਮੇਸ਼ਨ ਹੁੰਦਾ ਹੈ, ਆਦਮੀ ਅਚਾਨਕ ਰਿੱਛ ਬਣ ਜਾਂਦਾ ਹੈ ਜਾਂ ਸ਼ੇਰ। ਫੇਰ ਆਦਮੀ, ਆਦਮੀ ਤੋਂ ਡਾਇਨਾਸੋਰ। ਰਾਕੇਸ਼ ਦੀਆਂ ਗੱਲਾਂ ਤੋਂ ਜਿੰਨੇ ਬਿੰਬ ਬਣ ਸਕਦੇ ਸੀ ਮੇਰੇ ਦਿਮਾਗ਼ 'ਚ ਉਹ ਸਭ ਚਮਕ ਗਏ।

ਮੈਂ ਚਾਹ ਲੈ ਕੇ ਮੁੜਿਆ ਤਾਂ ਮਕਾਨ ਮਾਲਿਕ ਸੱਚਮੁੱਚ ਬਰਾਂਡੇ 'ਚ ਅਖ਼ਬਾਰ ਪੜ੍ਹ ਰਿਹਾ ਸੀ, ਕਮਰੇ 'ਚ ਉਹ ਔਰਤ ਕੁਰਸੀ ਦਾ ਹੱਥਾ ਫੜੀ ਬੇਚੈਨ ਜਿਹੀ ਖੜ੍ਹੀ ਸੀ। ਮੈਨੂੰ ਦੇਖਦੇ ਹੀ ਉਸਨੇ ਕਿਹਾ, "ਚਾਹ ਨਹੀਂ ਪੀਆਂਗੀ। ਮੈਂ ਜਾਵਾਂਗੀ।" ਮੈਂ ਵੀ ਬਹੁਤਾ ਕਹਿਣਾ ਠੀਕ ਨਾ ਸਮਝਿਆ। ਉਸਨੂੰ ਗੇਟ ਤੱਕ ਛੱਡ ਕੇ ਆਇਆ। ਆ ਕੇ ਰਜ਼ਾਈ 'ਚ ਦੁਬਾਰਾ ਵੜ ਗਿਆ। ਅੱਧੇ ਘੰਟੇ ਦੀ ਨੀਂਦ ਬਾਕੀ ਰਹਿ ਗਈ ਸੀ। ਮੇਰੀ ਸਮਝ 'ਚ ਨਹੀਂ ਆ ਰਿਹਾ ਸੀ ਕਿ ਉਹ ਮੇਰੇ ਕਮਰੇ 'ਚ ਕਿਉਂ ਆਈ ਸੀ, ਜੇਕਰ ਉਸਨੂੰ ਮੇਰਾ ਨਾਂ ਪਤਾ ਨਹੀਂ ਸੀ ਤਾਂ ਉਸਨੇ ਮੇਰੇ ਘਰ ਦਾ ਪਤਾ ਕਿਵੇਂ ਲਾਇਆ। ਪਏ-ਪਏ ਮੈਂ ਏਨਾ ਜ਼ਰੂਰ ਧਾਰ ਲਿਆ ਕਿ ਹੁਣ ਉਸ ਬਸ ਰਾਹੀਂ ਦਫ਼ਤਰ ਨਹੀਂ ਜਾਇਆ ਕਰਾਂਗਾ। ਸਤ ਸੋਨੀ ਜੋੜਾ (ਪਤੀ-ਪਤਨੀ) ਪਹਿਲਾਂ ਸਟਾਪ 'ਤੇ ਜਾ ਕੇ ਐਕਸਪ੍ਰੈਸ ਬਸ ਫੜਿਆ ਕਰਦਾ ਸੀ, ਮੈਂ ਵੀ ਭਵਿੱਖ 'ਚ ਉਸੇ ਬਸ ਰਾਹੀਂ ਦਫ਼ਤਰ ਜਾਣ ਦਾ ਫ਼ੈਸਲਾ ਕਰ ਲਿਆ।

ਆਥਣੇ ਰਾਕੇਸ਼ ਜੀ ਨਾਲ ਭੇਂਟ ਹੋਈ ਤਾਂ ਮੈਂ ਸ਼ੁਰੂ ਤੋਂ ਆਖ਼ਿਰ ਤੱਕ ਸਾਰਾ ਕਿੱਸਾ ਸੁਣਾਇਆ। ਰਾਕੇਸ਼ ਨੇ ਥੋੜ੍ਹਾ ਸਿਰ ਝੁਕਾ ਕੇ ਐਨਕਾਂ ਦੇ ਅੰਦਰੋਂ ਮਰਮਭੇਦੀ ਨਜ਼ਰਾਂ ਨਾਲ ਮੇਰੇ ਵੱਲ ਦੇਖਿਆ ਅਤੇ ਸਾਰੀ ਗੱਲ ਵਿਸਥਾਰ ਨਾਲ ਸੁਣੀ। ਇਹ ਉਹਨਾਂ ਦਾ ਖਾਸ ਅੰਦਾਜ਼ ਸੀ।

"ਅੱਵਲ ਤਾਂ ਉਹ ਹੁਣ ਦੁਬਾਰਾ ਨਹੀਂ ਆਏਗੀ।" ਰਾਕੇਸ਼ ਜੀ ਨੇ ਕਿਹਾ, "ਜੇਕਰ ਆਵੇ



ਤਾਂ ਗੇਟ ਤੋਂ ਬਾਹਰ ਹੀ ਮਨ੍ਹਾ ਕਰ ਦੇਣਾ। ਪਿਛਲੇ ਦਿਨੀਂ ਉਹ ਓਮ ਪ੍ਰਕਾਸ਼ (ਰਾਜਕਮਲ ਪ੍ਰਕਾਸ਼ਨ) ਨੂੰ ਵੀ ਮਿਲਣ ਗਈ ਸੀ, ਉਸਨੂੰ ਉਹਨਾਂ ਦੇ ਚਰਿੱਤਰ 'ਤੇ ਚਿੱਕੜ ਸੁੱਟਣ ਦਾ ਮੌਕਾ ਮਿਲ ਗਿਆ ਸੀ।"

ਮੈਂ ਸਹਿਮਤੀ ਨਾਲ ਹਾਮੀ ਭਰੀ।

"ਮੇਰੇ ਬਾਰੇ 'ਚ ਕੁਝ ਕਹਿ ਰਹੀ ਸੀ ?"

"ਉਸਨੇ ਕਿਸੇ ਦੇ ਬਾਰੇ 'ਚ ਕੁਝ ਨਹੀਂ ਕਿਹਾ। ਕੋਈ ਸ਼ਿਕਾਇਤ ਕੀਤੀ ਨਾ ਗਿਲਾ-ਸ਼ਿਕਵਾ। ਮੈਨੂੰ ਦੇਖਦੇ ਹੀ ਬੋਲੀ, ਮੈਂ ਹੁਣ ਜਾਵਾਂਗੀ।" ਮੈਂ ਦੱਸਿਆ।

ਗੱਲ ਆਈ ਗਈ ਹੋ ਗਈ। ਉਸਦੇ ਬਾਦ ਉਹ ਮੈਨੂੰ ਇਕ-ਦੋ ਵਾਰ ਵੱਖ-ਵੱਖ ਥਾਵਾਂ 'ਤੇ ਦਿਖਾਈ ਦਿੱਤੀ। ਛੁੱਟੀ ਦੇ ਇਕ ਦਿਨ ਉਹ ਚਾਂਦਨੀ ਚੌਕ 'ਚ ਦਿਖਾਈ ਦਿੱਤੀ ਸੀ। ਮੈਂ ਦੋਸਤਾਂ ਦੇ ਨਾਲ ਇਕ ਢਾਬੇ 'ਤੇ ਛੋਲੇ-ਭਟੂਰੇ ਖਾ ਰਿਹਾ ਸੀ ਕਿ ਉਹ ਨਾਲ ਦੀ ਮੇਜ਼ 'ਤੇ ਆ ਕੇ ਬੈਠ ਗਈ। ਸਾਡੀਆਂ ਦੋਵਾਂ ਦੀਆਂ ਨਜ਼ਰਾਂ ਮਿਲੀਆਂ, ਪਰ ਦੋਵਾਂ 'ਚੋਂ ਕਿਸੇ ਦੇ ਵੀ ਚਿਹਰੇ 'ਤੇ ਪਛਾਣ ਦਾ ਭਾਵ ਨਾ ਆਇਆ। ਉਸਨੇ ਪਹਿਲਾਂ ਪਾਣੀ ਪੀਤਾ, ਉਸਦੇ ਬਾਦ ਕੋਕ ਅਤੇ ਫੇਰ ਚਲੀ ਗਈ। ਉਹ ਪਹਿਲਾਂ ਤੋਂ ਕਮਜ਼ੋਰ ਲੱਗ ਰਹੀ ਸੀ ਅਤੇ ਉਦਾਸ। ਅੱਖਾਂ ਅਜਿਹੀਆਂ ਉਜਾੜ ਜਿਵੇਂ ਹੁਣੇ-ਹੁਣੇ ਸਾਰਾ ਜਹਾਨ ਹਾਰ ਕੇ ਚਾਂਦਨੀ ਚੌਕ ਚਲੀ ਆਈ ਹੋਵੇ। ਰਾਕੇਸ਼ ਉਦੋਂ ਤੱਕ ਠੀਕ ਹੋ ਚੁੱਕੇ ਸਨ ਅਤੇ ਅਨੀਤਾ ਦੇ ਨਾਲ ਰਹਿਣ ਲੱਗੇ ਸਨ। ਇਕ ਵਾਰ ਉਹ ਕਨਾਟ ਪਲੇਸ 'ਚ ਦਿਖਾਈ ਦਿੱਤੀ। ਸਰਦੀਆਂ ਦੇ ਦਿਨ ਸਨ, ਉਹ 'ਵੋਲਗਾ' 'ਚੋਂ ਨਿਕਲੀ ਸੀ। ਉਸਨੇ ਕੋਈ ਗਰਮ ਕੱਪੜਾ ਨਹੀਂ ਪਾ ਰੱਖਿਆ ਸੀ, ਸਿਰ ਤੋਂ ਸਕਾਰਫ ਵੀ ਗਾਇਬ ਸੀ। ਚੀਰ ਦੇ ਦੋਵਾਂ ਪਾਸਿਆਂ ਦੇ ਵਾਲ ਪੱਕ ਗਏ ਸਨ। ਛਾਤੀ 'ਤੇ ਦੋਵੇਂ ਬਾਹਾਂ ਕਸੇ ਉਹ ਕੰਬਦੀ ਜਿਹੀ ਕੋਲੋਂ ਲੰਘ ਗਈ।

ਮੈਨੂੰ ਬੜਾ ਬੁਰਾ ਲੱਗਿਆ। ਸਮਝ ਨਹੀਂ ਆ ਰਹੀ ਸੀ ਕਿ ਉਹ ਗਰਮ ਕੱਪੜੇ ਪਾ ਕੇ ਘਰੋਂ ਕਿਉਂ ਨਹੀਂ ਤੁਰੀ। ਮੈਨੂੰ ਲੱਗਿਆ, ਉਹ 'ਮੈਸੋਕਿਸਟ' ਹੈ, ਆਪਣੇ ਆਪ ਨੂੰ ਦੁੱਖ ਦੇ ਰਹੀ ਹੈ ਜਾਂ ਰਾਕੇਸ਼ ਨਾਲ ਸਬੰਧ ਟੁੱਟਣ ਦੇ ਬਾਦ ਪਛਤਾ ਰਹੀ ਹੈ। ਕੁਝ ਦਿਨਾਂ ਤੋਂ ਦਿੱਲੀ 'ਚ ਠੰਡੀ ਲਹਿਰ ਚੱਲ ਰਹੀ ਸੀ, ਹਰ ਕੋਈ ਗਰਮ ਕੱਪੜਿਆਂ ਨਾਲ ਲੱਦਿਆ-ਫੱਦਿਆ ਘਰੋਂ ਨਿਕਲਦਾ ਸੀ। ਰਾਤ ਨੂੰ ਮੈਂ ਕਮਰੇ 'ਚ ਪਹੁੰਚਿਆ ਤਾਂ ਉਸਦਾ ਠੁਰ-ਠੁਰ ਕਰਨਾ ਮੇਰੇ ਅੰਦਰ ਕਾਂਬਾ ਪੈਦਾ ਕਰਦਾ ਰਿਹਾ। ਸੌਣ ਤੋਂ ਪਹਿਲਾਂ ਮੈਂ ਇਕ ਕਹਾਣੀ ਲਿਖ ਮਾਰੀ, "ਕੋਜ਼ੀ ਕਾਰਨਰ।" ਉਹ ਇਕ ਤਲਾਕਸ਼ੁਦਾ ਘਰਵਾਲੀ ਦੇ ਇਕੱਲੇਪੁਣ ਦੀ ਕਹਾਣੀ ਸੀ, ਦਿਉਰ ਦੇ ਰਾਹੀਂ ਕਹੀ ਗਈ :

ਮੈਂ ਉਸ ਦੇ ਵੱਲ ਦੇਖਿਆ, ਉਸਨੇ ਕੋਈ ਗਰਮ ਕੱਪੜਾ ਨਹੀਂ ਪਾਇਆ ਸੀ। ਵਾਇਲ ਦੀ ਸਫੇਦ ਸਾੜ੍ਹੀ ਉਸਨੇ ਆਪਣੀ ਦੇਹ 'ਤੇ ਉਨੀ ਹੀ ਲਾਪਰਵਾਹੀ ਨਾਲ ਲਪੇਟ ਰੱਖੀ ਸੀ, ਜਿਸ ਲਾਪਰਵਾਹੀ ਨਾਲ ਵਾਲ ਬੰਨ੍ਹੇ ਸਨ ਅਤੇ ਉਹਨਾਂ ਦਾ ਜੂੜਾ ਬਣਾਇਆ ਸੀ। ਉਹ ਚੀਰ ਨਹੀਂ ਕੱਢਦੀ ਸੀ, ਚੀਰ ਦੀ ਥਾਂ 'ਤੇ ਦੋ-ਤਿੰਨ ਵਾਲ ਪੱਕ ਗਏ ਸਨ। ਦੋ ਸਾਲ ਪਹਿਲਾਂ, ਜਨਵਰੀ ਵਿੱਚ ਉਹ ਗੂੜ੍ਹੇ ਪੀਲੇ ਰੰਗ ਦਾ ਇਟੈਲੀਅਨ ਸਕਾਰਫ ਲਿਆ ਕਰਦੀ ਸੀ, ਜਿਸ ਨਾਲ ਭਾਈ ਸਾਹਿਬ ਅੱਜ-ਕੱਲ੍ਹ ਬੂਟ ਸਾਫ਼ ਕਰਿਆ ਕਰਦੇ ਹਨ... ਉਹ ਦਿਉਰ ਤੋਂ ਭਾਈ ਸਾਹਿਬ ਦੀ ਗਰਲਫਰੈਂਡ ਦੇ ਬਾਰੇ 'ਚ ਪੁੱਛ-ਤਾਸ਼ ਕਰਦਿਆਂ ਅਚਾਨਕ ਜਿਗਿਆਸਾ ਜ਼ਾਹਿਰ ਕਰਦੀ ਹੈ, "ਤੁਹਾਡੇ ਭਾਈ ਸਾਹਿਬ ਕਦੇ ਮੇਰੀ ਗੱਲ ਕਰਦੇ ਹਨ ?"

"ਨਹੀਂ।" ਮੈਂ (ਦਿਉਰ ਨੇ) ਕਿਹਾ।

ਉਹ ਬੇਚੈਨ ਹੋ ਗਈ, ਮੈਨੂੰ ਲੱਗਿਆ, ਉਹ ਰੋਣ ਲੱਗੇਗੀ। ਬੋਲੀ, "ਪਿਛਲੀ ਵਾਰ ਤਾਂ ਤੁਸੀਂ ਕਿਹਾ ਸੀ, ਉਹ ਮੇਰਾ ਨਾਂ ਸੁਣ ਕੇ ਉਦਾਸ ਹੋ ਜਾਂਦੇ ਹਨ।"

"ਮੈਂ ਝੂਠ ਕਿਹਾ ਸੀ।" ਮੈਂ ਕਿਹਾ, "ਮੈਨੂੰ ਅਫਸੋਸ ਹੈ, ਮੈਂ ਝੂਠ ਕਿਹਾ ਸੀ। ਮੈਂ ਤੁਹਾਨੂੰ ਖ਼ੁਸ਼

ਕਰਨ ਦੇ ਲਈ ਅਜਿਹਾ ਕਿਹਾ ਹੋਵੇਗਾ। ਮੈਂ ਦੂਜਿਆਂ ਨੂੰ ਖ਼ੁਸ਼ ਕਰਨ ਦੇ ਲਈ ਅਕਸਰ ਝੂਠ ਬੋਲਿਆ ਕਰਦਾ ਹਾਂ। ਮੈਂ ਸ਼ਰਮਿੰਦਾ ਹਾਂ।"

ਉਸਨੇ ਬਹੁਤ ਛੇਤੀ ਖ਼ੁਦ ਨੂੰ ਸਮੇਟ ਲਿਆ। ਕਿਸੇ ਵੀ ਤਣਾਅ 'ਚ ਉਸਦੇ ਉਪਰਲੇ ਬੁੱਲ੍ਹ 'ਤੇ ਪਸੀਨਾ ਉਭਰਨ ਲਗਦਾ ਹੈ। ਉਹ ਸਿਆਹੀ ਚੂਸ ਦੀ ਤਰ੍ਹਾਂ ਆਪਣੇ ਮੈਲੇ ਰੁਮਾਲ ਨਾਲ ਬੁੱਲ੍ਹ ਥਪੜਨ ਲੱਗੀ।

ਕਹਾਣੀ 'ਚ ਹੌਲੀ-ਹੌਲੀ ਉਸਦਾ ਇਕੱਲਾਪਣ ਉਭਰਦਾ ਹੈ –

"ਤੁਹਾਨੂੰ ਪਤਾ ਹੈ, ਮੈਂ ਰਾਤ ਨੂੰ ਚਿਟਕਣੀ ਲਾ ਕੇ ਨਹੀਂ ਸੌਂਦੀ। ਮੈਂ ਦਿਲ ਦੀ ਬੀਟਸ ਗਿਣਤੀ ਰਹਿੰਦੀ ਹਾਂ। ਮੈਨੂੰ ਲਗਦਾ ਹੈ ਇਕ ਸੌ ਪੰਜਾਹਵੀਂ ਧੜਕਣ 'ਤੇ ਮੇਰਾ ਹਾਰਟ ਫੇਲ੍ਹ ਹੋ ਜਾਵੇਗਾ। ਮੈਂ ਡਰਦਿਆਂ ਇਕ ਸੌ ਪੰਜਾਹਵੀਂ ਧੜਕਣ ਦੀ ਉਡੀਕ ਕਰਦੀ ਹਾਂ ਅਤੇ ਮੈਨੂੰ ਆਪਣੀ ਮਾਂ ਦੀ ਬੜੀ ਯਾਦ ਆਉਂਦੀ ਹੈ। ਮੈਨੂੰ ਲਗਦਾ ਹੈ ਜੇਕਰ ਮੇਰੀ ਮੌਤ ਹੋ ਗਈ ਤਾਂ ਕਿਸੇ ਨੂੰ ਪਤਾ ਵੀ ਨਹੀਂ ਲੱਗੇਗਾ ਅਤੇ ਮੇਰੀ ਲਾਸ਼ ਕਮਰੇ 'ਚ ਹੀ ਸੜ ਜਾਵੇਗੀ। ਮੇਰੇ ਕਮਰੇ 'ਚ ਬਹੁਤ ਕੀੜੀਆਂ ਹਨ।"

ਕਹਾਣੀ ਲਿਖਕੇ ਅਗਲੇ ਦਿਨ ਮੈਂ ਇਕ ਉੱਜਡ ਦੀ ਤਰ੍ਹਾਂ ਰਾਕੇਸ਼ ਜੀ ਨੂੰ ਦੇ ਆਇਆ। ਉਹ 'ਨਈ ਕਹਾਨੀਆਂ' ਦਾ ਕੋਈ ਅੰਕ ਸੰਪਾਦਿਤ ਕਰਨ ਜਾ ਰਹੇ ਸਨ ਅਤੇ ਉਸ ਅੰਕ 'ਚ ਮੇਰੀ ਵੀ ਕਹਾਣੀ ਛਾਪਣਾ ਚਾਹੁੰਦੇ ਹਨ। ਜ਼ਾਹਿਰ ਹੈ ਕਹਾਣੀ ਦੀਆਂ ਸਥਿਤੀਆਂ ਉਹਨਾਂ ਦੇ ਜੀਵਨ ਨਾਲ ਬੜਾ ਮੇਲ ਖਾਂਦੀਆਂ ਸਨ, ਮੈਨੂੰ ਸ਼ੱਕ ਸੀ, ਰਾਕੇਸ਼ ਕਿਤੇ ਨਾਰਾਜ਼ ਨਾ ਹੋ ਜਾਣ। ਪਰ ਅਜਿਹਾ ਕੁਝ ਨਹੀਂ ਹੋਇਆ। ਇਕ ਦਿਨ ਉਹਨਾਂ ਨੇ ਮੁਸਕਰਾਉਂਦੇ ਹੋਏ ਦੱਸਿਆ ਕਿ ਉਹਨਾਂ ਨੇ ਕਹਾਣੀ ਪੜ੍ਹ ਲਈ ਹੈ ਅਤੇ ਉਹ ਆਪਣੇ ਅੰਕ 'ਚ ਉਸਨੂੰ ਜਗਾ ਦੇਣਗੇ। ਇਸੇ ਦੌਰਾਨ ਮੈਂ ਮੁੰਬਈ ਚਲਾ ਗਿਆ ਅਤੇ ਜਿੱਥੋਂ ਤੱਕ ਮੈਨੂੰ ਯਾਦ ਆ ਰਿਹਾ ਹੈ ਉਹ ਕਹਾਣੀ ਉਸ ਅੰਕ 'ਚ ਨਹੀਂ ਛਪ ਸਕੀ ਸੀ। ਮੇਰੇ ਕੋਲ ਕਹਾਣੀ ਦੀ ਕਾਪੀ ਸੀ, ਮੈਂ 'ਗਿਆਨੋਦਯ' ਨੂੰ ਭਿਜਵਾ ਦਿੱਤੀ। ਅਗਲੇ ਹੀ ਅੰਕ 'ਚ ਉਹ ਕਹਾਣੀ ਛਪ ਗਈ। ਦਿੱਲੀ ਗਿਆ ਤਾਂ ਰਾਕੇਸ਼ ਜੀ ਤੋਂ ਆਪਣੀ ਕਹਾਣੀ ਦੀ ਮੂਲ ਕਾਪੀ ਵੀ ਮਿਲ ਗਈ। ਉਹਨਾਂ ਨੇ ਪ੍ਰੈੱਸ ਕਾਪੀ ਤਿਆਰ ਕਰ ਰੱਖੀ ਸੀ ਅਤੇ ਕਹਾਣੀ ਦਾ ਸਿਰਲੇਖ 'ਕੋਜ਼ੀ ਕਾਰਨਰ' ਦੀ ਵਜਾਏ 'ਅੰਧੇਰੇ ਕੇ ਇਸ ਤਰਫ' ਕਰ ਦਿੱਤਾ ਸੀ। ਸੱਚਮੁੱਚ ਉਹ ਹਨੇਰੇ ਦੇ ਇਸ ਪਾਸੇ ਦੀ ਕਹਾਣੀ ਸੀ, ਉਹ ਸ਼ਾਇਦ ਇਹ ਕਹਿਣਾ ਚਾਹੁੰਦੇ ਹੋਣ ਕਿ ਹਨੇਰੇ ਦੇ ਦੂਜੇ ਪਾਸੇ ਵੀ ਹਨੇਰਾ ਹੈ।

ਅਨੁਵਾਦ :
*– ਤਰਸੇਮ*
ਮੋ : 98159-76485



# ਮੇਰਾ ਬਚਪਨ ਕੋਈ ਲੌਟਾ ਦੇ ਮੇਰੇ ਬੀਤੇ ਹੁਏ ਦਿਨ/ਸੁਭਾਸ਼ ਨੀਰਵ

**ਅਨੁਵਾਦ : ਬਲਬੀਰ ਮਾਧੋਪੁਰੀ**

ਮੇਰਾ ਜਨਮ ਆਜ਼ਾਦੀ ਤੋਂ ਛੇ ਸਾਲ ਬਾਅਦ ਇਕ ਬੇਹਦ ਗਰੀਬ ਪੰਜਾਬੀ ਪਰਿਵਾਰ ਵਿਚ ਹੋਇਆ ਜੋ 1947 ਦੀ ਭਾਰਤ – ਪਾਕ ਵੰਡ ਵਿਚ ਆਪਣਾ ਸਭ ਕੁਝ ਪਾਕਿਸਤਾਨ ਵਿਚ ਗੁਆ ਕੇ ਤਨ ਤੇ ਮਨ ਉਤੇ ਡੂੰਘੇ ਜ਼ਖ਼ਮ ਲੈ ਕੇ, ਰੋਜ਼ੀ-ਰੋਟੀ ਤੇ ਆਸਰੇ ਦੀ ਭਾਲ ਵਿਚ ਪਛਮੀ ਉੱਤਰ ਪ੍ਰਦੇਸ਼ ਦੇ ਇਕ ਛੋਟੇ ਜਿਹੇ ਕਸਬੇ – ਮੁਰਾਦ ਨਗਰ ਵਿਚ ਆ ਵਸਿਆ ਸੀ। ਇਸ ਲੁੱਟੇ -ਪਿੱਟੇ ਪਰਿਵਾਰ ਵਿਚ ਮੇਰੀ ਮਾਂ, ਮੇਰਾ ਪਿਉ, ਮੇਰਾ ਦਾਦਾ, ਮੇਰੀ ਨਾਨੀ ਤੇ ਮੇਰਾ ਚਾਚਾ ਸਨ। ਉਨ੍ਹੀਂ ਦਿਨੀਂ ਮੁਰਾਦ ਨਗਰ ਵਿਚਲੀ ਆਰਡਨੈਂਸ ਫੈਕਟਰੀ ਵਿਚ ਮਜ਼ਦੂਰਾਂ ਦੀ ਭਰਤੀ ਹੋ ਰਹੀ ਸੀ ਤੇ ਮੇਰੇ ਬਾਪੂ ਨੂੰ ਇਕ ਮਜ਼ਦੂਰ ਵਜੋਂ ਨੌਕਰੀ ਮਿਲ ਗਈ ਸੀ ਤੇ ਨਾਲ ਹੀ ਰਹਿਣ ਨੂੰ ਇਕ ਛੋਟਾ ਜੇਹਾ ਮਕਾਨ ਵੀ। ਖ਼ਪਰੈਲਾਂ ਦੀ ਛੱਤ, ਮਿੱਟੀ ਦੇ ਫ਼ਰਸ਼ ਵਾਲਾ ਇਕ ਵੱਡਾ ਕਮਰਾ ਤੇ ਇਕ ਛੋਟੀ ਜੇਹੀ ਕੰਧ ਨਾਲ ਢਕਿਆ ਵਰਾਂਡਾ। ਦੱਸਿਆ ਜਾਂਦਾ ਹੈ ਕਿ ਉਥੇ ਪਹਿਲਾਂ ਅੰਗ੍ਰੇਜ਼ਾਂ ਦੇ ਘੋੜੇ ਬਨ੍ਹੇ ਜਾਂਦੇ ਸਨ। ਪਰ ਮੇਰੇ ਲੁੱਟੇ-ਪਿੱਟੇ ਪਰਿਵਾਰ ਨੂੰ ਇਸ 'ਸਿਰ ਲੁਕਾਈ' ਦਾ ਬਹੁਤ ਵੱਡਾ ਆਸਰਾ ਸੀ। ਉਨ੍ਹਾਂ ਨੇ ਭਾਰਤ ਵਿਚ ਆ ਕੇ ਆਪਣੀ ਜ਼ਮੀਨ-ਜਾਇਦਾਦ ਦਾ ਕੋਈ ਕਲੇਮ ਨਹੀਂ ਭਰਿਆ ਸੀ। ਜੋ ਮਿਲ ਗਿਆ ਸੀ, ਉਸੇ ਵਿਚ ਸਬਰ-ਸੰਤੋਖ ਕਰ ਲਿਆ ਸੀ। ਉਹ ਆਪਣੇ ਬੀਤੇ ਦੇ ਕਾਲੇ ਦਿਨਾਂ ਦੇ ਨਾਲ ਨਾਲ ਤਨ-ਮਨ ਉਤੇ ਝੱਲੇ ਜ਼ਖ਼ਮਾਂ ਨੂੰ ਭੁੱਲਣ ਦੀ ਕੋਸ਼ਿਸ਼ ਕਰਨ ਲੱਗ ਪਏ ਸਨ। ਘਰ ਵਿਚ ਅਕਸਰ ਹੁੰਦੀਆਂ ਗੱਲਾਂ ਵਿਚ ਅਜਿਹੇ ਕਿੱਸੇ ਸ਼ਾਮਿਲ ਹੁੰਦੇ ਸਨ ਜਿਨ੍ਹਾਂ ਨੂੰ ਸੁਣ-ਸੁਣ ਕੇ ਮੈਂ ਵੱਡਾ ਹੋ ਰਿਹਾ ਸੀ। ਮੇਰੇ ਤੋਂ ਵੱਡੀ ਇਕ ਭੈਣ ਸੀ। ਦੱਸਦੇ ਹਨ ਕਿ ਮੇਰੇ ਦਾਦਾ ਨੂੰ ਸ਼ਿਕਾਰ ਦਾ ਬਹੁਤ ਸ਼ੌਕ ਸੀ। ਉਹ ਤਿੱਤਰਾਂ-ਬਟੇਰਿਆਂ ਨੂੰ ਫੜ ਕੇ ਪਿੰਜਰਿਆਂ ਵਿਚ ਪਾਲਿਆ ਕਰਦਾ ਸੀ। ਉਹ ਨੇ ਮੇਰੇ ਜਨਮ ਵੇਲੇ ਸਾਰੇ ਪਿੰਜਰੇ ਖੋਲ੍ਹ ਦਿੱਤੇ ਸਨ ਤੇ ਤਿੱਤਰਾਂ-ਬਟੇਰਿਆਂ ਨੂੰ ਉਡਾ ਦਿੱਤਾ ਸੀ। ਮੇਰੇ ਤੋਂ ਬਾਅਦ ਦੋ ਭੈਣਾਂ ਤੇ ਦੋ ਭਰਾ ਜਨਮੇ। ਨਾਨੀ ਵੀ ਸਾਡੇ ਨਾਲ ਹੀ ਰਹਿੰਦੀ ਸੀ ਜਿਸ ਨੂੰ ਅਸੀਂ ਸਾਰੇ ਜਣੇ 'ਭਾਬੋ' ਕਹਿੰਦੇ ਹੁੰਦੇ ਸੀ। ਨਾਨੀ ਦੇ ਕੋਈ ਪੁੱਤ ਨਹੀਂ ਸੀ, ਭਾਰਤ-ਪਾਕ ਵੰਡ ਤੋਂ ਬਾਅਦ ਉਹ ਸ਼ੁਰੂ ਤੋਂ ਹੀ ਵਾਰੋ-ਵਾਰੀ ਆਪਣੇ ਤਿੰਨਾਂ ਜੁਆਈਆਂ ਕੋਲ ਰਹਿੰਦੀ ਹੁੰਦੀ ਸੀ। ਪਰ ਮਗਰੋਂ ਉਹ ਪੱਕੇ ਤੌਰ ਤੇ ਆਪਣੇ ਸਭ ਤੋਂ ਛੋਟੇ ਜੁਆਈ ਯਾਨੀ ਮੇਰੇ ਬਾਪੂ ਕੋਲ ਹੀ ਰਹਿਣ ਲੱਗ ਪਈ ਸੀ। ਉਹ ਬਾਹਰ ਵਾਲੇ ਕਮਰੇ ਜੋ ਰਸੋਈ ਦਾ ਵੀ ਕੰਮ ਦਿੰਦਾ ਸੀ, ਵਿਚ ਰਹਿੰਦੀ ਸੀ। ਦਰਅਸਲ, ਇਹ ਕਮਰਾ ਨਹੀਂ ਸਗੋਂ ਛੋਟਾ ਜੇਹਾ ਵਰਾਂਡਾ ਸੀ ਜੋ ਪੰਜ ਫੁਟ ਉੱਚੀ ਦੀਵਾਰ ਨਾਲ ਵਲਿਆ-ਢਕਿਆ ਹੋਇਆ ਸੀ। ਇਸ ਵਿਚ ਲੱਕੜੀ ਦਾ ਜੰਗਲਾ ਸੀ ਜੋ ਆਉਣ-ਜਾਣ ਵਾਲਿਆਂ ਲਈ 'ਗੇਟ' ਦਾ ਕੰਮ ਦਿੰਦਾ ਸੀ। ਠੰਡ ਦੇ ਦਿਨਾਂ ਵਿਚ ਦੀਵਾਰ ਦੀ ਉਪਰਲੀ ਜਗਹ ਅਤੇ ਜੰਗਲੇ ਨੂੰ ਟਾਟ-ਬੋਰੀਆਂ ਨਾਲ ਢੱਕ ਦਿੱਤਾ ਜਾਂਦਾ ਸੀ। ਉਹ ਵਰਾਂਡਾਨੁਮਾ ਕਮਰਾ ਬਹੁ-ਮੰਤਵੀ ਸੀ। ਇਸ ਵਿਚ ਨਾਨੀ ਦਾ ਮੰਜਾ-ਬਿਸਤਰਾ ਹੁੰਦਾ, ਰਸੋਈ ਦਾ ਸਾਮਾਨ ਹੁੰਦਾ, ਪੜਛੱਤੀ ਤੇ ਪਿਆ ਵਾਧੂ ਸਾਮਾਨ ਵੀ। ਅਕਸਰ ਘਰ ਦੀਆਂ ਔਰਤਾਂ ਇਸ ਨੂੰ ਗੁਸਲਖਾਨੇ ਵਜੋਂ ਵਰਤਦੀਆਂ ਹੁੰਦੀਆਂ ਸਨ। ਨਾਨੀ, ਮਾਂ, ਭੈਣਾਂ ਨੇ ਜਦੋਂ ਨਹਾਉਣਾਂ ਹੁੰਦਾ ਤਾਂ ਘਰ ਦੇ ਮਰਦ ਬਾਹਰ ਨਿਕਲ ਜਾਂਦੇ ਤੇ ਉਹ ਟਾਟ-ਬੋਰੀਆਂ ਦੇ ਪਰਦੇ ਹੇਠਾਂ ਨੂੰ ਲਮਕਾ ਕੇ ਫੁਰਤੀ ਨਾਲ ਨਹਾ-ਧੋ ਲੈਂਦੀਆਂ। ਜਦੋਂ ਤਕ ਨਾਨੀ ਦੀ ਦੇਹ ਵਿਚ ਜਾਨ ਸੀ, ਹੱਥ-ਪੈਰ ਚਲਦੇ ਸਨ, ਉਹ ਫੈਕਟਰੀ ਦੇ ਸਾਹਿਬਾਂ ਦੇ ਘਰਾਂ ਵਿਚ ਝਾੜੂ-ਪੋਚਾ, ਭਾਂਡੇ ਮਾਂਜਣ, ਬੱਚਿਆਂ ਦੀ ਦੇਖਭਾਲ ਆਦਿ ਦਾ ਕੰਮ ਕਰਦੀ ਹੁੰਦੀ ਸੀ ਤੇ ਆਪਣੇ ਗੁਜ਼ਾਰੇ ਜੋਗਾ ਕਮਾ ਲੈਂਦੀ ਸੀ। ਬਾਅਦ ਵਿਚ, ਜਦ ਸਰੀਰ ਜਵਾਬ ਦੇਣ ਲੱਗਾ ਤਾਂ ਉਸ ਨੇ ਕੰਮ ਕਰਨਾ ਛੱਡ ਦਿੱਤਾ ਅਤੇ ਪੂਰੀ ਤਰ੍ਹਾਂ ਆਪਣੇ ਜੁਆਈ

ਦੇ ਆਸਰੇ ਹੋ ਗਈ। ਦਾਦਾ ਵੀ ਸੀ, ਪਰ ਉਹ ਨਾਲ ਵਾਲੇ ਘਰ ਵਿਚ ਸਾਡੇ ਚਾਚੇ ਨਾਲ ਰਹਿੰਦਾ ਹੁੰਦਾ ਸੀ। ਘਰ ਵਿਚ ਪਹਿਲਾ ਮੁੰਡਾ ਹੋਣ ਕਰਕੇ ਮੈਂ ਸਭ ਦਾ ਪਿਆਰਾ ਸੀ, ਪਰ ਦਾਦੇ ਔਰ ਨਾਨੀ ਦਾ ਖਾਸ ਤੌਰ ਤੇ ਪਿਆਰਾ ਸੀ। ਇਨ੍ਹਾਂ ਦੋਨਾਂ ਦਾ ਲਾਡ-ਪਿਆਰ ਮੈਨੂੰ ਬਹੁਤ ਮਿਲਿਆ। ਜਦੋਂ ਮੈਂ ਪੰਜ ਸਾਲ ਦਾ ਹੋਇਆ ਤਾਂ ਦਾਦਾ ਮੈਨੂੰ ਘਰ ਦੇ ਕੋਲ ਵਾਲੇ ਆਦਰਸ਼ ਸਕੂਲ ਵਿਚ ਦਾਖ਼ਿਲਾ ਦਿਵਾਉਣ ਲੈ ਗਿਆ। ਵੱਡੀ ਭੈਣ ਵੀ ਉਥੇ ਪੜ੍ਹਦੀ ਸੀ। ਦਾਦਾ ਦੱਸਦਾ ਹੁੰਦਾ ਸੀ ਕਿ ਸ਼ੁਰੂ ਦਾ ਇਕ ਮਹੀਨਾ ਮੈਂ ਉਸ ਨੂੰ ਬੜਾ ਪਰੇਸ਼ਾਨ ਕੀਤਾ। ਜਿਉਂ ਹੀ, ਉਹ ਮੈਨੂੰ ਸਕੂਲ ਛੱਡ ਕੇ ਆਪਣੀ ਪਿਠ ਘੁਮਾਉਂਦਾ, ਮੈਂ ਰੋਂਦਾ ਰੋਂਦਾ ਉਹਦੇ ਪਿਛੇ -ਪਿਛੇ ਘਰ ਤਕ ਆ ਜਾਂਦਾ। ਇਹ ਸਕੂਲ ਛੱਪਰਨੁਮਾ ਸੀ। ਬਸ, ਹੈਡ ਮਾਸਟਰ ਦਾ ਦਫਤਰ ਹੀ ਪੱਕਾ ਸੀ। ਸਾਰੇ ਵਿਦਿਆਰਥੀ ਭੁੰਜੇ ਟਾਟ ਵਿਛਾ ਕੇ ਬਹਿੰਦੇ ਸਨ ਤੇ ਟਾਟ-ਬੋਰੀ ਸਾਰੇ ਜਣੇ ਅਪਨੇ ਘਰੋਂ ਲੈ ਕੇ ਆਉਂਦੇ ਸਨ। ਬਰਸਾਤ ਦੇ ਦਿਨਾਂ ਵਿਚ ਬੜੀ ਮੁਸੀਬਤ ਆ ਜਾਂਦੀ ਸੀ। ਛੱਪਰ ਵਿਚੋਂ ਪਾਣੀ ਚੋਣ ਲੱਗ ਪੈਂਦਾ ਸੀ ਤੇ ਕਈ ਵਾਰ ਤਾਂ ਜਮਾਤਾਂ ਵਿਚ ਪਾਣੀ ਭਰ ਜਾਂਦਾ ਸੀ ਤੇ ਬੈਠਣ ਨੂੰ ਥਾਂ ਨਹੀਂ ਸੀ ਬਚਦੀ। ਅਜਿਹੇ ਮੌਕੇ ਹੈਡ ਮਾਸਟਰ ਬੱਚਿਆਂ ਦੀ ਛੁੱਟੀ ਕਰ ਦਿੰਦਾ ਸੀ ਤੇ ਅਸੀਂ ਸਾਰੇ ਬੱਚੇ ਮਨ ਹੀ ਮਨ ਅਰਦਾਸ ਕਰਦੇ ਕਿ ਹੇ ਰੱਬਾ, ਇਹ ਬਾਰਿਸ਼ ਨਿੱਤ ਹੋਇਆ ਕਰੇ ! ਮੇਰੀ ਵੱਡੀ ਭੈਣ ਮੇਰੇ ਤੋਂ ਸਿਰਫ ਇਕ ਜਮਾਤ ਅੱਗੇ ਸੀ। ਅਸੀਂ ਦੋਵੇਂ ਜਣੇ ਸਕੂਲ ਲਈ ਇਕੱਠੇ ਘਰੋਂ ਜਾਂਦੇ ਤੇ ਇਕੱਠੇ ਹੀ ਘਰ ਨੂੰ ਮੁੜਦੇ। ਬਸਤੀਆਂ ਤੋਂ ਇਲਾਵਾ ਸਾਡੇ ਹੱਥਾਂ ਵਿਚ ਫੱਟੀਆਂ ਤੇ ਬੋਰੀ ਜਾਂ ਟਾਟ ਦਾ ਟੁਕੜਾ ਹੁੰਦਾ। ਸਕੂਲ ਦੇ ਬਾਹਰ ਇਕ ਛੋਟੀ ਜੇਹੀ ਦੁਕਾਨ ਸੀ - ਛੱਪਰ ਵਾਲੀ। ਦੁਕਾਨ ਉਤੇ ਕਾਲੇ ਰੰਗ ਦਾ ਮੋਟੇ-ਢਿੱਲੇ ਸਰੀਰ ਵਾਲਾ ਆਦਮੀ ਸਿਰ ਉੱਤੇ ਵੱਡਾ ਜੇਹਾ ਪੱਗੜ ਬਨ੍ਹ ਕੇ ਬੈਠਾ ਰਹਿੰਦਾ। ਅਧੀ ਛੁੱਟੀ ਤੇ ਪੂਰੀ ਛੁੱਟੀ ਵੇਲੇ ਉਸ ਦੀ ਦੁਕਾਨ ਉਤੇ ਬੱਚਿਆਂ ਦੀ ਭੀੜ ਲੱਗ ਜਾਂਦੀ। ਕੋਈ ਚਨਾ-ਮੁਰਮੁਰਾ ਮੰਗਦਾ, ਕੋਈ ਖੱਟੀਆਂ-ਮਿੱਠੀਆਂ ਗੋਲੀਆਂ, ਕੋਈ ਅੰਬ-ਪਾਪੜ, ਕੋਈ ਚੂਰਨ ਜਾਂ ਇਮਲੀ। ਮੇਰੀ ਭੈਣ ਨੂੰ ਇਮਲੀ ਖਾਣ ਦਾ ਬਹੁਤ ਸ਼ੌਕ ਸੀ। ਉਨ੍ਹੀਂ ਦਿਨੀਂ ਮੋਰੀ ਵਾਲਾ ਤਾਂਬੇ ਦਾ ਸਿੱਕਾ ਚਲਦਾ ਹੁੰਦਾ ਸੀ। ਉਸ ਸਿੱਕੇ ਦੀ ਬਹੁਤ ਸਾਰੀ ਇਮਲੀ ਆ ਜਾਂਦੀ ਸੀ। ਅਸੀਂ ਦੋਵੇਂ ਭੈਣ-ਭਰਾ ਪੂਰੀ ਛੁੱਟੀ ਵੇਲੇ ਰਾਹ ਵਿਚ ਇਮਲੀ ਖਾਂਦੇ-ਚੂਸਦੇ ਘਰ ਮੁੜਦੇ। ਭੈਣ ਨਾਲ ਮੇਰੀ ਅਕਸਰ ਇਸ ਗੱਲ ਤੋਂ ਲੜਾਈ ਹੁੰਦੀ ਸੀ ਕਿ ਉਸ ਨੇ ਮੈਨੂੰ ਘੱਟ ਇਮਲੀ ਦਿੱਤੀ ਤੇ ਆਪ ਜਿਆਦਾ ਖਾ ਲਈ ਹੈ। ਸਿੱਕਾ ਤਾਂ ਮੈਨੂੰ ਵੀ ਮਿਲਦਾ ਸੀ, ਪਰ ਮੈਂ ਉਸ ਨੂੰ ਅਧੀ ਛੁੱਟੀ ਵੇਲੇ ਹੀ ਚੂਰਨ ਜਾਂ ਮਿੱਠੀਆਂ ਗੋਲੀਆਂ ਉਤੇ ਖਰਚ ਕਰ ਦਿੰਦਾ ਸੀ ਤੇ ਭੈਣ ਤੋਂ ਚੋਰੀ ਚੋਰੀ ਖਾਂਦਾ ਹੁੰਦਾ ਸੀ। ਦੂਜੀ ਜਮਾਤ ਤਕ ਮੈਨੂੰ ਸਕੂਲ ਵਿਚ ਕੋਈ ਪਰੇਸ਼ਾਨੀ ਨਾ ਹੋਈ। ਪਰ ਜਦੋਂ ਮੈਂ ਤੀਜੀ ਜਮਾਤ ਵਿਚ ਹੋਇਆ ਤੇ ਭੈਣ ਚੌਥੀ ਵਿਚ ਤਾਂ ਮੈਨੂੰ ਸਕੂਲ ਜਾਣ ਵਿਚ ਡਰ ਲੱਗਣ ਲੱਗ ਪਿਆ। ਮੈਂ ਸਕੂਲ ਨਾ ਜਾਣ ਦੇ ਬਹਾਨੇ ਬਣਾਉਣ ਲੱਗ ਪਿਆ, ਕਦੀ ਢਿੱਡ ਪੀੜ ਤੇ ਕਦੇ ਸਿਰ ਦਰਦ ਦੇ। ਪਰ ਮੇਰੇ ਬਹਾਨੇ ਬਹੁਤੇ ਨਹੀਂ ਚਲਦੇ ਸਨ। ਮੇਰੇ ਡਰ ਦਾ ਕਾਰਨ ਸਕੂਲ ਦੇ ਦੋ ਮਾਸਟਰ ਸਨ। ਇਕ ਪੀ ਟੀ ਮਾਸਟਰ ਜੋ ਸਵੇਰੇ ਪ੍ਰਾਰਥਨਾ ਵੇਲੇ ਸਾਰੇ ਬੱਚਿਆਂ ਦੇ ਡਰੈਸ, ਜੁੱਤੇ, ਨਹੁੰ ਦੇਖਦਾ ਤੇ ਜਿਹੜਾ ਬੱਚਾ ਡਰੈਸ ਵਿਚ ਨਾ ਹੁੰਦਾ ਜਾਂ ਉਹਦੀ ਡਰੈਸ ਗੰਦੀ ਹੁੰਦੀ ਜਾਂ ਪੈਰੀਂ ਚਿੱਟੇ ਟੱਲੀ ਦੇ ਜੁੱਤੇ ਨਾ ਹੁੰਦੇ ਜਾਂ ਉਂਗਲਾਂ ਦੇ ਨਹੁੰ ਵਧੇ ਹੁੰਦੇ, ਤਾਂ ਉਸ ਦੀ ਸ਼ਾਮਤ ਆ ਜਾਂਦੀ। ਤੂਤ ਦੀ ਪਤਲੀ ਛਮਕ ਜਦੋਂ ਉਹ ਹਵਾ ਵਿਚ ਲਹਿਰਾਉਂਦਾ ਤਾਂ ਸਾਡਾ ਬੱਚਿਆਂ ਦਾ ਸਾਹ ਸੁੱਕ ਜਾਂਦਾ। ਕਈ ਬੱਚਿਆਂ ਦਾ ਤਾਂ ਪੇਸ਼ਾਬ ਨਿਕਲ ਜਾਂਦਾ। ਦੂਜਾ, ਹਿਸਾਬ ਵਾਲਾ ਮਾਸਟਰ ਸੀ ਜਿਸ ਦਾ ਨਾਂ ਤਾਂ ਕੋਈ ਹੋਰ ਸੀ, ਪਰ ਸਾਰੇ ਉਸ ਨੂੰ 'ਖਚੇੜੂ' ਮਾਸਟਰ ਕਹਿੰਦੇ ਸਨ। ਉਹ ਦੇਖਣ ਨੂੰ ਪਤਲਾ ਜਿਹਾ ਸੀ ਤੇ ਉਸ ਦੇ ਸੱਜੇ ਹੱਥ ਦੀਆਂ ਉਂਗਲਾਂ ਟੇਢੀਆਂ ਸਨ। ਪਹਾੜਾ ਨਾ ਯਾਦ ਹੋਣ 'ਤੇ ਉਹ ਬੱਚਿਆਂ ਦੀ ਪਿਠ ਉਤੇ ਆਪਣੀਆਂ ਟੇਢੀਆਂ ਉਂਗਲਾਂ ਵਾਲੇ ਹੱਥ ਦਾ ਗੁਟਤੁ ਬਣਾ ਕੇ 'ਧੈਂ-ਧੈਂ' ਕਰਦਾ ਤਾਂ ਮਾਰ ਖਾਣ ਵਾਲੇ ਦੀ ਜੋ



ਹਾਲਤ ਹੁੰਦੀ, ਸੋ ਹੁੰਦੀ ਹੀ ਸੀ, ਦੂਜੇ ਬੱਚਿਆਂ ਦੀ ਵੀ ਡਰ ਨਾਲ ਜਾਨ ਸੁੱਕ ਜਾਂਦੀ। ਪਰ ਇਸੇ ਮਾਸਟਰ ਨੇ ਸਾਨੂੰ ਚੌਥੀ ਜਮਾਤ ਵਿਚ ਹੀ ਪੰਜਾਹ ਤਕ ਪਹਾੜੇ ਯਾਦ ਕਰਵਾ ਦਿੱਤੇ ਸਨ ਜੋ ਦਸਵੀਂ ਜਮਾਤ ਤਕ ਸਾਨੂੰ ਗੁਣਾ-ਭਾਗ ਦੇ ਸਵਾਲਾਂ ਨੂੰ ਹੱਲ ਕਰਨ ਵਿਚ ਬੇਹੱਦ ਸਹਾਇਕ ਹੋਏ। ਚੌਥੀ ਜਮਾਤ ਦਾ ਕਲਾਸ ਟੀਚਰ ਵੀ ਉਹੀ ਮਾਸਟਰ ਸੀ। ਪੂਰੀ ਜਮਾਤ ਨੂੰ ਉਸਨੇ ਚਾਰ ਹਿੱਸਿਆਂ ਵਿਚ ਵੰਡ ਦਿੱਤਾ ਸੀ ਯਾਨੀ ਇਕ ਜਮਾਤ ਵਿਚ ਚਾਰ ਸੈਕਸ਼ਨ। ਚੌਹਾਂ ਦਾ ਇਕ ਇਕ ਮੌਨੀਟਰ ਬਣਾ ਦਿੱਤਾ। ਪਹਿਲੇ ਸੈਕਸ਼ਨ ਵਿਚ ਉਹ ਵਿਦਿਆਰਥੀ ਸਨ ਜੋ ਪੜ੍ਹਨ-ਲਿਖਣ ਵਿਚ ਬਹੁਤ ਹੁਸ਼ਿਆਰ ਸਨ। ਦੂਜੇ ਸੈਕਸ਼ਨ ਵਿਚ ਘੱਟ ਹੁਸ਼ਿਆਰ, ਤੀਜੇ ਵਿਚ ਉਸ ਤੋਂ ਘੱਟ ਤੇ ਚੌਥੇ ਵਿਚ ਬਿਲਕੁਲ ਨਾਲਾਇਕ। ਅਕਸਰ ਮਾਰ ਇਸੇ ਚੌਥੇ ਸੈਕਸ਼ਨ ਨੂੰ ਪੈਂਦੀ। ਮੈਂਨੂੰ ਇਸ ਚੌਥੇ ਸੈਕਸ਼ਨ ਦਾ ਮੌਨੀਟਰ ਬਣਾਇਆ ਗਿਆ ਸੀ। ਮੇਰੇ ਹਿੱਸੇ ਦਸ-ਗਿਆਰਾਂ ਬੱਚੇ ਸਨ ਜੋ ਗਰੀਬ ਘਰਾਂ ਤੋਂ ਸਨ ਤੇ ਨੇੜੇ ਦੇ ਪਿੰਡਾਂ ਤੋਂ ਆਉਂਦੇ ਸਨ। ਮੈਂ ਉਨ੍ਹਾਂ ਦੀਆਂ ਕਾਪੀਆਂ ਜਾਂਚਦਾ ਤੇ ਮਾਸਟਰ ਜੀ ਨੂੰ ਵਿਖਾਉਂਦਾ। ਉਹ ਬੱਚੇ ਮੇਰਾ ਬਹੁਤ ਸਤਕਾਰ ਕਰਦੇ ਸਨ ਕਿਉਂਕਿ ਮੈਂ ਉਨ੍ਹਾਂ ਨੂੰ ਅਕਸਰ ਮਾਸਟਰ ਜੀ ਦੀ ਮਾਰ ਤੋਂ ਬਚਾ ਲੈਂਦਾ ਹੁੰਦਾ ਸੀ। ਉਹ ਬੱਚੇ ਛੁੱਟੀ ਵਾਲੇ ਦਿਨ ਮੇਰੇ ਘਰ ਦੇ ਬਾਹਰ ਕੁਝ ਨਾ ਕੁਝ ਲੈ ਕੇ ਖੜੇ ਹੁੰਦੇ। ਉਨ੍ਹਾਂ ਦੇ ਹੱਥਾਂ ਵਿਚ ਝੋਲੇ ਹੁੰਦੇ ਜਿਨ੍ਹਾਂ ਵਿਚ ਹਰਾ ਸਾਗ, ਹਰੀਆਂ ਸਬਜੀਆਂ, ਅਮਰੂਦ, ਅੰਬ, ਗੰਨੇ ਤੇ ਹੋਰ ਪਤਾ ਨਹੀਂ ਕੀ-ਕੀ ਭਰਿਆ ਹੁੰਦਾ। ਮੇਰੀ ਨਾਨੀ, ਮੇਰਾ ਦਾਦਾ, ਮੇਰੇ ਚਾਚਾ-ਚਾਚੀ ਤੇ ਮੇਰੇ ਮਾਂ-ਪਿਉ ਇਹ ਸਬ ਦੇਖ ਕੇ ਹੈਰਾਨ ਰਹਿ ਜਾਂਦੇ ਤੇ ਮਨ ਹੀ ਮਨ ਖੁਸ਼ ਵੀ ਹੁੰਦੇ। ਉਨ੍ਹਾਂ ਨੂੰ ਲਗਦਾ ਕਿ ਉਨ੍ਹਾਂ ਦਾ ਪੁੱਤ ਬਹੁਤ ਹੁਸ਼ਿਆਰ ਹੈ, ਇਸ ਲਈ ਜਮਾਤ ਦਾ ਮੌਨੀਟਰ ਹੈ ਤੇ ਇਹ ਬੱਚੇ ਇਸੇ ਲਈ ਸਾਡੇ ਪੁੱਤ ਨੂੰ ਇਸ ਤਰ੍ਹਾਂ ਦੇ ਤੋਹਫ਼ੇ ਦੇ ਕੇ ਖੁਸ਼ ਹੁੰਦੇ ਹਨ। ਪੰਜਵੀਂ ਜਮਾਤ ਵਿਚ ਕਮਲਜੀਤ ਨਾਂ ਦੀ ਸਾਡੀ ਕਲਾਸ ਟੀਚਰ ਹੁੰਦੀ ਸੀ। ਉਸ ਦਾ ਨਾਂ ਮੈਨੂੰ ਇਸ ਲਈ ਯਾਦ ਹੈ ਕਿਉਂਕਿ ਮੇਰੀ ਵੱਡੀ ਭੈਣ ਦਾ ਨਾਂ ਕਮਲੇਸ਼ ਸੀ ਤੇ ਘਰ ਵਿਚ ਸਾਰੇ ਉਸ ਨੂੰ ਕਮਲਾ ਜਾਂ ਕਮਲੀ ਕਹਿ ਕੇ ਬੁਲਾਉਂਦੇ ਹੁੰਦੇ ਸਨ। ਉਹ ਨਵੀਂ ਕਲਾਸ ਟੀਚਰ ਇੰਨੀ ਸੋਹਣੀ ਸੀ ਕੀ ਮੈਂ ਹਰ ਵਕਤ ਲੁਕ ਲੁਕ ਕੇ ਉਹਦੇ ਚਿਹਰੇ ਵੱਲ ਵੇਖਦਾ ਰਹਿੰਦਾ। ਗੋਲ ਗੋਰੇ-ਚਿੱਟੇ ਚਿਹਰੇ ਉਤੇ ਪਤਲੇ ਜਿਹਾ ਨੱਕ ਤੇ ਬਲੌਰੀ ਅੱਖਾਂ ਦੇਖ ਕੇ ਮੈਂ ਦਸ-ਗਿਆਰਾਂ ਸਾਲਾਂ ਦਾ ਮੁੰਡਾ ਆਪਣੀ ਸੁਧ-ਬੁਧ ਗੁਆ ਬਹਿੰਦਾ ਸੀ। ਫਿਰ, ਮੇਰੇ ਮਨ ਵਿਚ ਵੱਧ ਤੋਂ ਵੱਧ ਉਸ ਦੇ ਨੇੜੇ ਖੜ੍ਹਾ ਹੋਣ ਤੇ ਉਸ ਨਾਲ ਗੱਲਾਂ ਕਰਨ ਦੀ ਰੀਝ ਭਾਰੂ ਹੁੰਦੀ ਗਈ। ਇਸ ਵਾਸਤੇ ਮੈਂ ਬਹਾਨੇ ਲਭਣ ਲੱਗ ਪਿਆ। ਤੇ ਇਕ ਦਿਨ ਉਸ ਨੇ ਮੇਰੀ ਚੋਰੀ ਫੜ ਲਈ ਸੀ।

"ਤੂੰ ਮੇਰੇ ਵੱਲ ਕਿਉਂ ਝਾਕਦਾ ਰਹਿੰਦਾ ਏਂ ?" ਮੇਰੇ ਚਾਚੇ ਨੂੰ ਫਿਲਮਾਂ ਦੇਖਣ ਦਾ ਬਹੁਤ ਸ਼ੌਕ ਸੀ। ਕਸਬੇ ਵਿਚ ਟੈਂਟ ਵਾਲੀ ਇਕ ਟਾਕੀਜ਼ ਸੀ - ਜੈ ਟਾਕੀਜ਼। ਹਰ ਸ਼ੁਕਰਵਾਰ ਨੂੰ ਨਵੀਂ ਫਿਲਮ ਲਗਦੀ ਸੀ। ਇਕ ਰਿਕਸ਼ਾ ਜੋ ਵੱਡੇ ਵੱਡੇ ਰੰਗਦਾਰ ਪੋਸਟਰਾਂ ਨਾਲ ਢਕਿਆ ਹੁੰਦਾ, ਪੂਰੇ ਫੈਕਟਰੀ ਅਸਟੇਟ ਵਿਚ ਘੁਮਦਾ ਸੀ। ਰਿਕਸ਼ੇਵਾਲਾ ਲਾਊਡ ਸਪੀਕਰ ਉਤੇ ਫਿਲਮ ਦੀ ਲਛੇਦਾਰ ਭਾਸ਼ਾ ਵਿਚ ਮਸ਼ਹੂਰੀ ਕਰਦਾ ਹੁੰਦਾ ਸੀ। ਅਸੀਂ ਨਿਆਣੇ ਉਸ ਦੇ ਪਿੱਛੇ -ਪਿੱਛੇ ਦੂਰ ਤਕ ਦੌੜਦੇ ਰਹਿੰਦੇ। ਪੋਸਟਰਾਂ ਉਤੇ ਹੀਰੋ ਹੀਰੋਇਨਾਂ ਦੇ ਰੰਗੀਨ ਜਾਂ ਕਾਲੇ-ਚਿੱਟੇ ਚਿੱਤਰ ਮੈਨੂੰ ਬਹੁਤ ਚੰਗੇ ਲਗਦੇ। ਜਦੋਂ ਵੀ ਕੋਈ ਨਵੀਂ ਫਿਲਮ ਲਗਦੀ, ਚਾਚਾ ਫੈਕਟਰੀ ਤੋਂ ਆ ਕੇ, ਰੋਟੀ ਖਾਣ ਦੇ ਬਾਅਦ ਸਾਈਕਲ ਚੁੱਕਦਾ ਤੇ ਆਪਣੇ ਦੋਸਤਾਂ ਨਾਲ ਰਾਤ ਦਾ ਆਖਰੀ ਸ਼ੋਅ ਦੇਖਣ ਚਲਾ ਜਾਂਦਾ। ਕਦੀ ਕਦੀ ਮੈਨੂੰ ਵੀ ਸਾਈਕਲ 'ਤੇ ਬਿਠਾ ਕੇ ਲੈ ਜਾਂਦਾ। ਉਨ੍ਹੀਂ ਦਿਨੀਂ ਸ਼ੰਮੀ ਕਪੂਰ ਤੇ ਆਸ਼ਾ ਪਾਰਿਖ ਦੀਆਂ ਕਈ ਫਿਲਮਾਂ ਮੈਂ ਚਾਚੇ ਨਾਲ ਦੇਖੀਆਂ ਸਨ। ਫਿਲਮ ਦੇਖਣ ਤੋਂ ਬਾਅਦ ਚਾਚਾ ਕਈ ਦਿਨਾਂ ਤਕ ਆਪਣੇ ਦੋਸਤਾਂ ਨਾਲ ਫਿਲਮ ਦੀਆਂ ਗੱਲਾਂ ਕਰਦਾ ਰਹਿੰਦਾ। ਦੇਵਾ ਨੰਦ, ਰਾਜ ਕਪੂਰ, ਸ਼ੰਮੀ ਕਪੂਰ, ਨਰਗਿਸ, ਮੀਨਾ ਕੁਮਾਰੀ, ਆਸ਼ਾ ਪਾਰਿਖ ਦੇ ਨਾਂ ਉਨ੍ਹਾਂ ਦੀਆਂ ਗੱਲਾਂ ਵਿਚ ਵਾਰ ਵਾਰ ਆਉਂਦੇ ਸਨ। ਮੈਂ ਉਨ੍ਹਾਂ ਦੀਆਂ

ਗੱਲਾਂ ਬੜੇ ਗਹੁ ਨਾਲ ਸੁਣਦਾ ਹੁੰਦਾ ਸੀ। ਟੀਚਰ ਨੇ ਮੇਰਾ ਜਵਾਬ ਨਾ ਮਿਲਣ 'ਤੇ ਮੈਨੂੰ ਆਪਨੇ ਕੋਲ ਖੜ੍ਹਾ ਕਰ ਲਿਆ ਤੇ ਮੈਂ ਇੰਨਾ ਘਬਰਾ ਗਿਆ ਕਿ ਮੇਰਾ ਚੇਹਰਾ ਰੋਣਹਾਕਾ ਹੋ ਗਿਆ। ਕਮਲਜੀਤ ਟੀਚਰ ਨੇ ਮੈਨੂੰ ਆਪਣੇ ਕਲਾਵੇ ਵਿਚ ਲੈ ਕੇ ਪਿਆਰ ਨਾਲ ਪੁਛਿਆ – "ਮੈਂ ਤੈਨੂੰ ਚੰਗੀ ਲਗਦੀ ਹਾਂ ?" ਮੈਂ ਸਿਰ ਹਿਲਾ ਕੇ 'ਹਾਂ' ਵਿਚ ਜਵਾਬ ਦਿੱਤਾ। "ਕਿਵੇਂ ਦੀ ਲਗਦੀ ਹਾਂ ?" ਮੇਰੇ ਮੂੰਹ 'ਚੋਂ ਅਚਾਨਕ ਨਿਕਲ ਗਿਆ – "ਆਸ਼ਾ ਪਾਰਿਖ।" ਕਮਲਜੀਤ ਟੀਚਰ ਇਕ ਜ਼ੋਰਦਾਰ ਠਹਾਕਾ ਮਾਰ ਕੇ ਹੱਸ ਪਈ ਤੇ ਮੇਰੀ ਗਲ੍ਹ ਤੇ ਪੋਲੀ ਜਿਹੀ ਚਪੇੜ ਮਾਰ ਕੇ ਆਖਿਆ, "ਅਜੇ ਤੇਰੇ ਪੜ੍ਹਨ ਦੇ ਦਿਨ ਨੇ ਬੇਟਾ, ਆਸ਼ਾ ਪਾਰਿਖ ਨੂੰ ਛੱਡ ਤੇ ਮਨ ਲਾ ਕੇ ਪੜ੍ਹ।" ਉਨ੍ਹੀਂ ਦਿਨੀਂ ਪੰਜਵੀਂ ਤੇ ਅਠਵੀਂ ਦੇ ਜ਼ਿਲਾ ਪਧਰ ਉਤੇ ਇਮਤਿਹਾਨ ਹੁੰਦੇ ਸਨ। ਸਾਡਾ ਸੈਂਟਰ ਮੁਰਾਦ ਨਗਰ ਦੀ ਗੰਗ ਨਹਿਰ ਦੇ ਦੂਜੇ ਪਾਸੇ ਇਸ ਪਿੰਡ ਵਿਚ ਪਿਆ ਸੀ। ਸਾਡੇ ਮਾਂ-ਪਿਉ ਸਾਨੂੰ ਪਿੰਡ ਦੇ ਸਕੂਲ ਛੱਡ ਆਏ ਸਨ। ਸਾਡੇ ਨਾਲ ਸਕੂਲ ਦੇ ਕੁਝ ਅਧਿਆਪਕ ਵੀ ਸਨ ਜਿਨ੍ਹਾਂ ਵਿਚੋਂ ਕੁਝ ਉਥੇ ਬੱਚਿਆਂ ਨਾਲ ਰਹਿੰਦੇ ਸਨ ਤੇ ਕੁਝ ਰੋਜ਼ ਸਵੇਰੇ ਸਾਈਕਲਾਂ ਉਤੇ ਸਕੂਲ ਪਹੁੰਚ ਜਾਂਦੇ ਸਨ ਤੇ ਦੁਪਹਿਰ ਨੂੰ ਆਪਣੇ ਘਰ ਮੁੜ ਜਾਂਦੇ ਸਨ। ਸਾਰੇ ਬੱਚਿਆਂ ਕੋਲ ਆਪੋ-ਆਪਣਾ ਬਿਸਤਰਾ ਸੀ ਤੇ ਟਰੰਕ ਜਾਂ ਪੀਪੇ ਸਨ। ਮੇਰੀ ਮਾਂ ਨੇ ਮੈਨੂੰ ਪੰਜੀਰੀ ਦੇ ਲੱਡੂ ਬਣਾ ਕੇ ਦਿੱਤੇ ਸਨ। ਸਾਨੂੰ ਸਕੂਲ ਦੇ ਇਕ ਵੱਡੇ ਕਮਰੇ ਵਿਚ ਠਹਿਰਾਇਆ ਗਿਆ ਸੀ। ਰਾਤ ਨੂੰ ਸਾਡੇ ਅਧਿਆਪਕ ਸਾਨੂੰ ਅਗਲੇ ਦਿਨ ਦੇ ਪੇਪਰ ਦੀ ਤਿਆਰੀ ਕਰਾਉਂਦੇ ਤੇ ਖਾਸ ਖਾਸ ਸਵਾਲਾਂ ਨੂੰ ਦੁਹਰਾਉਂਦੇ। ਕਮਲਜੀਤ ਮੈਡਮ ਉਸ ਕਮਰੇ ਦੇ ਨਾਲ ਵਾਲੇ ਕਮਰੇ ਵਿਚ ਇਕੱਲੀ ਸੀ ਤੇ ਉਸ ਦੇ ਨਾਲ ਵਾਲੇ ਕਮਰੇ ਵਿਚ ਤਿੰਨ ਅਧਿਆਪਕ ਸਨ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਕਮਲਜੀਤ ਮੈਡਮ ਨੇ ਮੈਨੂੰ ਆਪਣੇ ਕਮਰੇ ਵਿਚ ਬੁਲਾ ਕੇ ਕਿਹਾ, "ਆਸ਼ਾ ਪਾਰਿਖ ਦੇ ਆਸ਼ਿਕ ! ਤੂੰ ਆਪਣਾ ਪੀਪਾ-ਬਿਸਤਰਾ ਇਥੇ ਮੇਰੇ ਕਮਰੇ ਵਿਚ ਲੈ ਆ। ਤੂੰ ਮੇਰੇ ਨਾਲ ਰਹੇਂਗਾ।" ਕਰੀਬ ਹਫਤਾ ਭਰ ਅਸੀਂ ਉਸ ਪਿੰਡ ਵਿਚ ਰਹੇ। ਮੈਂ ਕਮਲਜੀਤ ਮੈਡਮ ਦੇ ਕਮਰੇ ਵਿਚ ਸੌਂਦਾ ਰਿਹਾ। ਸੌਣ ਤੋਂ ਪਹਿਲਾਂ ਉਹ ਮੈਨੂੰ ਲੈਂਪ ਦੀ ਲੌ ਵਿਚ ਪੜ੍ਹਾਉਂਦੀ ਸੀ ਤੇ ਰਾਤ ਦੀ ਰੋਟੀ ਵੀ ਮੈਨੂੰ ਆਪਣੇ ਨਾਲ ਖੁਆਉਂਦੀ ਸੀ। ਰਾਤ ਨੂੰ ਜਦੋਂ ਮੈਂ ਮੈਡਮ ਦੇ ਬਿਸਤਰੇ ਦੇ ਨਾਲ ਆਪਣਾ ਬਿਸਤਰਾ ਲਾ ਕੇ ਸੌਂਦਾ ਤਾਂ ਉਸ ਦੇ ਸਰੀਰ ਦੀ ਮਹਿਕ ਮੈਨੂੰ ਮਦਹੋਸ਼ ਜਿਹਾ ਕਰ ਦਿੰਦੀ ਸੀ। ਔਰਤ ਦੀ ਛੋਹ, ਉਸ ਦੇ ਸਰੀਰ ਦੀ ਮਹਿਕ, ਉਸ ਪ੍ਰਤੀ ਖਿਚ, ਇਹ ਸਭ ਮਰਦ ਨੂੰ ਕਿਉਂ ਮਦਹੋਸ਼ ਕਰਦੇ ਹਨ, ਉਸ ਉਮਰ ਵਿਚ ਮੇਰੀ ਸਮਝ ਤੋਂ ਬਾਹਰ ਦੀਆਂ ਗੱਲਾਂ ਸਨ। ਅੱਜ ਸੋਚਦਾ ਹਾਂ ਕੀ ਉਸ ਨੇ ਮੈਨੂੰ ਆਪਣੇ ਨਾਲ ਕਿਉਂ ਰਖਿਆ ? ਦਸ-ਗਿਆਰਾਂ ਸਾਲ ਦੇ ਮੁੰਡੇ ਨੂੰ ! ਸ਼ਾਇਦ, ਓਸ ਅਜਨਬੀ ਪਿੰਡ ਵਿਚ, ਇਕ ਇਕੱਲੀ ਜੁਆਨ ਲੜਕੀ ਆਪਣੀ ਇਕੱਲਤਾ ਨੂੰ ਭਰਨਾ ਤੇ ਆਪਣੇ ਆਪ ਨੂੰ ਸੁਰਖਿਅਤ ਮਹਸੂਸ ਕਰਨਾ ਚਾਹੁੰਦੀ ਸੀ। ਪੰਜਵੀਂ ਜਮਾਤ ਪਾਸ ਕਰਨ ਤੋਂ ਬਾਅਦ ਮੇਰਾ ਸਕੂਲ ਬਦਲ ਗਿਆ। ਹੁਣ ਮੈਨੂੰ ਸਰਕਾਰੀ ਸਕੂਲ ਦੀ ਛੇਵੀਂ ਜਮਾਤ ਵਿਚ ਦਾਖ਼ਿਲਾ ਮਿਲ ਗਿਆ। ਇਹ ਸਕੂਲ ਦਸਵੀਂ ਤਕ ਸੀ ਜੋ ਬਾਅਦ ਵਿਚ ਬਾਰਹਵੀਂ ਤਕ ਹੋ ਗਿਆ। ਇਸ ਸਕੂਲ ਦਾ ਇਕ ਬਹੁਤ ਵੱਡਾ ਗੇਟ ਸੀ ਜਿਸ ਉਤੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ – 'ਆਰਡਨੈਂਸ ਫੈਕਟਰੀ ਹਾਇਰ ਸੈਕੇਂਡਰੀ ਸਕੂਲ, ਮੁਰਾਦ ਨਗਰ'। ਇਹ ਸਕੂਲ ਫੈਕਟਰੀ ਦੇ ਮੇਨ ਗੇਟ ਕੋਲ ਉਸ ਦੀ ਦੀਵਾਰ ਦੇ ਨਾਲ ਜੁੜਿਆ ਹੋਇਆ ਹੈ। ਰੇਲਵੇ ਸਟੇਸ਼ਨ ਤੇ ਸਕੂਲ ਦੇ ਵਿਚਾਲੇ ਵਾਲੀ ਜਗਾਹ ਉਤੇ ਇਕ ਬਾਜ਼ਾਰ ਲਗਦਾ ਸੀ ਜਿਸ ਨੂੰ 'ਪੈਂਠ' ਕਿਹਾ ਜਾਂਦਾ ਸੀ। ਇਸ ਬਾਜ਼ਾਰ ਵਿਚ ਸਬਜ਼ੀ ਦੀਆਂ ਦੁਕਾਨਾਂ ਦੇ ਨਾਲ ਨਾਲ ਕੱਪੜੇ, ਕਰਿਆਨੇ ਦੀਆਂ ਦੁਕਾਨਾਂ ਵੀ ਪਟੜੀ ਉਤੇ ਤੇ ਭੁੰਜੇ ਲਗਦੀਆਂ ਹੁੰਦੀਆਂ ਸਨ। ਅੱਜ ਵੀ ਇਹ ਬਾਜ਼ਾਰ ਉਸੇ ਥਾਂ ਤੇ ਲਗਦਾ ਹੈ, ਪਰ ਹੁਣ ਪੱਕੇ ਸ਼ੈੱਡ ਬਣ ਗਏ ਹਨ। ਸਕੂਲ ਦੇ ਚੜ੍ਹਦੇ ਪਾਸੇ ਇਕ ਵੱਡੀ ਗਰਾਉਂਡ ਸੀ ਜਿੱਥੇ ਰਾਮਲੀਲਾ ਹੁੰਦੀ ਸੀ, ਪੰਦਰਾਂ ਅਗਸਤ ਤੇ ਛੱਬੀ ਜਨਵਰੀ ਦੇ ਸਮਾਰੋਹ ਹੁੰਦੇ ਸਨ, ਵੱਖ-ਵੱਖ



ਕਲਚਰਲ ਪ੍ਰੋਗਰਾਮ ਹੁੰਦੇ ਸਨ। ਅਕਸਰ ਇਥੇ ਰਾਤ ਨੂੰ ਫੈਕਟਰੀ ਦੇ ਕਰਮਚਾਰੀਆਂ ਨੂੰ ਪਰਦਾ ਟੰਗ ਕੇ ਫਿਲਮਾਂ ਦਿਖਾਈਆਂ ਜਾਂਦੀਆਂ ਸਨ। ਸੰਨ 1965 ਦੀ ਭਾਰਤ-ਪਾਕ ਦੀ ਲੜਾਈ ਦੇ ਦੌਰਾਨ ਭਾਰਤ ਦੇ ਉਸ ਵੇਲੇ ਦੇ ਰੱਖਿਆ ਮੰਤਰੀ ਐਸ.ਬੀ. ਚਹਵਾਣ ਆਏ ਸਨ ਤੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਇਸੇ ਗਰਾਉਂਡ ਵਿਚ ਕੀਤਾ ਗਈ ਸੀ। ਦੇਸ਼ ਭਗਤੀ ਦੇ ਗੀਤ ਲਾਉਡ ਸਪੀਕਰ ਉਤੇ ਵੱਜਦੇ ਸਨ – 'ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਂਖ ਮੇਂ ਭਰ ਲੋ ਪਾਣੀ...' ਲਤਾ ਜੀ ਵਲੋਂ ਗਾਇਆ ਇਹ ਗੀਤ ਸਾਡੀਆਂ ਸਾਰੀਆਂ ਦੀਆਂ ਅੱਖਾਂ ਨਮ ਕਰ ਦੇਂਦਾ ਸੀ। 'ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ... ਰੰਗ ਦੇ ਬਸੰਤੀ ਚੋਲਾ...' ਗੀਤ ਸਾਡੇ ਅੰਦਰ ਦੇਸ਼ ਭਗਤੀ ਦਾ ਜੋਸ਼ ਭਰ ਦੇਂਦਾ ਸੀ। ਰੱਖਿਆ ਮੰਤਰੀ ਦੀ ਪੁਕਾਰ 'ਤੇ ਔਰਤਾਂ ਨੇ ਆਪਣੇ ਗਹਿਣੇ ਲਾਹ ਕੇ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੇ ਸਨ। ਉਸ ਜੰਗ ਵਿਚ ਸਾਡੇ ਸਿਪਾਹੀਆਂ ਦੀ ਬਹਾਦਰੀ ਦੇ ਕਿੱਸੇ ਘਰ-ਘਰ, ਗਲੀ-ਗਲੀ ਗੂੰਜਦੇ ਸਨ। ਇਹ ਇਕ ਅਜਿਹਾ ਮਾਹੌਲ ਸੀ ਜਿਸ ਨੇ ਮੇਰੇ ਅੰਦਰ ਵੀ ਇਕ ਸਿਪਾਹੀ ਬਣਨ ਦੀ ਖਾਹਿਸ਼ ਪੈਦਾ ਕਰ ਦਿੱਤੀ ਸੀ। ਭਗਤ ਸਿੰਘ, ਚੰਦਰ ਸ਼ੇਖਰ ਅਜਾਦ, ਸੁਭਾਸ਼ ਚੰਦਰ ਬੋਸ ਦੀਆਂ ਕਹਾਣੀਆਂ ਮੇਰੇ ਅੰਦਰ ਦੇਸ਼ ਲਈ ਮਰ-ਮਿਟਣ ਦਾ ਜਜ਼ਬਾ ਪੈਦਾ ਕਰਦੀਆਂ ਸਨ। ਸਕੂਲ ਦੀ ਪੱਕੀ ਇਮਾਰਤ ਸਿੰਬਲ, ਜਾਮਣ, ਟਾਹਲੀ ਆਦਿ ਦੇ ਰੁੱਖਾਂ ਨਾਲ ਘਿਰੇ ਮੈਦਾਨ ਦੇ ਇਕ ਕੋਨੇ ਵਿਚ ਬਣੀ ਹੋਈ ਸੀ। ਮੈਂ ਪਹਿਲੀ ਵਾਰ ਪੱਕੇ ਕਲਾਸ ਰੂਮ, ਡੈਸਕ, ਛੱਤ ਤੋਂ ਲਮਕਦੇ ਪੱਖੇ ਦੇਖੇ ਤੇ ਦੀਵਾਰ ਉਤੇ ਵੱਡਾ ਸਾਰਾ ਬਲੈਕ ਬੋਰਡ। ਪੰਜਵੀਂ ਤਕ ਟਾਟ ਜਾਂ ਬੋਰੀ ਉਤੇ, ਹੇਠਾਂ ਧੂੜ-ਮਿੱਟੀ ਵਿਚ ਬੈਠਣ ਵਾਲੇ ਵਿਦਿਆਰਥੀ ਲਈ ਇਹ ਇਕ ਅਨੋਖੀ ਤੇ ਹੈਰਾਨੀ ਵਾਲੀ ਗੱਲ ਸੀ। ਛੇਵੀਂ ਜਮਾਤ ਵਿਚ ਤਿੰਨ ਗੱਲਾਂ ਬਿਲਕੁਲ ਨਵੀਆਂ ਹੋਈਆਂ ਸਨ। ਪਹਿਲੀ ਇਹ ਕੀ ਛੇਵੀਂ ਜਮਾਤ ਤੋਂ ਅਸੀਂ ਅੰਗਰੇਜੀ ਪੜ੍ਹਨੀ ਸਿੱਖੀ। ਅੱਜਕੱਲ੍ਹ ਜੋ ਬੱਚੇ ਨਰਸਰੀ ਵਿਚ ਹੀ ਏ.ਬੀ.ਸੀ. ਰਟਣ ਲਗਦੇ ਹਨ, ਉਹ ਸਾਨੂੰ ਛੇਵੀਂ ਜਮਾਤ ਵਿਚ ਪੜ੍ਹਾਈ ਗਈ। ਅੰਗਰੇਜ਼ੀ ਦੀ ਰੰਗੀਨ ਕਿਤਾਬ ਮੈਨੂੰ ਬਹੁਤ ਧੂਹ ਪਾਉਂਦੀ ਸੀ। ਮੇਰੇ ਕੋਲ ਸਿਰਫ ਇਹੋ ਨਵੀਂ ਕਿਤਾਬ ਸੀ ਜੋ ਬਾਪੂ ਨੂੰ ਮਜਬੂਰੀ ਵਿਚ ਲੈ ਕੇ ਦੇਣੀ ਪਈ ਸੀ। ਜਦੋਂ ਮੈਂ ਇਕ ਜਮਾਤ ਪਾਸ ਕਰਕੇ ਦੂਜੀ ਜਮਾਤ ਵਿਚ ਜਾਂਦਾ ਤਾਂ ਬਾਪੂ ਆਪਣੀ ਆਰਥਿਕ ਤੰਗੀ ਦੇ ਕਾਰਣ ਮੈਨੂੰ ਨਵੀਆਂ ਕਿਤਾਬਾਂ ਖਰੀਦ ਕੇ ਦੇਣ ਦੀ ਬਜਾਏ ਪੁਰਾਣੀਆਂ ਸੈਕੰਡ ਹੈਂਡ ਕਿਤਾਬਾਂ ਹੀ ਲੈ ਕੇ ਦਿੰਦਾ, ਜਿਨ੍ਹਾਂ ਦੇ ਵਰਕੇ ਪੀਲੇ ਪਏ ਹੁੰਦੇ ਤੇ ਥਾਂ -ਥਾਂ ਤੋਂ ਪਾਟੇ ਹੁੰਦੇ। ਜਦੋਂ ਮੈਂ ਆਪਣੇ ਸਹਿਪਾਠੀਆਂ ਕੋਲ ਨਵੀਆਂ ਕਿਤਾਬਾਂ ਦੇਖਦਾ ਤਾਂ ਮੇਰਾ ਮਨ ਉਨ੍ਹਾਂ ਦੇ ਮੁਲਾਇਮ ਪੰਨਿਆਂ ਨੂੰ ਛੋਹਣ ਲਈ ਤਰਸਦਾ। ਉਨ੍ਹਾਂ ਦੇ ਮੁਲਾਇਮ ਪੰਨੇ ਤੇ ਉਨ੍ਹਾਂ ਦੀ ਖੁਸ਼ਬੂ ਮੈਨੂੰ ਆਪਣੇ ਵੱਲ ਖਿੱਚਦੀ। ਪਰ ਮੈਂ ਬੇਬਸ ਸੀ। ਮੈਨੂੰ ਪੁਰਾਣੀਆਂ ਕਿਤਾਬਾਂ ਨਾਲ ਹੀ ਪੂਰਾ ਸਾਲ ਬਿਤਾਉਣਾ-ਲਘਾਉਣਾ ਪੈਂਦਾ ਸੀ। ਦੂਜੀ ਵਿਸ਼ੇਸ਼ ਗੱਲ ਜੋ ਹੋਈ, ਉਹ ਸੀ ਸੰਸਕ੍ਰਿਤ ਦੀ ਥਾਂ ਵਿਦਿਆਰਥੀਆਂ ਨੂੰ ਕੋਈ ਇਕ ਪ੍ਰਦੇਸ਼ਿਕ ਭਾਸ਼ਾ ਜਿਵੇਂ ਬੰਗਲਾ, ਉਰਦੂ ਤੇ ਪੰਜਾਬੀ ਵਿਚੋਂ ਕੋਈ ਇਕ ਚੁਣ ਕੇ ਪੜ੍ਹਨੀ ਸੀ। ਮੈਂ ਇਕ ਪੰਜਾਬੀ ਪਰਿਵਾਰ ਤੋਂ ਸੀ, ਪਰ ਮੇਰੇ ਪਰਿਵਾਰ ਵਿਚੋਂ ਪੰਜਾਬੀ ਹੌਲੀ -ਹੌਲੀ ਖਤਮ ਹੋ ਰਹੀ ਸੀ। ਅਸੀਂ ਸਾਰੇ ਜਣੇ ਘਰ ਵਿਚ ਹਿੰਦੀ ਵਿਚ ਗੱਲ ਕਰਦੇ। ਜਦੋਂ ਕੋਈ ਪ੍ਰਾਹੁਣਾ ਪੰਜਾਬ ਤੋਂ ਸਾਡੇ ਕੋਲ ਆਉਂਦਾ ਤਾਂ ਮਾਂ-ਪਿਉ, ਦਾਦਾ, ਨਾਨੀ ਹੀ ਪੰਜਾਬੀ ਵਿਚ ਗੱਲ ਕਰਦੇ। ਪਰ ਉਨ੍ਹਾਂ ਦੇ ਮੂੰਹੋਂ ਪੰਜਾਬੀ ਸੁਣ ਕੇ ਪੰਜਾਬ ਤੋਂ ਆਏ ਪ੍ਰਾਹੁਣੇ ਹੱਸਦੇ ਸਨ। ਇਸ ਬਾਰੇ ਮੈਂ ਆਪਣੇ ਬਾਪੂ ਨਾਲ ਗੱਲ ਕੀਤੀ, ਉਸ ਨੇ ਕਿਹਾ – 'ਸਿੱਖਣੀ ਹੈ ਤਾਂ ਆਪਣੀ ਮਾਂ-ਬੋਲੀ ਹੀ ਸਿੱਖ ਲੈ। ਘੱਟੋ-ਘਟ ਕੋਈ ਤਾਂ ਪੰਜਾਬੀ ਬੋਲਣ-ਲਿਖਣ ਵਾਲਾ ਸਾਡੇ ਪਰਿਵਾਰ ਵਿਚੋਂ ਹੋਵੇ।' ਫਿਰ ਕੀ ਸੀ ! ਮੈਂ ਅਗਲੇ ਦਿਨ ਜਾ ਕੇ ਪੰਜਾਬੀ ਸੈਕਸ਼ਨ ਵਿਚ ਆਪਣਾ ਨਾਂ ਲਿਖਵਾ ਦਿੱਤਾ। ਪੰਜਾਬੀ ਦੀ ਟੀਚਰ ਕਮਲਾ ਸਰੀਨ ਨੂੰ ਜਦੋਂ ਮੇਰੇ ਪੰਜਾਬੀ ਸਿੱਖਣ ਦਾ ਕਾਰਣ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਈ। ਮੈਂ ਤਿੰਨ ਸਾਲ ਪੰਜਾਬੀ ਸਿੱਖੀ-ਪੜ੍ਹੀ ਯਾਨੀ ਛੇਵੀਂ ਤੋਂ ਲੈ ਕੇ ਅੱਠਵੀਂ ਤਕ ਜੋ

ਮੇਰੀ ਅਗਲੀ ਜ਼ਿੰਦਗੀ ਵਿਚ ਬਹੁਤ ਕੰਮ ਆਈ। ਤੀਜੀ ਗੱਲ ਨੇ ਤਾਂ ਮੇਰੇ ਲਈ ਇਕ ਨਵੀਂ ਦੁਨੀਆ ਹੀ ਖੋਲ੍ਹ ਦਿੱਤੀ ਸੀ। ਅੱਠਵੀਂ ਜਮਾਤ ਵਿਚ ਸਾਡੇ ਹਿੰਦੀ ਦੇ ਅਧਿਆਪਕ ਹੁੰਦੇ ਸਨ - ਬਾਲ ਮੁਕੰਦ ਜੀ। ਉਨ੍ਹਾਂ ਦਾ ਪੜ੍ਹਾਉਣ ਦਾ ਢੰਗ ਬਹੁਤ ਰੌਚਕ ਸੀ। ਉਹ ਪੜ੍ਹਾਉਣ ਵੇਲੇ ਬੱਚਿਆਂ ਨਾਲ ਬੱਚਾ ਬਣ ਜਾਂਦੇ। ਉਹ ਹਰ ਵਿਦਿਆਰਥੀ ਨੂੰ ਅਕਸਰ ਉਹ ਕਹਾਣੀ ਸੁਣਾਉਣ ਨੂੰ ਕਹਿੰਦੇ ਜੋ ਉਸ ਨੇ ਆਪਣੇ ਮਾਂ-ਪਿਉ, ਦਾਦਾ- ਦਾਦੀ ਜਾਂ ਨਾਨਾ-ਨਾਨੀ ਤੋਂ ਸੁਣੀ ਹੁੰਦੀ ਸੀ। ਇਸ ਤੋਂ ਉਹ ਸਾਡੀ ਵਾਕ-ਸਮਰੱਥਾ ਤੇ ਪੇਸ਼ਕਾਰੀ ਦੇ ਢੰਗ ਨੂੰ ਪਰਖਦੇ ਹੁੰਦੇ ਸਨ। ਉਹ ਦਸਦੇ ਕਿ ਕੋਈ ਕਹਾਣੀ ਕਿਸ ਜੁਗਤ ਨਾਲ ਵੱਧ ਤੋਂ ਵੱਧ ਰੌਚਕ ਢੰਗ ਨਾਲ ਸੁਣਾਈ ਜਾ ਸਕਦੀ ਹੈ। ਇਕ ਦਿਨ ਖਾਲੀ ਪੀਰੀਅਡ ਵਿਚ ਉਹ ਪੂਰੀ ਜਮਾਤ ਨੂੰ ਵੱਡੇ ਸਾਰੇ ਹਾਲਨੁਮਾ ਕਮਰੇ ਵਿਚ ਲੈ ਗਏ। ਇਸ ਵਿਚ ਦੀਵਾਰਾਂ ਨਾਲ ਲੱਗੀਆਂ ਲਿਸ਼ਕਦੀਆਂ ਲੋਹੇ ਤੇ ਲੱਕੜ ਦੀਆਂ ਅਲਮਾਰੀਆਂ ਸਨ ਜਿਨ੍ਹਾਂ ਵਿਚ ਕਿਤਾਬਾਂ ਬੜੇ ਸਲੀਕੇ ਨਾਲ ਸਜਾਈਆਂ ਹੋਈਆਂ ਸਨ। ਵਿਚਕਾਰ ਦੋ ਵੱਡੇ ਮੇਜ਼ ਸਨ ਜਿਨ੍ਹਾਂ ਉਤੇ ਬਹੁਤ ਸਾਰੀਆਂ ਅਖ਼ਬਾਰਾਂ ਤੇ ਰਸਾਲੇ ਪਏ ਸਨ। ਲਾਇਬ੍ਰੇਰੀ ਕੀ ਹੁੰਦੀ ਹੈ, ਇਹ ਸਾਨੂੰ ਪਹਿਲੀ ਵਾਰ ਪਤਾ ਲੱਗਾ ਸੀ। ਸਾਡੇ ਹਿੰਦੀ ਟੀਚਰ ਨੇ ਕਿਹਾ, "ਤੁਸੀਂ ਇੱਥੇ ਵਿਹਲੇ ਵਕਤ ਬੱਚਿਆਂ ਦੇ ਰਸਾਲੇ ਪੜ੍ਹ ਸਕਦੇ ਹੋ। ਹੋਰ ਤਾਂ ਹੋਰ ਹਰ ਵਿਦਿਆਰਥੀ ਮਹੀਨੇ ਵਿਚ ਇਕ ਆਪਣੀ ਪਸੰਦ ਦੀ ਕਿਤਾਬ ਵੀ ਇਸ਼ੂ ਕਰਵਾ ਸਕਦਾ ਹੈ। ਤੁਹਾਨੂੰ ਆਪਣੇ ਪੜ੍ਹਾਈ ਦੇ ਨਾਲ ਨਾਲ ਵਧੀਆ ਬਾਲ ਸਾਹਿਤ ਵੀ ਪੜ੍ਹਨਾ ਚਾਹੀਦਾ ਹੈ, ਪਰ ਇਹ ਧਿਆਨ ਰਖਦਿਆਂ ਕੀ ਤੁਹਾਡੀ ਸਕੂਲ ਦੀ ਪੜ੍ਹਾਈ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਾ ਪਵੇ।" ਇਹ ਸਾਡੇ ਹਿੰਦੀ ਟੀਚਰ ਦਾ ਸਾਨੂੰ ਦਿੱਤਾ ਗਿਆ ਬਹੁਤ ਵੱਡਾ ਤੋਹਫ਼ਾ ਸੀ। ਅਸੀਂ ਇੱਥੇ ਖਾਲੀ ਪੀਰੀਅਡ ਵਿਚ ਨੰਦਨ, ਚੰਦਾਮਾਮਾ, ਪਰਾਗ ਮੈਗਜ਼ੀਨਾਂ ਪੜ੍ਹਦੇ। ਲਾਇਬ੍ਰੇਰੀਅਨ ਸਾਨੂੰ ਬੱਚਿਆਂ ਦੀਆਂ ਪੁਸਤਕਾਂ ਵੀ ਸੁਝਾਉਂਦਾ ਤੇ ਇਕ ਇਕ ਕਿਤਾਬ ਸਾਨੂੰ ਪੜ੍ਹਨ ਲਈ ਇਸ਼ੂ ਵੀ ਕਰਦਾ। ਮੈਂ ਤਾਂ ਇਨ੍ਹਾਂ ਕਿਤਾਬਾਂ ਦਾ ਦੀਵਾਨਾ ਹੋ ਗਿਆ ਸੀ। ਇਨ੍ਹਾਂ ਵਿਚ ਇਕ ਵੱਖਰੀ ਤੇ ਅਦਭੁਤ ਦੁਨੀਆ ਸਿਮਟੀ ਹੋਈ ਸੀ। ਇਨ੍ਹਾਂ ਕਿਤਾਬਾਂ ਨੇ ਮੇਰਾ ਮੁਹੱਲੇ ਦੇ ਬੱਚਿਆਂ ਨਾਲ ਖੇਡਣਾ ਬੰਦ ਕਰਵਾ ਦਿੱਤਾ ਸੀ। ਇਨ੍ਹਾਂ ਬਾਲ ਸਾਹਿਤ ਦੀਆਂ ਪੁਸਤਕਾਂ ਨੇ ਸ਼ਾਇਦ ਮੇਰੇ ਅੰਦਰ ਉਸ ਸਮੇਂ 'ਲਿਖਣ' ਦੇ ਬੀਜ਼ ਬੀਜੇ ਹੋਣਗੇ ਜੋ ਬਾਅਦ ਵਿਚ ਸਮਾਂ ਪਾ ਕੇ ਪੁੰਗਰੇ।

ਇਸ ਸਰਕਾਰੀ ਸਕੂਲ ਦਾ ਵਾਤਾਵਰਣ ਬਹੁਤ ਸਾਫ਼-ਸੁਥਰਾ ਸੀ। ਸਾਡੇ ਟੀਚਰ ਬਹੁਤ ਚੰਗੇ ਤੇ ਮਿਹਨਤੀ ਸਨ। ਮਨ ਲਾ ਕੇ ਪੜ੍ਹਾਉਂਦੇ ਸਨ। ਦੋ-ਤਿੰਨ ਟੀਚਰ ਸਖ਼ਤ ਸੁਭਾਅ ਦੇ ਵੀ ਸਨ। ਪਰ ਉਨ੍ਹਾਂ ਦੀ ਸਖ਼ਤੀ ਵਿਦਿਆਰਥੀਆਂ ਨੂੰ ਵਧੀਆ ਸਿਖਿਆ ਦੇਣ ਲਈ ਹੀ ਸੀ। ਸਕੂਲ ਦੀ ਇਮਾਰਤ ਦੇ ਪਿੱਛੇ ਇਕ ਪੱਕੀ ਬੰਨ੍ਹੀ ਨਾਲ ਘਿਰਿਆ ਵੱਡਾ ਸਾਰਾ ਖੁੱਲ੍ਹਾ ਮੈਦਾਨ ਸੀ, ਜੋ ਸਾਨੂੰ ਆਪਣੇ ਵੱਲ ਧੂਹ ਪਾਉਂਦਾ ਸੀ। ਪੀ.ਟੀ. ਟੀਚਰ ਕਈ ਤਰ੍ਹਾਂ ਦੀਆਂ ਖੇਡਾਂ ਸਿਖਾਉਂਦਾ ਸੀ। ਅਧੀ ਛੁੱਟੀ ਵੇਲੇ ਸਾਡੀ ਕਲਾਸ ਦੇ ਬੱਚੇ ਜਾਮਨ ਦੇ ਦਰਖ਼ਤਾਂ ਉਤੇ ਚੜ੍ਹ ਜਾਂਦੇ ਸਨ ਤੇ ਉਨ੍ਹਾਂ ਦੇ ਟਾਹਣੀਆਂ ਨਾਲ ਝੂਟਦੇ ਹੋਏ ਹੇਠਾਂ ਨੂੰ ਛਾਲਾਂ ਮਾਰਦੇ ਹੁੰਦੇ ਸਨ। ਮੈਂ ਸੱਟ ਲੱਗਣ ਦੇ ਡਰੋਂ ਅਜਿਹਾ ਨਹੀਂ ਕਰਦਾ ਹੁੰਦਾ ਸੀ। ਬਸ, ਕੋਲ ਖੜ੍ਹਾ ਉਨ੍ਹਾਂ ਦੀਆਂ ਖੇਡਾਂ ਦੇਖਦਾ ਰਹਿੰਦਾ ਸੀ। ਸਾਰੇ ਮੈਨੂੰ ਡਰਾਕਲ ਕਹਿੰਦੇ ਹੁੰਦੇ ਸਨ। ਇਕ ਦਿਨ ਇਕ ਮੁੰਡਾ ਦਰੱਖ਼ਤ ਤੋਂ ਡਿੱਗ ਪਿਆ ਸੀ ਤੇ ਉਸ ਦੀ ਸੱਜੀ ਬਾਂਹ ਦੀ ਹੱਡੀ ਟੁੱਟ ਗਈ ਸੀ। ਪ੍ਰਿੰਸੀਪਲ ਨੇ ਪੂਰੀ ਕਲਾਸ ਨੂੰ ਸਜ਼ਾ ਦੇ ਤੌਰ ਤੇ ਕਾਫ਼ੀ ਦੇਰ ਤਕ ਮੁਰਗਾ ਬਣਾ ਕੇ ਰੱਖਿਆ ਸੀ। ਸਾਡੀਆਂ ਲੱਤਾਂ ਦਰਦ ਨਾਲ ਕੰਬਣ ਲੱਗ ਪਈਆਂ ਸਨ ਤੇ ਪੁੜਪੁੜੀਆਂ ਸਣੇ ਸਾਡੇ ਚੇਹਰੇ ਲਾਲ ਹੋ ਗਏ ਸਨ। ਇਸ ਘਟਨਾ ਤੋਂ ਬਾਅਦ ਸਕੂਲ ਦੇ ਕਿਸੇ ਵੀ ਵਿਦਿਆਰਥੀ ਦੀ ਦਰਖ਼ਤਾਂ ਉਤੇ ਚੜ੍ਹਨ ਦੀ ਹਿੰਮਤ ਨਹੀਂ ਪਈ ਸੀ। ਜਦੋਂ ਤੋਂ ਮੈਂ ਇਸ ਸਕੂਲ ਵਿਚ ਆਇਆ ਸੀ, ਮੇਰੇ ਮਨ ਵਿਚੋਂ ਅਧਿਆਪਕਾਂ ਨੂੰ ਲੈ ਕੇ ਡਰ ਖਤਮ ਹੋ ਗਿਆ ਸੀ। ਮੈਂ ਸਵੇਰੇ ਆਪ ਸਕੂਲ ਲਈ ਉੱਠਦਾ ਸੀ, ਮੁਹੱਲੇ



ਦੇ ਸਰਕਾਰੀ ਸਾਂਝੇ ਨਲਕੇ ਉਤੇ ਨਹਾਉਂਦਾ ਸੀ, ਤਿਆਰ ਹੁੰਦਾ ਸੀ ਤੇ ਸਕੂਲ ਸਮੇਂ ਸਿਰ ਪਹੁੰਚ ਜਾਂਦਾ ਸੀ। ਮੈਂ ਆਪਣੀ ਵਰਦੀ ਆਪ ਧੋਣ ਲੱਗ ਪਿਆ ਸੀ। ਘਰ ਵਿਚ ਲੋਹੇ ਦੀ ਇਕ ਪ੍ਰੈਸ ਸੀ ਜਿਸ ਨੂੰ ਅੰਗੀਠੀ ਉਤੇ ਰੱਖ ਕੇ ਗਰਮ ਕਰਦਾ ਤੇ ਸਕੂਲ ਦੀ ਵਰਦੀ ਨੂੰ ਪ੍ਰੈਸ ਕਰਦਾ। ਇਥੇ ਟੱਲੀ ਦੇ ਚਿੱਟੇ ਬੂਟਾਂ ਦੀ ਥਾਂ ਚਮੜੇ ਦੇ ਕਾਲੇ ਬੂਟਾਂ ਨੇ ਲੈ ਲਈ ਸੀ। ਇਹ ਇਕ ਜੋੜੀ ਚਮੜੇ ਦੇ ਕਾਲੇ ਬੂਟ ਬਾਪੂ ਨੇ 'ਪੈਂਠ' ਦੀ ਇਕ ਦੁਕਾਨ ਤੋਂ ਮੈਨੂੰ ਉਧਾਰੇ ਲੈ ਕੇ ਦਿੱਤੇ ਸਨ ਤੇ ਕਈ ਮਹੀਨਿਆਂ ਤਕ ਉਹ ਉਧਾਰ ਦੇ ਪੈਸੇ ਨਹੀਂ ਚੁਕਾ ਸਕਿਆ ਸੀ। ਛੇਵੀਂ ਜਮਾਤ ਵਿਚ ਆਉਣ ਤੋਂ ਬਾਅਦ ਹੀ ਮੈਨੂੰ ਆਪਣੇ ਘਰ ਦੀ ਮੰਦੀ ਹਾਲਤ ਦਾ ਥੋੜ੍ਹਾ ਥੋੜ੍ਹਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਸੀ। ਹੁਣ ਪਰਿਵਾਰ ਦੇ ਨੌਂ ਜੀਅ ਸਨ। ਉਨ੍ਹਾਂ ਸਸਤੇ ਦਿਨਾਂ ਵਿਚ ਵੀ ਬਾਪੂ ਆਪਣੀ ਥੋੜ੍ਹੀ ਤੇ ਬਧੀ ਆਮਦਨ ਵਿਚ ਘਰ ਦਾ ਬੜੀ ਮੁਸ਼ਕਿਲ ਨਾਲ ਗੁਜ਼ਾਰਾ ਚਲਾਉਂਦਾ ਸੀ। ਉਸ ਦੀ ਸਥਿਤੀ ਉਨ੍ਹੀਂ ਦਿਨੀਂ ਹੋਰ ਪਤਲੀ ਹੋ ਜਾਂਦੀ ਜਦੋਂ ਫੈਕਟਰੀ ਵਿਚ 'ਓਵਰ ਟਾਈਮ' ਬੰਦ ਹੋ ਜਾਂਦਾ। ਕਈ ਵਾਰ ਤਾਂ ਸ਼ਾਮ ਨੂੰ ਚੁੱਲ੍ਹਾ ਵੀ ਨਹੀਂ ਬਲਦਾ। ਫਾਕੇ ਵਰਗੀ ਹਾਲਤ ਹੋ ਜਾਂਦੀ। ਬਾਪੂ ਘਰ ਤੋਂ ਛੇ-ਸੱਤ ਮੀਲ ਦੂਰ ਕਸਬੇ ਦੀ ਜਿਸ ਲਾਲਾ ਦੀ ਦੁਕਾਨ ਤੋਂ ਹਰ ਮਹੀਨੇ ਘਰ ਦਾ ਰਾਸ਼ਨ ਉਧਾਰ ਲਿਆਉਂਦਾ ਹੁੰਦਾ ਸੀ, ਅਜਿਹੇ ਦਿਨਾਂ ਵਿਚ ਉਹ ਕਣਕ-ਚੌਲ ਦੇਣ ਤੋਂ ਨਾਂਹ ਕਰ ਦਿੰਦਾ ਹੁੰਦਾ ਸੀ। ਪਿਛਲੇ ਮਹੀਨੇ ਦਾ ਉਧਾਰ ਉਸ ਨੂੰ ਪਹਿਲਾਂ ਚੁਕਾਉਣਾ ਪੈਂਦਾ ਸੀ, ਫਿਰ ਉਹ ਅਗਲੇ ਮਹੀਨੇ ਲਈ ਰਾਸ਼ਨ ਉਧਾਰ ਦਿੰਦਾ ਹੁੰਦਾ ਸੀ। ਓਵਰ ਟਾਈਮ ਬੰਦ ਹੋ ਜਾਣ ਤੇ ਬਾਪੂ ਪਿਛਲੇ ਮਹੀਨੇ ਦਾ ਪੂਰਾ ਉਧਾਰ ਚੁਕਾਉਣ ਦੀ ਹਾਲਤ ਵਿਚ ਨਾ ਹੁੰਦਾ ਤੇ ਅਧਾ ਉਧਾਰ ਚੁਕਦਾ ਕਰਦਾ ਸੀ। ਘਰ ਵਿਚ ਕਈ ਵਾਰ ਸ਼ਾਮ ਨੂੰ ਚੌਲ ਹੀ ਪਕਦੇ ਤੇ ਉਸ ਦੀ ਪਿਚ ਕਢ ਕੇ ਰੱਖ ਲਈ ਜਾਂਦੀ ਤੇ ਕੁਝ ਨਾ ਹੋਣ 'ਤੇ ਉਸੇ ਠੰਡੀ ਪਿਚ ਵਿਚ ਗੁੜ-ਸ਼ੱਕਰ ਮਿਲਾ ਕੇ ਅਸੀਂ ਲੋਕ ਪੀਂਦੇ ਤੇ ਆਪਣੀ ਭੁੱਖ ਨੂੰ ਜ਼ਬਰਨ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਸੀ। ਮਾਂ, ਘਰ ਦੇ ਬਾਹਰ ਬਣੇ ਕਿਆਰੇ ਵਿਚੋਂ ਚੌਲਾਈ ਦਾ ਸਾਗ ਤੋੜ ਲਿਆਉਂਦੀ ਤੇ ਉਸ ਵਿਚ ਦੋ ਆਲੂ ਕੱਟ ਕੇ ਪਾਉਂਦੀ ਤੇ ਸਬਜ਼ੀ ਬਣਾ ਲੈਂਦੀ। ਮੇਰਾ ਦਾਦਾ ਮੱਛੀਆਂ ਫੜ੍ਹਨ ਦੇ ਜਾਲ ਬੁਣਿਆ ਕਰਦਾ ਸੀ। ਕਈ ਲੋਕੀ ਉਸ ਤੋਂ ਜਾਲ ਖ਼ਰੀਦ ਕੇ ਲੈ ਜਾਂਦੇ ਸਨ। ਦਾਦੇ ਕੋਲ ਆਪਣੇ ਵੀ ਜਾਲ ਸਨ। ਇਨ੍ਹਾਂ ਤੰਗੀ ਦੇ ਦਿਨਾਂ ਵਿਚ ਉਹ ਆਪਣਾ ਜਾਲ ਮੋਢੇ ਤੇ ਰੱਖ ਕੇ ਨਹਿਰ-ਤਲਾਅ ਵੱਲ ਟੁਰ ਪੈਂਦਾ। ਸ਼ਾਮ ਨੂੰ ਢੇਰ ਸਾਰੀਆਂ ਮੱਛੀਆਂ ਫੜ੍ਹ ਕੇ ਲੈ ਆਉਂਦਾ। ਰੋਟੀ ਦੀ ਥਾਂ ਸਾਨੂੰ ਮੱਛੀਆਂ ਹੀ ਖਾਣ ਨੂੰ ਮਿਲਦੀਆਂ। ਬਾਪੂ ਫੈਕਟਰੀ ਵਿਚ ਬਾਰ੍ਹਾਂ ਘੰਟੇ ਲੋਹੇ ਨਾਲ ਕੁਸ਼ਤੀ ਕਰਦਾ। ਫੈਕਟਰੀ ਵਲੋਂ ਰਹਿਣ ਲਈ ਜੋ ਮਕਾਨ ਉਸ ਨੂੰ ਮਿਲਿਆ ਹੋਇਆ ਸੀ, ਉਥੇ ਆਲੇ-ਦੁਆਲੇ ਪੂਰੇ ਬਲਾਕ ਵਿਚ ਵੱਖ-ਵੱਖ ਜਾਤਾਂ ਦੇ ਗਰੀਬ ਮਜ਼ਦੂਰ ਆਪਣੇ ਪਰਿਵਾਰਾਂ ਨਾਲ ਰਹਿੰਦੇ ਸਨ, ਜਿਨ੍ਹਾਂ ਵਿਚ ਪੰਜਾਬੀ, ਮੇਹਤਰ, ਮੁਸਲਮਾਨ, ਪੂਰਬੀਏ, ਜੁਲਾਹੇ, ਬ੍ਰਾਹਮਣ, ਬੰਗਾਲੀ ਆਦਿ ਪ੍ਰਮੁੱਖ ਸਨ। ਇਕ ਬਲਾਕ ਵਿਚ ਅੱਗੇ-ਪਿੱਛੇ ਕੁਲ 18 ਕੁਆਟਰ ਹੁੰਦੇ ਸਨ - ਨੌਂ ਅੱਗੇ ਤੇ ਨੌਂ ਪਿੱਛੇ। ਬਲਾਕ ਦੇ ਵਿਚਾਲੇ ਦੋਹੀਂ ਪਾਸੀਂ ਇਕ ਇਕ ਸਰਕਾਰੀ ਸਾਂਝਾ ਨਲਕਾ ਹੁੰਦਾ ਸੀ ਜਿੱਥੇ ਸਵੇਰੇ-ਸ਼ਾਮ ਕਦੀ ਪਾਣੀ ਖਾਤਰ, ਕਦੀ ਬੱਚਿਆਂ ਨੂੰ ਲੈ ਕੇ ਝਗੜੇ ਹੁੰਦੇ ਰਹਿੰਦੇ ਸਨ। ਹੱਥੋਪਾਈ ਵੀ ਹੋ ਜਾਂਦੀ ਸੀ। ਉਦੋਂ ਘਰਾਂ ਵਿਚ ਬਿਜਲੀ ਨਾਂ ਦੀ ਕੋਈ ਚੀਜ਼ ਨਹੀਂ ਸੀ। ਘਰਾਂ ਅੰਦਰ ਮਿੱਟੀ ਦੇ ਤੇਲ ਦੇ ਦੀਵੇ ਜਾਂ ਲੈਂਪ ਜਗਦੇ ਹੁੰਦੇ ਸੀ। ਬਸ, ਸਟ੍ਰੀਟ ਲਾਈਟ ਹੁੰਦੀ ਸੀ। ਉੱਚੇ ਲੰਮੇ ਖੰਭਿਆਂ ਉਤਲੇ ਲਮਕਦੇ ਬਲਬ ਸ਼ਾਮ ਹੁੰਦੀਆਂ ਹੀ ਸੜ੍ਹਕ ਉਤੇ ਪੀਲੀ ਰੌਸ਼ਨੀ ਸੁੱਟਣ ਲੱਗ ਪੈਂਦੇ ਸਨ। ਸਾਨੂੰ ਭੈਣਾਂ-ਭਰਾਵਾਂ ਨੂੰ ਰਾਤ ਦੇ ਵੇਲੇ ਆਪਣੀ ਪੜ੍ਹਾਈ-ਲਿਖਾਈ ਮਿੱਟੀ ਦੇ ਤੇਲ ਵਾਲੇ ਲੈਂਪ ਦੀ ਰੌਸ਼ਨੀ ਵਿਚ ਕਰਨੀ ਪੈਂਦੀ ਸੀ ਜਾਂ ਫਿਰ ਘਰ ਦੇ ਕੋਲ ਸੜ੍ਹਕ ਦੇ ਕਿਨਾਰੇ ਵਾਲੇ ਕਿਸੇ ਬਿਜਲੀ ਦੇ ਖੰਭੇ ਹੇਠ ਮੰਜਾ ਡਾਹ ਕੇ, ਉਸਦੀ ਹਲਕੀ ਪੀਲੀ ਰੌਸ਼ਨੀ ਵਿਚ ਆਪਣਾ ਹੋਮਵਰਕ ਪੂਰਾ ਕਰਦੇ ਹੁੰਦੇ ਸੀ। ਮੁਹੱਲੇ ਵਿਚ ਜਗਦੰਬਾ, ਮੁੰਨੀ, ਸੂਰਜ, ਅਸਲਮ, ਰਾਮ ਪ੍ਰਤਾਪ, ਮਨੋਹਰ, ਧਰਮੀ,

ਮੇਰੀ ਭੈਣ ਕਮਲੀ, ਮੈਂ ਤੇ ਮੇਰੇ ਛੋਟਾ ਭੈਣ-ਭਰਾ ਗਰਮੀਆਂ ਦੇ ਦਿਨਾਂ ਵਿਚ ਰਾਤ ਨੂੰ ਨੌਂ-ਨੌਂ ਵੱਜੇ ਤਕ ਛੂਹਣ-ਛੋਹਾਈ ਖੇਡਦੇ। ਦਿਨ ਵਿਚ ਛੁੱਟੀ ਦੇ ਦਿਨ ਸਟਾਪੂ ਤੇ ਪਿੱਠੂ ਵੀ। 'ਆਈਸ-ਪਾਈਸ' ਖੇਡਦਿਆਂ ਸਾਨੂੰ ਬੜਾ ਮਜ਼ਾ ਆਉਂਦਾ। ਅਸੀਂ ਕਦੀ ਖੁੱਲੇ ਵਿਚ ਝਾੜੀਆਂ-ਦਰੱਖਤਾਂ ਦੇ ਪਿਛੇ ਲੁਕਦੇ, ਕਦੀ ਕੱਚੇ ਕੋਠੇ ਦੇ ਪਿਛੇ, ਕਦੀ ਕੋਠੇ ਦੇ ਕਾਲੇ ਹਨੇਰੇ ਵਿਚ ਤੇ ਕਦੀ ਕਿਸੇ ਦੇ ਮੰਜੇ ਦੇ ਥੱਲੇ। ਸਾਡੇ ਸਾਰੀਆਂ ਦੇ ਮਾਂ-ਪਿਉ ਖਿਝ ਕੇ ਸਾਨੂੰ ਰੋਕਦੇ- ਡਾਂਟਦੇ ਕਿ ਨੇਰੇ ਵਿਚ ਝਾੜੀਆਂ, ਦਰੱਖਤਾਂ ਜਾਂ ਕੋਠੇ ਅੰਦਰ ਨਾ ਲੁਕਿਆ ਕਰੋ, ਕੋਈ ਕੀੜਾ-ਪਤੰਗਾ ਡੰਗ ਮਾਰ ਦੇਸੀ। ਪਰ ਅਸੀਂ ਬਾਜ ਕਿੱਥੇ ਆਉਂਦੇ ਸੀ। ਇਕ ਵਾਰ ਮੈਂ ਤੇ ਮੁੰਨੀ ਲੁਕਣ ਲਈ ਰਾਮ ਪ੍ਰਤਾਪ ਦੇ ਕੋਠੇ ਵਿਚ ਜਾ ਵੜੇ। ਕੋਠੇ ਅੰਦਰ ਇਕ ਪਾਸੇ ਤੂੜੀ ਭਰੀ ਪਈ ਸੀ ਤੇ ਦੂਜੇ ਪਾਸੇ ਮੰਜੀ ਖੜ੍ਹੀ ਕੀਤੀ ਹੋਈ ਸੀ। ਕੋਠੇ ਅੰਦਰ ਘੁੱਪ ਨ੍ਹੇਰਾ ਸੀ। ਮੈਂ ਤੇ ਮੁੰਨੀ ਕੋਠੇ ਦੇ ਇਕ ਕੋਨੇ ਵਿਚ ਨਾਲ ਜੁੜ ਕੇ ਬੈਠ ਗਏ। ਇਸੇ ਦੌਰਾਨ ਸਾਨੂੰ ਕੋਠੇ ਦੇ ਦੂਜੇ ਕੋਨੇ ਵਿਚ ਤੂੜੀ ਦੇ ਕੋਲ ਕੁਝ ਸਰਸਰਾਹਟ ਵਰਗੀ ਆਵਾਜ਼ ਸੁਣਾਈ ਦਿੱਤੀ। ਹਨ੍ਹੇਰੇ ਦਾ ਵੀ ਆਪਣਾ ਇਕ ਉਜਾਲਾ ਹੁੰਦਾ ਹੈ। ਉਸ ਨੀਮ ਉਜਾਲੇ ਵਿਚ ਅਸੀਂ ਦੇਖਿਆ, ਉਥੇ ਦੋ ਪਰਛਾਵੇਂ ਆਪਸ ਵਿਚ ਗੁਥਮ-ਗੁੱਥਾ ਹੋ ਰਹੇ ਸਨ। ਅਸੀਂ ਡਰ ਗਏ। ਸਾਨੂੰ ਉਹ ਭੂਤ-ਪ੍ਰੇਤ ਜਾਪੇ। ਸਾਡੇ ਦੋਹਾਂ ਦੇ ਦਿਲ ਜ਼ੋਰ-ਜ਼ੋਰ ਧੜਕਨ ਲਗ ਪਏ। ਸਾਡੇ ਸਾਹਾਂ ਦੀ ਆਵਾਜ਼ ਤੇਜ਼ ਹੋ ਗਈ। ਕੁਝ ਦੇਰ ਬਾਅਦ ਦੋਵੇਂ ਪਰਛਾਵੇਂ ਵਾਰੀ ਵਾਰੀ ਕੋਠੇ ਵਿਚੋਂ ਬਾਹਰ ਨੂੰ ਨਿਕਲ ਗਏ। ਜੋ ਪਰਛਾਵਾਂ ਬਾਅਦ ਵਿਚ ਕੋਠੇ ਵਿਚੋਂ ਬਾਹਰ ਨਿਕਲਿਆ, ਉਸ ਦੇ ਪੈਰਾਂ ਦੀ ਛਣ-ਛਣ ਦੀ ਆਵਾਜ਼ ਵੀ ਸਾਨੂੰ ਸੁਣਾਈ ਦਿੱਤੀ ਸੀ। ਬਾਅਦ ਵਿਚ, ਅਸੀਂ ਉਸ ਕੋਠੇ ਨੂੰ 'ਭੂਤਵਾਲਾ ਕੋਠਾ' ਕਹਿਣ ਲੱਗ ਪਏ ਸੀ। ਰਾਤ ਵੇਲੇ ਤਾਂ ਕੀ, ਅਸੀਂ ਦਿਨੇ ਵੀ ਉਸ ਪਾਸੇ ਮੂੰਹ ਨਹੀਂ ਕਰਦੇ ਸੀ। ਗਰਮੀਆਂ ਦੇ ਦਿਨਾਂ ਵਿਚ ਸਾਰੇ ਜਣੇ ਆਪੋ-ਆਪਣੇ ਘਰਾਂ ਦੇ ਬਾਹਰ ਮੰਜੇ ਡਾਹ ਕੇ ਸੌਂਦੇ ਹੁੰਦੇ ਸਨ। ਸੰਨ 1960-62 ਵਿਚ ਬੈਟਰੀ ਨਾਲ ਚਲਣ ਵਾਲੇ ਰੇਡੀਓ ਹੁੰਦੇ ਸਨ। ਮੇਰੇ ਬਾਪੂ ਨੂੰ ਰੇਡੀਓ ਰੱਖਣ ਤੇ ਸੁਨਣ ਦਾ ਬਹੁਤ ਸ਼ੌਕ ਸੀ। ਪੂਰੇ ਮੁਹੱਲੇ ਵਿਚ ਸਭ ਤੋਂ ਪਹਿਲਾਂ ਸਾਡੇ ਘਰ ਹੀ ਨੀਲੀ ਬੱਤੀ ਵਾਲਾ ਰੇਡੀਓ ਆਇਆ ਸੀ। ਕਾਲੀ ਬਿੱਲੀ ਵਾਲੀ ਐਵਰੇਡੀ ਦੀ ਵੱਡੀ ਜਿਹੀ ਬੈਟਰੀ ਨਾਲ ਚਲਣ ਵਾਲੇ ਉਸ ਰੇਡੀਓ ਨੂੰ ਬਾਪੂ ਸ਼ਾਮ ਵੇਲੇ ਘਰ ਦੇ ਬਾਹਰ ਇਕ ਮੇਜ਼ ਉਤੇ ਰੱਖ ਦਿੰਦਾ ਅਤੇ ਖ਼ਬਰਾਂ ਤੇ ਗਾਣੇ ਸੁਨਣ ਲਈ ਆਲੇ-ਦੁਆਲੇ ਦੇ ਲੋਕਾਂ ਦੀ ਸਾਡੇ ਘਰ ਦੇ ਮੋਹਰੇ ਭੀੜ ਲੱਗ ਜਾਂਦੀ ਸੀ। ਫਿਰ, ਬਾਅਦ 'ਚ ਟ੍ਰਾਂਜਿਸਟਰ ਆ ਗਏ ਜੋ ਸੈਲਾਂ ਨਾਲ ਚਲਦੇ ਸਨ, ਉਹ ਛੋਟੇ ਵੀ ਸਨ। ਉਨ੍ਹਾਂ ਨੂੰ ਆਸਾਨੀ ਨਾਲ ਕਿੱਤੇ ਵੀ ਲਿਜਾਇਆ ਜਾ ਸਕਦਾ ਸੀ। ਬਾਪੂ ਦਿੱਲੀ ਤੋਂ ਇਕ ਛੋਟਾ ਜਿਹਾ ਟ੍ਰਾਂਜਿਸਟਰ ਖ਼ਰੀਦ ਲਿਆਇਆ ਤੇ ਰਾਤ ਨੂੰ ਉਹ ਮੰਜੇ ਦੇ ਸਿਰਹਾਣੇ ਰੱਖ ਕੇ ਸੁਣਦਾ ਹੁੰਦਾ ਸੀ। ਗਰਮੀਆਂ ਦੇ ਦਿਨ ਸਨ। ਇਕ ਦਿਨ ਸਾਰੇ ਜਣੇ ਆਪੋ-ਆਪਣੇ ਘਰਾਂ ਦੇ ਬਾਹਰ ਮੰਜੇ ਡਾਹ ਕੇ ਸੌਣ ਦੀ ਤਿਆਰੀ ਵਿਚ ਸਨ ਕਿ ਅਚਾਨਕ ਰੌਲਾ ਪੈ ਗਿਆ ਕਿ ਪਾਕਿਸਤਾਨ ਨੇ ਭਾਰਤ ਉਤੇ ਹਮਲਾ ਕਰ ਦਿੱਤਾ ਹੈ। ਇਹ ਅਪ੍ਰੈਲ 1965 ਦੀ ਗੱਲ ਹੈ। ਮੁਰਾਦ ਨਗਰ ਦੀ ਆਰਡਨੈਂਸ ਫੈਕਟਰੀ ਬੰਬ ਬਣਾਉਣ ਦੀ ਸਰਕਾਰੀ ਫੈਕਟਰੀ ਹੈ ਤੇ ਪਾਕਿਸਤਾਨ ਇਸ ਫੈਕਟਰੀ ਨੂੰ ਤਬਾਹ ਕਰਨਾ ਚਾਹੁੰਦਾ ਸੀ। ਲਾਲ ਬਹਾਦਰ ਸ਼ਾਸਤਰੀ ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਨੇ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਦਿੱਤਾ ਸੀ। ਲੋਕਾਂ ਨੇ ਆਪੋ-ਆਪਣੇ ਘਰਾਂ ਦੇ ਅਗੇ ਜਿੱਥੇ ਵੀ ਜਗਹ ਮਿੱਲੀ, ਅੰਗ੍ਰੇਜੀ ਦੇ ਜੈਡ ਅਖਰ ਦੇ ਅਕਾਰ ਦੀਆਂ ਖਾਈਆਂ ਪੁੱਟ ਲਈਆਂ ਸਨ। ਰਾਤ ਨੂੰ ਬਲੈਕ ਆਉਟ ਹੁੰਦੀ ਸੀ। ਕਿਸੇ ਵੀ ਸਮੇਂ ਸਾਇਰਨ ਵੱਜਣ ਲਗਦਾ ਤੇ ਸਾਰੇ ਜਣੇ ਆਪੋ-ਆਪਣੇ ਮੰਜਿਆਂ ਤੋਂ ਉਠ ਕੇ ਖਾਈਆਂ ਅੰਦਰ ਜਾ ਵੜਦੇ। ਇਕ ਦਿਨ ਰਾਤ ਨੂੰ ਆਲੇ-ਦੁਆਲੇ ਦੇ ਘਰਾਂ ਦੇ ਵੱਡੇ ਬਜ਼ੁਰਗ ਟ੍ਰਾਂਜਿਸਟਰ ਦੇ ਕੋਲ ਘੇਰਾ ਬਣਾ ਕੇ ਬੈਠੇ ਖ਼ਬਰਾਂ ਸੁਣ ਰਹੇ ਸਨ ਤੇ ਅਸੀਂ ਬੱਚੇ ਲੁੱਕਾ-ਛਿਪੀ ਦੀ ਖੇਡ ਖੇਡ ਰਹੇ ਸੀ। ਖੇਡ ਖੇਡ ਵਿਚ ਛੁਪਣ



ਲਈ ਮੈਨੂੰ ਤੇ ਮੁੰਨੀ ਨੂੰ ਢੁਕਵੀਂ ਜਗਹ ਨਾ ਮਿਲੀ ਤਾਂ ਅਸੀਂ ਦੋਵੇਂ ਇਕ ਖਾਈ ਵਿਚ ਲੁਕ ਗਏ। ਮੁੰਨੀ ਨੇ ਮੇਰਾ ਹੱਥ ਫੜਿਆ ਹੋਇਆ ਸੀ। ਨ੍ਹੇਰੇ ਵਿਚ ਦੁਧੀਆ ਚਾਨਣੀ ਖਿੱਲਰੀ ਹੋਈ ਸੀ। ਇਸ ਦੁਧੀਆ ਚਾਨਣੀ ਵਿਚ ਮੁੰਨੀ ਦਾ ਸਾਂਵਲਾ ਚਿਹਰਾ ਚਮਕ ਰਿਹਾ ਸੀ। ਉਹ ਮੈਨੂੰ ਬਹੁਤ ਸੋਹਣੀ ਲੱਗ ਰਹੀ ਸੀ। ਪਤਾ ਨਹੀਂ ਮੇਰੇ ਚਿੱਤ 'ਚ ਕੀ ਆਇਆ, ਮੈਂ ਫੁਰਤੀ ਨਾਲ ਉਹਦਾ ਮੂੰਹ ਚੁੰਮ ਲਿਆ। ਮੁੰਨੀ ਮੇਰੀ ਇਸ ਹਰਕਤ ਨਾਲ ਘਬਰਾ ਗਈ ਤੇ ਉਸ ਨੇ ਸ਼ਰਮ ਨਾਲ ਆਪਣਾ ਮੂੰਹ ਗੋਡਿਆਂ ਵਿਚਾਲੇ ਲੁਕੋ ਲਿਆ। ਕਿਸੇ ਕੁੜੀ ਨੂੰ ਚੁੰਮਣ ਦਾ ਮੇਰਾ ਇਹ ਪਹਿਲਾ ਮੌਕਾ ਸੀ। ਅਜੇ ਮੈਂ ਤੇ ਮੁੰਨੀ ਇਸ ਚੁੰਮਣ ਦੇ ਅਸਰ ਹੇਠ ਹੀ ਸੀ ਕਿ ਇਨ੍ਹੇ ਨੂੰ ਫੈਕਟਰੀ ਦਾ ਸਾਇਰਨ ਵੱਜਣ ਲੱਗ ਪਿਆ ਤੇ ਲੋਕ ਕਾਹਲੀ ਨਾਲ ਖਾਈ ਵਿਚ ਛਾਲਾਂ ਮਾਰਨ ਲੱਗ ਪਏ। ਕਿਸੇ ਨੂੰ ਪਤਾ ਨਾ ਲੱਗਾ ਕਿ ਅਸੀਂ ਸਾਇਰਨ ਵੱਜਣ ਤੋਂ ਪਹਿਲਾਂ ਉੱਥੇ ਲੁਕ ਕੇ ਬੈਠੇ ਸਾਂ ਜਾਂ ਸਾਇਰਨ ਵੱਜਣ 'ਤੇ ਖਾਈ ਵਿਚ ਆਏ ਸੀ। ਘਰ ਵਿਚ ਭੁੱਖ ਸੀ, ਫਾਕੇ ਸਨ, ਤੰਗੀਆਂ-ਤੁਰਸ਼ੀਆਂ ਸਨ, ਪਰੇਸ਼ਾਨੀਆਂ ਸਨ, ਤੇ ਬਾਪੂ ਇਨ੍ਹਾਂ ਸਭਨਾਂ ਨਾਲ ਆਪਣੇ ਢੰਗ ਨਾਲ ਲੜ-ਜੂਝ ਰਿਹਾ ਸੀ। ਪਰ ਮੇਰਾ ਬਚਪਨ ਇਨ੍ਹਾਂ ਸਭਨਾਂ ਦੇ ਬਾਵਜੂਦ ਚੌਦਾਂ ਸਾਲ ਦੀ ਉਮਰ ਤਕ ਲਗਭਗ ਮਸਤੀ ਭਰੀਆ ਰਿਹਾ ਸੀ। ਆਪਣੇ ਮਾਂ-ਪਿਉ ਦੀਆਂ ਦੁੱਖ-ਤਕਲੀਫਾਂ ਨੂੰ ਲੈ ਕੇ ਮੈਂ ਕੁਝ ਪਲ ਲਈ ਉਦਾਸ ਜ਼ਰੂਰ ਹੁੰਦਾ ਸੀ, ਪਰ ਆਪਣੇ ਦੋਸਤਾਂ-ਮਿੱਤਰਾਂ ਨਾਲ ਮਿਲਣ ਤੋਂ ਬਾਅਦ ਮੈਂ ਬੇਫਿਕਰ ਜਿਹਾ ਹੋ ਜਾਂਦਾ ਸੀ। ਸਕੂਲ ਦੀ ਪੜ੍ਹਾਈ ਵਿਚ ਮੇਰਾ ਮਨ ਲੱਗਣ ਲੱਗ ਪਿਆ ਸੀ। ਅੱਠਵੀਂ ਜਮਾਤ ਤਕ ਆਉਂਦਿਆਂ-ਆਉਂਦਿਆਂ ਮੈਂ ਅੰਤਰਮੁਖੀ ਹੁੰਦਾ ਗਿਆ, ਹੁਣ ਮੈਂ ਮੁਹੱਲੇ ਦੇ ਬੱਚਿਆਂ ਨਾਲ ਘੱਟ ਖੇਡਦਾ ਸੀ। ਜਿਸ ਵੇਲੇ ਬੱਚੇ ਖੇਡ ਰਹੇ ਹੁੰਦੇ, ਮੈਂ ਆਪਣੇ ਘਰ ਦੇ ਕਿਸੇ ਕੋਨੇ ਵਿਚ ਜਾਂ ਕਿਸੇ ਰੁੱਖ ਦੀ ਛਾਂ ਹੇਠ ਬੈਠਾ ਕਿਤਾਬਾਂ ਵਿਚ ਸਿਰ ਦਈ ਬੈਠਾ ਹੁੰਦਾ। ਮੇਰੇ ਹੱਥ ਵਿਚ ਕੋਰਸ ਦੀ ਕੋਈ ਕਿਤਾਬ ਨਾ ਹੁੰਦੀ ਤਾਂ ਲਾਇਬ੍ਰੇਰੀ ਤੋਂ ਇਸ਼ੂ ਕਰਵਾਈ ਕੋਈ ਕਿਤਾਬ ਹੁੰਦੀ। ਹੁਣ ਮੈਨੂੰ ਆਪਣੇ ਬਾਪੂ ਜੋ ਆਪਣੀ ਗ੍ਰਹਿਸਤੀ ਦਾ ਪਹਿਆ ਹਰ ਹਾਲ ਵਿਚ ਚਲਦਾ ਰੱਖਣ ਦੀ ਕੋਸ਼ਿਸ਼ ਵਿਚ ਜੁਟਿਆ ਰਹਿੰਦਾ ਸੀ, ਬੜਾ ਹੀ ਬੇਬਸ ਤੇ ਤਰਸਯੋਗ ਲਗਦਾ ਸੀ। ਮੈਂ ਚਾਹੁੰਦਾ ਸੀ ਕਿ ਮੈਂ ਛੇਤੀ ਤੋਂ ਛੇਤੀ ਪੜ੍ਹ ਕੇ ਆਪਣੇ ਬਾਪੂ ਦੇ ਮੋਢਿਆਂ ਉਤਲਾ ਜੁੱਲਾ ਆਪਣੇ ਮੋਢਿਆਂ ਉਤੇ ਰੱਖ ਲਵਾਂ। ਬਾਪੂ ਦੀਆਂ ਅੱਖਾਂ ਵਿਚ ਵੀ ਸ਼ਾਇਦ ਇਹੀ ਸੁਫਨਾ ਸੀ, ਇਸ ਲਈ ਉਸ ਨੇ ਬੇਸ਼ੁਮਾਰ ਤਕਲੀਫਾਂ-ਪਰੇਸ਼ਾਨੀਆਂ ਦੇ ਬਾਵਜੂਦ ਮੈਨੂੰ ਦਸਵੀਂ ਜਮਾਤ ਤਕ ਪੜ੍ਹਨ ਤੋਂ ਕਦੇ ਨਹੀਂ ਰੋਕਿਆ ਸੀ। ਹਰੇਕ ਵਿਅਕਤੀ ਦਾ ਬਚਪਨ ਇਕ ਨੀਂਹ ਵਾਂਗ ਹੁੰਦਾ ਹੈ। ਇਸ ਨੀਂਹ ਨੂੰ ਸਾਡੇ ਮਾਂ-ਪਿਉ, ਘਰ ਦੇ ਵੱਡੇ ਬੁਜ਼ੁਰਗ, ਅਧਿਆਪਕ ਮਜ਼ਬੂਤ ਬਣਾਉਂਦੇ ਹਨ। ਇਕ ਮਜ਼ਬੂਤ ਨੀਂਹ ਦਾ ਬਚਪਨ ਇਕ ਮਜ਼ਬੂਤ ਮਨੁੱਖ ਦੀ ਸਿਰਜਣਾ ਕਰਦਾ ਹੈ। ਇਕ ਮਜ਼ਬੂਤ ਮਨੁੱਖ ਆਪਣੇ ਸਮਾਜ ਤੇ ਦੇਸ਼ ਨੂੰ ਮਜ਼ਬੂਤ ਬਣਾਉਣ ਵਿਚ ਸਹਾਇਕ ਹੁੰਦਾ ਹੈ। ਮੈਂ ਜਦੋਂ ਜਦੋਂ ਆਪਣੇ ਬਚਪਨ ਦੇ ਦਿਨਾਂ ਨੂੰ ਯਾਦ ਕਰਦਾ ਹਾਂ, ਤਾਂ ਇਕ ਰੋਮਾਂਚ ਨਾਲ ਭਰ ਜਾਂਦਾ ਹਾਂ ਤੇ ਮੈਨੂੰ ਫ਼ਖ਼ਰ ਮਹਿਸੂਸ ਹੁੰਦਾ ਹੈ।

ਫ਼ੋਨ : 09810534373

# ਆਰ ਦੇ ਨਾ ਪਾਰ ਦੇ/ਸੈਫ਼ ਅਲ ਰਹਿਮਾਨ ਰਾਣਾ

*(ਸੈਫ਼ ਅਲ ਰਹਿਮਾਨ ਰਾਣਾ ਨੇ ਪਾਕਿਸਤਾਨ ਵਿਚ ਖੁਸਰਿਆਂ ਦੀ ਜ਼ਿੰਦਗੀ 'ਤੇ ਪ੍ਰਸੰਸਾਯੋਗ ਕੰਮ ਕੀਤਾ ਹੈ। ਕੁਝ ਸਾਲ ਪਹਿਲਾਂ ਉਸ ਦੀ ਪੁਸਤਕ 'ਦਰਮਿਆਨੇ' ਲਾਹੌਰ ਤੋਂ ਛਪੀ ਸੀ। ਅਸੀਂ ਉਸੇ ਪੁਸਤਕ 'ਚੋਂ ਧੰਨਵਾਦ ਸਹਿਤ ਕੁਝ ਚੋਣਵਾਂ ਮੈਟਰ ਛਾਪ ਰਹੇ ਹਾਂ)*

'ਖੁਸਰਾ' ਸ਼ਬਦ ਖਵਾਜ਼ਾ ਸਰਾ ਦੀ ਵਿਗੜੀ ਸ਼ਕਲ ਹੈ। ਖਵਾਜ਼ਾ ਸਰਾ ਫਾਰਸੀ ਬੋਲੀ ਦੇ ਦੋ ਵੱਖਰੇ-ਵੱਖਰੇ ਸ਼ਬਦਾਂ ਦਾ ਮਿਲ ਕੇ ਇਕ ਸ਼ਬਦ ਬਣਿਆ ਹੈ। ਫਾਰਸੀ ਬੋਲੀ ਵਿਚ ਖਵਾਜ਼ਾ ਸਰੇ ਇਸ ਤਰ੍ਹਾਂ ਦੇ ਵਿਅਕਤੀ ਨੂੰ ਕਹਿੰਦੇ ਹਨ ਜਿਹੜਾ ਔਰਤਾਂ ਦੀ ਰਾਖੀ 'ਤੇ ਨਿਯੁਕਤ ਹੋਵੇ। ਬੀਤੇ ਸਮੇਂ ਵਿਚ ਇਹ ਰਵਾਇਤ ਆਮ ਸੀ ਕਿ ਬਾਦਸ਼ਾਹ, ਰਾਜੇ, ਮਹਾਰਾਜੇ, ਨਵਾਬ ਅਤੇ ਅਮੀਰ ਖਾਨਦਾਨ ਦੇ ਲੋਕ ਆਪਣੇ-ਆਪਣੇ ਹਰਮਾਂ ਦੀ ਨਿਗਰਾਨੀ ਲਈ ਇਸ ਤਰ੍ਹਾਂ ਦੇ ਐਸੇ ਵਿਅਕਤੀ ਚੁਣਦੇ ਹੁੰਦੇ ਹਨ ਜਿਹੜੇ ਜਮਾਂਦਰੂ ਨਾਮਰਦ ਹੁੰਦੇ ਸਨ। ਘਰ ਦੇ ਅੰਦਰ ਰਹਿਣ ਦੀ ਵਜ੍ਹਾ ਨਾਲ ਉਨ੍ਹਾਂ ਲੋਕਾਂ ਵਿਚ ਇਸਤਰੀਆਂ ਵਾਲੀਆਂ ਹਰਕਤਾਂ ਹਾਵੀ ਹੁੰਦੀਆਂ ਗਈਆਂ। ਇੱਥੋਂ ਤੱਕ ਕਿ ਉਨ੍ਹਾਂ ਲੋਕਾਂ ਨੇ ਹਮੇਸ਼ਾ ਵਾਸਤੇ ਔਰਤ ਦਾ ਰੂਪ ਧਾਰਨਾ ਸ਼ੁਰੂ ਕਰ ਦਿੱਤਾ। ਸਮੇਂ ਦੇ ਨਾਲ-ਨਾਲ ਇਹ ਲੋਕ ਮਹਿਲਾਂ 'ਚੋਂ ਨਿਕਲ ਕੇ ਗਲੀਆਂ-ਮੁਹੱਲਿਆਂ ਵਿਚ ਵਸਦੇ ਗਏ। ਅੱਜ ਇਹ ਹਾਲਤ ਹੈ ਕਿ ਜਿੱਥੇ ਇਨਸਾਨ ਹਨ, ਉੱਥੇ ਇਹ ਮਨੁੱਖ ਜਾਤੀ ਖੁਸਰੇ ਦੇ ਲਾਸਾਨੀ ਨਾਂ ਨਾਲ ਵੱਖਰੀ ਪਛਾਣ ਰੱਖਦੀ ਹੈ। ਭੂਤ ਕਾਲ ਵਿਚ ਪਤਵੰਤੇ ਲੋਕਾਂ ਦੀਆਂ ਬੇਗਮਾਂ ਦੀ ਰਾਖੀ ਕਰਨ ਵਾਲੇ ਖੁਸਰੇ ਚੋਟੀ ਦੇ ਨਿਸ਼ਾਨੇਬਾਜ਼, ਤੀਰ ਅੰਦਾਜ਼, ਘੋੜ ਸਵਾਰ ਅਤੇ ਬੇੜੀਆਂ ਚਲਾਉਣ ਦੇ ਮਾਹਰ ਹੁੰਦੇ ਸਨ। ਪ੍ਰੰਤੂ ਸਮਾਂ ਬੀਤਣ ਦੇ ਨਾਲ-ਨਾਲ ਇਨ੍ਹਾਂ ਲੋਕਾਂ ਵਿਚ ਇਹ ਜੌਹਰ ਖਤਮ ਹੁੰਦੇ ਗਏ ਅਤੇ ਇਹ ਸਿਰਫ ਨੱਚਣ ਗਾਉਣ ਤੱਕ ਸੀਮਤ ਹੋ ਗਏ। ਨਾਚ ਗਾਣਾ ਕਰਦਿਆਂ ਕਰਦਿਆਂ ਅੱਜ ਉਨ੍ਹਾਂ ਦੇ ਨਾਂ ਅਤੇ ਰੂਪ ਵਿਚ ਦੇਹ-ਵਪਾਰ-ਮੁੰਡੇ ਸਾਡੇ ਸਮਾਜ ਦਾ ਇਕ ਜ਼ਰੂਰੀ ਹਿੱਸਾ ਬਣ ਚੁੱਕੇ ਹਨ। ਸਾਡੇ ਆਲੇ-ਦੁਆਲੇ ਰਹਿੰਦੇ ਖੁਸਰਿਆਂ ਦੇ ਸੰਬੰਧ ਵਿਚ ਜਾਣਨ ਦੀ ਖਾਹਸ਼ ਐਨੀ ਹੀ ਪੁਰਾਣੀ ਹੈ ਜਦੋਂ ਦੇ ਇਹ ਲੋਕ ਆਮ ਲੋਕਾਂ ਵਿਚ ਵਿਚਰੇ ਜਾਂ ਇਨ੍ਹਾਂ ਨੇ ਆਪਣੀ ਵੱਖਰੀ ਅਤੇ ਨਿਵੇਕਲੀ ਪਛਾਣ ਸਥਾਪਤ ਕੀਤੀ। ਖੁਸਰਿਆਂ ਦੀਆਂ ਆਦਤਾਂ ਅਤੇ ਤੌਰ-ਤਰੀਕਿਆਂ ਦੇ ਸੰਬੰਧ ਵਿਚ ਕੁਝ ਜਾਣਨ ਤੋਂ ਪਹਿਲਾਂ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਸਾਡੀ ਜਾਣਕਾਰੀ ਵਿਚ ਇਹ ਗੱਲ ਹੋਵੇ ਕਿ ਖੁਸਰਾ ਕੌਣ ਹੈ ਅਤੇ ਖੁਸਰੇ ਦੇ ਭੇਸ ਵਿਚ ਦੋ ਨੰਬਰ ਲੋਕ ਕਿਸ ਤਰ੍ਹਾਂ ਦੀਆਂ ਹਰਕਤਾਂ ਕਰ ਰਹੇ ਹਨ? ਕਿਉਂ ਕਿ ਅਜੇ ਤੱਕ ਆਮ ਲੋਕੀਂ ਇਸ ਤਰ੍ਹਾਂ ਦੇ ਵਿਅਕਤੀ ਨੂੰ ਖੁਸਰਾ ਮੰਨ ਲੈਂਦੇ ਹਨ ਜਿਸ ਨੇ ਔਰਤ ਦਾ ਸਵਾਂਗ ਬਣਾ ਰੱਖਿਆ ਹੋਵੇ। ਅਸਲੀ ਅਤੇ ਦੋ ਨੰਬਰ ਖੁਸਰੇ ਵਿਚ ਜ਼ਮੀਨ ਆਸਮਾਨ ਦਾ ਫਰਕ ਹੈ। ਅਜੇ ਤੱਕ ਖੁਸਰਿਆਂ ਦੀਆਂ ਚਾਰ ਕਿਸਮਾਂ ਵੇਖਣ ਵਿਚ ਆਈਆਂ ਹਨ ਜਿਹੜੀਆਂ ਹੇਠਾਂ ਦਿੱਤੀਆਂ ਗਈਆਂ ਹਨ।

1. ਜਮਾਂਦਰੂ ਨਾਮਰਦ ਲੜਕਾ ਖੁਸਰਾ 2. ਜਮਾਂਦਰੂ ਅਧੂਰੀ ਔਰਤ ਖੁਸਰੀ

3. ਨਿਰਬਾਨ ਖੁਸਰਾ 4. ਸ਼ੌਕੀਆ ਖੁਸਰਾ

## ਜਮਾਂਦਰੂ ਖੁਸਰੇ ਅਤੇ ਖੁਸਰੀ

ਜਮਾਂਦਰੂ ਖੁਸਰੇ ਵਿਆਹ ਸ਼ਾਦੀ ਅਤੇ ਹੋਰ ਤਿਉਹਾਰਾਂ ਦੇ ਮੌਕਿਆਂ ਉੱਤੇ ਵਧਾਈ ਅਤੇ ਵੇਲ ਲੈ ਕੇ ਗੁਜ਼ਾਰਾ ਕਰਦੇ ਹਨ। ਕਿਸੇ ਜਮਾਂਦਰੂ ਖੁਸਰੇ ਦੀ ਸ਼ਾਦੀ ਦੇ ਸੰਬੰਧ 'ਚ ਕੋਈ ਸਬੂਤ ਨਹੀਂ ਮਿਲਦਾ। ਇਹੋ ਕਾਰਨ ਹੈ ਕਿ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਦੇ ਬਾਰੇ ਕੁਝ ਲਿਖਣਾ ਸੰਭਵ ਨਹੀਂ। ਇਨ੍ਹਾਂ ਖੁਸਰਿਆਂ ਦੇ ਸੰਬੰਧ ਵਿਚ ਜਾਂਚ-ਪੜਤਾਲ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ



ਜਮਾਂਦਰੂ ਖੁਸਰੇ ਇਨਸਾਨ ਦੇ ਨਾਲ ਜਿਨਸੀ ਸੰਬੰਧ ਕਾਇਮ ਕਰਨ ਦੇ ਬਹੁਤ ਜ਼ਿਆਦਾ ਖਿਲਾਫ਼ ਹਨ। ਮਨੁੱਖ ਨਾਲ ਜਿਨਸੀ ਸੰਬੰਧ ਕਾਇਮ ਕਰਨਾ ਤਾਂ ਦੂਰ ਦੀ ਗੱਲ ਜਮਾਂਦਰੂ ਖੁਸਰੇ ਆਪਣੇ ਖ਼ਾਸ ਘੇਰੇ ਵਿਚ ਬੰਦ ਜ਼ਿੰਦਗੀ ਗੁਜ਼ਾਰਦੇ ਹੋਏ ਕਿਸੇ ਆਮ ਮਨੁੱਖ ਨਾਲ ਦੋਸਤੀ ਕਰਨਾ ਵੀ ਪਸੰਦ ਨਹੀਂ ਕਰਦੇ। ਜੇ ਕਰ ਕੋਈ ਇਨਸਾਨ ਉਨ੍ਹਾਂ ਵੱਲ ਦੋਸਤੀ ਦਾ ਹੱਥ ਵਧਾਉਣਾ ਵੀ ਚਾਹਵੇ ਤਾਂ ਇਹ ਲੋਕ ਸਖ਼ਤੀ ਨਾਲ ਮਨਾ ਕਰ ਦੇਂਦੇ ਹਨ।

ਜਮਾਂਦਰੂ ਖੁਸਰੇ ਆਪਣੀ ਗੁਪਤ ਜ਼ਿੰਦਗੀ ਦੇ ਸੰਬੰਧ 'ਚ ਗੱਲਬਾਤ ਕਰਨ ਤੋਂ ਇਤਰਾਜ਼ ਕਰਦੇ ਹਨ। ਕਿਉਂਕਿ ਉਹ ਸਮਝਦੇ ਹਨ ਕਿ ਜੇ ਕਰ ਖੁਸਰੇ ਦੀ ਨਿੱਜੀ ਜ਼ਿੰਦਗੀ ਜ਼ਾਹਿਰ ਹੋ ਗਈ ਤਾਂ ਫਿਰ ਉਨ੍ਹਾਂ ਦੀ ਪਵਿਤਰਤਾ ਨਹੀਂ ਰਹਿਣੀ। ਪਰੰਤੂ ਨਾਲ ਹੀ ਉਨ੍ਹਾਂ ਨੂੰ ਇਹ ਵੀ ਅਹਿਸਾਸ ਹੈ ਕਿ ਦੋ ਨੰਬਰ ਖੁਸਰਿਆਂ ਦੀ ਵਜ੍ਹਾ ਕਰਕੇ ਉਨ੍ਹਾਂ ਨੂੰ ਚੰਗੀਆਂ ਨਜ਼ਰਾਂ ਨਾਲ ਨਹੀਂ ਵੇਖਿਆ ਜਾਂਦਾ। ਇਸ ਲਈ ਉਹ ਜ਼ਨਾਨਿਆਂ ਨੂੰ ਕਦੀ ਖੁਸਰਾ ਕਹਿ ਕੇ ਨਹੀਂ ਬੁਲਾਉਂਦੇ। ਖ਼ਵਾਜਾ ਸਰਾਯਾ ਖੁਸਰੇ ਦੇ ਸ਼ਬਦ ਨੂੰ ਉਹ ਆਪਣੇ ਲਈ ਨਿਸਚਿਤ ਸਮਝਦੇ ਹਨ। ਜੇ ਤੁਸੀਂ ਉਨ੍ਹਾਂ ਦੇ ਸਾਹਮਣੇ ਦੋ ਨੰਬਰ ਖੁਸਰਿਆਂ ਦੀ ਚਰਚਾ ਕਰੋ ਤਾਂ ਉਨ੍ਹਾਂ ਦੇ ਵੇਖਣ ਵਿਚ ਗੁੱਸਾ ਝਲਕਦਾ ਹੈ। ਏਸੇ ਗੁੱਸੇ ਦੀ ਹਾਲਤ ਵਿਚ ਉਹ ਉਨ੍ਹਾਂ ਦੇ ਸੰਬੰਧ 'ਚ ਜਿਹੜੇ ਹੈਰਾਨੀਜਨਕ ਭੇਤ ਖੋਲ੍ਹਦੇ ਹਨ, ਉਨ੍ਹਾਂ ਨੂੰ ਸੁਣ ਕੇ ਇਨਸਾਨ ਪਰੇਸ਼ਾਨ ਹੋ ਜਾਂਦਾ ਹੈ।

ਜਮਾਂਦਰੂ ਖੁਸਰਿਆਂ ਨੂੰ ਇਸ ਗੱਲ 'ਤੇ ਮਾਣ ਹੈ ਕਿ ਉਨ੍ਹਾਂ ਦੇ ਵੱਡੇ-ਵਡੇਰੇ ਬਾਦਸ਼ਾਹਾਂ ਦੇ ਜ਼ਨਾਨਾਖਾਨਿਆਂ ਦੀ ਰਾਖੀ ਵਰਗਾ ਅਹਿਮ ਫਰਜ਼ ਨਿਭਾਉਂਦੇ ਰਹੇ ਹਨ। ਉਨ੍ਹਾਂ ਦੀ ਸ਼ਾਹੀ ਹਰਮ ਦੀ ਰਾਖੀ ਦਾ ਨਤੀਜਾ ਹੈ ਕਿ ਅੱਜ ਜਮਾਂਦਰੂ ਖੁਸਰੇ ਔਰਤ ਦੇ ਰੂਪ ਵਿਚ ਫਿਰ ਰਹੇ ਹਨ। ਇਕ ਜਮਾਂਦਰੂ ਖੁਸਰੇ ਦਾ ਕਹਿਣਾ ਹੈ ਕਿ ਸ਼ਾਹੀ ਹਰਮ ਦੀ ਰਾਖੀ ਦੀ ਜ਼ੁੰਮੇਵਾਰੀ ਉਨ੍ਹਾਂ ਖੁਸਰਿਆਂ ਨੂੰ ਸੌਂਪੀ ਜਾਂਦੀ ਸੀ ਜਿਹੜੇ ਸੱਚੇ-ਸੁੱਚੇ ਕਿਰਦਾਰ ਅਤੇ ਬੁਰਾਈ ਤੂੰ ਨਫ਼ਰਤ ਕਰਦੇ। ਜੇ ਕਰ ਖੁਸਰੇ ਕਿਰਦਾਰ ਵਾਲੇ ਨਾ ਹੁੰਦੇ ਤਾਂ ਫਿਰ ਸੰਭਵ ਨਹੀਂ ਸੀ ਕਿ ਸਾਨੂੰ ਸ਼ਾਹੀ ਹਰਮ ਦੀ ਰਾਖੀ ਦੇ ਲਈ ਖ਼ਵਾਜਾ ਸਰਾਯਾ ਨਿਯੁਕਤ ਕੀਤਾ ਜਾਂਦਾ। ਜਿੱਥੋਂ ਤੱਕ ਇਸ ਗੱਲ ਦਾ ਸੰਬੰਧ ਹੈ ਕਿ ਖੁਸਰੇ ਕਿਸ ਤਰ੍ਹਾਂ ਦਾ ਘਰ ਚਾਹੁੰਦੇ ਹਨ। ਇਸ ਦੇ ਬਾਰੇ ਇਕ ਜਮਾਂਦਰੂ ਖੁਸਰੇ ਦਾ ਕਹਿਣਾ ਹੈ ਕਿ ਘਰ ਤੋਂ ਮੁਰਾਦ ਪਤੀ ਪਤਨੀ ਵਾਲਾ ਘਰ ਨਹੀਂ ਸਗੋਂ ਇਸ ਤਰ੍ਹਾਂ ਦਾ ਘਰ ਜਿੱਥੇ ਮਾਂ ਆਪਣੇ ਬੱਚਿਆਂ ਨੂੰ ਲੁਕਾਈ ਬੈਠੀ ਹੈ। ਲੁਕਾਉਣ ਦਾ ਸ਼ਬਦ ਇਸ ਲਈ ਵਰਤਿਆ ਗਿਆ ਹੈ ਕਿ ਖੁਸਰਿਆਂ ਦਾ ਕਹਿਣਾ ਹੈ ਕਿ ਸਾਨੂੰ ਦੁਨੀਆ ਆਪਣੇ ਤੋਂ ਅਲੱਗ ਕਰ ਦੇਂਦੀ ਹੈ ਤਾਂ ਫਿਰ ਅਸੀਂ ਇਕ ਐਸਾ ਆਲ੍ਹਣਾ ਬਣਾਉਂਦੇ ਹਾਂ ਜਿੱਥੇ ਸਾਡੇ ਵਰਗੇ ਮਜਲੂਮਾਂ ਨੂੰ ਚਾਰ ਦਿਵਾਰੀ ਦੇ ਅੰਦਰ ਸਿਰ ਲੁਕਾਉਣ ਦੀ ਜਗ੍ਹਾ ਮਿਲ ਜਾਂਦੀ ਹੈ। ਇਸ ਤਰ੍ਹਾਂ ਦੀ ਚਾਰ ਦਿਵਾਰੀ ਦੇ ਅੰਦਰ ਰਹਿਣ ਵਾਲਾ ਮਰਦ ਖੁਸਰਾ ਔਰਤ ਦਾ ਸਵਾਂਗ ਰਚਾਉਣ ਨੂੰ ਮਾਣਮੱਤਾ ਕਾਰਨ ਸਮਝਦਾ ਹੈ। ਇਸ ਘਰ ਵਿਚ ਅਸਲ ਅਹਿਮੀਅਤ ਉਸ ਵਿਅਕਤੀ ਨੂੰ ਮਿਲੇਗੀ ਜਿਹੜਾ ਮਾਂ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਖੁਸਰੇ ਇਸ ਤਰ੍ਹਾਂ ਦੀ ਮਾਂ ਨੂੰ ਲੋਕਾਂ ਦੇ ਸਾਹਮਣੇ ਗੁਰੂ ਅਤੇ ਘਰ ਦੀ ਚਾਰ ਦਿਵਾਰੀ ਦੇ ਅੰਦਰ ਅੰਮਾਂ ਜਾਂ ਮਾਂ ਕਹਿ ਕੇ ਬੁਲਾਉਂਦੇ ਹਨ।

ਜਮਾਂਦਰੂ ਖੁਸਰੇ ਦੇ ਘਰ ਵਿਚ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਹ ਲੋਕ ਆਪਣੀ ਟੋਲੀ ਜਾਂ ਪਾਰਟੀ ਵਿਚ ਕਿਸੇ ਅਸਲੀ ਔਰਤ ਦਾ ਪਰਛਾਵਾਂ ਤੱਕ ਵੀ ਬਰਦਾਸ਼ਤ ਨਹੀਂ ਕਰਦੇ। ਪਰ ਆਪਣੇ ਘਰ ਤੋਂ ਬਾਹਰ ਮਾਂ-ਭੈਣ ਅਤੇ ਹੋਰ ਛੋਟੀਆਂ ਜਾਂ ਨਜ਼ਦੀਕੀ ਰਿਸ਼ਤੇਦਾਰ ਔਰਤਾਂ ਨਾਲ ਅਲੈਕ-ਸਲੈਕ ਨੂੰ ਬੁਰਾ ਨਹੀਂ ਮੰਨਦੇ। ਜਮਾਂਦਰੂ ਖੁਸਰਿਆਂ ਦਾ ਔਰਤ ਨਾਲ ਨਫ਼ਰਤ ਦਾ ਕਾਰਨ ਕੀ ਹੈ ? ਇਸ ਦੇ ਸੰਬੰਧ ਵਿਚ ਖੁਸਰੇ ਆਪ ਵੀ ਕੁਝ ਨਹੀਂ ਜਾਣਦੇ। ਹਾਲਾਂ ਕਿ ਔਰਤ

ਦੀ ਨਕਲ ਕਰਨਾ ਉਨ੍ਹਾਂ ਦੇ ਲਈ ਅਸਲ ਨੇਕੀ ਹੈ। ਥੋੜ੍ਹਾ ਚਿਰ ਪਹਿਲਾਂ ਜਮਾਂਦਰੂ ਖੁਸਰੇ ਆਮ ਵੱਸੋਂ ਤੋਂ ਆਪਣਾ ਘਰ ਦੂਰ ਬਣਾਉਂਦੇ ਸਨ ਜਦੋਂ ਕਿ ਅੱਜ ਕੱਲ੍ਹ ਦੇ ਜ਼ਮਾਨੇ ਵਿਚ ਇਹ ਹਾਲਤ ਇਕਦਮ ਬਦਲ ਚੁੱਕੀ ਹੈ। ਪੈਸੇ ਦੀ ਘਾਟ ਅਤੇ ਤੇਜ਼ੀ ਨਾਲ ਵੱਧ ਰਹੀ ਮਹਿੰਗਾਈ ਦੀ ਵਜ੍ਹਾ ਕਰਕੇ ਖੁਸਰੇ ਵੱਸੋਂ ਤੋਂ ਦੂਰ ਨਹੀਂ ਰਹਿੰਦੇ। ਪਰੰਤੂ ਜੇਕਰ ਉਨ੍ਹਾਂ ਦੇ ਕੋਲ ਪੈਸੇ ਦੀ ਕਮੀ ਨਹੀਂ ਤਾਂ ਫਿਰ ਉਹ ਵੱਸੋਂ ਤੋਂ ਦੂਰ ਰਹਾਇਸ਼ ਕਰਨ ਨੂੰ ਚੰਗਾ ਸਮਝਦੇ ਹਨ।

ਜਮਾਂਦਰੂ ਖੁਸਰਿਆਂ ਦੇ ਹਵਾਲੇ ਨਾਲ ਆਮ ਆਦਮੀ ਤੋਂ ਦੂਰੀ, ਦੋਸਤੀ ਤੋਂ ਪ੍ਰਹੇਜ਼ ਅਤੇ ਔਰਤ ਨਾਲ ਨਫ਼ਰਤ ਦੇ ਹੁੰਦਿਆਂ ਇਹ ਵਿਸ਼ਾ ਬਹੁਤ ਹੈਰਾਨੀਜਨਕ ਹੈ ਕਿ ਕਈ ਜਮਾਂਦਰੂ ਖੁਸਰਿਆਂ ਨੇ ਆਪਣੀ-ਆਪਣੀ ਟੋਲੀ ਦੀ ਇਜਾਜ਼ਤ ਨਾਲ ਵੱਖਰੇ-ਵੱਖਰੇ ਘਰਾਂ ਵਿਚ ਰਸੋਈਏ ਦੇ ਤੌਰ 'ਤੇ ਨੌਕਰੀ ਕਰ ਲਈ ਹੈ। ਇਸ ਉਲਟ ਰਵੱਈਏ ਦੇ ਬਾਰੇ ਉਹ ਕਿਸੇ ਕਿਸਮ ਦੀ ਗੱਲ ਕਰਨ ਤੋਂ ਗਰੇਜ਼ ਕਰਦੇ ਹਨ। ਪਰੰਤੂ ਖੁਸਰਿਆਂ ਨੂੰ ਨੇੜਿਓਂ ਜਾਣਨ ਵਾਲੇ ਇਕ ਸਾਹਬ ਨੇ ਇਸ ਦੀ ਵਜ੍ਹਾ ਇਹ ਦੱਸੀ ਕਿ ਜਮਾਂਦਰੂ ਹੀਜੜੇ ਦੇ ਮਰਦ ਦੇ ਨਾਲ ਜ਼ਾਤੀ ਸੰਬੰਧਾਂ ਦੀ ਕਾਇਮੀ ਪ੍ਰਤੀ ਸਖ਼ਤ ਨਫ਼ਰਤ, ਉਨ੍ਹਾਂ ਦਾ ਢਿੱਡ ਨਹੀਂ ਭਰਦੀ ਅਤੇ ਪਾਪੀ ਪੇਟ ਦੀ ਅੱਗ ਬੁਝਾਉਣ ਲਈ ਖੁਸਰਾ ਘਰਾਂ ਵਿਚ ਨੌਕਰੀ ਕਰਨ ਲਈ ਮਜਬੂਰ ਹੈ। ਜੇਕਰ ਉਸ ਨੂੰ ਇਸ ਗੱਲ ਦੀ ਜ਼ਮਾਨਤ ਮਿਲ ਜਾਏ ਕਿ ਉਹ ਭੁੱਖਾ ਨਹੀਂ ਮਰੇਗਾ ਤਾਂ ਉਹ ਕਿਸੇ ਦੀ ਨੌਕਰੀ ਕਦੀ ਵੀ ਨਾ ਕਰੇ।

ਖੁਸਰਿਆਂ ਦੀ ਮਰਦਾਂ ਨਾਲ ਸ਼ਾਦੀ ਦੇ ਸੰਬੰਧ 'ਚ ਗੱਲਬਾਤ ਕਰਦੇ ਹੋਏ ਇਕ ਖੁਸਰੇ ਨੇ ਦੱਸਿਆ ਕਿ ਪਹਿਲੇ ਵੇਲਿਆਂ ਵਿਚ ਲੋਕੀਂ ਨਾਚ ਗਾਣੇ ਅਤੇ ਦੂਸਰੇ ਕਈ ਕਾਰਨਾਂ ਕਰਕੇ ਖੁਸਰਿਆਂ ਨੂੰ ਆਪਣੇ ਨੇੜੇ ਰੱਖਦੇ ਸਨ। ਖੁਸਰੇ ਦੀ ਆਪਣੇ ਮਾਲਕ ਪ੍ਰਤੀ ਵਫ਼ਾਦਾਰੀ ਕਿਸੇ ਸ਼ੱਕ ਸ਼ੁਬ੍ਹਾ ਤੋਂ ਬਹੁਤ ਉੱਪਰ ਹੁੰਦੀ ਸੀ। ਖੁਸਰੇ ਦੀ ਵਫ਼ਾਦਾਰੀ ਤੋਂ ਪ੍ਰਭਾਵਿਤ ਹੋ ਕੇ ਮਾਲਕ ਹਰ ਹਾਲਤ ਵਿਚ ਖੁਸਰੇ ਦੇ ਸਾਰੇ ਜਾਇਜ਼ ਖਰਚੇ ਪੂਰੇ ਕਰਦਾ ਸੀ। ਬਦਲੇ 'ਚ ਖੁਸਰੇ ਦੀ ਜ਼ਿੰਦਗੀ ਵਿਚ ਸਿਰਫ਼ ਮਾਲਕ ਦੇ ਹੁਕਮ ਦੀ ਪਾਲਣਾ ਹੀ ਸਭ ਕੁਝ ਸੀ। ਸਮੇਂ ਦੇ ਨਾਲ-ਨਾਲ ਇਸ ਸੋਚ-ਵਿਚਾਰ ਨੂੰ ਸ਼ਾਦੀ ਦਾ ਰੰਗ ਮਿਲਦਾ ਗਿਆ। ਮਾਲਕ ਨਾਲ ਤੈਅਸ਼ੁਦਾ ਮੁਆਦਾ ਸ਼ਾਦੀ ਬਿਲਕੁਲ ਨਹੀਂ ਹੈ ਸਗੋਂ ਇਸ ਨੂੰ ਸੇਵਾ ਦਾ ਮੁਆਵਜ਼ਾ ਮੰਨ ਲੈਣਾ ਚਾਹੀਦਾ ਹੈ। ਪਰੰਤੂ ਬਦਕਿਸਮਤੀ ਨਾਲ ਖੁਸਰੇ ਦੀ ਇਸ ਹੈਸੀਅਤ ਤੋਂ ਦੋ ਨੰਬਰ ਖੁਸਰਿਆਂ ਨੇ ਫਾਇਦਾ ਲੈਂਦਿਆਂ ਜਿਨਸੀ ਬੇ ਰਾਹ ਰਵੀ ਦੇ ਲਈ ਸ਼ਾਦੀ ਕਰਨੀ ਸ਼ੁਰੂ ਕਰ ਦਿੱਤੀ। ਦੋ ਨੰਬਰ ਖੁਸਰਿਆਂ ਦੀ ਜ਼ਿੰਦਗੀ ਖੁਸਰੇ ਦੇ ਤੌਰ 'ਤੇ ਕਦੋਂ ਸ਼ੁਰੂ ਹੋਈ ? ਇਸ ਦੇ ਸੰਬੰਧ ਵਿਚ ਕੁਝ ਵੀ ਕਹਿਣਾ ਠੀਕ ਨਹੀਂ। ਕਿਉਂਕਿ ਇਤਿਹਾਸ ਜਾਂ ਲੋਕ-ਗੀਤਾਂ ਇਸ ਸਿਲਸਿਲੇ ਵਿਚ ਬਿਲਕੁਲ ਚੁੱਪ ਹਨ। ਪਰੰਤੂ ਅਸਲੀ ਖੁਸਰੇ ਦੇ ਨਾਲ-ਨਾਲ ਦੋ ਨੰਬਰ ਖੁਸਰੇ ਦੀ ਹੋਂਦ ਮੁੱਢ ਤੋਂ ਤੁਰੀ ਆ ਰਹੀ ਹੈ। ਦੋ ਨੰਬਰ ਖੁਸਰੇ ਦੀ ਨਾਗਰਿਕਤਾ ਨੂੰ ਇਕ ਨੰਬਰ ਖੁਸਰੇ ਦੀ ਨਾਗਰਿਕਤਾ ਨਾਲ ਮਿਲਾਉਣ ਵਾਲੇ ਇਸ ਤਰ੍ਹਾਂ ਦੇ ਲੋਕ ਜ਼ੁੰਮੇਵਾਰ ਹਨ ਜਿਹੜੇ ਹਮਜਿਨਸਪ੍ਰਸਤੀ ਦੇ ਰਾਹੀਂ ਆਪਣੀ ਕਾਮ ਵਾਸ਼ਨਾ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਦੋ ਨੰਬਰ ਖੁਸਰੇ ਦੀ ਸ਼ਾਦੀ ਦੀ ਰਸਮ ਨੂੰ ਸਾਰਿਆਂ ਖੁਸਰਿਆਂ ਦੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਖ਼ਿਆਲ ਕੀਤਾ ਜਾਂਦਾ ਹੈ। ਹਾਲਾਂਕਿ ਜਮਾਂਦਰੂ ਖੁਸਰਿਆਂ ਦੇ ਹਵਾਲੇ ਨਾਲ ਇਸ ਕਿਸਮ ਦੀ ਸ਼ਾਦੀ ਦੀ ਤੁਹਾਨੂੰ ਕੋਈ ਮਿਸਾਲ ਨਹੀਂ ਮਿਲਦੀ। ਖੁਸਰਿਆਂ ਦਾ ਇਹ ਦਾਅਵਾ ਸਾਡੇ ਲਈ ਇਸ ਕਰਕੇ ਸਹੀ ਹੈ ਕਿ ਸਾਡੀ ਪੂਰੀ ਕੋਸ਼ਿਸ਼ ਅਤੇ ਛਾਣ-ਬੀਣ ਦੇ ਬਾਵਜੂਦ ਇਸ ਤਰ੍ਹਾਂ ਦਾ ਕੋਈ ਪਤਾ ਨਹੀਂ ਲੱਗਿਆ ਕਿ ਕੋਈ ਜਮਾਂਦਰੂ ਖੁਸਰਾ ਕਿਸੇ ਮਰਦ ਨਾਲ ਜ਼ਿੰਦਗੀ ਗੁਜ਼ਾਰ ਰਿਹਾ ਹੈ। ਪਰੰਤੂ ਦੋ ਨੰਬਰ ਖੁਸਰਿਆਂ ਦੀ ਬਹੁਗਿਣਤੀ ਨੇ ਪਤੀ, ਮਹਿਬੂਬ ਅਤੇ ਆਸ਼ਕ ਰੱਖੇ ਹੋਏ ਹਨ। ਇਕ ਜਮਾਂਦਰੂ ਖੁਸਰੇ ਦਾ ਕਹਿਣਾ ਹੈ ਕਿ ਮਾਲਕ ਅਤੇ ਮੁਲਾਜ਼ਮ ਖੁਸਰੇ ਦੇ ਵਿਚਕਾਰ ਤੈਅ ਹੋਣ ਵਾਲੇ ਇਕਰਾਰਨਾਮੇ ਦੀ ਬਾਕਾਇਦਾ



ਰਸਮ ਹੁੰਦੀ ਸੀ। ਕਿਉਂਕਿ ਉਸ ਜ਼ਮਾਨੇ ਵਿਚ ਖੁਸਰਿਆਂ ਦੇ ਬਾਰੇ ਮਸ਼ਹੂਰ ਸੀ ਕਿ ਜਮਾਂਦਰੂ ਤੌਰ 'ਤੇ ਮਰਦਾਨਾ ਸਮਰੱਥਾ ਤੋਂ ਵਾਂਝੇ ਹੋਣ ਦੇ ਬਾਵਜੂਦ ਇਹ ਲੋਕ ਆਲਾ ਦਰਜੇ ਦੇ ਘੋੜਸਵਾਰ, ਤੀਰ ਅੰਦਾਜ਼ ਅਤੇ ਜੰਗਲੀ ਨਿਪੁੰਨਤਾ ਰੱਖਣ ਤੋਂ ਇਲਾਵਾ ਚੰਗੇ ਕਿਰਦਾਰ ਵਾਲੇ ਸਨ। ਸਾਡੇ ਇਨ੍ਹਾਂ ਚੰਗੇ ਗੁਣਾਂ ਸਦਕਾ ਕੋਈ ਬਾਦਸ਼ਾਹ ਜਾਂ ਅਮੀਰ ਆਦਮੀ ਸਾਡੀਆਂ ਸੇਵਾਵਾਂ ਪ੍ਰਾਪਤ ਕਰਦਾ ਤਾਂ ਆਮ ਲੋਕਾਂ ਨੂੰ ਇਸ ਦੀ ਇਤਲਾਹ ਦੇਣ ਦੇ ਲਈ ਪੱਗੜੀ ਦੀ ਬਾਕਾਇਦਾ ਰਸਮ ਹੁੰਦੀ। ਇਸ ਰਸਮ ਨੂੰ ਸ਼ਾਦੀ ਮੰਨਣਾ ਜਾਂ ਖ਼ਿਆਲ ਕਰਨਾ ਬਹੁਤ ਸ਼ਰਮਨਾਕ ਹੈ ਅਤੇ ਜਦੋਂ ਤੱਕ ਜ਼ਮਾਨਾ ਅਸਲੀ ਅਤੇ ਨਕਲੀ ਦੀ ਸ਼ਨਾਖ਼ਤ ਨਹੀਂ ਕਰੇਗਾ, ਖੁਸਰੇ ਦੀ ਜ਼ਿੰਦਗੀ ਇਸ ਤਰ੍ਹਾਂ ਹੀ ਭੇਤ ਬਣੀ ਰਹੇਗੀ। ਵੈਸੇ ਵੀ ਘਰ-ਘਰ ਜਾ ਕੇ ਰੋਟੀ ਮੰਗਣ ਵਾਲਾ ਵਿਅਕਤੀ ਇਸ ਤਰ੍ਹਾਂ ਦੀਆਂ ਹਰਕਤਾਂ ਦੀ ਕਲਪਨਾ ਵੀ ਨਹੀਂ ਕਰ ਸਕਦਾ ਕਿ ਲੋਕ ਉਸ ਦੇ ਬੁਰੇ ਆਚਰਣ ਦੀ ਵਜ੍ਹਾ ਨਾਲ ਆਪਣੇ ਤੋਂ ਦੂਰ ਕਰ ਦੇਣ। ਪਰੰਤੂ ਐਨਾ ਜ਼ਰੂਰ ਹੈ ਕਿ ਜਮਾਂਦਰੂ ਖੁਸਰੇ ਆਪਣੀ ਐਸੀ ਖੁਸਰੀ ਸਹੇਲੀ ਦੀ ਸ਼ਾਦੀ ਜ਼ਰੂਰ ਕਰਦੇ ਹਨ ਜਿਹੜੀ ਜਮਾਂਦਰੂ ਤੌਰ 'ਤੇ ਹੀਜੜੀ ਔਰਤ ਹੋਵੇ। ਖੁਸਰਿਆਂ ਵਿਚ ਇਸ ਤਰ੍ਹਾਂ ਦੀਆਂ ਲੜਕੀਆਂ ਹੁੰਦੀਆਂ ਹਨ ਜਿਹੜੀਆਂ ਕੁਦਰਤੀ ਤੌਰ 'ਤੇ ਅੰਗਹੀਣ ਪੈਦਾ ਹੋਈਆਂ। ਉਨ੍ਹਾਂ ਲੜਕੀਆਂ ਦਾ ਸ਼ਰ੍ਹਈ ਅਧਿਕਾਰ ਕੀ ਹੈ ? ਇਸ ਦੇ ਬਾਰੇ ਤਾਂ ਸੂਝਵਾਨ ਹੀ ਵਧੀਆ ਢੰਗ ਨਾਲ ਰੋਸ਼ਨੀ ਪਾ ਸਕਦੇ ਹਨ। ਪਰੰਤੂ ਇਸ ਤਰ੍ਹਾਂ ਦੀਆਂ ਲੜਕੀਆਂ ਦੀ ਸ਼ਾਦੀ ਖੁਸਰਿਆਂ ਦੇ ਨਾਲ ਕਰਨਾ ਸ਼ਰ੍ਹਈ ਅਧਿਕਾਰ ਮੰਨਿਆ ਜਾਂਦਾ ਹੈ। ਜਮਾਂਦਰੂ ਖੁਸਰੀ ਦੀ ਸ਼ਾਦੀ ਦੇ ਮੌਕੇ ਖੁਸਰੇ ਦਿਲ ਦੇ ਸਾਰੇ ਅਰਮਾਨ ਪੂਰੇ ਕਰਦੇ ਹਨ। ਇਸ ਤਰ੍ਹਾਂ ਦੀ ਸ਼ਾਦੀ ਵਿਚ ਖੁਸਰੇ ਹੀਜੜੀ ਦੇ ਨਾਲ ਸ਼ਾਦੀ ਕਰਨ ਵਾਲੇ ਮਰਦ ਨਾਲ ਸਾਰੇ ਮਾਮਲੇ ਪਹਿਲਾਂ ਤੈਅ ਕਰਦੇ ਹਨ ਕਿ ਉਹ ਔਰਤ ਦੀ ਜ਼ੁੰਮੇਵਾਰੀ ਕਿੱਥੋਂ ਤੱਕ ਪੂਰੀ ਕਰੇਗਾ। ਸ਼ਾਦੀ ਦੀ ਰਸਮ ਨੂੰ ਖੁਸਰਿਆਂ ਵਿਚ ਬਹੁਤ ਪਵਿਤਰ ਚੀਜ਼ ਸਮਝਿਆ ਜਾਂਦਾ ਹੈ ਕਿਉਂਕਿ ਜਮਾਂਦਰੂ ਖੁਸਰੀ ਇਨਸਾਨਾਂ ਦੀ ਮੰਡੀ ਦੀ ਬਹੁਤ ਕਾਮਯਾਬ ਜਿਨਸ ਹੈ ਅਤੇ ਜਿਸ ਖੁਸਰੇ ਦੇ ਕੋਲ ਇਸ ਤਰ੍ਹਾਂ ਦੀ ਜਮਾਂਦਰੂ ਖੁਸਰੀ ਹੁੰਦੀ ਹੈ, ਉਹਨੂੰ ਬਹੁਤ ਖ਼ੁਸ਼ਕਿਸਮਤ ਗੁਰੂ ਮੰਨਿਆ ਜਾਂਦਾ ਹੈ। ਪਾਕਪਟਨ ਸ਼ਹਿਰ ਵਿਚ ਜਨਰਲ ਬੱਸ ਸਟੈਂਡ ਦੇ ਕੋਲ ਇਕ ਜਮਾਂਦਰੂ ਹੀਜੜੀ ਔਰਤ ਰਹਿੰਦੀ ਸੀ। ਉਸ ਔਰਤ ਨਾਲ ਲੋਕਾਂ ਦੀ ਮੁਹੱਬਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਹ ਜਿਸ ਪਾਸਿਓਂ ਵੀ ਲੰਘਦੀ ਸੀ, ਲੋਕੀਂ ਉਹਨੂੰ ਉੱਠ ਕੇ ਸਲਾਮ ਕਰਨ ਤੋਂ ਇਲਾਵਾ ਉਸ ਕੋਲੋਂ ਆਪਣੇ ਲਈ ਦੁਆ ਵੀ ਕਰਾਉਂਦੇ। ਹੈਰਾਨੀ ਦੀ ਗੱਲ ਹੈ ਕਿ ਉਸ ਹੀਜੜੀ ਔਰਤ ਦਾ ਖੁਸਰਿਆਂ ਦੀ ਜ਼ਿੰਦਗੀ ਨਾਲ ਕੋਈ ਬਾਕਾਇਦਾ ਸੰਬੰਧ ਨਹੀਂ ਸੀ। ਸਗੋਂ ਖੁਸਰੇ ਉਹਨੂੰ ਸਲਾਮ ਕਰਨ ਲਈ ਜ਼ਰੂਰ ਹਾਜ਼ਰੀ ਭਰਦੇ। ਇਹ ਔਰਤ ਜਿੰਦਾ ਹੈ ਜਾਂ ਨਹੀਂ, ਇਸ ਬਾਰੇ ਜਾਣਕਾਰੀ ਪ੍ਰਾਪਤ ਨਾ ਹੋ ਸਕੀ। ਸਗੋਂ ਜਿਸ ਖੁਸਰੇ ਨੇ ਇਸ ਔਰਤ ਬਾਰੇ ਦੱਸਿਆ, ਉਹ ਇਸ ਔਰਤ ਦਾ ਬਹੁਤ ਵੱਡਾ ਸ਼ਰਧਾਲੂ ਸੀ। ਹਜ਼ਰਤ ਬਾਬਾ ਫਰੀਦ ਸ਼ਕਰ ਗੰਜ ਦੇ ਉਰਸ ਦੇ ਮੌਕੇ ਉੱਤੇ ਦੂਰੋਂ-ਦੂਰੋਂ ਆਉਣ ਵਾਲੇ ਖੁਸਰੇ ਇਸ ਔਰਤ ਦੇ ਦਰਸ਼ਨ ਜ਼ਰੂਰ ਕਰਦੇ। ਇਹ ਔਰਤ ਆਪਣੇ ਖ਼ਾਨਦਾਨੀ ਘਰ ਵਿਚ ਆਪਣੇ ਦੂਸਰੇ ਭੈਣ ਭਰਾਵਾਂ ਦੇ ਨਾਲ ਰਹਿੰਦੀ ਸੀ। ਅਜੋਕੇ ਦੌਰ ਵਿਚ ਸਰਗੋਧਾ ਦੇ ਨੱਚਣ ਵਾਲੇ ਖੁਸਰੇ ਨੈਨਾਂ ਦੇ ਬਾਰੇ ਮਸ਼ਹੂਰ ਹੈ ਕਿ ਉਹ ਜਮਾਂਦਰੂ ਹੀਜੜੀ ਔਰਤ ਹੈ। ਧੀਆਂ ਪੁੱਤਰਾਂ ਵਾਲੀਆਂ ਔਰਤਾਂ ਅਤੇ ਨੈਨਾਂ ਵਿਚ ਫ਼ਰਕ ਸਿਰਫ਼ ਐਨਾ ਹੈ ਕਿ ਨੈਨਾਂ ਆਪਣੇ ਮਾਪਿਆਂ ਦਾ ਘਰ ਛੱਡ ਕੇ ਸਰਗੋਧਾ ਦੇ ਮਸ਼ਹੂਰ ਖੁਸਰੇ ਮਜ਼ਹਰੀ ਦੇ ਨਾਲ ਰਹਿੰਦੀ ਹੈ। ਨੈਨਾਂ ਦੇ ਹੁਸਨ ਦੇ ਚਰਚੇ ਖੁਸਰਿਆਂ ਦੀ ਬਰਾਦਰੀ ਵਿਚ ਬਹੁਤ ਛੇਤੀ ਮਸ਼ਹੂਰ ਹੋ ਗਏ। ਜਦੋਂ ਕਿ ਬਹੁਤ ਜ਼ਿਕਰਯੋਗ ਔਰਤ ਦੀ ਸ਼ਰਾਫਤ ਅਤੇ ਨੇਕੀ ਨੇ ਉਸਦੇ ਹੁਸਨ ਨੂੰ ਚਾਰ ਚੰਨ ਲਾ ਦਿੱਤੇ। ਸਰਗੋਧਾ ਦੀ ਜਮਾਂਦਰੂ ਹੀਜੜੀ ਔਰਤ ਨੂੰ ਤਾਂ ਖੁਸਰਿਆਂ ਨੇ ਲੈ ਲਿਆ ਪਰ

ਪਾਕਪਟਨ ਦੀ ਔਰਤ ਨੂੰ ਖੁਸਰੇ ਕਿਉਂ ਨਹੀਂ ਲੈ ਸਕੇ ? ਇਸ ਦੇ ਬਾਰੇ ਖੁਸਰਿਆਂ ਦਾ ਕਹਿਣਾ ਹੈ ਕਿ ਇਹ ਬੁਝਾਰਤ ਨਾ ਮੇਰੇ ਸਮਝਣ ਦੀ ਹੈ ਅਤੇ ਨਾ ਹੀ ਸਮਝਾਉਣ ਦੀ। ਅੱਲ੍ਹਾ ਹੀ ਜਾਣਦਾ ਹੈ ਕਿ ਉਸ ਔਰਤ ਨੂੰ ਉਸ ਦੇ ਮਾਪਿਆਂ ਤੋਂ ਲੈਣ ਲਈ ਖੁਸਰਿਆਂ ਨੇ ਹੱਥ ਪੈਰ ਕਿਉਂ ਨਹੀਂ ਮਾਰੇ। ਹਾਲਾਂਕਿ ਇਸ ਦੇ ਬਾਰੇ ਇਸ ਖੁਸਰੇ ਤਾਂ ਕੀ ਆਮ ਸ਼ਹਿਰੀਆਂ ਨੂੰ ਵੀ ਪਤਾ ਸੀ ਕਿ ਚਰਚਿਤ ਜਮਾਂਦਰੂ ਹੀਜੜੀ ਹੈ।

ਖੁਸਰੇ ਸਮਾਜ ਵਿਚ ਸਤਿਕਾਰਯੋਗ ਕਿਉਂ ਹਨ ? ਇਸ ਦੇ ਬਾਰੇ ਜਮਾਂਦਰੂ ਖੁਸਰਿਆਂ ਦਾ ਕਹਿਣਾ ਹੈ, "ਸਿਰਫ਼ ਖੁਸਰੇ ਸਤਿਕਾਰਯੋਗ ਨਹੀਂ ਹੁੰਦੇ ਸਗੋਂ, ਹਰ ਉਹ ਵਿਅਕਤੀ ਸਤਿਕਾਰਯੋਗ ਹੈ ਜਿਹੜਾ ਚੰਗੇ ਗੁਣਾਂ ਦਾ ਮਾਲਕ ਹੋਵੇ।" ਵੈਸੇ ਵੀ ਈਮਾਨ ਦੀ ਸ਼ਰਤ ਹੈ ਕਿ ਤੁਹਾਡੇ ਵਿਚੋਂ ਚੰਗਾ ਉਹ ਹੈ ਜਿਹੜਾ ਨੇਕ ਅਤੇ ਪਰਹੇਜ਼ਗਾਰ ਹੋਵੇ। ਆਪਣੀ ਨਿੱਜੀ ਜ਼ਿੰਦਗੀ ਵਿਚ ਰੱਬ ਦਾ ਡਰ ਪੈਦਾ ਕਰਨਾ ਅਤੇ ਦੂਸਰਿਆਂ ਨੂੰ ਇਸ ਬਾਰੇ ਜਾਣੂੰ ਕਰਾਉਣ ਵਾਲਾ ਹਰ ਮਰਦ ਅਤੇ ਔਰਤ ਨਾ ਸਿਰਫ਼ ਸਤਿਕਾਰਯੋਗ ਹੈ ਸਗੋਂ ਵਲੀ ਦੀ ਥਾਂ ਪਹੁੰਚ ਜਾਂਦਾ ਹੈ। ਇਹੋ ਸੂਰਤੇ ਹਾਲ ਸਾਡੇ 'ਤੇ ਢੁੱਕਦੀ ਹੈ। ਹਰ ਖੁਸਰਾ ਬੁਰਾ ਨਹੀਂ। ਕੁਝ ਖੁਸਰੇ ਬਹੁਤ ਨੇਕ ਅਤੇ ਪਰਹੇਜ਼ਗਾਰ ਹਨ। ਉਨ੍ਹਾਂ ਨੂੰ ਆਮ ਮਨੁੱਖ ਨਹੀਂ ਪਛਾਣ ਸਕਦਾ। ਤੁਸੀਂ ਖੁਸਰਿਆਂ ਨੂੰ ਇਸ ਲਈ ਬੁਰਾ ਕਹਿੰਦੇ ਹੋ ਕਿ ਉਹ ਤੁਹਾਡੇ ਸਾਹਮਣੇ ਨੱਚਦੇ ਹਨ। ਤੁਹਾਡੇ ਆਲੇ ਦੁਆਲੇ ਮੌਜੂਦ ਦੋ ਨੰਬਰ ਖੁਸਰੇ ਜਿਨਸੀ ਬੇ ਰਾਹ ਰਵੀ ਨੂੰ ਵਧਾਉਣ ਦਾ ਕਾਰਨ ਹਨ। ਨੱਚਣ ਵਾਲਾ ਖੁਸਰਾ ਅਤੇ ਬੁਰਾਈ ਫੈਲਾਉਣ ਵਾਲਾ ਖੁਸਰਾ ਸ਼ਾਇਦ ਨੇਕ ਅਤੇ ਪਰਹੇਜ਼ਗਾਰ ਨਾ ਹੋਵੇ ਪਰ ਉਹ ਵੀ ਤਾਂ ਖੁਸਰਾ ਹੀ ਹੈ ਜਿਹੜਾ ਕਾਅਬੇ ਦੇ ਹਰਮ ਯਾਨੀ ਅੱਲ੍ਹਾ ਦੇ ਘਰ ਸਾਂਭ ਸਫ਼ਾਈ ਅਤੇ ਹੱਜ ਦੀਆਂ ਸੇਵਾਵਾਂ ਵਿਚ ਰੁੱਝਿਆ ਹੋਇਆ ਹੈ। ਕੀ ਤੁਸੀਂ ਸੋਚ ਸਕਦੇ ਹੋ ਕਿ ਅੱਲ੍ਹਾ ਦੇ ਘਰ ਵਿਚ ਕੋਈ ਇਸ ਤਰ੍ਹਾਂ ਦਾ ਇਨਸਾਨ ਰਹਿ ਸਕੇਗਾ ਜਿਸ ਦੇ ਆਚਰਣ ਅਤੇ ਕਿਰਦਾਰ ਦੀ ਕੋਈ ਜ਼ਮਾਨਤ ਨਹੀਂ। ਬਿਲਕੁਲ ਇਸ ਤਰ੍ਹਾਂ ਨਹੀਂ ਹੋ ਸਕਦਾ। ਹੁਣ ਇਹ ਵੱਖਰਾ ਮਾਮਲਾ ਹੈ ਕਿ ਇਨ੍ਹਾਂ ਚੰਗੇ ਅਤੇ ਉੱਚੇ-ਸੁੱਚੇ ਕਿਰਦਾਰ ਵਾਲੇ ਖੁਸਰਿਆਂ ਤੋਂ ਦੁਆ ਕਰਵਾਉਣ ਵਾਲੇ ਦੂਸਰਿਆਂ ਖੁਸਰਿਆਂ ਤੋਂ ਵੀ ਦੁਆਵਾਂ ਕਰਵਾਉਣ। ਔਰਤ ਦਾ ਰੂਪ ਧਾਰਨ ਵਾਲਾ ਖੁਸਰਾ ਵੀ ਸ਼ਾਇਦ ਉੱਚੇ ਆਚਰਣ ਵਾਲਾ ਨਾ ਹੋਵੇ ਕਿਉਂਕਿ ਆਪਣੀ ਅਸਲੀਅਤ ਨੂੰ ਛਪਾਉਣ ਵਾਲਾ ਹਰ ਹਾਲ ਵਿਚ ਚੰਗਾ ਇਨਸਾਨ ਨਹੀਂ ਸਮਝਿਆ ਜਾ ਸਕਦਾ।

ਜਮਾਂਦਰੂ ਖੁਸਰਿਆਂ ਦੀ ਜ਼ਿੰਦਗੀ ਵਿਚ ਘਟੀਆਪਨ ਜਾਂ ਚੰਗਿਆਈ ਦੋਵੇਂ ਭਰਪੂਰ ਅੰਦਾਜ਼ ਵਿਚ ਮਿਲਦੇ ਹਨ। ਘਟੀਆਪਨ ਵਾਲੇ ਖੁਸਰਿਆਂ ਦੀ ਅੱਲ੍ਹਾ ਕੋਲ ਇਹ ਆਮ ਸ਼ਿਕਾਇਤ ਹੈ ਕਿ ਉਸ ਨੇ ਸਾਨੂੰ ਪੂਰਾ ਮਰਦ ਜਾਂ ਔਰਤ ਦੇ ਰੂਪ ਵਿਚ ਕਿਉਂ ਪੈਦਾ ਨਹੀਂ ਕੀਤਾ। ਜਦੋਂ ਇਹ ਸ਼ਿਕਾਇਤ ਬੁੱਲ੍ਹਾਂ 'ਤੇ ਆਏ ਤਾਂ ਫਿਰ ਉਹ ਆਪਣਾ ਮੁਕਾਬਲਾ ਆਮ ਵਿਅਕਤੀ ਨਾਲ ਜ਼ਰੂਰ ਕਰਦੇ ਹਨ। ਮਸਲਨ ਜੇਕਰ ਕਿਸੇ ਖੁਸਰੇ 'ਤੇ ਔਰਤ ਬਣਨ ਦਾ ਜਜ਼ਬਾ ਦਿਮਾਗੀ ਤੌਰ 'ਤੇ ਭਾਰੂ ਹੋ ਚੁੱਕਾ ਹੈ ਤਾਂ ਫਿਰ ਉਹ ਆਪਣੇ ਆਲੇ-ਦੁਆਲੇ ਵਿਚ ਮੌਜੂਦ ਖ਼ੂਬਸੂਰਤ ਤੋਂ ਖ਼ੂਬਸੂਰਤ ਔਰਤ ਨਾਲ ਸਾਂਝਾ ਕਰਦਾ ਹੋਇਆ ਉਸ ਪ੍ਰਤੀ ਆਪਣੀ ਨਫ਼ਰਤ ਦਾ ਭਰਪੂਰ ਪ੍ਰਗਟਾਵਾ ਕਰੇਗਾ। ਨਫ਼ਰਤ ਦਾ ਪ੍ਰਗਟਾਵਾ ਆਮ ਆਦਮੀ ਦੇ ਸਾਹਮਣੇ ਨਹੀਂ ਕੀਤਾ ਜਾਏਗਾ ਸਗੋਂ ਇਹ ਉਨ੍ਹਾਂ ਦੀਆਂ ਨਿੱਜੀ ਮਹਿਫ਼ਲਾਂ ਦੀ ਬਹਿਸ ਵਿਚ ਸਭ ਤੋਂ ਅਹਿਮ ਵਿਸ਼ਾ ਹੋਵੇਗਾ। ਖੁਸਰੇ ਜਦੋਂ ਕਿਸੇ ਔਰਤ ਦੀ ਸੁੰਦਰਤਾ 'ਤੇ ਸੜ ਕੇ ਉਸ ਨੂੰ ਨੁਕਤਾਚੀਨੀ ਦਾ ਨਿਸ਼ਾਨਾ ਬਣਾਉਣ ਤਾਂ ਉਨ੍ਹਾਂ ਦੀ ਗੱਲਬਾਤ ਦਾ ਢੰਗ ਵੇਖਣ ਅਤੇ ਸੁਣਨ ਵਾਲਾ ਹੁੰਦਾ ਹੈ। ਵਡਿਆਈ ਦੇ ਅਹਿਸਾਸ ਵਿਚ ਉਲਝੇ ਹੋਏ ਖੁਸਰੇ ਖੁੱਲ੍ਹੇ ਤੌਰ 'ਤੇ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਕਿ ਅੱਲ੍ਹਾ ਨੇ ਉਨ੍ਹਾਂ ਨੂੰ ਮਰਦਾਨਾ ਜਾਂ ਜਨਾਨਾ ਜਿਨਸੀ ਖ਼ੂਬੀਆਂ ਤੋਂ ਵਾਂਝਾ ਰੱਖ ਕੇ ਉਨ੍ਹਾਂ ਉੱਤੇ ਮਹਾਨ ਉਪਕਾਰ ਕੀਤਾ ਹੈ।



ਕਿਉਂਕਿ ਉਹ ਸਮਝਦੇ ਹਨ ਕਿ ਦੁਨੀਆ ਵਿਚ ਬੁਰਾਈ ਦੀ ਜੜ੍ਹ ਕਾਮ ਵਾਸ਼ਨਾ ਹੈ। ਅਸੀਂ ਇਸ ਗੁਣ ਤੋਂ ਵਾਂਝੇ ਹਾਂ। ਇਸ ਲਈ ਦੁਨੀਆ ਵਿਚ 50 ਫੀਸਦੀ ਤੋਂ ਜ਼ਿਆਦਾ ਗੁਨਾਹਾਂ ਤੋਂ ਅੱਲ੍ਹਾ ਨੇ ਆਪਣੇ ਆਪ ਸਾਨੂੰ ਬਚਾ ਦਿੱਤਾ। ਬਾਕੀ ਗੁਨਾਹਾਂ ਤੋਂ ਅਸੀਂ ਇਸ ਲਈ ਬਚ ਜਾਵਾਂਗੇ ਕਿ ਸਮਾਜ ਨੇ ਸਾਨੂੰ ਪੂਰਾ ਇਨਸਾਨ ਪਰਵਾਨ ਨਹੀਂ ਕੀਤਾ। ਇਸ ਲਈ ਇਨਸਾਨੀ ਫਰਜ਼ਾਂ ਨੂੰ ਨਿਭਾਉਣ ਦੀ ਸਾਡੀ ਜ਼ੁੰਮੇਵਾਰੀ ਨਹੀਂ। ਜਿੱਥੋਂ ਤੱਕ ਇਨਸਾਨ ਦੇ ਧਾਰਮਿਕ ਮਾਮਲਿਆਂ ਦਾ ਸੰਬੰਧ ਹੈ ਤਾਂ ਜਮਾਂਦਰੂ ਖੁਸਰਿਆਂ ਦੀ ਬਹੁ-ਗਿਣਤੀ ਨਮਾਜ਼, ਰੋਜ਼ਾ, ਜ਼ਕਾਤ (ਮਾਲ ਦਾ 1/40 ਹਿੱਸਾ। ਖ਼ੁਦਾ ਦੇ ਰਾਹ ਤੇ ਖ਼ੈਰਾਤ) ਅਤੇ ਦੂਸਰੇ ਹੁਕਮਾਂ ਨੂੰ ਪੂਰੇ ਤਰੀਕੇ ਨਾਲ ਮੰਨਣ ਦੀ ਕੋਸ਼ਿਸ਼ ਕਰਦੇ ਹਨ। ਧਾਰਮਿਕ ਹੁਕਮਾਂ ਦੀ ਪਾਲਣਾ ਕਰਨ ਵਾਲੇ ਖੁਸਰੇ ਵਡਿਆਈ ਦੇ ਅਹਿਸਾਸ ਦਾ ਸ਼ਿਕਾਰ ਹੋ ਕੇ ਆਪਣੇ ਆਪ ਨੂੰ ਦੂਸਰਿਆਂ ਤੋਂ ਵੱਖਰਾ ਅਤੇ ਲਾਸਾਨੀ ਸ਼ਖ਼ਸੀਅਤ ਸਮਝਦੇ ਹੋਏ ਆਮ ਲੋਕਾਂ ਨਾਲ ਮੇਲ-ਮਿਲਾਪ ਵਧਾਉਣ ਤੋਂ ਪਰਹੇਜ਼ ਕਰਦੇ ਹਨ।

ਜਮਾਂਦਰੂ ਖੁਸਰੇ ਘਰ ਦੀ ਚਾਰ ਦੀਵਾਰੀ ਵਿਚ ਕਿਸੇ ਅਜਨਬੀ ਨੂੰ ਆਉਣ ਦੀ ਆਗਿਆ ਨਹੀਂ ਦੇਂਦੇ। ਸਗੋਂ ਐਨਾ ਜ਼ਰੂਰ ਹੈ ਜੇਕਰ ਤੁਸੀਂ ਮਹਿਮਾਨ ਦੇ ਤੌਰ 'ਤੇ ਉਨ੍ਹਾਂ ਦੇ ਘਰ ਜਾਓ ਤਾਂ ਖ਼ਾਸ ਬੈਠਕ ਵਿਚ ਬਿਠਾ ਕੇ ਵੇਰਵੇ ਸਹਿਤ ਗੱਲਬਾਤ ਕਰਦੇ ਹੋਏ ਟਹਿਲ ਸੇਵਾ ਜ਼ਰੂਰ ਕਰਨਗੇ। ਪਰੰਤੂ ਇਸ ਦੇ ਲਈ ਸ਼ਰਤ ਹੈ ਕਿ ਤੁਹਾਡੀ ਗੱਲਬਾਤ ਦਾ ਵਿਸ਼ਾ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨਾ ਹੋਵੇ। ਜਿਵੇਂ ਹੀ ਤੁਸੀਂ ਉਨ੍ਹਾਂ ਦੀ ਗੁਪਤ ਜ਼ਿੰਦਗੀ ਦੇ ਬਾਰੇ ਗੱਲਬਾਤ ਸ਼ੁਰੂ ਕਰੋਗੇ ਤਾਂ ਖੁਸਰੇ ਇਕਦਮ ਪ੍ਰਹੇਜ਼ ਜਾਂ ਨਾ ਮਿਲਵਰਤਨ ਦੀ ਪਾਲਸੀ 'ਤੇ ਅਮਲ ਕਰਨ ਲੱਗ ਜਾਣਗੇ। ਜਮਾਂਦਰੂ ਖੁਸਰਿਆਂ ਦੀ ਅਸਲੀਅਤ ਜਾਣਨ ਦੇ ਸਿਲਸਿਲੇ ਵਿਚ ਇਹੋ ਚੀਜ਼ ਸਾਡੇ ਲਈ ਸਭ ਤੋਂ ਵੱਡੀ ਰੁਕਾਵਟ ਸਾਬਤ ਹੋਈ।

### ਨਿਰਬਾਨ ਖੁਸਰੇ

ਨਿਰਬਾਨ ਖੁਸਰਿਆਂ ਦੀ ਖ਼ਾਸ ਬੋਲੀ ਫਾਰਸੀ ਚੰਦਰਨਾ ਦਾ ਸ਼ਬਦ ਹੈ। ਇਸ ਦਾ ਭਾਵ ਕੁਰਬਾਨੀ ਦੇਣ ਵਾਲਾ ਮਰਦ ਹੈ। ਨਰ ਤੋਂ ਮੁਰਾਦ ਮਰਦ ਅਤੇ ਬਾਨ ਸ਼ਬਦ ਕੁਰਬਾਨ ਦੇ ਆਖ਼ਰੀ ਹਿੱਸੇ ਤੋਂ ਉਧਾਰ ਲੈ ਕੇ ਸ਼ਬਦ ਨਿਰਬਾਨ ਬਣਾਇਆ ਗਿਆ ਹੈ। ਨਿਰਬਾਨ ਖੁਸਰਾ ਸਮਾਜ ਦੀ ਨਫ਼ਰਤ ਦਾ ਨਿਸ਼ਾਨਾ ਬਣਨ ਵਾਲੇ ਖੁਸਰਿਆਂ ਵੱਲੋਂ ਦਿੱਤਾ ਗਿਆ ਇਕ ਐਸਾ ਤੋਹਫ਼ਾ ਹੈ ਜਿਸ ਨੂੰ ਮੰਨਣ ਲਈ ਇਹ ਸਮਾਜ ਬਿਲਕੁਲ ਤਿਆਰ ਨਹੀਂ। ਪਰੰਤੂ ਕੀ ਕਰੀਏ ਇਹ ਕਹਿਣਾ ਸੱਚ ਹੈ ਕਿ ਖੁਸਰੇ ਆਪਣੀ ਸਮਾਜਿਕ ਦੁਸ਼ਮਣੀ ਦਾ ਬਦਲਾ ਲੈਣ ਦੇ ਲਈ ਇਸ ਤਰ੍ਹਾਂ ਦੇ ਬੱਚਿਆਂ ਅਤੇ ਮਰਦਾਂ ਦੀ ਭਾਲ ਵਿਚ ਆਵਾਰਾ ਫਿਰਦੇ ਰਹਿੰਦੇ ਹਨ ਜਿਹੜੇ ਔਰਤ ਜਾਂ ਖੁਸਰੇ ਦਾ ਰੂਪ ਧਾਰਨਾ ਚਾਹੁੰਦੇ ਹਨ। ਨਿਰਬਾਨ ਖੁਸਰਿਆਂ ਦੀ ਬਹੁ-ਗਿਣਤੀ ਦਾ ਸੰਬੰਧ ਇਸ ਤਰ੍ਹਾਂ ਦੇ ਘਰਾਣਿਆਂ ਨਾਲ ਹੈ ਜਿੱਥੇ ਔਰਤ ਦੀ ਹਕੂਮਤ ਹੁੰਦੀ ਹੈ, ਭਾਵੇਂ ਔਰਤ ਅਮੀਰ ਹੋਵੇ ਜਾਂ ਗਰੀਬ। ਔਰਤ ਦੇ ਮੇਲ-ਮਿਲਾਪ ਵਿਚ ਰਹਿਣ ਵਾਲੇ ਲੜਕੇ ਬਹੁਤੀ ਵਾਰ ਉਹਦੇ ਵਰਗੀਆਂ ਆਦਤਾਂ ਅਪਨਾ ਲੈਂਦੇ ਹਨ। ਇਨ੍ਹਾਂ ਆਦਤਾਂ ਦਾ ਪ੍ਰਗਟਾਵਾ ਕਰਨ ਕਰਕੇ ਇਸ ਤਰ੍ਹਾਂ ਦੇ ਬੱਚਿਆਂ ਨੂੰ ਜ਼ਨਾਨਾ ਕਹਿ ਕੇ ਬੁਲਾਇਆ ਜਾਂਦਾ ਹੈ। ਖੁਸਰਿਆਂ ਦਾ ਕਹਿਣਾ ਹੈ ਕਿ ਜੇਕਰ ਸਾਨੂੰ ਕਦੀ ਇਸ ਤਰ੍ਹਾਂ ਦੇ ਬੱਚਿਆਂ ਨੂੰ ਮਿਲਣ ਦਾ ਮੌਕਾ ਮਿਲੇ ਤਾਂ ਫਿਰ ਅਸੀਂ ਉਨ੍ਹਾਂ ਨੂੰ ਆਪਣਾ ਟਾਰਗੈੱਟ ਸਮਝਦੇ ਹੋਏ ਉਨ੍ਹਾਂ ਨੂੰ ਆਪਣੇ ਗਰੋਹ ਵਿਚ ਸ਼ਾਮਲ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦੇਂਦੇ ਹਾਂ। ਹੈਰਾਨੀ ਦੀ ਗੱਲ ਇਹ ਹੈ ਕਿ ਸਾਡੀਆਂ ਕੋਸ਼ਿਸ਼ਾਂ ਨੂੰ ਸਫ਼ਲਤਾ ਮਿਲੇ ਜਾਂ ਨਾ ਮਿਲੇ, ਲੋਕਾਂ ਦੇ ਸਮੁੱਚੇ ਰਵੱਈਏ ਦੀ ਵਜ੍ਹਾ ਕਰਕੇ ਜ਼ਨਾਨਾ ਹਰਕਤਾਂ ਕਰਨ ਵਾਲੇ ਬੱਚੇ ਸਾਡੇ ਵੱਲ ਆਪਣੇ ਆਪ ਆ ਜਾਂਦੇ ਹਨ। ਖੁਸਰਿਆਂ

ਦੇ ਕਹਿਣ ਅਨੁਸਾਰ ਅਸੀਂ ਕਿਸੇ ਬੱਚੇ ਨੂੰ ਜ਼ਬਰਦਸਤੀ ਕਰਕੇ ਨਹੀਂ ਲੈਂਦੇ ਸਗੋਂ ਉਨ੍ਹਾਂ ਨੂੰ ਲੈਣ ਲਈ ਮਾਨਸਿਕ ਤਰੀਕੇ ਅਤੇ ਦਾਅ ਪੇਚ ਵਰਤਦੇ ਹਾਂ। ਬੱਚੇ ਦੇ ਦਿਮਾਗ਼ ਵਿਚ ਮਨੁੱਖ ਪ੍ਰਤੀ ਨਫ਼ਰਤ ਪੈਦਾ ਕਰਨ ਦੇ ਲਈ ਖੁਸਰੇ ਇਸ ਤਰ੍ਹਾਂ ਦੇ ਬੱਚਿਆਂ ਨੂੰ ਘੇਰ-ਘਾਰ ਕੇ ਆਪਣੇ ਅੱਡਿਆਂ ’ਤੇ ਲੈ ਜਾਣ ਤੋਂ ਇਲਾਵਾ ਉਨ੍ਹਾਂ ਦੀ ਵੱਖ-ਵੱਖ ਢੰਗਾਂ ਨਾਲ ਭਰਪੂਰ ਵਿਹਾਰਕ ਮਦਦ ਵੀ ਕਰਦੇ ਹਨ। ਵਿਹਾਰਕ ਮਦਦ ਤੋਂ ਭਾਵ ਗਲੀ ਮੁਹੱਲੇ ਵਿਚ ਫਿਰਦੇ ਹੋਏ ਬੱਚਿਆਂ ਦੀਆਂ ਨਿਤ ਪ੍ਰਤੀ ਦੀਆਂ ਲੋੜਾਂ ਪੂਰੀਆਂ ਕਰਦੇ ਹੋਏ, ਬੱਚਿਆਂ ਨੂੰ ਇਸ ਤਰ੍ਹਾਂ ਦਾ ਭੋਜਨ ਖਵਾਉਣਾ, ਜਿਸ ਨਾਲ ਉਨ੍ਹਾਂ ਦੇ ਅੰਦਰ ਔਰਤਪਨ ਦਾ ਜ਼ੋਰ ਪੈਦਾ ਹੋ ਜਾਏ। ਦਵਾਈ ਅਤੇ ਦਿਮਾਗ਼ੀ ਸਿੱਖਿਆ ਦੋਵੇਂ ਰਲ ਕੇ ਬੱਚੇ ਨੂੰ ਭਟਕਾਉਣ ਵਿਚ ਮਦਦਗਾਰ ਸਾਬਤ ਹੁੰਦੀਆਂ ਹਨ। ਜਦੋਂ ਇਕ ਵਾਰੀ ਬੱਚਾ ਉਨ੍ਹਾਂ ਦੇ ਡੇਰੇ ਤੱਕ ਪਹੁੰਚ ਜਾਂਦਾ ਹੈ ਤਾਂ ਖੁਸਰੇ ਉਸ ਦੀ ਟਹਿਲ ਸੇਵਾ ਕਰਦੇ ਹੋਏ ਉਹਨੂੰ ਇਹ ਯਕੀਨ ਦਿਵਾਉਣਗੇ ਕਿ ਇਸ ਤੋਂ ਸਤਿਕਾਰਯੋਗ ਹੋਰ ਕੋਈ ਇਨਸਾਨ ਨਹੀਂ। ਤੁਸੀਂ ਜਿਹੜੀ ਥਾਂ ਉੱਤੇ ਖਲੋਤੇ ਹੋ, ਜੇਕਰ ਪੱਕੇ ਤੌਰ ’ਤੇ ਏਥੇ ਆ ਜਾਓ ਤਾਂ ਤੁਹਾਨੂੰ ਜਿਹੜੀ ਇੱਜ਼ਤ ਅਤੇ ਰੁਤਬਾ ਮਿਲੇਗਾ, ਆਮ ਲੋਕਾਂ ਤੋਂ ਉਸ ਦੀ ਆਸ ਬਿਲਕੁਲ ਨਾ ਰੱਖਣੀ। ਜੇਕਰ ਉਹ ਜਾਲ ਵਿਚ ਫਸ ਗਿਆ ਤਾਂ ਫਿਰ ਗੁਰੂ ਦੀ ਜੁੰਮੇਵਾਰੀ ਹੈ ਕਿ ਉਹ ਇਸ ਤਰ੍ਹਾਂ ਦੇ ਬੱਚੇ ਨੂੰ ਨਿਰਬਾਨ ਹੋਣ ਲਈ ਤਿਆਰ ਕਰੇ।

ਜਮਾਂਦਰੂ ਖੁਸਰੇ ਵੀ ਨਿਰਬਾਨ ਖੁਸਰਿਆਂ ਦੀ ਪੂਰੀ ਮਾਨਤਾ ਕਰਦੇ ਹੋਏ ਉਨ੍ਹਾਂ ਨੂੰ ਆਪਣਾ ਹਿੱਸਾ ਮੰਨਦੇ ਹਨ। ਪਰੰਤੂ ਇਹ ਵੱਖਰੀ ਗੱਲ ਹੈ ਕਿ ਜਮਾਂਦਰੂ ਖੁਸਰੇ ਨਿਰਬਾਨ ਖੁਸਰਿਆਂ ਦਾ ਚਾਲ-ਚਲਣ ਬਣਾਉਣ ਵਿਚ ਕਿਸੇ ਤਰ੍ਹਾਂ ਦਾ ਫ਼ਰਜ਼ ਨਹੀਂ ਨਿਭਾਉਂਦੇ। ਜਮਾਂਦਰੂ ਖੁਸਰੇ ਆਪਣੇ ਆਚਰਣ ਦੀ ਜ਼ਮਾਨਤ ਜਾਂ ਸਹੁੰ ਚੁੱਕਣ ਲਈ ਤਿਆਰ ਹਨ ਪਰ ਆਪਣੇ ਨਿਰਬਾਨ ਚੇਲਿਆਂ ਦੇ ਸੰਬੰਧ ’ਚ ਗੱਲ ਕਰਨ ਤੋਂ ਕੰਨੀ ਕਤਰਾਉਂਦੇ ਹਨ। ਭਾਵ ਨਿਰਬਾਨ ਹੋਣ ਵਾਲੇ ਖੁਸਰੇ ਨੇ ਜੋ ਕੁਝ ਸਾਨੂੰ ਦੱਸਿਆ ਇਨ੍ਹਾਂ ਪੰਨਿਆਂ ਦੇ ਰਾਹੀਂ ਤੁਹਾਡੇ ਤੱਕ ਪੁਚਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਬੇਤੁੱਕੀਆਂ ਗੱਲਾਂ ਕਰਨ ਵਾਲੇ ਇਸ ਨਿਰਬਾਨ ਖੁਸਰੇ ਦੀ ਜ਼ਿੰਦਗੀ ਖ਼ੁਦ ਬੇਤੁੱਕੀ ਹੋ ਚੁੱਕੀ ਹੈ। ਨਿਰਬਾਨ ਹੋਣ ਵਾਲਾ ਇਹ ਖੁਸਰਾ ਔਰਤ ਨਾਲ ਮੁਹੱਬਤ ਕਰਨ ਦੇ ਸਿਵਾ ਖੁਸਰਿਆਂ ਨਾਲ ਨਫ਼ਰਤ ਦਾ ਪ੍ਰਗਟਾਵਾ ਕਰਨ ਦੇ ਬਾਵਜੂਦ ਖੁਸਰਾ ਬਣਿਆ ਫਿਰਦਾ ਹੈ। ਉਸ ਦਾ ਕਹਿਣਾ ਹੈ ਕਿ ਤੁਸੀਂ ਅਕਸਰ ਸੁਣਿਆ ਹੋਵੇਗਾ ਕਿ ਖੁਸਰੇ ਬੱਚਿਆਂ ਨੂੰ ਅਗਵਾ ਕਰਕੇ ਖੁਸਰਾ ਬਣਾਉਂਦੇ ਹਨ ? ਖੁਸਰੇ ਬੱਚਿਆਂ ਨੂੰ ਗੁੰਮਰਾਹ ਕਰਕੇ ਖੁਸਰਾ ਬਣਨ ਲਈ ਮਜਬੂਰ ਕਰਦੇ ਹਨ ? ਖੁਸਰੇ ਬੱਚਿਆਂ ਦਾ ਲਿੰਗ ਕੱਟ ਕੇ ਉਨ੍ਹਾਂ ਨੂੰ ਆਪਣੇ ਨਾਲ ਰਹਿਣ ਲਈ ਮਜਬੂਰ ਕਰਦੇ ਹਨ। ਖੁਸਰੇ ਗਰੀਬ ਬੱਚਿਆਂ ਨੂੰ ਪੈਸੇ ਦੇ ਲਾਲਚ ਨਾਲ ਖੁਸਰਾ ਬਣਨ ਲਈ ਮਜਬੂਰ ਕਰਦੇ ਹਨ। ਖੁਸਰੇ ਹਮਜਿਨਸਪ੍ਰਸਤਾਂ ਵਿਚੋਂ ਪ੍ਰਭਾਵਿਤ ਲੜਕਿਆਂ ਨੂੰ ਖੁਸਰੇ ਬਣਨ ਲਈ ਮਜਬੂਰ ਕਰਦੇ ਹਨ। ਜੀ ਹਾਂ ਤੁਸੀਂ ਜੋ ਕੁਝ ਸੁਣਦੇ ਹੋ, ਉਹ ਠੀਕ ਹੈ। ਖੁਸਰਾ ਲਾਲਚ ਦੇ ਕੇ, ਵਰਗਲਾ ਕੇ, ਅਗਵਾ ਕਰਕੇ ਜ਼ਬਰਦਸਤੀ ਲਿੰਗ ਕੱਟ ਕੇ ਅਤੇ ਹਮਜਿਨਸਪ੍ਰਸਤਾਂ ਨੂੰ ਖੁਸਰਾ ਬਣਾਉਂਦਾ ਹੈ। ਹੁਣ ਤੁਸੀਂ ਜੋ ਕੁਝ ਸੁਣਿਆ ਉਹ ਠੀਕ ਅਤੇ ਜੋ ਕੁਝ ਅਸਾਂ ਨੇ ਕਿਹਾ ਉਹ ਗ਼ਲਤ। ਪਰੰਤੂ ਕੀ ਕਦੀ ਖੁਸਰੇ ਨੂੰ ਬੁਰਾ ਕਹਿਣ ਵਾਲੇ ਸਮਾਜ ਨੇ ਇਹ ਸੋਚਿਆ ਕਿ ਉਨ੍ਹਾਂ ਭੈੜਿਆਂ ਨੂੰ ਚੰਗਾ ਕਿਸ ਤਰ੍ਹਾਂ ਬਣਾਇਆ ਜਾਵੇ। ਕੀ ਕਦੀ ਤੁਸੀਂ ਆਪਣੇ ਆਲੇ ਦੁਆਲੇ ਰਹਿੰਦੇ ਬੱਚਿਆਂ ਨੂੰ ਖੁਸਰਿਆਂ ਦੇ ਮੇਲ-ਮਿਲਾਪ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ? ਬਿਲਕੁਲ ਨਹੀਂ। ਕੀ ਆਮ ਆਦਮੀ ਨੇ ਬੱਚਿਆਂ ਉੱਤੇ ਜਿਨਸੀ ਜ਼ੁਲਮ ਨਹੀਂ ਕੀਤਾ ? ਜੇਕਰ ਤੁਸੀਂ ਨਾਂਹ ਵਿਚ ਜਵਾਬ ਦਿਓਂਗੇ ਤਾਂ ਫਿਰ ਸਵਾਲ ਪੈਦਾ ਹੋਏਗਾ ਕਿ ਸਾਡੇ ਵਿਚ ਹਮਜਿਨਸਪ੍ਰਸਤਾਂ ਦੀ ਗਿਣਤੀ ਵਿਚ ਵਾਧਾ ਕਿਉਂ ਹੋ ਰਿਹਾ ਹੈ। ਜੇਕਰ ਇਕ ਵਿਅਕਤੀ



ਹਮਜਿਨਸਪ੍ਰਸਤੀ ਦੇ ਮਜ਼ੇ ਵਿਚ ਡੁੱਬਿਆ ਹੋਵੇ ਅਤੇ ਸਮਾਜ ਉਸ ਦੇ ਵਿਰੁੱਧ ਰੋਸ ਪ੍ਰਗਟ ਨਾ ਕਰੇ ਤਾਂ ਫਿਰ ਖੁਸਰੇ ਜਾਂ ਨਿਰਬਾਨ ਹੋਣ ਵਾਲੇ ਖੁਸਰੇ ਦੇ ਖਿਲਾਫ਼ ਰੋਸ ਕੌਣ ਪ੍ਰਗਟ ਕਰੇਗਾ ? ਕੀ ਕਦੀ ਤੁਸੀਂ ਸੋਚਿਆ ਕਿ ਘਰ ਤੋਂ ਭੱਜਣ ਵਾਲਾ ਬੱਚਾ ਰਾਤ ਕਿੱਥੇ ਰਹਿੰਦਾ ਹੈ ? ਕੀ ਤੁਸੀਂ ਗਲੀ ਮੁਹੱਲੇ ਵਿਚ ਫਿਰਨ ਵਾਲੇ ਬੱਚਿਆਂ ਦੀਆਂ ਕੁਦਰਤੀ ਜ਼ਰੂਰਤਾਂ ਨੂੰ ਜਾਣ ਕੇ ਉਨ੍ਹਾਂ ਨੂੰ ਖ਼ੁਦਾ ਦੀਆਂ ਦਿੱਤੀਆਂ ਦਾਤਾਂ ਨਾਲ ਮਾਲਾ-ਮਾਲ ਹੋਣ ਦਾ ਮੌਕਾ ਦਿੱਤਾ ? ਕੀ ਕਦੀ ਤੁਸੀਂ ਖ਼ਿਆਲ ਕੀਤਾ ਕਿ ਦਿਨ ਦੇ ਚਾਨਣ ਅਤੇ ਰਾਤ ਦੇ ਹਨੇਰੇ ਵਿਚ ਗੁੰਮ ਹੋਣ ਵਾਲੇ ਬੱਚੇ ਕਿੱਥੇ ਜ਼ਲੀਲ ਅਤੇ ਖ਼ਵਾਰ ਹੁੰਦੇ ਹਨ ? ਕੀ ਕਦੀ ਤੁਸੀਂ ਧਿਆਨ ਦਿੱਤਾ ਕਿ ਸਾਰਾ ਦਿਨ ਕਾਗ਼ਜ਼, ਰੱਦੀ, ਕੂੜਾ ਕਰਕਟ ਚੁਣਨ ਵਾਲੇ ਬੱਚੇ ਕੁਝ ਰੁਪਈਆਂ ਦੀ ਖ਼ਾਤਰ ਕਿਉਂ ਜ਼ਲੀਲ ਅਤੇ ਖ਼ਵਾਰ ਹੁੰਦੇ ਹਨ। ਕੀ ਤੁਸੀਂ ਸੋਚਿਆ ਕਿ ਮਾਮੂਲੀ ਜਿਹੀ ਰਕਮ ਦੇ ਵਾਸਤੇ ਇਨਸਾਨ ਦੂਸਰੇ ਇਨਸਾਨ ਦਾ ਖ਼ੂਨ ਕਿਉਂ ਵਹਾਉਂਦਾ ਹੈ ? ਕੀ ਤੁਸੀਂ ਕਦੀ ਸੋਚਿਆ ਕਿ ਹੁਕਮਰਾਨ, ਸਿਆਸਤਦਾਨ, ਬੀਊਰੋਕਰੇਟ, ਕਲੱਰਕ ਅਤੇ ਚਪੜਾਸੀ ਸਾਰੇ ਖ਼ਜ਼ਾਨੇ ਨੂੰ ਜੋਕ ਦੇ ਵਾਂਗ ਕਿਉਂ ਚੂਸ ਰਹੇ ਹਨ ? ਕੀ ਤੁਸੀਂ ਕਦੀ ਗ਼ਲਤ ਨੂੰ ਗ਼ਲਤ ਅਤੇ ਠੀਕ ਨੂੰ ਠੀਕ ਕਿਹਾ ? ਬਿਲਕੁਲ ਨਹੀਂ। ਇਹੋ ਉਹ ਮਕਾਰੀ ਹੈ ਜਿਹੜੀ ਸਮਾਜ ਦੇ ਲਈ ਘਾਤਕ ਜ਼ਹਿਰ ਹੈ। ਕੀ ਤੁਸੀਂ ਮੰਨਦੇ ਹੋ ਕਿ ਖੁਸਰਾ ਇਸ ਸਮਾਜ ਦਾ ਇਨਸਾਨ ਦੇ ਰੂਪ ’ਚ ਕਿ ਇਕ ਜ਼ਰੂਰੀ ਹਿੱਸਾ ਹੈ। ਜੇਕਰ ਤੁਹਾਡਾ ਜਵਾਬ ਸਬੂਤ ਚਾਹਵੇ ਤਾਂ ਦਸੋ ਕਿ ਸਾਡੇ ਹੱਕਾਂ ਨੂੰ ਕੌਣ ਪੂਰਾ ਕਰੇਗਾ ? ਕੋਈ ਇਕ ਇਨਸਾਨ ਨਹੀਂ ਸਗੋਂ ਤੁਸੀਂ ਸਾਰੇ ਲੋਕ। ਤੁਸੀਂ ਆਪਣਾ ਫ਼ਰਜ਼ ਪੂਰਾ ਕਰੋ, ਖੁਸਰਾ ਆਪਣਾ ਫ਼ਰਜ਼ ਪੂਰਾ ਕਰੇਗਾ। ਜਦੋਂ ਦੋਵਾਂ ਪਾਸਿਓਂ ਬਰਾਬਰੀ ਦੀ ਗੱਲ ਹੋਵੇਗੀ ਤਾਂ ਫਿਰ ਖੁਸਰਾ ਕਿਸੇ ਨੂੰ ਨਿਰਬਾਨ ਬਣਨ ਲਈ ਮਜਬੂਰ ਨਹੀਂ ਕਰੇਗਾ।

ਕੁਝ ਖੁਸਰਿਆਂ ਦਾ ਕਹਿਣਾ ਹੈ ਕਿ ਆਪਣੇ ਲਿੰਗ ਤੋਂ ਵੰਚਿਤ ਹੋਣ ਵਾਲਾ ਖੁਸਰਾ ਸ਼ੌਕੀਆ ਖੁਸਰਾ ਨਹੀਂ ਸਗੋਂ ਇਸ ਤਰ੍ਹਾਂ ਦਾ ਮਰਦ ਹੈ ਜਿਸ ਦੇ ਅੰਦਰ ਔਰਤ ਬਣਨ ਦੀ ਖ਼ਾਹਿਸ਼ ਸ਼ੁਰੂ ਤੋਂ ਕਾਇਮ ਹੈ। ਏਸੇ ਜਜ਼ਬੇ ਕਰਕੇ ਉਹ ਸਮਝਦਾ ਹੈ ਕਿ ਲਿੰਗ ਤੋਂ ਵੰਚਿਤ ਹੋਣਾ ਉਸ ਨੂੰ ਮਰਦ ਦੀ ਸਫ਼ ’ਚੋਂ ਕੱਢ ਕੇ ਔਰਤਾਂ ਦੀ ਸਫ਼ ਵਿਚ ਲਿਆ ਕੇ ਖੜ੍ਹਾ ਕਰੇਗਾ। ਮੁਕਦੀ ਗੱਲ ਉਹ ਇਕ ਚੰਗੇ ਗੁਰੂ ਦੀ ਸਿੱਖਿਆ ਸਦਕਾ ਬਹੁਤ ਛੇਤੀ ਕਾਮ ਵਾਸ਼ਨਾ ਤੋਂ ਵਾਂਝੇ ਹੋਣ ਲਈ ਤਿਆਰ ਹੋ ਜਾਏਗਾ। ਕਾਮ ਵਾਸ਼ਨਾ ਤੋਂ ਵੰਚਿਤ ਹੋਣਾ ਕੋਈ ਮਾਮੂਲੀ ਕੰਮ ਨਹੀਂ। ਇਹ ਇਕ ਇਸ ਤਰ੍ਹਾਂ ਦੀ ਮਾਨਸਿਕ ਜੰਗ ਕਹੀ ਜਾ ਸਕਦੀ ਹੈ ਜਿਸ ਵਿਚ ਕਾਮਯਾਬੀ ਸਿਰਫ਼ ਉਸ ਮਨੁੱਖ ਨੂੰ ਮਿਲੇਗੀ ਜਿਸ ਦੇ ਪੱਠੇ ਆਮ ਵਿਅਕਤੀ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹੋਣ ਕਿਉਂਕਿ ਇਸ ਵਿਚ ਜਾਨ ਚਲੀ ਜਾਣ ਦਾ ਵੀ ਖ਼ਤਰਾ ਹੈ। ਕਾਮ ਵਾਸ਼ਨਾ ਤੋਂ ਵੰਚਿਤ ਹੋਣ ਲਈ ਅਪਰੇਸ਼ਨ ਵੇਲੇ ਕੁਝ ਸਾਲ ਪਹਿਲਾਂ ਕਰੀਮ ਪਾਰਕ ਲਾਹੌਰ ਦਾ ਇਕ ਲੜਕਾ ਸੁਹੇਲ ਉਰਫ਼ ਡਿੰਪਲ ਆਪਣੀ ਜਾਨ ਤੋਂ ਹੱਥ ਧੋ ਬੈਠਾ ਸੀ। ਸੁਹੇਲ ਬਹੁਤ ਜ਼ਿਆਦਾ ਖ਼ੂਬਸੂਰਤ ਅਤੇ ਸਮਾਰਟ ਲੜਕਾ ਸੀ। ਨੱਚਣ ਦੇ ਹੱਥੋਂ ਮਜਬੂਰ ਹੋ ਕੇ ਖੁਸਰਿਆਂ ਦੇ ਟੇਟੇ ਚੜ੍ਹ ਗਿਆ ਅਤੇ ਫਿਰ ਕੁਝ ਚਿਰ ਬਾਅਦ ਉਸ ਨੇ ਖੁਸਰਿਆਂ ਦੀ ਜ਼ਿੰਦਗੀ ਨੂੰ ਹਰ ਤਰ੍ਹਾਂ ਨਾਲ ਅਪਨਾ ਲਿਆ। ਡਿੰਪਲ ਦੇ ਬਾਰੇ ਮਸ਼ਹੂਰ ਸੀ ਕਿ ਗੁਰੂ ਉਹਨੂੰ ਆਪਣੇ ਦੂਸਰੇ ਚੇਲਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਚਾਹੁੰਦਾ ਸੀ। ਗੁਰੂ ਦੇ ਮੇਲ-ਮਿਲਾਪ ਵਿਚ ਰਹਿਣ ਦੀ ਵਜ੍ਹਾ ਨਾਲ ਡਿੰਪਲ ਨੇ ਕਾਮ ਵਾਸ਼ਨਾਵਾਂ ਤੋਂ ਵੰਚਿਤ ਹੋਣ ਦੀ ਰਜ਼ਾਮੰਦੀ ਦਾ ਪ੍ਰਗਟਾਵਾ ਕੀਤਾ। ਡਿੰਪਲ ਦਾ ਅਪਰੇਸ਼ਨ ਕਿਸ ਨੇ ਅਤੇ ਕਿੱਥੇ ਅਤੇ ਕਿਸ ਤਰ੍ਹਾਂ ਕੀਤਾ ? ਇਸ ਦੇ ਬਾਰੇ ਜਾਣਕਾਰੀ ਨਹੀਂ ਮਿਲ ਸਕੀ ਪਰੰਤੂ ਐਨਾ ਜ਼ਰੂਰ ਪਤਾ ਲੱਗਾ ਕਿ ਡਿੰਪਲ ਦੇ ਲਿੰਗ ਕਟਣ ਦੇ ਅਪਰੇਸ਼ਨ ਵੇਲੇ ਖ਼ੂਨ ਜ਼ਿਆਦਾ ਵਗ ਜਾਣ ਕਰਕੇ ਉਹਨੂੰ ਮੀਊ ਹਸਪਤਾਲ ਦੀ ਐਮਰਜੈਂਸੀ ਵਾਰਡ ਵਿਚ ਦਾਖ਼ਲ ਕਰਵਾਇਆ ਗਿਆ ਜਿੱਥੇ ਉਹ ਕੁਝ ਘੰਟੇ ਜ਼ਿੰਦਗੀ ਅਤੇ ਮੌਤ ਦੀ ਲੜਾਈ ਵਿਚ ਰਹਿ ਕੇ ਖ਼ੁਦਾ

ਨਾਲ ਇਕਮਿਕ ਹੋ ਗਿਆ। ਪਰੰਤੂ ਹੈਰਾਨੀ ਦੀ ਗੱਲ ਹੈ ਕਿ ਮੀਊ ਹਸਪਤਾਲ ਦੀ ਐਮਰਜੈਂਸੀ ਵਾਰਡ ਵਿਚ ਚਵ੍ਹੀ ਘੰਟੇ ਰਿਹਾ ਸੀ, ਨਾ ਗਵਾਲ ਮੰਡੀ ਦੀ ਪੁਲਿਸ, ਜਿਹੜੀ ਕਿ ਹਰ ਆਉਣ ਜਾਣ ਵਾਲੇ ਨੂੰ ਤੰਗ ਕਰਨਾ ਆਪਣਾ ਫ਼ਰਜ਼ ਸਮਝਦੀ ਹੈ, ਨੇ ਡਿੰਪਲ ਨੂੰ ਹਸਪਤਾਲ ਵਿਚ ਲਿਆਉਣ ਵਾਲਿਆਂ ਦੇ ਖਿਲਾਫ਼ ਕਿਸੇ ਕਿਸਮ ਦੀ ਕਾਰਵਾਈ ਨਹੀਂ ਕੀਤੀ।

ਖੁਸਰੇ ਦਾ ਲਿੰਗ ਕਟਣ ਦਾ ਅਪਰੇਸ਼ਨ ਗੁਰੂ, ਸਾਥੀ ਖੁਸਰੇ ਡਾਕਟਰ ਜਾਂ ਖੁਸਰਾ ਆਪ ਕਰਦਾ ਹੈ ? ਇਸ ਸਵਾਲ ਦੇ ਬਾਰੇ ਜਿਹੜੀ ਜਾਣਕਾਰੀ ਮਿਲੀ, ਉਸ ਦੇ ਅਨੁਸਾਰ ਇਸ ਕਿਸਮ ਦਾ ਅਪਰੇਸ਼ਨ ਗੁਰੂ ਕਰਦਾ ਹੈ। ਸਾਥੀ ਖੁਸਰੇ ਇਸ ਤਰ੍ਹਾਂ ਦੇ ਅਪਰੇਸ਼ਨ ਵੇਲੇ ਗੁਰੂ ਦੀ ਮਦਦ ਕਰਦੇ ਹਨ। ਪਰੰਤੂ ਡਾਕਟਰ ਕੋਲੋਂ ਇਸ ਤਰ੍ਹਾਂ ਦਾ ਅਪਰੇਸ਼ਨ ਕਰਾਉਣ ਦੀ ਕਿਸੇ ਕਿਸਮ ਦੀ ਖ਼ਬਰ ਦੀ ਪੁਸ਼ਟੀ ਨਹੀਂ ਹੋ ਸਕੀ। ਪਰੰਤੂ ਐਨਾ ਜ਼ਰੂਰ ਹੈ ਕਿ ਖ਼ੂਨ ਜ਼ਿਆਦਾ ਵਗ ਜਾਏ ਜਾਂ ਹਾਲਤ ਕਾਬੂ ਤੋਂ ਬਾਹਰ ਹੋ ਜਾਏ ਤਾਂ ਫਿਰ ਡਾਕਟਰ ਦੀਆਂ ਸੇਵਾਵਾਂ ਜ਼ਰੂਰ ਲਈਆਂ ਜਾਂਦੀਆਂ ਹਨ। ਭਾਵ ਡਾਕਟਰ ਨੂੰ ਖੁਸਰੇ ਆਪਣੇ ਡੇਰੇ ’ਤੇ ਬੁਲਾਉਂਦੇ ਹਨ। ਜੇਕਰ ਮਰੀਜ਼ ਸੰਭਲ ਜਾਏ ਤਾਂ ਠੀਕ, ਨਹੀਂ ਤਾਂ ਦੂਸਰੀ ਹਾਲਤ ਵਿਚ ਕਿਸੇ ਹਸਪਤਾਲ ਦਾ ਖ਼ਿਆਲ ਕਰਦੇ ਹਨ। ਪਰੰਤੂ ਹਸਪਤਾਲ ਜਾਣ ਲਈ ਖੁਸਰੇ ਮਰਦ ਦਾ ਰੂਪ ਧਾਰਨ ਕਰਦੇ ਹਨ। ਸੋ ਖੁਸਰਿਆਂ ਦੇ ਕੋਲ ਰਹਿਣ ਵਾਲੇ ਲੋਕਾਂ ਦੀ ਬਹੁ-ਗਿਣਤੀ ਦਾ ਕਹਿਣਾ ਹੈ ਕਿ ਖੁਸਰੇ ਨਿਰਬਾਨ ਅਪਰੇਸ਼ਨ ਵੇਲੇ ਡਾਕਟਰ ਕੋਲ ਜ਼ਰੂਰ ਹੀ ਜਾਂਦੇ ਹਨ। ਪਰੰਤੂ ਖੁਸਰੇ ਇਸ ਦੀ ਹਾਮੀ ਨਹੀਂ ਭਰਦੇ। ਪਰੰਤੂ ਗੁਰੂ ਦੇ ਅਨੁਸਾਰ ਆਮ ਲੋਕਾਂ ਨੂੰ ਗ਼ਲਤ ਫ਼ਹਿਮੀ ਹੋ ਸਕਦੀ ਹੈ ਕਿ ਨਿਰਬਾਨ ਅਪਰੇਸ਼ਨ ਦੇ ਲਈ ਗੁਰੂ ਅਪਰੇਸ਼ਨ ਵਿਚ ਮਦਦ ਦੇ ਲਈ ਕਿਸੇ ਦੂਸਰੇ ਗੁਰੂ ਨੂੰ ਜ਼ਰੂਰ ਬੁਲਾਉਂਦਾ ਹੈ। ਇਸ ਤਰ੍ਹਾਂ ਦੇ ਗੁਰੂ ਦੇ ਬਾਰੇ ਖੁਸਰਿਆਂ ਵਿਚ ਪੱਕਾ ਯਕੀਨ ਹੁੰਦਾ ਹੈ ਕਿ ਇਸ ਤਰ੍ਹਾਂ ਦੇ ਅਪਰੇਸ਼ਨ ਦੀਆਂ ਸਾਰੀਆਂ ਸਮੱਸਿਆਵਾਂ ਅਤੇ ਮਸਲਿਆਂ ’ਤੇ ਉਹ ਅਸਾਨੀ ਨਾਲ ਕਾਬੂ ਪਾ ਸਕਦੇ ਹਨ। ਬਾਹਰੋਂ ਗੁਰੂ ਨੂੰ ਬੁਲਾਉਣ ਦਾ ਭਾਵ ਡਾਕਟਰ ਦੀ ਸਹਾਇਤਾ ਪ੍ਰਾਪਤ ਕਰਨਾ ਹੈ। ਹਰ ਢੰਗ ਨਾਲ ਖੁਸਰਿਆਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਦੀ ਰੋਸ਼ਨੀ ਵਿਚ ਇਹ ਦਾਅਵਾ ਕੀਤਾ ਜਾ ਸਕਦਾ ਹੈ ਕਿ ਖੁਸਰਿਆਂ ਦਾ ਗੁਰੂ ਹੀ ਇਸ ਕਿਸਮ ਦੇ ਅਪਰੇਸ਼ਨ ਕਰਦਾ ਹੈ। ਜਿੱਥੋਂ ਤੱਕ ਇਸ ਗੱਲ ਦਾ ਸੰਬੰਧ ਹੈ ਕਿ ਖੁਸਰਾ ਆਪ ਵੀ ਇਸ ਤਰ੍ਹਾਂ ਕਰਦਾ ਹੈ ਤਾਂ ਇਸ ਦੇ ਬਾਰੇ ਖੁਸਰਿਆਂ ਦਾ ਕਹਿਣਾ ਹੈ ਕਿ ਸਮਝਦਾਰ ਇਨਸਾਨ ਇਸ ਤਰ੍ਹਾਂ ਨਹੀਂ ਕਰ ਸਕਦਾ ਅਤੇ ਜਿਹੜਾ ਇਸ ਤਰ੍ਹਾਂ ਕਰਦਾ ਹੈ ਉਹ ਨਾਰਮਲ ਇਨਸਾਨ ਨਹੀਂ। ਮੁਕਦੀ ਗੱਲ ਕਿ ਕਿਸੇ ਇਸ ਤਰ੍ਹਾਂ ਦੀ ਖ਼ਬਰ ਦਾ ਸਬੂਤ ਨਹੀਂ ਮਿਲ ਸਕਿਆ ਕਿ ਕਿਸੇ ਖੁਸਰੇ ਨੇ ਆਪ ਆਪਣੇ ਹੱਥਾਂ ਨਾਲ ਆਪਣਾ ਲਿੰਗ ਕੱਟਿਆ ਹੋਵੇ।

ਖੁਸਰੇ ਨੂੰ ਨਿਰਬਾਨ ਬਣਾਉਣ ਦੇ ਅਪਰੇਸ਼ਨ ਦੇ ਵਿਚ ਗੁਰੂ ਜਾਂ ਉਸ ਦੇ ਸਾਥੀ ਕਿਹੜੇ ਔਜ਼ਾਰ ਵਰਤਦੇ ਹਨ ? ਇਸ ਦੇ ਬਾਰੇ ਖੁਸਰਿਆਂ ਦਾ ਕਹਿਣਾ ਹੈ ਕਿ ਖ਼ਤਨਾ (ਸੁੰਨਤ) ਕਰਨ ਵਾਲੇ ਨਾਈ ਦੇ ਵਾਂਗ ਉਸ ਤਰ੍ਹਾਂ ਬਲੇਡ, ਸਵਾਹ, ਕੁਦਰਤੀ ਜੜ੍ਹੀ ਬੂਟੀਆਂ ਤੋਂ ਬਣਾਈ ਗਈ ਮਲ੍ਹਮ ਅਤੇ ਇਸ ਕਿਸਮ ਦੀਆਂ ਹੋਰ ਦਵਾਈਆਂ ਵਰਤੀਆਂ ਜਾਂਦੀਆਂ ਹਨ। ਅਪਰੇਸ਼ਨ ਕਰਨ ਤੋਂ ਪਹਿਲਾਂ ਲੜਕੇ ਦੇ ਲਿੰਗ ਦੇ ਆਲੇ-ਦੁਆਲੇ ਦੀ ਥਾਂ ਨੂੰ ਸੁੰਨ ਕਰਨ ਦੇ ਲਈ ਭੂਤ ਕਾਲ ਵਿਚ ਖੁਸਰੇ ਦੇਸੀ ਨੁਸਖ਼ੇ ਵਰਤਦੇ ਸਨ। ਪਰੰਤੂ ਅੱਜਕੱਲ੍ਹ ਆਸਾਨੀ ਨਾਲ ਮਿਲ ਰਹੇ ‘ਸੁੰਨ ਕਰਨ ਵਾਲੇ’ ਸਪਰੇਅ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਵੇਲੇ ਲੜਕੇ ਦਾ ਅਪਰੇਸ਼ਨ ਕੀਤਾ ਜਾਵੇ ਤਾਂ ਇਸ ਗੱਲ ਨੂੰ ਪੱਕਾ ਕੀਤਾ ਜਾਂਦਾ ਹੈ ਕਿ ਉਹ ਹਿਲ ਨਾ ਜਾਏ। ਇਸ ਲਈ ਉਹਨੂੰ ਇਕ ਦੋ ਖੁਸਰੇ ਫੜ ਕੇ ਬਹਿ ਜਾਂਦੇ ਹਨ। ਖੁਸਰੇ ਦਾ ਲਿੰਗ ਕੱਟਣ ਵੇਲੇ ਗੁਰੂ ਦੀ ਕੋਸ਼ਿਸ਼ ਹੁੰਦੀ ਹੈ ਕਿ ਚੇਲਾ ਆਪਣੇ ਗੁਪਤ ਅੰਗ ਵੱਲ ਨਾ ਵੇਖ ਸਕੇ। ਬਹੁਤ ਜ਼ਿਆਦਾ ਤਾਕਤਵਰ ਪੱਠਿਆਂ ਦੇ ਮਾਲਕ ਖੁਸਰੇ ਵੀ



ਇਸ ਤਰ੍ਹਾਂ ਦੀ ਸਥਿਤੀ ਦੇ ਆਖ਼ਰੀ ਵੇਲੇ ਹਿੰਮਤ ਹਾਰ ਕੇ ਮੈਦਾਨ ਵਿਚੋਂ ਭੱਜਣ ਦੀ ਕੋਸ਼ਿਸ਼ ਕਰਦੇ ਹਨ। ਇਸ ਸਥਿਤੀ ਤੋਂ ਬਚਣ ਲਈ ਗੁਰੂ ਦੀ ਮਰਜ਼ੀ ’ਤੇ ਨਿਰਭਰ ਕਰਦਾ ਹੈ ਕਿ ਉਹ ਦੂਸਰਿਆਂ ਚੇਲਿਆਂ ਦੀ ਮਦਦ ਨਾਲ ਨਿਰਬਾਨ ਹੋਣ ਵਾਲੇ ਖੁਸਰੇ ਦਾ ਧਿਆਨ ਕਿਸੇ ਹੋਰ ਪਾਸੇ ਲਾਏ ਜਾਂ ਉਸ ਦੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਦੇਵੇ। ਨਿਰਬਾਨ ਹੋਣ ਵਾਲੇ ਖੁਸਰੇ ਅੱਖਾਂ ’ਤੇ ਪੱਟੀ ਬੰਨ੍ਹਣ ਦੇ ਕੰਮ ਦਾ ਬਹੁਤ ਜ਼ਿਆਦਾ ਵਿਰੋਧ ਕਰਦੇ ਹਨ। ਇਸ ਦਾ ਮੁੱਢਲਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਉਸ ਦੇ ਨੇੜੇ ਵਾਲਿਆਂ ਦਾ ਇਸ ਕੰਮ ਤੋਂ ਮਜ਼ਾ ਲੈਣਾ ਉਨ੍ਹਾਂ ਦਾ ਹੱਕ ਹੈ ਕਿ ਅੰਨ੍ਹੇ ਨੇ ਆਪਣੇ ਜਿਸਮ ’ਤੇ ਮੌਜੂਦ ਮਰਦ ਦੇ ਨਿਸ਼ਾਨ ਨੂੰ ਜੜ੍ਹ ਤੋਂ ਉੱਖੜਵਾ ਸੁੱਟਿਆ।

ਖੁਸਰੇ ਨੂੰ ਨਿਰਬਾਨ ਬਣਾਉਣ ਦੇ ਅਪਰੇਸ਼ਨ ਵਿਚ ਇਸ ਤਰ੍ਹਾਂ ਦੇ ਇਨਸਾਨਾਂ ਦੀ ਹਾਜ਼ਰੀ ਨੂੰ ਯਕੀਨੀ ਬਣਾਇਆ ਜਾਂਦਾ ਹੈ, ਜਿਨ੍ਹਾਂ ਨੂੰ ਇਸ ਅਪਰੇਸ਼ਨ ਵਿਚ ਸੱਦਣ ਦੀ ਖਾਹਸ਼ ਆਪ ਖੁਸਰਾ ਕਰੇ। ਇਸ ਤਰ੍ਹਾਂ ਦੇ ਵਿਅਕਤੀਆਂ ਵਿਚ ਜ਼ਿਆਦਾ ਕਰਕੇ ਖੁਸਰੇ ਦੀਆਂ ਸਹੇਲੀਆਂ ਅਤੇ ਜੇਕਰ ਆਸ਼ਕ ਜਾਂ ਪਤੀ ਹੋਵੇ ਤਾਂ ਉਹਨੂੰ ਜ਼ਰੂਰ ਹੀ ਸੱਦਿਆ ਜਾਂਦਾ ਹੈ। ਖੁਸਰਾ ਆਪਣੀ ਇਸ ਕੁਰਬਾਨੀ ਨੂੰ ਆਸ਼ਕ ਜਾਂ ਪਤੀ ਦੇ ਨਾਂ ਕਰਦਾ ਹੈ। ਜੇਕਰ ਆਸ਼ਕ ਜਾਂ ਪਤੀ ਦੀ ਖੁਸਰੇ ਪ੍ਰਤੀ ਬਹੁਤ ਜ਼ਿਆਦਾ ਦਿਲਚਸਪੀ ਅਤੇ ਮੁਹੱਬਤ ਹੋਵੇ ਤਾਂ ਫਿਰ ਆਸ਼ਕ ਜਾਂ ਪਤੀ ਦੇ ਖ਼ਰਚੇ ਤੇ ਖੁਸਰੇ ਨੂੰ ਨਿਰਬਾਨ ਬਣਾਉਣ ਤੋਂ ਪਹਿਲਾਂ ਇਕ ਬਹੁਤ ਵੱਡੇ ਸਮਾਗਮ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਸ ਵਿਚ ਸ਼ਹਿਰ ਦੇ ਸਾਰੇ ਖੁਸਰਿਆਂ ਤੋਂ ਇਲਾਵਾ ਦੂਸਰੀਆਂ ਥਾਵਾਂ ਦੇ ਖੁਸਰਿਆਂ ਨੂੰ ਵੀ ਸੱਦਿਆ ਜਾਂਦਾ ਹੈ। ਇਸ ਸਮਾਗਮ ਵਿਚ ਹਿੱਸਾ ਲੈਣ ਵਾਲੇ ਵਿਅਕਤੀ ਨਿਰਬਾਨ ਹੋਣ ਵਾਲੇ ਖੁਸਰੇ ਨੂੰ ਵੱਖ-ਵੱਖ ਕਿਸਮਾਂ ਦੇ ਕੀਮਤੀ ਤੋਹਫ਼ੇ ਭੇਟਾ ਕਰਦੇ ਹਨ। ਜ਼ਰੂਰੀ ਹੈ ਕਿ ਨਿਰਬਾਨ ਹੋਣ ਵਾਲੇ ਖੁਸਰੇ ਨੂੰ ਮਿਲਣ ਵਾਲੇ ਸਾਰੇ ਤੋਹਫ਼ੇ ਔਰਤਾਂ ਦੀਆਂ ਲੋੜਾਂ ਪੂਰੀਆਂ ਕਰਦੇ ਹੋਣ। ਇਸ ਤਰ੍ਹਾਂ ਦੇ ਸਮਾਗਮ ਵਿਚ ਨਿਰਬਾਨ ਹੋਣ ਵਾਲੇ ਖੁਸਰੇ ਨੂੰ ਦੁਲਹਨ ਦੇ ਵਾਂਗ ਸਜਾ ਕੇ ਮਹਿਫ਼ਲ ਵਿਚ ਲਿਆਂਦਾ ਜਾਏਗਾ। ਦੁਲਹਨ ਬਣਿਆ ਖੁਸਰਾ ਸਭ ਤੋਂ ਪਹਿਲਾਂ ਗੁਰੂ ਦੇ ਪੈਰਾਂ ਨੂੰ ਹੱਥ ਲਾ ਕੇ ਉਸ ਦੇ ਕਦਮਾਂ ਦੀ ਮਿੱਟੀ ਆਪਣੀ ਮਾਂਗ ਵਿਚ ਭਰਨ ਦੇ ਬਾਅਦ ਹਾਜ਼ਰ ਸਾਰਿਆਂ ਤੋਂ ਸੀਨੀਅਰ ਗੁਰੂ ਦੇ ਪੈਰਾਂ ਨੂੰ ਚੁੰਮੇਗਾ। ਉਸ ਦੇ ਬਾਅਦ ਉਹ ਫਿਰਦਾ-ਫਿਰਦਾ ਆਪਣੀਆਂ ਸਾਰੀਆਂ ਸਹੇਲੀਆਂ ਨੂੰ ਮਿਲਣ ਦੇ ਬਾਅਦ ਪਤੀ ਜਾਂ ਆਸ਼ਕ ਦੇ ਹਾਜ਼ਰ ਹੁੰਦਿਆਂ ਉਸ ਦੇ ਪੈਰਾਂ ਵਿਚ ਜਾ ਕੇ ਬਹਿ ਜਾਏਗਾ। ਜਿਸ ਦੇ ਬਾਅਦ ਉਹ ਆਪਣੀ ਮਹਿਬੂਬਾ ਨੂੰ ਪੈਰਾਂ ’ਚ ਉੱਠਾ ਕੇ ਦਾਇਰੇ ਵਿਚ ਪਈ ਕੁਰਸੀ ’ਤੇ ਬਿਠਾਏਗਾ। ਜਿਸ ਤੋਂ ਮਗਰੋਂ ਖੁਸਰੇ ਨੂੰ ਤੋਹਫ਼ੇ ਦੇਣ ਦਾ ਸਿਲਸਿਲਾ ਸ਼ੁਰੂ ਹੋਏਗਾ। ਇਸ ਕੰਮ ਦੇ ਖ਼ਤਮ ਹੁੰਦਿਆਂ ਈ ਗੁਰੂ ਆਪਣੇ ਚੇਲੇ ਦੀ ਖ਼ੁਸ਼ੀ ਵਾਸਤੇ ਪਿੜ ਵਿਚ ਆ ਕੇ ਨੱਚਣਗੇ। ਗੁਰੂ ਦੇ ਨਾਚ ਦੇ ਖ਼ਤਮ ਹੁੰਦਿਆਂ ਈ ਮਹਿਫ਼ਲ ਵਿਚ ਹਾਜ਼ਰ ਸਾਰੇ ਖੁਸਰੇ ਆਸ਼ਕਾਨਾ ਅੰਦਾਜ਼ ਵਿਚ ਨੱਚਦੇ ਹੋਏ ਆਪਣੀ ਸਹੇਲੀ ਦੀ ਸਦੀਵੀ ਖੁਸ਼ਹਾਲੀ ਅਤੇ ਉੱਜਲ ਭਵਿੱਖ ਲਈ ਦੁਆ ਕਰਨਗੇ। ਆਮ ਕਰਕੇ ਇਸ ਤਰ੍ਹਾਂ ਦਾ ਸਮਾਗਮ ਸਵੇਰ ਦੀ ਨਮਾਜ਼ ਤੋਂ ਪਹਿਲਾਂ ਹੋ ਜਾਂਦਾ ਹੈ। ਸਮਾਗਮ ਖ਼ਤਮ ਹੁੰਦਿਆਂ ਈ ਅਪਰੇਸ਼ਨ ਵਿਚ ਹਿੱਸਾ ਲੈਣ ਵਾਲੇ ਖੁਸਰਿਆਂ ਤੋਂ ਇਲਾਵਾ ਸਾਰੇ ਖੁਸਰੇ ਵਾਪਸ ਚਲੇ ਜਾਣਗੇ। ਜਦੋਂ ਕਿ ਇਸ ਦੇ ਬਹੁਤ ਛੇਤੀ ਬਾਅਦ ਸੂਰਜ ਦੇ ਚੜ੍ਹਦਿਆਂ ਹੀ ਖੁਸਰੇ ਨੂੰ ਨਿਰਬਾਨ ਬਣਾ ਦਿੱਤਾ ਜਾਂਦਾ ਹੈ।

ਖੁਸਰੇ ਨੂੰ ਬੇਹੋਸ਼ ਕਰਕੇ ਵੀ ਆਸਾਨੀ ਨਾਲ ਅਪਰੇਸ਼ਨ ਪੂਰਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਕਿਉਂ ਨਹੀਂ ਹੁੰਦਾ ? ਇਸ ਦਾ ਕਾਰਨ ਖੁਸਰਿਆਂ ਦੀ ਉਹ ਰਸਮ ਹੈ ਜਿਹੜੀ ਨਿਰਬਾਨ ਹੋਣ ਵਾਲਾ ਖੁਸਰਾ ਅਪਰੇਸ਼ਨ ਦੇ ਤੁਰੰਤ ਬਾਅਦ ਪੂਰੀ ਕਰਦਾ ਹੈ। ਇਸ ਰਸਮ ਦੇ ਬਾਰੇ ਖੁਸਰਿਆਂ ਨੇ ਕਿਸੇ ਕਿਸਮ ਦੀ ਜਾਣਕਾਰੀ ਨਹੀਂ ਦਿੱਤੀ। ਪਰੰਤੂ ਖੁਸਰਿਆਂ ਵਿਚ ਸ਼ਾਮਲ ਇਕ ਵਿਅਕਤੀ ਦਾ

ਕਹਿਣਾ ਹੈ ਕਿ ਖੁਸਰਿਆਂ ਦੇ ਲਈ ਇਹ ਰਸਮ ਇਸ ਲਈ ਜ਼ਰੂਰੀ ਹੈ ਕਿ ਜੇਕਰ ਇਸ ਨੂੰ ਅਪਰੇਸ਼ਨ ਦੇ ਤੁਰੰਤ ਬਾਅਦ ਪੂਰਾ ਨਾ ਕੀਤਾ ਜਾਏ ਤਾਂ ਕੱਟੇ ਲਿੰਗ ਦੀ ਥਾਂ ਠੀਕ ਨਹੀਂ ਹੁੰਦੀ। ਇਸ ਰਸਮ ਦੀ ਵਜ੍ਹਾ ਕਰਕੇ ਖੁਸਰੇ ਨੂੰ ਨਿਰਬਾਨ ਬਣਾਉਣ ਦਾ ਅਪਰੇਸ਼ਨ ਇਸ ਤਰ੍ਹਾਂ ਦੀ ਥਾਂ ’ਤੇ ਕੀਤਾ ਜਾਂਦਾ ਹੈ ਜਿੱਥੇ ਹਰੇ-ਭਰੇ ਰੁੱਖਾਂ ਅਤੇ ਚੜ੍ਹਦੇ ਸੂਰਜ ਦਾ ਨਜ਼ਾਰਾ ਵੇਖਣ ਨੂੰ ਸੌਖਾ ਹੋਵੇ। ਰਸਮ ਕੁਝ ਇਸ ਤਰ੍ਹਾਂ ਹੈ ਕਿ ਖੁਸਰੇ ਨੂੰ ਨਿਰਬਾਨ ਕਰਦੇ ਸਮੇਂ ਉਸ ਦਾ ਮੂੰਹ ਪੂਰਬ ਵੱਲ ਰੱਖਿਆ ਜਾਂਦਾ ਹੈ ਅਤੇ ਜਦੋਂ ਗੁਰੂ ਚੇਲੇ ਦੇ ਲਿੰਗ ਨੂੰ ਕੱਟ ਕੇ ਉਸ ਉੱਤੇ ਰੂੰ ਦੇ ਨਾਲ ਦਵਾਈ ਲਾ ਕੇ ਸਵਾਹ ਲਾਵੇ ਤਾਂ ਚੇਲਾ ਇਸ ਕੰਮ ਦੇ ਪੂਰੇ ਹੁੰਦੇ ਹੀ ਭੱਜ ਕੇ ਸਾਹਮਣੇ ਹਰੇ-ਭਰੇ ਰੁੱਖ ਨੂੰ ਜੱਫ਼ੀ ਪਾ ਕੇ ਸੂਰਜ ਵੱਲ ਵੇਖਦੇ ਹੋਏ ਅੱਲ੍ਹਾ ਕੋਲ ਦੁਆ ਕਰਦਾ ਹੈ ਕਿ ਐ ਅੱਲ੍ਹਾ ਮੀਆਂ ! ਇਸ ਸੂਰਜ ਅਤੇ ਹਰੇ ਭਰੇ ਰੁੱਖ ਦੇ ਵਾਂਗ ਮੇਰੀ ਜਵਾਨੀ ਨੂੰ ਹਰੀ-ਭਰੀ ਕਰ ਦੇ। ਪਤਝੜ ਇਸ ਰੁੱਖ ਨੂੰ ਦੇ-ਦੇ। ਉਸ ਵੇਲੇ ਮਹਿਫ਼ਲ ਵਿਚ ਹਾਜ਼ਰ ਸਾਰੇ ਖੁਸਰੇ ਖ਼ੁਸ਼ੀ ਨਾਲ ਖੜੇ ਹੋ ਕੇ ਕੁਰਬਾਨੀ ਦੇਣ ਵਾਲੇ ਖੁਸਰੇ ਦੇ ਖੁਸ਼ਹਾਲ ਭਵਿੱਖ ਲਈ ਦੁਆ ਕਰਦੇ ਹਨ। ਇਸ ਖਾਹਸ਼ ਦਾ ਪ੍ਰਗਟਾਵਾ ਕਰਦੇ ਹਨ ਕਿ ਅੱਲ੍ਹਾ ਦੂਸਰੀਆਂ ਸਹੇਲੀਆਂ ਨੂੰ ਵੀ ਨਿਰਬਾਨ ਹੋਣ ਦੀ ਹਿੰਮਤ ਦੇਵੇ। ਨਿਰਬਾਨ ਖੁਸਰਿਆਂ ਦੀ ਜ਼ਿੰਦਗੀ ਵਿਚ ਇਸ ਰਸਮ ਦੀ ਮਹੱਤਤਾ ਦਾ ਅੰਦਾਜ਼ਾ ਇਸ ਕੰਮ ਤੋਂ ਲਾਇਆ ਜਾ ਸਕਦਾ ਹੈ ਕਿ ਜੇਕਰ ਰੁੱਖ ਸੁੱਕਣਾ ਸ਼ੁਰੂ ਹੋ ਜਾਏ ਤਾਂ ਇਸ ਦਾ ਚਰਚਾ ਪੂਰੀ ਬਰਾਦਰੀ ਵਿਚ ਕੀਤਾ ਜਾਂਦਾ ਹੈ ਕਿ ਫਲਾਣੇ ਦੇ ਨਿਰਬਾਨ ਹੋਣ ਦੇ ਬਾਅਦ ਰੁੱਖ ਸੁੱਕ ਗਿਆ। ਹੁਣ ਹੁਸਨ ਅਤੇ ਦੌਲਤ ਉਸ ਦੇ ਕਦਮਾਂ ਦੀ ਗੋਲੀ ਹੋਵੇਗੀ। ਜੇਕਰ ਰੁੱਖ ਤਿੰਨ ਚਾਰ ਮਹੀਨਿਆਂ ਵਿਚ ਨਾ ਸੁੱਕੇ ਤਾਂ ਫਿਰ ਇਹ ਸਮਝਿਆ ਜਾਂਦਾ ਹੈ ਕਿ ਨਿਰਬਾਨ ਹੋਣ ਵਾਲੇ ਖੁਸਰੇ ਦੀ ਚੜ੍ਹਤ ਕਦੀ ਨਹੀਂ ਹੋਏਗੀ। ਖੁਸਰਾ ਜਦੋਂ ਰੁੱਖ ਨਾਲ ਚੁੰਬੜ ਕੇ ਦੁਆ ਮੰਗਦਾ ਹੈ ਤਾਂ ਉਹਨੂੰ ਰੁੱਖ ਨਾਲੋਂ ਵੱਖ ਕਰਨ ਦਾ ਅਲਾਹੀ ਹੁਕਮ ਮਹਿਫ਼ਲ ਵਿਚ ਹਾਜ਼ਰ ਸਾਰਿਆਂ ਤੋਂ ਸੀਨੀਅਰ ਗੁਰੂ ਦੇਂਦਾ ਹੈ। ਉਸ ਵੇਲੇ ਗੁਰੂ ਚੇਲੇ ਦਾ ਮੂੰਹ ਚੁੰਮ ਕੇ ਉਸ ਦੀ ਇਸ ਮਹਾਨ ਕੁਰਬਾਨੀ ਦੀ ਸ਼ਾਨਦਾਰ ਸ਼ਬਦਾਂ ਵਿਚ ਤਾਰੀਫ਼ ਕਰਦਿਆਂ ਹੋਇਆਂ ਉਸ ਨੂੰ ਆਪਣੇ ਵੱਲੋਂ ਕੀਮਤੀ ਤੋਹਫ਼ੇ ਦੇਵੇਗਾ। ਇਸ ਮੌਕੇ ਉੱਤੇ ਦੂਸਰੇ ਖੁਸਰੇ ਨਿਰਬਾਨ ਹੋਣ ਵਾਲੇ ਸਾਥੀ ਨੂੰ ਤੋਹਫ਼ੇ ਦੇਣ ਦੀ ਥਾਂ ਉਸ ਦੇ ਕਦਮਾਂ ਦੀ ਮਿੱਟੀ ਆਪਣੀ ਮਾਂਗ ਵਿਚ ਭਰਦੇ ਹਨ।

ਅਪਰੇਸ਼ਨ ਦੇ ਬਾਅਦ ਹੋਣ ਵਾਲੀ ਇਸ ਰਸਮ ਦੇ ਖ਼ਤਮ ਹੋਣ ਦੇ ਬਾਅਦ ਗੁਰੂ ਚੇਲੇ ਨੂੰ ਬਿਸਤਰੇ ’ਤੇ ਲੰਮਾ ਪਾ ਕੇ ਆਰਾਮ ਕਰਨ ਦੀ ਨਸੀਅਤ ਦੇਂਦਾ ਹੈ ਜਿਸ ਦੇ ਬਾਅਦ ਸਾਥੀ ਖੁਸਰੇ ਦਿਨ ਰਾਤ ਉਸ ਦੀ ਦੇਖ-ਭਾਲ ਦੇ ਇਲਾਹੀ ਹੁਕਮ ਦੀ ਪਾਲਣਾ ਕਰਨਗੇ। ਖੁਸਰੇ ਦੀ ਦਿਮਾਗ਼ੀ ਅਤੇ ਜਿਸਮਾਨੀ ਹਾਲਤ ਨਾਰਮਲ ਰੱਖਣ ਲਈ ਸਾਰੇ ਇਲਾਕੇ ਦੇ ਖੁਸਰੇ ਉਹਨੂੰ ਮੁਬਾਰਕਬਾਦ ਦੇਣ ਦੇ ਲਈ ਆਉਣਗੇ। ਜਦੋਂ ਕਿ ਗੁਰੂ ਦੇ ਖ਼ਰਚੇ ’ਤੇ ਖੁਸਰੇ ਦੇ ਲਈ ਦੇਸੀ ਘਿਉ ਨਾਲ ਬਣੇ ਖਾਣੇ, ਕੀਮਾ, ਗੋਸ਼ਤ, ਫਲ, ਦੁੱਧ, ਬਾਦਾਮ, ਦਹੀਂ, ਪਿਸ਼ਤਾ ਅਤੇ ਹੋਰ ਤਾਕਤਵਰ ਚੀਜ਼ਾਂ ’ਤੇ ਆਧਾਰਿਤ ਖ਼ਾਸ ਖ਼ੁਰਾਕ ਤਿਆਰ ਕੀਤੀ ਜਾਏਗੀ। ਇਕ ਖੁਸਰੇ ਦੇ ਮੁਤਾਬਿਕ ਨਿਰਬਾਨ ਹੋਣ ਵਾਲਾ ਖੁਸਰਾ ਤਿੰਨ ਮਹੀਨੇ ਨਾਲੋਂ ਜ਼ਿਆਦਾ ਸਮੇਂ ਤੱਕ ਘਰ ਵਿਚ ਆਰਾਮ ਕਰਦਾ ਹੈ। ਇਸ ਸਮੇਂ ਵਿਚ ਦੂਸਰੇ ਖੁਸਰੇ ਵੱਖ-ਵੱਖ ਕਰੀਮਾਂ ਅਤੇ ਲੋਸ਼ਨ ਦੀ ਮਦਦ ਨਾਲ ਉਸ ਦੀ ਚਮੜੀ ਨੂੰ ਨਰਮ ਅਤੇ ਮਲਾਇਮ ਬਣਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਨਿਰਬਾਨ ਹੋਣ ਦੇ ਬਾਅਦ ਖੁਸਰਾ ਜਿੰਨੇ ਦਿਨ ਘਰ ਆਰਾਮ ਕਰੇ, ਉਹਨੂੰ ਪਾਰਟੀ ਵੱਲੋਂ ਕਮਾਈ ਗਈ ਰਕਮ ਵਿਚੋਂ ਪੂਰਾ ਹਿੱਸਾ ਦਿੱਤਾ ਜਾਂਦਾ ਹੈ। ਨਿਰਬਾਨ ਖੁਸਰੇ ਦੀ ਜ਼ਿੰਦਗੀ ਦੀ ਸ਼ੁਰੂਆਤ ਹੁੰਦਿਆਂ ਈ ਉਹਨੂੰ ਇਸ ਤਰ੍ਹਾਂ ਦੇ ਪਰੋਟੋਕੋਲ ਨਾਲ ਨਿਵਾਜ਼ਦੇ ਹਨ ਕਿ ਆਮ ਹਾਲਤ ਵਿਚ ਉਹ ਇਸ ਦਾ ਖ਼ਿਆਲ ਵੀ ਨਹੀਂ ਕਰ ਸਕਦਾ। ਪਰੰਤੂ ਵਕਤ ਬੀਤਣ ਦੇ ਨਾਲ-ਨਾਲ ਇਸ ਪਰੋਟੋਕੋਲ ਵਿਚ ਕਮੀ ਆਉਂਦੀ ਜਾਏਗੀ। ਪਰ ਇਸ ਤਰ੍ਹਾਂ



ਕਦੀ ਨਹੀਂ ਹੋਏਗਾ ਕਿ ਬਰਾਦਰੀ ਵਿਚ ਲੈਣ-ਦੇਣ ਕਰਦੇ ਵਕਤ ਨਿਰਬਾਨ ਖੁਸਰੇ ਨੂੰ ਦੂਸਰੇ ਖੁਸਰਿਆਂ ਤੋਂ ਪਹਿਲ ਨਾ ਦਿੱਤੀ ਜਾਏ।

ਜਿੱਥੋਂ ਤੱਕ ਇਸ ਗੱਲ ਦਾ ਸੰਬੰਧ ਹੈ ਕਿ ਨਿਰਬਾਨ ਖੁਸਰੇ ਆਚਰਣ ਅਤੇ ਕਿਰਦਾਰ ਪੱਖੋਂ ਕਿਸ ਤਰ੍ਹਾਂ ਦੇ ਲੋਕ ਹਨ ? ਇਸ ਦੇ ਸੰਬੰਧ ਵਿਚ ਐਨਾ ਕਹਿਣਾ ਬਹੁਤ ਹੈ ਕਿ ਨਿਰਬਾਨ ਖੁਸਰੇ ਹਮਜਿਨਸਪ੍ਰਸਤਾਂ ਦੀ ਉਹ ਕਿਸਮ ਹਨ ਜਿਹੜੇ ਆਪਣੀ ਇਸ ਨਾਜਾਇਜ਼ ਕਰਤੂਤ ਨੂੰ ਜਾਇਜ਼ ਸਾਬਤ ਕਰਨ ਦੇ ਲਈ ਔਰਤ ਦਾ ਰੂਪ ਧਾਰਦੇ ਹਨ। ਨਮਾਜ਼, ਰੋਜ਼ਾ, ਹੱਜ, ਜ਼ਕਾਤ (ਆਮਦਨ ਦਾ ਚਾਲ੍ਹੀਵਾਂ ਹਿੱਸਾ ਜਿਹੜਾ ਮੁਸਲਮਾਨ ਰੱਬ ਦੇ ਨਾਂ ’ਤੇ ਖ਼ਰਚ ਕਰਦੇ ਹਨ।) ਦੂਸਰੇ ਧਾਰਮਿਕ ਮਾਮਲਿਆਂ ਨਾਲ ਉਨ੍ਹਾਂ ਦਾ ਸੰਬੰਧ ਨਾ ਹੋਣ ਦੇ ਬਰਾਬਰ, ਜਦੋਂ ਕਿ ਵਿਹਾਰਕ ਜ਼ਿੰਦਗੀ ਬੁਰਾਈਆਂ ਨਾਲ ਭਰੀ ਨਜ਼ਰ ਆਉਂਦੀ ਹੈ। ਨਿਰਬਾਨ ਖੁਸਰੇ ਦੀ ਆਈਡੀਅਲ ਸ਼ਖ਼ਸੀਅਤ ਔਰਤ ਜਾਂ ਨਾਮਵਰ ਵੇਸਵਾ ਹੁੰਦੀ ਹੈ ਜਿਹੜੀ ਆਪਣੇ ਹੁਸਨ ਦਾ ਜਾਦੂ ਚਲਾ ਕੇ ਆਪਣੇ ਚਾਹੁਣ ਵਾਲਿਆਂ ਨੂੰ ਬੇਵਕੂਫ਼ ਬਣਾਉਂਦੀ ਹੈ। ਨਿਰਬਾਨ ਖੁਸਰਾ ਵੀ ਹੁਸਨ ਅਤੇ ਜਵਾਨੀ ਦੇ ਹਰ ਪਲ ਦੀ ਕੀਮਤ ਭਰਪੂਰ ਤਰੀਕੇ ਨਾਲ ਵਸੂਲ ਕਰਦਾ ਹੈ। ਜਮਾਂਦਰੂ ਖੁਸਰਾ ਨਿਰਬਾਨ ਖੁਸਰੇ ਨੂੰ ਆਪਣੇ ਸਮਾਜ ਦਾ ਹਿੱਸਾ ਸਮਝਦਾ ਹੋਇਆ ਉਹਨੂੰ ਆਪਣੇ ਕੋਲ ਰਹਿਣ ਦੀ ਇਜਾਜ਼ਤ ਦੇਂਦਾ ਹੈ। ਪਰ ਇਹ ਗੱਲ ਬਹੁਤ ਹੈਰਾਨੀਜਨਕ ਅਤੇ ਛਾਣ-ਬੀਣ ਕਰਨ ਵਾਲੀ ਹੈ ਕਿ ਪਾਕਦਾਮਨ ਦਾ ਦਾਅਵਾ ਕਰਨ ਵਾਲੇ ਖੁਸਰੇ ਦੋ ਨੰਬਰ ਖੁਸਰਿਆਂ ਨੂੰ ਕੋਲ ਕਿਉਂ ਰੱਖਦੇ ਹਨ ?

### ਇੱਕ ਜਮਾਂਦਰੂ ਹੀਜੜੇ ਨਾਲ ਗੱਲ-ਬਾਤ

ਖੁਸਰਿਆਂ ਦੇ ਸੰਵਿਧਾਨਕ ਅਤੇ ਕਾਨੂੰਨੀ ਹੈਸੀਅਤ ਨੂੰ ਜਾਣਨ ਦੇ ਲਈ ਅਸੀਂ ਗ਼ੁਲਾਮ ਮੁਰਤਜਾ ਚੌਧਰੀ ਐਡਵੋਕੇਟ ਦੇ ਚੈਂਬਰ ਵਿਚ ਬੈਠੇ ਗੱਲਬਾਤ ਕਰ ਰਹੇ ਸੀ ਤਾਂ ਉੱਥੇ ਜ਼ਿਲ੍ਹਾ ਬਹਾਵਲ ਨਗਰ ਦੇ ਇਕ ਸਾਹਬ ਵੀ ਹਾਜ਼ਰ ਸਨ ਜਿਹੜੇ ਗੱਲਬਾਤ ਵਿੱਚ ਭਰਪੂਰ ਦਿਲਚਸਪੀ ਲੈ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਬਹਾਵਲ ਨਗਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਕਸਬੇ ਵਿਚ ਇੱਕ ਜਮਾਂਦਰੂ ਹੀਜੜਾ ਹੈ ਪਰ ਉਸ ਦੇ ਬਾਰੇ ਅੱਜ ਤੱਕ ਕੋਈ ਇਹ ਨਹੀਂ ਜਾਣਦਾ ਕਿ ਉਹ ਮਰਦਾਨਾ ਸਮਰੱਥਾ ਤੋਂ ਵਿਹੂਣਾ ਹੈ। ਉਹ ਇਕ ਪੂਰੇ ਅਤੇ ਭਰਪੂਰ ਮਰਦ ਦੇ ਤੌਰ ’ਤੇ ਜ਼ਿੰਦਗੀ ਦੇ ਫ਼ਰਜ਼ਾਂ ਨੂੰ ਨਿਭਾ ਰਿਹਾ ਹੈ। ਅਸੀਂ ਉਸ ਸਾਹਬ ਨੂੰ ਅਰਜ਼ ਕੀਤੀ ਕਿ ਸਾਡੀ ਉਸ ਨਾਲ ਮੁਲਾਕਾਤ ਕਰਵਾ ਦਿਉ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਅਗਲੇ ਹਫ਼ਤੇ ਲਾਹੌਰ ਆਉਣਾ ਹੈ, ਮੈਂ ਉਹਨੂੰ ਨਾਲ ਲੈਂਦਾ ਆਊਂਗਾ। ਤੁਸੀਂ ਦਿਲ ਖੋਲ੍ਹ ਕੇ ਉਸ ਨਾਲ ਗੱਲਾਂ ਕਰ ਲੈਣੀਆਂ। ਵਾਇਦੇ ਮੁਤਾਬਿਕ ਅਗਲੇ ਹਫ਼ਤੇ ਉਹ ਸਾਹਬ ਉਸ ਨੂੰ (ਜਮਾਂਦਰੂ ਨਾਮਰਦ) ਨਾਲ ਲੈ ਕੇ ਗ਼ੁਲਾਮ ਮੁਰਤਜ਼ਾ ਚੌਧਰੀ ਐਡਵੋਕੇਟ ਦੇ ਦਫ਼ਤਰ ਜ਼ਹੂਰ ਚੈਂਬਰ ਮੁਜੰਗ ਰੋਡ ਲਾਹੌਰ ਪਹੁੰਚ ਗਏ। ਉੱਥੇ ਉਹਦੇ ਨਾਲ ਯੂਸਫ਼ ਮਜਾਹਿਦ, ਸਾਕਿਬ ਨੂਰ ਅਤੇ ਸ਼ਮੀਮ ਖ਼ਟਕ ਐਡਵੋਕੇਟ ਦੀ ਹਾਜ਼ਰੀ ਵਿਚ ਹੋਣ ਵਾਲੀ ਗੱਲਬਾਤ ਹਾਜ਼ਰ ਹੈ।

? ਕੀ ਤੁਸੀਂ ਜਾਣ-ਪਛਾਣ ਕਰਾਉਣੀ ਪਸੰਦ ਕਰੋਗੇ।

—ਮੈਨੂੰ ਪਤਾ ਹੈ ਕਿ ਤੁਸੀਂ ਖੁਸਰਿਆਂ ਦੀ ਜ਼ਿੰਦਗੀ ਦੀਆਂ ਲੁੱਕੀਆਂ ਨੁੱਕਰਾਂ ਨੂੰ ਨੰਗਾ ਕਰਨ ਦੇ ਲਈ ਇਕ ਰੀਪੋਰਟ ਤਿਆਰ ਕਰ ਰਹੇ ਹੋ। ਮੈਂ ਤੁਹਾਨੂੰ ਆਪਣਾ ਨਾਂ ਪਤਾ ਸਿਰਫ਼ ਇਸ ਸ਼ਰਤ ’ਤੇ ਦੱਸ ਸਕਦਾ ਹਾਂ ਕਿ ਤੁਸੀਂ ਉਹਨੂੰ ਛਾਪੋਂਗੇ ਨਹੀਂ।

? ਕੀ ਇਹ ਗੱਲ ਠੀਕ ਹੈ ਕਿ ਤੁਸੀਂ ਜਮਾਂਦਰੂ ਮਰਦਾਨਾ ਸਮਰੱਥਾ ਤੋਂ ਵਿਹੂਣੇ ਹੋ।

—ਜੀ ਹਾਂ! ਇਹ ਗੱਲ ਠੀਕ ਹੈ!

? ਕੀ ਇਸ ਦੇ ਬਾਰੇ ਤੁਹਾਡੇ ਦੋਸਤਾਂ, ਪਿਆਰਿਆਂ ਅਤੇ ਸਾਕ ਸੰਬੰਧੀਆਂ ਨੂੰ ਪਤਾ ਹੈ।

—ਮੇਰੇ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਇਸ ਗੱਲ ਦਾ ਪਤਾ ਹੈ ਪਰ ਮੇਰੇ ਕਿਸੇ ਦੋਸਤ ਨੂੰ ਇਸ ਦਾ ਪਤਾ ਨਹੀਂ। ਪਰੰਤੂ ਸਾਡੇ ਇਲਾਕੇ ਦੇ ਇਕ ਖੁਸਰੇ ਨੂੰ ਪਤਾ ਹੈ, ਉਹਨੂੰ ਇਹ ਗੱਲ ਦਾਈ ਨੇ ਦੱਸੀ ਸੀ।

? ਕੀ ਖੁਸਰਿਆਂ ਨੇ ਤੁਹਾਨੂੰ ਤੁਹਾਡੇ ਮਾਪਿਆਂ ਤੋਂ ਲੈਣ ਦੀ ਕੋਸ਼ਿਸ਼ ਨਹੀਂ ਕੀਤੀ। ਕਿਉਂਕਿ ਸਾਨੂੰ ਪਤਾ ਲੱਗਿਆ ਹੈ ਕਿ ਜਦੋਂ ਕਦੀ ਖੁਸਰਿਆਂ ਨੂੰ ਇਸ ਕਿਸਮ ਦੇ ਬੱਚੇ ਦੇ ਜਨਮ ਦੀ ਖ਼ਬਰ ਮਿਲੇ ਤਾਂ ਉਹ ਮਾਪਿਆਂ ਕੋਲੋਂ ਬੱਚਾ ਹਾਸਲ ਕਰਕੇ ਆਪ ਪਾਲਦੇ ਹਨ।

—ਉਸ ਖੁਸਰੇ ਨੇ ਮੈਨੂੰ ਪ੍ਰਾਪਤ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰੰਤੂ ਮੇਰੇ ਪਾਪਾ ਨਹੀਂ ਮੰਨੇ। ਸ਼ੁਰੂ-ਸ਼ੁਰੂ ਵਿਚ ਤਾਂ ਖੁਸਰਾ ਸਾਡੇ ਘਰ ਆ ਕੇ ਮੈਨੂੰ ਹਾਸਲ ਕਰਨ ਲਈ ਮਾਪਿਆਂ ਨੂੰ ਬਹੁਤ ਤੰਗ ਕਰਦਾ ਰਿਹਾ। ਮੇਰੇ ਮਾਪਿਆਂ ਜਦੋਂ ਉਸ ਦੇ ਨਾਲ ਸਖ਼ਤੀ ਕੀਤੀ ਤਾਂ ਉਸ ਨੇ ਬਹਾਵਲ ਨਗਰ ਦੇ ਇਕ ਤਹਿਸੀਲ ਹੈੱਡ ਕਵਾਟਰ ਦੀਵਾਨੀ ਅਦਾਲਤ ਵਿਚ ਇਸ ਸਿਲਸਿਲੇ ਦਾ ਦਾਅਵਾ ਵੀ ਦਾਇਰ ਕੀਤਾ ਜਿਸ ਨੂੰ ਅਦਾਲਤ ਨੇ ਤਿੰਨ ਸਾਲ ਦੀ ਸੁਣਵਾਈ ਦੇ ਬਾਅਦ ਖ਼ਾਰਜ ਕਰ ਦਿੱਤਾ। ਮੇਰੀ ਅੰਮਾ ਅਕਸਰ ਮੈਨੂੰ ਦੱਸਦੀ ਹੈ ਕਿ ਉਨ੍ਹੀਂ ਦਿਨੀਂ ਮੈਂ ਬਹੁਤ ਪਰੇਸ਼ਾਨ ਰਹਿੰਦੀ ਸੀ ਕਿ ਕਿਤੇ ਅਦਾਲਤ ਜ਼ਬਰਦਸਤੀ ਮੇਰਾ ਬੱਚਾ ਖੋਹ ਕੇ ਖੁਸਰੇ ਦੇ ਹਵਾਲੇ ਨਾ ਕਰ ਦੇਵੇ। ਅਦਾਲਤ 'ਚ ਮੁਕੱਦਮਾ ਹਾਰਨ ਦੇ ਬਾਅਦ ਖੁਸਰਿਆਂ ਨੇ ਮੁਲਤਾਨ ਦੇ ਕੁਝ ਗੁੰਡਿਆਂ ਦੇ ਰਾਹੀਂ ਅੱਬਾ ਜੀ ਨੂੰ ਬਹੁਤ ਡਰਾਇਆ ਧਮਕਾਇਆ। ਇਸ ਦੇ ਬਾਵਜੂਦ ਉਨ੍ਹਾਂ ਨੇ ਮੈਨੂੰ ਖੁਸਰੇ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਵੇਲੇ ਮੇਰੀ ਉਮਰ ਚਾਰ ਕੁ ਸਾਲ ਸੀ। ਅੰਮਾ ਹਰ ਵੇਲੇ ਮੇਰੇ ਉੱਤੇ ਕਰੜੀ ਨਜ਼ਰ ਰੱਖਦੀ ਅਤੇ ਕਿਸੇ ਵੇਲੇ ਵੀ ਅੱਖਾਂ ਤੋਂ ਉਹਲੇ ਨਾ ਹੋਣ ਦੇਂਦੀ। ਏਥੋਂ ਤੱਕ ਕਿ ਜਦੋਂ ਮੈਂ ਸਕੂਲ ਜਾਣਾ ਸ਼ੁਰੂ ਕੀਤਾ ਤਾਂ ਅੱਬਾ ਜੀ ਜਾਂ ਅੰਮਾ ਜੀ ਮੈਨੂੰ ਆਪ ਸਕੂਲ ਛੱਡ ਕੇ ਅਤੇ ਲੈ ਕੇ ਆਉਂਦੇ। ਦੂਸਰੀ ਜਮਾਤ ਵਿਚ ਮੈਨੂੰ ਨਾਨੀ ਅੰਮਾ ਦੇ ਕੋਲ ਘੱਲ ਦਿੱਤਾ ਗਿਆ। ਆਪਣੇ ਨਾਨਕੇ ਹੀ ਮੈਂ ਨੌਂਵੀਂ ਜਮਾਤ ਤੱਕ ਪੜ੍ਹਾਈ ਕੀਤੀ। ਬਾਅਦ ਵਿਚ ਮੈਟਰਿਕ ਦਾ ਇਮਤਿਹਾਨ ਮੈਂ ਬਹਾਵਲ ਨਗਰ ਦੇ ਇਕ ਸਕੂਲ ਤੋਂ ਪਾਸ ਕੀਤਾ।

? ਤੁਸੀਂ ਪੜ੍ਹਾਈ ਵੇਲੇ ਖੇਡਾਂ ਵਿਚ ਦਿਲਚਸਪੀ ਲੈਂਦੇ ਸੀ।

—ਮੈਨੂੰ ਹਾਕੀ, ਤੈਰਾਕੀ, ਦੌੜ ਅਤੇ ਕਬੱਡੀ ਦਾ ਬਹੁਤ ਸ਼ੌਕ ਸੀ। ਹਾਕੀ ਦੇ ਮੈਦਾਨ ਵਿਚ ਮੇਰੀ ਮਸ਼ਹੂਰੀ ਦੂਰ-ਦੂਰ ਤੱਕ ਸੀ। ਮੈਂ ਆਪਣੇ ਸਕੂਲ ਦੀ ਟੀਮ ਦੀ ਅਗਵਾਈ ਕਰ ਚੁੱਕਿਆ ਹਾਂ। ਇਸ ਤੋਂ ਇਲਾਵਾ ਬਹਾਵਲ ਨਗਰ ਡਵੀਜ਼ਨ ਅਤੇ ਪੰਜਾਬ ਹਾਕੀ ਟੀਮ ਦੀ ਵੀ ਪ੍ਰਤੀਨਿਧਤਾ ਕਰ ਚੁੱਕਿਆ ਹਾਂ। ਬਹੁਤ ਜ਼ਿਆਦਾ ਚੰਗੀ ਖੇਡ ਦੇ ਬਾਵਜੂਦ ਕੌਮੀ ਟੀਮ ਵਿਚ ਥਾਂ ਨਹੀਂ ਬਣਾ ਸਕਿਆ ਜਿਸ ਦਾ ਮੈਨੂੰ ਬੇਹੱਦ ਅਫਸੋਸ ਹੈ। ਇਸ ਦਾ ਕਾਰਨ ਇਹ ਸੀ ਕਿ ਮੈਂ ਆਪਣਾ ਕਾਰੋਬਾਰ ਸ਼ੁਰੂ ਕਰ ਦਿੱਤਾ ਸੀ। ਕਾਰੋਬਾਰੀ ਰੁਝੇਵਿਆਂ ਕਰਕੇ ਮੈਂ ਖੇਡ ਵੱਲ ਧਿਆਨ ਨਾ ਦੇ ਸਕਿਆ। ਜਿਸ ਦਾ ਨਤੀਜਾ ਇਹ ਹੋਇਆ ਕਿ ਮੈਂ ਪੰਜਾਬ ਤੋਂ ਅੱਗੇ ਨਾ ਜਾ ਸਕਿਆ। ਜਦੋਂ ਕਿ ਤੈਰਾਕੀ ਦਾ ਸ਼ੌਕ ਸਿਰਫ਼ ਇਸ ਹੱਦ ਤੱਕ ਸੀ ਕਿ ਗਰਮੀਆਂ ਵਿਚ ਸਾਦਕੀਆ ਨਹਿਰ ਵਿਚ ਨਹਾ ਲਿਆ। ਵੈਸੇ ਮੇਰੇ ਦੋਸਤ ਕਹਿੰਦੇ ਹਨ ਕਿ ਮੇਰੇ ਵਰਗਾ ਤੈਰਾਕ ਅੱਜ ਵੀ ਇਸ ਇਲਾਕੇ ਵਿਚ ਹੈ ਨਹੀਂ। ਕਬੱਡੀ ਅਤੇ ਦੌੜ ਵਿਚ ਮੈਂ ਸਿਰਫ਼ ਸਕੂਲ ਦੇ ਜ਼ਮਾਨੇ ਵਿਚ ਹਿੱਸਾ ਲਿਆ। ਉਸ ਦੇ ਬਾਅਦ ਕਦੀ ਇਨ੍ਹਾਂ ਖੇਡਾਂ ਵਿਚ ਹਿੱਸਾ ਨਹੀਂ ਲਿਆ। ਪਰ ਕਬੱਡੀ ਦੇ ਮੈਚ ਵੇਖਣ ਦਾ ਸ਼ੌਕ ਅੱਜ ਵੀ ਕਾਇਮ ਹੈ ਅਤੇ ਜਦੋਂ ਕਦੀ ਸਾਡੇ ਇਲਾਕੇ ਵਿਚ ਕੋਈ ਕਬੱਡੀ ਦਾ ਮੈਚ ਹੁੰਦਾ ਹੈ ਤਾਂ ਮੈਂ ਉਹਨੂੰ ਵੇਖਣ ਜ਼ਰੂਰ ਜਾਂਦਾ ਹਾਂ।

? ਤੁਸੀਂ ਸਰਹੱਦੀ ਇਲਾਕੇ ਦੇ ਰਹਿਣ ਵਾਲੇ ਹੋ। ਤੁਹਾਡੇ ਇਲਾਕੇ ਵਿਚ ਲੋਕਾਂ ਨੂੰ ਸ਼ਿਕਾਰ ਦਾ ਬਹੁਤ ਸ਼ੌਕ ਹੈ। ਕੀ ਤੁਸੀਂ ਕਦੀ ਸ਼ਿਕਾਰ ਖੇਡਿਆ ?



—ਜੀ ਹਾਂ! ਕਈ ਵਾਰ ਸ਼ਿਕਾਰ ਖੇਡਿਆ। ਤੁਹਾਡੀ ਜਾਣਕਾਰੀ ਦੇ ਲਈ ਅਰਜ਼ ਹੈ ਕਿ ਮੈਂ ਬਹੁਤ ਵਧੀਆ ਨਿਸ਼ਾਨੇਬਾਜ਼ ਵੀ ਹਾਂ। ਨੇੜੇ ਲਈ ਏਅਰਗੰਨ ਦਾ ਨਿਸ਼ਾਨਾ ਬਹੁਤ ਵਧੀਆ ਹੈ। ਏਅਰਗੰਨ ਨਾਲ ਘੁੱਗੀ, ਤਿੱਤਰ, ਬਟੇਰ ਅਤੇ ਇਸ ਤਰ੍ਹਾਂ ਦੇ ਪੰਛੀਆਂ ਦਾ ਅਕਸਰ ਸ਼ਿਕਾਰ ਕਰਦਾ ਰਹਿੰਦਾ ਹਾਂ ਜਦਕਿ ਸੂਰ ਦਾ ਸ਼ਿਕਾਰ ਦੋ ਤਿੰਨ ਵਾਰ ਹੀ ਕੀਤਾ ਹੈ।

? ਫ਼ਿਲਮਾਂ ਅਤੇ ਟੀ. ਵੀ. ਡਰਾਮੇ ਵੀ ਵੇਖਦੇ ਹੋ ਜਾਂ ਨਹੀਂ।

—ਫ਼ਿਲਮਾਂ ਤਾਂ ਇੰਡੀਅਨ ਪਸੰਦ ਹਨ। ਲੇਕਿਨ ਪੀ. ਟੀ. ਵੀ. ਦੇ ਡਰਾਮੇ ਬੜੇ ਸ਼ੌਕ ਨਾਲ ਵੇਖਦਾ ਹਾਂ। ਸਾਡੇ ਇਲਾਕੇ ਵਿਚ ਪੀ. ਟੀ. ਵੀ. ਦਾ ਡਰਾਮਾ ਹੀ ਸਭ ਤੋਂ ਵੱਡਾ ਮਨੋਰੰਜਨ ਹੈ। ਅੱਜਕੱਲ੍ਹ ਤਾਂ ਸਾਡੇ ਇਲਾਕੇ ਵਿਚ ਵੀ ਕੇਬਲ ਨੈੱਟਵਰਕ ਸ਼ੁਰੂ ਹੋ ਚੁੱਕਾ ਹੈ ਪਰ ਇਸ ਦੇ ਬਾਵਜੂਦ ਟੀ. ਵੀ. ਡਰਾਮਿਆਂ ਦੀ ਲੋਕਪ੍ਰਿਯਤਾ ਕਾਇਮ ਹੈ। ਇੰਡੀਅਨ ਅਦਾਕਾਰਾਂ ਵਿਚੋਂ ਸੰਨੀ ਦਿਓਲ, ਮਮਤਾ ਕੁਲਕਰਨੀ ਦੀਆਂ ਫ਼ਿਲਮਾਂ ਜ਼ਿਆਦਾ ਸ਼ੌਕ ਨਾਲ ਵੇਖਦਾ ਹਾਂ। ਦੋਵੇਂ ਮੇਰੇ ਮਨਪਸੰਦ ਅਦਾਕਾਰ ਹਨ। ਜਦੋਂ ਕਿ ਪੰਜਾਬੀ ਫ਼ਿਲਮਾਂ ਵਿਚੋਂ ਸੁਲਤਾਨ ਰਾਹੀ ਦੀ 'ਮੌਲਾ ਜੱਟ' ਬਹੁਤ ਪਸੰਦ ਹੈ। ਇਸ ਫ਼ਿਲਮ ਨੂੰ ਮੈਂ ਸੈਂਕੜੇ ਵਾਰ ਵੇਖ ਚੁੱਕਾ ਹਾਂ।

? ਕੀ ਤੁਹਾਡੀ ਲੜਕੀਆਂ ਨਾਲ ਸੰਬੰਧ ਜਾਂ ਦੋਸਤੀ ਹੈ।

—ਲੜਕੀਆਂ ਨਾਲ ਦੋਸਤੀ ਤਾਂ ਨਹੀਂ। ਬਸ ਕਦੀ ਕਦਾਈਂ ਦੁਕਾਨ ਉੱਤੇ ਕਿਸੇ ਲੜਕੀ ਜਾਂ ਔਰਤ ਨਾਲ ਗੱਪਸ਼ੱਪ ਹੋ ਜਾਂਦੀ ਹੈ। ਵੈਸੇ ਵੀ ਦੋਸਤੀ ਕਿਸ ਲਈ ਕਰਾਂ ? ਪਰ ਇਕ ਦੋ ਵਾਰ ਲੜਕੀਆਂ ਨੇ ਇਸ਼ਕ ਦਾ ਪ੍ਰਗਟਾਵਾ ਵੀ ਕੀਤਾ ਅਤੇ ਖ਼ਤ ਵੀ ਲਿਖੇ। ਉਨ੍ਹਾਂ ਦੇ ਲਿਖੇ ਖ਼ਤ ਅੱਜ ਵੀ ਮੇਰੇ ਕੋਲ ਸੁਰੱਖਿਅਤ ਹਨ। ਉਨ੍ਹਾਂ ਵਿਚੋਂ ਇਕ ਲੜਕੀ ਦੀ ਸ਼ਾਦੀ ਹੋ ਚੁੱਕੀ ਹੈ ਜਦੋਂ ਕਿ ਦੂਸਰੀ ਅਜੇ ਤੱਕ ਲਾਈਨ ਮਾਰਨ ਦੀ ਕੋਸ਼ਿਸ਼ ਕਰ ਰਹੀ ਹੈ। ਕਈ ਵਾਰੀ ਉਹਨੇ ਮੈਨੂੰ ਨਾਮਰਦ ਹੋਣ ਦੇ ਤਾਅਨੇ ਵੀ ਦਿੱਤੇ ਪਰ ਮੈਂ ਕੀ ਕਰ ਸਕਦਾ ਹਾਂ। ਉਸ ਦਾ ਹਰ ਤਰ੍ਹਾਂ ਨਾਲ ਹੌਸਲਾ ਤੋੜਣ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਬਾਜ਼ ਨਹੀਂ ਆਉਂਦੀ। ਮੇਰੇ ਦੋਸਤਾਂ ਨੂੰ ਉਸ ਲੜਕੀ ਦੇ ਇਸ਼ਕ ਦਾ ਪਤਾ ਹੈ। ਉਹ ਵੀ ਮੇਰਾ ਮਜ਼ਾਕ ਉਡਾਉਂਦੇ ਹਨ ਕਿ ਤੂੰ ਉਹਨੂੰ ਲਿਫ਼ਟ ਕਿਉਂ ਨਹੀਂ ਦੇਂਦਾ।

? ਸੁਣਨ ਵਿਚ ਆਇਆ ਹੈ ਕਿ ਜਮਾਂਦਰੂ ਤੌਰ 'ਤੇ ਨਾਮਰਦ ਹੋਣ ਵਾਲੇ ਬੱਚੇ 'ਤੇ ਇਸਤਰੀਪਨ ਭਾਰੂ ਹੋ ਜਾਂਦਾ ਹੈ। ਕੀ ਤੁਹਾਨੂੰ ਕਦੀ ਅਹਿਸਾਸ ਨਹੀਂ ਹੋਇਆ ਕਿ ਤੁਹਾਨੂੰ ਖ਼ੁਦਾ ਨੇ ਔਰਤ ਕਿਉਂ ਨਹੀਂ ਬਣਾਇਆ ?

—ਇਹ ਕਹਿਣਾ ਗ਼ਲਤ ਹੈ ਕਿ ਜਮਾਂਦਰੂ ਨਾਮਰਦ (ਜਿਹਨੂੰ ਤੁਸੀਂ ਲੋਕ ਹੀਜੜਾ ਕਹਿੰਦੇ ਹੋ) ਉੱਤੇ ਇਸਤਰੀਪਨ ਭਾਰੂ ਹੋ ਜਾਂਦਾ ਹੈ। ਇਸਤਰੀਪਨ ਭਾਰੂ ਹੋਣ ਦੀ ਸ਼ਰਤ ਸਿਰਫ਼ ਇਕ ਹੈ ਕਿ ਤੁਹਾਡਾ ਪਾਲਣ-ਪੋਸ਼ਣ ਇਸ ਤਰ੍ਹਾਂ ਦੇ ਮਾਹੌਲ ਵਿਚ ਹੋਵੇ ਜਿੱਥੇ ਔਰਤ ਦੀ ਹਕੂਮਤ ਹੈ। ਤੁਸੀਂ ਬਚਪਨ ਤੋਂ ਹੀ ਬੱਚੇ ਨੂੰ ਔਰਤ ਵਰਗੀਆਂ ਆਦਤਾਂ ਅਪਨਾਉਣ ਦੀ ਸਿੱਖਿਆ ਦਿਓ। ਖੁਸਰੇ ਇਸ ਤਰ੍ਹਾਂ ਦੇ ਬੱਚਿਆਂ ਨਾਲ ਜਿਹੜਾ ਵਰਤਾਰਾ ਕਰਦੇ ਹਨ ਉਸ ਵਿਚ ਹਰ ਪਾਸੇ ਔਰਤ ਹੀ ਔਰਤ ਹੈ। ਤੁਸੀਂ ਜ਼ਿਆਦਾ ਦੂਰ ਨਾ ਜਾਓ, ਆਪਣੇ ਆਲੇ-ਦੁਆਲੇ ਨਜ਼ਰ ਮਾਰੋ। ਤੁਹਾਡੇ ਨੇੜੇ ਜ਼ਰੂਰ ਇਕ ਅੱਧਾ ਐਸਾ ਘਰ ਮੌਜੂਦ ਹੋਵੇਗਾ ਜਿੱਥੇ ਇਕ ਲੜਕਾ ਅਤੇ ਭੈਣਾਂ ਜ਼ਿਆਦਾ ਹੋਣਗੀਆਂ। ਇਸ ਤਰ੍ਹਾਂ ਦੀ ਹਾਲਤ ਵਿਚ ਵੀ ਲੜਕੇ ਉੱਤੇ ਇਸਤਰੀਪਨ ਭਾਰੂ ਹੋ ਜਾਂਦਾ ਹੈ ਤਾਂ ਫਿਰ ਜਿੱਥੇ ਬਾਕਾਇਦਾ ਪਾਲਣ-ਪੋਸ਼ਣ ਕੀਤਾ ਜਾਵੇ ਤਾਂ ਨਤੀਜਾ ਕੀ ਨਿਕਲੇਗਾ ? ਹੁਣ ਮੇਰੀ ਮਿਸਾਲ ਲਉ, ਮੇਰੇ ਮਾਪਿਆਂ ਨੇ ਮੇਰਾ ਪਾਲਣ ਪੋਸ਼ਣ ਇਕ ਪੂਰੇ ਮਰਦ ਦੀ ਹੈਸੀਅਤ ਨਾਲ ਕੀਤਾ। ਜਿਸਦਾ ਨਤੀਜਾ ਹੈ ਕਿ ਮੈਨੂੰ ਕਦੀ ਇਹ ਅਹਿਸਾਸ ਨਹੀਂ ਹੋਇਆ ਕਿ ਕਾਸ਼ ਖ਼ੁਦਾ ਮੈਨੂੰ ਲੜਕੀ ਬਣਾਉਂਦਾ। ਮੇਰੀ ਜਮਾਂਦਰੂ ਇਕ ਮਜਬੂਰੀ ਖ਼ੁਦਾ ਦੀ ਦੇਣ ਹੈ। ਇਹ ਤਾਂ ਸ਼ੁਕਰ ਹੈ ਉਸ ਅੱਲ੍ਹਾ

ਤਾਲਾ ਦਾ ਕਿ ਉਸ ਨੇ ਮੈਨੂੰ ਅੰਨ੍ਹਾ ਨਹੀਂ ਪੈਦਾ ਕੀਤਾ। ਜੇਕਰ ਮੈਂ ਜਮਾਂਦਰੂ ਅੰਨ੍ਹਾ ਜਾਂ ਲੂਲਾ-ਲੰਗੜਾ ਹੁੰਦਾ ਤਾਂ ਫਿਰ ਕੀ ਹੁੰਦਾ! ਜਮਾਂਦਰੂ ਨਾਮਰਦ ਕੋਈ ਬਿਮਾਰੀ ਨਹੀਂ ਸਿਰਫ਼ ਇਕ ਮਜਬੂਰੀ ਹੈ। ਪਰੰਤੂ ਬਦਕਿਸਮਤੀ ਨਾਲ ਸਾਡਾ ਸਮਾਜ ਇਸ ਮਜਬੂਰੀ ਨੂੰ ਕਬੂਲ ਨਹੀਂ ਕਰ ਰਿਹਾ ਹੈ। ਜੇਕਰ ਇਸ ਮਸਲੇ ਨੂੰ ਇਨਸਾਨੀ ਮਜਬੂਰੀ ਦੇ ਹਵਾਲੇ ਨਾਲ ਵੇਖਿਆ ਜਾਏ ਤਾਂ ਲੋਕਾਂ ਦੀ ਸੋਚ ਬਦਲੀ ਜਾ ਸਕਦੀ ਹੈ ਪਰੰਤੂ ਮਾਪਿਆਂ ਦੀ ਨਾਂਹ ਪੱਖੀ ਦਿਲਚਸਪੀ ਨੇ ਸਾਡੇ ਵਰਗੇ ਜਮਾਂਦਰੂ ਮਜਬੂਰੀ ਵਾਲਿਆਂ ਨੂੰ ਸਮਾਜ ਵਿਚ ਇਕ ਗਾਲ੍ਹ ਦੀ ਥਾਂ ਦੇ ਦਿੱਤੀ। ਜੇਕਰ ਮਾਪੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨ ਤਾਂ ਇਸ ਮਜਬੂਰੀ ਵਾਲੇ ਇਨਸਾਨ ਵੀ ਸਮਾਜ ਦਾ ਇਕ ਅਹਿਮ ਹਿੱਸਾ ਬਣ ਸਕਦੇ ਹਨ ਜਿਸ ਤਰ੍ਹਾਂ ਕਿ ਮੇਰੇ ਮਾਪਿਆਂ ਨੇ ਮੇਰੇ ਪਾਲਣ ਪੋਸ਼ਣ ਦੇ ਸਿਲਸਿਲੇ ਵਿਚ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਦੇ ਹੋਏ ਅੱਜ ਮੈਨੂੰ ਇਸ ਕਾਬਲ ਬਣਾਇਆ ਕਿ ਮੈਂ ਆਪਣੇ ਪੂਰੇ ਪਰਿਵਾਰ ਦੀ ਜ਼ਿੰਮੇਵਾਰੀ ਨਿਭਾ ਰਿਹਾ ਹਾਂ।

? ਕੀ ਤੁਹਾਡਾ ਰਿਸ਼ਤਾ ਵੀ ਆਇਆ।

—ਇਕ ਵਾਰੀ ਸਾਡੇ ਇਕ ਰਿਸ਼ਤੇਦਾਰ ਵੱਲੋਂ ਸੁਨੇਹਾ ਆਇਆ ਕਿ ਉਹ ਆਪਣੀ ਬੇਟੀ (ਜਿਹੜੀ ਕਿ ਗਰੈਜੂਏਟ ਅਤੇ ਸਕੂਲ ਟੀਚਰ ਹੈ) ਦੀ ਸ਼ਾਦੀ ਮੇਰੇ ਨਾਲ ਕਰਨਾ ਚਾਹੁੰਦੇ ਹਨ। ਰਿਸ਼ਤੇ ਦਾ ਸੁਨੇਹਾ ਸੁਣ ਕੇ ਮੇਰੇ ਮਾਪੇ ਬਹੁਤ ਦੁੱਖੀ ਹੋਏ ਕਿ ਕਾਸ਼ ਸਾਡਾ ਬੇਟਾ ਇਸ ਕਾਬਲ ਹੁੰਦਾ ਤਾਂ ਅੱਜ ਅਸੀਂ ਉਸ ਦੀ ਸ਼ਾਦੀ ਬੜੀ ਧੂਮਧਾਮ ਨਾਲ ਕਰਦੇ। ਉਸ ਦਿਨ ਮੈਂ ਪਹਿਲੀ ਵਾਰ ਅੱਬਾ ਜੀ ਨੂੰ ਰੋਂਦੇ ਵੇਖਿਆ ਅਤੇ ਉਨ੍ਹਾਂ ਨੇ ਕਈ ਵਾਰ ਕਿਹਾ ਮੇਰਾ ਸ਼ੇਰ ਪੁੱਤਰ ਜਵਾਨ ਹੈ ਪਰ ਮੈਂ ਇਸ ਦੇ ਮੁੱਖੜੇ 'ਤੇ ਸਿਹਰੇ ਬੰਨ੍ਹੇ ਨਹੀਂ ਵੇਖ ਸਕਦਾ। ਖ਼ੈਰ ਇਹ ਕਿ ਮੇਰੇ ਮਾਪਿਆਂ ਨੇ ਬਹੁਤ ਜ਼ਿਆਦਾ ਸੂਝ-ਬੂਝ ਨਾਲ ਇਸ ਮਾਮਲੇ ਨੂੰ ਨਿਪਟਾਇਆ ਅਤੇ ਰਿਸ਼ਤੇ ਤੋਂ ਜਵਾਬ ਦੇ ਦਿੱਤਾ। ਸਾਡੇ ਉਹ ਰਿਸ਼ਤੇਦਾਰ ਅੱਜ ਤੱਕ ਸਾਡੇ ਨਾਲ ਨਾਰਾਜ਼ ਹਨ ਕਿ ਮੇਰੇ ਮਾਪਿਆਂ ਨੇ ਰਿਸ਼ਤੇ ਤੋਂ ਇਨਕਾਰ ਕਰਕੇ ਉਨ੍ਹਾਂ ਦੀ ਬੇਇੱਜ਼ਤੀ ਕੀਤੀ।

? ਖੁਸਰਿਆਂ ਦੇ ਬਾਰੇ ਤੁਸੀਂ ਕੀ ਸੋਚਦੇ ਹੋ। ਉਹ ਤੁਹਾਨੂੰ ਮਿਲਦੇ-ਗਿਲਦੇ ਹਨ।

—ਖੁਸਰੇ ਇਸ ਧਰਤੀ 'ਤੇ ਭਾਰ ਹਨ। ਜਮਾਂਦਰੂ ਹੀਜੜਾ ਤਾਂ ਇਸ ਤਰ੍ਹਾਂ ਦੇ ਕੰਮ ਨਹੀਂ ਕਰਦਾ ਜਿਹੜੇ ਅੱਜਕੱਲ੍ਹ ਖੁਸਰੇ ਕਰ ਰਹੇ ਹਨ। ਸਾਡੇ ਇਲਾਕੇ ਵਿਚ ਇਕ ਜਮਾਂਦਰੂ ਖੁਸਰਾ ਮੌਜੂਦ ਹੈ। ਉਹ ਸਿਰਫ਼ ਸ਼ਾਦੀ ਵਿਆਹ ਦੀ ਵੇਲ ਇਕੱਠੀ ਕਰਕੇ ਆਪਣਾ ਗੁਜ਼ਾਰਾ ਕਰਦਾ ਹੈ। ਦੋ ਨੰਬਰ ਖੁਸਰੇ ਜਿਨ੍ਹਾਂ ਨੂੰ ਜ਼ਨਾਨਾ ਕਹਿਣਾ ਜ਼ਿਆਦਾ ਠੀਕ ਹੋਵੇਗਾ, ਜਿਨਸੀ ਉਲਟ ਰਾਹ ਆਮ ਕਰਦੇ ਫਿਰ ਰਹੇ ਹਨ। ਹਕੂਮਤ ਅਤੇ ਸਮਾਜ ਨੂੰ ਇਸ ਵਰਤਮਾਨ ਸਥਿਤੀ ਦਾ ਸਖ਼ਤੀ ਨਾਲ ਨੋਟਿਸ ਲੈਣਾ ਚਾਹੀਦਾ ਹੈ। ਜਿੱਥੋਂ ਤੱਕ ਇਸ ਗੱਲ ਦਾ ਸੰਬੰਧ ਹੈ ਕਿ ਖੁਸਰੇ ਮੈਨੂੰ ਮਿਲਦੇ ਰਹਿੰਦੇ ਹਨ ? ਕਿਉਂਕਿ ਖੁਸਰੇ ਅਕਸਰ ਮੇਰੀ ਦੁਕਾਨ ਉੱਤੇ ਭੀਖ ਮੰਗਣ ਆਉਂਦੇ ਹਨ। ਇਸ ਤੋਂ ਇਲਾਵਾ ਮੇਰਾ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ। ਵੈਸੇ ਮੈਨੂੰ ਇਸ ਦੀ ਲੋੜ ਵੀ ਨਹੀਂ ਪਰੰਤੂ ਕਦੀ ਕਦਾਈਂ ਕਿਸੇ ਉਰਸ ਜਾਂ ਮੇਲੇ ਉੱਤੇ ਮੌਤ ਤੇ ਖੂਹ, ਸਾਈਕਲ ਗਰਾਊਂਡ ਅਤੇ ਸਰਕਸ ਆਦਿ ਵੇਖਣ ਦਾ ਮੌਕਾ ਬਣੇ ਤਾਂ ਮੈਂ ਖੁਸਰਿਆਂ ਨੂੰ ਵੇਲ ਦੇਣੀ ਜ਼ਰੂਰੀ ਸਮਝਦਾ ਹਾਂ।

? ਜੇਕਰ ਤੁਹਾਡੇ ਦੋਸਤਾਂ ਨੂੰ ਇਸ ਗੱਲ ਦਾ ਪਤਾ ਲੱਗੇ ਕਿ ਤੁਸੀਂ ਜਮਾਂਦਰੂ ਹੀ ਨਾਮਰਦ ਤਾਂ ਉਨ੍ਹਾਂ ਦਾ ਵਤੀਰਾ ਕੀ ਹੋਵੇਗਾ ?

—ਉਨ੍ਹਾਂ ਦਾ ਵਤੀਰਾ ਹਾਂ-ਪੱਖੀ ਨਹੀਂ ਸਗੋਂ ਨਾਂਹ-ਪੱਖੀ ਹੋਵੇਗਾ। ਉਹ ਮੈਨੂੰ ਮਖੌਲ ਕਰਨਗੇ। ਜਿਸ ਤਰ੍ਹਾਂ ਕਿ ਉਹ ਅਕਸਰ ਖੁਸਰਿਆਂ ਅਤੇ ਇਸ ਕਿਸਮ ਦੇ ਦੂਸਰੇ ਲੋਕਾਂ ਦਾ ਮਜ਼ਾਕ ਉਡਾਉਂਦੇ ਰਹਿੰਦੇ ਹਨ। ਵੈਸੇ ਤੁਸੀਂ ਹੀ ਦੱਸੋ ਕਿ ਜੇਕਰ ਤੁਹਾਨੂੰ ਕਿਸੇ ਦੋਸਤ ਦੇ ਬਾਰੇ ਇਸ ਕਿਸਮ ਦੀ ਗੱਲ



ਦਾ ਪਤਾ ਲੱਗੇ ਤਾਂ ਤੁਹਾਡਾ ਵਤੀਰਾ ਕੀ ਹੋਵੇਗਾ। ਸ਼ਾਇਦ ਇਹੋ ਵਜ੍ਹਾ ਹੈ ਕਿ ਮੈਂ ਤੁਹਾਨੂੰ ਆਪਣਾ ਨਾਮ ਅਤੇ ਪਤਾ ਛਾਪਣ ਤੋਂ ਮਨ੍ਹਾ ਕੀਤਾ ਹੈ।

## ਨਿਰਬਾਨ ਖੁਸਰੇ ਨੂੰ ਮੁਹੱਬਤ ਕਰਨ ਵਾਲੀ ਔਰਤ

ਇਕ ਖੁਸਰੇ ਸ਼ਹਿਨਾਜ਼ ਨੇ ਇਕ ਮੁਲਾਕਾਤ ਵਿਚ ਇਹ ਦਾਅਵਾ ਕੀਤਾ ਕਿ ਉਹਦੇ ਕੁਝ ਔਰਤਾਂ ਨਾਲ ਜਿਨਸੀ ਸੰਬੰਧ ਹਨ। ਉਸ ਦਾ ਇਹ ਦਾਅਵਾ ਸਾਡੇ ਲਈ ਹੈਰਾਨੀਜਨਕ ਤੋਂ ਇਲਾਵਾ ਇਕ ਝਟਕੇ ਤੋਂ ਘੱਟ ਨਹੀਂ ਸੀ। ਅਸੀਂ ਉਸ ਦੀ ਗੱਲ 'ਤੇ ਯਕੀਨ ਕਰਨ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਤੂੰ ਝੂਠ ਬੋਲ ਰਿਹਾ ਹੈਂ ਜਿਸ ਦਾ ਉਸਨੇ ਬੜਾ ਗੁੱਸਾ ਕੀਤਾ। ਜੇਕਰ ਮੈਂ ਤੁਹਾਡੀ ਉਸ ਔਰਤ ਨਾਲ ਮੁਲਾਕਾਤ ਕਰਾ ਦਿਆਂ ਤਾਂ ਫਿਰ ਵੀ ਤੁਸੀਂ ਮੇਰੀ ਗੱਲ 'ਤੇ ਯਕੀਨ ਨਹੀਂ ਕਰੋਂਗੇ ? ਉਸ ਦਾ ਇਹ ਦੂਸਰਾ ਦਾਅਵਾ ਕਿ ਉਹ ਸਾਡੀ ਮੁਲਾਕਾਤ ਉਸ ਔਰਤ ਨਾਲ ਕਰਵਾ ਸਕਦਾ ਹੈ, ਸਾਡੇ ਲਈ ਹੈਰਾਨੀ ਅਤੇ ਸਦਮੇ ਵਾਲੀ ਗੱਲ ਸੀ। ਕੁਝ ਪਲ ਸਾਡੀ ਸਮਝ ਵਿਚ ਕੁਝ ਨਾ ਆਇਆ ਕਿ ਅਸੀਂ ਉਹਨੂੰ ਕੀ ਕਹੀਏ। ਉਸ ਦੇ ਔਰਤ ਨਾਲ ਅਯੋਗ ਸੰਬੰਧ ਹੋਣ ਕਰਕੇ ਗੱਲਬਾਤ ਦਾ ਰੁਖ ਕਿਸੇ ਹੋਰ ਵਿਸ਼ੇ ਵਸਤੂ ਵੱਲ ਮੁੜ ਗਿਆ। ਕੁਝ ਦਿਨਾਂ ਬਾਅਦ ਅਸੀਂ ਉਸ ਔਰਤ ਨਾਲ ਮੁਲਾਕਾਤ ਵਾਸਤੇ ਸ਼ਹਿਨਾਜ਼ ਨੂੰ ਬੇਨਤੀ ਕੀਤੀ। ਸ਼ਹਿਨਾਜ਼ ਨੇ ਇਕਦਮ ਰਜ਼ਾਮੰਦੀ ਦਾ ਪ੍ਰਗਟਾ ਕਰਦੇ ਹੋਏ ਸਿਰਫ਼ ਇਕ ਸ਼ਰਤ ਲਾਈ ਕਿ ਤੁਸੀਂ ਉਸ ਦਾ ਨਾਂ, ਉਹਦੇ ਪਤੀ ਦਾ ਨਾਂ ਆਦਿ ਪੁੱਛਣ ਲਈ ਜ਼ਿੱਦ ਨਹੀਂ ਕਰੋਂਗੇ ਅਤੇ ਔਰਤ ਨਾਲ ਮੁਲਾਕਾਤ ਲਈ ਤੁਹਾਡੇ ਵੱਲੋਂ ਸਿਰਫ਼ ਇਕ ਆਦਮੀ ਹਿੱਸਾ ਲਏਗਾ। ਅਸੀਂ ਉਹਦੀ ਸ਼ਰਤ ਇਕਦਮ ਮੰਨ ਲਈ ਅਤੇ ਤੈਅ ਹੋਇਆ ਕਿ ਅਗਲੇ ਦਿਨ ਤਿੰਨ ਵਜੇ ਬੀਡਨ ਰੋਡ 'ਤੇ ਸਥਿਤ ਮਸ਼ਹੂਰ ਰੈਸਟੋਰੈਂਟ 'ਕੈਰੀ ਹੋਮ' ਵਿਚ ਖਾਣੇ 'ਤੇ ਮੁਲਾਕਾਤ ਹੋਵੇਗੀ। ਰਾਣਾ ਸੈਫ਼ ਅਲ ਰਹਿਮਾਨ ਦੀ ਉਸ ਔਰਤ ਨਾਲ ਖੁਸਰੇ ਦੀ ਹਾਜ਼ਰੀ ਵਿਚ ਮੁਲਾਕਾਤ ਹੋਈ।

ਉਸ ਔਰਤ ਦੇ ਨਾਲ ਹੋਣ ਵਾਲੀ ਗੱਲਬਾਤ ਤੁਹਾਡੇ ਤੱਕ ਪਹੁੰਚਾਉਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਤੁਹਾਨੂੰ ਔਰਤ ਦੇ ਪਿਛੋਕੜ ਤੋਂ ਜਾਣੂ ਕਰਵਾ ਦਿੱਤਾ ਜਾਵੇ। ਉਸ ਔਰਤ ਦਾ ਸੰਬੰਧ ਲਾਹੌਰ ਦੇ ਇਕ ਅਮੀਰ ਅਤੇ ਖੁਸ਼ਹਾਲ ਘਰਾਣੇ ਨਾਲ ਹੈ ਜਿਹੜਾ ਲਾਹੌਰ ਦੇ ਇਕ ਪੌਸ਼ ਇਲਾਕੇ ਵਿਚ ਰਹਿੰਦਾ ਹੈ। ਇਹ ਔਰਤ ਆਪਣੇ ਵਪਾਰੀ ਪਤੀ ਦੇ ਇਕ ਕਨਾਲ ਤੋਂ ਵੱਡੇ ਘਰ ਵਿਚ ਇਕ ਮੁਲਾਜ਼ਮ ਔਰਤ ਨਾਲ ਰਹਿੰਦੀ ਹੈ। ਉਸ ਦਾ ਪਤੀ ਅਕਸਰ ਕਈ ਵਾਰੀ ਵੱਖ-ਵੱਖ ਕਾਰੋਬਾਰੀ ਰੁਝੇਵਿਆਂ ਦੀ ਵਜ੍ਹਾ ਨਾਲ ਲਾਹੌਰ ਤੋਂ ਬਾਹਰ ਰਹਿੰਦਾ ਹੈ। ਦੋਵਾਂ ਮੀਆਂ ਬੀਵੀ ਦੀਆਂ ਉਮਰਾਂ ਵਿਚ 19 ਸਾਲ ਦਾ ਫ਼ਰਕ ਹੈ। ਤੀਵੀਂ ਦੀ ਉਮਰ 27 ਸਾਲ ਹੈ ਜਦੋਂ ਕਿ ਮਰਦ ਦੀ ਉਮਰ 46 ਸਾਲ ਹੈ। ਬੀਵੀ ਬਹੁਤ ਜ਼ਿਆਦਾ ਖੂਬਸੂਰਤ ਨੈਣ-ਨਕਸ਼ ਅਤੇ ਮੂੰਹ ਜ਼ੋਰ ਜਵਾਨੀ ਦੀ ਮਾਲਕ। ਪਤੀ ਸਿਰੋਂ ਗੰਜਾ ਅਤੇ ਮਰਦਾਨਾ ਸਮਰੱਥਾ ਦੇ ਹਵਾਲੇ ਨਾਲ ਵੱਖ-ਵੱਖ ਕਮਜ਼ੋਰੀਆਂ ਦਾ ਸ਼ਿਕਾਰ। ਬੀਵੀ ਐੱਮ. ਏ. ਪਾਸ। ਮੀਆਂ ਮੈਟਰਿਕ ਫੇਲ੍ਹ।

? ਕੀ ਤੁਸੀਂ ਇਹ ਗੱਲ ਮੰਨਦੇ ਹੋ ਕਿ ਸ਼ਾਹਨਾਜ ਦੇ ਦਾਅਵੇ ਦੇ ਮੁਤਾਬਿਕ ਤੁਹਾਡੇ ਉਸ ਦੇ ਨਾਲ ਜਿਨਸੀ ਸੰਬੰਧ ਹਨ।

—ਜੀ ਹਾਂ! ਮੇਰੇ ਸ਼ਹਿਨਾਜ (ਜਿਹਨੂੰ ਮੈਂ ਪਿਆਰ ਨਾਲ ਸ਼ਾਨੂੰ ਕਹਿੰਦੀ ਹਾਂ) ਦੇ ਨਾਲ ਪਿੱਛਲੇ ਤਿੰਨਾਂ ਸਾਲਾਂ ਤੋਂ ਜਿਨਸੀ ਸੰਬੰਧ ਕਾਇਮ ਹਨ ਅਤੇ ਅੱਜ ਇਹ ਹਾਲਤ ਹੈ ਕਿ ਮੈਨੂੰ ਉਸਦੇ ਬਗ਼ੈਰ ਜਿਨਸੀ ਮਜ਼ਾ ਨਹੀਂ ਆਉਂਦਾ। ਜਿਵੇਂ-ਜਿਵੇਂ ਸਮਾਂ ਲੰਘ ਰਿਹਾ ਹੈ ਮੈਂ ਉਸ ਦੇ ਅਤੇ ਆਪਣੇ ਵਿਚਕਾਰ ਕਾਇਮ ਹੋਏ ਸੰਬੰਧਾਂ ਵਿਚ ਨਵੀਨਤਾ ਅਤੇ ਉਤਸ਼ਾਹ ਮਹਿਸੂਸ ਕਰਦੀ ਹਾਂ। ਇੱਥੋਂ ਤੱਕ

ਕਿ ਜੇਕਰ ਕਿਸੇ ਦਿਨ ਉਹ ਮੇਰੇ ਨਾਲ ਰਾਬਤਾ ਨਾ ਕਰੇ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਜਿਸ ਤਰ੍ਹਾਂ ਕਿਸੇ ਨੇ ਮੇਰੀ ਰੂਹ 'ਤੇ ਕਬਜ਼ਾ ਕਰ ਲਿਆ ਹੈ ਅਤੇ ਮੈਂ ਕਮਲੀ ਹੋਈ ਫਿਰਦੀ ਹਾਂ।

? ਕੀ ਤੁਸੀਂ ਆਪਣੀ ਵਿਆਹੁਤਾ ਜ਼ਿੰਦਗੀ ਤੋਂ ਸੰਤੁਸ਼ਟ ਨਹੀਂ। ਜੇਕਰ ਜਵਾਬ ਨਾਂਹ ਵਿਚ ਹੈ ਤਾਂ ਤੁਹਾਡੇ ਕੋਲ ਇਸ ਦੀ ਕੀ ਵਜ੍ਹਾ ਹੈ ਅਤੇ ਤੁਸੀਂ ਆਪਣੇ ਪਤੀ ਨਾਲ ਸੁਖਾਵੇਂ ਸੰਬੰਧ ਬਣਾਉਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ ?

—ਮੇਰੀ ਸ਼ਾਦੀ ਸਤੰਬਰ 1997 ਵਿਚ ਹੋਈ। ਸ਼ਾਦੀ ਦੇ ਟਾਈਮ ਮੈਂ ਐੱਮ. ਏ. ਪੰਜਾਬੀ ਦੂਸਰੇ ਸਾਲ ਦੀ ਤਿਆਰੀ ਕਰ ਰਹੀ ਸੀ। ਮੈਂ ਐੱਮ. ਏ. ਸ਼ਾਦੀ ਤੋਂ ਬਾਅਦ ਪੂਰੀ ਕੀਤੀ। ਮੁੱਢਲੇ ਤੌਰ 'ਤੇ ਮੇਰਾ ਸੰਬੰਧ ਸਰਾਇਕੀ ਇਲਾਕੇ ਦੇ ਬਹੁਤ ਗਰੀਬ ਘਰਾਣੇ ਨਾਲ ਹੈ। ਬਾਪ ਨੇ ਡਰਾਈਵਰੀ ਅਤੇ ਅੰਮਾ ਨੇ ਬੱਚਿਆਂ ਨੂੰ ਕੁਰਾਨ ਮਜੀਦ ਪੜ੍ਹਾ ਕੇ ਸਾਨੂੰ ਸੱਤਾਂ ਭੈਣਾਂ ਨੂੰ ਪਾਲਿਆ ਪੋਸਿਆ। ਮੈਂ ਐਫ. ਏ. ਤੱਕ ਕਾਲਜ ਵਿਚ ਪੜ੍ਹਾਈ ਕੀਤੀ। ਜਦੋਂ ਕਿ ਬੀ. ਏ. ਅਤੇ ਐੱਮ. ਏ. ਦਾ ਇਮਤਿਹਾਨ ਪ੍ਰਾਈਵੇਟ ਤੌਰ 'ਤੇ ਪਾਸ ਕੀਤਾ। ਮੈਂ ਭੈਣਾਂ ਵਿਚ ਸਭ ਤੋਂ ਵੱਡੀ ਸੀ। ਜਦੋਂ ਮੇਰੀ ਉਮਰ ਸ਼ਾਦੀ ਦੇ ਕਾਬਿਲ ਹੋਈ ਤਾਂ ਮਾਪੇ ਮੇਰਾ ਰਿਸ਼ਤਾ ਲੱਭਦੇ ਫਿਰਦੇ। ਪਰ ਬਦਕਿਸਮਤੀ ਨਾਲ ਗ਼ਰੀਬੀ ਰੁਕਾਵਟ ਬਣੀ ਅਤੇ ਮੇਰੇ ਲਈ ਕੋਈ ਚੰਗਾ ਰਿਸ਼ਤਾ ਨਾ ਆਇਆ। ਉਨ੍ਹਾਂ ਦਿਨਾਂ ਵਿਚ ਅੱਬਾ ਜੀ ਦੀ ਮੇਰੇ ਪਤੀ ਨਾਲ ਕਿਸੇ ਸਿਲਸਿਲੇ ਵਿਚ ਮੁਲਾਕਾਤ ਹੋਈ ਅਤੇ ਇਹ ਮੁਲਾਕਾਤ ਘਰ ਤੱਕ ਆਣ ਪਹੁੰਚੀ। ਮਾਪਿਆਂ ਦੀ ਮਾਲੀ ਹਾਲਤ ਅਤੇ ਰਿਸ਼ਤੇ ਦੇ ਹਵਾਲੇ ਨਾਲ ਪਰੇਸ਼ਾਨੀ ਨੂੰ ਮਹਿਸੂਸ ਕਰਕੇ ਮੇਰੇ ਪਤੀ ਨੇ ਆਪਣਾ ਰਿਸ਼ਤਾ ਪੇਸ਼ ਕਰ ਦਿੱਤਾ। ਮਾਲਦਾਰ ਘਰਾਣੇ ਦਾ ਬਹੁਤ ਅਮੀਰ ਆਦਮੀ ਅਤੇ ਉਮਰ ਵੀ ਜ਼ਿਆਦਾ ਵੱਡੀ ਨਹੀਂ। ਮੇਰੇ ਤੋਂ ਸਿਰਫ਼ 19 ਸਾਲ ਵੱਡਾ ਮਰਦ। ਮੇਰੇ ਮਾਪਿਆਂ ਨੇ ਫੌਰਨ ਰਿਸ਼ਤਾ ਮੰਜ਼ੂਰ ਕਰ ਲਿਆ। ਇਹ ਮੰਜ਼ੂਰੀ ਦੇ ਜਵਾਬ ਵਿਚ ਮੇਰੇ ਪਤੀ ਨੇ ਅੱਬਾ ਜੀ ਨੂੰ ਦੋ ਲੱਖ ਰੁਪਏ ਵੀ ਦਿੱਤੇ। ਉਨ੍ਹਾਂ ਪੈਸਿਆਂ ਨਾਲ ਮੇਰੇ ਅੱਬਾ ਜੀ ਨੇ ਗੱਡੀ ਖ਼ਰੀਦ ਕੇ ਬਤੌਰ ਟੈਕਸੀ ਚਲਾਉਣੀ ਸ਼ੁਰੂ ਕਰ ਦਿੱਤੀ। ਜਿਸ ਦੀ ਵਜ੍ਹਾ ਨਾਲ ਅੱਜ ਮੇਰੇ ਮਾਪੇ ਖੁਸ਼ਹਾਲ ਨਾ ਸਹੀ ਇਕ ਸੰਤੁਸ਼ਟ ਜ਼ਿੰਦਗੀ ਜ਼ਰੂਰ ਗੁਜ਼ਾਰ ਰਹੇ ਹਨ। ਮੈਂ ਸ਼ਾਦੀ ਲਈ ਇਸ ਲਈ ਮੰਨ ਗਈ ਕਿ ਮਾਪੇ ਕਦੀ ਵੀ ਆਪਣੇ ਬੱਚਿਆਂ ਦਾ ਬੁਰਾ ਨਹੀਂ ਚਾਹੁੰਦੇ। ਜੇਕਰ ਉਹ ਆਪਣਾ ਪੇਟ ਕੱਟ ਕੇ ਮੈਨੂੰ ਪੜ੍ਹਾ ਸਕਦੇ ਹਨ ਤਾਂ ਉਹ ਕਿਸ ਤਰ੍ਹਾਂ ਚਾਹੁਣਗੇ ਕਿ ਉਨ੍ਹਾਂ ਦੀ ਬੱਚੀ ਸ਼ਾਦੀ ਦੇ ਬਾਅਦ ਉਨ੍ਹਾਂ ਮਾਯੂਸੀਆਂ ਦਾ ਸ਼ਿਕਾਰ ਬਣ ਜਾਵੇ ਜਿਨ੍ਹਾਂ ਦਾ ਉਹ ਆਪ ਮੁਕਾਬਲਾ ਕਰ ਰਹੇ ਹਨ। ਜੇਕਰ ਮੇਰੀ ਕੁਰਬਾਨੀ ਨਾਲ ਮੇਰੇ ਗਰੀਬ ਮਾਪਿਆਂ ਦਾ ਕੁਝ ਭਲਾ ਹੋ ਸਕਦਾ ਹੈ ਤਾਂ ਮੈਨੂੰ ਕੁਰਬਾਨੀ ਦੇਣੀ ਚਾਹੀਦੀ ਹੈ। ਕੁਰਬਾਨੀ ਦਾ ਸ਼ਬਦ ਮੈਂ ਇਸ ਲਈ ਵਰਤ ਰਹੀ ਹਾਂ ਕਿ ਉਨ੍ਹਾਂ ਦਿਨਾਂ ਵਿਚ ਮੇਰੀ ਜਵਾਨੀ ਦਾ ਅੰਦਾਜ਼ ਅੱਜ ਤੋਂ ਵੱਖਰਾ ਸੀ। ਮੇਰੀਆਂ ਸਹੇਲੀਆਂ ਕਹਿੰਦੀਆਂ ਹੁੰਦੀਆਂ ਸਨ ਕਿ ਤੈਨੂੰ ਵਿਆਹੁਣ ਇਕ ਦਿਨ ਜ਼ਰੂਰ ਸ਼ਹਿਜ਼ਾਦਾ ਆਏਗਾ ਅਤੇ ਆਵੇਗਾ ਵੀ ਕਿਉਂ ਨਾ ਆਖ਼ਰ ਤੂੰ ਹੈਂ ਈ ਐਨੀ ਖ਼ੂਬਸੂਰਤ। ਪਰ ਇਹ ਹਕੀਕਤ ਹੈ ਕਿ ਮੈਂ ਸ਼ਾਦੀ ਨੂੰ ਦਿਮਾਗੀ ਤੌਰ 'ਤੇ ਕਬੂਲ ਕੀਤਾ। ਪਤੀ ਦੇ ਨਾਲ ਸੁਹਾਗ ਰਾਤ ਕੱਟ ਕੇ ਵੀ ਮੈਨੂੰ ਇਹ ਅਹਿਸਾਸ ਨਹੀਂ ਹੋਇਆ ਕਿ ਮੇਰੇ ਨਾਲ ਕਿਸੇ ਕਿਸਮ ਦਾ ਜ਼ੁਲਮ ਹੋਇਆ ਹੈ। ਪਹਿਲੀ ਰਾਤ ਮੈਨੂੰ ਪਤੀ ਸ਼ਹਿਜ਼ਾਦਾ ਨਾ ਲੱਗਿਆ ਤਾਂ ਉਸ ਤੋਂ ਘੱਟ ਵੀ ਮਹਿਸੂਸ ਨਾ ਹੋਇਆ। ਉਸ ਨੇ ਜਿਸ ਅੰਦਾਜ਼ ਵਿਚ ਆਪਣੀ ਚਾਹਤ ਅਤੇ ਮੁਹੱਬਤ ਦਾ ਅਹਿਸਾਸ ਦਿਵਾਇਆ ਉਹ ਅੱਜ ਵੀ ਮੇਰੇ ਜਿਹਨ 'ਤੇ ਉਕੱਰਿਆ ਹੈ। ਵੈਸੇ ਵੀ ਜੋੜੀਆਂ ਅਸਮਾਨਾਂ 'ਤੇ ਬਣਦੀਆਂ ਹਨ, ਧਰਤੀਆਂ 'ਤੇ ਨਹੀਂ ਅਤੇ ਖ਼ੁਦਾ ਨੇ ਮੇਰੇ ਵਾਸਤੇ ਜੋ ਚੁਣਿਆ, ਉਹ ਸਭ ਤੋਂ ਚੰਗਾ ਸੀ। ਸ਼ਾਦੀ ਦੇ ਸ਼ੁਰੂ-ਸ਼ੁਰੂ ਦੇ ਦਿਨਾਂ ਵਿਚ ਤਾਂ ਪਤੀ ਨੇ ਮੇਰਾ ਪੂਰਾ ਖ਼ਿਆਲ ਰੱਖਿਆ। ਹਰ ਵਕਤ ਮੇਰੇ ਆਲੇ-ਦੁਆਲੇ ਇਸ ਤਰ੍ਹਾਂ ਘੁੰਮਦੇ ਫਿਰਦੇ ਰਹਿੰਦੇ ਜਿਸ ਤਰ੍ਹਾਂ ਪਰਵਾਨਾ



ਸ਼ਮ੍ਹਾ ਦੇ ਦੁਆਲੇ। ਹਨੀਮੂਨ ਦੇ ਬਾਅਦ ਪਤੀ ਦੇ ਕਾਰੋਬਾਰੀ ਰੁਝੇਵਿਆਂ ਨੇ ਮੈਨੂੰ ਇਕੱਲਤਾ ਦਾ ਸ਼ਿਕਾਰ ਬਣਾ ਦਿੱਤਾ। ਜਦੋਂ ਕਿ ਪਤੀ ਦੇ ਨਾਲ ਵਿਆਹੁਤਾ ਸੰਬੰਧਾਂ ਵਿਚ ਵੀ ਕਮੀ ਆਉਂਦੀ ਗਈ। ਮੇਰੀਆਂ ਰਾਤਾਂ ਲੰਮੀਆਂ ਹੁੰਦੀਆਂ ਗਈਆਂ। ਫਿਰ ਇਕ ਦਿਨ ਭੇਤ ਖੁੱਲ੍ਹਿਆ ਕਿ ਪਤੀ ਸਾਹਬ ਦੀ ਮਰਦਾਨਾ ਤਾਕਤ ਦਾ ਅਸਲ ਰਾਜ਼ ਵੱਖਰੀਆਂ-ਵੱਖਰੀਆਂ ਦਵਾਈਆਂ ਅਤੇ ਕੁਸ਼ਤੇ ਹਨ ਅਤੇ ਇਸ ਕਿਸਮ ਦੀਆਂ ਦਵਾਈਆਂ ਅਤੇ ਕੁਸ਼ਤੇ ਰੋਜ਼ ਖਾਣਾ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਹੈ। ਪਤੀ ਦੇ ਅੰਦਰ ਦੀ ਘਾਟ ਨੇ ਮੈਨੂੰ ਇਕਦਮ ਖੋਖਲਾ ਕਰਕੇ ਰੱਖ ਦਿੱਤਾ। ਮੇਰਾ ਪਤੀ ਮੈਨੂੰ ਉਹ ਕੁਝ ਨਾ ਦੇ ਸਕਿਆ ਜਿਸ ਦੀ ਖਾਹਸ਼ ਮੇਰੇ ਅੰਦਰ ਹਰ ਵੇਲੇ ਜਵਾਨ ਰਹਿੰਦੀ ਸੀ। ਇਹ ਹਕੀਕਤ ਜਾਣਨ ਦੇ ਬਾਵਜੂਦ ਮੈਂ ਆਪਣੇ ਪਤੀ ਦੇ ਸੁੱਤੇ ਹੋਏ ਵਲਵਲਿਆਂ ਨੂੰ ਜਾਗਦੇ ਰੱਖਣ ਦੇ ਲਈ ਹਰ ਵੇਲੇ ਸ਼ਿੰਗਾਰ ਕਰਕੇ ਸੱਜੀ-ਫੱਬੀ ਰਹਿੰਦੀ। ਕਈ ਵਾਰੀ ਗੱਲਾਂ-ਗੱਲਾਂ ਵਿਚ ਪਤੀ ਨੂੰ ਇਸ ਪਾਸੇ ਖ਼ਿਆਲ ਕਰਨ ਨੂੰ ਵੀ ਕਿਹਾ। ਮੇਰੇ ਮੇਕਅੱਪ ਅਤੇ ਗੱਲਾਂ ਤੋਂ ਪਤੀ ਨੇ ਮਹਿਸੂਸ ਕੀਤਾ ਕਿ ਮੈਂ ਕੁਝ ਚਾਹੁੰਦੀ ਹਾਂ ਤਾਂ ਉਨ੍ਹਾਂ ਨੇ ਮੇਰੀ ਤ੍ਰੇਹ ਬੁਝਾਉਣ ਦੀ ਬਜਾਏ ਘਰ ਵਿਚ ਮੌਜੂਦ ਸਹੂਲਤਾਂ ਵਿਚ ਵਾਧਾ ਕਰ ਦਿੱਤਾ। ਪਦਾਰਥਿਕ ਲੋੜਾਂ ਮੇਰੀਆਂ ਸਰੀਰਕ ਲੋੜਾਂ ਦਾ ਬਦਲਾਅ ਨਹੀਂ। ਪਤੀ ਦੀ ਜਿਨਸੀ ਘਾਟ ਅਤੇ ਔਲਾਦ ਨਾ ਪੱਲੇ ਪੈਣ ਦੇ ਬਾਵਜੂਦ ਮੈਂ ਕਦੀ ਵੀ ਉਸ ਨਾਲ ਬੇਵਫ਼ਾਈ ਦਾ ਨਹੀਂ ਸੀ ਸੋਚਿਆ। ਆਪਣੇ ਆਪ ਨੂੰ ਇਕੱਲਤਾ ਤੋਂ ਬਚਾਉਣ ਦੇ ਲਈ ਮੈਂ ਵੀ. ਸੀ. ਆਰ., ਕੇਬਲ ਟੀ. ਵੀ., ਇੰਟਰਨੈੱਟ ਅਤੇ ਰਸਾਲਿਆਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ। ਪਰ ਬਦਕਿਸਮਤੀ ਨਾਲ ਇਨ੍ਹਾਂ ਚੀਜ਼ਾਂ ਨੇ ਮੈਨੂੰ ਦਿਮਾਗੀ ਖੁਸ਼ਹਾਲੀ ਦੇਣ ਦੀ ਥਾਂ ਵਾਧੂ ਪਰੇਸ਼ਾਨੀ ਵਿਚ ਪਾ ਦਿੱਤਾ। ਕਿਉਂਕਿ ਜਿਹੜੀ ਚੀਜ਼ ਤੋਂ ਬਚਣ ਲਈ ਮੈਂ ਇਨ੍ਹਾਂ ਦਾ ਸਹਾਰਾ ਲਿਆ ਸੀ, ਉੱਥੇ ਸਭ ਤੋਂ ਵੱਧ ਇਸ ਕਿਸਮ ਦੇ ਜਜ਼ਬਿਆਂ 'ਤੇ ਜ਼ੋਰ ਦਿੱਤਾ ਜਾ ਰਿਹਾ ਸੀ।

? ਤੁਹਾਡੀ ਸ਼ਹਿਜ਼ਾਦ ਨਾਲ ਕਦੋਂ ਮੁਲਾਕਾਤ ਹੋਈ ਅਤੇ ਇਹ ਮੁਲਾਕਾਤ ਜਿਨਸੀ ਸੰਬੰਧਾਂ ਤੱਕ ਕਿਸ ਤਰ੍ਹਾਂ ਪਹੁੰਚੀ।

—ਮੇਰੀ ਸ਼ਾਨੂ ਦੇ ਨਾਲ ਮੁਲਾਕਾਤ ਘਰ ਵਿਚ ਹੋਈ। ਹੋਇਆ ਇਸ ਤਰ੍ਹਾਂ ਕਿ ਇਕ ਦਿਨ ਮੈਂ ਆਪਣੇ ਘਰ ਦੇ ਗੈਰਾਜ ਵਿਚ ਬੈਠੀ ਅਖ਼ਬਾਰ ਪੜ੍ਹ ਰਹੀ ਸੀ ਕਿ ਅਚਾਨਕ ਬੈੱਲ ਹੋਈ। ਮੈਂ ਬਹੁਤ ਹੈਰਾਨ ਹੋਈ ਕਿ ਐਨੀ ਸਵੇਰੇ ਕੌਣ ਆ ਸਕਦਾ ਹੈ ? ਮੈਂ ਦਰਵਾਜ਼ੇ ਕੋਲ ਜਾ ਕੇ ਪੁੱਛਿਆ ਕਿ ਕੌਣ ? ਤਾਂ ਜਵਾਬ ਮਿਲਿਆ—'ਬਾਜੀ ਮੈਂ, ਮੇਰਾ ਹਿੱਸਾ ਦੇ ਦਿਓ।' ਅੰਦਾਜ਼ ਔਰਤਾਂ ਵਾਲਾ, ਆਵਾਜ਼ ਮਰਦਾਂ ਵਾਲੀ। ਮੈਂ ਦਰਵਾਜ਼ੇ ਵਿਚੋਂ ਝਾਕ ਕੇ ਵੇਖਿਆ ਤਾਂ ਬਾਹਰ ਇਕ ਖੁਸਰਾ ਖਲੋਤਾ ਸੀ। ਮੈਂ ਉਹਨੂੰ ਵੇਖ ਕੇ ਮੁਸਕਰਾ ਪਈ। ਜਵਾਬ ਵਿਚ ਉਹ ਵੀ ਮੁਸਕਰਾਇਆ ਅਤੇ ਮਾਣ ਨਾਲ ਕਹਿਣ ਲੱਗਾ—ਬਾਜੀ ਮੈਂ ਸੌ ਰੁਪਏ ਤੋਂ ਘੱਟ ਪੈਸੇ ਨਹੀਂ ਲੈਣੇ।' ਸਾਡੇ ਜੱਦੀ ਪੁਸ਼ਤੀ ਇਲਾਕੇ ਵਿਚ ਖੁਸਰਿਆਂ ਨੂੰ ਪਵਿੱਤਰ ਅਤੇ ਇੱਜ਼ਤ ਦੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਏਸੇ ਲਈ ਮੇਰੇ ਅੰਦਰ ਅਕਸਰ ਇਹ ਖਾਹਸ਼ ਰਹਿੰਦੀ ਕਿ ਮੈਂ ਖੁਸਰਿਆਂ ਦੇ ਬਾਰੇ ਵਿਚ ਕੁਝ ਜਾਣ ਲਵਾਂ। ਉਸ ਦਿਨ ਖੁਸਰਿਆਂ ਦੇ ਬਾਰੇ ਜਾਨਣ ਦੀ ਮੇਰੀ ਪੁਰਾਣੀ ਖਾਹਸ਼ ਜਾਗ ਪਈ। ਮੈਂ ਉਹਨੂੰ ਅੰਦਰ ਸੱਦਿਆ ਅਤੇ ਗੈਰਾਜ ਵਿਚ ਬਹਿ ਕੇ ਖੁਸਰਿਆਂ ਦੇ ਬਾਰੇ ਉਸ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ। ਇਹ ਗੱਲਬਾਤ ਚਾਰ ਘੰਟੇ ਤੋਂ ਵੀ ਜ਼ਿਆਦਾ ਸਮਾਂ ਚੱਲਦੀ ਰਹੀ। ਇਸ ਵਿਚ ਮੈਂ ਉਹਨੂੰ ਆਪਣੇ ਹੱਥੀਂ ਬਣਾ ਕੇ ਦੋ ਵਾਰੀ ਚਾਹ ਵੀ ਪਿਆਈ। ਉਸ ਦੇ ਜਾਂਦੇ ਹੋਏ ਮੈਂ 500 ਰੁਪਏ ਇਨਾ ਵਜੋਂ ਦਿੱਤੇ ਅਤੇ ਕਿਹਾ ਕਿ ਫਿਰ ਕਦੀ ਇਸ ਪਾਸੇ ਆਉਣਾ ਹੋਏ ਤਾਂ ਦੋਬਾਰਾ ਜ਼ਰੂਰ ਮਿਲਣਾ, ਮੈਂ ਤੁਹਾਡੀ ਉਡੀਕ ਕਰਾਂਗੀ। ਕੁਝ ਦਿਨਾਂ ਬਾਅਦ ਉਹ ਫਿਰ ਆ ਗਿਆ। ਉਸ ਦਿਨ ਸਾਡੀ ਬੁੱਢੀ ਨੌਕਰਾਣੀ ਛੁੱਟੀ 'ਤੇ ਸੀ। ਮੈਂ ਉਹਨੂੰ ਟੀ. ਵੀ. ਲਾਉਂਜ ਵਿਚ ਬਿਠਾਇਆ ਅਤੇ ਖੁਸਰਿਆਂ ਦੇ ਬਾਰੇ ਗੱਲਬਾਤ

ਸ਼ੁਰੂ ਕਰ ਦਿੱਤੀ। ਉਸ ਦਿਨ ਭੇਤ ਖੁੱਲ੍ਹਿਆ ਕਿ ਮੈਂ ਜਿਨ੍ਹਾਂ ਖੁਸਰਿਆਂ ਦੇ ਬਾਰੇ ਜਾਣਨ ਦੀ ਖਾਹਸ਼ ਰੱਖਦੀ ਹਾਂ ਇਹ ਉਹ ਨਹੀਂ ਸਗੋਂ ਇਹ ਤਾਂ ਕਦੀ ਇਕ ਮੁਕੰਮਲ ਮਰਦ ਸੀ। ਪਰੰਤੂ ਆਪਣੇ ਸ਼ੌਕ ਦੀ ਵਜ੍ਹਾ ਨਾਲ ਅੱਜ ਆਪਣੇ ਲਿੰਗ ਤੋਂ ਵੰਚਿਤ ਹੋ ਕੇ ਨਿਰਬਾਨ ਖੁਸਰਾ ਬਣ ਚੁੱਕਿਆ ਹੈ। ਏਥੋਂ ਸਾਡੀ ਗੱਲਬਾਤ ਦਾ ਰੁਖ ਮਰਦ, ਔਰਤ ਖੁਸਰੇ ਤੋਂ ਹੱਟ ਕੇ ਜਿਨਸ ਵੱਲ ਮੁੜ ਗਿਆ। ਇਸ ਤਰ੍ਹਾਂ ਮੈਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੋਈ ਕਿ ਖੁਸਰੇ ਬਹੁਤ ਜ਼ਿਆਦਾ ਦਿਲਚਸਪੀ ਰੱਖਦੇ ਹੋਏ ਵੱਧ ਤੋਂ ਵੱਧ ਜਿਨਸੀ ਮਜ਼ਾ ਲੈਣ ਦੇ ਲਈ ਬਾਕਾਇਦਾ ਸਿੱਖਿਆ ਪ੍ਰਾਪਤ ਕਰਦੇ ਹਨ। ਗੱਲਾਂ ਹੀ ਗੱਲਾਂ ਵਿਚ ਸ਼ਾਨੂ ਨੇ ਆਪਣੀ ਬਾਕਾਇਦਾ ਸਿੱਖਿਆ ਦਾ ਪ੍ਰਗਟਾਵਾ ਕਰਦੇ ਹੋਏ ਮੇਰੇ ਸਰੀਰ ਨੂੰ ਸਹਿਲਾਉਣਾ ਸ਼ੁਰੂ ਕੀਤਾ। ਗੱਲਬਾਤ ਨਾਲ ਮੇਰੇ ਅੰਦਰ ਭੜਕੀ ਹੋਈ ਅੱਗ ਨੇ ਜੋਸ਼ ਫੜ੍ਹਿਆ ਅਤੇ ਮੈਂ ਉਸ ਦੇ ਨਾਲ ਚੰਬੜ ਗਈ। ਫਿਰ ਵਕਤ ਕਿਸ ਤਰ੍ਹਾਂ ਲੰਘਿਆ ਇਸ ਦਾ ਮੈਨੂੰ ਕੋਈ ਅੰਦਾਜ਼ਾ ਨਹੀਂ। ਉਸ ਦਿਨ ਅਸੀਂ ਕਿੰਨੀ ਦੇਰ ਇਕ ਦੂਸਰੇ ਵਿਚ ਗੁੰਮ ਰਹੇ। ਕੋਈ ਅੰਦਾਜ਼ਾ ਨਹੀਂ ਜਿਨਸੀ ਮਜ਼ੇ ਲੈਣ ਦੀ ਛੁੱਪੀ ਖਾਹਸ਼ ਨੇ ਕਾਫ਼ੀ ਸਮੇਂ ਬਾਅਦ ਦਮ ਤੋੜਿਆ। ਇਹ ਉਹ ਪਲ ਸੀ ਜਦੋਂ ਮੈਂ ਉਸ ਦੀ ਦੀਵਾਨੀ ਬਣੀ ਅਤੇ ਹੁਣ ਮੈਂ ਉਸ ਦੇ ਬਗ਼ੈਰ ਜਿੰਦਾ ਰਹਿਣ ਦਾ ਸੋਚ ਵੀ ਨਹੀਂ ਸਕਦੀ।

? ਲਿੰਗ ਰਹਿਤ ਮਰਦ ਤੁਹਾਡੀ ਜਿਨਸੀ ਖਾਹਸ਼ ਨੂੰ ਕਿਸ ਤਰ੍ਹਾਂ ਪੂਰੀ ਕਰ ਸਕਦਾ ਹੈ।

—ਮੇਰੇ ਕੋਲ ਤੁਹਾਡੇ ਸਵਾਲ ਦਾ ਜਵਾਬ ਏਹੋ ਹੈ ਕਿ ਤੁਸੀਂ ਹਮਜਿਨਸਪ੍ਰਸਤ ਔਰਤਾਂ 'ਤੇ ਫਿਲਮਾਈ ਗਈ ਨੰਗੀ ਫ਼ਿਲਮ ਵੇਖ ਲਓ ਜਾਂ ਕਿਸੇ ਹਮਜਿਨਸਪ੍ਰਸਤ ਔਰਤ ਕੋਲੋਂ ਪੁੱਛੋ ਕਿ ਆਪਸ ਵਿਚ ਸੈਕਸ ਜਾਂ ਜਿਨਸੀ ਸੰਬੰਧ ਕਿਉਂ ਕਾਇਮ ਕੀਤੇ ਜਾਂਦੇ ਹਨ ? ਜੇਕਰ ਇਹ ਮੇਰੀ ਜਿਨਸੀ ਤੇਹ ਨਹੀਂ ਬੁਝਾ ਸਕਦਾ ਹੈ ਤਾਂ ਫਿਰ ਮੈਂ ਕੀ ਪਾਗਲ ਹਾਂ ਜਿਹੜੀ ਇਸ ਦੇ ਪਿੱਛੇ ਫਿਰ ਰਹੀ ਹਾਂ ? ਸਾਫ਼ ਜ਼ਾਹਰ ਹੈ ਕਿ ਉਸ ਵਿਚ ਉਹ ਗੁਣ ਮੌਜੂਦ ਹਨ ਜਿਹੜੇ ਮੇਰਾ ਜਿਨਸੀ ਮਜ਼ਾ ਪ੍ਰਾਪਤ ਕਰਨ ਦਾ ਵਸੀਲਾ ਹਨ। ਵੈਸੇ ਵੀ ਮੈਂ ਕਮਜ਼ੋਰ ਅਤੇ ਬੁਜ਼ਦਿਲ ਔਰਤ ਹਾਂ। ਕਿਸੇ ਮਰਦ ਨਾਲ ਸੰਬੰਧ ਕਾਇਮ ਕਰਕੇ ਪਤੀ ਦੇ ਘਰੋਂ ਨਹੀਂ ਨਿਕਲਣਾ ਚਾਹੁੰਦੀ ਅਤੇ ਨਾ ਹੀ ਪਤੀ ਦੇ ਯਕੀਨ ਨੂੰ ਧੋਖਾ ਦੇਣਾ ਚਾਹੁੰਦੀ ਹਾਂ। ਉਸਦੀ ਸੰਗਤ ਵਿਚ ਵਕਤ ਗੁਜ਼ਾਰਨ ਨਾਲ ਦੋਹਾਂ ਤਰ੍ਹਾਂ ਦੀ ਤਸੱਲੀ ਹੋ ਜਾਂਦੀ ਹੈ। ਮੈਂ ਸਮਝਦੀ ਹਾਂ ਕਿ ਮੈਂ ਮਰਦ ਦੀ ਗਲ਼ਵੱਕੜੀ ਵਿਚ ਹਾਂ। ਇਹੋ ਚੀਜ਼ ਮੇਰੇ ਮਨ ਦੀ ਤੇਹ ਬੁਝਾਉਣ ਦੇ ਲਈ ਕਾਫ਼ੀ ਹੈ।

? ਬਦਲੇ ਵਿਚ ਤੁਸੀਂ ਉਸ ਦੀ ਕੀ ਸੇਵਾ ਕਰਦੇ ਹੋ।

—ਇਹ ਸਾਡਾ ਆਪਸੀ ਮਾਮਲਾ ਹੈ।

? ਸ਼ਹਿਨਾਜ਼ ਦਾ ਦਾਅਵਾ ਹੈ ਕਿ ਤੁਸੀਂ ਉਹਦੀ ਕੁਝ ਔਰਤਾਂ ਨਾਲ ਵੀ ਜਾਣ-ਪਛਾਣ ਕਰਵਾਈ ਹੈ। ਉਨ੍ਹਾਂ ਦੇ ਵੀ ਇਹਦੇ ਨਾਲ ਜਿਨਸੀ ਸੰਬੰਧ ਕਾਇਮ ਹਨ। ਕੀ ਤੁਸੀਂ ਉਨ੍ਹਾਂ ਨਾਲ ਈਰਖਾ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਪਤਾ ਲੱਗਾ ਕਿ ਤੁਹਾਡੇ ਖੁਸਰੇ ਦੇ ਨਾਲ ਸੰਬੰਧ ਹਨ ?

—ਜੀ ਹਾਂ! ਇਹ ਗੱਲ ਠੀਕ ਹੈ। ਮੇਰੇ ਕਰਕੇ ਤਿੰਨ ਹੋਰ ਔਰਤਾਂ ਵੀ ਉਹਨੂੰ ਚਾਹੁਣ ਵਾਲੀਆਂ ਹਨ। ਉਹ ਤਿੰਨੇ ਮੇਰੀਆਂ ਸਹੇਲੀਆਂ ਹਨ। ਉਨ੍ਹਾਂ ਵਿਚੋਂ ਇਕ ਮੇਰੀ ਗਵਾਂਢਣ ਹੈ। ਜਿਨ੍ਹਾਂ ਦਿਨਾਂ ਵਿਚ ਮੇਰੇ ਸੁਭਾਅ ਅੰਦਰ ਚਿੜਚਿੜਾਪਨ ਅਤੇ ਗੁੱਸਾ ਭਾਰੂ ਹੋ ਗਿਆ ਸੀ। ਮੇਰੀ ਇਸ ਹਾਲਤ ਨੂੰ ਇਹ ਤਿੰਨੇ ਔਰਤਾਂ ਬਹੁਤ ਹੀ ਮਹਿਸੂਸ ਕਰਦੀਆਂ ਸਨ। ਸ਼ਾਨੂ ਨਾਲ ਮੁਲਾਕਾਤ ਦੇ ਬਾਅਦ ਮੇਰੇ ਸੁਭਾਅ ਵਿਚ ਅਚਾਨਕ ਖੇੜਾ ਅਤੇ ਨਵੀਨਤਾ ਉਮੱਡ ਆਈ। ਜਿਸ ਨੂੰ ਇਨ੍ਹਾਂ ਤਿੰਨਾਂ ਨੇ ਇਕਦਮ ਮਹਿਸੂਸ ਕੀਤਾ ਅਤੇ ਕਈ ਵਾਰ ਮੈਨੂੰ ਪੁੱਛਿਆ ਕਿ ਆਖ਼ਰ ਇਸ ਤਰ੍ਹਾਂ ਦੀ ਕਿਹੜੀ ਚੀਜ਼ ਤੇਰੇ ਹੱਥ ਲੱਗ ਗਈ ਹੈ ਕਿ ਤੂੰ ਹਰ ਵੇਲੇ ਮੁਸਕਰਾਉਂਦੀ ਰਹਿੰਦੀ ਹੈਂ। ਤੇਰਾ ਚਿਹਰਾ



ਪਹਿਲਾਂ ਨਾਲੋਂ ਜ਼ਿਆਦਾ ਖਿੜ ਗਿਆ ਹੈ। ਮੈਂ ਗੱਲ ਲੁਕਾਉਣੀ ਚਾਹੀ ਪਰ ਲੁਕਾ ਨਾ ਸਕੀ। ਇਕ ਦਿਨ ਆਪਣੀ ਗਵਾਂਢਣ ਸਹੇਲੀ ਨੂੰ ਇਹ ਕਿੱਸਾ ਸੁਣਾ ਦਿੱਤਾ। ਜਿਸ ਦੇ ਬਾਅਦ ਬਾਕੀ ਦੋਵਾਂ ਸਹੇਲੀਆਂ ਨੂੰ ਪਤਾ ਲੱਗ ਗਿਆ। ਉਨ੍ਹਾਂ ਨੇ ਕਈ ਵਾਰੀ ਜ਼ਿੱਦ ਕੀਤੀ ਕਿ ਮੈਂ ਉਨ੍ਹਾਂ ਦੀ ਸ਼ਾਨੂ ਨਾਲ ਮੁਲਾਕਾਤ ਕਰਾਵਾਂ। ਰੋਜ਼-ਰੋਜ਼ ਦੀ ਮੰਗ ਤੋਂ ਤੰਗ ਆ ਕੇ ਮੈਂ ਮੁਲਾਕਾਤ ਕਰਾ ਦਿੱਤੀ। ਅੱਜ ਇਹ ਹਾਲਤ ਹੈ ਕਿ ਅਸੀਂ ਚਾਰੇ ਸ਼ਾਨੂ ਨੂੰ ਪਿਆਰ ਕਰਦੀਆਂ ਹਾਂ। ਜਿੱਥੋਂ ਤੱਕ ਇਸ ਗੱਲ ਦਾ ਸੰਬੰਧ ਹੈ ਕਿ ਅਸੀਂ ਇਕ ਦੂਸਰੀ ਨਾਲ ਈਰਖਾ ਤਾਂ ਨਹੀਂ ਕਰਦੀਆਂ। ਇਸ ਤਰ੍ਹਾਂ ਦੀ ਕੋਈ ਗੱਲ ਨਹੀਂ, ਈਰਖਾ ਕਿਉਂ ਕਰੀਏ ?

? ਤੁਸੀਂ ਆਪਣੀ ਹਾਲਤ ਦੇ ਹਵਾਲੇ ਨਾਲ ਸਮਾਜ ਨੂੰ ਕੋਈ ਸੰਦੇਸ਼ਾ ਦੇਣਾ ਚਾਹੋ।

*ਨੋਟ—ਜਵਾਬ ਵਿਚ ਕੋਈ ਸ਼ਬਦ ਬਦਲਿਆ ਨਹੀਂ ਗਿਆ। ਔਰਤ ਦੇ ਮੂੰਹੋਂ ਜਿਹੜੇ ਸ਼ਬਦ ਨਿਕਲੇ ਲਿਖੇ ਜਾ ਰਹੇ ਹਨ।*

—ਮੈਂ ਜੋ ਕਿਹਾ ਸੱਚ ਹੈ। ਹਕੀਕਤ ਇਹ ਹੈ ਕਿ ਮੈਂ ਆਪਣੇ ਪਤੀ ਨਾਲ ਧੋਖਾ ਕਰ ਰਹੀ ਹਾਂ। ਪਰ ਇਸ ਦਾ ਕਾਰਨ ਕੀ ਹੈ ? ਮੈਂ ਦੱਸ ਚੁੱਕੀ ਹਾਂ। ਹੁਣ ਤੁਸੀਂ ਆਪ ਫ਼ੈਸਲਾ ਕਰੋ ਕਿ ਮੇਰੀ ਵਰਤਮਾਨ ਹਾਲਤ ਦਾ ਜ਼ਿੰਮੇਵਾਰ ਕੌਣ ਹੈ ? ਮੇਰੇ ਮਾਪੇ, ਮੇਰਾ ਪਤੀ ਜਾਂ ਮੇਰੀ ਕਿਸਮਤ।

ਮੇਰੀ ਮਾਪਿਆਂ ਅੱਗੇ ਅਰਜੋਈ ਹੈ ਕਿ ਜੇਕਰ ਉਹ ਬੱਚੀਆਂ ਨੂੰ ਆਪਣੇ ਘਰਾਂ ਵਿਚ ਖੁਸ਼ ਵੇਖਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਬੱਚੀਆਂ ਦੇ ਅਜੋੜ ਵਿਆਹ ਨਾ ਕਰਨ। ਮੈਂ ਇਹ ਸਭ ਕੁਝ ਤੁਹਾਨੂੰ ਇਸ ਲਈ ਦੱਸ ਦਿੱਤਾ ਕਿ ਪਰਦੇ ਦੇ ਪਿੱਛੇ ਕੀ ਹੋ ਰਿਹਾ ਹੈ, ਉਹ ਆਮ ਮਨੁੱਖ ਦੀ ਜਾਣਕਾਰੀ ਵਿਚ ਹੋਣਾ ਚਾਹੀਦਾ ਹੈ। ਜੇਕਰ ਮੇਰੀ ਇਸ ਗੱਲ ਨਾਲ ਕਿਸੇ ਇਕ ਦੀ ਵੀ ਜ਼ਿੰਦਗੀ ਸੁਧਰ ਜਾਏ ਤਾਂ ਮੈਂ ਇਸ ਨੂੰ ਅੰਤਮ ਵੇਲੇ ਦੇ ਲਈ ਰਹਿਮਤ ਦਾ ਸਾਮਾਨ ਮਹਿਸੂਸ ਕਰੂੰਗੀ।

ਜੀ ਹਾਂ! ਇਹ ਤਾਂ ਸੀ ਇਕ ਇਸ ਤਰ੍ਹਾਂ ਦੀ ਔਰਤ ਦੀ ਇੰਟਰਵਿਊ ਜਿਹੜੀ ਖੁਸਰੇ ਨੂੰ ਮੁਹੱਬਤ ਕਰਦੀ ਹੈ। ਉਸ ਔਰਤ ਨੂੰ ਮੁਹੱਬਤ ਕਰਨ ਵਾਲਾ ਖੁਸਰਾ ਸ਼ਹਿਨਾਜ਼ ਇਸ ਸਿਲਸਿਲੇ ਵਿਚ ਕੀ ਕਹਿੰਦਾ ਹੈ ਇਹ ਪੜ੍ਹੋ।

? ਸੁਣਿਆ ਹੈ ਕਿ ਖੁਸਰੇ ਤਾਂ ਔਰਤਾਂ ਨਾਲ ਸਾੜਾ ਕਰਦੇ ਹਨ ਤਾਂ ਫਿਰ ਕੀ ਕਾਰਨ ਹੈ ਕਿ ਤੁਸੀਂ ਇਕ ਔਰਤ ਨਾਲ ਦੋਸਤੀ ਕੀਤੀ।

—ਤੁਸੀਂ ਗਲਤ ਸੁਣਿਆ ਹੈ ਕਿ ਖੁਸਰੇ ਔਰਤ ਨਾਲ ਸਾੜਾ ਕਰਦੇ ਹਨ। ਉਹ ਸਾੜਾ ਨਹੀਂ ਰਸ਼ਕ ਕਰਦੇ ਹਨ। ਜਿਹੜੀ ਔਰਤ ਕਿਸੇ ਖੁਸਰੇ ਦੀ ਆਈਡੀਅਲ ਹੋ ਜਾਵੇ, ਉਹ ਖੁਸਰਾ ਉਸ ਵਰਗਾ ਬਣਨਾ ਚਾਹੁੰਦਾ ਹੈ। ਜੇਕਰ ਉਹ ਉਸ ਵਰਗਾ ਨਹੀਂ ਬਣ ਸਕਦਾ ਤਾਂ ਫਿਰ ਘੱਟੋ-ਘੱਟ ਉਸ ਦਾ ਨਾਂ ਤਾਂ ਰੱਖ ਲੈਂਦਾ ਹੈ ਜਿਸ ਤਰ੍ਹਾਂ ਕਿ ਮੈਂ ਸ਼ਹਿਨਾਜ਼ ਸ਼ੇਖ ਤੋਂ ਪ੍ਰਭਾਵਿਤ ਹੋ ਕੇ ਸ਼ਹਿਨਾਜ਼ ਨਾਂ ਰੱਖਿਆ। ਜਿੱਥੋਂ ਤੱਕ ਇਸ ਗੱਲ ਦਾ ਸੰਬੰਧ ਹੈ ਕਿ ਮੈਂ ਇਕ ਔਰਤ ਨਾਲ ਦੋਸਤੀ ਕਿਉਂ ਕੀਤੀ ਤਾਂ ਇਸ ਦਾ ਜਵਾਬ ਜਾਣਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਤੁਹਾਨੂੰ ਇਸ ਗੱਲ ਦਾ ਪਤਾ ਹੋਵੇ ਕਿ ਅਸਲ ਅਤੇ ਨਕਲ ਭਾਵ ਹੀਜੜੇ ਅਤੇ ਜ਼ਨਾਨੇ ਵਿਚ ਕੀ ਫ਼ਰਕ ਹੈ। (ਸਾਡੇ ਵੱਲੋਂ ਜਵਾਬ ਮਿਲਣ ਦੇ ਬਾਅਦ ਉਸ ਨੇ ਗੱਲਬਾਤ ਦਾ ਸਿਲਸਿਲਾ ਚਾਲੂ ਰੱਖਦੇ ਹੋਏ ਕਿਹਾ।) ਔਰਤ ਤੋਂ ਦੂਰ ਇਸ ਤਰ੍ਹਾਂ ਦੇ ਖੁਸਰੇ ਰਹਿਣ ਦੀ ਕੋਸ਼ਿਸ਼ ਕਰਦੇ ਹਨ ਜਿਨ੍ਹਾਂ ਦੇ ਅੰਦਰ ਜਮਾਂਦਰੂ ਤੌਰ 'ਤੇ ਔਰਤਪਨ ਹੁੰਦਾ ਹੈ। ਸਾਡੇ ਵਰਗੇ ਦੋ ਨੰਬਰ ਦੇ ਖੁਸਰੇ ਹਾਲਾਤ ਦੀ ਮਜਬੂਰੀ ਕਰਕੇ ਇਸ ਪ੍ਰੋਫ਼ੈਸ਼ਨ ਦਾ ਜ਼ਰੂਰੀ ਹਿੱਸਾ ਬਣ ਜਾਂਦੇ ਹਨ। ਜਦੋਂ ਮੈਂ ਨਿਰਬਾਨ ਹੋਇਆ ਤਾਂ ਉਨ੍ਹਾਂ ਦਿਨਾਂ ਵਿਚ ਮੇਰੀ ਹਾਲਤ ਕੁਝ ਹੋਰ ਸੀ, ਅੱਜ ਕੁਝ ਹੋਰ ਹੈ। ਪਹਿਲੋਂ ਮੈਂ ਔਰਤ ਨਾਲ ਨਫ਼ਰਤ ਕਰਦਾ ਸੀ। ਹੁਣ ਮੇਰੇ ਵਿਚ ਇਕ ਮੁਕੰਮਲ ਮਰਦ

ਦੇ ਵਾਂਗ ਔਰਤ ਨੂੰ ਮੁਹੱਬਤ ਕਰਨ ਦੀ ਖਾਹਸ਼ ਮੌਜੂਦ ਹੈ। ਮੇਰੀ ਇਹ ਖਾਹਸ਼ ਅਕਸਰ ਮੈਨੂੰ ਬੇਚੈਨ ਰੱਖਦੀ ਹੈ। ਜਿਉਂ ਹੀ ਮੈਨੂੰ ਕਿਸੇ ਔਰਤ ਦੇ ਕੋਲ ਜਾਣ ਦਾ ਮੌਕਾ ਮਿਲਦਾ ਹੈ ਤਾਂ ਮੈਂ ਭਾਵਨਾਵਾਂ ਦੇ ਹੱਥੋਂ ਮਜ਼ਬੂਰ ਹੋ ਕੇ ਉਸ ਵੱਲ ਖਿੱਚਿਆ ਚਲਾ ਜਾਂਦਾ ਹਾਂ। ਇਹ ਵੱਖਰੀ ਗੱਲ ਹੈ ਕਿ ਮੈਂ ਬੱਚਾ ਪੈਦਾ ਨਹੀਂ ਕਰ ਸਕਦਾ। ਮੈਂ ਮਨੁੱਖੀ ਨਸਲ ਅੱਗੇ ਨਹੀਂ ਵਧਾ ਸਕਦਾ ਅਤੇ ਨਾ ਹੀ ਮੈਨੂੰ ਇਸ ਦੀ ਲੋੜ ਹੈ। ਪਰ ਇਹ ਹਕੀਕਤ ਹੈ ਕਿ ਮੈਂ ਔਰਤ ਨੂੰ ਆਪਣੇ ਨਾਲ ਲੰਮੀ ਪਾਉਣਾ ਚਾਹੁੰਦਾ ਹਾਂ। ਉਸਦੇ ਨਾਲ ਮੇਰੇ ਸੰਬੰਧਾਂ ਦਾ ਇਹੋ ਕਾਰਨ ਹੈ।

? ਕੀ ਇਹ ਗੱਲ ਤੁਹਾਡੀ ਬਰਾਦਰੀ ਦੇ ਹੋਰ ਖੁਸਰੇ ਵੀ ਜਾਣਦੇ ਹਨ।

—ਜੀ ਨਹੀਂ ਅਤੇ ਨਾ ਹੀ ਮੈਂ ਕਿਸੇ ਨੂੰ ਦੱਸਣਾ ਚਾਹੁੰਦਾ ਹਾਂ।

? ਤਾਂ ਫਿਰ ਤੁਸੀਂ ਸਾਨੂੰ ਕਿਉਂ ਦੱਸਿਆ।

—ਹੀਜੜਾ, ਖੁਸਰਾ, ਜ਼ਨਾਨਾ, ਦੁਰਾਚਾਰੀ ਔਰਤ, ਬਦਚਲਣ ਮਰਦ, ਇਹ ਸੋਸਾਇਟੀ ਦੇ ਉਹ ਪਾਤਰ ਹਨ ਜਿਨ੍ਹਾਂ ਦੇ ਸੰਬੰਧ ਵਿਚ ਜਿੰਨਾ ਵੀ ਲਿਖਿਆ ਜਾਵੇ ਥੋੜ੍ਹਾ ਹੈ। ਇਸ ਦੇ ਕਾਰਨਾਂ ਨੂੰ ਜਾਣ ਕੇ ਹਰ ਉਸ ਮਨੁੱਖ ਨੂੰ ਦੁੱਖ ਦਾ ਅਹਿਸਾਸ ਹੋਵੇਗਾ ਜਿਹੜਾ ਸਮਾਜ ਦੀ ਭਲਾਈ ਅਤੇ ਖੁਸ਼ਹਾਲੀ ਦਾ ਇੱਛੁਕ ਹੈ। ਮੇਰਾ ਸੰਬੰਧ ਇਕ ਮੱਧ ਵਰਗੀ ਘਰਾਣੇ ਨਾਲ ਹੈ। ਉੱਥੇ ਪੈਸੇ ਦੀ ਬਹੁਤ ਜ਼ਿਆਦਾ ਰੇਲ ਪੇਲ ਤਾਂ ਨਹੀਂ ਸੀ ਪਰ ਐਨਾ ਜ਼ਰੂਰ ਸੀ ਕਿ ਮੈਨੂੰ ਹਰ ਉਹ ਚੀਜ਼ ਮਿਲ ਜਾਂਦੀ ਸੀ ਜਿਸ ਦੀ ਮੈਂ ਮੰਗ ਕਰਦਾ ਸੀ। ਬਚਪਨ ਦੇ ਦਿਨਾਂ ਵਿਚ ਮੈਂ ਬਹੁਤ ਹੀ ਖ਼ੂਬਸੂਰਤ ਅਤੇ ਸਮਾਰਟ ਲੜਕਾ ਜਾਣਿਆ ਜਾਂਦਾ ਸਾਂ। ਮੇਰਾ ਕਣਕਵੰਨਾ ਰੰਗ ਅਤੇ ਮੋਟੀਆਂ ਅੱਖਾਂ ਬਹੁਤ ਸਾਰੇ ਲੋਕਾਂ ਦਾ ਈਮਾਨ ਖ਼ਰਾਬ ਕਰਨ ਲਈ ਕਾਫ਼ੀ ਸਨ। ਮੇਰੇ ਦੋਸਤਾਂ ਅਤੇ ਮੁਹੱਲੇ ਦੇ ਲੋਕਾਂ ਨੇ ਮੈਨੂੰ ਜਿਨਸੀ ਹਵਸ ਦਾ ਸ਼ਿਕਾਰ ਬਣਾਇਆ। ਜਦੋਂ ਮੇਰੇ ਨਾਲ ਜ਼ਿਆਦਤੀ ਹੁੰਦੀ ਤਾਂ ਮੈਂ ਵੀ ਚਾਹੁੰਦਾ ਕਿ ਮੈਂ ਵੀ ਕਿਸੇ ਦੂਸਰੇ ਨਾਲ ਇਸ ਤਰ੍ਹਾਂ ਦੀ ਕਰਤੂਤ ਕਰਾਂ। ਨਤੀਜੇ ਵਜੋਂ ਇਸ ਇੱਛਾ ਪੂਰਤੀ ਦੇ ਲਈ ਮੇਰੇ ਖੁਸਰਿਆਂ ਨਾਲ ਸੰਬੰਧ ਕਾਇਮ ਹੋ ਗਏ। ਇੱਥੋਂ ਤੱਕ ਕਿ ਅਠਾਰ੍ਹਾਂ ਸਾਲ ਦੀ ਉਮਰ ਹੋਣ ਤੱਕ ਮੈਂ ਅੰਦਰੋਂ ਖੋਖਲਾ ਹੋ ਚੁੱਕਾ ਸੀ ਜਿਸ ਨੂੰ ਤੁਸੀਂ ਮਰਦਾਨਗੀ ਤੋਂ ਦੂਰੀ ਕਹਿ ਸਕਦੇ ਹੋ। ਖੁਸਰਿਆਂ ਦੇ ਨਾਲ ਰਹਿੰਦਿਆਂ ਉਨ੍ਹਾਂ ਦੇ ਮਾਹੌਲ ਨੇ ਐਨਾ ਪ੍ਰਭਾਵਿਤ ਕੀਤਾ ਕਿ ਮੈਂ ਆਪਣੀ ਮਰਜ਼ੀ ਨਾਲ ਖੁਸਰਾ ਬਣਨ ਲਈ ਮਨ ਬਣਾ ਲਿਆ। ਲਿੰਗ ਕੱਟ ਜਾਣ ਦੇ ਬਾਅਦ ਮੈਂ ਹੀਜੜਿਆਂ ਵਿਚ ਹਰਮਨ ਪਿਆਰਾ ਹੁੰਦਾ ਗਿਆ। ਏਥੋਂ ਤੱਕ ਕਿ ਅੱਜ ਮੈਂ ਗੁਰੂ ਦੀ ਥਾਂ ਤੱਕ ਪਹੁੰਚ ਗਿਆ ਹਾਂ। ਜਿਸਮ ਪ੍ਰਾਪਤੀ ਦੀ ਇੱਛਾ ਅਤੇ ਬਦਲੇ ਦੀ ਅੱਗ ਨੇ ਮੈਨੂੰ ਇਸ ਥਾਂ ਤੱਕ ਪੁਚਾਇਆ। ਹੁਣ ਮੈਂ ਨਹੀਂ ਚਾਹੁੰਦਾ ਕਿ ਕੋਈ ਦੂਸਰਾ ਬੱਚਾ ਇਸ ਖੁਮਾਰੀ ਦਾ ਸ਼ਿਕਾਰ ਹੋ ਕੇ ਖੁਸਰਾ ਬਣ ਜਾਵੇ। ਤੁਸੀਂ ਮੈਨੂੰ ਦੱਸਿਆ ਕਿ ਤੁਸੀਂ ਇਸ ਵਿਸ਼ੇ ਵਸਤੂ 'ਤੇ ਕਿਤਾਬ ਲਿਖ ਰਹੇ ਹੋ ਤਾਂ ਮੈਂ ਬਹੁਤ ਸੋਚ ਸਮਝ ਕੇ ਤੁਹਾਡੇ ਨਾਲ ਗੱਲ ਕੀਤੀ ਅਤੇ ਤੁਸੀਂ ਜੋ ਕੁਝ ਪੁੱਛਿਆ ਮੈਂ ਈਮਾਨਦਾਰੀ ਨਾਲ ਤੁਹਾਨੂੰ ਦੱਸਿਆ। ਹੁਣ ਵੇਖਣਾ ਇਹ ਹੈ ਕਿ ਤੁਸੀਂ ਆਪਣਾ ਵਾਇਦਾ ਪੂਰਾ ਕਰਦੇ ਹੋਏ ਇਸ ਬੇਮਜ਼ਾ ਵਿਸ਼ੇ-ਵਸਤੂ ਉੱਤੇ ਕੁਝ ਲਿਖਦੇ ਹੋ ਜਾਂ ਨਹੀਂ। ਔਰਤ ਨਾਲ ਸੰਬੰਧ ਵਾਲੀ ਗੱਲ ਇਸ ਲਈ ਸੁਣਾਈ ਹੈ ਕਿ ਤੁਹਾਨੂੰ ਲੋਕਾਂ ਨੂੰ ਦੱਸ ਸਕਾਂ ਕਿ ਗਲੀ-ਮੁਹੱਲੇ ਵਿਚ ਫਿਰਨ ਵਾਲਾ ਖੁਸਰਾ ਤੁਹਾਡਾ ਦੋਸਤ ਨਹੀਂ। ਜੇ ਖੁਸਰਾ ਸਮਾਜ ਵਿਚ ਚੰਗੇ ਰੁਤਬੇ ਦਾ ਚਾਹਵਾਨ ਹੈ ਤਾਂ ਫਿਰ ਉਹਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਜੋ ਕੁਝ ਮੈਂ ਕਰ ਰਿਹਾ ਹਾਂ। ਪਰ ਕੀ ਕਰਾਂ ਆਪਣੇ ਅੰਦਰਲੇ ਜਜ਼ਬਾਤਾਂ ਦਾ ਗਲ਼ਾ ਘੁੱਟਿਆ ਨਹੀਂ ਜਾ ਰਿਹਾ।

**ਅਨੁ: ਪਾਲ ਸਿੰਘ ਵੱਲਾ**

ਮੋਬਾਇਲ ਨੰ: 95011-38583



**ਕਵਿਤਾਵਾਂ**

## ਅਜਾਇਬ ਸਿੰਘ ਹੁੰਦਲ ਦੀਆਂ ਦੋ ਗ਼ਜ਼ਲਾਂ

ਸੋਚਿਆਂ ਆਉਂਦੀ ਕਦੋਂ ਕਵਿਤਾ ਹੈ ਯਾਰੋ।
ਵੈਣ ਪਾਉਣੇ ਕਦ ਕੋਈ ਸਿੱਖਦਾ ਹੈ ਯਾਰੋ।

ਜੀ ਰਿਹਾ ਹੋਵੇ ਜੋ ਬਾਬੇ ਦੀ ਤਰ੍ਹਾਂ ਉਹ,
ਪਾਲਣਾ ਮੁਸ਼ਕਿਲ ਬੜਾ ਬੱਚਾ ਹੈ ਯਾਰੋ।

ਵਾਂਗ ਦੁਲਹਨ ਦੇ ਸਜਾਇਆ ਘਰ ਹੈ ਫਿਰ ਵੀ,
ਖ਼ਾਲੀ ਖ਼ਾਲੀ ਜਾਪਦਾ ਵਿਹੜਾ ਹੈ ਯਾਰੋ।

ਮੋਹ ਨਹੀਂ ਤਾਂ ਹੋਰ ਕੀ ਆਖੋਗੇ ਇਸ ਨੂੰ,
ਫੋਲਦਾ ਜੋਗੀ ਪਿਆ ਮਲਬਾ ਹੈ ਯਾਰੋ।

ਸੋਚ ਹੈ ਉਹ ਹੀ ਪੁਰਾਣੀ ਦੀ ਪੁਰਾਣੀ,
ਕੋਠੀਆਂ ਦਾ ਵੱਧ ਰਿਹਾ ਰਕਬਾ ਹੈ ਯਾਰੋ।

ਉਮਰ ਭਰ ਕੱਤਿਆ ਸੀ ਜੋ ਦਾਦੀ ਤੇ ਮਾਂ ਨੇ,
ਕੱਤ ਰਹੀ ਪਤਨੀ ਵੀ ਉਹ ਚਰਖ਼ਾ ਹੈ ਯਾਰੋ।

ਹੁਣ 'ਅਜਾਇਬ' ਕਿੰਜ ਵਾਰਿਸ ਸ਼ਾਹ ਬਣੇਗਾ,
ਹੀਰ ਕਿਧਰੇ ਨਾ ਕਿਤੇ ਰਾਂਝਾ ਹੈ ਯਾਰੋ।

ਕਿਸ ਤਰ੍ਹਾਂ ਦੀ ਰੁੱਤ ਹੈ ਕੈਸੀ ਹਵਾ ਹੈ।
ਬਣ ਗਿਆ ਹਰ ਆਦਮੀ ਇਕ ਹਾਦਸਾ ਹੈ।

ਲਾ ਲਏ ਚਿਹਰੇ ਨੇ ਆਪਾਂ ਕਿਸ ਤਰ੍ਹਾਂ ਦੇ,
ਟੁੱਟ ਗਿਆ ਅਪਣੇ ਹੀ ਨਾਲੋਂ ਰਾਬਤਾ ਹੈ।

ਆਖਿਆ ਹੈ ਠੀਕ ਹੀ ਯਾਰੋ ਕਿਸੇ ਨੇ,
ਫ਼ੈਸਲਾ ਨਾ ਕਰਨਾ ਵੀ ਇਕ ਫ਼ੈਸਲਾ ਹੈ।

ਹੋਏ ਗਾ ਅਪਣੀ ਹੀ ਬਸਤੀ ਦਾ ਕੋਈ ਉਹ,
ਦੀਪ ਫਿਰ ਜਿਸ ਨੇ ਹਵਾ ਵਿਚ ਬਾਲਿਆ ਹੈ।

ਹੋ ਗਿਆ ਦੁਸ਼ਮਣ ਹੈ ਸਾਰਾ ਸ਼ਹਿਰ ਉਸਦਾ,
ਪਹਿਨਿਆਂ ਜਿਸ ਵੀ ਕਿਸੇ ਨੇ ਆਇਨਾ ਹੈ।

ਆ ਰਹੀ ਅੱਜ ਫੇਰ ਹੈ ਤੱਤੀ ਹਵਾ ਜੋ,
ਮਰ ਗਿਆ ਲਗਦਾ ਕਿਤੇ ਕੋਈ ਖ਼ੁਦਾ ਹੈ।

ਕਰ ਸਦਾ ਸੱਤਿਕਾਰ ਦੁਸ਼ਮਣ ਦਾ 'ਅਜਾਇਬ',
ਤੇਰੇ ਬਾਰੇ ਸੱਚ ਉਹ ਹੀ ਬੋਲਦਾ ਹੈ।

## ਦਲਵੀਰ ਕੌਰ ਦੀਆਂ ਨਜ਼ਮਾਂ

**ਦਲਿਤ**

ਇਨ੍ਹਾਂ ਦਿਨ੍ਹਾਂ ਚ
ਫੇਰ ਕੁਝ ਬੱਚੇ
ਮੇਰੇ ਪੇਟੋਂ ਜਨਮ ਮੰਗਦੇ ਨੇ।
ਆਪੇ ਲਿਖਣਾ ਚਾਹੁੰਦੇ
ਕਿਸਮਤ ਆਪਣੀ
ਰੰਗ, ਢੰਗ, ਤੇਵਰ
ਸਿਰਜਣ ਨੂੰ ਫਿਰਦੇ
ਰੱਬ!
ਸੁਨੱਖੀ ਸੂਰਤ
ਤਿੱਖੇ ਨੈਣ ਨਕਸ਼ ਵਾਲੀ
ਆਰੀਅਨ ਕੁੜੀ
ਇਨ੍ਹਾਂ ਵੱਲ ਵੇਖ ਨੱਕ ਢੱਕਦੀ ਹੈ!
ਬਿਲਕੁਲ ਮੇਰੀ ਦਾਦੀ ਵਾਂਗ।

ਛੱਟਪਟਾਹਟ ਪੱਸਰਦੀ ਹੈ
"ਤੂੰ ਜੰਮ ਲੈਣ ਦੇ ਫਿਰ ਇੱਕ ਵਾਰ
ਸਦਨੇ ਦੇ ਬੋਲ
ਪੱਟ ਲੈਣ ਦੇ ਰਵੀਦਾਸ ਨੂੰ ਅੱਖ
ਫਰੀਦ ਦਾ ਪਿੰਜਰ
ਕਾਵਾਂ ਨਾਲ ਤਕਰਾਰ ਕਰਦਾ ਹੈ"

ਕਾਵਾਂ ਦੀ ਨੀਅਤ ਤੇ
ਸ਼ੱਕ ਹੋ ਗਿਆ ਹੈ
ਮੈਂ ਆਪਣੀ ਦਾਦੀ ਦੀ ਜਾਤ ਬਾਰੇ
ਜਾਣ ਚੁੱਕੀ ਹਾਂ!!

**ਅਲਫ-ਨਗਨ!**

ਰੱਥ ਰੁਕਿਆ
ਰਥਵਾਨ ਵਾਪਿਸ ਮੁੜਿਆ
ਕੁਝ ਸਵਾਲ ਆਏ ਨੇ!
ਚਿਹਰੇ 'ਤੇ ਪਰਦਾ
ਹੱਥ ਵਿੱਚ ਛੁਰੀ
ਪੁੱਖਤਾ ਬੋਲੀ
ਨੀਅਤ ਅਰਧ ਨਗਨ!!

ਮੈਂ ਇੱਲ ਦੀ ਅੱਖ ਚੁਰਾ ਲਈ ਹੈ
ਗਿਰਝਾਂ ਦੀ ਟੋਲੀ ਨੇ
ਮਾਸ ਪਰੋਸਿਆ
ਹੱਡ-ਮਾਸ ਦੀ ਆਮਦ ਦਾ ਜਸ਼ਨ ਹੋਇਆ।

ਪਰ ਅਲਾਹਣੀਆਂ ਕਿਸ ਨੇ ਪੜ੍ਹੀਆਂ?
ਧਰਮਾਂ ਵਾਲੇ ਪਾਂਸੁਕ ਦੀ ਧਿਰ ਬਣੇ
ਅਦਾਲਤ ਬਰਖਾਸਤ ਹੋਈ
ਉਸਨੇ ਤੱਕੜੀ 'ਚ ਸਿਰ ਧਰ ਦਿੱਤਾ
ਰੱਥ ਫੇਰ ਰੁਕਿਆ ਹੈ
ਇਸ ਬਾਰ
ਸਵਾਲਾਂ ਜਵਾਬ ਨਹੀਂ ਮੰਗੇ!!

**ਗਿਣਤੀ ਮਿਣਤੀ**

ਮੈਂ 80/20 ਸਿਧਾਂਤ ਦੀ
ਰੂਪ ਰੇਖਾ ਤਿਆਰ ਕਰ ਰਹੀ ਹਾਂ
ਬਹੁਤ ਕੁਝ ਝਾੜ ਸੁੱਟ ਦੇਣ ਵਾਲਾ
ਸਾਂਹਵੇਨ ਪਿਆ ਹੈ।
ਸਾਂਭਣ-ਯੋਗ ਨੂੰ
ਬਾਰ ਬਾਰ ਸੋਚ ਰਹੀ ਹਾਂ

..ਧੁਰ ਅੰਦਰੋਂ
ਇੱਕ ਹਉਕਾ ਉੱਠਿਆ ਹੈ।
ਸ਼ਾਇਦ ਮਨ ਥੱਕ ਚੁੱਕਾ ਹੈ
ਤਨ ਨਿਸਲ ਕਰਨ ਖਾਤਿਰ
ਪਰਛੱਤੀ ਤੋਂ ਤਸਵੀਰਾਂ ਚੁੱਕ
ਪੜ੍ਹਨ ਲੱਗਦੀ ਹਾਂ

ਕੁਝ ਆਵਾਜ਼ਾਂ ਚੁੱਪ ਹੋ ਚੁੱਕੀਆਂ ਨੇ
ਮੈਨੂੰ ਕਿਸਦੀ ਉਡੀਕ ਹੈ!

ਔਸਤਨ ਉਮਰ ਦੇ ਵਰਕੇ
ਉਂਗਲਾਂ ਤੇ ਗਿਣਦੀ ਹਾਂ
ਧਰਤੀ ਦਾ ਚੱਕਰ
ਪੂਰਾ ਹੋਣ ਜਾ ਰਿਹੈ!
ਮੈਂ ਅੱਖਾਂ ਬੰਦ ਕਰ ਲਈਆਂ ਨੇ
ਉਹ ਆਖਦੇ ਨੇ,
"ਅਜੇ ਤਾਂ ਚਿਹਰਾ ਮਾਸੂਮ ਹੈ"
ਮੈਂ ਜਵਾਰਭਾਟਾ ਰੋਕਦੀ ਹਾਂ
ਸਮੁੰਦਰ ਡੁੱਲ ਚੁੱਕਾ ਹੈ
ਮੱਛੀ ਦੀ ਅੱਖ
ਖੁੱਲ੍ਹੀ ਰਹਿ ਗਈ ਹੈ!!

**ਜਿੱਤ**

ਸਿਕੰਦਰ ਜੱਗ ਜਿੱਤਣ ਚੜ੍ਹਿਆ ਸੀ
ਮੈਂ ਤਨ ਜਿੱਤਣਾ ਹੈ
ਅਵਾਮ ਦਾ ਮਨ ਜਿੱਤਣ ਵੱਲ ਇਸ਼ਾਰਾ ਹੈ
ਮੇਰੀ ਇੱਕ ਅੱਖ
ਲੋਕ ਇਸ਼ਾਰੇ ਵੱਲ ਹੈ
ਦੂਜੀ ਮੱਥੇ 'ਚ ਟੱਪਕਦੀ ਨਾੜ 'ਤੇ
ਰਾਖੀ ਲਈ ਦਰਾਂ 'ਚ ਬੰਨਿਆ
ਬੁਲਟੀਰੀਆ ਕੁੱਤਾ
ਅੱਖਾਂ ਮੀਟੀ ਚੁੱਪ ਬੈਠਾ ਹੈ!

**ਸੋਚ!**

ਕੁਝ ਹਿੰਦਸੇ
ਘੱਟਦੇ ਸਨ
ਤੇ ਸਮਾਂ ਬੇ-ਜੋੜ ਸੀ!
ਚਾਰੇ ਦਿਸ਼ਾਵਾਂ ਦੇ ਨਾਮ ਬਦਲ
ਵਰਕਿਆਂ ਤੇ
ਉਸ ਸਮਾਨਾਂਤਰ ਲਕੀਰਾਂ ਵਾਹ ਦਿੱਤੀਆਂ।
ਕੁਝ ਕੁ ਸਮੇਂ ਤੋਂ
ਵਿੱਥ ਘੱਟਦੀ ਵੱਧਦੀ ਹੈ
ਸੱਜੇ ਖਲੋ ਵੇਖਿਆਂ
ਸਵਾਲ ਪੂਰਬ ਦਿਸ਼ਾ ਦਾ ਹੈ
ਖੱਬੇ ਖਲੋਣ ਤੇ
ਉਂਗਲ ਪੱਛਮ ਵੱਲ ਹੈ
ਅੰਦਰ ਮਨੋਵੇਗ ਦਾ ਤਾਪ।
ਸਮਰਪਣ ਕਿਸਨੂੰ ਕਰਨਾ ਹੈ?
ਮੈਂ ਪੁੱਛਦੀ ਹਾਂ
"ਆਤਮ ਸਮਰਪਣ ਕਿਸਨੇ ਕਰਨਾ ਹੈ"
ਲਾਸ਼ ਹਿਲਦੀ ਹੈ
"ਸ਼ਾਇਦ ਅਜੇ
ਅੱਗੇ ਰਸਤਾ ਸਾਫ ਨਹੀਂ"
ਭੀੜ ਭੱਜ ਤੁਰੀ ਹੈ!!

**ਤ੍ਰਿਸ਼ੰਕੂ**

ਜਿਉਣਾਂ ਤੇ ਮਰਨਾਂ
ਦੋਵੇਂ ਆਸਾਨ
ਤ੍ਰਿਸ਼ੰਕੂ ਹਵਾ ਦੇ ਸੀਨੇਂ
ਮਨ ਮਸਲ ਰਿਹੈ!
ਕੋਈ ਹੱਡ ਮਾਸ ਨਿਸਲ ਕਰਨ ਲਈ
ਰੋ ਰਿਹੈ,
ਕੋਈ ਪੂਜਨੀਕ ਆਖ
ਦੇਹੀ ਨੂੰ ਦਸਮ ਦੁਆਰ ਦਾ
ਮੰਦਰ ਗਰਦਾਨ ਦੇ!
ਪੰਜ ਤੱਤ
ਸਭ ਦੇ ਹਿੱਸੇ ਦੀ ਦੌਲਤ
ਜਾਂ ਅਣਸਮਝੀ ਕਾਵਾਂ ਰੌਲੀ

ਜੋ ਦਾਗ ਚੰਨ ਨਾਮੀ ਧਰਤੀ ਦੀਆਂ ਖੱਢਾਂ ਸਨ,
ਓਹੀ ਦਾਗ ਹੁਣ
ਛਿਪਕਲੀ ਦੇ ਮੂੰਹ ਵਿੱਚ ਛਿਪਕਲੀ ਹੈ!

**ਨਾਫ਼ੂ!**

ਮਾਂ ਦੀ ਅੱਖ ਸਾਹਵੇਂ
ਜਦ ਬੱਚਾ ਦਰਦ ਹੰਡਾਉਂਦਾ ਹੈ
ਤਾਂ ਕੁਦਰਤ ਸੋਚਦੀ ਹੈ,
"ਜਾਂ ਮਾਂ ਨਾ ਹੁੰਦੀ
ਜਾਂ ਮਨ ਨਾ ਹੁੰਦਾ"

**ਬਾਰ੍ਹਾਂ ਬਾਈ ਬਾਰ੍ਹਾਂ**

ਕਈ ਵੇਰਾਂ
ਤੇਜ਼ ਗਤੀ
ਗੋਲ ਚੱਕਰ ਤੇ ਖਲੋਤੇ
ਨਰ, ਮਾਦਾ ਦੇ ਪੈਰੀਂ
ਉੱਬਲਦੇ ਲਾਵੇ ਦਾ ਸ਼ੋਰ ਸੁਣਨ ਲਈ
ਆਪਣਾ ਸਿਰ ਹਵਾ ਦੇ ਕਿਣਕਿਆਂ 'ਚ ਖਿਲਾਰਦੀ ਹਾਂ
'ਤੇ ਫਿਰ ਹਰ ਇੱਕ ਸਿਰ ਨੂੰ
ਪੋਲੀ ਗੇਂਦ ਵਾਂਗ ਹੱਥਾਂ 'ਚ ਮੱਸਲਦੀ ਹਾਂ।
ਧਰਤੀ ਤੇ ਮਾਰ ਅਕਾਸ਼ ਵੱਲ ਉਛਾਲਣ ਲੱਗਦੀ ਹਾਂ ਤਾਂ,
ਤਾਰਾ ਮੰਡਲ 'ਚ ਗੱਜਦੀਆਂ ਗੱੜਕਦੀਆਂ
ਅਨੇਕਾਂ ਗਰਭਧਾਰੀ ਧਰਤੀਆਂ ਦੀ ਗਿਣਤੀ ਦਾ ਸਵਾਲ
ਇਨ੍ਹਾਂ ਸਿਰਾਂ ਨੂੰ ਵਾਪਸ ਮੇਰੇ ਘਰ ਦੀ
ਬਾਰ੍ਹਾਂ ਬਾਈ ਬਾਰ੍ਹਾਂ ਮਿਣਤੀ ਦੀ ਰਸੋਈ ਵਿੱਚ ਲਿਆ ਸੁੱਟਦਾ ਹੈ
ਅਕਾਰ ਸੁੰਗੜਦਾ ਹੈ
ਕਵਿਤਾ ਦਰਾਂ ਤੋਂ ਬਾਹਰ ਵੱਲ ਭੱਜਦੀ ਹੈ।
ਅਜੇ ਜਿਊਣਾ ਬਾਕੀ ਪਿਆ ਵੇਖ
ਇੱਕ ਵਾਅਦੇ ਸਮੇਤ
ਮੈਂ ਪਾਤਾਲ ਦੀ ਬਾਰੀ ਬੰਦ ਕਰਦੀ ਹਾਂ!!



## ਮੋਹਨ ਤਿਆਗੀ ਦੀਆਂ ਨਜ਼ਮਾਂ

**ਚੇਤਨਾ**

ਇਹ ਧੁੰਦ ਗੁਬਾਰ ਤੇ ਧੂੰਏਂ ਵਿਚ
ਕਿਸਨੇ ਪਹਿਨ ਲਿਆ ਹੈ
ਮੈਨੂੰ
ਇਹ ਸ਼ਬਦ
ਇਹ ਵਾਕ
ਇਹ ਸਤਰਾਂ
ਮੇਰੀਆਂ ਨਹੀਂ
ਕਿਸੇ ਇਸ਼ਤਿਹਾਰ ਦੀ ਭਾਸ਼ਾ ਹੈ

ਚਾਰੇ ਪਾਸੇ ਡੂੰਘਾ ਸੰਨਾਟਾ ਹੈ
ਮੌਤ ਵਰਗੀ ਚੁੱਪ

ਮੈਂ ਤੈਨੂੰ ਸਦੀਆਂ ਤੋਂ ਪੁਕਾਰਦਾ
ਲਹੂ ਲੁਹਾਨ ਹੁੰਦਾ
ਇਕ ਅੰਨ੍ਹਾ ਯੁੱਧ ਲੜ ਰਿਹਾ ਹਾਂ

ਮੈਂ ਤੇਰੇ ਬੋਲਾਂ ਸੰਗ ਕੋਈ
ਸੰਵਾਦ ਰਚਾਉਣਾ ਹੈ
ਮੈਂ ਤੇਰੀ ਮੁਹਾਰਣੀ ਵਿਚ
ਕੁਝ ਨਵਾਂ ਲਿਖਣਾ ਚਾਹੁੰਦਾ ਹਾਂ

ਮੇਰੇ ਆਲੇ ਦੁਆਲੇ ਅਜੇ ਮੰਦਰ
ਮਸਜਿਦਾਂ ਤੇ ਧਰਮ ਦੁਆਰਿਆਂ
ਦਾ ਗਹਿਰਾ ਸ਼ੋਰ ਹੈ ....
ਮੇਰੇ ਆਲੇ-ਦੁਆਲੇ ਅਜੇ ਸੰਸਦੀ ਧੁੰਦ ਦਾ
ਪਹਿਰਾ ਹੈ ....

ਮੈਂ ਤੈਨੂੰ ਸਾਬਮ ਸਾਲਮ ਵੇਖਣਾ ਚਾਹੁੰਦਾ ਹਾਂ
ਤੇਰੀ ਆਵਾਜ ਮੇਰੇ ਤੀਕ
ਕੱਟ ਕੱਟ ਕੇ ਪਹੁੰਚਦੀ ਹੈ
ਮੈਨੂੰ ਸਦੀਆਂ ਤੋਂ ਤੇਰੇ ਟਾਵਰਾਂ
ਦਾ ਇੰਤਜ਼ਾਰ ਹੈ

ਮੇਰੇ ਅੰਦਰ ਡਿਗਦਾ ਲਹੂ
ਮੇਰੀ ਪੀੜ ਦਾ ਗਵਾਹ ਹੈ

ਮੈਂ ਆਪਣੇ
ਸੂਰਜ ਨੂੰ ਤੇਰੇ ਬੋਲਾਂ ਦਾ
ਅਰਘ ਦੇਣਾ ਹੈ
ਮੈਂ ਆਪਣੇ ਇਤਿਹਾਸ ਨੂੰ ਇਕ ਵਾਰ
ਫਿਰ ਤੋਂ ਲਿਖਣਾ ਹੈ

ਮੈਂ ਸਦੀਆਂ ਤੋਂ ਜੰਗਲ ਪਹਾੜਾਂ ਚਟਾਨਾਂ
ਅਤੇ ਖ਼ੂਨੀ ਕੰਦਰਾਂ
ਵਿਚ ਭਾਲ ਰਿਹਾ ਹਾਂ ਤੈਨੂੰ।

**ਸ਼ਿਲਾਲੇਖ**

ਇਹ ਦੁਨੀਆਂ ਭਰ ਦੇ
ਮਹਿਲ ਮੁਨਾਰੇ
ਕਲਾ-ਮੰਦਰ
ਤੇ ਮਹਾਨ ਦੀਵਾਰਾਂ
ਕਿਸੇ ਹਾਕਮ ਦੀ ਤਲਵਾਰ
ਨਾਲ ਲਿੱਖੀ ਹੋਈ ਚਿੱਤਰ
ਲਿਪੀ ਨਹੀਂ

ਮੇਰੇ ਲਹੂ ਨਾਲ ਰੱਤੇ ਹੋਏ ਸਦੀਵੀ
ਸ਼ਿਲਾਲੇਖ ਨੇ
ਜਿਨ੍ਹਾਂ ਵਿਚ ਮੇਰਾ ਸੂਰਜ ਟੁਕੜੇ
ਟੁਕੜੇ ਹੋਕੇ ਬਿਖਰਿਆ ਪਿਆ ਹੈ
ਇਹ ਇਤਿਹਾਸ ਦੇ ਮੱਥੇ ਤੇ
ਲਿਖੀ ਹੋਈ ਕੋਈ ਧੁਖਦੀ ਹੋਈ ਪੇਸ਼ੀਨਗੋਈ ਹੈ

ਮੈਂ ਕੱਲਾ ਕੱਲਾ ਪੱਥਰ
ਗਾਹਿਆ ਹੈ
ਮੈਂ ਅੱਖਰ ਅੱਖਰ ਪੜ੍ਹਿਆ ਹੈ

ਪੁਰਾਲੇਖ ਵਿਭਾਗ ਦੀਆਂ ਵਹੀਆਂ
ਤੇ ਖੰਡਰਾਂ ਦੀ ਭਾਸ਼ਾ ਵਿਚ
ਬੜਾ -ਰਕ ਹੈ

ਮੈਂ ਖੰਡਰਾਂ ਦੀ ਰੂਹ ਵਿਚਲਾ ਸੰਗੀਤ
ਸੁਣ ਸਕਦਾ ਹਾਂ
ਇਨ੍ਹਾਂ ਪੱਥਰਾਂ ਤੇ ਖੁਣੀ
ਹੋਈ ਆਪਣੇ ਪੁਰਖਿਆਂ ਦੀ ਗੁਪਤ
ਲਹੂ ਦੀ ਲਿੱਪੀ ਪੜ੍ਹ
ਸਕਦਾ ਹਾਂ

ਮੈਂ ਪਲ ਭਰ ਲਈ ਇਨ੍ਹਾਂ ਕਲਾ ਸਮਾਰਕਾਂ
ਨੂੰ ਪਰ੍ਹਾਂ ਹਟਾ
ਦਿੰਦਾ ਹਾਂ ....

ਲੱਖਾਂ ਹੀ ਔਰਤਾਂ ਆਦਮੀਆਂ
ਤੇ ਬੱਚਿਆਂ ਦਾ ਝੁਰਮਟ
ਕਿਸੇ ਅਜਬ ਭਾਸ਼ਾ ਵਿਚ
ਅਲਾਪ ਲੈਣ ਲਗਦਾ ਹੈ

ਤੇ ਮੈਂ ਆਪਣੇ ਲਹੂ ਦੇ ਸ਼ਿਲਾਲੇਖਾਂ ਨੂੰ
ਇਕ ਵਾਰ ਫਿਰ
ਉੱਚੀ ਸੁਰ ਵਿਚ ਪੜ੍ਹਨ ਲਗਦਾ ਹਾਂ।

**ਚੈਨਲ**

ਮੇਰੇ ਮੱਥੇ ਵਿਚ ਕਈ ਚੈਨਲ ਇਕ ਦੂਜੇ ਨਾਲ
ਉਲਝੇ ਹੋਏ
ਓਪਰੀ ਭਾਸ਼ਾ ਵਿਚ ਬੋਲਦੇ
ਸ਼ੋਰ ਮਚਾਉਂਦੇ
ਵਾਰ ਵਾਰ ਮੇਰੀ ਮੌਤ ਦੀ
ਝੂਠੀ ਖਬਰ
ਫੈਲਾਉਂਦੇ

ਟੀ.ਵੀ ਸਕਰੀਨ ਤੇ 'ਬਰੇਕਿੰਗ ਨਿਊਜ਼'
ਵਿਚ ਢਾਲ ਕੇ
ਨਗਰ ਵਾਸੀਆਂ ਦੇ ਨਾਂ
ਨਸ਼ਰ ਕਰਦੇ

ਨਗਰ ਵਾਸੀਆਂ ਦੀ ਚੁੱਪ ਮੇਰੀ ਮੌਤ ਦੇ ਰਾਜ ਨੂੰ
ਹੋਰ ਡੂੰਘਾ ਕਰਦੀ
ਮੇਰੀ ਜਲਾਵਤਨੀ ਨੂੰ ਵਡਿਆਉਂਦੀ ਹੈ

ਇਕ ਹੋਰ ਚੈਨਲ ਦੀ
ਵਕਤਾ ਕੁੜੀ
ਇਹੀ ਖਬਰ ਵਾਰ ਵਾਰ
ਪੜ੍ਹਦੀ ਹੈ



ਮੈਂ ਆਪਣੀ ਨੀਂਦ ਚੋਂ ਤ੍ਰਭਕ ਕੇ
ਜਾਗਦਾ ਹਾਂ
ਸ਼ਹਿਰ ਵਿਚ ਕੋਈ ਵੀ ਜਲਸਾ ਜਲੂਸ
ਅਗਜ਼ਨੀ
ਜਾਂ ਧੂੰਆਂ ਨਹੀਂ

ਸਾਰਾ ਟਰੈ-ਕ ਠੀਕ ਠੀਕ
ਚਲ ਰਿਹਾ ਹੈ

ਤੇ ਵਕਤਾ ਕੁੜੀ ਮੇਰੀ ਮੌਤ ਦੀ 'ਬਰੇਕਿੰਗ ਨਿਊਜ਼'
ਪੜ੍ਹ ਰਹੀ ਹੈ

**ਹਨੇਰੇ ਦੇ ਸਾਏ**

ਯੁਗਾਂ ਯੁਗਾਤਰਾਂ ਤੋਂ ਹਨੇਰੇ ਦੇ ਸਾਏ
ਮੈਨੂੰ ਡਰਾਉਂਦੇ
ਧਮਕਾਉਂਦੇ
ਮੇਰੀ ਹੋਂਦ ਨੂੰ ਨਿਗਲਣ ਦੇ ਆਹਰ
ਵਿਚ ਲੱਗੇ ਹੋਏ ਹਨ

ਮੈਂ ਜਿੱਧਰ ਵੀ ਜਾਂਦਾ ਹਾਂ
ਹਨੇਰਾ
ਪੈੜ੍ਹ ਪੈੜ੍ਹ ਕਦਮ ਕਦਮ
ਮੇਰਾ ਪਿੱਛਾ ਕਰਦਾ ਹੈ

ਅੰਧਕਾਰ ਦਾ ਮੰਚ ਸਜਦਾ ਹੈ :
ਹਨੇਰਾ ਮੈਨੂੰ ਸੈਰੀਮੋਨੀਅਲ ਡਰੈਸ ਵਿਚ
ਮੰਚ ਤੇ ਖਲੋ ਕੇ
ਸਭ ਤੋਂ ਵੱਡੀ ਡਿੱਗਰੀ
ਪ੍ਰਦਾਨ ਕਰਦਾ ਹੈ

ਹਨੇਰਾ ਖੇਡ ਦੇ ਮੈਦਾਨ ਵਿਚ
'ਕੁਮੈਂਟਰੀ ਦੀ ਭਾਸ਼ਾ' ਵਿਚ
ਵਾਰ ਵਾਰ ਮੇਰੀ
ਜਿੱਤ ਦਾ ਐਲਾਨ ਕਰਦਾ ਹੈ

ਹਨੇਰਾ ਮੇਰੇ ਤੇ
ਰੰਗ ਬਰੰਗੇ ਰਤਨ ਪਦਕਾਂ ਦੀ
ਬੁਛਾੜ ਕਰਦਾ ਹੈ

ਮੈਂ ਰਾਸ਼ਟਰੀ ਗੀਤ ਦੀ ਧੁਨ ਵਿਚ
ਆਪਣੇ ਆਤਮ ਸਨਮਾਨ ਲਈ
ਝੁਕਣ ਲਗਦਾ ਹਾਂ ਕਿ ਪਰਦੇ ਪਿੱਛੋਂ ਕੋਈ
ਮੇਰੀ ਨਸਲਕੁਸ਼ੀ ਦਾ
ਫ਼ਰਮਾਨ ਪੜ੍ਹਨ ਲਗਦਾ ਹੈ ....

ਇਸ ਤਰ੍ਹਾਂ ਹਨੇਰੇ ਦਾ ਸਾਏ ਮੈਨੂੰ
ਡਰਾਉਂਦੇ ਧਮਕਾਉਂਦੇ
ਮੇਰੀ ਹੋਂਦ ਨੂੰ ਨਿਗਲਣ ਦੇ ਆਹਰ ਵਿਚ ਲੱਗੇ
ਹੋਏ ਹਨ।

## ਨਰਿੰਦਰ ਪਾਲ ਸਿੰਘ ਕੰਗ ਦੀਆਂ ਚਾਰ ਗ਼ਜ਼ਲਾਂ

1.

ਕੱਟ ਰਿਹਾ ਹੈ ਵਕਤ ਭਾਵੇਂ, ਕੋਈ ਵੀ ਮੁਸ਼ਕਲ ਨਹੀਂ,
ਫੇਰ ਵੀ ਇਹ ਜ਼ਿੰਦਗੀ ਕਿਉਂ ਜੀਣ ਦੇ ਕਾਬਲ ਨਹੀਂ।

ਕੁਝ ਪਤਾ ਨਈਂ ਮਾਰਿਆ ਹੈ ਖੁਦ ਨੂੰ ਕਿੰਨੀ ਵਾਰ ਮੈਂ,
ਕਿਸ ਤਰ੍ਹਾਂ ਆਖਾਂ ਕੇ ਆਪਣੇ ਆਪ ਦਾ ਕਾਤਲ ਨਹੀਂ।

ਸੱਚ ਬੋਲਣ ਦੀ ਸਜ਼ਾ ਹਰ ਕਦਮ ਤੇ ਮਿਲਦੀ ਰਹੀ,
ਇਕ ਨੰਬਰ ਹੋ ਕੇ ਵੀ ਆਇਆ ਕਦੀ ਅੱਵਲ ਨਹੀਂ।

ਜ਼ਿੰਦਗੀ 'ਚ ਜੋ ਵੀ ਮਿਲਿਆ ਪਛੜ ਕੇ ਮਿਲਿਆ ਸਦਾ,
ਜ਼ਿੰਦਗੀ ਵਿੱਚ ਕੁਝ ਵੀ ਹੋਇਆ ਵਕਤ ਸਿਰ ਹਾਸਿਲ ਨਹੀਂ।

ਕੰਗ ਜਿੱਥੇ ਕਤਲ ਹੁੰਦਾ ਮੇਰੀਆਂ ਸੱਧਰਾਂ ਦਾ ਰੋਜ਼,
ਕਿਸ ਤਰ੍ਹਾਂ ਮੈਂ ਕਹਿ ਦਿਆਂ ਕਿ ਘਰ ਹੈ ਇਹ ਮਕਤਲ ਨਹੀਂ।

2.

ਕੋਲ ਹੋ ਕੇ ਵੀ ਸਦਾ ਉਹ ਦੂਰ ਹੀ ਲੱਗਦਾ ਰਿਹਾ,
ਆਪਣਾ ਹੋ ਕੇ ਵੀ ਉਹ ਤਾਂ ਅਜਨਬੀ ਲੱਗਦਾ ਰਿਹਾ।

ਸ਼ਖ਼ਸ ਜਿਹੜਾ ਹੁਣ ਤੁਹਾਨੂੰ ਲੱਗ ਰਿਹਾ ਹੈ ਫਾਲਤੂ,
ਇਕ ਸਮਾਂ ਸੀ ਸਭਨੂੰ ਸੀ ਉਹ ਕੀਮਤੀ ਲੱਗਦਾ ਰਿਹਾ।

ਇਹ ਤੁਹਾਡੀ ਗਲਤ ਫ਼ਹਿਮੀ ਦੇ ਸਿਵਾ ਕੁਝ ਵੀ ਨਹੀਂ।
ਸਾਡਾ ਚੁੱਪ ਰਹਿਣਾ ਤੁਹਾਨੂੰ ਬੁਜ਼ਦਲੀ ਲੱਗਦਾ ਰਿਹਾ।

ਹੁਣ ਤਾਂ ਚਾਨਣ ਵਿੱਚ ਵੀ ਸਾਨੂੰ ਕੁਝ ਨਜ਼ਰ ਆਉਂਦਾ ਨਹੀਂ,
ਵਕਤ ਸੀ ਜਦ ਨ੍ਹੇਰ ਵੀ ਸੀ ਰੌਸ਼ਨੀ ਲੱਗਦਾ ਰਿਹਾ।

ਹੁਣ ਤਾਂ ਉਸ ਨਾਲ ਉਸਦੇ ਹੋ ਗਿਆ ਜੀਣਾ ਮੁਹਾਲ,
ਜੋ ਕਦੀ ਨਿੰਦੀ ਨੂੰ ਆਪਣੀ ਜਾਨ ਸੀ ਲੱਗਦਾ ਰਿਹਾ।



3.

ਜੀਅ ਰਿਹਾ ਹੈ ਜ਼ਿੰਦਗੀ ਨੂੰ ਟੁਕੜਿਆਂ ਵਿੱਚ ਆਦਮੀ,
ਕੈਦ ਹੋ ਕੇ ਰਹਿ ਗਿਆ ਹੈ ਰਿਸ਼ਤਿਆਂ ਵਿੱਚ ਆਦਮੀ।

ਆਪਣੇ ਅੰਦਰ ਕਦੇ ਵੀ ਲੱਭਿਆ ਨਈਂ ਇਸ ਕਦੇ,
ਲੱਭਦਾ ਫਿਰਦਾ ਹੈ ਰੱਬ ਨੂੰ ਪੱਥਰਾਂ ਵਿੱਚ ਆਦਮੀ।

ਆਪਣੀ ਹਰ ਖਾਹਿਸ਼ ਨੂੰ ਬੱਚਿਆਂ ਦੇ ਮੋਢੇ ਰੱਖ ਕੇ,
ਜੀਅ ਰਿਹਾ ਹੈ ਜ਼ਿੰਦਗੀ ਨੂੰ ਸੁਪਨਿਆਂ ਵਿੱਚ ਆਦਮੀ।

ਤੁਰ ਪੈਂਦਾ ਹੈ ਰੋਜ਼ ਤੜਕੇ ਰੱਬ ਨੂੰ ਭਰਮਾਉਣ ਲਈ,
ਗੁਰਦੁਆਰੇ, ਮੰਦਿਰਾਂ ਤੇ ਮਸਜਿਦਾਂ ਵਿੱਚ ਆਦਮੀ।

ਪੈਰ ਬਾਹਰ ਚਾਦਰੋਂ ਜਦ ਤੋਂ ਪਸਾਰਣ ਲੱਗਿਆ,
ਉਸੇ ਦਿਨ ਦਾ ਫਸ ਗਿਆ ਹੈ ਮੁਸ਼ਕਲਾਂ ਵਿੱਚ ਆਦਮੀ।

4.

ਹਰ ਹਾਦਸੇ ਦੇ ਮਗਰੋਂ ਮੈਂ ਮੁਸਕਰਾ ਲਿਆ ਹੈ,
ਜਿੱਦਾਂ ਵੀ ਵਕਤ ਲੰਘਿਆਂ ਉਦਾਂ ਲੰਘਾ ਲਿਆ ਹੈ।

ਬਣਿਆਂ ਨਾ ਸ਼ਹਿਰ ਦੇ ਵਿੱਚ ਪੱਕਾ ਮਕਾਨ ਮੈਥੋਂ,
ਜਿਹੜਾ ਸੀ ਪਿੰਡ 'ਚ ਕੱਚਾ ਉਹ ਵੀ ਗਵਾ ਲਿਆ ਹੈ।

ਸ਼ਾਇਦ ਇਹ ਖ਼ਾਬ ਮੇਰਾ ਕਦੇ ਬਣ ਜਾਏ ਹਕੀਕਤ,
ਇਸ ਵਾਸਤੇ ਮੈਂ ਘਰ ਦਾ ਨਕਸ਼ਾ ਬਣਾ ਲਿਆ ਹੈ।

ਰੱਖਣ ਦੀ ਕਾਰ ਮੇਰੀ ਉਂਝ ਹੈਸੀਅਤ ਨਹੀਂ ਹੈ,
ਬੱਚਿਆਂ ਲਈ ਮੈਂ ਸਿਰ 'ਤੇ ਕਰਜ਼ਾ ਚੜ੍ਹਾ ਲਿਆ ਹੈ।

ਪਤਨੀ ਦੇ ਸਬਰ ਦੀ ਵੀ ਬਣਦੀ ਹੈ ਦਾਦ ਦੇਣੀ,
ਮੇਰੇ ਜਿਹਾ ਹੀ ਉਸਨੇ ਖੁਦ ਨੂੰ ਬਣਾ ਲਿਆ ਹੈ।

## ਕਿਤਾਬਾਂ/ ਸਰਬਜੀਤ ਕੌਰ ਜੱਸ

ਕਿਤਾਬਾਂ
ਬਹਿਸ਼ਤ ਦਾ ਦਰ
ਰੌਸ਼ਨੀ ਦੀਆਂ ਖਿੜਕੀਆਂ
ਝਰ-ਝਰ ਪੈਂਦੀਆਂ ਨੇ
ਖੁੱਲ੍ਹੀਆਂ ਬਾਰੀਆਂ 'ਚੋਂ
ਜ਼ਿੰਦਗੀ ਦੀਆਂ ਰਿਸ਼ਮਾਂ
ਸ਼ਿਆਹ ਹਨ੍ਹੇਰਿਆਂ ਦਾ
ਚਾਨਣ ਨਾਲ ਮੁੱਖ ਧੋਂਦੀਆਂ
ਕਿੰਨ੍ਹਾਂ ਹੀ ਕੁਝ ਅਣਸੁਲਝਿਆ
ਰਹੱਸਮਈ ਜਿਹਾ
ਖੋਲ੍ਹ-ਖੋਲ੍ਹ ਰੱਖ ਦਿੰਦੀਆਂ
ਨਜ਼ਰਾਂ ਸਾਹਵੇਂ

ਕਿਤਾਬਾਂ
ਖੁੱਲ੍ਹੀਆਂ ਹੋਈਆਂ ਖਿੜਕੀਆਂ
ਇਹਨਾਂ 'ਚੋਂ ਆਪਣਾ ਅਸਲ ਦਿੱਸਦਾ
ਕੁੱਲ ਖਲਕਤ ਦੇ ਦੀਦਾਰ ਹੁੰਦੇ
ਸਥੂਲ ਨੂੰ ਸੂਖਮ ਕਰ ਦਿੰਦੇ
ਨਜ਼ਰ ਨੂੰ ਮਹੀਨ ਕਰ ਦਿੰਦੇ
ਇਹਨਾਂ ਖਿੜਕੀਆਂ ਦੇ ਸ਼ੀਸ਼ੇ
ਤੇ ਅਰਜਨ ਦੇ ਤੀਰ ਵਾਂਗ
ਖੁਭ ਜਾਂਦੀਆਂ ਨਿਗਾਹਾਂ
ਮਨੋਰਥ ਦੀ ਅੱਖ ਵਿੱਚ

ਕਿਤਾਬਾਂ
ਜ਼ਿੰਦਗੀ ਦੀ ਅਸਲ ਤਸਵੀਰ
ਗੁੰਨਿਆ ਹੋਇਆ ਸੱਚ
ਵਲਵਲਿਆਂ ਦਾ
ਜਜ਼ਬਿਆਂ ਦਾ ਹੜ੍ਹ ਸਾਂਭੀ ਬੈਠੀਆਂ ਨੇ
ਇਹ ਨਦੀਆਂ ਜਿਹੀਆਂ ਕਿਤਾਬਾਂ
ਤਰਕ ਦਾ
ਦਲੀਲ ਦਾ ਨਿਚੋੜ ਹੁੰਦੀਆਂ ਨੇ
ਬਹਿਸ਼ਤ ਦਾ ਦਰ ਕਿਤਾਬਾਂ
ਕਿਤਾਬਾਂ
ਜਿਉਂਦੇ-ਜੀਅ ਮੁਕਤੀ ਦਾ ਰਾਹ ਦਿਖਾਉਂਦੀਆਂ
ਆਹ ਦੇਖੋ
ਅਹੁ ਦੇਖੋ
ਇੱਥੇ ਨਾ ਦੇਖੋ
ਉਥੇ ਨਾ ਦੇਖੋ
ਦਾਦੇ ਪੜਦਾਦੇ ਵਾਂਗ
ਬੁੱਕਲ 'ਚ ਬਿਠਾ ਸਮਝਾਉਂਦੀਆਂ
ਕਿਤਾਬਾਂ ਖੋਲ੍ਹੀਏ
ਤਾਂ ਸਲ੍ਹਾਬਿਆ ਹੋਇਆ ਮਨ-ਮੰਦਰ ਮਹਿਕ ਉਠਦਾ
ਮੋਈਆਂ ਸੋਚਾਂ
ਬੇਹੇ ਖਿਆਲਾਂ ਦੀ ਸੜਾਂਦ ਖਿੜ ਉੱਠਦੀ
ਕਾਇਆ ਰੂਹ ਹੋ ਜਾਂਦੀ
ਕਿਤਾਬਾਂ ਦੀ ਬਹਿਸ਼ਤ ਮਾਂ ਬਣਦੀ
ਰੌਸ਼ਨੀ ਦੇ ਪੰਨੇ ਗੋਦ ਬਣਦੇ
ਕਿਤਾਬਾਂ ਦੀ ਬੁੱਕਲ 'ਚ ਬੈਠਿਆਂ
ਡਰ
ਖੌਫ਼
ਸਹਿਮ
ਰਫੂ ਚੱਕਰ ਹੋ ਜਾਂਦੇ

ਕਿਤਾਬਾਂ
ਕੁਦਰਤ ਦਾ ਰਹੱਸ
ਪਰਤ-ਦਰ-ਪਰਤ ਖੋਲ੍ਹਦੀਆਂ
ਅੱਖਰਾਂ ਦੇ ਕੌਡੀ-ਕਟਹਿਣੇ ਜਗਦੇ
ਰਹੱਸ ਪਾਰਦਰਸ਼ੀ ਹੋ ਜਾਂਦਾ
ਕੁਦਰਤ ਸਾਕਾਰ ਹੋ ਜਾਂਦੀ
ਮਨ ਮੰਦਰ ਦੇ ਹਨ੍ਹੇਰੇ 'ਚ
ਸੂਰਜ ਜਗ ਉੱਠਦਾ
ਚੰਦ ਤਲੀ 'ਤੇ ਬੈਠ ਜਾਂਦਾ
ਤਾਰੇ ਘੁੰਗਰੂ ਬਣ
ਪੈਰਾਂ 'ਚ ਸਜ ਜਾਂਦੇ
ਕਾਇਆ ਤੋਂ ਰੂਹ ਤੱਕ
ਸੰਗੀਤ ਬਣ ਜਾਂਦਾ ਬੰਦਾ
ਰੂਹਾਨੀ ਨਾਦ ਹੋ ਜਾਂਦਾ ਬੰਦਾ

ਕਿਤਾਬਾਂ
ਬਹਿਸ਼ਤ ਦਾ ਦਰ
ਰੌਸ਼ਨੀ ਦੀਆਂ ਖਿੜਕੀਆਂ



## ਕੁਝ ਨਜ਼ਮਾਂ/ਗੁਰਦੀਪ ਗਿੱਲ

ਕੁਝ ਨਜ਼ਮਾਂ
ਮੇਰੀ ਅੱਖੋਂ ਵਰ੍ਹੀਆਂ
ਕੁਝ ਨਜ਼ਮਾਂ
ਮੇਰੇ ਸੀਨੇ ਸੁਲਘਣ
ਕੁਝ ਨਜ਼ਮਾਂ
ਮੈਂ ਅਗਨ ਜਲਾਈਆਂ
ਕੁਝ ਨਜ਼ਮਾਂ
ਮਨ ਖਰਚਦੀਆਂ ਨੇ
ਕੁਝ ਨਜ਼ਮਾਂ
ਵਿੱਚ ਰੂਹ ਦੀਆਂ ਗੱਲਾਂ
ਕੁਝ ਨਜ਼ਮਾਂ
ਫ਼ਕੀਰ ਬਨਾਵਣ
ਕੁਝ ਨਜ਼ਮਾਂ
ਉਦਾਸ ਕਰਦੀਆਂ
ਕੁਝ ਨਜ਼ਮਾਂ
ਵਿਸ਼ਵਾਸ ਭਰਦੀਆਂ
ਕੁਝ ਨਜ਼ਮਾਂ
ਮਨ ਸ਼ਾਂਤ ਕਰਦੀਆਂ

## ਗ਼ਜ਼ਲ/ਜਗਦੀਪ ਸਿੱਧੂ

ਮੇਰਾ ਜਿਸਮ ਜਦੋਂ ਤਕ ਮਾਸ 'ਚ ਕਸਿਆ ਸੀ।
ਓਦੋਂ ਤੂੰ ਵੀ ਮੈਨੂੰ ਬਾਹੀਂ ਕਸਦਾ ਸੀ।

ਹੁਣ ਤਾਂ ਮੇਰੀ ਦੁਨੀਆਂ ਸਾਰੀ ਸਿਮਟ ਗਈ,
ਕਦੀ ਤੂੰ ਮੇਰੀ ਬਾਹੀਂ ਆਣ ਸਿਮਟਿਆ ਸੀ।

ਇਹਨ੍ਹਾਂ ਕਿਲ੍ਹਿਆਂ ਵਿਚ ਕੈਂਸਰ ਯੁੱਧ ਲੜਦਿਆਂ
ਲੋਕਾਂ ਦਾ ਇਕ ਇਕ ਕਿੱਲਾ ਵਿਕ ਚੁੱਕਿਆ ਸੀ।

ਤੇਰੇ ਛਲ ਨੇ ਮੈਨੂੰ ਗੋਲ ਘੁੰਮਾਇਆ ਏ
ਪਿਆਰ 'ਚ ਮੈਨੂੰ ਇਹੀ ਛੱਲਾ ਮਿਲਿਆ ਸੀ।

ਐ ਸਿੱਧੂ ਸਾਹ ਔਖਾ ਮੈਨੂੰ ਹੁਣ ਆਇਆ
ਚਿਰ ਹੋਇਆ ਤੂੰ ਮੈਨੂੰ ਬਾਹੀਂ ਘੁੱਟਿਆ ਸੀ।

## ਦੋ ਗ਼ਜ਼ਲਾਂ/ਜਗਦੀਪ ਸਿੱਧੂ

ਤੈਨੂੰ ਲੱਗੇ ਖੁਸ਼ ਹੋਵਾਂ, ਗਿੱਧਾ ਪਾਵਾਂ
ਮੈਂ ਤਾਂ ਥਪ ਥਪ ਥਾਪਾਂ ਦੇ ਦਰਦ ਸੁਲਾਵਾਂ।

ਧੁੱਪਾਂ ਦੇ ਵਿਚ ਚਮੜੀ ਕਾਲੀ ਹੋਈ ਏ
ਇਹ ਧੁੱਪਾਂ ਹੀ ਸਾਡੇ ਲਈ ਤਾਂ ਹਨ ਛਾਂਵਾਂ।

ਸਿਰ ਤੇ ਕੋਈ ਇਕ ਔਖ ਸਦਾ ਹੀ ਘੁੰਮੇ
ਯਾਰ ਮੇਰੇ ਹੁਣ ਤਾਂ ਏਹੀ ਲੈਣ ਬਲਾਵਾਂ।

ਛਾਂ ਵੀ ਕੱਲੀ ਬੱਦਲ ਦੀ ਰਹਿ ਗਈ ਏ
ਤੇ ਅਪਣੇ ਜੀਵਨ ਵਿਚ ਨੇ ਸਾਗਰ-ਰਾਹਵਾਂ।

ਕਿੰਨਾ ਪਿਆਰ ਖਤਾਂ ਵਿਚ ਤੇਰੇ ਹੁੰਦਾ ਸੀ,
ਪਰ ਸਿੱਧੂ ਹੁਣ ਮੈਨੂੰ ਲੱਗਣ ਇਹ ਖਤਾਵਾਂ।

ਬੱਦਲ ਜਦ ਮੇਰੇ ਤੇ ਸਾਇਆ ਕਰਦਾ ਹੈ।
ਹੋਰ ਵੀ ਮੈਨੂੰ ਇਹ ਤਿਰਹਾਇਆ ਕਰਦਾ ਹੈ।

ਸੱਚੀ ਪਿਆਰ 'ਚ ਪੈਰ ਜ਼ਮੀਨ ਤੇ ਲੱਗਦੇ ਨਈਂ,
ਹੁਣ ਮੈਨੂੰ ਸੂਲੀ ਲਟਕਾਇਆ ਕਰਦਾ ਹੈ।

ਉਹ ਖੁਦ ਵੀ ਕੁਝ ਮਨਫ਼ੀ ਹੁੰਦਾ ਹੋਣਾ ਏ,
ਮੈਨੂੰ ਖੁਦ 'ਚੋਂ ਰੋਜ਼ ਘਟਾਇਆ ਕਰਦਾ ਹੈ।

ਬੰਦੇ ਨੂੰ ਹਾਲਾਤ ਵੀ ਛਲਦੇ ਰਹਿੰਦੇ ਨੇ,
ਬੰਦਾ ਵੀ ਕੁਝ ਖੁਦ ਨੂੰ ਜਾਇਆ ਕਰਦਾ ਹੈ।

ਉੱਡਣ ਦੀ ਇਹ ਤਾਂਗ ਬਚਾ-ਕੇ ਰੱਖੀਂ ਤੂੰ,
ਜੱਗ ਪੈਰੋਂ ਧਰਤੀ ਖਿਸਕਾਇਆ ਕਰਦਾ ਹੈ।



## ਔਰਤ ਦੇ ਸਾਹਸ, ਸ਼ਕਤੀ, ਸਮਰਥਾ ਅਤੇ ਸੰਘਰਸ਼ ਦਾ ਪ੍ਰਤੀਕ : ਮੁੰਦਰੀ ਡੌਟ ਕੌਮ
### ਡਾ.ਬੀਰਬਲ ਸਿੰਘ

ਸਮਕਾਲੀ ਪੰਜਾਬੀ ਨਾਵਲ ਦੇ ਅੰਤਰਗਤ ਹਰਜੀਤ ਅਟਵਾਲ ਨੂੰ ਪਰਵਾਸੀ ਪੰਜਾਬੀ ਨਾਵਲ ਪਰੰਪਰਾ ਵਿੱਚ ਵਿਸ਼ੇਸ਼ ਮਹੱਤਵ ਵਾਲਾ ਨਾਵਲਕਾਰ ਮੰਨਿਆ ਜਾਂਦਾ ਹੈ।ਹਰਜੀਤ ਅਟਵਾਲ ਦਾ 1999 ਵਿੱਚ ਪਹਿਲਾ ਨਾਵਲ ਵਨ ਵੇਅ ਪ੍ਰਕਾਸ਼ਿਤ ਹੁੰਦਾ ਹੈ।ਇਸ ਉਪਰੰਤ ਰੇਤ (2003), ਸਵਾਰੀ (2005), ਸਾਊਥਾਲ (2009), ਬ੍ਰਿਟਿਸ਼ ਬੌਰਨ ਦੇਸੀ (2011), ਅਕਾਲ ਸਹਾਏ (2012), ਗੀਤ (2012) ਅਤੇ ਮੁੰਦਰੀ ਡੌਟ ਕੌਮ (2013) ਪ੍ਰਕਾਸ਼ਿਤ ਹੁੰਦੇ ਹਨ ।ਹਰਜੀਤ ਅਟਵਾਲ ਬਾਰੇ ਇਹ ਧਾਰਨਾ ਬਣੀ ਹੋਈ ਹੈ ਕਿ ਉਹ ਆਪਣੇ ਤੋਂ ਪੂਰਵਲੇ ਨਾਵਲਕਾਰਾਂ ਵਾਂਗ ਆਪਣੇ ਨਾਵਲਾਂ ਵਿੱਚ ਥੀਮ ਦਾ ਦੁਹਰਾਓ ਨਹੀਂ ਕਰਦਾ ਬਲਕਿ ਹਰ ਨਾਵਲ ਵਿੱਚ ਕਿਸੇ ਨਵੀਂ ਸਮੱਸਿਆ ਨੂੰ ਉਭਾਰਦਾ ਹੈ।ਉਹ ਨਸਲੀ ਵਿਤਕਰੇ ਜਾਂ ਭੂਹੇਰਵੇ ਵਰਗੀ ਵਿਸ਼ਾ-ਵਸਤੂ ਨੂੰ ਬਾਰ-ਬਾਰ ਦੁਹਰਾਉਣ ਦੀ ਥਾਂ ਪਰਵਾਸੀ ਜੀਵਨ ਦੇ ਉਹਨਾਂ ਪਹਿਲੂਆਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਉਂਦਾ ਹੈ ਜਿਨ੍ਹਾਂ ਬਾਰੇ ਪਰਵਾਸੀ ਪੰਜਾਬੀ ਨਾਵਲ ਵਿੱਚ ਪਹਿਲਾਂ ਕਿਤੇ ਗੱਲ ਨਾ ਤੁਰੀ ਹੋਵੇ ।ਮੁੰਦਰੀ ਡੌਟ ਕੌਮ ਨਾਵਲ ਹਰਜੀਤ ਅਟਵਾਲ ਬਾਰੇ ਬਣੀ ਇਸ ਧਾਰਨਾ ਨੂੰ ਹੋਰ ਦ੍ਰਿੜਤਾ ਪ੍ਰਦਾਨ ਕਰਦਾ ਹੈ ।ਇਸ ਨਾਵਲ ਵਿੱਚ ਉਸ ਨੇ ਇੱਕ ਅਜਿਹੀ ਸਾਹਸੀ ਔਰਤ ਦਾ ਬਿਰਤਾਂਤ ਸਿਰਜਿਆ ਹੈ ਜਿਹੜੀ ਸਮਾਜ ਵਿੱਚ ਆਪਣੀ ਸੁਤੰਤਰ ਹੋਂਦ/ਅਸਤਿਤਵ ਸਥਾਪਤ ਕਰਨ ਲਈ ਪੂਰੀ ਸ਼ਕਤੀ ਅਤੇ ਸਮਰੱਥਾ ਨਾਲ ਸੰਘਰਸ਼ ਕਰਦੀ ਹੈ।ਇਸ ਲਈ ਅਟਵਾਲ ਦੇ ਇਸ ਨਾਵਲ ਵਿਚ ਉਸ ਦੇ ਪਹਿਲਾਂ ਸਿਰਜੇ ਨਾਵਲਾਂ ਦੇ ਨਾਲੋਂ ਵੱਖਰਤਾਦੇਖੀ ਜਾ ਸਕਦੀ ਹੈ।ਆਪਣੇ ਨਾਵਲਾਂ ਦੀ ਅਜਿਹੀ ਵਿਲੱਖਣ ਖੂਬੀ ਕਾਰਨ ਹਰਜੀਤ ਅਟਵਾਲ ਪਰਵਾਸੀ ਪੰਜਾਬੀ ਨਾਵਲ ਪਰੰਪਰਾ ਵਿੱਚ ਆਪਣਾ ਵਿਸ਼ੇਸ਼ ਸਥਾਨ ਪ੍ਰਾਪਤ ਹੈ।

ਹਰਜੀਤ ਅਟਵਾਲ ਦਾ ਨਾਵਲ ਮੁੰਦਰੀ ਡੌਟ ਕੌਮ ਔਰਤ-ਮਰਦ ਦੇ ਪਰਸਪਰ ਸਬੰਧਾਂ ਨੂੰ ਆਧਾਰ ਬਣਾ ਕੇ ਔਰਤ ਅੰਦਰ ਆਈ ਜਾਗ੍ਰਿਤੀ ਉਪਰੰਤ ਪੈਦਾ ਹੋਈ ਚੇਤਨਾ ਦੀ ਵਿਕਾਸ ਪ੍ਰਕਿਰਿਆ ਨੂੰ ਸਾਡੇ ਸਾਹਮਣੇ ਉਭਾਰ ਕੇ ਪੇਸ਼ ਕਰਦਾ ਹੈ।ਨਾਵਲ ਵਿੱਚ ਔਰਤ ਦੁਆਰਾ ਆਪਣੀ ਹੋਂਦ ਸਥਾਪਤੀ, ਸਵੈ-ਨਿਰਭਰਤਾ, ਸਵੈਮਾਨ ਅਤੇ ਆਤਮ ਸਨਮਾਨ ਦੀ ਪ੍ਰਾਪਤੀ ਲਈ ਕੀਤੇ ਲੰਬੇ ਸੰਘਰਸ਼ ਨੂੰ ਵਿਭਿੰਨ ਪਰਿਪੇਖਾਂ ਦੇ ਸੰਦਰਭ ਵਿੱਚ ਰੂਪਮਾਨ ਕੀਤਾ ਗਿਆ ਹੈ।ਕਿਉਂਕਿ ਜਿਵੇਂ-ਜਿਵੇਂ ਜ਼ਿੰਦਗੀ ਗਤੀਸ਼ੀਲਤਾ ਗ੍ਰਹਿਣ ਕਰਦੀ ਹੈ ਉਸੇ ਰਫ਼ਤਾਰ ਨਾਲ ਲੇਖਕ ਵੀ ਆਪਣੀਆਂ ਰਚਨਾਵਾਂ ਵਿੱਚ ਸਮਾਜਕ ਵਿਕਾਸ ਦੇ ਅੰਤਰਗਤ ਔਰਤ ਦੀ ਮਾਨਸਿਕਤਾ ਦੇ ਵਿਭਿੰਨ ਪਹਿਲੂਆਂ ਨੂੰ ਬਦਲਦੇ ਸੰਦਰਭਾਂ ਵਿੱਚ ਪੇਸ਼ ਕਰਨ ਦਾ ਯਤਨ ਕਰਦਾ ਹੈ।

ਮੁੰਦਰੀ ਡੌਟ ਕੌਮ ਨਾਵਲ ਦਾ ਕਥਾਨਕ ਗਰੀਬ ਘਰ ਦੀ ਕੁੜੀ ਇਕਰਾਂ ਦੁਆਲੇ ਉਸਰਿਆ ਹੋਇਆ ਹੈ।ਉਹ ਪੜ੍ਹਨ ਵਿੱਚ ਚੰਗੀ ਅਤੇ ਸੋਹਣੀ ਸੁਨੱਖੀ ਮੁਟਿਆਰ ਹੈ।ਘਰ ਦੀ ਮੰਦੀ ਆਰਥਕ ਦਸ਼ਾ ਕਾਰਨ ਉਹ ਦਸਵੀਂ ਤੋਂ ਅੱਗੇ ਨਹੀਂ ਪੜ੍ਹ ਸਕਦੀ।ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਲਈ ਉਹ ਸ਼ਹਿਰ ਜਾ ਕੇ ਕੰਮ ਕਰਨ ਲਈ ਮਜਬੂਰ ਹੋ ਜਾਂਦੀ ਹੈ।ਸਕੂਟਰੀ ਦਾ ਐਕਸੀਡੈਂਟ ਹੋਣ ਕਾਰਨ ਕੁਝ ਦਿਨਾਂ ਲਈ ਉਸ ਨੂੰ ਆਪਣੀ ਮਾਂ ਨਾਲ ਪਿੰਡ ਵਿੱਚ ਕਿਸੇ ਦੇ ਘਰ ਕੰਮ ਕਰਨ ਜਾਣਾ ਪੈ ਜਾਂਦਾ ਹੈ। ਇਹਨਾਂ ਦਿਨਾਂ ਦੌਰਾਨ ਹੀ ਉਸ ਘਰ ਦਾ ਇੰਗਲੈਂਡ ਰਹਿੰਦਾ ਮੁੰਡਾ ਟਿੱਕਾ ਪੰਜਾਬ ਆਉਂਦਾ ਹੈ ਜਿਸ ਨਾਲ ਥੋੜੇ ਦਿਨਾਂ ਵਿੱਚ ਹੀ ਇਕਰਾਂ ਦੀ ਨੇੜਤਾ ਵਧ ਜਾਂਦੀ ਹੈ।ਉਹਨਾਂ ਦੀ ਇਹ ਨੇੜਤਾ ਸਰੀਰ ਦੀ ਪੱਧਰ 'ਤੇ ਵਿਚਰਦੀ ਹੋਈ ਸੈਕਸ ਦੇ ਆਨੰਦ ਵਿਚੋਂ ਪਿਆਰ ਦੀ ਪਰਿਭਾਸ਼ਾ ਤਲਾਸ਼ਣ ਲੱਗਦੀ ਹੈ। ਇਕਰਾਂ ਦੇ ਪਿਆਰ 'ਚ ਡੁੱਬਿਆ ਟਿੱਕਾ ਜਦੋਂ ਉਸ ਨੂੰ 'ਮੁੰਦਰੀ' ਦੇ ਨਾਮ ਨਾਲ ਨਿਵਾਜ਼ਦਾ ਹੈ ਤਾਂ ਉਸ

ਅੰਦਰ ਵੀ ਜੱਟੀ ਬਣਨ ਦੀ ਲੋਚਾ ਜਾਗਦੀ ਹੈ। ਉਹ ਟਿੱਕੇ ਨਾਲ ਬਾਹਰਲੇ ਦੇਸ਼ ਜਾ ਕੇ ਆਪਣੇ ਪਰਿਵਾਰ ਦੀ ਆਰਥਕ ਹਾਲਤ ਸੰਵਾਰਨ ਦੇ ਸੁਪਨੇ ਦੇਖਣ ਲੱਗ ਪੈਂਦੀ ਹੈ ਪਰ ਟਿੱਕੇ ਵੱਲੋਂ ਅਜਿਹਾ ਕੋਈ ਹੁੰਗਾਰਾ ਨਾ ਮਿਲਣ ਕਾਰਨ ਮੁੰਦਰੀ ਦੀਆਂ ਸਾਰੀਆਂ ਉਮੀਦਾਂ ਉੱਪਰ ਪਾਣੀ ਫਿਰ ਜਾਂਦਾ ਹੈ। ਅਚਾਨਕ ਟਿੱਕੇ ਨਾਲ ਆਏ ਉਸ ਦੇ ਵਡੇਰੀ ਉਮਰ ਦੇ ਦੋਸਤ ਦੀਪਾ ਸਿੰਘ ਚਾਹਲ ਵੱਲੋਂ ਮਿਲੇ ਵਿਆਹ ਦੇ ਆਫ਼ਰ ਨੂੰ ਮੁੰਦਰੀ ਸਵੀਕਾਰ ਕਰ ਲੈਂਦੀ ਹੈ ਅਤੇ ਦੀਪੇ ਦੀ ਪਤਨੀ ਬਣ ਇੰਗਲੈਂਡ ਜਾਣ ਦਾ ਨਿਸ਼ਚਾ ਕਰ ਲੈਂਦੀ ਹੈ। ਭਰ ਜੋਬਨ ਮੁਟਿਆਰ ਆਪਣੀਆਂ ਸਭ ਰੀਝਾਂ ਨੂੰ ਦਫ਼ਨ ਕਰ ਬੁੱਢੇ ਨਾਲ ਵਿਆਹ ਕਰਵਾਉਣ ਦਾ ਜੋ ਫੈਸਲਾ ਕਰਦੀ ਹੈ, ਆਪਣੇ ਉਸ ਫੈਸਲੇ ਦਾ ਉਸ ਨੂੰ ਕਿਸੇ ਨਾਲ ਕੋਈ ਸ਼ਿਕਵਾ ਵੀ ਨਹੀਂ ਹੁੰਦਾ, ਕਿਉਂਕਿ ਇਹ ਵਿਆਹ ਕਰਵਾਉਣ ਦਾ ਫੈਸਲਾ ਉਸ ਉਪਰ ਕਿਸੇ ਦਾ ਥੋਪਿਆ ਨਹੀਂ ਹੁੰਦਾ ਸਗੋਂ ਇਹ ਸਭ ਕੁਝ ਉਹ ਵਿਦੇਸ਼ ਜਾ ਕੇ ਪੈਸਾ ਕਮਾਉਣ ਅਤੇ ਆਪਣਾ ਸਮਾਜਕ ਰੁਤਬਾ ਰੁਸ਼ਨਾਉਣ ਲਈ ਕਰਦੀ ਹੈ। ਗਰੀਬੀ ਦੀ ਮਾਰ ਝੱਲ ਰਹੇ ਆਪਣੇ ਪਰਿਵਾਰ ਦੀ ਤਰਸਯੋਗ ਹਾਲਤ ਉਸ ਤੋਂ ਝੱਲੀ ਨਹੀਂ ਜਾਂਦੀ। ਘਰ ਵਿੱਚ ਕੋਈ ਕਮਾਊ ਨਾ ਹੋਣ ਕਾਰਨ ਉਸ ਦੀ ਪੜ੍ਹਾਈ ਵਿਚਕਾਰ ਛੁੱਟ ਜਾਂਦੀ ਹੈ। ਉਹ ਵੀ ਲੋਕਾਂ ਵਾਂਗ ਅੱਗੇ ਵੱਧਣਾ ਚਾਹੁੰਦੀ ਹੈ। ਇਸ ਗੱਲ ਦਾ ਜ਼ਿਕਰ ਉਹ ਪਿੰਡ ਆਏ ਟਿੱਕਾ ਸਿੰਘ ਅੱਗੇ ਵੀ ਕਰਦੀ ਹੈ:

> "ਟਿੱਕਾ ਜੀ...ਸਾਡੀ ਜ਼ਿੰਦਗੀ ਵੀ ਲੋਕਾਂ ਵਾਂਗੂ ਆਮ ਕਿਉਂ ਨਹੀਂ ? ਭਰਾ ਛੱਡ ਗਏ, ਪਿਉ ਵੀ ਏਦਾਂ ਦਾ ਹੀ ਨਿਕਲਿਆ, ਸਾਡੇ ਸਿਰ 'ਤੇ ਕਿਸੇ ਮਰਦ ਦੀ ਕੋਈ ਛਾਂ ਈ ਨਹੀਂ, ਫੇਰ ਆਹ ਘੋਰ ਗਰੀਬੀ! ਹੋਰਨਾਂ ਵਾਂਗੂ ਮੈਂ ਕਿਉਂ ਨਹੀਂ ਹੋਰ ਅੱਗੇ ਪੜ੍ਹ ਸਕੀ ?...ਘੱਟੋ ਘੱਟ ਮਾਸਟਰਨੀ ਈ ਬਣ ਜਾਂਦੀ, ਸਮਾਜ 'ਚ ਕੋਈ ਰੁਤਬਾ ਤਾਂ ਹੁੰਦਾ,..।"[1]

ਮੁੰਦਰੀ ਪਹਿਲਾਂ ਤਾਂ ਆਪਣੇ ਪਰਿਵਾਰ ਦੀ ਗਰੀਬੀ ਤੋਂ ਨਿਜਾਤ ਪਾਉਣ ਦਾ ਰਾਹ ਟਿੱਕੇ ਨਾਲ ਬਣੀ ਭਾਵੁਕ ਸਾਂਝ ਵਿੱਚੋਂ ਲੱਭਦੀ ਹੈ ਪਰੰਤੂ ਮੁੰਦਰੀ ਨੂੰ ਟਿੱਕਾ ਜਦੋਂ ਇਸ ਗਰੀਬੀ ਵਾਲੀ ਦਲਦਲ ਵਿਚੋਂ ਬਾਹਰ ਕੱਢਣ ਵਿੱਚ ਅਸਮਰੱਥ ਲੱਗਦਾ ਹੈ ਤਾਂ ਉਹ ਬੁੱਢੇ ਦੀਪੇ ਦਾ ਪੱਲਾ ਫੜ੍ਹ ਇੰਗਲੈਂਡ ਪਹੁੰਚ ਜਾਂਦੀ ਹੈ। ਲੇਖਕ ਨੇ ਇੰਗਲੈਂਡ ਆਉਣ ਤੋਂ ਬਾਅਦ ਮੁੰਦਰੀ ਦੀ ਜ਼ਿੰਦਗੀ ਵਿੱਚ ਆਏ ਉਤਰਾਅ-ਚੜ੍ਹਾਅ, ਉਸ ਦਾ ਆਪਣੀ ਹੋਂਦ ਸਥਾਪਤੀ ਲਈ, ਆਤਮ ਸਨਮਾਨ ਦੀ ਪ੍ਰਾਪਤੀ ਲਈ, ਵੱਖ-ਵੱਖ ਸਥਿਤੀਆਂ ਪਰਿਸਥਿਤੀਆਂ ਵਿੱਚ, ਮੁਸ਼ਕਲਾਂ, ਮੁਸੀਬਤਾਂ ਨਾਲ ਦੋ ਚਾਰ ਹੋਣ ਦਾ ਬਿਰਤਾਂਤ ਬੜੀ ਬਰੀਕੀ ਨਾਲ ਚਿੱਤਰਿਆ ਹੈ।

ਸਮਾਜਕ ਪ੍ਰਾਸੰਗਤਾ ਦੇ ਅੰਤਰਗਤ ਪਰਿਵਾਰਕ ਸੰਗਠਨ ਵਿੱਚ ਔਰਤ ਦੀ ਭੂਮਿਕਾ ਬਹੁਤ ਅਹਿਮੀਅਤ ਰੱਖਦੀ ਹੈ। ਸਦੀਆਂ ਤੋਂ ਹਨ੍ਹੇਰਿਆਂ ਅਤੇ ਹਾਸ਼ੀਏ 'ਤੇ ਧਕੇਲ ਦਿੱਤੀ ਔਰਤ ਜਦੋਂ ਪੂੰਜੀਵਾਦੀ ਨਿਜ਼ਾਮ ਵਿੱਚ ਵਿਚਰਦੀ ਹੈ ਤਾਂ ਉਹ ਇੱਕ ਪਾਸੇ ਤਾਂ ਆਪਣੇ ਪਰਿਵਾਰਕ ਵਰਤਾਰਿਆਂ ਵਿਚਲੀ ਆਰਥਕਤਾ ਨੂੰ ਬੱਲ ਦਿੰਦੀ ਹੈ ਅਤੇ ਦੂਜੇ ਪਾਸੇ ਸਵੈ-ਨਿਰਭਰ ਹੋ ਕੇ ਮਰਦ ਦੇ ਜਗੀਰੂ ਵਿਹਾਰ ਤੇ ਪਿਤਰੀ ਕਦਰਾਂ-ਕੀਮਤਾਂ ਨੂੰ ਚੁਣੌਤੀ ਦਿੰਦੀ ਹੈ। ਔਰਤ ਦੇ ਜੀਵਨ ਵਿਚਲੀ ਇਹ ਆਰਥਕ ਤਬਦੀਲੀ ਉਸ ਨੂੰ ਆਪਣੇ ਜੀਵਨ ਮੁੱਲਾਂ ਨੂੰ ਨਵੇਂ ਸਿਰੇ ਤੋਂ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦੀ ਹੈ ਜਿਨ੍ਹਾਂ ਮੁੱਲਾ ਸਦਕਾ ਉਹ ਮਰਦ ਪ੍ਰਧਾਨ ਸਮਾਜ ਵਿੱਚ ਆਪਣੀ ਸੁਤੰਤਰ ਹੋਂਦ/ਅਸਤਿਤਵ ਸਥਾਪਤ ਕਰਨ ਵੱਲ ਅਗਰਸਰ ਹੁੰਦੀ ਹੈ। ਮੁੰਦਰੀ ਡੌਟ ਕੌਮ ਨਾਵਲ ਦੀ ਪਾਤਰ ਮੁੰਦਰੀ ਨੂੰ ਭਾਰਤੀ ਸਭਿਆਚਾਰ ਵਿੱਚ ਪਲੀ ਹੋਣ ਕਾਰਨ ਇੰਗਲੈਂਡ ਆ ਕੇ ਆਪਣੇ ਸਭਿਆਚਾਰ ਤੋਂ ਹਟ ਕੇ ਨਵੇਂ ਸਮਾਜ ਤੇ ਸਭਿਆਚਾਰਕ ਮਾਹੌਲ ਵਿੱਚ ਵਿਚਰਨਾ ਪੈਂਦਾ ਹੈ। ਇੱਥੋਂ ਦੇ ਖੁੱਲ੍ਹੇ-ਡੁੱਲ੍ਹੇ ਮਹੌਲ ਵਾਲੇ ਸਮਾਜ ਵਿੱਚ ਵਿਚਰਦਿਆਂ ਮੁੰਦਰੀ ਨੇ ਕੀ ਮਹਿਸੂਸ ਕੀਤਾ ? ਕਿਵੇਂ ਉਸ ਨੂੰ ਸਮੱਸਿਆਵਾਂ ਦਰਪੇਸ਼



ਹੋਈਆਂ ? ਆਪ ਬਾਹਰ ਜਾ ਕੇ ਕੰਮ ਕਰਨ ਦਾ ਮੌਕਾ ਮਿਲਣ 'ਤੇ ਉਸ ਵਿੱਚ ਕੀ ਪਰਿਵਰਤਨ ਆਇਆ ? ਉਸ ਦੀ ਸੋਚ ਨੇ ਕਿਵੇਂ ਪਲਟਾ ਖਾਧਾ ? ਆਰਥਕ ਤੌਰ ਤੇ ਸੁਤੰਤਰ ਹੋਣ ਤੋਂ ਬਾਅਦ ਉਸ ਨੂੰ ਪਰਿਵਾਰ ਤੇ ਸਮਾਜਕ ਮਹੌਲ ਵਿੱਚ ਕਿਹੜੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ ? ਕਿਹੜੇ ਜੀਵਨ ਮੁੱਲਾਂ ਨੂੰ ਅਪਣਾ ਕੇ ਉਹ ਇਹਨਾਂ ਸੰਕਟਾਂ ਤੋਂ ਪਾਰ ਜਾਂਦੀ ਹੈ ? ਆਦਿ ਦਾ ਚਿਤਰਨ ਲੇਖਕ ਨੇ ਡੂੰਘੀ ਅੰਤਰ-ਦ੍ਰਿਸ਼ਟੀ ਨਾਲ ਕੀਤਾ ਹੈ।

ਮੁੰਦਰੀ ਨਿਮਨ ਵਰਗ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਦੁਸ਼ਵਾਰੀਆਂ ਦੀ ਜ਼ਿੱਲ੍ਹਤ ਵਾਲੇ ਜੀਵਨ ਵਿਚੋਂ ਨਿਕਲ ਕੇ ਚੰਗੇਰੇ ਭਵਿੱਖ ਦੀ ਕਾਮਨਾ ਦਾ ਸੁਪਨਾ ਸਿਰਜ ਕੇ ਇੰਗਲੈਂਡ ਆਉਂਦੀ ਹੈ। ਪਰੰਤੂ ਪਰਵਾਸੀ ਬਣ ਕੇ ਨਵੇਂ ਹਾਲਾਤ ਵਿੱਚ ਸਥਾਪਤ ਹੋਣਾ ਆਪਣੇ-ਆਪ ਵਿੱਚ ਇਕ ਗੰਭੀਰ ਮਸਲਾ ਹੈ ਕਿਉਂਕਿ ਪਰਵਾਸੀ ਭਾਵੇਂ ਰਿਸ਼ਤਿਆਂ, ਸਮਾਜਕ ਜਾਂ ਭਾਵਨਾਤਮਕ ਆਦਿ ਤੱਤਾਂ ਨਾਲ ਬੱਝੇ ਹਨ ਪਰ ਖ਼ਾਸ ਕਾਰਨ 'ਆਰਥਿਕਤਾ' ਹੈ ਜੋ ਉਹਨਾਂ ਨੂੰ ਆਪਣੇ-ਆਪ ਨੂੰ ਸਥਾਪਤ ਕਰਨ 'ਚ ਆਪਣਾ ਅਹਿਮ ਹਿੱਸਾ ਨਿਭਾਉਂਦਾ ਹੈ। ਮੁੰਦਰੀ ਵਿਦੇਸ਼ੀ ਧਰਤੀ 'ਤੇ ਪੈਰ ਧਰਦਿਆਂ ਹੀ ਆਪਣੇ ਦੁਆਰਾ ਸਿਰਜੇ ਸੁਪਨੇ ਦੀ ਪੂਰਤੀ ਲਈ ਜੂਝਣਾ ਸ਼ੁਰੂ ਕਰ ਦਿੰਦੀ ਹੈ। ਪੇਂਡੂ ਵਾਤਾਵਰਨ ਵਿੱਚ ਪਲੀ ਅਤੇ ਸਖ਼ਤ ਮਿਹਨਤ ਕਰਨ ਦੀ ਆਦੀ ਹੋਣ ਕਾਰਨ ਉਹ ਜਲਦ ਹੀ ਇੰਗਲੈਂਡ ਵਿੱਚ ਆਪਣੇ ਪੈਰ ਜ਼ਮਾ ਲੈਂਦੀ ਹੈ। ਉਹ ਆਪਣੇ-ਆਪ ਨੂੰ ਹਰ ਹਾਲਾਤ ਦਾ ਮੁਕਾਬਲਾ ਕਰਨ ਲਈ ਤਿਆਰ ਕਰ ਲੈਂਦੀ ਹੈ। ਉਹ ਆਪਣੀ ਜੀਵਨ ਵਿਧਾ ਬਦਲਣ ਲਈ ਦਰਪੇਸ਼ ਆਉਂਦੀ ਔਕੜ ਦਾ ਦਲੇਰੀ ਨਾਲ ਟਾਕਰਾ ਕਰਦੀ ਹੈ। ਪੱਛਮੀ ਕਲਚਰ ਵਿੱਚ ਰਹਿੰਦਿਆਂ ਮੁੰਦਰੀ ਦੀ ਮਾਨਸਿਕਤਾ 'ਚ ਨਵੀਂ ਹਿੰਮਤ ਅਤੇ ਚੇਤਨਾ ਦਾ ਸੰਚਾਰ ਹੁੰਦਾ ਹੈ। ਉਸ ਦਾ ਵਡੇਰੀ ਉਮਰ ਦਾ ਪਤੀ ਅੱਤ ਦਾ ਸ਼ਰਾਬੀ ਹੋਣ ਕਾਰਨ ਮਰਨ ਕਿਨਾਰੇ ਬੈਠਾ ਹੈ ਪਰੰਤੂ ਮੁੰਦਰੀ ਆਪਣੇ-ਆਪ ਵਿੱਚ ਚੇਤੰਨ ਹੁੰਦੀ ਹੈ ਕਿ ਉਹ ਆਪਣੇ ਪਤੀ ਨੂੰ ਰੁਲ਼ਣ ਨਹੀਂ ਦੇਵੇਗੀ, ਉਸ ਦੀ ਜ਼ਿੰਦਗੀ ਨੂੰ ਅਤੇ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਸੰਭਾਲੇਗੀ। ਉਹ ਕਰਜ਼ੇ ਦੀ ਮਾਰ ਹੇਠ ਦਬ ਚੁੱਕੇ ਆਪਣੇ ਪਤੀ ਦੀਪੇ ਨੂੰ ਇਸ ਸੰਕਟ ਵਿਚੋਂ ਕੱਢਣ ਦਾ ਪੂਰਾ ਯਤਨ ਕਰਦੀ ਹੈ। ਉਹ ਦਿਨ ਰਾਤ ਹੱਡ-ਭੰਨਵੀਂ ਮਿਹਨਤ ਕਰਦੀ ਹੈ ਅਤੇ ਨਾਲ-ਨਾਲ ਦੀਪੇ ਨੂੰ ਵੀ ਕੰਮ ਕਰਨ ਲਈ ਉਤਸ਼ਾਹਿਤ ਕਰਦੀ ਹੈ।

ਇੰਗਲੈਂਡ ਆਉਂਦਿਆਂ ਹੀ ਮੁੰਦਰੀ ਆਪਣੇ ਆਰਥਕ ਸਮਰਿਧੀ ਵਾਲੇ ਲਕਸ਼ ਦੀ ਪ੍ਰਾਪਤੀ ਲਈ ਕੰਮ ਵਿੱਚ ਖੁੱਬ ਜਾਂਦੀ ਹੈ। ਬਾਹਰੀ ਦੁਨੀਆਂ ਨਾਲ ਉਹ ਜਿਆਦਾ ਰਾਬਤਾ ਨਹੀਂ ਰੱਖਦੀ। ਇੱਥੋਂ ਤੱਕ ਕਿ ਟਿੱਕੇ ਨੂੰ ਵੀ ਉਹ ਓਪਰਿਆਂ ਵਾਂਗ ਮਿਲਦੀ ਹੈ। ਪਰੰਤੂ ਆਪਣੇ ਪਤੀ ਦੀਪੇ ਦੀ ਅਚਾਨਕ ਹੋਈ ਮੌਤ ਤੋਂ ਬਾਅਦ ਪਰਾਈ ਧਰਤੀ 'ਤੇ ਕੱਲੀ ਜਿੰਦ ਨੂੰ ਜਦੋਂ ਕੋਈ ਸੱਚਾ ਹਮਦਰਦ ਨਜ਼ਰ ਨਹੀਂ ਆਉਂਦਾ ਤਾਂ ਉਹ ਇੱਕ ਵਾਰ ਫੇਰ ਟਿੱਕੇ ਨਾਲ ਜੁੜਦੀ ਹੈ। ਟਿੱਕੇ ਦਾ ਸਾਥ ਮੁੰਦਰੀ ਨੂੰ ਉਸ ਦੇ ਪਤੀ ਦੀ ਮੌਤ ਦੇ ਦੁੱਖ 'ਚੋਂ ਉਭਾਰ ਕੇ ਮੁੜ ਸੰਘਰਸ਼ ਦੇ ਰਾਹ ਤੁਰਨ ਲਈ ਪ੍ਰੇਰਿਤ ਕਰਦਾ ਹੈ। ਇਹ ਗੱਲ ਤਾਂ ਮੁੰਦਰੀ ਦੇ ਅੰਤਰਮਨ ਵਿੱਚ ਪਹਿਲਾਂ ਹੀ ਹੁੰਦੀ ਹੈ ਕਿ ਇਨ੍ਹਾਂ ਕਠਿਨ ਪਰਿਸਥਿਤੀਆਂ ਵਿੱਚ ਖ਼ੁਦ ਦਾ ਕੰਮ ਸ਼ੁਰੂ ਕਰੇ ਬਿਨਾਂ ਤਾਂ ਬੇਗਾਨੀ ਧਰਤੀ 'ਤੇ ਜੂਨ ਗੁਜਾਰਾ ਕਰਨਾ ਮੁਸ਼ਕਲ ਹੋ ਜਾਵੇਗਾ। ਪਰ ਨਾਲ ਹੀ ਟਿੱਕੇ ਤੋਂ ਮਿਲੀ ਹੱਲਾਸ਼ੇਰੀ ਕਾਰਨ ਉਹ ਬਿਊਟੀ ਪਾਰਲਰ ਦਾ ਕੰਮ ਸ਼ੁਰੂ ਕਰਨ ਦਾ ਮਨ ਬਣਾ ਲੈਂਦੀ ਹੈ। ਮੁੰਦਰੀ ਬਿਊਟੀਸ਼ਨ ਬਣਨ ਦੀ ਯੋਗਤਾ ਵਾਲੇ ਸਾਰੇ ਟੈਸਟ ਪਾਸ ਕਰ ਲੈਂਦੀ ਹੈ ਅਤੇ ਟਿੱਕੇ ਦੀ ਨਦਦ ਨਾਲ 'ਮੁੰਦਰੀ ਡੌਟ ਕੌਮ' ਨਾਂ ਦਾ ਬਿਊਟੀ ਪਾਰਲਰ ਖੋਹਲਣ ਵਿੱਚ ਸਫ਼ਲ ਹੋ ਜਾਂਦੀ ਹੈ।

ਇੰਗਲੈਂਡ ਪਹੁੰਚਣ ਤੋਂ ਬਾਅਦ ਮੁੰਦਰੀ ਦਾ ਅਕਸ ਇਕ ਅਜਿਹੀ ਆਧੁਨਿਕ ਔਰਤ ਦੇ ਰੂਪ ਵਿੱਚ ਉਭਰਦਾ ਹੈ ਜਿਹੜੀ ਔਰਤ ਸਬੰਧੀ ਸਥਾਪਤ ਸਾਰੇ ਮਾਡਲਾਂ ਨੂੰ ਤੋੜ ਕੇ ਵਿਸ਼ਵ ਸੰਸਕ੍ਰਿਤੀ ਦੇ ਵਿਕਾਸ ਵਿੱਚ ਬਰਾਬਰਤਾ ਦਾ ਸੰਕਲਪ ਪੇਸ਼ ਕਰਦੀ ਹੈ। ਇਨਸਾਨ ਦੀ ਲਿਆਕਤ ਨੂੰ ਪੈਸੇ ਜਾਂ ਉਸ

ਦੀ ਜਾਤ-ਪਾਤ ਨਾਲ ਜੋੜ ਕੇ ਦੇਖਣ ਦੀ ਬਜਾਇ ਉਸ ਨੂੰ ਜਿੰਦਗੀ ਵਿੱਚ ਵਿਕਸਿਤ ਹੋਣ ਲਈ ਮਿਲੇ ਮੌਕਿਆਂ ਦੀ ਬਰਾਬਰਤਾ ਅਨੁਸਾਰ ਜੋੜ ਕੇ ਦੇਖਣਾ ਚਾਹੀਦਾ ਹੈ। ਜੇਕਰ ਦਲਿਤ ਵਰਗ ਦੇ ਇਨਸਾਨ ਨੂੰ ਦੂਜਿਆਂ ਵਾਂਗ ਵਿਕਸਿਤ ਹੋਣ ਦਾ ਮੌਕਾ ਮਿਲਦਾ ਹੈ ਤਾਂ ਉਹ ਵੀ ਵੱਡੀ ਤੋਂ ਵੱਡੀ ਮੰਜ਼ਿਲ ਸਰ ਕਰ ਸਕਦਾ ਹੈ। ਇਹ ਗੱਲ ਮੁੰਦਰੀ ਦੇ ਸੰਦਰਭ ਵਿੱਚ ਦੇਖੀ ਜਾ ਸਕਦੀ ਹੈ। ਦਲਿਤ ਵਰਗ ਨਾਲ ਸਬੰਧਿਤ ਮੁੰਦਰੀ ਆਪਣੀ ਹੋਂਦ ਨੂੰ ਵਿਗਸਣ ਦਾ ਪੂਰਾ ਮੌਕਾ ਦਿੰਦੀ ਹੈ। ਆਪਣੇ ਅਸਤਿਤਵ ਦੀ ਸਥਾਪਤੀ ਲਈ ਸਹਾਇਕ ਸਿੱਧ ਹੋਣ ਵਾਲੇ ਹਰ ਇੱਕ ਮੌਕੇ ਦਾ ਉਹ ਲੋੜ ਅਨੁਸਾਰ ਲਾਭ ਉਠਾਉਂਦੀ ਜਾਂਦੀ ਹੈ। ਬਾਹਰਲੇ ਦੇਸ਼ ਜਾਣ ਦਾ, ਟਿੱਕੇ ਦੀ ਮਦਦ ਲੈਣ ਦਾ, ਬਿਊਟੀਸ਼ਨ ਦੀ ਯੋਗਤਾ ਹਾਸਿਲ ਕਰਨ ਦਾ, ਬਿਊਟੀ ਪਾਰਲਰ ਖੋਹਲਣ ਦਾ, ਆਪਣਾ ਬਿਜ਼ਨਸ ਵਧਾਉਣ ਦਾ, ਸੈਟਲ ਹੋਣ ਲਈ ਪੌਲ ਨਾਲ ਵਿਆਹ ਕਰਵਾਉਣ ਦਾ, ਪੱਛਮੀ ਕਲਚਰ ਦੀਆਂ ਖੂਬੀਆਂ ਨੂੰ ਅਪਨਾਉਣ ਦਾ, ਕੋਈ ਵੀ ਮੌਕਾ ਉਹ ਹੱਥੋਂ ਨਹੀਂ ਜਾਣ ਦਿੰਦੀ।

ਮੁੰਦਰੀ ਪੰਜਾਬ ਦੇ ਛੋਟੇ ਜਿਹੇ ਪਿੰਡ ਤੋਂ ਤੁਰਦੀ ਹੈ ਤੇ ਵਿਕਾਸ ਕਰਦੀ ਹੋਈ ਦੁਨੀਆਂ ਵਿਚਲੇ ਵਿਕਸਤ ਦੇਸ਼ਾਂ ਵਿੱਚੋਂ ਚੋਟੀ ਤੇ ਵਿਰਾਜਮਾਨ ਦੇਸ਼ ਵਿੱਚ ਪਹੁੰਚਦੀ ਹੈ। ਇੱਥੇ ਪਹੁੰਚ ਕੇ ਪੱਛਮੀ ਕਲਚਰ ਦੇ ਪ੍ਰਭਾਵ ਹੇਠ ਚੇਤੰਨ ਹੁੰਦੀ ਹੋਈ ਉਹ ਭਾਰਤੀ ਔਰਤ ਦੀ ਦੱਬੂ ਪ੍ਰਵਿਰਤੀ ਵਾਲੀ ਮਾਨਸਿਕ ਸੋਚ ਨੂੰ ਤਿਆਗਦੀ ਹੈ ਅਤੇ ਉਥੋਂ ਦੇ ਨਵੇਂ ਸਿਸਟਮ ਦੀ ਚੇਤਨਾ ਨੂੰ ਗ੍ਰਹਿਣ ਕਰਦੀ ਹੈ। ਇਹ ਚੇਤਨਤਾ ਉਸ ਦੀ ਜੀਵਨ ਦ੍ਰਿਸ਼ਟੀ ਵਿੱਚ ਵਿਸ਼ਾਲਤਾ ਲੈ ਕੇ ਆਉਂਦੀ ਹੈ। ਉਹ ਇਹ ਗੱਲ ਚੰਗੀ ਤਰ੍ਹਾਂ ਜਾਣ ਜਾਂਦੀ ਹੈ ਕਿ ਗਿਆਨ, ਵਿਗਿਆਨ, ਕੰਪਿਊਟਰ, ਸੂਚਨਾ ਤਕਨਾਲੋਜੀ ਦੇ ਖੇਤਰ ਵਿੱਚ ਆਏ ਦਿਨ ਵਾਪਰਨ ਵਾਲੀਆਂ ਤੇਜ ਅਤੇ ਇਨਕਲਾਬੀ ਤਬਦੀਲੀਆਂ ਕਾਰਨ, ਸੰਸਾਰ ਅਤੇ ਇਸ ਦੇ ਸਮੂਹ ਵਰਤਾਰਿਆਂ ਦੀ ਸਮਝ ਲਈ ਮਨੁੱਖੀ ਚਿੰਤਨ ਬੜੀ ਤੇਜੀ ਨਾਲ ਬਦਲ ਰਿਹਾ ਹੈ। ਇਸ ਲਈ ਮੁੰਦਰੀ ਵੀ ਆਪਣੇ-ਆਪ ਨੂੰ ਲੇਟਸਟ ਮਹੌਲ ਨਾਲ ਜੋੜਦੀ ਹੈ। ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਮੌਜੂਦਾ ਸਮੇਂ ਵਿੱਚ ਬਿਊਟੀਸ਼ਨ ਦਾ ਬਿਜ਼ਨਸ ਕਮਾਈ ਦਾ ਵਧੀਆ ਸਾਧਨ ਸਾਬਿਤ ਹੋ ਸਕਦਾ ਹੈ ਤਾਂ ਉਹ ਇਹ ਬਿਜ਼ਨਸ ਚਲਾਉਣ ਲਈ ਫੈਸ਼ੀਅਲ, ਵੈਕਸਿੰਗ ਅਤੇ ਇਲੈਕਟਰੋਲਸਜ਼ ਦੇ ਕੋਰਸ ਪਾਸ ਕਰ ਲੈਂਦੀ ਹੈ। ਉਹ ਇਸ ਗੱਲ ਨੂੰ ਵੀ ਬਹੁਤ ਜਲਦ ਭਾਂਪ ਜਾਂਦੀ ਹੈ ਕਿ ਪੱਛਮੀ ਕਲਚਰ ਵਿੱਚ ਆਪਣੇ ਬਿਜ਼ਨਸ ਨੂੰ ਪੱਕੇ ਪੈਰੀਂ ਖੜਾ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਸ ਲਈ ਉਸ ਨੂੰ ਨਿੱਤ ਨਵੇਂ ਕੰਪੀਟੀਸ਼ਨ ਦਾ ਸਾਹਮਣਾ ਕਰਨਾ ਪਵੇਗਾ। ਇਹ ਸਭ ਕੁਝ ਸਮਝਣ ਕਾਰਨ ਉਹ ਆਪਣੇ ਬਿਊਟੀ ਪਾਰਲਰ ਦੀ ਮੌਡਰਨ ਤਰੀਕੇ ਨਾਲ ਵੈੱਬ ਡਿਜ਼ਾਈਨ ਕਰਵਾਉਂਦੀ ਹੈ ਅਤੇ ਉਸਦਾ ਨਾਮ ਵੀ ਲੇਟਸਟ ਮਹੌਲ ਅਨੁਸਾਰ 'ਮੁੰਦਰੀ ਡੌਟ ਕੌਮ ਬਿਊਟੀ ਪਾਰਲਰ' ਰੱਖਦੀ ਹੈ। ਜੇਕਰ ਦੇਖਿਆ ਜਾਵੇ ਤਾਂ ਨਾਵਲ ਦਾ ਨਾਮ ਮੁੰਦਰੀ ਡੌਟ ਕੌਮ ਦੀ ਮੁੰਦਰੀ ਦੇ ਨਵੀਨ ਤਕਨੀਕੀ ਯੁਗ ਨਾਲ ਜੁੜਨ ਵੱਲ ਸੰਕੇਤ ਕਰਦਾ ਹੈ। ਆਧੁਨਿਕ ਸਮੇਂ 'ਚ ਤੇਜ਼ ਰਫ਼ਤਾਰ ਨਾਲ ਹੋ ਰਹੇ ਬਦਲਾਓ ਦੀ ਰਮਜ਼ ਨੂੰ ਭਲੀ ਭਾਂਤ ਪਛਾਣ ਚੁੱਕੀ ਮੁੰਦਰੀ ਕਿਸੇ ਪ੍ਰੋਫੈਸ਼ਨਲ ਕੋਲੋਂ ਆਪਣੀ ਸਾਈਟ 'ਮੁੰਦਰੀ ਡੌਟ ਕੌਮ' ਦੇ ਡਿਜ਼ਾਈਨ ਨੂੰ ਵੀ ਟਾਈਮ ਟੂ ਟਾਈਮ ਅਪਡੇਟ ਕਰਵਾਉਂਦੀ ਰਹਿੰਦੀ ਹੈ। ਇਸ ਤੋਂ ਇਲਾਵਾ ਪਾਰਲਰ ਦੀ ਪ੍ਰਸਿੱਧੀ ਲਈ ਉਹ ਲੀਫ-ਲੈਟਸ ਛਪਵਾ ਕੇ ਸਮੇਂ-ਸਮੇਂ ਤੇ ਮਾਰਕੀਟ ਵਿੱਚ ਵੰਡਦੀ ਰਹਿੰਦੀ ਹੈ। ਆਪਣੇ ਬਿਜਨਸ ਦੀ ਸਫ਼ਲਤਾ ਲਈ ਮੁੰਦਰੀ ਦੁਆਰਾ ਲੇਟਸਟ ਮਹੌਲ ਨਾਲ ਜੁੜਕੇ ਕੀਤੀ ਜੀਅ ਤੋੜ ਮਿਹਨਤ ਦਾ ਹੀ ਸਿੱਟਾ ਹੁੰਦਾ ਹੈ ਕਿ ਉਸਦਾ ਬਿਜਨਸ ਕਾਮਯਾਬੀ ਦੀਆਂ ਸ਼ਿਖ਼ਰਾਂ ਪ੍ਰਾਪਤ ਕਰ ਜਾਂਦਾ ਹੈ।

ਮੁੰਦਰੀ ਭਾਵੇਂ ਨਿਰੰਤਰ ਵਿਕਾਸ ਕਰਦੀ ਹੋਈ ਕਾਮਯਾਬੀ ਤੇ ਕਾਮਯਾਬੀ ਹਾਸਿਲ ਕਰਦੀ ਜਾਂਦੀ ਹੈ ਪਰੰਤੂ ਫਿਰ ਵੀ ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਤੋਂ ਮੁਨਕਰ ਨਹੀਂ



ਹੁੰਦੀ। ਪੱਛਮੀ ਕਲਚਰ ਵਿੱਚ ਰਹਿ ਕੇ ਵੀ ਉਹ ਰਿਸ਼ਤਿਆਂ ਵਿਚਲੀ ਪਵਿੱਤਰਤਾ ਅਤੇ ਆਪਣੀਆਂ ਪਰੰਪਰਕ ਕਦਰਾ-ਕੀਮਤਾਂ ਨੂੰ ਨਹੀਂ ਤਿਆਗਦੀ। ਉਹ ਪਰਿਵਾਰ ਦੀ ਆਰਥਕ ਮੰਦਹਾਲੀ ਦੂਰ ਕਰਨ ਦੇ ਜਿਸ ਉਦੇਸ਼ ਨਾਲ ਇੰਗਲੈਂਡ ਆਉਂਦੀ ਹੈ ਉਸ ਉੱਪਰ ਖਰੀ ਵੀ ਉਤਰਦੀ ਹੈ। ਉਹ ਥੋੜ੍ਹੇ ਸਮੇਂ ਵਿੱਚ ਆਪਣੇ ਪਿੰਡ ਆਪਣੀ ਮਾਂ ਲਈ ਘਰ ਬਣਾ ਦਿੰਦੀ ਹੈ, ਇੱਕ ਪਲਾਟ ਖਰੀਦ ਦਿੰਦੀ ਹੈ। ਉਹ ਆਪਣੀ ਭੈਣ ਦੀਆਂ ਕੁੜੀਆਂ ਦੀ ਪੜ੍ਹਾਈ ਦਾ ਖਰਚਾ ਉਠਾਉਂਦੀ ਹੈ। ਕਈ ਵਾਰ ਘਰ 'ਚ ਵਰਤਿਆ ਜਾਣ ਵਾਲਾ ਹੋਰ ਨਿੱਕਾ ਮੋਟਾ ਸਮਾਨ ਵੀ ਉਹ ਇੰਗਲੈਂਡ ਤੋਂ ਕਿਸੇ ਨਾ ਕਿਸੇ ਦੇ ਹੱਥ ਭੇਜ ਦਿੰਦੀ ਹੈ। ਪੌਲ ਨਾਲ ਵਿਆਹ ਕਰਵਾਉਣ ਵੇਲੇ ਆਪਣੇ ਉਪਰਲੀਆਂ ਇਹਨਾਂ ਸਭ ਜ਼ਿੰਮੇਵਾਰੀਆਂ ਬਾਰੇ ਮੁੰਦਰੀ ਉਸ ਨੂੰ ਪਹਿਲਾਂ ਹੀ ਦੱਸ ਦਿੰਦੀ ਹੈ ਤਾਂ ਕਿ ਬਾਅਦ ਵਿੱਚ ਉਹਨਾਂ ਦੇ ਘਰੇਲੂ ਸਬੰਧਾਂ ਵਿੱਚ ਕੋਈ ਬਿਗਾੜ ਨਾ ਆਵੇ।

ਮੁੰਦਰੀ ਇੱਕ ਪਤਨੀ ਹੋਣ ਦਾ ਧਰਮ ਬਾਖੂਬੀ ਨਿਭਾਉਂਦੀ ਹੈ। ਆਪਣੇ ਬਾਪ ਦੀ ਉਮਰ ਤੋਂ ਵੱਡੇ ਦੀਪੇ ਨਾਲ ਵਿਆਹ ਕਰਵਾ ਕੇ ਵੀ ਉਹ ਇਸ ਰਿਸ਼ਤੇ ਉੱਪਰ ਕੋਈ ਦਾਗ ਨਹੀਂ ਲੱਗਣ ਦਿੰਦੀ। ਜਵਾਨ ਹੋਣ ਦੇ ਬਾਵਜੂਦ ਉਹ ਕਿਸੇ ਹੋਰ ਮਰਦ ਦਾ ਵਿਚਾਰ ਆਪਣੇ ਮਨ ਵਿੱਚ ਨਹੀਂ ਉਪਜਣ ਦਿੰਦੀ ਸਗੋਂ ਤਨ ਮਨ ਤੋਂ ਆਪਣੇ ਪਤੀ ਦੀ ਹੋ ਕੇ ਰਹਿੰਦੀ ਹੈ। ਦੀਪੇ ਦੀ ਜਿਆਦਾ ਸ਼ਰਾਬ ਪੀਣ ਦੀ ਆਦਤ ਕਾਰਨ ਉਸਦਾ ਲੀਵਰ ਡੈਮੇਜ਼ ਹੋ ਜਾਂਦਾ ਹੈ। ਮੁੰਦਰੀ ਉਸ ਦੀ ਡਿੱਗ ਰਹੀ ਸਿਹਤ ਪ੍ਰਤੀ ਪਰੇਸ਼ਾਨ ਹੋ ਉੱਠਦੀ ਹੈ। ਉਹ ਆਪਣੇ ਪਤੀ ਦੀ ਸਦਾ ਲੰਬੀ ਉਮਰ ਦੀ ਕਾਮਨਾ ਕਰਦੀ ਹੈ। ਆਪਣੀ ਮੌਤ ਨੂੰ ਨੇੜੇ ਆਉਂਦਾ ਦੇਖ ਦੀਪਾ ਜਦੋਂ ਪਿਛੋਂ ਇੱਕਲੀ ਰੁਲਣ ਤੋਂ ਬਚਾਉਣ ਲਈ ਮੁੰਦਰੀ ਅੱਗੇ ਉਸ ਨੂੰ ਕਿਤੇ ਹੋਰ ਵਿਆਹੁਣ ਦੀ ਦਲੀਲ ਰੱਖਦਾ ਹੈ ਤਾਂ ਉਹ ਇਸ ਦੁੱਖ ਕਾਰਨ ਧੁਰ ਅੰਦਰ ਤੱਕ ਝੰਜੋੜੀ ਜਾਂਦੀ ਹੈ। ਉਹ ਦੀਪੇ ਦੀ ਮੌਤ ਵਾਲੇ ਕੌੜੇ ਯਥਾਰਥ ਨੂੰ ਜਾਣਦੀ ਹੋਈ ਵੀ ਆਪਣੇ ਪਤਨੀ ਧਰਮ 'ਤੇ ਅਡਿੱਗ ਰਹਿੰਦੀ ਹੈ। ਉਹ ਆਪਣੇ ਪਤੀ ਦੇ ਜਿਉਂਦੇ ਜੀਅ ਹੋਰ ਵਿਆਹ ਕਰਵਾ ਕੇ ਉਸ ਦੁਆਰਾ ਕੀਤੀ ਕੁਰਬਾਨੀ ਦੀ ਇਸ ਤਰ੍ਹਾਂ ਬਲੀ ਚੜਾਉਣਾ ਮੁਨਾਸਿਬ ਨਹੀਂ ਸਮਝਦੀ। ਉਹ ਆਪਣੀ ਸਹੇਲੀ ਮਿਸਜ਼ ਭੰਗੂ ਦੁਆਰਾ ਹੋਰ ਵਿਆਹ ਕਰਵਾਉਣ ਦੀ ਦਿੱਤੀ ਤਜ਼ਵੀਜ ਨੂੰ ਠੁਕਰਾਉਂਦੀ ਹੋਈ ਕਹਿੰਦੀ ਹੈ:

> "ਮੈਂ ਨਹੀਂ ਚਾਹਵਾਂਗੀ ਕਿ ਮੇਰਾ ਪਤੀ ਮੇਰੇ ਸਾਹਮਣੇ ਹੋਰ ਵਿਆਹ ਕਰਾਵੇ ਭਾਵੇਂ ਮੈਂ ਡੈੱਥ-ਬੈੱਡ ਤੇ ਈ ਕਿਉਂ ਨਾ ਪਈ ਹੋਵਾਂ। ਜੇ ਦੀਪਾ ਆਪਣੀ ਛਾਤੀ 'ਤੇ ਪੱਥਰ ਰੱਖ ਕੇ ਮੇਰੀ ਬੇਹਤਰੀ ਲਈ ਸੋਚਦਾ ਤਾਂ ਮੇਰਾ ਫਰਜ਼ ਆ ਕਿ ਇਹ ਪੱਥਰ ਉਹਦੀ ਛਾਤੀ ਤੋਂ ਚੁੱਕ ਦੇਵਾਂ।"[2]

ਪਰ ਦੀਪੇ ਦੀ ਮੌਤ ਦਾ ਅਚਾਨਕ ਆਇਆ ਸੱਦਾ ਮੁੰਦਰੀ ਦੀਆਂ ਸਭ ਸਿਆਣਪਾਂ 'ਤੇ ਭਾਰੂ ਪੈ ਜਾਂਦਾ ਹੈ। ਪਤੀ ਦੀ ਅਣਹੋਂਦ ਵਾਲੇ ਘਰ ਦੀ ਤਾਂ ਉਸ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੋਣੀ। ਭਾਵੇ ਪਤੀ ਦੀ ਮੌਤ ਦਾ ਦੁੱਖ ਮੁੰਦਰੀ ਲਈ ਅਸਹਿ ਹੁੰਦਾ ਹੈ ਪਰੰਤੂ ਫਿਰ ਵੀ ਦੁੱਖਾਂ ਦੀ ਇਸ ਹਨੇਰੀ ਦਾ ਉਹ ਵੀਰਾਂਗਣਾਂ ਵਾਂਗ ਮੁਕਾਬਲਾ ਕਰਦੀ ਹੈ। ਕਬੀਲਦਾਰੀ ਵਾਲੇ ਗੱਡੇ ਨੂੰ ਇਕੱਲਿਆਂ ਹੀ ਖਿੱਚਣ ਦੀ ਸਮਰੱਥਾ ਰੱਖਣ ਵਾਲੀ ਮੁੰਦਰੀ ਜਲਦੀ ਹੀ ਦੁਬਾਰਾ ਆਪਣੇ ਕੰਮ ਵਿੱਚ ਰੁੱਝ ਜਾਂਦੀ ਹੈ। ਪਤੀ ਦੀ ਮੌਤ ਵਾਲੇ ਦੁੱਖ 'ਚੋਂ ਮੁੜ ਉਭਰਨ ਲਈ ਉਹ ਪੱਛਮੀ ਕਲਚਰ ਦੇ ਖੁਲ੍ਹੇ-ਡੁੱਲ੍ਹੇ ਵਾਤਾਵਰਨ ਦੀ ਤਰਜ਼ ਤੇ ਜ਼ਰੂਰ ਚਲਦੀ ਹੈ ਪਰੰਤੂ ਫਿਰ ਵੀ ਕਿਸੇ ਤਰ੍ਹਾਂ ਦੇ ਜਿਨਸੀ ਪ੍ਰਦੂਸ਼ਣ ਦਾ ਸ਼ਿਕਾਰ ਨਹੀਂ ਹੁੰਦੀ। ਦੀਪੇ ਦਾ ਦੋਸਤ ਤਰਸੇਮ ਜਵਾਨੀ ਦੀ ਦਹਿਲੀਜ਼ ਤੇ ਇਕੱਲੀ ਖੜ੍ਹੀ ਮੁੰਦਰੀ ਨੂੰ ਹਮੇਸ਼ਾ ਭੁੱਖੀਆਂ ਨਜ਼ਰਾਂ ਨਾਲ ਤੱਕਦਾ ਹੈ। ਤਰਸੇਮ ਵਰਗੇ ਲੋਕਾਂ ਦੀਆਂ ਇਹਨਾਂ ਹਰਕਤਾਂ ਦਾ ਕਰਾਰਾ ਜਵਾਬ ਦੇਣ ਲਈ ਅਤੇ ਸਮਾਜ ਦੇ ਕਰੂਰ ਪੰਜਿਆਂ ਤੋਂ ਆਪਣੇ-ਆਪ ਨੂੰ ਬਚਾਉਣ ਲਈ ਮੁੰਦਰੀ ਆਪਣੇ ਪੁਰਾਣੇ

ਪ੍ਰੇਮੀ ਟਿੱਕੇ ਨੂੰ ਆਪਣੀ ਢਾਲ ਬਣਾ ਲੈਂਦੀ ਹੈ। ਉਹ ਟਿੱਕੇ ਨਾਲ ਕਦਮ ਮਿਲਾ ਕੇ ਚਲਦੀ ਹੈ ਤਾਂ ਕਿ ਲੋਕਾਂ ਦੀਆਂ ਲਲਚਾਈਆਂ ਨਜ਼ਰਾਂ ਬੇਗਾਨੀ ਧਰਤੀ 'ਤੇ ਉਸ ਨੂੰ ਇੱਕਲੀ ਨਾ ਸਮਝਣ। ਜਦੋਂ ਮੁੰਦਰੀ ਦਾ ਕਾਰੋਬਾਰ ਵਧੀਆ ਸੈੱਟ ਹੋ ਜਾਂਦਾ ਹੈ ਤਾਂ ਉਸ ਦਾ ਔਰਤ ਮਨ ਆਪਣੇ ਘਰ-ਬਾਰ, ਪਤੀ, ਬੱਚਿਆਂ ਵਾਲੇ ਸਮਾਜਕ ਜੀਵਨ ਲਈ ਤੜਪ ਉਠਦਾ ਹੈ। ਕੁਝ ਸਮੇਂ ਤੱਕ ਟਿੱਕੇ ਤੋਂ ਵਿਆਹ ਦੀ ਉਮੀਦ ਰੱਖਣ ਤੋਂ ਬਾਅਦ ਜਦੋਂ ਮੁੰਦਰੀ ਨੂੰ ਮਹਿਸੂਸ ਹੁੰਦਾ ਹੈ ਕਿ ਟਿੱਕਾ ਉਸ ਨੂੰ 'ਘੜੀ ਦੇ ਪੈਂਡਲੂਮ'[3] ਵਾਂਗ ਵਿਚਕਾਰ ਲਟਕਦੀ ਛੱਡ ਦੇਵੇਗਾ ਤਾਂ ਉਹ ਪੌਲ ਪਰਾਸ਼ਰ ਵਲੋਂ ਮਿਲੇ ਵਿਆਹ ਦੇ ਪਰੋਪੋਜ਼ ਨੂੰ ਸਵੀਕਾਰ ਕਰ ਲੈਂਦੀ ਹੈ । ਆਪਣੇ ਵਿਆਹੁਤਾ ਜੀਵਨ ਦੀ ਗੱਡੀ ਨੂੰ ਉਹ ਕੁਸ਼ਲ ਗ੍ਰਹਿਣੀ ਬਣ ਕੇ ਸੰਭਾਲਦੀ ਹੈ । ਭਾਵੇਂ ਪੌਲ ਦੱਬੂ ਸੁਭਾਅ ਦਾ ਹੁੰਦਾ ਹੈ ਪਰ ਮੁੰਦਰੀ ਫਿਰ ਵੀ ਉਸ ਨਾਲ ਕਿਸੇ ਤਰ੍ਹਾਂ ਦਾ ਵਧੀਕੀ ਵਾਲਾ ਕੋਈ ਵਿਹਾਰ ਨਹੀਂ ਕਰਦੀ। ਇਸ ਕਰਕੇ ਉਨ੍ਹਾਂ ਦਾ ਗ੍ਰਹਿਸਥ ਜੀਵਨ ਸੁਖਾਵਾਂ ਬਣਿਆ ਰਹਿੰਦਾ ਹੈ।

ਪੰਜਾਬੀ ਸਭਿਆਚਾਰ ਦੀਆਂ ਕੀਮਤਾਂ ਅਤੇ ਪੈਟਰਨ ਸਮਾਜ ਵਿੱਚ ਔਰਤ ਦੇ ਆਚਰਣ ਵਿਚਰਣ ਲਈ ਜਿੰਨੇ ਪ੍ਰਕਰਣਾਂ ਨੂੰ ਪ੍ਰਵਾਨਗੀ ਪ੍ਰਾਪਤ ਹੈ ਉਹ ਲਗਭਗ ਸਾਰੇ ਇਸ ਨਾਵਲ ਦੇ ਵਿੱਚ ਉਪਲਬਧ ਹਨ। ਸਾਡੀ ਸਮਾਜਕ ਪਰਿਵਾਰਕ ਬਣਤਰ ਵਿੱਚ ਇੱਕ ਧੀ, ਇੱਕ ਭੈਣ, ਇੱਕ ਮਾਂ ਜਾਂ ਇੱਕ ਪਤਨੀ ਵਜੋਂ ਭੂਮਿਕਾ ਨਿਭਾਉਂਦੀ ਇੱਕ ਔਰਤ ਹੀ ਨਹੀਂ, ਸਮਾਜ ਸਭਿਆਚਾਰ ਵਿੱਚ ਕਿਸੇ ਮਰਦ ਦੀ ਚਾਹਤ ਉਪਰੰਤ ਇਕ ਪ੍ਰੇਮਿਕਾ ਵਜੋਂ ਵਿਚਰਦੀ ਔਰਤ ਦੇ ਲਟ-ਲਟ ਕਰਦੇ ਜਜ਼ਬਿਆਂ ਨੂੰ ਅਤਿ ਸੂਖਮਤਾ ਨਾਲ ਪਕੜ ਕੇ ਕਲਾਤਮਕਤਾ ਨਾਲ ਪੇਸ਼ ਕਰਨਾ ਵੀ ਨਾਵਲਕਾਰ ਦੀ ਥੀਮਕ ਉਸਾਰੀ ਦੇ ਫੋਕਸ ਵਿੱਚ ਹੈ। ਬਾਕੀ ਸਮਾਜਕ ਰਿਸ਼ਤਿਆਂ ਅਤੇ ਕਾਰਾਂ ਵਿਹਾਰਾਂ ਵਿਚ ਕਾਰਜਸ਼ੀਲ ਮੁੰਦਰੀ ਦਾ ਟਿੱਕੇ ਨਾਲ ਬਣਿਆ ਸਹਿਜ ਸੁਭਾਵਕ ਰਿਸ਼ਤਾ ਉਨ੍ਹਾਂ ਦੇ ਪ੍ਰੇਮ-ਪ੍ਰਸੰਗ ਦਾ ਰੂਪ ਧਾਰ ਕੇ ਸਾਹਮਣੇ ਆਉਂਦਾ ਹੈ। ਭਾਵੇਂ ਕਿ ਮੁੰਦਰੀ ਦੇ ਇੰਗਲੈਂਡ ਪਹੁੰਚਣ ਤੋਂ ਬਾਅਦ ਕੁਝ ਸਮਾਂ ਇਨ੍ਹਾਂ ਸਬੰਧਾਂ ਵਿੱਚ ਠਹਿਰਾਓ ਦੀ ਸਥਿਤੀ ਪੈਦਾ ਜ਼ਰੂਰ ਹੁੰਦੀ ਹੈ ਪਰੰਤੂ ਮੁੰਦਰੀ ਦੇ ਪਤੀ ਦੀਪੇ ਦੀ ਮੌਤ ਇਨ੍ਹਾਂ ਸਬੰਧਾਂ ਨੂੰ ਮੁੜ ਸੁਰਜੀਤ ਕਰ ਗਹਿਰਾਈ ਪ੍ਰਦਾਨ ਕਰਦੀ ਹੈ। ਪਤੀ ਦੀ ਮੌਤ ਤੋਂ ਬਾਅਦ ਮੁੰਦਰੀ ਆਪਣੇ ਪ੍ਰੇਮੀ ਟਿੱਕੇ ਨੂੰ ਬੁੱਕਲ ਦਾ ਪੂਰਾ ਨਿੱਘ ਪ੍ਰਦਾਨ ਕਰਦੀ ਹੈ। ਉਹ ਟਿੱਕੇ ਨੂੰ ਆਪਣਾ ਜੀਵਨ ਸਾਥੀ ਬਣਾਉਣਾ ਲੋਚਦੀ ਹੈ ਪਰ ਟਿੱਕਾ ਉਸ ਨੂੰ ਪੱਕੇ ਤੌਰ 'ਤੇ ਘਰ ਵਸਾਉਣ ਦਾ ਸਾਹਸ ਨਹੀਂ ਕਰ ਪਾਉਂਦਾ ਬਲਕਿ ਉਹ ਇਨ੍ਹਾਂ ਸਬੰਧਾਂ ਨੂੰ ਸਰੀਰ ਦੀ ਪੱਧਰ ਤੱਕ ਮਹਿਦੂਦ ਰੱਖਣਾ ਚਾਹੁੰਦਾ ਹੈ। ਇੱਥੋਂ ਤੱਕ ਕਿ ਮੁੰਦਰੀ ਦੇ ਗਰਭ ਵਿੱਚ ਪਲ ਰਹੇ ਆਪਣੇ ਬੱਚੇ ਨੂੰ ਵੀ ਉਹ ਆਪਣਾ ਨਾਮ ਦੇਣ ਤੋਂ ਇਨਕਾਰੀ ਹੋ ਜਾਂਦਾ ਹੈ ਅਤੇ ਮੁੰਦਰੀ ਨੂੰ ਅਬਾਰਸ਼ਨ ਕਰਵਾਉਣ ਦੀ ਸਲਾਹ ਦੇ ਕੇ ਪੱਲਾ ਛੁਡਵਾ ਲੈਂਦਾ ਹੈ। ਆਪਣੇ ਇਹਨਾਂ ਅਨੋਖੇ ਪ੍ਰੇਮ ਸਬੰਧਾਂ ਅਤੇ ਅਗਲੇਰੇ ਭਵਿੱਖ ਦੇ ਦਵੰਦ ਦੀ ਚਿੰਤਾ ਵਿੱਚ ਡੁੱਬੀ ਮੁੰਦਰੀ ਨੂੰ ਮਜ਼ਬੂਰਨ ਪੌਲ ਨਾਲ ਵਿਆਹ ਕਰਵਾਉਣ ਵਾਲਾ ਕਦਮ ਚੁੱਕਣਾ ਪੈਂਦਾ ਹੈ। ਪਰੰਤੂ ਵਿਆਹ ਬੰਧਨ ਵਿੱਚ ਬੱਝਣ ਦੇ ਬਾਬਜੂਦ ਵੀ ਉਹ ਆਪਣੇ ਪ੍ਰੇਮ ਸਬੰਧਾਂ ਨੂੰ ਬਰਾਬਰ ਦੀ ਮਾਨਤਾ ਦਿੰਦੀ ਦੇਖੀ ਜਾ ਸਕਦੀ ਹੈ। ਜ਼ਿੰਦਗੀ ਵਿੱਚ ਲੈਣ ਵਾਲੇ ਹਰ ਫੈਸਲੇ ਲਈ ਉਹ ਟਿੱਕੇ ਦੀ ਸਲਾਹ ਲੈਣੀ ਵਾਜਿਬ ਸਮਝਦੀ ਹੈ। ਆਪਣੇ ਬੱਚਿਆਂ ਨੂੰ ਜਨਮ ਦੇਣ ਸਮੇਂ ਅਤੇ ਕੈਟਰੀਨਾਂ ਤੋਂ ਬਿਊਟੀ ਪਾਰਲਰ ਦਾ ਸਮਾਨ ਖਰੀਦਣ ਸਮੇਂ ਉਹ ਪਹਿਲਾਂ ਟਿੱਕੇ ਨਾਲ ਮਸ਼ਵਰਾ ਕਰਦੀ ਹੈ। ਆਪਣੇ ਪਿਆਰ ਨੂੰ ਸਦੀਵੀ ਤੌਰ 'ਤੇ ਜਿੰਦਾ ਰੱਖਣ ਲਈ ਉਹ ਟਿੱਕੇ ਦੀ ਨਿਸ਼ਾਨੀ ਵੱਜੋਂ ਉਸ ਦੇ ਪੁੱਤਰ ਨੂੰ ਜਨਮ ਦਿੰਦੀ ਹੈ, ਖੁਸ਼ੀ ਨਾਲ ਪਾਲ਼ਦੀ ਹੈ ਅਤੇ ਉਸ ਬੱਚੇ ਨੂੰ ਸਿੱਖ ਮਰਿਯਾਦਾ ਵਾਲੀ ਅਲੱਗ ਪਹਿਚਾਣ ਵੀ ਦਿੰਦੀ ਹੈ।

ਟਿੱਕੇ ਦੇ ਪਿਆਰ ਵੇਗ ਵਿੱਚ ਵਹਿ ਚੁੱਕੀ ਮੁੰਦਰੀ ਆਪਣੇ ਪਿਆਰ ਲਈ ਤਨ ਮਨ ਤੇ ਸਭ ਕੁਝ ਕੁਰਬਾਨ ਕਰਨ ਲਈ ਤਤਪਰ ਹੁੰਦੀ ਦੇਖੀ ਜਾ ਸਕਦੀ ਹੈ। ਪਰ ਜਿਸ ਮਰਦ ਨਾਲ ਉਸ ਦੇ ਦਿਲ



ਦੀ ਸਾਂਝ ਪੈਂਦੀ ਹੈ ਉਹਦੇ ਜ਼ਿਹਨ ਵਿਚੋਂ ਪਿਆਰ ਦੇ ਜਜ਼ਬਾਤ ਦਾ ਖਾਤਮਾ ਹੋਇਆ ਨਜ਼ਰ ਆਉਂਦਾ ਹੈ। ਉਹ ਇਸ ਪਿਆਰ ਨੂੰ ਕਾਮ ਪੂਰਤੀ ਅਤੇ ਸਰੀਰਕ ਭੁੱਖ ਮਿਟਾਉਣ ਦੇ ਸਾਧਨ ਤੋਂ ਵੱਧ ਕੁਝ ਨਹੀਂ ਸਮਝਦਾ। ਉਹ ਮੁੰਦਰੀ ਕੋਲ ਸਿਰਫ਼ ਆਪਣੀ ਕਾਮ ਅਗਨੀ ਸ਼ਾਂਤ ਕਰਨ ਲਈ ਆਉਂਦਾ ਹੈ। ਸਾਰੇ ਦਿਨ ਦੇ ਕੰਮ ਕਾਜ ਕਾਰਨ ਹੋਏ ਥਕੇਵੇਂ ਦੀ ਟੁੱਟੀ ਭੱਜੀ ਅਤੇ ਮਾਨਸਿਕ ਪਰੇਸ਼ਾਨੀਆਂ ਵਿੱਚ ਘਿਰੀ ਮੁੰਦਰੀ, ਉਸ ਦੀ ਅੱਖਾਂ ਵਿਛਾ ਕੇ ਉਡੀਕ ਕਰਦੀ ਹੈ ਪਰ ਇੱਕ ਉਹ ਹੈ ਜਿਸ ਨੂੰ ਮੁੰਦਰੀ ਦੀਆਂ ਇਹਨਾਂ ਭਾਵਨਾਵਾਂ ਦੀ ਕੋਈ ਕਦਰ ਨਹੀਂ। ਉਹ ਆਉਂਦਾ ਹੀ ਬਿਨਾਂ ਕੋਈ ਪਿਆਰ ਦੀ ਗੱਲ ਕਰੇ ਮੁੰਦਰੀ ਨੂੰ ਹਵਸ ਪੂਰਤੀ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਹੈ। ਮੁੰਦਰੀ ਉਸ ਸਾਹਮਣੇ ਆਪਣੇ ਨਿਢਾਲ ਹੋਏ ਸਰੀਰ ਦਾ ਵਾਸਤਾ ਪਾਉਂਦੀ ਹੋਈ ਕਹਿੰਦੀ ਹੈ, "ਟਿੱਕਾ ਜੀ, ਪਲੀਜ਼ ਅੱਜ ਨਹੀਂ, ਅੱਜ ਮੇਰੇ ਕੋਲ ਬੈਠੋ, ਕੋਈ ਗੱਲ ਕਰੋ, ਮੇਰੇ ਸਿਰ ਵਿੱਚ ਬਹੁਤ ਪੀੜ ਐ ।"[4] ਪਰ ਮੁੰਦਰੀ ਦੇ ਇਹਨਾਂ ਬੋਲਾਂ ਦੀ ਕੋਈ ਪਰਵਾਹ ਨਾ ਕਰਨ ਵਾਲਾ ਟਿੱਕਾ ਅਗੋਂ ਇਹ ਗਾਲ ਕੱਢ, "ਦੇਖ ਮਾਂ ਯਾਵੀ ਪਾਖੰਡ ਕਿੱਦਾ ਕਰਦੀ ਆਂ।"[5] ਮੁੰਦਰੀ ਦੇ ਸਰੀਰ ਨੂੰ ਧੱਕੇ ਨਾਲ ਨੋਚਣਾ ਸ਼ੁਰੂ ਕਰ ਦਿੰਦਾ ਹੈ। ਟਿੱਕੇ ਦੀ ਇਹ ਹਰਕਤ ਮੁੰਦਰੀ ਨੂੰ ਧੁਰ ਅੰਦਰ ਤੱਕ ਠੇਸ ਪਹੁੰਚਾ ਜਾਂਦੀ ਹੈ ਜੋ ਗੁੱਸੇ ਦਾ ਅਜਿਹਾ ਗੁਬਾਰ ਬਣ ਕੇ ਫੁੱਟ ਪੈਂਦੀ ਹੈ ਕਿ ਮੁੰਦਰੀ ਟਿੱਕੇ ਨੂੰ ਆਪਣੇ ਬਿਊਟੀ ਪਾਰਲਰ 'ਚੋ ਬਾਹਰ ਕੱਢ ਦਿੰਦੀ ਹੈ।

ਮੁੰਦਰੀ ਦਾ ਟਿੱਕੇ ਪ੍ਰਤੀ ਲਿਆ ਇਹ ਸਖ਼ਤ ਫੈਸਲਾ ਪੰਜਾਬੀ ਔਰਤ ਦੁਆਰਾ ਸੁੰਗੜੀ ਹੋਈ ਫ਼ਿਜਾ 'ਚੋ ਅੰਗੜਾਈ ਲੈਣ ਦਾ ਯਤਨ ਆਖਿਆ ਜਾ ਸਕਦਾ ਹੈ। ਉਸ ਦੇ ਮਨ ਦੀ ਦ੍ਰਿੜ ਸ਼ਕਤੀ 'ਚੋਂ ਉਪਜਿਆ ਇਹ ਫੈਸਲਾ ਸਮੁੱਚੇ ਔਰਤ ਸਮਾਜ ਲਈ ਇਕ ਮੀਲ ਪੱਥਰ ਸਾਬਿਤ ਹੁੰਦਾ ਹੈ ਜੋ ਇਹ ਸਿੱਧ ਕਰਦਾ ਹੈ ਕਿ ਅਜੋਕਾ ਔਰਤ ਸਮਾਜ ਹੁਣ ਪਹਿਲਾਂ ਵਰਗੀ 'ਗੂੰਗੀ ਭੀੜ' ਨਹੀਂ ਰਿਹਾ। ਵਿਕਸਤ ਪੂੰਜੀਵਾਦੀ ਦੇਸ਼ਾਂ ਵਿੱਚ ਵਿਚਰਦੀ ਔਰਤ ਦੀ ਸਥਿਤੀ ਵਿੱਚ, ਨਿਰਸੰਦੇਹ, ਬੁਨਿਆਦੀ ਪਰਿਵਰਤਨ ਆਇਆ ਹੈ। ਉਹ ਆਪਣੀ ਸੁੰਤਤਰ ਪਛਾਣ ਅਤੇ ਮਨੁੱਖੀ ਹੱਕਾਂ ਪ੍ਰਤੀ ਜਾਗ੍ਰਿਤ ਹੋਈ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਕਸਤ ਮੁਲਕਾਂ ਦਾ ਪੂੰਜੀਵਾਦੀ ਢਾਂਚਾ ਔਰਤ ਨੂੰ ਮਸ਼ੀਨ ਦਾ ਅੰਗ ਤਾਂ ਜ਼ਰੂਰ ਬਣਾਉਂਦਾ ਹੈ ਪਰ ਨਾਲ ਹੀ ਉਸ ਨੂੰ ਆਰਥਕ ਤੌਰ 'ਤੇ ਸੁਤੰਤਰ ਵੀ ਕਰਦਾ ਹੈ। ਇਹ ਆਰਥਕ ਸੁਤੰਤਰਤਾ ਉਸ ਨੂੰ ਆਪਣੇ ਫੈਸਲੇ ਆਪ ਕਰ ਸਕਣ ਦੀ ਆਜ਼ਾਦੀ ਦਿੰਦੀ ਹੈ ਤੇ ਔਰਤ ਨੂੰ ਦਬਾਉਣ ਵਾਲੀਆਂ ਰੂੜ੍ਹ ਹੋ ਚੁੱਕੀਆਂ ਰਵਾਇਤਾਂ ਖਿਲਾਫ਼ ਖੜ੍ਹੇ ਹੋ ਸਕਣ ਦਾ ਹੌਸਲਾ ਵੀ ਪ੍ਰਦਾਨ ਕਰਦੀ ਹੈ। ਵਿਕਸਤ ਪੂੰਜੀਵਾਦੀ ਦੇਸ਼ ਵਿੱਚ ਵਿਚਰ ਰਹੀ ਮੁੰਦਰੀ ਦੀ ਆਰਥਕ ਸੁਤੰਤਰਤਾ ਉਸ ਨੂੰ ਉਹ ਸ਼ਕਤੀ ਤੇ ਸਾਹਸ ਪ੍ਰਦਾਨ ਕਰਦੀ ਹੈ ਜਿਸ ਦੇ ਬਲਬੂਤੇ ਉਹ ਟਿੱਕੇ ਵਿਰੁੱਧ ਆਵਾਜ਼ ਉਠਾਉਣ ਦੇ ਸਮਰਥ ਹੋ ਜਾਂਦੀ ਹੈ।

ਮੁੰਦਰੀ ਦੁਆਰਾ ਟਿੱਕੇ ਨਾਲ ਕੀਤੇ ਇਸ ਤਰ੍ਹਾਂ ਦੇ ਵਿਹਾਰ ਦਾ ਮਤਲਬ ਇਹ ਨਹੀਂ ਕਿ ਟਿੱਕੇ ਨੇ ਮੁੰਦਰੀ ਦੇ ਪਿਆਰ ਬਦਲੇ ਕੁਝ ਨਹੀਂ ਕੀਤਾ। ਮੁੰਦਰੀ ਦੇ ਜੀਵਨ ਸਫ਼ਰ ਦੌਰਾਨ ਆਈਆਂ ਮੁਸ਼ਕਲਾਂ ਸਮੇਂ ਉਹ ਮੁੰਦਰੀ ਦੀ ਧਿਰ ਬਣ ਕੇ ਉਸ ਦੇ ਨਾਲ ਖਲੋਂਦਾ ਰਿਹਾ ਹੈ। ਪਤੀ ਦੀ ਮੌਤ ਤੋਂ ਬਾਅਦ ਇੱਕਲੀ ਮੁੰਦਰੀ ਦਾ ਟਿੱਕਾ ਹੀ ਸਹਾਰਾ ਬਣਦਾ ਹੈ। ਮੁੰਦਰੀ ਦਾ ਕਾਰੋਬਾਰ ਸਥਾਪਤ ਕਰਨ ਲਈ ਬਿਊਟੀਸ਼ਨ ਦਾ ਕੋਰਸ ਕਰਵਾਉਣ ਤੋਂ ਲੈ ਕੇ ਉਸ ਦੇ ਬਿਜ਼ਨਸ ਨੂੰ ਪੱਕੇ ਤੌਰ ਤੇ ਸਥਾਪਤ ਕਰਨ ਲਈ ਉਹ ਹਰ ਸੰਭਵ ਸਹਾਇਤਾ ਕਰਦਾ ਹੈ। ਪਰੰਤੂ ਇਹਨਾਂ ਸਭ ਕੁਝ ਕਰਨ ਦੇ ਬਾਬਜੂਦ ਵੀ ਉਹ ਜਗੀਰੂ ਮਰਦ ਸਮਾਜ ਵਾਲੀਆਂ ਟੈਬੂ ਬਿਰਤੀਆਂ ਨੂੰ ਆਪਣੀ ਮਾਨਸਿਕਤਾ 'ਚੋਂ ਬਾਹਰ ਨਹੀਂ ਕੱਢ ਸਕਦਾ। ਜਗੀਰੂ ਸਮਾਜ ਦੁਆਰਾ ਸਥਾਪਤ ਕੀਤੀਆਂ ਹੱਦਾਂ ਦੀ ਉਲੰਘਣਾ ਕਰ ਮੁੰਦਰੀ ਨੂੰ ਆਪਣੇ ਘਰ ਵਸਾਉਣ ਦੀ ਉਹ ਹਿੰਮਤ ਨਹੀਂ ਕਰ ਸਕਦਾ। ਪਰੰਤੂ ਉਸ ਅੰਦਰਲਾ ਜਗੀਰੂ ਮਰਦ ਮੁੰਦਰੀ ਉੱਪਰ ਆਪਣਾ ਹੱਕ ਜ਼ਰੂਰ ਕਾਇਮ ਰੱਖਣਾ ਚਾਹੁੰਦਾ ਹੈ। ਕਿਉਂਕਿ ਮਰਦ ਤਾਂ ਮਰਦ ਹੀ ਹੈ। ਮੌਜੂਦਾ

ਸਮੇਂ ਵਿੱਚ ਗੁਲਾਮਦਾਰੀ ਪ੍ਰਥਾ ਭਾਵੇਂ ਨਹੀਂ ਰਹੀ, ਪਰ ਔਰਤ ਨੂੰ ਗੁਲਾਮ ਸਮਝਣ ਵਾਲੀ ਮਾਨਸਿਕਤਾ ਨੂੰ ਮਰਦ ਅਜੇ ਵੀ ਤਿਆਗ ਨਹੀਂ ਸਕਿਆ। ਮੁੰਦਰੀ ਨਾਲ ਗੁੱਸੇ ਹੋਣ ਤੋਂ ਬਾਅਦ ਆਪਣੀ ਮਰਦਾਵੀਂ ਹਉਮੈ ਦਾ ਸ਼ਿਕਾਰ ਟਿੱਕਾ ਕਦੇ ਉਸ ਨੂੰ ਮਨਾਉਣ ਦੀ ਕੋਸ਼ਿਸ ਨਹੀਂ ਕਰਦਾ। ਮੁੰਦਰੀ ਇਹ ਸਭ ਕੁਝ ਬੜੀ ਹਲੀਮੀ ਨਾਲ ਸਹਿਨ ਕਰਦੀ ਰਹਿੰਦੀ ਹੈ ਕਿਉਂਕਿ ਉਹ ਆਪਣੇ ਪ੍ਰੇਮੀ ਕੋਲੋਂ ਪਿਆਰ, ਮੁਹੱਬਤ ਦੀ ਮੰਗ ਕਰਦੀ ਹੈ, ਉਸ ਕੋਲੋਂ ਜਜ਼ਬਿਆਂ ਦੀ ਕਦਰ ਕਰਨ ਵਾਲਾ ਵਿਸ਼ਵਾਸ ਚਾਹੁੰਦੀ ਹੈ। ਪਰ ਆਪਣੀ ਹਵਸ ਮਿਟਾਉਣ ਦੀ ਸੋਚ ਤੱਕ ਸੀਮਤ ਰਹਿਣ ਵਾਲਾ ਟਿੱਕਾ ਉਸ ਦੀਆਂ ਇਹਨਾਂ ਸੱਧਰਾਂ ਦਾ ਕੋਈ ਮੁੱਲ ਨਹੀਂ ਪਾਉਂਦਾ। ਮੁੰਦਰੀ ਨੂੰ ਜਦੋਂ ਲਗਦਾ ਹੈ ਕਿ ਟਿੱਕਾ ਨਾ ਤਾਂ ਉਸ ਦੇ ਜਜ਼ਬਿਆਂ ਦੀ ਕਦਰ ਕਰਦਾ ਹੈ ਅਤੇ ਨਾ ਹੀ ਉਸ ਨੂੰ ਬਣਦਾ ਮਾਨ ਸਨਮਾਨ ਜਾਂ ਰੁਤਬਾ ਪ੍ਰਦਾਨ ਕਰਦਾ ਹੈ ਤਾਂ ਉਸ ਅੰਦਰਲੀ ਹੋਂਦ ਦਾ ਅਹਿਸਾਸ ਉਸ ਨੂੰ ਕੁਰੇਦਣਾ ਸ਼ੁਰੂ ਕਰ ਦਿੰਦਾ ਹੈ। ਆਪਣੀ ਹੋਂਦ ਪ੍ਰਤੀ ਚੇਤੰਨ ਹੋਈ ਮੁੰਦਰੀ ਦੇ ਵਿਚਾਰਾਂ ਵਿੱਚ ਪਰਿਵਰਤਨ ਆਉਂਦਾ ਹੈ। ਕਿਉਂਕਿ ਜਿੱਥੇ ਚੇਤਨਾ ਆਉਂਦੀ ਹੈ ਉਥੇ ਬਦਲਾਵ ਆਉਣਾ ਤਾਂ ਲਾਜ਼ਮੀ ਹੈ। ਆਪਣੇ ਵਿਚਾਰਾਂ ਵਿੱਚ ਆਪਣੀ ਚੇਤਨਤਾ ਕਾਰਨ ਮੁੰਦਰੀ ਨੂੰ ਅਹਿਸਾਸ ਹੁੰਦਾ ਹੈ ਕਿ ਜੇਕਰ ਟਿੱਕਾ ਉਸ ਨੂੰ ਰਾਣੀ ਬਣਾ ਕੇ ਨਹੀਂ ਰੱਖ ਸਕਦਾ ਤਾਂ ਮੈਂ ਵੀ ਉਸ ਦੇ ਪੈਰ ਦੀ ਜੁੱਤੀ ਬਣ ਕੇ ਉਸ ਦੀ ਗੁਲਾਮ ਜਾਂ ਮੁਥਾਜ ਨਹੀਂ ਰਹਿ ਸਕਦੀ। ਇਸ ਲਈ ਉਹ ਟਿੱਕੇ ਤੋਂ ਖਹਿੜਾ ਛੁਡਾਉਣ ਲਈ ਤਿਆਰ ਹੋ ਜਾਂਦੀ ਹੈ। ਉਹ ਟਿੱਕੇ ਦੀ ਹਰ ਨਿਸ਼ਾਨੀ ਮਿਟਾ ਦੇਣਾ ਚਾਹੁੰਦੀ ਹੈ ਇਸ ਲਈ ਉਹ ਟਿੱਕੇ ਤੋਂ ਪ੍ਰਾਪਤ ਪੁੱਤਰ ਨੂੰ ਵੀ ਉਸ ਕੋਲ ਭੇਜ ਦਿੰਦੀ ਹੈ।

ਟਿੱਕੇ ਨਾਲ ਸਾਰੇ ਸਬੰਧ ਤੋੜਨ ਦੀ ਇਹ ਪ੍ਰਤੀਕਿਰਿਆ ਮੁੰਦਰੀ ਦੇ ਆਤਮ ਸਨਮਾਨ ਉਪਰ ਲੱਗੀ ਡੂੰਘੀ ਸੱਟ ਕਾਰਨ ਵਾਪਰਦੀ ਹੈ। ਉਹ ਟਿੱਕੇ ਨੂੰ ਦਿੱਤੇ ਸੱਚੇ ਪਿਆਰ ਦੇ ਬਦਲੇ ਪਿਆਰ ਦੀ ਮੰਗ ਕਰਦੀ ਹੈ ਅਤੇ ਇਹ ਪਿਆਰ ਉਹ ਕਿਸੇ ਖੈਰਾਤ ਵਜੋਂ ਨਹੀਂ ਬਲਕਿ ਇੱਜ਼ਤ ਸਹਿਤ ਪ੍ਰਾਪਤ ਕਰਨਾ ਚਾਹੁੰਦੀ ਹੈ। ਇਹ ਕਾਰਨ ਹੁੰਦਾ ਹੈ ਕਿ ਆਪਣੇ ਜਜ਼ਬਾਤਾਂ ਦੀ ਕਦਰ ਨਾ ਪੈਣ ਕਾਰਨ ਮੁੰਦਰੀ ਟਿੱਕੇ ਵਿਰੁੱਧ ਕੜਾ ਨਿਰਣਾ ਲੈਂਦੀ ਹੈ ਪਰ ਇਹ ਨਿਰਣਾ ਕਰਨ ਉਪਰੰਤ ਉਸ ਨੂੰ ਵੀ ਧਰਤੀ ਦੇ ਦੂਜੇ ਇਨਸਾਨਾਂ ਵਾਂਗ ਦਰਦ ਦਾ ਅਹਿਸਾਸ ਹੁੰਦਾ ਹੈ। ਉਸ ਨੂੰ ਟਿੱਕੇ ਦੀ ਯਾਦ ਸਤਾਉਂਦੀ ਹੈ। ਉਹ ਆਪਣੇ-ਆਪ ਨੂੰ ਇੱਕਲੀ ਮਹਿਸੂਸ ਕਰਦੀ ਹੈ। ਇਹਨਾਂ ਚਿੰਤਾਵਾਂ ਦੀ ਸਤਾਈ ਮੁੰਦਰੀ ਨੂੰ ਜਦੋਂ ਆਪਣਾ ਸਰੀਰ ਢਹਿੰਦੀ ਕਲਾ ਵੱਲ ਜਾਂਦਾ ਲਗਦਾ ਹੈ ਤਾਂ ਉਹ ਆਪਣੇ ਅੰਦਰਲੀ ਸ਼ਕਤੀ ਨੂੰ ਮੁੜ ਇੱਕਠਾ ਕਰ ਇਸ ਮੁਸੀਬਤ 'ਚੋਂ ਪਾਰ ਜਾਣ ਦਾ ਇਰਾਦਾ ਕਰਦੀ ਹੈ। ਉਹ ਆਪਣੇ ਡੋਲਦੇ ਮਨ ਨੂੰ ਦ੍ਰਿੜ ਕਰਦੀ ਹੋਈ ਸੋਚਦੀ ਹੈ, 'ਹੇ ਮੁੰਦਰੀ !...ਏਸ ਹਰਾਮੀ ਟਿੱਕੇ ਮਗਰ ਲੱਗ ਕੇ ਆਪਣਾ ਸਭ ਕੁਝ ਖਰਾਬ ਕਰ ਲਵੇਂਗੀ ? ਨਹੀਂ, ਕਦੇ ਵੀ ਨਹੀਂ, ਮੁੰਦਰੀ ਏਦਾਂ ਨਹੀਂ ਕਰ ਸਕਦੀ। ਉਹਨੂੰ ਦੱਸ ਦੇ ਕਿ ਜੇ ਉਹ ਟਿੱਕਾ ਐ ਤਾਂ ਤੂੰ ਮੁੰਦਰੀ ਐਂ।'[6]

ਮੁੰਦਰੀ ਦੇ ਇਸ ਫੈਸਲੇ ਦਾ ਇਹ ਸਿੱਟਾ ਬਿਲਕੁਲ ਨਹੀਂ ਨਿਕਲਦਾ ਕਿ ਉਸ ਨੇ ਖ਼ੁਦ ਨੂੰ ਸਥਾਪਤ ਕਰਨ ਲਈ ਟਿੱਕੇ ਨੂੰ ਲੋੜ ਅਨੁਸਾਰ ਵਰਤ ਲਿਆ ਅਤੇ ਆਪਣਾ ਮਤਲਬ ਸਿੱਧ ਹੋਣ ਤੋਂ ਬਾਅਦ ਉਸ ਤੋਂ ਪਾਸਾ ਵੱਟ ਲਿਆ। ਅਸਲ ਵਿੱਚ ਮੁੰਦਰੀ ਇਹ ਸਭ ਕੁਝ ਆਪਣੇ ਆਤਮ ਸਨਮਾਨ ਨੂੰ ਜਿੰਦਾ ਰੱਖਣ ਲਈ ਕਰਦੀ ਹੈ। ਆਪਣੇ ਚਰਿੱਤਰ ਦੇ ਇਸ ਗੁਣ ਨੂੰ ਤਾਂ ਉਹ ਮਾੜੇ ਤੋਂ ਮਾੜੇ ਹਾਲਾਤ ਸਮੇਂ ਵੀ ਵੱਟਾ ਨਹੀਂ ਲੱਗਣ ਦਿੰਦੀ। ਉਹ ਸ਼ਾਮੋ ਜਾਂ ਰੇਸ਼ਮ ਕੌਰ ਵਰਗੀ ਔਰਤ ਨਹੀਂ ਜੋ ਟਿੱਕੇ ਅੱਗੇ ਆਪਣਾ ਸਰੀਰ ਪਰੋਸਣ ਦੇ ਬਦਲੇ ਉਸ ਦਾ ਮੁੱਲ ਲੈਣਾ ਜਾਣਦੀਆਂ ਹਨ। ਸ਼ਾਮੋ ਕੋਲ ਜਾਣ ਲੱਗਿਆਂ ਟਿੱਕਾ ਉਸ ਲਈ ਕੋਈ ਗਿਫ਼ਟ ਲੈ ਜਾਂਦਾ ਹੈ ਜਿਸ ਬਦਲੇ ਸ਼ਾਮੋ ਉਸ ਨੂੰ ਖ਼ੁਸ਼ ਕਰਕੇ ਤੋਰ ਦਿੰਦੀ ਹੈ। ਰੇਸ਼ਮ ਕੌਰ ਆਪਣੇ ਦੁੱਖਾਂ ਦੀ ਝੂਠੀ ਮੂਠੀ ਕਹਾਣੀ ਘੜ ਕੇ ਪਹਿਲਾਂ ਟਿੱਕੇ ਦੇ ਘਰ ਆਉਣ ਦਾ ਰਸਤਾ ਬਣਾ ਲੈਂਦੀ ਹੈ ਫੇਰ ਹੌਲੀ-ਹੌਲੀ ਟਿੱਕੇ ਦਾ ਵਿਸ਼ਵਾਸ ਜਿੱਤਣ ਦੀ ਕੋਸ਼ਿਸ਼ ਕਰਦੀ ਹੋਈ



ਉਸਨੂੰ ਵਿਆਹ ਲਈ ਉਤੇਜਿਤ ਕਰਦੀ ਹੈ। ਟਿੱਕੇ ਨੂੰ ਆਪਣੇ ਵਿੱਚ ਕੋਈ ਦਿਲਚਸਪੀ ਲੈਂਦਾ ਨਾ ਦੇਖ ਉਹ ਚੈੱਕ ਬੁੱਕ ਚੋਰੀ ਕਰਕੇ ਟਿੱਕੇ ਨੂੰ ਦੋ ਹਜ਼ਾਰ ਪੌਂਡ ਦਾ ਰਗੜਾ ਲਗਾ ਜਾਂਦੀ ਹੈ। ਦੂਜੇ ਪਾਸੇ ਮੁੰਦਰੀ ਹੈ ਜੋ ਟਿੱਕੇ ਦੁਆਰਾ ਦਿੱਤੇ ਨਾਮ 'ਮੁੰਦਰੀ' ਨੂੰ ਕਿਤੇ ਵੀ ਕਲੰਕਿਤ ਨਹੀਂ ਹੋਣ ਦਿੰਦੀ। ਉਹ ਆਪਣੇ ਸੁਭਾਅ ਵਿਚਲੇ ਗੁਣਾਂ ਸਦਕਾ ਇਸ ਨਾਮ ਉੱਤੇ ਸੌ ਫ਼ੀਸਦੀ ਖਰੀ ਉਤਰਦੀ ਹੈ। ਜ਼ਿੰਦਗੀ ਦਾ ਸਫ਼ਰ ਤੈਅ ਕਰਦਿਆਂ ਉਹ ਸੱਚਮੁੱਚ ਦੀ ਸੋਨੇ ਦੀ ਬੇਸ਼ਕੀਮਤੀ ਮੁੰਦਰੀ ਬਣ ਕੇ ਲਿਸ਼ਕਦੀ ਹੈ। ਗਰੀਬ ਹੋਣ ਦੇ ਬਾਵਜੂਦ ਵੀ ਉਹ ਆਪਣੇ ਸਰੀਰ ਦਾ ਮੁੱਲ ਨਹੀਂ ਲਗਾਉਂਦੀ। ਟਿੱਕਾ ਜਦੋਂ ਕਦੇ ਵੀ ਉਸ ਨੂੰ ਕੋਈ ਗਿਫ਼ਟ ਜਾਂ ਵਿੱਤੀ ਮਦਦ ਦੇਣਾ ਚਾਹੁੰਦਾ ਹੈ ਤਾਂ ਉਹ ਲੈਣ ਤੋਂ ਸਾਫ਼ ਇਨਕਾਰ ਕਰ ਦਿੰਦੀ ਹੈ। ਕਿਉਂਕਿ ਉਹ ਆਪਣੇ ਪ੍ਰੇਮੀ ਦਾ ਸਾਥ ਚਾਹੁੰਦੀ ਹੈ ਅਹਿਸਾਨ ਨਹੀਂ। ਉਹ ਇਹ ਸਭ ਕੁਝ ਆਪਣੇ ਆਪ ਨੂੰ ਪੂਜਣਯੋਗ 'ਦੇਵੀ' ਸਥਾਪਤ ਕਰਨ ਲਈ ਨਹੀਂ ਕਰਦੀ, ਸਗੋਂ ਇਕ ਸੁਤੰਤਰ ਤੇ ਵਿਵੇਕਸ਼ੀਲ ਪ੍ਰਾਣੀ ਦੀ ਤਰ੍ਹਾਂ ਵਿਚਰਨ ਲਈ ਕਰਦੀ ਹੈ। ਉਹ ਵੀ ਆਮ ਮਨੁੱਖਾਂ ਵਾਂਗ ਧੁਰ ਅੰਦਰ ਤੱਕ ਹੱਡ ਮਾਸ ਦੀ ਜਿਉਂਦੀ ਜਾਗਦੀ ਔਰਤ ਹੈ ਪਰ ਉਸ ਦੀ ਮਾਨਸਿਕਤਾ ਵਿੱਚ ਇਹ ਵਿਚਾਰ ਉਪਜਣ ਦਾ ਕਾਰਨ ਉਸ ਦਾ ਆਪਣੀ ਹੋਂਦ ਪ੍ਰਤੀ ਚੇਤੰਨ ਹੋਣਾ ਹੈ ਜੋ ਸਮੁੱਚੇ ਔਰਤ ਸਮਾਜ ਦਾ ਆਪਣੇ ਜਜ਼ਬਿਆਂ ਦੀ ਸੁੱਚ ਅਤੇ ਸੁਤੰਤਰ ਹੋ ਕੇ ਆਪਣੇ ਹੱਕਾਂ ਲਈ ਗਤੀਸ਼ੀਲ ਹੋਣ ਦਾ ਬਿੰਬ ਸਿਰਜਦਾ ਹੈ।

ਸਮੁੱਚੇ ਰੂਪ ਵਿੱਚ ਮੁੰਦਰੀ ਦਾ ਛੋਟੇ ਜਿਹੇ ਪਰਿਵਾਰ 'ਚੋ ਉੱਠਣ ਦਾ ਸਾਹਸ ਕਰਨਾ, ਆਪਣੇ ਅੰਦਰਲੀ ਕਾਬਲੀਅਤ ਅਤੇ ਸਮਰੱਥਾ ਨੂੰ ਪਛਾਣਨਾ, ਆਪਣੇ ਅੰਦਰਲੀ ਸ਼ਕਤੀ ਨੂੰ ਸਿਰੜ ਬਣਾ ਕੇ ਸੰਘਰਸ਼ ਕਰਨਾ ਵਿਦੇਸ਼ੀ ਧਰਤੀ ਤੇ ਜਾ ਕੇ ਆਪਣੀ ਸੁਤੰਤਰ ਪਛਾਣ ਬਣਾਵੁਣਾ, ਆਦਿ ਦੇ ਸੰਦਰਭ ਨਾਲ ਕਿਹਾ ਜਾ ਸਕਦਾ ਹੈ ਕਿ ਪਰਵਾਸੀ ਸਪੇਸ ਵਿੱਚ ਔਰਤ ਦੇ ਚੰਗੇਰੇ ਭਵਿੱਖ ਦੀਆਂ ਸੰਭਾਵਨਾਵਾ ਤਾਂ ਪਈਆਂ ਹੋਈਆਂ ਹਨ ਪਰ ਉਨ੍ਹਾਂ ਸੰਭਾਵਨਾਵਾਂ ਨੂੰ ਯਥਾਰਥਕ ਰੂਪ ਦੇਣ ਲਈ ਔਰਤ ਵਲੋਂ ਚੇਤੰਨ ਹੋ ਕੇ ਨਿਰੰਤਰ ਸੰਘਰਸ਼ ਕਰਨ ਦੀ ਜ਼ਰੂਰਤ ਹੈ।

ਹਵਾਲੇ ਅਤੇ ਟਿੱਪਣੀਆਂ

1. ਹਰਜੀਤ ਅਟਵਾਲ, ਮੁੰਦਰੀ ਡੌਟ ਕੌਮ, ਪੰਨਾ 23.
2. ਉਹੀ, ਪੰਨਾ 55.
3. ਉਹੀ, ਪੰਨਾ 93.
4. ਉਹੀ, ਪੰਨਾ 120.
5. ਉਹੀ, ਪੰਨਾ 120.
6. ਉਹੀ, ਪੰਨਾ 135.

**ਜਿੰਦਰ ਵੱਲੋਂ ਸੰਪਾਦਤ ਕਹਾਣੀ ਸੰਗ੍ਰਹਿ**

ਰਘੁਬੀਰ ਢੰਡ ਦੀਆਂ ਚੋਣਵੀਆਂ ਕਹਾਣੀਆਂ, ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ
ਔਰਤ ਮਰਦ ਸੰਬੰਧਾਂ ਦੀਆਂ ਕਹਾਣੀਆਂ, ਸੰਗਮ ਪ੍ਰਕਾਸ਼ਨ, ਸਮਾਣਾ
ਕਲਾਸੀਕਲ ਕਹਾਣੀਆਂ, ਸੰਗਮ ਪ੍ਰਕਾਸ਼ਨ, ਸਮਾਣਾ

**ਪੰਜਾਬੀ ਪਰਵਾਸੀਆਂ ਦੀਆਂ ਕਹਾਣੀਆਂ**

ਸੰਪਾਦਕ : ਜਿੰਦਰ, ਡਾ. ਬਲਦੇਵ ਸਿੰਘ ਬੱਦਨ
ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ

## ਆਫੀਆ ਸਦੀਕੀ ਦਾ ਜੇਹਾਦ/ ਡਾ. ਜੀਤ ਸਿੰਘ

ਪੰਜਾਬੀ ਸਾਹਿਤ ਦੇ ਖੇਤਰ ਵਿਚ ਹਰਮਹਿੰਦਰ ਚਹਿਲ ਕਿਸੇ ਮੁੱਢਲੀ ਜਾਣ ਪਛਾਣ ਦਾ ਮੁਹਥਾਜ ਨਹੀਂ ਹੈ। ਚਹਿਲ ਪੰਜਾਬੀ ਗਲਪ ਦੇ ਖੇਤਰ ਵਿਚ ਕਹਾਣੀ ਸੰਗ੍ਰਹਿ ਦੇ ਨਾਲ-ਨਾਲ ਮਹੱਤਵਪੂਰਨ ਨਾਵਲਾਂ ਦੀ ਸਿਰਜਣਾ ਵੀ ਕਰ ਰਿਹਾ ਹੈ। ਉਸਦੀ ਨਾਵਲ ਸਿਰਜਣਾ ਨੂੰ ਆਧਾਰ ਬਣਾ ਕੇ ਜਦੋਂ ਅਸੀਂ ਆਪਣੀ ਵਿਚਾਰ ਚਰਚਾ ਦਾ ਆਰੰਭ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਚਹਿਲ ਦਾ ਪਹਿਲਾਂ ਨਾਵਲ '**ਬਲੀ**' ਸਾਲ 2009 ਵਿਚ ਪ੍ਰਕਾਸ਼ਿਤ ਹੁੰਦਾ ਹੈ ਤੇ ਇਸੇ ਹੀ ਵਸਤੂ ਸਾਮੱਗਰੀ ਨੂੰ ਅੱਗੇ ਤੋਰਦਾ ਹੋਇਆ ਉਸਦਾ ਨਾਵਲ '**ਹੋਣੀ**' ਸਾਲ 2012 ਵਿਚ ਪੰਜਾਬੀ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਸਾਲ 2013 ਵਿਚ ਉਸਦਾ ਨਵਾਂ ਨਾਵਲ '**ਆਫੀਆ ਸਦੀਕੀ ਦਾ ਜੇਹਾਦ**' ਪ੍ਰਕਾਸ਼ਿਤ ਹੁੰਦਾ ਹੈ। ਜਿਸ ਉੱਪਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਅਸੀਂ ਹਰਮਹਿੰਦਰ ਚਹਿਲ ਦੀ ਸਮੁੱਚੀ ਨਾਵਲਕਾਰੀ ਉੱਪਰ ਸਰਸਰੀ ਜਿਹੀ ਝਾਤ ਪਾਉਣਾ ਜ਼ਰੂਰੀ ਸਮਝਦੇ ਹਾਂ। ਆਪਣੇ ਪਹਿਲੇ ਨਾਵਲ ਵਿਚ ਨਾਵਲਕਾਰ ਨੇ ਪੰਜਾਬ ਦੀ ਖਾਲਿਸਤਾਨੀ ਮੂਵਮੈਂਟ ਦੌਰਾਨ ਬੇਗੁਨਾਹੇ ਲੋਕਾਂ ਦੀ ਕਤਲੋਗਾਰਤ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਉਸ ਸਮੇਂ ਦੀ ਸਿਆਸਤ ਅਤੇ ਪੁਲਿਸ ਨੇ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਲਈ ਇਹ ਕਤਲੋਗਾਰਤ ਕੀਤੀ। ਨਾਵਲ ਵਿਚ ਅਜਿਹੀ ਸਥਿਤੀ ਨੂੰ ਪੇਸ਼ ਕਰਨ ਵਾਲਾ ਨਾਵਲ ਦਾ ਖਲਨਾਇਕ ਪਾਤਰ ਗੁਰਲਾਭ ਨਾਵਲ ਦੇ ਅੰਤ ਵਿਚ ਆਪਣੀ ਪ੍ਰੇਮਿਕਾ ਨਾਲ ਅਮਰੀਕਾ ਦੇ ਜਹਾਜ਼ ਵਿਚ ਬੈਠਿਆ ਹੁੰਦਾ ਹੈ। ਇਸੇ ਹੀ ਬਿਰਤਾਂਤਕ ਤੰਦ ਨੂੰ ਅੱਗੇ ਨਾਵਲਕਾਰ ਦਾ ਦੂਸਰਾ ਨਾਵਲ **ਹੋਣੀ** ਤੋਰਦਾ ਹੈ ਅਤੇ ਗੁਰਲਾਭ ਨੂੰ ਇੱਕ ਮਹਾ-ਖਲਨਾਇਕ ਪਾਤਰ ਵੱਜੋਂ ਪੇਸ਼ ਕਰਦਾ ਹੈ। ਜਿਹੜਾ ਕਿ ਵਿਦੇਸ਼ੀ ਧਰਤੀ ਉਪਰ ਵੀ ਲੋਕਾਂ ਨੂੰ ਚੈਨ ਨਾਲ ਜੀਣ ਨਹੀਂ ਦਿੰਦਾ। ਇਸ ਨਾਵਲ ਵਿਚ ਨਾਵਲਕਾਰ ਨੇ ਅਮਰੀਕੀ ਸਮਾਜ ਅਤੇ ਸਭਿਆਚਾਰ ਵਿਚਲੀਆਂ ਹੋਰ ਅਨੇਕਾਂ ਸਮੱਸਿਆਵਾਂ ਨੂੰ ਵੀ ਪੇਸ਼ ਕਰਨ ਦਾ ਯਤਨ ਕੀਤਾ ਹੈ। ਵਿਸ਼ਵ ਦੀ ਅਜਿਹੀ ਹੀ ਬਹੁਤ ਵੱਡੀ ਸਮੱਸਿਆ ਨੂੰ ਲੈ ਕੇ ਚਹਿਲ ਦਾ ਨਵਾਂ ਨਾਵਲ **ਆਫੀਆ ਸਦੀਕੀ ਦਾ ਜੇਹਾਦ** ਆਉਂਦਾ ਹੈ। ਜਿਸਦਾ ਬਿਰਤਾਂਤ ਨਾਵਲਕਾਰ ਨੇ ਡਾ. ਆਫੀਆ ਸਦੀਕੀ ਨਾਂ ਦੀ ਪਾਕਿਸਤਾਨੀ ਮੁਸਲਿਮ ਔਰਤ ਦੀ ਜੀਵਨ ਕਹਾਣੀ ਨੂੰ ਬਣਾਇਆ ਹੈ। ਪਹਿਲੀ ਨਜ਼ਰੇ ਇਹ ਨਾਵਲ ਜੀਵਨੀਮੂਲਕ ਨਾਵਲ ਵਜੋਂ ਪੇਸ਼ ਹੁੰਦਾ ਹੈ ਪਰ ਇਸਦੀਆਂ ਬਿਰਤਾਂਤਕ ਘਟਨਾਵਾਂ ਇਸ ਨੂੰ ਇੱਕ ਅਜਿਹੇ ਇਤਿਹਾਸਕ ਦਸਤਾਵੇਜ ਵਜੋਂ ਪੇਸ਼ ਕਰਦੀਆਂ ਹਨ ਜਿਹੜਾ ਕਿ ਆਪਣੇ ਬਿਰਤਾਂਤਕ ਕਲੇਵਰ ਵਿਚ ਬੜੇ ਡੂੰਘੇ ਮਸ਼ਲੇ ਨੂੰ ਪੇਸ਼ ਕਰਦਾ ਹੈ। ਨਾਵਲ ਦੀ ਮੁੱਖ ਪਾਤਰ ਆਫੀਆ ਆਪਣੀ ਬਹਾਦਰੀ, ਸਿਰੜ ਅਤੇ ਜਨੂੰਨ ਸਦਕਾ ਆਪਣੀ ਸਮੁੱਚੀ ਜਿੰ*ਦਗੀ ਧਰਮ ਦੇ ਨਾਂ 'ਤੇ ਲਾ ਦਿੰਦੀ ਹੈ। ਨਾਵਲ ਵਿਚ ਪੇਸ਼ ਵਸਤੂ ਸਾਮੱਗਰੀ ਨੂੰ ਅਸੀਂ ਆਪਣੀ ਹੱਥਲੀ ਵਿਚਾਰ ਚਰਚਾ ਵਿਚ ਵਿਚਾਰਨ ਦਾ ਯਤਨ ਕਰਾਂਗੇ।

ਪਹਿਲੀ ਨਜ਼ਰੇ ਜਦੋਂ ਅਸੀਂ ਨਾਵਲ ਦਾ ਅਧਿਐਨ ਕਰਦੇ ਹਾਂ ਤਾਂ ਸਭ ਤੋਂ ਪਹਿਲਾ ਇਸਦੇ ਸਿਰਲੇਖ ਵਿਚਲਾ ਸ਼ਬਦ ਜਿਹਾਦ ਸਾਡੀ ਚੇਤਨਾ 'ਤੇ ਪ੍ਰਭਾਵ ਪਾਉਂਦਾ ਕਿਉਂਕਿ ਇਹ ਅਜਿਹਾ ਸ਼ਬਦ ਹੈ ਜਿਸ ਦੇ ਆਲੇ ਦੁਆਲੇ ਨਾਵਲ ਦਾ ਸਮੁੱਚਾ ਬਿਰਤਾਂਤ ਪੇਸ਼ ਹੁੰਦਾ ਹੈ। ਇਸ ਲਈ ਮੈਂ ਪਹਿਲਾ ਇਸ ਜਿਹਾਦ ਸ਼ਬਦ ਉਪਰ ਵਿਚਾਰ ਕਰਨਾ ਜਰੂਰੀ ਸਮਝਦਾ ਹਾਂ। ਜਿਹਾਦ ਅਰਬੀ ਫਾਰਸੀ ਦਾ ਸ਼ਬਦ ਹੈ। ਜਿਸਦਾ ਅਰਥ ਹੈ ਕੋਸ਼ਿਸ਼ ਕਰਨਾ, ਸੰਘਰਸ਼ ਕਰਨਾ ਜਾਂ ਤੱਰਦਦ ਕਰਨਾ ਆਦਿ। ਪਰ ਨਾਵਲ ਦੇ ਸੰਦਰਭ ਵਿਚ ਜਾਂ ਇਸਲਾਮਿਕ ਗਤੀਵਿਧੀਆਂ ਦੇ ਸੰਦਰਭ ਵਿਚ ਜਦੋਂ ਅਸੀਂ ਇਸ ਉੱਪਰ ਗੱਲ ਕਰਦੇ ਹਾਂ ਤਾਂ ਇਸਦਾ ਅਰਥ 'ਧਰਮ ਦੀ ਰੱਖਿਆ ਲਈ ਕੀਤਾ ਗਿਆ



ਸੰਘਰਸ਼ ਬਣਦਾ ਹੈ।' ਭਾਵੇਂ ਕਿ ਆਪਣੇ ਮੂਲ ਅਰਥਾਂ ਵਿਚ ਇਹ ਪਾਕ ਪਵਿੱਤਰ ਸ਼ਬਦ ਬੜਾ ਉੱਚਾ ਤੇ ਸੁੱਚਾ ਥਾਂ ਰੱਖਦਾ ਹੈ ਪਰ ਨਾਵਲ ਵਿਚ ਇਸਦਾ ਅਰਥ ਸਿਰਫ਼ ਧਾਰਮਿਕ ਕੱਟੜਤਾ ਲਈ ਹੀ ਵਰਤਿਆ ਹੋਇਆ ਪੇਸ਼ ਹੁੰਦਾ ਹੈ। ਜਿਸ ਉੱਪਰ ਨਾਵਲ ਦੀ ਨਾਇਕਾ ਆਪਣਾ ਸਮੁੱਚਾ ਜੀਵਨ ਕੁਰਬਾਨ ਕਰ ਦਿੰਦੀ ਹੈ।

ਨਾਵਲ ਦਾ ਆਰੰਭ ਅਫ਼ਗਾਨਿਸਤਾਨ ਦੀ ਪੁਲਿਸ ਦੁਆਰਾ ਆਫੀਆ ਨੂੰ ਪਕੜਨ ਦੇ ਨਾਲ ਹੁੰਦਾ ਹੈ ਜਿੱਥੇ ਅਮਰੀਕਣ ਫ਼ੌਜਾਂ ਤੈਨਾਤ ਹੁੰਦੀਆਂ ਹਨ। ਆਫੀਆ ਦਾ ਪਕੜਿਆ ਜਾਣਾ ਅਤੇ ਅਮਰੀਕਣ ਕੈਪਟਨ ਦੇ ਸਾਮ੍ਹਣੇ ਪੇਸ਼ ਕਰਨਾ ਨਾਵਲ ਦੀ ਪਹਿਲੀ ਘਟਨਾ ਹੈ। ਪਰ ਇਸ ਤੋਂ ਬਾਅਦ ਨਾਵਲਕਾਰ ਸਮੁੱਚੇ ਨਾਵਲੀ ਬਿਰਤਾਂਤ ਨੂੰ ਆਫੀਆ ਦੇ ਪਿਛਲੇ ਜੀਵਨ ਨਾਲ ਸੰਬੰਧਿਤ ਕਰਕੇ ਪੇਸ਼ ਕਰਦਾ ਹੈ। ਜਿਸ ਵਿਚ ਉਸਦੇ ਬਚਪਨ ਤੋਂ ਲੈ ਕੇ ਉਸਦੇ ਜਵਾਨ ਹੋਣ ਦਾ ਬਿਰਤਾਂਤ ਪੇਸ਼ ਹੁੰਦਾ ਹੈ। ਆਫੀਆ ਦੀ ਮਾਂ ਇਸਮਤ ਆਫੀਆ ਦੇ ਜਨਮ ਤੋਂ ਬਾਅਦ ਜਾਂ ਆਪਣੀ ਜਵਾਨੀ ਦੇ ਦਿਨਾਂ ਵਿਚ ਧਾਰਮਿਕ ਸੰਗਠਨਾ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੀ ਸੀ ਤੇ ਇਹਨਾਂ ਧਾਰਮਿਕ ਸੰਗਠਨਾਂ ਵਿਚ ਧਰਮ ਬਾਰੇ ਆਪਣੇ ਕੱਟੜ ਵਿਚਾਰ ਪੇਸ਼ ਕਰਦੀ ਸੀ। ਇਨ੍ਹਾਂ ਹੀ ਧਾਰਮਿਕ ਵਿਚਾਰਾਂ ਦਾ ਪ੍ਰਭਾਵ ਆਫੀਆ ਨੂੰ ਗੁੜਤੀ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ ਜਿਹੜੀ ਕਿ ਬਚਪਨ ਤੋਂ ਹੀ ਅਜਿਹੇ ਧਾਰਮਿਕ ਸੰਗਠਨਾਂ ਤੋਂ ਸਿੱਖ ਲੈ ਕੇ ਵੱਡੀ ਹੋ ਕੇ ਜਿਹਾਦ ਦਾ ਕਾਰਜ ਹੀ ਨਹੀਂ ਕਰਦੀ ਸਗੋਂ ਆਪਣੀ ਸਮੁੱਚੀ ਜਿੰ*ਦਗੀ ਹੀ ਇਸ ਦੇ ਲੇਖੇ ਲਾ ਦਿੰਦੀ ਹੈ। ਭਾਵੇਂ ਕਿ ਆਫੀਆ ਉਚੇਰੀ ਪੜ੍ਹਾਈ ਕਰਨ ਲਈ ਅਮਰੀਕਾ ਜਿਹੇ ਵਿਕਸ਼ਿਤ ਦੇਸ਼ ਵਿਚ ਚਲੀ ਜਾਂਦੀ ਹੈ ਪਰ ਉੱਥੇ ਜਾ ਕੇ ਵੀ ਉਸਦਾ ਜਨੂੰਨ ਉਸ ਨੂੰ ਚੈਨ ਨਾਲ ਬੈਠਣ ਨਹੀਂ ਦਿੰਦਾ। ਉਹ ਪੜ੍ਹਾਈ ਕਰਨ ਦੇ ਨਾਲ-ਨਾਲ ਧਾਰਮਿਕ ਟ੍ਰਸਟਾਂ ਵਿਚ ਕੰਮ ਕਰਨਾ ਆਪਣਾ ਧਰਮ ਸਮਝਦੀ ਹੈ। ਇਉਂ ਆਫੀਆ ਦੀ ਪੜ੍ਹਾਈ ਵੀ ਉਸਦੇ ਬਚਪਨ ਵਿਚ ਮਿਲੀ ਸਿੱਖਿਆ ਜਾਂ ਸੰਸਕਾਰਾਂ ਨੂੰ ਬਦਲ ਨਹੀਂ ਸਕਦੀ ਜਿਵੇਂ-

"ਉਸ ਦਿਨ ਆਫੀਆ ਵੀ ਕੰਧ ਨਾਲ ਲੱਗੀ ਖੜ੍ਹੀ ਤੁਰੇ ਜਾਂਦੇ ਜੇਹਾਦੀਆਂ ਨੂੰ ਵੇਖਦੀ ਰਹੀ। ਇਸ ਤਰ੍ਹਾਂ ਛੋਟੀ ਉਮਰ 'ਚ ਹੀ ਆਫੀਆ ਜੇਹਾਦ ਬਾਰੇ ਸੁਣਨ ਲੱਗੀ ਸੀ। ਇੰਨਾ ਹੀ ਨਹੀਂ ਸਗੋਂ ਉਸਦਾ ਜੇਹਾਦ ਪ੍ਰਤੀ ਲਗਾਉ ਹੋਣ ਲੱਗਿਆ।[1]

ਮੁਸਲਿਮ ਧਰਮ ਪ੍ਰਤੀ ਆਫੀਆ ਦੀ ਸੋਚ ਅਤੇ ਵਿਸ਼ਵਾਸ ਉਸ ਉੱਪਰ ਇਸ ਕਦਰ ਹਾਵੀ ਹੋ ਜਾਂਦਾ ਹੈ ਕਿ ਉਹ ਦੂਸਰੇ ਧਰਮ ਦੇ ਲੋਕਾਂ ਨਾਲ ਈਰਖਾ ਕਰਨ ਲੱਗਦੀ ਹੈ ਤੇ ਉਹਨਾਂ ਤੋਂ ਦੂਰ ਰਹਿੰਦੀ ਹੈ। ਅਮਰੀਕਾ ਦੇ ਐਸ.ਐਮ.ਆਈ.ਟੀ. ਇਨਸੀਚਿਊਟ ਵਿਚ ਦਾਖਲਾ ਲੈ ਕੇ ਆਫੀਆ ਨੇ ਮੁਸਲਿਮ ਮੁੰਡੇ ਕੁੜੀਆਂ ਦਾ ਵੱਖਰਾ ਗਰੁੱਪ ਬਣਾ ਲਿਆ ਜਿਸ ਵਿਚ ਭਾਸ਼ਣ ਦਿੰਦੀ ਹੋਈ ਉਹ ਇਸਲਾਮ ਧਰਮ ਅਤੇ ਮੁਸਲਿਮ ਵਿਅਕਤੀ ਦੀਆਂ ਜ਼ਿੰਮੇਵਾਰੀਆਂ ਨੂੰ ਪੇਸ਼ ਕਰਦੀ ਹੋਈ ਇਉਂ ਬੋਲਦੀ ਹੈ:

"ਅਸੀਂ ਮੁਸਲਮਾਨ ਆਪਣੀ ਜਿੰ*ਮੇਵਾਰੀਆਂ ਭੁੱਲ ਰਹੇ ਆਂ। ਅਸੀਂ ਭੁੱਲ ਗਏ ਆਂ ਕਿ ਸਾਡੀ ਸਭ ਤੋਂ ਵੱਡੀ ਜਿੰ*ਮੇਵਾਰੀ ਐ ਜੇਹਾਦ। ਹਰ ਇੱਕ ਨੂੰ ਅੱਜ ਦੁਨੀਆਂ ਦੇ ਵੱਖ-ਵੱਖ ਭਾਗਾਂ 'ਚ ਚੱਲ ਰਹੇ ਜੇਹਾਦ ਵਿਚ ਆਪਣੀ ਹੈਸੀਅਤ ਮੁਤਾਬਕ ਹਿੱਸਾ ਪਾਉਣਾ ਚਾਹੀਦਾ ਐ। ਅਸਲੀ ਮੁਸਲਮਾਨ ਉਹ ਹੈ ਜੋ ਫਰੰਟ 'ਤੇ ਲੜਾਈ ਵਿਚ ਹਿੱਸਾ ਲੈ ਰਹੇ ਨੇ।"[2]

ਮਜ਼ਹਬ ਪ੍ਰਤੀ ਆਫੀਆ ਅਤੇ ਉਸਦੇ ਗਰੁੱਪ ਦੀ ਅਜਿਹੀ ਕੱਟੜ ਸੋਚ ਨੂੰ ਪੇਸ਼ ਕਰਨ ਦੇ ਨਾਲ-ਨਾਲ ਨਾਵਲਕਾਰ ਨੇ ਪਾਕਿਸਤਾਨੀ ਸਮਾਜ, ਸਭਿਆਚਾਰ ਅਤੇ ਉਥੋਂ ਦੀ ਸਿਆਸਤ ਦੀ ਪੇਸ਼ਕਾਰੀ ਵੀ ਕੀਤੀ ਹੈ। ਜਿਸਦੇ ਅੰਤਰਗਤ ਉੱਥੇ ਆਉਣ ਵਾਲੇ ਵੱਖ-ਵੱਖ ਸਿਆਸਤਦਾਨਾਂ ਨੇ ਧਾਰਮਿਕ ਕੱਟੜਤਾ ਨੂੰ ਵਧੇਰੇ ਵਧਾਇਆ ਹੈ। ਪਾਕਿਸਤਾਨ ਹੀ ਨਹੀਂ ਸਗੋਂ ਹੋਰ ਦੂਸਰੇ ਅਰਬ ਦੇਸ਼ਾਂ ਦੀ

ਸਿਆਸਤ ਦੇ ਇਤਿਹਾਸਕ ਪੱਖਾਂ ਨੂੰ ਵੀ ਨਾਵਲਕਾਰ ਨੇ ਪੇਸ਼ ਕੀਤਾ ਹੈ। ਜਿਵੇਂ ਅਫ਼ਗਾਨਿਸਤਾਨ, ਇਰਾਨ, ਇਰਾਕ ਆਦਿ ਅਰਬ ਦੇਸ਼ਾਂ ਉੱਪਰ ਹੋਏ ਅਮਰੀਕੀ ਹਮਲਿਆਂ ਦੀ ਸਥਿਤੀ ਨੂੰ ਵੀ ਨਾਵਲਕਾਰ ਨੇ ਨਾਵਲ ਵਿਚ ਪਰੋਖ ਰੂਪ ਵਿਚ ਸਿਰਜਿਆ ਹੈ। ਇਸਲਾਮ ਧਰਮ ਵਿਚ ਪੇਸ਼ ਹੁੰਦੇ ਔਰਤਾਂ ਦੇ ਅਧਿਕਾਰਾਂ ਨੂੰ ਵੀ ਨਾਵਲਕਾਰ ਨਾਵਲ ਵਿਚ ਸਿਰਜਦਾ ਹੈ ਜਿਸ ਦੇ ਅੰਤਰਗਤ ਮੁਸਲਿਮ ਦੇਸ਼ਾਂ ਵਿਚ ਸਮੇਂ ਸਮੇਂ ਉਪਰ ਆਉਣ ਵਾਲੇ ਕਾਨੂੰਨਾਂ ਨੇ ਇਹਨਾਂ ਨੂੰ ਘਟਾਇਆ ਹੈ। ਮਿਸ਼ਾਲ ਵਜੋਂ ਪਾਕਿਸਤਾਨ ਵਿਚ ਹਦੂਦ ਲਾਅ ਦਾ ਜਿਕਰ ਨਾਵਲ ਵਿਚ ਹੋਇਆ ਪ੍ਰਾਪਤ ਹੁੰਦਾ ਹੈ। ਜਿਸ ਦੇ ਅੰਤਰਗਤ ਮੁਸਲਿਮ ਔਰਤ ਦੀ ਆਜ਼ਾਦੀ ਉੱਪਰ ਅਨੇਕਾਂ ਪ੍ਰਕਾਰ ਦੀਆਂ ਪਾਬੰਦੀਆਂ ਲੱਗ ਗਈਆਂ ਸਨ। ਨਾਵਲ ਵਿਚ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਦੇ ਗਲਪੀ ਪਰਿਪੇਖ ਨੂੰ ਸਿਰਜਿਆ ਗਿਆ ਹੈ। ਜਿਸਦਾ ਕੇਂਦਰੀ ਧੁਰਾ ਆਫੀਆ ਬਣੀ ਰਹਿੰਦੀ ਹੈ। ਜਿਸਨੇ ਅਮਰੀਕਾ ਜਿਹੇ ਵਿਕਸ਼ਿਤ ਦੇਸ਼ ਵਿਚ ਜਿਹਾਦੀ ਪੈਦਾ ਕਰਨ ਦੀ ਮੁਹਿੰਮ ਆਰੰਭ ਕੀਤੀ। ਆਫੀਆ ਸਿਰਫ਼ ਲੋਕਾਂ ਨੂੰ ਜਿਹਾਦੀ ਹੀ ਨਹੀਂ ਬਣਾਉਂਦੀ ਸਗੋਂ ਆਪਣੇ ਬੋਲਾਂ ਰਾਹੀਂ ਉਹ ਅਜੋਕੇ ਮੁਸਲਿਮ ਮਰਦ ਨੂੰ ਮਿਹਣਾ ਮਾਰਦੀ ਹੈ ਤੇ ਉਸ ਮੁਸਲਿਮ ਮਰਦ ਦੀ ਵਡਿਆਈ ਵੀ ਕਰਦੀ ਹੈ ਜਿਹੜਾ ਧਰਮ ਲਈ ਆਪਣੀ ਸਮੁੱਚੀ ਜਿੰ*ਦਗੀ ਕੁਰਬਾਨ ਕਰ ਦਿੰਦਾ ਸੀ। ਜਿਵੇਂ

"ਉਸਨੇ ਸਾਰਿਆਂ ਵੱਲ ਵੇਖਦਿਆਂ ਹੋਇਆਂ ਕਿਹਾ ਕਿ ਕਿੱਧਰ ਗਿਆ ਮੁਸਲਮ ਮਰਦ ਅੱਜ ਦੇ ਦਿਨਾਂ ਵਿਚ। ਕਿੱਧਰ ਗਈ ਉਸਦੀ ਅਣਖ ਕਿ ਬਾਸਨੀਆਂ 'ਚ ਸਾਡੀਆਂ ਧੀਆਂ ਭੈਣਾ ਦਾ ਰਿਹਾ ਕੱਖ ਨਹੀਂ ਤੇ ਤੁਹਾਡੇ ਕੰਨ 'ਤੇ ਜੂੰ ਨਹੀਂ ਸਰਕੀ। ਉਸਨੇ ਕਿਹਾ ਕਿ ਮੈਂ ਸਟੇਜ ਤੇ ਕਿਉਂ ਖੜੀ ਹਾਂ ਇੱਥੇ ਕਿਸੇ ਮਰਦ ਨੇ ਹੋਣਾ ਚਾਹੀਦਾ ਹੈ।"[3]

ਨਾਵਲ ਵਿਚ ਆਫੀਆ ਦਾ ਉਪਰੋਕਤ ਬਿਆਨ ਸਿਰਫ਼ ਕਹਿਣ ਲਈ ਹੀ ਨਹੀਂ ਹੁੰਦਾ ਸਗੋਂ ਉਹ ਇਸ ਨੂੰ ਵਿਹਾਰਕ ਰੂਪ ਵਿਚ ਆਪਣੇ ਜੀਵਨ ਵਿਚ ਲਾਗੂ ਵੀ ਕਰਦੀ ਹੈ। ਜਿਸਦੀ ਮਿਸ਼ਾਲ ਸਾਨੂੰ ਨਾਵਲ ਵਿਚ ਅਨੇਕਾਂ ਥਾਵਾਂ ਉੱਪਰ ਦੇਖਣ ਨੂੰ ਮਿਲਦੀ ਹੈ। ਜਿਵੇਂ ਆਫੀਆ ਦਾ ਵਿਆਹ ਲਈ ਜਿਹਾਦੀ ਮੁੰਡੇ ਨੂੰ ਪ੍ਰਾਥਮਿਕਤਾ ਦੇਣਾ, ਫੇਰ ਅਮਜਦ ਦਾ ਦਾੜ੍ਹੀ ਕਟਵਾਉਣ ਸਮੇਂ [4] ਅਤੇ ਆਪਣੀ ਘਰੇਗੀ ਜ਼ਿੰਦਗੀ ਤੋਂ ਪਹਿਲਾਂ ਮਜ਼ਹਬੀ ਕੰਮਾਂ ਨੂੰ ਪਹਿਲ ਦੇਣਾ ਆਦਿ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਨਾਵਲ ਵਿਚ ਦੇਖੀਆਂ ਜਾ ਸਕਦੀਆਂ ਹਨ। ਜਿਨ੍ਹਾਂ ਤੋਂ ਆਫੀਆ ਦੀ ਕੱਟੜਤਾ ਦਾ ਪਤਾ ਚੱਲਦਾ ਹੈ। ਭਾਵੇਂ ਕਿ ਆਫੀਆ ਆਪਣੇ ਪਤੀ ਅਤੇ ਬੱਚਿਆਂ ਨੂੰ ਬੇਹੱਦ ਪਿਆਰ ਕਰਦੀ ਹੈ ਤੇ ਨਾਵਲ ਦੇ ਅੰਤ ਤੱਕ ਤਾਲਾਕ ਹੋਣ ਤੋਂ ਬਾਅਦ ਵੀ ਕਰਦੀ ਰਹਿੰਦੀ ਹੈ ਪਰ ਜਦੋਂ ਗੱਲ ਜਿਹਾਦ ਜਾਂ ਧਰਮ ਦੀ ਆਉਂਦੀ ਹੈ ਤਾਂ ਉਹ ਉਨ੍ਹਾਂ ਨੂੰ ਵੀ ਛੱਡਣ ਲਈ ਤਿਆਰ ਹੋ ਜਾਂਦੀ ਹੈ।

ਆਫੀਆ ਦਾ ਅਮਰੀਕਾ ਵਿਚ ਵੱਡੀ ਪੱਧਰ 'ਤੇ ਜਿਹਾਦੀ ਸਰਗਰਮੀਆਂ ਪੈਦਾ ਕਰਨਾ ਅਤੇ ਉਸ ਅਨੁਸਾਰ ਧਰਮ ਦੀ ਲੜਾਈ ਦੀ ਸ਼ੁਰੂਆਤ ਕਰਨਾ ਜਿਸ ਨਾਲ ਦੁਨੀਆਂ ਵਿਚ ਦੂਜੇ ਧਰਮ ਦੇ ਲੋਕਾਂ(ਕਾਫਰਾਂ) ਦਾ ਨਾਸ ਹੋ ਜਾਵੇਗਾ ਅਤੇ ਦੁਨੀਆਂ ਉੱਪਰ ਸਿਰਫ਼ ਇਸਲਾਮ ਦਾ ਝੰਡਾ ਝੂਲੇਗਾ।[5] ਜਦੋਂ ਅਤਿਵਾਦੀਆਂ ਨੇ ਅਮਰੀਕਾ ਵਿਚ ਨਾਈਨ ਅਲੈਵਨ ਦਾ ਹਮਲਾ ਕੀਤਾ ਤਾਂ ਉਥੋਂ ਦੀ ਐਫ.ਬੀ.ਆਈ. ਦੇ ਡਰ ਤੋਂ ਆਫੀਆ ਪਾਕਿਸਤਾਨ ਆਉਣ ਲਈ ਛਟਪਟਾਉਂਦੀ ਹੈ ਕਿਉਂਕਿ ਉਸਦਾ ਮੰਨਣਾ ਸੀ ਕਿ ਇਸ ਸਮੇਂ ਤੱਕ ਪਾਕਿਸਤਾਨ ਵਿਚ ਜਿਹਾਦ ਦਾ ਕਾਰਜ ਬੜੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੋਵੇਗਾ ਤੇ ਅਮਰੀਕਾ ਉੱਪਰ ਹਮਲਾ ਕਰਨ ਵਾਲਿਆਂ ਲਈ ਲੋਕ ਮਨਾਂ ਵਿਚ ਇੱਜ਼ਤ ਹੋਣੀ ਹੈ ਪਰ ਉਸਦੇ ਪਾਕਿਸਤਾਨ ਪਹੁੰਚਣ 'ਤੇ ਉਸਦਾ ਇਹ ਭਰਮ ਦੂਰ ਹੋ ਜਾਂਦਾ ਹੈ ਕਿਉਂਕਿ ਇੱਥੋਂ ਦੇ ਲੋਕਾਂ ਉੱਪਰ ਇਸਦਾ ਕੋਈ ਪ੍ਰਭਾਵ ਨਹੀਂ ਸੀ ਤੇ ਉਹਨਾਂ ਲਈ ਜਿਹਾਦ ਵਧੇਰੇ ਮਹੱਤਵ ਨਹੀਂ ਸੀ ਰੱਖਦਾ ਸਗੋਂ ਉਹ ਤਾਂ ਹਮਲਾ ਕਰਨ ਵਾਲਿਆਂ ਨੂੰ ਹੀ ਗਲਤ ਕਹਿ ਰਹੇ ਸਨ ਨਾਵਲ ਵਿਚ



ਅਮਜਦ ਦਾ ਪਿਉ ਅਤੇ ਆਫੀਆ ਵਿਚਕਾਰ ਹੋਈ ਗੱਲਬਾਤ ਦੇਖੀ ਜਾ ਸਕਦੀ ਹੈ :

"ਕਿਸ ਤੋਂ ਖਤਰਾ ਐ ਉਸਦੀ ਜ਼ਿੰਦਗੀ ਨੂੰ ?

ਅਮਰੀਕਣ ਸਰਕਾਰ ਤੋਂ।

ਉੱਥੇ ਤਾਂ ਲੱਖਾਂ ਮੁਸਲਮਾਨ ਰਹਿ ਰਹੇ ਨੇ। ਕੀ ਉਹ ਸਾਰੇ ਇਸ ਨਾਈਨ ਅਲੈਵਨ ਦੇ ਕਾਰੇ ਲਈ ਜ਼ਿੰਮੇਵਾਰ ਨੇ ? ਨ੍ਹੀਂ ਉਹ ਤਾਂ ਆਮ ਸ਼ਹਿਰੀ ਨੇ। ਨਾਲੇ ਮੈਂ ਦੱਸ ਦਿਆਂ ਕਿ ਇਨ੍ਹਾਂ ਅੱਤਵਾਦੀਆਂ ਦਾ ਕੋਈ ਧਰਮ ਨ੍ਹੀਂ ਹੁੰਦਾ।

ਤੁਸੀਂ ਕਿਸੇ ਨੂੰ ਅੱਤਵਾਦੀ ਨ੍ਹੀਂ ਕਹਿ ਸਕਦੇ ਆਫੀਆ ਭੜਕ ਉੱਠੀ।"[6]

ਪਰ ਆਫੀਆ ਦਾ ਜਨੂੰਨ ਲੋਕਾਂ ਦੀ ਅਜਿਹੀ ਸਥਿਤੀ ਵੇਖ ਕੇ ਕਮਜ਼ੋਰ ਨਹੀਂ ਪੈਂਦਾ ਸਗੋਂ ਉਹ ਤਾਂ ਆਪਣੇ ਵਿਚਾਰਾਂ ਅਤੇ ਜ਼ਜ਼ਬੇ ਨਾਲ ਮੁੜ ਅਮਰੀਕਾ ਵਿਰੁੱਧ ਲੜਾਈ ਨੂੰ ਸੁਰਜੀਤ ਕਰਦੀ ਹੈ ਤੇ ਨਵੇਂ ਜਿਹਾਦੀਆਂ ਨੂੰ ਪੈਦਾ ਕਰਨ ਦੀ ਮੁਹਿੰਮ ਵਿਚ ਜੁਟ ਜਾਂਦੀ ਹੈ। ਭਾਵੇਂ ਕਿ ਨਾਵਲ ਦੇ ਆਰੰਭ ਤੋਂ ਲੈ ਕੇ ਅੰਤ ਤੱਕ ਨਾਵਲਕਾਰ ਨੇ ਆਫੀਆ ਦੀ ਧਰਮ ਪ੍ਰਤੀ ਕਟੱੜਤਾ ਅਤੇ ਉਸਦੀ ਜੀਵਨ ਕਹਾਣੀ ਨੂੰ ਪੇਸ਼ ਕੀਤਾ ਹੈ। ਪਰ ਇਸਦੇ ਨਾਲ-ਨਾਲ ਨਾਵਲਕਾਰ ਅਜਿਹੇ ਪਾਤਰਾਂ ਦੀ ਸਿਰਜਣਾ ਵੀ ਕਰਦਾ ਹੈ ਜਿਹੜੇ ਕਿ ਵਿਪਰੀਤ ਸਥਿਤੀਆਂ ਵਿਚ ਵੀ ਮਾਨਵੀ ਹਿੱਤ ਦੀਆਂ ਗੱਲਾਂ ਕਰਦੇ ਹਨ। ਇਹਨਾਂ ਪਾਤਰਾਂ ਦੇ ਮਾਧਿਅਮ ਰਾਹੀਂ ਨਾਵਲਕਾਰ ਨੇ ਉਸ ਸਮੇਂ ਦੇ ਵੱਖ ਵੱਖ ਜਿਹਾਦੀ ਪੈਦਾ ਕਰਨ ਵਾਲੇ ਵਿਭਿੰਨ ਗਰੁੱਪਾਂ ਪਿੱਛੇ ਕਾਰਜਸ਼ੀਲ ਸੋਚ ਨੂੰ ਪੇਸ਼ ਕੀਤਾ ਹੈ। ਜਿਹੜੇ ਕਿ ਸਿਰਫ਼ ਆਪਣੇ ਧਰਮ ਦੀ ਰੱਖਿਆ ਲਈ ਜਿਹਾਦੀ ਪੈਦਾ ਨਹੀਂ ਕਰਦੇ ਸਗੋਂ ਇਸੇ ਹੀ ਧਰਮ ਦੇ ਨਾਂ 'ਤੇ ਲੋਕਾਂ ਨੂੰ ਆਪਸ ਵਿਚ ਲੜਾਉਂਦੇ ਵੀ ਹਨ। ਜਿਵੇਂ ਨਾਵਲ ਵਿਚ ਸਲੇਹ ਸਦੀਕੀ ਕਹਿੰਦਾ ਹੈ:

"ਇਹ ਮੁਸਲਮ ਬਰਦਰਹੁੱਡ ਈ ਅਸਲੀ ਪੁਆੜੇ ਦੀ ਜੜ੍ਹ ਐ। ਤੇਰੀਆਂ ਇਹ ਵੀਡੀਉ ਕੈਸਟਾਂ ਵੇਖਣ ਤੋਂ ਪਹਿਲਾਂ ਈ ਮੈਂ ਦੱਸ ਦਿੰਨਾ ਆਂ ਕਿ ਇਹ ਸਭ ਪ੍ਰਾਪੇਗੰਡਾ ਐ। ਮੁਸਲਮਾਨਾਂ ਨੂੰ ਭੜਕਾਉਣ ਲਈ ਅਜਿਹੇ ਕੰਮ ਤਾਂ ਬਰਦਰਹੁੱਡ ਮੁੱਦਤਾਂ ਤੋਂ ਕਰਦਾ ਆ ਰਿਹਾ ਐ।"[7]

ਇੱਕ ਹੋਰ ਥਾਂ 'ਤੇ ਅਮਜਦ ਦਾ ਪਿਉ ਜੇਹਾਦ ਸ਼ਬਦ ਨੂੰ ਪਰਿਭਾਸ਼ਿਤ ਕਰਦਾ ਹੋਇਆ ਕਹਿੰਦਾ ਹੈ

"ਕੌਣ ਕੀ ਕਹਿੰਦਾ ਐ ਤੂੰ ਇਹ ਗੱਲ ਛੱਡ। ਤੈਨੂੰ ਪਹਿਲਾਂ ਇਹ ਸਿੱਖਣ ਦੀ ਲੋੜ ਐ ਕਿ ਜੇਹਾਦ ਹੁੰਦਾ ਕੀ ਐ। ਹਰ ਲੜਾਈ ਜੇਹਾਦ ਨਹੀਂ ਹੁੰਦੀ ਰਾਜਨੀਤਕ ਲੋਕ ਆਪਣੇ ਨਿੱਜੀ ਮੁਫਾਦਾਂ ਲਈ ਇਸ ਪਾਕ ਲਫ਼ਜ਼ ਦਾ ਹਰ ਥਾਂ ਇਸਤੇਮਾਲ ਕਰਕੇ ਨੌਜਵਾਨਾਂ ਨੂੰ ਭੜਕਾ ਦਿੰਦੇ ਨੇ ਤੇ ਫਿਰ ਉਹ ਉਹੀ ਕਰਦੇ ਨੇ ਜੋ ਇਹ ਰਾਜਨੀਤਕ ਲੋਕ ਚਾਹੁੰਦੇ ਨੇ...ਇਹ ਰਾਜਨੀਤਕ ਖੇਡ ਐ।"[8]

ਇਉਂ ਭੋਲੇ ਭਾਲੇ ਲੋਕਾਂ ਨੂੰ ਧਰਮ ਦਾ ਨਾਂ ਲੈ ਕੇ ਮਾਰਨਾ, ਕੁੱਟਣਾ ਇਹਨਾਂ ਜਿਹਾਦੀਆਂ ਦਾ ਪਹਿਲਾ ਕਾਰਜ ਸੀ। ਇਹਨਾਂ ਦੀ ਭਵਿੱਖ ਦੀ ਮੁਹਿੰਮ ਅਮਰੀਕਾ ਤੋਂ ਬਦਲਾ ਲੈਣ ਲਈ ਉਥੋਂ ਦੇ ਪਾਣੀ ਨੂੰ ਦੂਸ਼ਿਤ ਕਰਨਾ ਅਤੇ ਉੱਥੇ ਜੈਵਿਕ ਹਥਿਆਰਾਂ ਦੀ ਵਰਤੋਂ ਕਰਕੇ ਵੱਧ ਤੋਂ ਵੱਧ ਲੋਕਾਂ ਨੂੰ ਮਾਰਨਾ ਸੀ। ਜਦੋਂ ਇਹਨਾਂ ਜਿਹਾਦੀਆਂ ਦੇ ਅਜਿਹੇ ਅਸਲ ਕਰਾਜਾਂ ਵਿਰੁੱਧ ਆਵਾਜ਼ ਉਠਾਈ ਜਾਂਦੀ ਹੈ ਤਾਂ ਇਹ ਆਵਾਜ਼ ਉਠਾਉਣ ਵਾਲੇ ਦੀ ਆਵਾਜ਼ ਨੂੰ ਦਬਾਉਣ ਲਈ ਉਸਦਾ ਕਤਲ ਕਰ ਦਿੰਦੇ ਹਨ। ਜਿਵੇਂ ਨਾਵਲ ਵਿਚ ਪੱਤਰਕਾਰ ਦਾ ਕਤਲ ਕੀਤਾ ਜਾਂਦਾ ਹੈ।

ਇਉਂ ਨਾਵਲਕਾਰ ਨੇ ਨਾਵਲ ਵਿਚ ਆਫੀਆ ਸਦੀਕੀ ਦੇ ਜਿਹਾਦੀ ਜਨੂੰਨ ਅਤੇ ਪਾਕਿਸਤਾਨ ਵਿਖੇ ਪੈਦਾ ਹੋਏ ਧਰਮ ਦੇ ਕੱਟੜ ਜਿਹਾਦੀਆਂ ਦੀ ਸੋਚ ਅਤੇ ਉਹਨਾਂ ਦੀ ਮੁਹਿੰਮ ਨੂੰ ਪੇਸ਼ ਕਰਨ ਤੋਂ ਇਲਾਵਾ ਅਮਰੀਕਾ, ਪਾਕਿਸਤਾਨ, ਅਫਗਾਨਿਸਤਾਨ ਅਤੇ ਹੋਰ ਦੇਸ਼ਾਂ ਦੀਆਂ ਨੀਤੀਆਂ ਦੀ ਪੇਸ਼ਕਾਰੀ ਵੀ ਕੀਤੀ ਹੈ ਜਿਹੜੀਆਂ ਵੱਖ ਵੱਖ ਸਮੇਂ ਬਦਲਦੀਆਂ ਰਹਿੰਦੀਆਂ ਹਨ। ਪਰ ਇਹਨਾਂ

ਵਿਚ ਆਈ ਬਦਲਾਵਟ ਨੇ ਆਮ ਲੋਕਾਂ ਦਾ ਬਹੁਤ ਘਾਣ ਕੀਤਾ। ਨਾਵਲ ਦੇ ਅੰਤ ਵਿਚ ਆਫੀਆ ਦੁਆਰਾ ਲਿਖੀ ਚਿੱਠੀ ਦੇ ਮਾਧਿਅਮ ਰਾਹੀਂ ਨਾਵਲਕਾਰ ਨੇ ਸਿਰਫ਼ ਉਸਦੀ ਮਾਨਸਿਕ ਸੰਵੇਦਨਾ/ਭਾਵਨਾਵਾਂ ਨੂੰ ਹੀ ਪੇਸ਼ ਨਹੀਂ ਕੀਤਾ ਸਗੋਂ ਇਸ ਵਿਚ ਉਸ ਨਾਲ ਵਾਪਰੀਆਂ ਬਹੁਤ ਸਾਰੀਆਂ ਤਲਖ਼ ਹਕੀਕਤਾਂ ਦਾ ਜ਼ਿਕਰ ਵੀ ਕੀਤਾ ਹੈ। ਇਸਦੇ ਨਾਲ-ਨਾਲ ਅਮਰੀਕਾ ਦੀਆਂ ਬਹੁਤ ਸਾਰੀਆਂ ਨੀਤੀਆਂ ਨੂੰ ਆਫੀਆ ਆਪਣੇ ਖ਼ੱਤ ਦੇ ਮਾਧਿਅਮ ਰਾਹੀਂ ਨੰਗਾ ਕਰਦੀ ਹੈ। ਜਿਸ ਦੇ ਅੰਤਰਗਤ ਅਮਰੀਕਾ ਚੋਟੀ ਦੇ ਆਤੰਕਵਾਦੀਆਂ ਨੂੰ ਲੋਕਾਂ ਅਤੇ ਮੀਡੀਆ ਦੇ ਸਾਮ੍ਹਣੇ ਲਿਆਉਣ ਤੋਂ ਡਰਦਾ ਹੈ। ਕਿਉਂਕਿ ਇਸ ਨਾਲ ਉਸਦੀਆਂ ਗੁਪਤ ਨੀਤੀਆਂ ਲੋਕਾਂ ਸਾਮ੍ਹਣੇ ਪੇਸ਼ ਹੋ ਜਾਣੀਆਂ ਸੀ। ਇਹਨਾਂ ਨੂੰ ਲੁਕਾਉਣ ਲਈ ਹੀ ਅਮਰੀਕਾ ਆਫੀਆ ਜਿਹੀ ਚੋਟੀ ਦੀ ਜਿਹਾਦੀ ਔਰਤ ਉਪਰ ਪੁਲਿਸ ਵਾਲਿਆਂ ਉੱਪਰ ਗੋਲੀਆਂ ਚਲਾਉਣ ਦਾ ਝੂਠਾ ਮੁੱਕਦਮਾ ਚਲਾਉਂਦਾ ਹੈ ਆਤੰਕਵਾਦ ਦਾ ਨਹੀਂ।

ਉਪਰੋਕਤ ਸਮੁੱਚੀ ਵਿਚਾਰ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਹਰਮਹਿੰਦਰ ਚਹਿਲ ਨੇ ਆਪਣੇ ਨਾਵਲ ਆਫੀਆ ਸਦੀਕੀ ਦਾ ਜੇਹਾਦ ਵਿਚ ਸਿਰਫ਼ ਆਫੀਆ ਦੇ ਜੀਵਨ ਨੂੰ ਹੀ ਨਹੀਂ ਪੇਸ਼ ਕੀਤਾ ਸਗੋਂ ਇਸਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵੀ ਨਾਵਲੀ ਬਿਰਤਾਂਤ ਵਿਚ ਪੇਸ਼ ਕੀਤਾ ਹੈ। ਜਿਵੇਂ ਅਮਰੀਕਾ ਦਾ ਅੱਤਵਾਦ ਦੇ ਖਾਤਮੇ ਦੇ ਨਾਂ ਹੇਠ ਅਫ਼ਗਾਨਿਸਤਾਨ ਉੱਪਰ ਹਮਲਾ ਕਰਨਾ ਜਿਸ ਵਿਚ ਬਹੁਤ ਸਾਰੇ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਵੇਂ ਹੀ ਅੱਤਵਾਦੀਆਂ ਵੱਲੋਂ ਅਮਰੀਕਾ ਦੇ ਟਵਿਨ ਟਾਵਰ ਉੱਪਰ ਹਮਲਾ ਕਰਕੇ ਬੇਕਸੂਰ ਲੋਕਾਂ ਨੂੰ ਮਾਰਨ ਦੀ ਘਟਨਾ, ਇਰਾਨ ਇਰਾਕ ਦੇ ਆਪਸੀ ਯੁੱਧ ਅਤੇ ਇਸ ਤੋਂ ਇਲਾਵਾ ਪਾਕਿਸਤਾਨ ਦੇ ਸਿਆਸਤੀ ਹਾਲਾਤ ਅਤੇ ਯਹੂਦੀਆਂ ਦੇ ਦੁਖਾਂਤ ਨੂੰ ਵੀ ਨਾਵਲਕਾਰ ਪਰੋਖ ਰੂਪ ਵਿਚ ਨਾਵਲ ਵਿਚ ਪੇਸ਼ ਕਰਦਾ ਹੈ। ਭਾਵੇਂ ਕਿ ਨਾਵਲਕਾਰ ਹਰਮਹਿੰਦਰ ਚਹਿਲ ਨੇ ਨਾਵਲ ਦਾ ਕੇਂਦਰ ਬਿੰਦੂ ਆਫੀਆ ਦੀ ਜੀਵਨ ਕਹਾਣੀ ਨੂੰ ਬਣਾਇਆ ਹੈ ਪਰ ਇਸਦੇ ਨਾਲ-ਨਾਲ ਉਸਨੇ ਉਸਦੇ ਸਮੇਂ ਦੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਨੂੰ ਉਸਾਰ ਕੇ ਆਫੀਆ ਦੇ ਜੀਵਨ ਨੂੰ ਨਵੇਂ ਢੰਗ ਤਰੀਕੇ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਉਂ ਇਹ ਨਾਵਲ ਪੰਜਾਬੀ ਨਾਵਲ ਦੇ ਖੇਤਰ ਵਿਚ ਨਵੇਂ ਅਤੇ ਵੱਖਰੇ ਵਿਸ਼ੇ ਨੂੰ ਲੈ ਕੇ ਪੇਸ਼ ਹੁੰਦਾ ਹੈ।

**ਹਵਾਲੇ**


1. ਹਰਮਹਿੰਦਰ ਚਹਿਲ, ਆਫੀਆ ਸਦੀਕੀ ਦਾ ਜੇਹਾਦ, ਪੰਨਾ-14.
2. -ਉਹੀ-, ਪੰਨਾ-28.
3. -ਉਹੀ-, ਪੰਨਾ-48.
4. -ਉਹੀ-, ਪੰਨਾ-54.
5. -ਉਹੀ-, ਪੰਨਾ-73.
6. -ਉਹੀ-, ਪੰਨਾ-75.
7. -ਉਹੀ-, ਪੰਨਾ-40.
8. -ਉਹੀ-, ਪੰਨਾ-81.






## ਨਵੀਆਂ ਪੁਸਤਕਾਂ/ਪ੍ਰੋ. ਜੇ.ਬੀ.ਸੇਖੋਂ

### ਮੌਤ ਦੇ ਇੰਤਜ਼ਾਰ ਵਿੱਚ/ਸ਼ਿਵ ਵਰਮਾ

**ਅਨੁਵਾਦਕ : ਡਾ. ਮਨਿੰਦਰ ਸਿੰਘ ਕਾਂਗ**

**ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ**

ਸ਼ਿਵ ਵਰਮਾ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਚਰਚਿਤ ਰਹੇ ਸਹਾਰਨਪੁਰ ਬੰਬ ਕਾਂਡ, ਲਾਹੌਰ ਸਾਜ਼ਿਸ਼ ਕੇਸ ਆਦਿ ਵਿਚ ਲੰਮਾ ਚਿਰ ਅੰਗਰੇਜ਼ ਹਾਕਮਾਂ ਦੀ ਕੈਦ ਵਿਚ ਰਹੇ। ਜੇਲ੍ਹ ਜੀਵਨ ਦੌਰਾਨ ਉਹਨਾਂ ਇਸ ਮਹੱਤਵਪੂਰਨ ਕਿਤਾਬ ਦੀ ਰਚਨਾ ਕੀਤੀ। ਇਸ ਵਿਚ ਉਹਨਾਂ ਜੇਲ੍ਹ ਦੀ ਸਜ਼ਾ ਭੋਗਦੇ ਕੈਦੀਆਂ ਦੀ ਮਨੋਦਸ਼ਾ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਸ਼ਿਵ ਵਰਮਾ ਦੋਸ਼ੀ ਤੇ ਨਿਰਦੋਸ਼ ਕੈਦੀਆਂ ਦੇ ਜੀਵਨ ਵਿਹਾਰ ਨੂੰ ਬੜੀ ਨੇੜਿਓਂ ਵੇਖਦਾ ਰਿਹਾ ਤੇ ਇਸ ਨਤੀਜੇ 'ਤੇ ਪੁੱਜਿਆ ਕਿ 'ਇੱਥੇ ਕੈਦੀ ਦਾ ਜੀਵਨ ਬੜਾ ਨੀਰਸ ਤੇ ਰੁੱਖਾ ਹੁੰਦਾ ਹੈ। ਕੱਲ੍ਹ, ਪਰਸੋਂ, ਚੌਥ ਇੱਥੋਂ ਤੱਕ ਕੇ ਆਉਣ ਵਾਲੇ ਕਿੰਨੇ ਕੁ ਦਿਨ ਏਦਾਂ ਹੀ ਲੰਘਣਗੇ, ਉਨ੍ਹਾਂ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ।'...(ਪੰਨਾ 1) ਕਿਤਾਬ ਵਿਚ ਭਾਰਤੀ ਨਿਆਂ ਵਿਵਸਥਾ ਦੇ ਖੋਖਲੇਪਣ ਨੂੰ ਵੀ ਉਜਾਗਰ ਕੀਤਾ ਹੈ ਜਿੱਥੇ ਝੂਠੇ ਸਬੂਤਾਂ ਦੀ ਮਦਦ ਨਾਲ ਨਿਰਦੋਸ਼ ਉਮਰ ਕੈਦ ਜਾਂ ਫਾਂਸੀ ਦੇ ਤਖ਼ਤੇ ਤੱਕ ਪੁੱਜ ਜਾਂਦੇ ਹਨ ਜਦ ਕਿ ਸੱਚੇ ਸਬੂਤਾਂ ਦੀ ਘਾਟ ਕਾਰਨ ਦੋਸ਼ੀ ਵੱਡੇ ਅਪਰਾਧੀ ਬਣ ਕੇ ਬੇਖ਼ੌਫ਼ ਘੁੰਮਦੇ ਹਨ। ਪੁਸਤਕ ਵਿਚ 15 ਦੇ ਕਰੀਬ ਕਥਾ-ਬਿਰਤਾਂਤ ਉਸਾਰੇ ਗਏ ਹਨ ਜਿਹੜੇ ਕਿ ਪਾਠਕਾਂ ਦਾ ਦਿਲ ਪਸੀਜ਼ ਦਿੰਦੇ ਹਨ। ਜੇਲ੍ਹ ਜੀਵਨ ਸੰਬੰਧੀ ਮਨੋ-ਵਿਗਿਆਨੀ ਤੇ ਸਮਾਜ-ਵਿਗਿਆਨੀਆਂ ਦੀ ਖੋਜ ਨਾਲੋਂ ਵੀ ਡੂੰਘੀ ਇਹ ਬਿਰਤਾਂਤਕ-ਪੁਸਤਕ ਜੇਲ੍ਹ ਦੁਨੀਆਂ ਦੀਆਂ ਅਨੇਕਾਂ ਪਰਤਾਂ ਖੋਲ੍ਹ ਦਿੰਦੀ ਹੈ। ਇਕ ਕ੍ਰਾਂਤੀਕਾਰੀ ਦੀ ਕਲਮ ਤੋਂ ਨਿਕਲੇ ਸ਼ਬਦ ਕਿੰਨੇ ਤਿੱਖੇ ਤੇ ਆਸ਼ਾਵਾਦੀ ਹਨ, ਇਹ ਕਿਤਾਬ ਵਿਚੋਂ ਗੁਜ਼ਰਿਆਂ ਹੀ ਪਤਾ ਚੱਲਦਾ ਹੈ। ਸ਼ਿਵ ਵਰਮਾ ਦੀਆਂ ਹੋਰ ਚਰਚਿਤ ਕਿਤਾਬਾਂ ਵਿਚ 'ਮਾਰਕਸਵਾਦ ਪਰਿਚਯਮਾਲਾ, ਸੰਸਮ੍ਰਿਤੀਆਂ, ਸ਼ਹੀਦ ਭਗਤ ਸਿੰਘ ਕੀ ਚੁਨੀ ਹੋਈ ਕ੍ਰਿਤੀਆਂ' ਆਦਿ ਮੁੱਖ ਹਨ। ਇਹ ਕਿਤਾਬ ਮਰਹੂਮ ਕਥਾਕਾਰ ਡਾ. ਮਨਿੰਦਰ ਸਿੰਘ ਕਾਂਗ ਨੇ ਅਨੁਵਾਦ ਕੀਤੀ ਹੈ।

### ਮਨੋਜ ਦਾਸ ਦੀਆਂ ਕਹਾਣੀਆਂ

**ਅਨੁਵਾਦਕ : ਬਲਬੀਰ ਪਰਵਾਨਾ**

**ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ**

ਮਨੋਜ ਦਾਸ ਉੜੀਆ ਭਾਸ਼ਾ ਦਾ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਵਿਚ ਆਧੁਨਿਕ ਸਮਾਜ ਵਿਚੋਂ ਤੇਜ਼ੀ ਨਾਲ ਖਾਰਜ ਹੋ ਰਹੀਆਂ ਕਦਰਾਂ-ਕੀਮਤਾਂ ਤੇ ਨੈਤਿਕਤਾ ਨੂੰ ਰਸਦਾਇਕ ਬਿਰਤਾਂਤ ਸ਼ੈਲੀ ਵਿਚ ਪੇਸ਼ ਕੀਤਾ ਮਿਲਦਾ ਹੈ। ਮਨੋਜ ਦਾਸ ਉੜੀਆ ਕਥਾਕਾਰਾਂ ਦੀ ਉਸ ਪੀੜ੍ਹੀ ਵਿਚੋਂ ਹੈ ਜਿਹੜੀ ਦੇਸ਼ ਦੀ ਆਜ਼ਾਦੀ ਪਿਛੋਂ ਭਾਰਤ ਵਾਸੀਆਂ ਦੇ ਮਨਾਂ ਵਿਚ ਪੈਦਾ ਹੋਏ ਆਜ਼ਾਦੀ ਦੇ ਸੁਪਨਿਆਂ ਦੀ ਤਿੜਕ ਨੂੰ ਭਲੀ ਭਾਂਤ ਸਮਝਦੀ ਹੈ। ਵਿਸ਼ਵ ਯੁੱਧਾਂ ਤੋਂ

ਪ੍ਰਭਾਵਿਤ ਦੁਨੀਆਂ ਦੇ ਅਨੇਕਾਂ ਮੁਲਖ, ਪ੍ਰਗਤੀਵਾਦ ਦੇ ਸੁਪਨੇ ਤੇ ਹਕੀਕਤਾਂ ਦੇ ਖੱਪੇ, ਉਦਯੋਗਿਕ ਵਿਕਾਸ ਦੇ ਸੰਕਟ ਤੇ ਕੁੱਲ ਮਿਲਾ ਕੇ ਆਧੁਨਿਕ ਜ਼ਿੰਦਗੀ ਤੇ ਸਮਾਜ ਵਿਚ ਵਿਸ਼ਵ-ਮਾਨਵ ਨੂੰ ਸਥਿਤੀ ਨੂੰ ਮਨੋਜ ਦਾਸ ਜਿਹੇ ਕਥਾਕਾਰਾਂ ਨੇ ਭਲੀ ਭਾਂਤ ਪੇਸ਼ ਕੀਤਾ ਹੈ। ਇਸ ਸੰਗ੍ਰਹਿ ਵਿਚ ਮਨੋਜ ਦਾਸ ਦੀਆਂ 33 ਕਹਾਣੀਆਂ ਹਨ ਜਿਹਨਾਂ ਨੂੰ ਪੰਜਾਬੀ ਦੇ ਗਲਪਕਾਰ ਬਲਬੀਰ ਪਰਵਾਨਾ ਨੇ ਬੜੀ ਮਿਹਨਤ ਨਾਲ ਅਨੁਵਾਦ ਕੀਤਾ ਹੈ। ਇਸ ਸੰਗ੍ਰਹਿ ਦੀ ਕਹਾਣੀ 'ਭਰਾ' ਰਾਜਨੀਤੀ ਵਿਚਲੀ ਖੁਦਗਰਜ਼ੀ ਤੇ ਸਵਾਰਥ ਨੂੰ ਪਕੜਦੀ ਹੈ। 'ਲਕਸ਼ਮੀ ਦੀ ਹਿੰਮਤ' ਕਹਾਣੀ ਵਿੱਚ ਹਰ ਮਨੁੱਖ ਦੇ ਅੰਦਰਲੇ ਬੱਚੇ ਦੀ ਮਨੋ-ਦਸ਼ਾ ਦਾ ਖ਼ੂਬਸੂਰਤ ਵਰਨਣ ਹੈ। ਇਸੇ ਤਰ੍ਹਾਂ 'ਖ਼ੂਨੀ ਸ਼ਾਮ', 'ਚੰਦ ਤੇ ਹਵਾਈ ਸ਼ਾਮ' ਕਹਾਣੀਆਂ ਵਿਚਲੇ ਪਰਾਲੌਕਿਕ ਵੇਰਵੇਂ ਅਨੇਕਾਂ ਅਣਸੁਲਝੇ ਸਵਾਲਾਂ ਨੂੰ ਪੇਸ਼ ਕਰਦੇ ਹਨ। ਮਨੋਜ ਦਾਸ ਦੀ ਕਹਾਣੀ ਰੌਚਿਕ ਤੇ ਪੜ੍ਹਨਯੋਗ ਹੈ। ਅਨੁਵਾਦਕ ਦੀ ਮਿਹਨਤ ਸਦਕਾ ਇਹ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਆਪਣੇ ਨਾਲ ਤੋਰਨ ਦੀ ਹਿੰਮਤ ਰੱਖਦੀ ਹੈ। ਅਜਿਹੀਆਂ ਕਿਤਾਬਾਂ ਦੁਆਰਾ ਭਾਰਤ ਦੀਆਂ ਵਿਭਿੰਨ ਭਾਸ਼ਾਵਾਂ ਦੇ ਕਥਾ ਸਾਹਿਤ ਦਾ ਰਾਸ਼ਟਰੀ ਪੱਧਰ 'ਤੇ ਆਦਾਨ ਪ੍ਰਦਾਨ ਹੋਣਾ ਚੰਗਾ ਉਦਮ ਹੈ।

## ਖੁਸ਼ਕ ਅੱਖ ਦਾ ਖ਼ਾਬ/ਅਜਮੇਰ ਸਿੱਧੂ

ਅਜਮੇਰ ਸਿੱਧੂ ਸਮਕਾਲ ਦੀ ਪੰਜਾਬੀ ਕਹਾਣੀ ਦਾ ਸਥਾਪਤ ਨਾਂ ਹੈ। ਇਹ ਕਿਤਾਬ ਉਸਦੀ ਤੀਜੀ ਕਥਾ-ਪੁਸਤਕ ਹੈ। ਸਿੱਧੂ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਹੈ ਕਿ ਉਹ ਵਿਵਸਥਾ ਵੱਲੋਂ ਆਪਣੀ ਸਥਾਪਤੀ ਲਈ ਘੜੀਆਂ ਅਨੇਕਾਂ ਮਿੱਥਾਂ ਦਾ ਮੁਲਾਂਕਣ ਕਰਦਾ ਤੇ ਇਹਨਾਂ ਨੂੰ ਅਚੇਤ-ਸੁਚੇਤ ਤੋੜਦਾ ਹੈ। ਕਿਸੇ ਨਿਸ਼ਚਿਤ ਵਾਦ/ਵਿਚਾਰਧਾਰਾਂ ਤੋਂ ਰਹਿਤ ਹੋ ਕੇ ਉਹ ਸਮਾਜਕ-ਪ੍ਰਬੰਧ ਤੋਂ ਹਾਸ਼ੀਏ ਵੱਲ ਜ਼ਬਰੀ ਧੱਕੇ ਮਨੁੱਖ/ਸਮੂਹਾਂ/ਵਿਚਾਰਾਂ ਦਾ ਕਥਾਕਾਰ ਹੈ। ਦੁਆਬੇ ਦੀ (ਮੌਖਿਕ) ਭਾਸ਼ਾ 'ਤੇ ਉਸਦੀ ਪਕੜ ਹੈ। ਪਾਤਰਾਂ ਨੂੰ ਪੂਰਵ ਨਿਸ਼ਚਤ ਚੌਖਟੇ ਵਿਚ ਸਿੱਟਣ ਨਾਲੋਂ ਉਹ ਕਥਾ-ਧਰਾਤਲ 'ਤੇ ਸੰਵਾਦ ਦੀਆਂ ਸੰਭਾਵਨਾਵਾਂ ਉਜਾਗਰ ਕਰਦਾ ਹੈ ਜਿਥੋਂ ਪਾਠਕਾਂ ਨੂੰ ਸਿੱਧੇ/ਅਸਿੱਧੇ ਰੂਪ ਵਿਚ ਕੋਈ ਦਿਸ਼ਾ ਦੇਣੀ ਉਸਦੀ ਕਥਾਕਾਰ ਦਾ ਇਕ ਪਹਿਲੂ ਹੈ। ਇਸ ਸੰਗ੍ਰਹਿ ਵਿਚ ਅੱਠ ਕਹਾਣੀਆਂ ਹਨ। 'ਸ਼ਾਇਦ ਰੰਮੀ ਮੰਨ ਜਾਏ' ਕਹਾਣੀ ਵਿਸ਼ਵੀਕਰਨ ਦੇ ਸਭਿਆਚਾਰਕ ਹਮਲੇ ਤੋਂ ਪ੍ਰਭਾਵਿਤ ਉਪਭੋਗੀ ਤੇ ਐਸ਼ਪ੍ਰਸਤ ਮਾਨਸਿਕਤਾ (ਤਾਰੋ) ਤੇ ਇਸਦਾ ਠੋਸ ਵਿਚਾਰਧਾਰਕ ਬਦਲ (ਰੰਮੀ) ਪੇਸ਼ ਕਰਦੀ ਹੈ। 'ਜਹਾਜ਼ ਵਾਲੀ ਟੈਂਕੀ' ਪਰਵਾਸ ਧਾਰਨ ਤੋਂ ਅਸਫ਼ਲ ਰਹੇ ਪੰਜਾਬੀ ਪਰਿਵਾਰਾਂ ਦਾ ਦੁਖਾਂਤਕ ਬਿਰਤਾਂਤ ਹੈ ਜਿਸਦੇ ਪਿੱਛੇ ਡੇਰਾ, ਸਮਾਜ, ਏਜੰਟ ਤੇ ਹੋਰ ਨੈਟਵਰਕ ਕੰਮ ਕਰਦੇ ਦਿਖਾਏ ਹਨ। 'ਉਨੀਂਦੀ ਨਦੀ' ਵਿਚ ਕਿਸੇ ਡੇਰੇ 'ਤੇ ਪਹਿਲੀ ਔਲਾਦ ਵਜੋਂ ਸੁੱਖਣਾ ਤਹਿਤ ਚੜ੍ਹਾਈ ਔਰਤ ਦੀ ਮਨੋ-ਦਸ਼ਾ ਨੂੰ ਭਲੀ ਭਾਂਤ ਪਕੜਦੀ ਰਚਨਾ ਹੈ। 'ਖੁਸ਼ਕ ਅੱਖ ਦਾ ਖ਼ਾਬ' ਕਹਾਣੀ ਕਮਿਊਨਿਸਟ ਵਿਚਾਰਧਾਰਾ ਤੇ ਇਸਦੇ ਹੇਠਲੇ ਕੇਡਰ ਦੇ ਮਨੋਵਿਗਿਆਨ ਨੂੰ ਫੜਦੀ ਹੈ ਪਰ ਇਸਦਾ ਕੇਂਦਰੀ ਪਾਸਾਰ ਲੜਕਾ-ਲੜਕੀ ਦੇ ਵਿਤਕਰੇ ਵਾਲੀ ਸਮਾਜਕ ਮਿੱਥ ਨੂੰ ਤੋੜਦਾ ਹੈ। ਅਜਮੇਰ ਦੀ ਇਹ ਕਿਤਾਬ ਹਰ ਪੱਧਰ ਦੇ ਪਾਠਕਾਂ, ਆਲੋਚਕਾਂ ਤੇ ਸਾਹਿਤ ਪ੍ਰੇਮੀਆਂ ਲਈ ਪੜ੍ਹਨਯੋਗ ਤੇ ਵਿਚਾਰਯੋਗ ਕ੍ਰਿਤ ਹੈ। ਸ਼ਬਦ ਸਭਿਆਚਾਰ ਦੇ ਮਾਧਿਅਮ ਨਾਲ ਵਿਸ਼ਵੀਕਰਨ ਦੇ ਸਮਕਾਲੀ ਜ਼ਿੰਦਗੀ 'ਤੇ ਅਸਰਾਂ ਨੂੰ ਫੜਨਾ ਤੇ ਇਸਦਾ ਬਦਲ ਉਸਾਰਨ ਵਾਲੀ ਇਹ ਕਿਤਾਬ ਆਧੁਨਿਕ ਪੰਜਾਬੀ ਕਹਾਣੀ ਵਿਚ ਮਹੱਤਵਪੂਰਨ ਹੈ।



## ਧੁੱਪ ਛਾਂ ਤੇ ਰੁੱਖ/ਦੀਪ ਦਵਿੰਦਰ ਸਿੰਘ

ਦੀਪ ਦਵਿੰਦਰ ਸਿੰਘ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਧੁੱਪ ਛਾਂ ਤੇ ਰੁੱਖ' ਦੇ ਮਾਧਿਅਮ ਨਾਲ ਕਹਾਣੀ ਦੇ ਪਾਠਕਾਂ ਦੇ ਸਨਮੁੱਖ ਹੋਇਆ ਹੈ। ਦੀਪ ਦਵਿੰਦਰ ਨੇ ਆਪਣੀਆਂ ਕਹਾਣੀਆਂ ਵਿਚ ਪੇਂਡੂ ਤੇ ਸ਼ਹਿਰੀ ਨਿਮਨ ਤੇ ਮੱਧ ਵਰਗੀ ਮਨੁੱਖਾਂ ਦੇ ਜੀਵਨ-ਮਸਲਿਆਂ ਨੂੰ ਬੜੀ ਸੂਖਮਤਾ ਤੇ ਸਾਦਗੀ ਭਰੀ ਕਥਾ-ਸ਼ੈਲੀ ਦੁਆਰਾ ਪੇਸ਼ ਕੀਤਾ ਹੈ। ਉਸਦੀਆਂ ਕਹਾਣੀਆਂ ਆਧੁਨਿਕ ਮਨੁੱਖ ਦੀ ਸਵਾਰਥੀ ਤੇ ਗਰਜ ਭਰੀ ਮਾਨਸਿਕਤਾ ਨੂੰ ਭਲੀ-ਭਾਂਤ ਫੜਦੀਆਂ ਹਨ ਤੇ ਇਕ ਮਨੁੱਖ ਅੰਦਰ ਬੈਠੇ ਅਨੇਕਾਂ ਬੰਦਿਆਂ ਦੇ ਡੋਲਦੇ-ਝੂਲਦੇ ਮਨੋਵਿਗਿਆਨ ਨੂੰ ਦਿਲਚਸਪ ਕਥਾ-ਸ਼ਿਲਪ ਦੁਆਰਾ ਪੇਸ਼ ਕਰਦੀਆਂ ਹਨ। ਦੀਪ ਦਵਿੰਦਰ ਦੀਆਂ ਕਹਾਣੀਆਂ ਵਿਚ ਪੰਜਾਬੀ ਮੌਤ ਚਿੰਤਨ ਗਹਿਰੀ ਤਰ੍ਹਾਂ ਧਸਿਆ ਪਿਆ ਹੈ। ਹਰ ਕਥਾ ਵਿੱਚ ਮੌਤ ਦੇ ਦ੍ਰਿਸ਼ ਹਨ, ਬਜ਼ੁਰਗ ਪਾਤਰਾਂ ਦੇ ਚੰਗੇ-ਮੰਦੇ ਵਿਵਹਾਰ ਦੇ ਕਥਾ-ਵੇਰਵੇ ਹਨ ਪਰ ਨਾਲ ਹੀ ਉਸਦਾ ਬਿਰਤਾਂਤ ਸਮਾਜ ਵਿਚਲੇ ਜਾਤੀ, ਜਮਾਤੀ, ਪਰਿਵਾਰਕ ਆਦਿ ਮਸਲਿਆਂ 'ਤੇ ਹੱਥ ਰੱਖਦਾ ਹੈ। 'ਵੇਲਾ-ਕੁਵੇਲਾ' ਕਹਾਣੀ ਦਾ ਕੇਂਦਰੀ ਪਾਤਰ ਆਪਣੇ ਬਾਪੂ ਦੀਆਂ ਕਮੀਨਗੀਆਂ ਤੋਂ ਕਿੰਨਾ ਦੁੱਖੀ ਤੇ ਪੀੜਤ ਰਿਹਾ। 'ਗੰਢਾਂ' ਕਹਾਣੀ ਆਰਥਿਕ ਸੰਪੰਨਤਾ ਹਾਸਿਲ ਕਰਕੇ ਵੀ ਜਾਤੀ ਭੇਦ ਭਾਵ ਭੋਗਦੇ ਅਖੌਤੀ ਨੀਵੀਂ ਸ਼੍ਰੇਣੀਆਂ ਦਾ ਭਾਵੁਕ ਬਿਰਤਾਂਤ ਹੈ। 'ਜਾਏ ਸੁੱਤੇ ਜਾਗਣ' ਵਿਚ ਪੀੜ੍ਹੀ-ਪਾੜੇ ਦੇ ਗਹਿਰੇ ਸੰਕਟ ਹਨ ਤੇ ਕਦਰਾਂ-ਕੀਮਤਾਂ ਦੇ ਹੋ ਰਹੇ ਘਾਣ ਦੀ ਤਸਵੀਰ ਹੈ। 'ਸ਼ੱਕਰ ਹੋਈ ਵਿਸ਼' ਕਹਾਣੀ ਰਿਸ਼ਤਿਆਂ ਦੀ ਮਰਿਆਦਾ ਦੇ ਕਾਮੁਕ ਹਵਸ ਵਿਚ ਵਟ ਜਾਣ ਦਾ ਬਿਰਤਾਂਤ ਹੈ।

## ਲਾਲ ਬਹਾਦਰ ਸ਼ਾਸਤਰੀ/ਰਾਸ਼ਟਰਬੰਧੂ

**ਅਨੁਵਾਦਕ : ਮਧੂ ਬਾਲਾ**

**ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ**

ਲਾਲ ਬਹਾਦਰ ਸ਼ਾਸਤਰੀ ਭਾਰਤ ਦੇ ਅਜਿਹੇ ਪ੍ਰਧਾਨ ਮੰਤਰੀ ਸਿੱਧ ਹੋਏ ਹਨ ਜਿਹੜੇ ਆਪਣੀ ਅਨੂਠੀ ਸ਼ਖ਼ਸੀਅਤ ਤੇ ਲੋਕ ਹਿਤੈਸ਼ੀ ਦਿੱਖ ਕਾਰਨ ਭਾਰਤ ਵਾਸੀਆਂ ਦੇ ਮਨਾਂ ਵਿੱਚ ਵਸੇ ਰਹੇ ਹਨ। ਇਸ ਕਿਤਾਬ ਵਿਚ ਲੇਖਕ ਰਾਸ਼ਟਰਬੰਧੂ ਨੇ ਲਾਲ ਬਹਾਦਰ ਸ਼ਾਸਤਰੀ ਦੇ ਬਚਪਨ, ਜਵਾਨੀ, ਗ੍ਰਿਹਸਥ ਜੀਵਨ, ਪੜ੍ਹਾਈ-ਲਿਖਾਈ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪੁੱਜਣ ਦੇ ਸੰਘਰਸ਼ਮਈ ਸਫ਼ਰ ਨੂੰ ਰੌਚਿਕ ਬਿਰਤਾਂਤ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਕਿਤਾਬ ਵਿਚ ਲਾਲ ਬਹਾਦਰ ਸ਼ਾਸਤਰੀ ਦੇ ਸੁਭਾਅ, ਆਦਤਾਂ ਤੇ ਮਾਨਸਿਕਤਾ ਨੂੰ ਵੀ ਭਲੀ-ਭਾਂਤ ਪੇਸ਼ ਕੀਤਾ ਗਿਆ ਹੈ। ਇਹ ਕਿਤਾਬ ਜੀਵਨੀਮੂਲਕ ਪੁਸਤਕਾਂ ਤੋਂ ਭਿੰਨ ਹੈ। ਇਸ ਵਿਚ ਛੋਟੇ-ਛੋਟੇ ਬਿਰਤਾਂਤ ਹਨ ਤੇ ਲਕੀਰੀ ਵਾਰਤਕ ਨਾਲੋਂ ਨਾਟਕੀ-ਕਥਾ ਦੁਆਰਾ ਸ਼ਾਸਤਰੀ ਜੀ ਦੇ ਜੀਵਨ-ਸਰੋਕਾਰਾਂ ਨੂੰ ਪਾਠਕਾਂ ਅੱਗੇ ਰੱਖਿਆ ਗਿਆ ਹੈ। ਸ਼ਾਸਤਰੀ ਜੀ ਦੇ ਸਮਕਾਲੀ ਰਾਜਸੀ ਨੇਤਾਵਾਂ ਨਾਲ ਉਹਨਾਂ ਦੀ ਸਾਂਝ ਤੇ ਵਿਚਾਰਧਾਰਕ ਵਿਰੋਧ ਵੀ ਪੇਸ਼ ਹੋਇਆ ਹੈ। ਕਿਤਾਬ ਵਿਚ ਯਾਦਗਾਰੀ ਤਸਵੀਰਾਂ ਨਾਲ ਇਹ ਰਚਨਾ, ਦਸਤਾਵੇਜ਼ੀ ਮਹੱਤਤਾ ਵਾਲੀ ਹੋ ਗਈ ਹੈ। ਅਨੁਵਾਦ ਵੀ ਖ਼ੂਬਸੂਰਤ ਸ਼ੈਲੀ ਵਿਚ ਹੈ। ਹਰ ਪੱਧਰ ਦੇ ਪਾਠਕਾਂ ਲਈ ਕਿਤਾਬ ਅਹਿਮ ਹੈ।

## ਮੈਂ ਹਾਂ ਸੋਨਾ ਮਨੋਰਮਾ ਜੜ੍ਹਾ

**ਅਨੁਵਾਦਕ : ਡਾ. ਦਰਸ਼ਨ ਸਿੰਘ ਆਸ਼ਟ**

**ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ**

ਮਨੋਰਮਾ ਜੜ੍ਹਾ ਹਿੰਦੀ ਭਾਸ਼ਾ ਦੀ ਚਰਚਿਤ ਬਾਲ ਸਾਹਿਤ ਲੇਖਿਕਾ ਹੈ। ਇਸ ਕਿਤਾਬ ਵਿਚ ਉਹਨਾਂ ਨੇ ਕਿਸ਼ੋਰ ਉਮਰ ਦੇ ਮੁੰਡੇ-ਕੁੜੀਆਂ ਨੂੰ ਏਡਜ਼ ਵਰਗੀ ਲਾਇਲਾਜ਼ ਬੀਮਾਰੀ ਸੰਬੰਧੀ ਜਾਗਰੂਕ ਕਰਨ ਦਾ ਖਾਸ ਉਦਮ ਕੀਤਾ ਹੈ। ਨਾਵਲ ਦੀ ਵਿਧਾ ਦੁਆਰਾ ਲੇਖਿਕਾ ਨੇ ਕਥਾ ਦੀ ਕੇਂਦਰੀ ਪਾਤਰ ਸੋਨਾ ਦੁਆਰਾ ਰੌਚਿਕ ਬਿਰਤਾਂਤ ਦੀ ਉਸਾਰੀ ਕੀਤੀ ਹੈ। ਇਸ ਬਿਰਤਾਂਤ ਦਾ ਉਦੇਸ਼ ਪਾਠਕਾਂ ਨੂੰ ਮਨੋਰੰਜਨ ਤੱਕ ਸੀਮਿਤ ਕਰਨਾ ਨਾ ਹੋਣ ਕਰਕੇ ਇਹ ਗੰਭੀਰ ਸੰਵਾਦ ਨੂੰ ਪੈਦਾ ਕਰਦਾ ਹੈ। ਇਹ ਸੰਵਾਦ ਦੱਸਦਾ ਹੈ ਕਿ ਕਿਸ਼ੋਰ ਉਮਰ ਦੇ ਮੁੰਡੇ-ਕੁੜੀਆਂ ਖਾਸ ਕਿਸਮ ਦੀ ਸਰੀਰਕ ਤੇ ਮਾਨਸਿਕ ਤਬਦੀਲੀ ਵਿਚੋਂ ਗੁਜ਼ਰਦੇ ਹਨ। ਇਸ ਅਵਸਥਾ ਵਿਚ ਉਹਨਾਂ ਨੂੰ ਖਾਸ ਸੇਧ ਜਾਂ ਗਿਆਨ ਦੀ ਲੋੜ ਹੁੰਦੀ ਹੈ। ਇਹ ਕਿਤਾਬ ਆਪਣੀ ਦਿਲਚਸਪ ਬਿਰਤਾਂਤ-ਸ਼ੈਲੀ ਦੁਆਰਾ ਕਿਸ਼ੋਰ ਉਮਰ ਦੇ ਪਾਠਕਾਂ ਨੂੰ ਏਡਜ਼ ਜਿਹੀ ਬੀਮਾਰੀ ਦੇ ਲੱਛਣਾਂ, ਕਾਰਨਾਂ ਤੇ ਬਚਾਅ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੰਦੀ ਹੈ। ਡਾ. ਆਸ਼ਟ ਵੱਲੋਂ ਕੀਤਾ ਅਨੁਵਾਦ ਸ਼ਲਾਘਾਯੋਗ ਹੈ। ਵਿਸ਼ੇਸ਼ ਮਿਸ਼ਨ ਲੈ ਕੇ ਤੁਰੀ ਇਹ ਕਿਤਾਬ ਹਰ ਪੱਧਰ ਦੇ ਪਾਠਕਾਂ ਲਈ ਲਾਹੇਵੰਦ ਹੈ।

## ਕਥਾ ਇੱਕ ਕਲਯੁੱਗ ਦੀ/ਡਾ. ਜਗਦੀਪ ਸਿੰਘ

'ਕਥਾ ਇੱਕ ਕਲਯੁੱਗ ਦੀ' ਖ਼ਾਲਿਦ ਫ਼ਰਹਾਦ ਧਾਰੀਵਾਲ ਦੁਆਰਾ ਰਚਿਤ ਕਹਾਣੀ-ਸੰਗ੍ਰਹਿ ਹੈ। ਖ਼ਾਲਿਦ ਲਹਿੰਦੇ ਪੰਜਾਬ ਦਾ ਕਹਾਣੀਕਾਰ ਹੈ ਤੇ ਇਹ ਪੁਸਤਕ ਪਾਲ ਸਿੰਘ ਵੱਲਾ ਵੱਲੋਂ ਸ਼ਾਹਮੁਖੀ ਤੋਂ ਗੁਰਮੁਖੀ 'ਚ ਲਿਪੀਅੰਤਰ ਕੀਤੀ ਗਈ ਹੈ। ਇਸ ਕਹਾਣੀ-ਸੰਗ੍ਰਹਿ ਵਿਚ ਕੁੱਲ ਚੌਦਾਂ ਕਹਾਣੀਆਂ ਦਰਜ ਹਨ। ਇਹ ਸਾਰੀਆਂ ਕਹਾਣੀਆਂ ਮਨੁੱਖ ਦੀ ਸੰਵੇਦਨਾ ਦੀ ਅਭਿਵਿਅਕਤੀ ਕਰਦੀਆਂ ਹਨ। ਰਿਸ਼ਤਿਆਂ ਦੇ ਮੋਹ ਨੂੰ ਮਾਇਆ ਜਾਲ ਕਿੰਜ ਜਕੜਦਾ ਹੈ ਤੇ ਕਿੰਜ ਮਨੁੱਖ ਇਸ ਮਾਇਆ ਜਾਲ ਵਿਚ ਤੜਫਦਾ ਹੈ, ਉਸਦਾ ਬਿਰਤਾਂਤ ਖ਼ਾਲਿਦ ਨੇ ਖੂਬ ਚਿਤਰਿਆ ਹੈ। ਜਗੀਰਦਾਰੀ ਸਮਾਜ ਵਿਚ ਰਹਿੰਦਿਆਂ ਵੀ ਖ਼ਾਲਿਦ ਦੀ ਹਮਦਰਦੀ ਔਰਤ ਜਾਤ ਨਾਲ ਹੈ। 'ਧੀ' ਦੇ ਦੁੱਖ ਨੂੰ ਉਸਨੇ ਆਪਣੀਆਂ ਕਈ ਕਹਾਣੀਆਂ ਵਿਚ ਪੇਸ਼ ਕੀਤਾ ਹੈ। 'ਮਾਲਕਣ' ਉਸਦੀ ਬੇਸ਼ਕੀਮਤੀ ਕਹਾਣੀ ਹੈ ਜਿਸ ਵਿਚ ਬਿਮਾਰ ਪਈ ਇਕ ਔਰਤ ਦੀ ਕਥਾ ਹੈ ਜੋ ਮਰਦ ਦੇ ਖੁਸ ਜਾਣ ਦੇ ਡਰੋਂ ਪਤੀ ਤੇ ਨੌਕਰਾਣੀ ਦੇ ਸੰਬੰਧਾਂ ਨੂੰ ਵੀ ਬਰਦਾਸ਼ਤ ਕਰ ਲੈਂਦੀ ਹੈ। ਨਿਮਨ ਕਿਸਾਨੀ ਦਾ ਦੁੱਖ 'ਕਥਾ ਇੱਕ ਕਲਯੁੱਗ ਦੀ' ਨਾਮੀ ਸਿਰਲੇਖੀ ਕਹਾਣੀ ਵਿਚ ਪ੍ਰਸਤੁਤ ਹੈ। ਖ਼ਾਲਿਦ ਦਾ ਅਨੁਭਵ ਵਿਸ਼ਾਲ ਹੈ। ਇਹ ਸਾਰੀਆਂ ਕਹਾਣੀਆਂ ਉਸ ਦੇ ਡੂੰਘੇ ਸਮਾਜੀ ਅਨੁਭਵ ਦਾ ਸ਼ਾਬਦਿਕ ਬਿਰਤਾਂਤ ਹਨ। ਉਹ ਖ਼ੁਦ ਕਹਿੰਦਾ ਹੈ, "ਅਸਲ ਤਾਂ ਆਪਣੇ ਅਨੁਭਵ ਈ ਹੁੰਦੇ ਨੇ ਜਿਹੜੇ ਕਿਸੇ ਵਾਪਰੀ ਹੋਈ ਘਟਨਾ ਨਾਲ ਮਿਲ ਕੇ ਕਹਾਣੀ ਦਾ ਰੂਪ ਧਾਰ ਲੈਂਦੇ ਨੇ। .....ਕਹਾਣੀ ਲਿਖਦੇ ਹੋਏ ਯਾਦਾਂ, ਸੁਪਨੇ ਤੇ ਅਨੁਭਵ ਅਚੇਤ ਈ ਮੇਰੀ ਕਹਾਣੀ ਦਾ ਹਿੱਸਾ ਬਣਦੇ ਜਾਂਦੇ ਨੇ।" ਸੰਗਮ ਪਬਲੀਕੇਸ਼ਨ ਵੱਲੋਂ ਛਾਪੇ ਇਸ ਕਹਾਣੀ ਸੰਗ੍ਰਹਿ ਦੀ ਤਾਰੀਫ਼ ਕਰਨੀ ਬਣਦੀ ਹੈ। ਪਾਠਕ ਇਸ ਨੂੰ ਪੜ੍ਹ ਕੇ ਲਹਿੰਦੇ ਪੰਜਾਬ ਦੇ ਅਨੁਭਵਾਂ ਨੂੰ ਆਪਣੇ ਅਨੁਭਵਾਂ ਵਿਚ ਸਮੋ ਸਕਦੇ ਹਨ।



## ਢਾਹ ਲੱਗੀ ਬਸਤੀ/ਡਾ. ਜਗਦੀਪ ਸਿੰਘ

'ਢਾਹ ਲੱਗੀ ਬਸਤੀ' ਮਲਿਕ ਮਿਹਰ ਅਲੀ ਦਾ ਪ੍ਰਥਮ ਕਹਾਣੀ ਸੰਗ੍ਰਹਿ ਹੈ। ਇਸ ਵਿਚ ਚੌਦਾਂ ਕਹਾਣੀਆਂ ਦਰਜ਼ ਹਨ। ਇਨ੍ਹਾਂ ਦੇ ਸਿਰਨਾਵੇਂ ਹਿਜਰਤ, ਤਾਂਘ, ਕਬਰਸਤਾਨ ਦੀ ਭੀੜ, ਚਿੱਟਾ ਲਹੂ, ਦਰਿਆ ਦੇ ਕੰਡੇ ਰਹਿਣ ਵਾਲੇ, ਤੈਰਾਕ ਅਤੇ ਥੋੜ੍ਹਾ ਪਾਣੀ, ਕਬਰੀਂ ਮੋਏ, ਢੇਰੀਆਂ, ਸਿਉਂਕ, ਅਜੋੜ, ਨਿਰਵਾਰ, ਵਿੱਥ, ਪੁੱਠੀ ਤਾਰੀ ਅਤੇ ਮਿੱਟੀ ਦੇ ਸੰਗਲ ਹਨ। ਮਲਿਕ ਮਿਹਰ ਅਲੀ ਦੀਆਂ ਤਕਰੀਬਨ ਸਾਰੀਆਂ ਕਹਾਣੀਆਂ ਦਾ ਮੁਹਾਂਦਰਾ ਪ੍ਰਤੀਕਾਤਮਕ ਹੈ। ਲੂੰਬੜ, ਚੀਤੇ, ਬਘਿਆੜ, ਟਾਨਣ, ਹਨੇਰਾ, ਸ਼ਿਕਾਰੀ, ਸ਼ਿਕਾਰ, ਚਿੱਟਾ ਲਹੂ, ਦਰਿਆ, ਵਹਿੰਦੀ ਨਦੀ, ਸਿਉਂਕ ਆਦਿ ਪ੍ਰਤੀਕ ਉਸਨੇ ਮਨੁੱਖੀ ਵਰਤਾਰਿਆਂ ਦੇ ਸੰਦਰਭ 'ਚ ਬਾਖੂਬੀ ਵਰਤੇ ਹਨ। ਉਸਦੀਆਂ ਕਹਾਣੀਆਂ ਦਮਨ ਦੇ ਸ਼ਿਕਾਰ ਮਨੁੱਖਾਂ ਦੀਆਂ ਚੀਕਾਂ ਹਨ। ਮਹਿਲਾਂ ਵਾਲੇ ਢੋਕਾਂ ਵਾਲਿਆਂ 'ਤੇ ਜ਼ਬਰ-ਜ਼ੁਲਮ ਕਰਦੇ ਹਨ ਪਰੰਤੂ ਕਿਸੇ ਵਿਰਲੇ ਬੰਦੇ ਦੇ ਹਿੱਸੇ ਹੀ ਨਾਬਰੀ ਆਉਂਦੀ ਹੈ। ਨਾਬਰ ਆਟੇ 'ਚ ਲੂਣ ਦੇ ਬਰਾਬਰ ਵੀ ਨਹੀਂ ਤੇ ਨਾਬਰੀ ਦੀ ਸਜ਼ਾ ਮੌਤ ਹੈ। ਕਹਾਣੀਕਾਰ ਦਾ ਮੰਨਣਾ ਹੈ ਕਿ ਜ਼ੁਲਮੋ-ਸਿਤਮ ਸਹਿਣ ਵਾਲੇ, ਜਦ ਤੱਕ ਗਿਆਨ ਦੀ ਰੌਸ਼ਨੀ ਤੋਂ ਵਿਰਲੇ ਹਨ, ਕ੍ਰਾਂਤੀ ਨਹੀਂ ਲਿਆ ਸਕਦੇ। ਉਹ ਆਪਣੀ ਕਹਾਣੀ 'ਕਬਰੀਂ ਮੋਏ' ਦੇ ਇਕ ਪਾਤਰ ਰਾਹੀਂ ਕਹਿੰਦਾ ਹੈ, "ਪੱਕ ਏ ਇਨ੍ਹਾਂ ਤੋਂ ਕੋਈ ਹੀਲਾ ਵੀ ਨਹੀਂ ਹੋਣਾ, ਇਸ ਲਈ ਕਿ ਮਹਿਲ ਇਨ੍ਹਾਂ ਤੋਂ ਢੈਹਣੇ ਨਹੀਂ ਤੇ ਖੋਲੇ ਇਹ ਛੱਡ ਨਹੀਂ ਸਕਦੇ।" ਮਲਿਕ ਮਹਿਰ ਅਲੀ ਇਕ ਮੁਲਾਕਾਤ ਵਿਚ ਕਹਿੰਦਾ ਹੈ, "ਮੇਰੀਆਂ ਕਹਾਣੀਆਂ ਦੇ ਕਿਰਦਾਰ ਸਮਾਜ ਦੇ ਜ਼ਬਰ ਦੇ ਹੱਥੋਂ ਪਿਛੜੇ, ਹੀਣੇ ਤੇ ਲਾਚਾਰ ਮਨੁੱਖ ਨੇ।" ਮਲਿਕ ਸਾਹਿਬ ਦੀ ਇਹ ਪੁਸਤਕ ਜਿੱਥੇ ਗਿਆਨਵਾਨ ਮਨੁੱਖ ਦੇ ਗਿਆਨ ਤੇ ਸਮਾਜ ਪ੍ਰਤੀ ਉਸਦੀ ਚੇਤਨਤਾ ਨੂੰ ਟੁੰਬਦੀ ਹੈ, ਉੱਥੇ ਗਿਆਨ ਵਿਹੂਣੇ ਮਨੁੱਖ ਲਈ ਚਾਨਣ ਦੀ ਲੀਕ ਬਣ ਸਕਦੀ ਹੈ। ਪਾਠਕਾਂ ਤੱਕ ਇਹ ਪੁਸਤਕ ਪੁੱਜਦੀ ਕਰਨ ਲਈ ਸੰਗਮ ਪਬਲੀਕੇਸ਼ਨਜ਼, ਸਮਾਨਾ ਦਾ ਉਪਰਾਲਾ ਸਲਾਹੁਣਯੋਗ ਹੈ।

## ਨਵੀਆਂ ਛਪੀਆਂ ਪੁਸਤਕਾਂ

ਬੀ. ਐਸ. ਬੀਰ ਦੀਆਂ ਚੋਣਵੀਆਂ ਕਹਾਣੀਆਂ/ਸੰ. ਡਾ. ਬਲਦੇਵ ਸਿੰਘ ਬੱਦਨ, ਆਰਸੀ ਪ੍ਰਕਾਸ਼ਨ, ਦਿੱਲੀ

ਗੁਰਦਿਆਲ ਸਿੰਘ ਦੀਆਂ 32 ਕਹਾਣੀਆਂ/ਸੰ. ਡਾ. ਬਲਦੇਵ ਸਿੰਘ ਬੱਦਨ, ਆਰਸੀ ਪ੍ਰਕਾਸ਼ਨ, ਦਿੱਲੀ

ਦਲਿਤ ਸਰੋਕਾਰ : ਸਿਧਾਂਤ ਤੇ ਵਿਹਾਰ/ਆਲੋਚਨਾ/ਸੰਃ ਮਹਿਲ ਸਿੰਘ, ਕੰਵਲਪ੍ਰੀਤ ਕੌਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਪੰਜਾਬੀ ਪਿੰਗਲ/ਆਲੋਚਨਾ/ਡਾ. ਜਸਵੰਤ ਬੇਗੋਵਾਲ, ਸੁੰਦਰ ਬੁੱਕ ਡਿੱਪੂ, ਜਲੰਧਰ

ਭਗਤ ਰਵਿਦਾਸ ਜੀ/ਡਾ. ਲੱਕੀ ਸ਼ਰਮਾ, ਸੁੰਦਰ ਬੁੱਕ ਡਿੱਪੂ, ਜਲੰਧਰ

ਪਿਆਸ/ਕਵਿਤਾ/ਅਮਰਜੀਤ ਕੌਂਕੇ/ਪ੍ਰਤੀਕ ਪ੍ਰਕਾਸ਼ਨ ਪਟਿਆਲਾ

ਤਰਾਟਾਂ, ਕੁੰਡ/ਦੋ ਨਾਵਲ/ਸੇਖੋਂ ਲੁਧਿਆਣਵੀ, ਆਰਸੀ ਪ੍ਰਕਾਸ਼ਨ, ਦਿੱਲੀ

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।